# ਪੰਜਾਬੀ ਵਾਰ-ਕਾਵਿ ਦੇ ਪ੍ਰਸੰਗ ਵਿੱਚ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਦੇ ਪ੍ਰਮੁੱਖ ਸਰੋਕਾਰ

# PUNJABI WAR-KAV DE PARSANG VICH GURU GRANTH SAHIB VICHLIAN WARAN DE PURMUKH SAROKAR

**A THESIS**
**Submitted to the**
**FACULTY OF LANGUAGES**
**PANJAB UNIVERSITY, CHANDIGARH**
**for the Degree of**
**DOCTOR OF PHILOSOPHY**
**2013**

**SURJIT KAUR**
**SCHOOL OF PANJABI STUDIES**
**PANJAB UNIVERSITY,**
**CHANDIGARH**

# ਤਤਕਰਾ


ਪੰਨਾ ਨੰਬਰ

**ਭੂਮਿਕਾ:** 1-5

ਅਧਿਆਇ ਪਹਿਲਾ : 6-50

**ਪੰਜਾਬੀ ਵਾਰ-ਕਾਵਿ ਦੀ ਪਰੰਪਰਾਤੇ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ**

(ੳ) ਵਾਰ ਦੀ ਪਰਿਭਾਸ਼ਾ

(ਅ) ਵਾਰ ਇਕ ਕਾਵਿ ਰੂਪ ਵਜੋਂ

(ੲ) ਪੁਰਾਤਨ ਵਾਰਾਂ, ਮੱਧਕਾਲੀਨ ਵਾਰਾਂ, ਜੰਗਨਾਮੇ ਤੇ ਢਾਡੀ ਵਾਰਾਂ

(ਸ) ਵਾਰ ਦੀਆਂ ਸਿਧਾਂਤਕ ਤੇ ਸਾਹਿਤਕ ਵਿਸ਼ੇਸ਼ਤਾਵਾਂ

ਅਧਿਆਇ ਦੂਜਾ : 51-94

**ਪੰਜਾਬੀ ਵਾਰ-ਕਾਵਿ ਦੀਆਂ ਵਿਭਿੰਨ ਵੰਨਗੀਆਂ ਤੇ ਉਨ੍ਹਾਂ ਦੇ ਪ੍ਰਮੁੱਖ ਸਰੋਕਾਰ**

(ੳ) ਲੋਕ ਵਾਰ ਤੇ ਲੋਕ-ਵਾਰ ਪਰੰਪਰਾ

(ਅ) ਅਧਿਆਤਮਕ ਵਾਰਾਂ ਤੇ ਧਾਰਮਿਕ ਵਾਰਾਂ

(ੲ) ਇਤਿਹਾਸਕ ਵਾਰਾਂ ਦੀ ਪਰੰਪਰਾ

(ਸ) ਉਪਰੋਕਤ ਤਿੰਨਾਂ ਪਰੰਪਰਾਵਾਂ ਦਾ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਵਾਰਾਂ ਨਾਲ ਸਾਂਝਾਂ ਤੇ ਵਖਰੇਵੇਂ

ਅਧਿਆਇ ਤੀਜਾ : 95-189

**ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦਾ ਦਾਰਸ਼ਨਿਕ ਤੇ ਅਧਿਆਤਮਕ ਪੱਖ**

(ੳ) ਪੱਛਮੀ ਦਰਸ਼ਨ

(ਅ) ਭਾਰਤੀ ਦਰਸ਼ਨ

(ੲ) ਵਾਰਾਂ ਦਾ ਦਾਰਸ਼ਨਿਕ ਅਤੇ ਅਧਿਆਤਮਕ ਪੱਖ

(ਸ) ਮਨੁੱਖ ਤੇ ਸ੍ਰਿਸ਼ਟੀ

(ਹ) ਮਨੁੱਖ ਤੇ ਸਮਾਜ

(ਕ) ਮਨੁੱਖ ਤੇ ਸਵੈ

(ਖ) ਮਨੁੱਖ ਤੇ ਮਾਇਆ

(ਗ) ਮਨੁੱਖ ਤੇ ਮੁਕਤੀ

891.08
H 832 P

P. U. LIBRARY CHANDIGARH
Acc. No. 693150
Date 27.3.14 Deptt. PBI
Source P U Reg. off
Price — Asstt.

ਅਧਿਆਇ ਚੌਥਾ : 190-241

**ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦਾ ਸਭਿਆਚਾਰਕ ਅਤੇ ਲੋਕਧਾਰਕ ਪੱਖ**

(ੳ) ਲੋਕਧਾਰਕ ਪੱਖ (ਲੋਕਯਾਨਕ ਸੰਬੰਧੀ ਤੱਤ)

(ਅ) ਸਭਿਆਚਾਰਕ ਰੂੜ੍ਹੀਆਂ ਤੇ ਸਾਂਝਾਂ ਸਭਿਆਚਾਰ

(ੲ) ਧਰਮ ਨਿਰਪੱਖਤਾ

(ਸ) ਸਭਿਅਚਾਰਕ ਤੇ ਆਦਰਸ਼ ਮਨੁੱਖ ਦੀ ਸਿਰਜਣਾ

(ਹ) ਨੈਤਿਕ ਤੇ ਸਦਾਚਾਰਕ ਜੀਵਨ-ਜਿੱਤ

ਅਧਿਆਇ ਪੰਜਵਾਂ : 242-309

**ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦਾ ਸਾਹਿਤਕ ਪੱਖ**

(ੳ) ਵਾਰਾਂ ਦਾ ਭਾਸ਼ਾ ਪੈਟਰਨ

(ਅ) ਸ਼ਾਬਦਕ ਪੈਟਰਨ

(ੲ) ਪ੍ਰਤੀਕ ਪੈਟਰਨ

(ਸ) ਤੁਲਨਾਤਮਕ ਪੈਟਰਨ

(ਹ) ਸੰਗੀਤ ਪੈਟਰਨ

**ਨਿਸ਼ਕਰਸ਼ :** 310-313

**ਪੁਸਤਕ ਸੂਚੀ :** 314-326

# ਭੂਮਿਕਾ

ਪੰਜਾਬੀ ਸਾਹਿਤ ਦੇ ਬੀਰ-ਕਾਵਿ ਦੇ ਖੇਤਰ ਦਾ ਗੰਭੀਰ ਅਧਿਐਨ ਅਤੇ ਇਸ ਕਾਵਿ-ਰੂਪ ਦਾ ਵਿਸ਼ਲੇਸ਼ਣ ਕਰਕੇ ਹੀ ਇਸਦੇ ਇਤਿਹਾਸਕ ਵਿਕਾਸ ਦੀ ਸਾਰਥਕ ਅਤੇ ਉਪਯੋਗੀ ਪ੍ਰਵਿਰਤੀ ਨੂੰ ਜਾਣਿਆ ਜਾ ਸਕਦਾ ਹੈ। ਅਸਲ ਵਿਚ ਬੀਰ-ਕਾਵਿ ਪੰਜਾਬੀ ਸਾਹਿਤ ਦਾ ਇਕ ਨਿਵੇਕਲਾ ਕਾਵਿ-ਰੂਪ ਹੈ। ਇਹ ਕਾਵਿ-ਰੂਪ ਪੰਜਾਬੀਆਂ ਦੀ ਬੀਰ ਰਸੀ ਭਾਵਨਾਵਾਂ ਨੂੰ ਉਜਾਗਰ ਕਰਦਾਹੈ। ਪੰਜਾਬੀ ਸਾਹਿਤ ਦੇ ਇਤਿਹਾਸ ਤੇ ਨਜ਼ਰ ਮਾਰਦਿਆਂ ਸਾਨੂੰ ਪਤਾ ਲਗਦਾ ਹੈ ਕਿ ਭਾਵੇਂ ਇਹ ਵਾਰ ਕਾਵਿ ਪਰੰਪਰਾ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸੀ ਪਰੰਤੂ ਗੁਰੂ ਸਾਹਿਬਾਨਾਂ ਨੇ ਆਪਣੀ ਬਾਣੀ ਦੀ ਸਿਰਜਣਾ ਕਰਨ ਲੱਗਿਆਂ ਬੀਰ-ਕਾਵਿ ਨੂੰ ਅਜਿਹੇ ਢੰਗ ਨਾਲ ਅਪਣਾਇਆ ਕਿ ਇਸਦੇ ਵਿਸ਼ੇ-ਵਸਤੂ ਅਤੇ ਰੂਪਾਕਾਰਕ ਬਣਤਰ ਵਿਚ ਪਰਿਵਰਤਨ ਆ ਗਿਆ। ਗੁਰੂ ਕਵੀਆਂਨੇ ਇਸ ਕਾਵਿ ਦੀ ਵਸਤੂਗਤ ਸਮੱਗਰੀ ਦੀ ਬੀਰ ਰਸੀ ਪ੍ਰਵਿਰਤੀ ਨੂੰ ਅਧਿਆਤਮਕ ਚਿੰਤਨ ਦੀ ਪੇਸ਼ਕਾਰੀ ਦਾ ਇਕ ਸਾਧਨ ਬਣਾਇਆ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਅਧਿਆਤਮਕ ਵਾਰਾਂ ਵਿਚਲਾ ਸੰਘਰਸ਼ ਬੀਰ-ਰਸੀ ਵਾਰਾਂ ਦੇ ਮੁਕਾਬਲੇ ਵਧੇਰੇ ਗੰਭੀਰ ਅਤੇ ਕਠਿਨ ਹੈ ਕਿਉਂਕਿ ਇਸ ਟੱਕਰ ਦਾ ਕਾਰਜ ਖੇਤਰ, ਮੈਦਾਨੇ-ਏ-ਜੰਗ ਦੇ ਬਿੰਬਾਂ/ਪ੍ਰਤੀਕਾਂ ਅਤੇ ਦ੍ਰਿਸ਼ਾਂ ਦੀ ਸਿਰਜਣਾ ਰਾਹੀਂ ਮਨੁੱਖ ਦੇ ਆਂਤਰਿਕ ਅਤੇ ਮਾਨਸਿਕ ਸੰਘਰਸ਼ ਨੂੰ ਉਲੀਕਦਾ ਹੋਇਆ, ਮਨੁੱਖ ਦੀ ਅਨੈਤਿਕ ਜਾਂ ਨਾਂਹ-ਪੱਖੀ ਰੁਚੀਆਂ ਦੇ ਵਿਰੋਧ ਵਿਚ ਮਨੁੱਖੀ ਜੀਵਨ ਦੀ ਸਦਾਚਾਰਕ ਜਾਂ ਹਾਂ-ਪੱਖੀ ਦੀ ਜਿੱਤ ਨੂੰ ਉਲੀਕ ਕੇ ਮਨਮੁੱਖ ਤੋਂ ਗੁਰਮੁਖ ਵਲ ਦੇ ਸਫ਼ਰ ਨੂੰ ਉਜਾਗਰ ਕਰਦਾ ਹੈ। ਗੁਰੂ ਸਾਹਿਬਾਨਾਂ ਦੁਆਰਾ ਰਚੀਆਂ ਅਧਿਆਤਮਕ ਵਾਰਾਂ ਦੇ ਪ੍ਰਮੁੱਖ ਸਰੋਕਾਰਾਂ ਤੇ ਕੀਤੇ ਵਿਚਾਰ ਨੂੰ ਸੰਖੇਪ ਰੂਪ ਵਿਚ ਵਰਨਣ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਇਸ ਚਿੰਤਨ ਪ੍ਰਕਿਰਿਆ ਨਾਲ ਪੂਰੇ ਭਾਰਤੀ ਚਿੰਤਨ ਵਿਚ ਇਕ ਨਵੇਂ ਯੁੱਗ ਦਾ ਆਰੰਭ ਹੁੰਦਾ ਹੈ। ਇਸ ਨਵੀਨ ਚਿੰਤਨ ਸਦਕਾ ਸਮੂਹ ਧਾਰਮਿਕ ਦਾਰਸ਼ਨਿਕ ਤੇ ਸਮਾਜਿਕ

ਸੰਕਲਪ, ਆਪਣੇ ਪੁਰਾਣੇ ਜ਼ਰਜ਼ਰੇ ਸਰੂਪ ਤੋਂ ਮੁਕਤ ਹੋ ਕੇ ਇਕ ਨਿਵੇਕਲੇ ਤੇ ਮਾਨਵ ਪੱਖੀ ਅਰਥਾਂ ਵਿਚ ਉਭਰਦੇਹਨ। ਇਸ ਸਾਰੀ ਵਿਚਾਰਧਾਰਾ ਨੂੰ ਉਲੀਕਣ ਲਈ ਮੈਂ ਇਸ ਸ਼ੋਧ-ਪ੍ਰਬੰਧ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਹੈ ਜਿਨ੍ਹਾਂ ਬਾਰੇ ਸੰਖੇਪ ਜਾਣਕਾਰੀ ਦੇਣਾ ਮੈਂ ਆਪਣਾ ਸਭਾਗ ਸਮਝਦੀ ਹਾਂ।

ਪਹਿਲਾ ਅਧਿਆਇ ਸਿਧਾਂਤਕ ਪੱਖ ਨਾਲ ਸੰਬੰਧਿਤ ਹੈ ਜਿਸ ਵਿਚ ਵਾਰ ਦੀ ਪਰਿਭਾਸ਼ਾ ਅਤੇ ਸਰੂਪ ਨੂੰ ਨਿਰਧਾਰਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਵਾਰ ਕਾਵਿ ਦੇ ਰੂਪ-ਵਿਧਾਨ ਦੇ ਮਹੱਤਵ ਨੂੰ ਦਰਸਾਉਂਦੇ ਹੋਏ ਇਸ ਦੇ ਵੱਖਰੇ-ਵੱਖਰੇ ਪਹਿਲੂਆਂ ਉਤੇ ਗੰਭੀਰਤਾ ਨਾਲ ਵਿਚਾਰ ਕੀਤੀ ਗਈ ਹੈ। ਪੁਰਾਤਨ ਵਾਰਾਂ, ਜੰਗਨਾਮੇ ਤੇ ਢਾਡੀ ਵਾਰਾਂ ਬਾਰੇ ਵਿਸਥਾਰ ਪੂਰਵਕ ਅਧਿਐਨ ਕਰਨ ਉਪਰੰਤ ਪੁਰਾਤਨ ਵਾਰਾਂ ਬਾਰੇ ਸੰਖੇਪ ਚਰਚਾ ਕੀਤੀ ਗਈ ਹੈ। ਵਾਰ ਦੀਆਂ ਸਿਧਾਤਕ ਤੇ ਸਾਹਿਤਕ ਵਿਸ਼ੇਸ਼ਤਾਵਾਂ, ਵਾਰ ਦੇ ਰੂਪ-ਵਿਧਾਨ, ਵਾਰਾਂ ਦੇ ਵਿਸ਼ੇ-ਵਸਤੂ ਬਾਰੇ ਚਰਚਾ ਕਰਦਿਆਂ ਵਾਰਾਂ ਦੇ ਅਧਿਆਤਮਕ ਤੇ ਸੁਹਜਾਤਮਕ ਤੱਤਾਂ ਬਾਰੇ ਵਿਵੇਚਨ ਕੀਤਾ ਗਿਆ ਹੈ।

ਦੂਜੇ ਅਧਿਆਇ ਦੇ ਅੰਤਰਗਤ ਵਾਰ ਪਰੰਪਰਾ ਤੇ ਵਾਰਾਂ ਦੀਆਂ ਵੰਨਗੀਆਂ ਬਾਰੇ ਚਰਚਾ ਕਰਦਿਆਂ, ਲੋਕ-ਵਾਰਾਂ, ਅਧਿਆਤਮਕ ਵਾਰਾਂ, ਧਾਰਮਿਕ ਵਾਰਾਂ ਅਤੇ ਇਤਿਹਾਸਕ ਵਾਰਾਂ ਦੇ ਤੱਤਾਂ ਤੇ ਇਹਨਾ ਦੇ ਇਤਿਹਾਸਕ ਪੱਖਾਂ ਨੂੰ ਵਿਚਾਰਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਦਾ ਵਿਸ਼ਾ ਅਧਿਆਤਮਕਤਾ ਉਤੇ ਕੇਂਦਰਤ ਹੈ ਅਤੇ ਇਹ ਵੀ ਵਿਚਾਰਿਆ ਗਿਆ ਹੈ ਕਿ ਇਹਨਾਂ ਵਾਰਾਂ ਦੇ ਰਚਣ ਦਾ ਮੁੱਖ ਕਾਰਨ ਸਮੁੱਚੀ ਮਾਨਵਤਾ ਨੂੰ ਉਸ ਦੀਆਂ ਸਮਾਜਿਕ ਜ਼ਿੰਮੇਵਾਰੀਆਂ ਬਾਰੇ ਜਾਣੂੰ ਕਰਵਾ ਕੇ ਉਸ ਨੂੰ ਢਾਹੂ ਜਾਂ ਮਨੁੱਖਤਾ ਵਿਰੋਧੀ ਸਮਾਜਿਕ-ਪ੍ਰਸਥਿਤੀਆਂ ਤੋਂ ਮੁਕਤ ਕਰਵਾਉਣਾ ਹੈ।

ਤੀਜੇ ਅਧਿਆਇ ਵਿਚ ਵਾਰਾਂ ਦੇ ਦਾਰਸ਼ਨਿਕ ਪੱਖ ਨੂੰ ਵਿਚਾਰਿਆ ਗਿਆ ਹੈ। ਇਸ ਅਧਿਆਇ ਵਿਚ ਗੁਰੂ ਸਾਹਿਬਾਨਾਂ ਦੇ ਦਾਰਸ਼ਨਿਕ ਵਿਚਾਰਾਂ - ਮਨੁੱਖ ਤੇ ਸ੍ਰਿਸ਼ਟੀ, ਮਨੁੰਖ ਤੇ ਸਮਾਜ, ਮਨੁੱਖ ਤੇ ਸਵੈ, ਮਨੁੱਖ ਤੇ ਮਾਇਆ ਅਤੇ ਮਨੁੱਖ ਤੇ ਮੁਕਤੀ ਆਦਿ ਨੂੰ ਵਿਸਥਾਰ-ਪੂਰਵਕ

ਵਿਚਾਰਿਆ ਗਿਆ ਹੈ ਤੇ ਸਿੱਟਾ ਕੱਢਿਆ ਗਿਆ ਕਿ ਗੁਰਮਤਿ ਵਿਚਾਰਧਾਰਾ ਨੇ ਭਾਰਤੀ ਦਰਸ਼ਨ ਦੀ ਵਿਰਾਸਤ ਨਾਲ ਗਹਿਰੀ ਸਾਂਝ ਰੱਖਣ ਦੇ ਬਾਵਜੂਦ ਵੀ ਜਿੱਥੇ ਇਸ ਵਿਚ ਲੋੜੀਂਦੀ ਸ਼ੋਧ ਤੇ ਪਰਿਵਰਤਨ ਕੀਤਾ ਉਥੇ ਨਾਲ ਹੀ ਨਵੀਨ ਤੇ ਨਿਵੇਕਲੇ ਸਿਧਾਂਤਾਂਦਾ ਵੀ ਨਿਰਮਾਣ ਕੀਤਾ ਹੈ।

ਸ਼ੋਧ-ਪ੍ਰਬੰਧ ਦੇ ਚੌਥੇ ਅਧਿਆਇ ਵਿਚ ਗੁਰੂ ਸਾਹਿਬ ਦੀਆਂ ਵਾਰਾਂ ਦੇ ਸਭਿਆਚਾਰਕ ਅਤੇ ਲੋਕਧਾਰਾਈ ਪੱਖ ਨੂੰ ਵਿਚਾਰਿਆ ਗਿਆ ਹੈ। ਸਭਿਆਚਾਰਕ ਰੂੜ੍ਹੀਆਂ ਆਦਿ ਬਾਰੇ ਵਿਚਾਰ ਕਰਦਿਆਂ ਵਿਵੇਚਨ ਕੀਤਾ ਹੈ ਕਿ ਇਹਨਾ ਅਧਿਆਤਮਕ ਵਾਰਾਂ ਵਿਚ ਮਨੁੱਖੀ ਸਭਿਆਚਾਰ ਵਿਚਲੇ ਉਨ੍ਹਾਂ ਭੇਖਾਂ, ਅਡੰਬਰਾਂ, ਕਰਮ-ਕਾਂਡਾਂ ਤੇ ਰੂੜ੍ਹੀਆਂ ਆਦਿ ਦਾ ਖੰਡਨ ਕੀਤਾ ਗਿਆ ਹੈ ਜਿਹੜੀਆਂ ਮਨੁੱਖੀ ਵਿਕਾਸ ਵਿਚ ਲਗਾਤਾਰ ਨਕਾਰਾਤਮਕ ਭੂਮਿਕਾ ਨਿਭਾਉਂਦੀਆਂ ਹਨ। ਇਹਨਾ ਅਧਿਆਤਮਕ ਵਾਰਾਂਦੀ ਨਿਵੇਕਲੀ ਤੇ ਅਹਿਮ ਵਿਸ਼ੇਸ਼ਤਾ ਇਹ ਹੈ ਕਿ ਇਹ ਧਰਮ ਦੇ ਭੇਖੀ-ਰੂਪ ਦੇ ਖੰਡਨ ਦੀ ਕੜਕਵੀਂ ਪ੍ਰਤਿਧੁਨੀ ਇਹਨਾ ਵਿਚੋਂ ਲਗਾਤਾਰ ਸੁਣਾਈ ਦੇਂਦੀ ਹੈ।

ਇਸ ਸ਼ੋਧ-ਪ੍ਰਬੰਧ ਦਾ ਅਧਿਆਇ ਪੰਜਵਾਂ ਅਖੀਰਲਾ ਅਧਿਆਇ ਹੈ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਵਿਚਲੀ ਵਾਰਾਂ ਦੇ ਸਾਹਿਤਕ ਪੱਖ ਬਾਰੇ ਚਰਚਾ ਕੀਤੀ ਗਈ ਹੈ। ਇਹਨਾ ਵਾਰਾਂ ਦੇ ਭਾਸ਼ਾ, ਸ਼ਾਬਦਿਕ, ਪ੍ਰਤੀਕ ਤੇ ਸੰਗੀਤ ਪੈਟਰਨ ਆਦਿ ਦਾ ਵਿਸਥਾਰ-ਪੂਰਵਕ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹਨਾ ਵਾਰਾਂ ਦੀ ਅਧਿਆਤਮਕ ਸ਼ੈਲੀ, ਅਧਿਆਤਮਕ ਸ਼ਬਦਾਵਲੀ, ਅਧਿਆਤਮਕ ਮੁਹਾਵਰਾ ਅਤੇ ਅਧਿਆਤਮਕ ਗੰਭੀਰਤਾ ਤੇ ਸੂਖ਼ਮਤਾ ਵਰਗੇ ਗੁਣ ਸਮਾਏ ਹੋਏ ਹਨ। ਇਹਨਾ ਵਾਰਾਂ ਦਾ ਸੰਗੀਤ-ਪੈਟਰਨ ਪਾਠਕਾਂ/ਸ੍ਰੋਤਿਆਂ ਤੇ ਜਾਦੂ ਵਰਗਾ ਅਸਰ ਕਰਦਾ ਮਾਲੂਮ ਹੁੰਦਾ ਹੈ। ਇਹਨਾਂ ਸਾਰੇ ਪੱਖਾਂ ਬਾਰੇ ਇਸ ਅਧਿਆਇ ਵਿਚ ਚਰਚਾ ਕੀਤੀ ਗਈ ਹੈ।

ਇਸ ਸ਼ੋਧ-ਪ੍ਰਬੰਧ ਵਿਚ ਗੁਰੂ ਗ੍ਰੰਥ ਸਾਹਿਬ ਵਿਚਲੀ ਅਧਿਆਤਮਕ ਵਾਰਾਂ ਵਿਚੋਂ ਕਈ ਥਾਵਾਂ ਜਾਂ ਵੱਖ-ਵੱਖ ਅਧਿਆਇਆਂ ਵਿਚ ਵਾਰ-ਤੁਕਾਂ ਦਾ ਦੁਹਰਾਓ ਹੋਇਆ ਹੈ। ਪਰੰਤੂ ਇਹ ਦੁਹਰਾਓ ਵੱਖ-ਵੱਖ ਪ੍ਰਸੰਗਾਂ ਅਤੇ ਭਾਵਾਂ ਦੇ ਪੱਧਰ ਤੇ ਹੋਇਆ ਹੈ। ਇਸ ਲਈ ਇਸ ਨੂੰ ਦੁਹਰਾਓ ਨਾ ਸਮਝਿਆ ਜਾਵੇ।

ਅੰਤ ਵਿਚ ਸ਼ੋਧ-ਪ੍ਰਬੰਧ ਬਾਰੇ ਨਿਸ਼ਕਰਸ਼ ਲਿਖ ਕੇ ਆਪਣੇ ਖੋਜ ਕਾਰਜ ਦੇ ਮੂਲ ਸਾਰ ਅਤੇ ਸਥਾਪਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਹ ਸਥਾਪਨਾਵਾਂ ਜਾਂ ਸਿੱਟੇ ਅਧਿਆਤਮਕ ਵਾਰਾਂ ਅਤੇ ਇਹਨਾ ਦੇ ਵਿਭਿੰਨ ਪੱਖਾਂ, ਸਭਿਆਚਾਰਕ, ਦਾਰਸ਼ਨਿਕ ਤੇ ਸਾਹਿਤਕ ਆਦਿ ਤੇ ਆਧਾਰਤ ਹਨ।ਇਹਨਾ ਵਾਰਾਂ ਵਿਚ ਅਧਿਆਤਮਕ ਅਤੇ ਨੈਤਿਕਤਾ ਦੇ ਰੰਗ ਵਿਚ ਓਤਪੋਤ ਮਨੁੱਖ ਦਾ ਸਮਾਜਿਕ ਸੰਦਰਭਾਂ ਦੇ ਪੱਖ ਤੋਂ ਉੱਚੀ ਉਡਾਣ ਦਾ ਇਕ ਕਾਰਜਸ਼ੀਲ ਆਦਰਸ਼ਕ ਮਾਡਲ ਪੇਸ਼ ਕੀਤਾ ਗਿਆ ਹੈ। ਅਖੀਰ ਵਿਚ ਉਹਨਾਂ ਸਹਾਇਕ ਪੁਸਤਕਾਂ ਅਤੇਲੇਖਕਾਂ ਦੀ ਸੂਚੀ ਦਰਜ ਕੀਤੀ ਗਈ ਹੈ ਜਿਹੜੇ ਕਿਸੇ ਨਾ ਕਿਸੇ ਰੂਪ ਵਿਚ ਸ਼ੋਧ-ਪ੍ਰਬੰਧ ਨੂੰ ਨੇਪਰੇ ਚਾੜ੍ਹਨ ਵਿਚ ਸਹਾਈ ਹੋਈਆਂ ਹਨ।

ਕਾਲਜ ਵਿਚ ਅਧਿਆਪਨ ਦਾ ਫਰਜ਼ ਨਿਭਾਉਂਦਿਆਂ ਮੈਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਪੀ-ਐਚ. ਡੀ. ਦੀ ਦਾਖਲਾ ਪ੍ਰੀਖਿਆ ਪਾਸ ਕਰਨ ਤੋਂ ਬਾਅਦ ਮੇਰੇ ਲਈ ਪੀ-ਐਚ. ਡੀ. ਦਾ ਨਿਰਦੇਸ਼ਕ ਲੱਭਣ ਦੀ ਸਮੱਸਿਆ ਬਣ ਗਈ ਕਿਉਂਕਿ ਯੂਨੀਵਰਸਿਟੀ ਕੈਂਪਸ ਵਿਚ ਮੇਰੀ ਕਿਸੇ ਨਾਲ ਜਾਣ-ਪਛਾਣ ਨਹੀਂਸੀ। ਇਸ ਕੰਮ ਲਈ ਮੇਰੀ ਸਹਾਇਤਾ ਡਾ. ਕੇਸਰ ਸਿੰਘ ਕੇਸਰ ਜੀ ਨੇ ਕੀਤੀ। ਉਸ ਸਮੇਂ ਉਹ ਬਹੁਤ ਜ਼ਿਆਦਾ ਬੀਮਾਰ ਸਨ ਤੇ ਹਸਪਾਤਲ ਵਿਚ ਦਾਖਲ ਸਨ। ਉਨ੍ਹਾਂ ਨੇ ਆਪਣੇ ਬਿਮਾਰ ਹੋਣ ਦੇ ਬਾਵਜੂਦ ਵੀ ਡਾ. ਮਲਕੀਤ ਸਿੰਘ ਬਾਜਵਾ ਜੀ ਨਾਲ ਮੇਰੇ ਖੋਜ-ਕਾਰਜ ਬਾਰੇ ਗੱਲ ਕੀਤੀ। ਡਾ. ਮਲਕੀਤ ਸਿੰਘ ਬਾਜਵਾ ਜੀ ਨੇ ਖੋਜ ਕਾਰਜ ਲਈ ਨਿਗਰਾਨ ਵਜੋਂ ਅਗਵਾਈ ਕਰਨਾ ਸਵੀਕਾਰ ਕਰ ਲਿਆ। ਇਸ ਤਰ੍ਹਾਂ ਇਹ ਖੋਜ ਕਾਰਜ ਡਾ. ਮਲਕੀਤ ਸਿੰਘ ਬਾਜਵਾ ਜੀ ਦੀ ਪ੍ਰੇਰਨਾ, ਖਿੜੇ ਮੱਥੇ ਸਮਾਂ ਦੇਣਾ ਅਤੇ ਹਰ ਤਰ੍ਹਾਂ ਦੀ ਸਹਾਇਕ ਸਮੱਗਰੀ ਮੁਹਈਆ ਕਰਵਾਉਣ ਆਦਿ ਕਰਕੇ ਸੰਭਵ ਹੋ ਸਕਿਆ ਅਤੇ ਜਿਨ੍ਹਾਂ ਦੀ ਸੁਯੋਗ ਅਗਵਾਈ ਤੇ ਨਿਗਰਾਨੀ ਹੇਠ ਇਹ ਕੰਮ ਪ੍ਰਵਾਨ ਚੜ੍ਹਿਆ। ਉਨ੍ਹਾਂ ਨੇ ਹਰ ਔਖੇ ਵੇਲੇ ਮੇਰੇ ਘਰਦਿਆਂ ਵਰਗਾ ਸਹਿਯੋਗ ਦਿੱਤਾ ਵਰਨਾ ਸ਼ਾਇਦ ਮੈਂ ਇਹ ਕਾਰਜ ਸੰਪੰਨ ਕਰਨ ਵਿਚ ਪੂਰੀ ਤਰ੍ਹਾਂ ਸਫਲ ਨਾ ਹੋ ਸਕਦੀ।

ਡਾ. ਗੁਰਪਾਲ ਸਿੰਘ ਸੰਧੂ ਜੀ ਦੀ ਵੀ ਮੈਂ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਜਿਹਨਾਂ ਨੇ ਮੈਨੂੰ ਸਮੇਂ ਸਮੇਂ ਮੁੱਲਵਾਨ ਸੁਝਾਅ ਦਿੱਤੇ ਅਤੇ ਸਮੇਂ ਸਮੇਂ ਸਮੱਸਿਆਵਾਂ ਦੇ ਸੁਲਝਾ ਲਈ ਵੀ ਆਪਣਾ ਸਮਾਂ ਦਿੱਤਾ।

ਇਸ ਦੇ ਨਾਲ ਹੀ ਮੈਂ ਆਪਣੇ ਜੀਵਨ ਸਾਥੀ ਸ: ਸੁਰਿੰਦਰ ਮੋਹਨ ਤੇ ਬੱਚੇ ਰੂਪ, ਹਰਮਨ ਦੀ ਵੀ ਆਭਾਰੀ ਹਾਂ ਜਿਨ੍ਹਾਂ ਨੇ ਅਣਥਕ ਯਤਨ ਕਰਕੇ ਮੇਰੇ ਲਈ ਹਰ ਅਸੰਭਵ ਨੂੰ ਸੰਭਵ ਬਣਾਇਆ।

ਮੈਂ ਧੰਨਵਾਦੀ ਹਾਂ ਕੀਤੂ ਬਾਲਾ ਦੀ ਜਿਸ ਨੇ ਮੇਰੇ ਹੱਥ ਲਿਖਤ ਅੱਖਰਾਂ ਨੂੰ ਪੜ੍ਹਨਯੋਗ ਬਣਾਇਆ। ਉਸ ਤੋਂ ਵੱਧ ਮੈਂ ਸ. ਜਗਤਾਰ ਸਿੰਘ ਦੀ ਧੰਨਵਾਦੀ ਹਾਂ ਜਿਹਨਾਂ ਨੇ ਮੇਰੇ ਸ਼ੋਧ-ਪ੍ਰਬੰਧ ਨੂੰ ਸ਼ੁੱਧ ਰੂਪ ਪ੍ਰਦਾਨ ਕਰਨ ਲਈ ਸਖ਼ਤ ਮਿਹਨਤ ਕੀਤੀ ਅਤੇ ਆਧੁਨਿਕ ਤਕਨੀਕ ਦੁਆਰਾ ਆਪਣੀ ਕਲਾਤਮਿਕ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਮੇਰੇ ਹੱਥ ਲਿਖਤ ਸ਼ਬਦਾਂ ਨੂੰ ਸੁੰਦਰ ਤੇ ਕਲਾਤਮਕ ਰੂਪ ਦਿੱਤਾ ਹੈ।

ਵਾਰ ਕਾਵਿ ਦਾ ਬਹੁਪੱਖੀ ਅਧਿਐਨ ਕਰਨ ਦੇ ਯਤਨ ਵਿਚ ਮੈਂ ਇਸ ਕਾਵਿ ਦੀ ਪ੍ਰਾਪਤ ਸਮੀਖਿਆ ਤੋਂ ਚੌਖਾ ਲਾਭ ਲਿਆ ਹੈ। ਇਸ ਕਰਕੇ ਮੈਂ ਉਨ੍ਹਾਂ ਸਾਰੇ ਵਿਦਵਾਨਾਂ, ਚਿੰਤਕਾ, ਆਲੋਚਕਾਂ ਦੀ ਬੇਹੱਦ ਰਿਣੀ ਤੇ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਲਿਖਤਾਂ ਮੇਰੇ ਲਈ ਲੋੜੀਂਦੀ ਸੇਧ ਤੇ ਅਗਵਾਈ ਬਣੀਆਂ। ਗੁਰਬਾਣੀ ਅਥਾਹ ਸਾਗਰ ਹੈ ਜਿਸਦਾ ਭੇਦ ਪਾਉਣਾ ਅਸੰਭਵ ਹੈ ਪਰੰਤੂ ਫਿਰ ਵੀ ਮੈਂ ਪੂਰਾ ਯਤਨ ਕੀਤਾ ਹੈ ਕਿ ਮੈਂ ਵਾਰਾਂ ਦੇ ਪ੍ਰਮੁੱਖ ਸਰੋਕਾਰਾਂ ਨੂੰ ਤੁਹਾਡੇ ਸਾਹਮਣੇ ਪੇਸ਼ ਕਰ ਸਕਾਂ।

Surjit Kaur
(ਸੁਰਜੀਤ ਕੌਰ)

ਮਿਤੀ:- 9-1-2013

## ਅਧਿਆਇ ਪਹਿਲਾ

*

*

*

# ਪੰਜਾਬੀ ਵਾਰ ਕਾਵਿ ਦੀ ਪਰੰਪਰਾ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ

(ੳ) ਵਾਰ ਦੀ ਪਰਿਭਾਸ਼ਾ

(ਅ) ਵਾਰ ਇਕ ਕਾਵਿ ਰੂਪ ਵਜੋਂ

(ੲ) ਪੁਰਾਤਨ ਵਾਰਾਂ, ਮੱਧਕਾਲੀਨ ਵਾਰਾਂ, ਜੰਗਨਾਮੇ ਤੇ ਢਾਡੀ ਵਾਰਾਂ

(ਸ) ਵਾਰ ਦੀਆਂ ਸਿਧਾਂਤਕ ਤੇ ਸਾਹਿਤਕ ਵਿਸ਼ੇਸ਼ਤਾਵਾਂ

# ਪੰਜਾਬੀ ਵਾਰ-ਕਾਵਿ ਦੀ ਪਰੰਪਰਾ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ

**ਪੰਜਾਬੀ ਵਾਰ:**

ਪੰਜਾਬੀ ਦੀ ਇਕ ਮਸ਼ਹੂਰ ਕਹਾਵਤ ਹੈ, 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ'। ਪੰਜਾਬੀ ਵਾਰ-ਕਾਵਿ ਪਰੰਪਰਾ ਦੀ ਇਤਿਹਾਸਕ ਪਿੱਠ-ਭੂਮੀ ਨੂੰ ਇਸ ਕਹਾਵਤ ਦੇ ਪਿਛੋਕੜ ਵਿਚੋਂ ਲੱਭਿਆ ਜਾ ਸਕਦਾ ਹੈ। ਜੁਝਾਰੂ ਕੌਮਾਂ ਦੇ ਸਾਹਿਤ ਵਿਚੋਂ ਅਜਿਹੇ ਕਾਵਿ-ਰੂਪਾਂ ਦਾ ਉਗਮਣਾ ਸੁਭਾਵਿਕ ਹੈ। ਪੰਜਾਬੀ ਸਾਹਿਤ-ਭੰਡਾਰ ਬੀਰ ਰਸੀ ਕਾਵਿ-ਵਾਰਾਂ ਅਤੇ ਜੰਗਨਾਮਿਆਂ ਨਾਲ ਭਰਪੂਰ ਹੈ। ਪੰਜਾਬ ਦੀ ਧਰਤੀ ਦੀ ਸਭ ਤੋਂ ਪਹਿਲੀ ਲੜਾਈ ਜਾਂ ਸੰਘਰਸ਼ ਦਾ ਜ਼ਿਕਰ ਰਿਗਵੇਦ ਵਿਚ ਮਿਲਦਾ ਹੈ ਜਿਥੇ ਆਰੀਆ ਦੇਵਤੇ ਇੰਦਰ ਨੇ ਧਾੜਵੀਆਂ ਦੀ ਕਾਲੀ ਚਮੜੀ ਉਧੇੜ ਦਿੱਤੀ।[1] ਆਰੀਆ ਲੋਕਾਂ ਦੇ ਆਉਣ ਤੋਂ ਪਹਿਲਾਂ ਇਸ ਧਰਤੀ ਤੇ ਆਦਿ-ਵਾਸੀ ਲੋਕ ਰਹਿੰਦੇ ਸਨ। ਪੰਜਾਬ ਵਿਚ ਵਾਰ-ਕਾਵਿ ਪਰੰਪਰਾ ਦੇ ਉਗਮਣ ਦਾ ਉਹ ਸਮਾਂ ਹੈ ਜਦੋਂ ਇਸ ਧਰਤੀ ਉੱਤੇ ਬੇਅੰਤ ਹਮਲੇ ਹੋਏ। ਭਾਰਤ ਦਾ ਪੱਛਮੀ ਦਰਵਾਜਾ ਖੁਲ੍ਹਾ ਹੈ। ਇਸ ਦਰਵਾਜੇ ਰਾਹੀਂ ਭਾਰਤ ਦੀ ਲੁੱਟ-ਖਸੁੱਟ ਅਤੇ ਇਸਲਾਮ ਦੇ ਵਿਸਤਾਰ ਲਈ ਫੌਜਾਂ ਇਸ ਦੇਸ਼ ਵਿਚ ਲਗਾਤਾਰ ਦਾਖਲ ਹੁੰਦੀਆਂ ਰਹੀਆਂ ਹਨ। ਇਸ ਸਮੇਂ ਦੌਰਾਨ ਭਾਰਤੀ ਹਾਕਮਾਂ ਅਤੇ ਮੁਸਲਮਾਨ ਹਮਲਾਵਰਾਂ ਦੇ ਵਿਚਕਾਰ ਲੜਾਈ ਲਾਹੌਰ ਦੇ ਤਖਤ ਦੇ ਇਰਦ-ਗਿਰਦ ਕੇਂਦਰਿਤ ਰਹੀ। ਇਹ ਵਿਸ਼ਵਾਸ ਕਰਨਾ ਮੁਸ਼ਕਲ ਲਗਦਾ ਹੈ ਕਿ ਇਹ ਸਮਾਜਿਕ ਅਤੇ ਰਾਜਨੀਤਿਕ ਹਾਲਾਤ ਕਦੇ ਸਾਹਿਤ ਦੇ ਵਿਕਾਸ ਲਈ ਯੋਗ ਸਾਬਤ ਹੋ ਸਕਦੇ ਸਨ ਪਰੰਤੂ ਫਿਰ ਵੀ ਇਸ ਸੰਘਰਸ਼ ਨੇ ਪੰਜਾਬੀ ਸਾਹਿਤ ਕਾਵਿ ਲਈ ਕਾਫੀ ਸਮੱਗਰੀ ਮੁਹੱਈਆ ਕੀਤੀ ਹੈ।

ਪੰਜਾਬੀ ਸਾਹਿਤ ਦੇ ਧੁਰ ਮੁੱਢ ਤੋਂ ਲੈ ਕੇ ਠੀਕ ਅੱਜ ਤੱਕ ਵਾਰਾਂ ਜਾਂ ਜੰਗਨਾਮਿਆਂ ਦੇ ਰੂਪ ਵਿਚ ਬੀਰ-ਕਾਵਿ ਧਾਰਾ ਕਿਸੇ ਨਾ ਕਿਸੇ ਰੂਪ ਵਿਚ ਅਰੋਕ ਵਹਿੰਦੀ ਆ ਰਹੀ ਹੈ। ਇਹ ਗੂੜਾ

ਸਹਿਚਾਰ ਸਮੇਂ ਦੀ ਮੰਗ ਰਿਹਾ ਹੈ। ਖੋਜੀਆਂ ਨੇ 'ਵਾਰ ਬਾਬਾ ਰਤਨ ਨਾਥ' ਤੇ 'ਵਾਰ ਖ਼ੁਸਰੋ ਤਥਾ ਤੁਗਲਕ ਕੀ' ਆਦਿ ਪੁਰਾਣੀਆਂ ਵਾਰਾਂ ਵਲ ਸੰਕੇਤ ਕੀਤੇ ਹਨ ਪਰੰਤੂ ਇਹ ਵਾਰਾਂ ਅਜੇ ਤੱਕ ਪ੍ਰਾਪਤ ਨਹੀਂ ਹਨ। ਪੂਰਵ ਨਾਨਕ ਕਾਲ ਵਿਚ ਵਾਰ ਕਾਵਿ ਨੇ ਪੰਜਾਬੀ ਸਾਹਿਤ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ। ਜਿਨ੍ਹਾਂ ਦੀ ਪੁਸ਼ਟੀ ਗੁਰੂ ਗ੍ਰੰਥ ਸਾਹਿਬ ਦੀ ਅੰਦਰਲੀ ਗਵਾਹੀ ਤੋਂ ਹੁੰਦੀ ਹੈ। ਪੂਰਵ ਨਾਨਕ ਕਾਲ ਦੀਆਂ ਨੌਂ ਵਾਰਾਂ ਟੁੰਡੇ ਅਸਰਾਜੇ ਦੀ ਵਾਰ, ਮਲਕ ਮੁਰੀਦ ਤਥਾ ਚੰਦ੍ਰਹੜੇ ਸੋਹੀਏ ਦੀ ਵਾਰ, ਵਾਰ ਰਾਏ ਕਮਾਲ ਮਾਉਜ ਦੀ ਆਦਿ ਵਾਰਾਂ ਬਹੁਤ ਵੱਡੇ ਅਤੇ ਕਾਬਲ ਸਰਦਾਰਾਂ ਨਾਲ ਸੰਬੰਧ ਨਹੀਂ ਸਨ ਰਖਦੀਆਂ ਤੇ ਨਾ ਹੀ ਇਨ੍ਹਾਂ ਦੀ ਕੀਰਤੀ ਦਾ ਪ੍ਰਮੁੱਖ ਕੋਈ ਅਣਖੀਲਾ ਕਰਮ ਜਾਂ ਬਹਾਦਰੀ ਹੈ। ਇਹ ਸਰਦਾਰ ਇਸਤਰੀਆਂ ਦੇ ਇਸ਼ਕ ਵਿਚ ਹੋਈ ਅੰਨ੍ਹੀ ਮਾਨਸਿਕਤਾ ਤਹਿਤ ਜਾਂ ਜ਼ਮੀਨ ਦੀ ਮਾਲਕੀ ਖਾਤਰ ਹੈ ਜਾਂ ਫਿਰ ਧਨ ਦੌਲਤ ਦੀ ਖਾਤਰ, ਲੜ ਕੇ ਮਰਦੇ, ਖ਼ੂਨ ਖ਼ਰਾਬੇ ਕਰਦੇ, ਆਪ ਤਬਾਹ ਹੁੰਦੇ ਅਤੇ ਦੂਜਿਆਂ ਨੂੰ ਤਬਾਹ ਕਰਦੇ ਸਨ। ਜਿਵੇਂ ਹਸਨੇ ਮਹਿਮੇ ਦੀ ਵਾਰ ਵਿਚ ਦੋ ਰਾਜਪੂਤ ਸਰਦਾਰਾਂ ਹਸਨੇ ਤੇ ਮਹਿਮੇ ਦੇ ਭੇੜ ਦਾ ਚਿੱਤਰਣ ਹੈ। ਇਸੇ ਤਰ੍ਹਾਂ ਵਾਰ ਮੂਸਾ ਦੀ ਵਿਚ ਮੂਸੇ ਦੀ ਮੰਗੇਤਰ ਦਾ ਵਿਆਹ ਕਿਸੇ ਹੋਰ ਨਾਲ ਹੋ ਜਾਣ ਕਾਰਨ ਲੜਾਈ ਹੁੰਦੀ ਹੈ। ਪਰੰਤੂ ਇਹਨਾਂ ਵਾਰਾਂ ਦੀ ਅਲੰਕਾਰਕ ਸ਼ੈਲੀ ਤੇ ਚਿੱਤਰਣ ਪੰਜਾਬੀ ਬੀਰ-ਕਾਵਿ ਦੀ ਉੱਤਮ ਉਦਾਹਰਣਾਂ ਹਨ। ਉਦਾਹਰਣ ਦੇ ਤੌਰ ਤੇ ਵੇਖੋ:

ਤ੍ਰੈ ਸੈ ਸਠ ਮਰਾਤਬਾ ਇਕਿ ਘੂਰਿਐ ਡਗੇ।
ਚੜਿਆ ਮੂਸਾ ਪਾਤਸਾਹ ਸਭ ਸੁਣਿਆ ਜਗੇ।।
ਦੰਦ ਚਿਟੇ ਬੜ ਹਾਥੀਆਂ ਦਹੁ ਕਿਤ ਵਰਗੇ
ਰੁਤ ਪਛਾਤੀ ਬਗੁਲਿਆ ਘਟ ਕਾਲੀ ਬਗੇ
ਏਹੀ ਕੀਤੀ ਮੂਸਿਆ ਕਿਨ ਕਰੀ ਨ ਅਗੇ।[2]

ਰਾਏ ਕਮਾਲ ਦੀ ਵਾਰ ਵਿਚ ਮਤਰੇਏ ਭਰਾਵਾਂ ਦੇ ਯੁਧ ਦਾ ਬਿਆਨ ਹੈ। ਸਿਕੰਦਰ ਇਬਰਾਹੀਮ ਦੀ ਵਾਰ ਵਿਚ ਸਿਕੰਦਰ ਇਕ ਬ੍ਰਾਹਮਣੀ ਤੇ ਮੋਹਿਤ ਹੁੰਦਾ ਹੈ। ਉਸ ਇਸਤਰੀ ਦੀ ਪੱਤ

ਰੱਖਿਆ ਲਈ ਸਿਕੰਦਰ ਦਾ ਹੀ ਇਕ ਸਰਦਾਰ ਉਸ ਉਤੇ ਹਮਲਾ ਕਰਦਾ ਹੈ। ਇਨ੍ਹਾਂ ਨੌ ਵਾਰਾਂ ਦੇ ਰਚਣਹਾਰਿਆਂ ਬਾਰੇ ਕੁਝ ਪਤਾ ਨਹੀਂ ਲਗਦਾ। ਇਹ ਸਾਰੀਆਂ ਬੀਰ-ਰਸੀ ਵਾਰਾਂ ਹਨ ਜਿਹਨਾਂ ਵਿਚੋਂ ਪਹਿਲੀਆਂ ਛੇ ਵਾਰਾਂ ਦੇ ਰਚਣ ਕਾਲ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਸਾਨੂੰ ਪੰਜਾਬੀ ਵਾਰ ਸਾਹਿਤ ਦਾ ਜੋ ਸਾਹਿਤਕ ਵਿਰਸਾ ਮਿਲਿਆ ਹੈ ਉਹ ਭੱਟ, ਮਿਰਾਸੀ ਜਾਂ ਢਾਡੀਆਂ ਦੀ ਬਦੌਲਤ ਹੈ। ਪੰਜਾਬ ਦੀ ਅਮੀਰ ਵਾਰ ਪ੍ਰੰਪਰਾ ਦੇ ਸੰਕੇਤ ਸਾਨੂੰ ਉਨ੍ਹਾਂ ਨੌ ਅਧੂਰੀਆਂ ਵਾਰਾਂ ਤੋਂ ਮਿਲਦੇ ਹਨ ਜਿਨ੍ਹਾਂ ਦੀਆਂ ਧੁਨੀਆਂ ਉਤੇ ਗੁਰੂ ਗ੍ਰੰਥ ਸਾਹਿਬ ਦੀਆਂ ਅਧਿਆਤਮਕ ਵਾਰਾਂ ਦਾ ਗਾਉਣਾ ਨਿਸ਼ਚਤ ਕੀਤਾ ਗਿਆ ਹੈ। ਇਹ ਵਾਰਾਂ ਹਨ: ਰਾਏ ਕਮਾਲ ਮਉਜ ਦੀ ਵਾਰ, ਹਸਨੇ ਮਹਿਮੇ ਦੀ ਵਾਰ, ਮੂਸੇ ਦੀ ਵਾਰ, ਸਿਕੰਦਰ ਇਬਰਹੀਮ ਦੀ ਵਾਰ, ਲੱਲਾ ਬਹਿਲੀਮਾ ਦੀ ਵਾਰ, ਟੁੰਡੇ ਅਸਰਾਜ ਦੀ ਵਾਰ, ਮਲਕ ਮੁਰੀਦ ਚੰਦ੍ਰਹੜੇ ਸੋਹੀਆ ਦੀ ਵਾਰ, ਯੋਧੇ ਵੀਰੇ ਪੂਰਬਾਣੀ ਦੀ ਵਾਰ, ਰਾਏ ਕੈਲਾਸ਼ ਤਥਾ ਮਾਲ ਦੇਉ ਕੀ ਵਾਰ। ਜਹਾਂਗੀਰ ਦੇ ਸਮੇਂ ਲਿਖੀ ਗਈ ਇਕ ਹੋਰ ਵਾਰ ਦੀਵਾਨ ਅਲਫ ਖਾਨ ਦੀ ਹੈ। ਜਿਸ ਦਾ ਕਰਤਾ ਨਿਆਮਤ ਖਾਨ ਹੈ। ਇਸ ਵਾਰ ਵਿਚ ਦੀਵਾਨ ਅਲਫ਼ ਖਾਨ ਦੀ ਕਾਂਗੜੇ ਦੀ ਬਗਾਵਤ ਨੂੰ ਦਬਾਉਣ ਲਈ ਚਾਰ ਵਾਰ ਕੀਤੀ ਗਈ ਲੜਾਈ ਦਾ ਵਰਨਣ ਬੜੇ ਬੀਰ-ਰਸੀ ਅੰਦਾਜ਼ ਵਿਚ ਕੀਤਾ ਗਿਆ ਹੈ। ਇਸ ਦੀ ਵਿਸ਼ੇਸ਼ ਮਹੱਤਤਾ ਇਹ ਹੈ ਕਿ ਇਨ੍ਹਾਂ ਤੋਂ ਤਤਕਾਲੀਨ ਸਮਾਜਿਕ ਤੇ ਰਾਜਸੀ ਜੀਵਨ ਬਾਰੇ ਕਈ ਸੰਕੇਤ ਮਿਲਦੇ ਹਨ।

ਇਨ੍ਹਾਂ ਮੁਢਲੀਆਂ ਵਾਰਾਂ ਤੋਂ ਪਿਛੋਂ ਪੰਜਾਬੀ ਵਾਰ ਸਾਹਿਤ ਨੂੰ ਸਿਖਰ ਤੇ ਪਹੁੰਚਾਉਣ ਦਾ ਕੰਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਧਿਆਤਮਕ ਵਾਰਾਂ ਨੇ ਕੀਤਾ। ਗੁਰੂ ਸਾਹਿਬਾਨਾਂ ਦੀਆਂ ਵਾਰਾਂ ਸ਼ਾਂਤ ਰਸੀ ਹਨ। ਇਨ੍ਹਾਂ ਦਾ ਪ੍ਰਭਾਵ ਉਤਸ਼ਾਹ ਦੇਣ ਵਾਲਾ ਹੈ। ਇਨ੍ਹਾਂ ਵਾਰਾਂ ਦਾ ਮਹਾਂਨਾਇਕ ਪਰਮਾਤਮਾ ਹੈ। ਵਾਰਾਂ ਵਿਚ ਉਸ ਪਰਮਾਤਮਾ ਦੀ ਉਸਤਤਿ ਅਨੇਕਾਂ ਢੰਗਾਂ ਨਾਲ ਕੀਤੀ ਗਈ ਹੈ। ਇਹਨਾਂ ਵਾਰਾਂ ਵਿਚ ਮਨੁੱਖੀ ਜੀਵਨ ਦੇ ਦੋ ਪੱਖਾਂ, ਨੇਕੀ ਤੇ ਬੁਰਾਈ ਦੇ ਸੰਘਰਸ਼ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ, ਜਿਹਨਾਂ ਤੋਂ ਗੁਰਮੁਖ ਆਪਣੇ ਸਹਿਜ ਜੀਵਨ ਵਿਚ ਨਾਮ ਦੀ ਸ਼ਕਤੀ ਦੁਆਰਾ ਜਾਂ ਜੀਵਨ ਦੇ ਨੈਤਿਕ ਤੇ ਸਦਾਚਾਰਕ ਗੁਣਾਂ ਦੁਆਰਾ ਜਿੱਤ ਹਾਸਲ ਕਰਦਾ ਹੈ। ਮਨੁੱਖ ਆਤਮਾ ਨੂੰ ਪਰਮਾਤਮਾ

ਨਾਲ ਮੇਲਣ ਲਈ ਆਪਣੇ ਅੰਦਰਲੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਰੁਚੀਆਂ ਉੱਤੇ ਕਾਬੂ ਪਾ ਕੇ ਨੇਕੀ ਨੂੰ ਅਪਣਾਉਂਦਾ ਹੈ। ਭਾਈ ਗੁਰਦਾਸ ਜੀ ਦੀਆਂ ਉਨਤਾਲੀ ਵਾਰਾਂ ਨੂੰ ਵੀ ਗੁਰਮਤਿ ਕਾਵਿ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਗੁਰਮਤਿ ਚਿੰਤਨ ਦੀ ਵਿਆਖਿਆ ਕਰਨ ਵਾਲੀਆਂ ਹੋਣ ਤੋਂ ਇਲਾਵਾ ਸਦਾਚਾਰਕ ਕਦਰਾਂ ਕੀਮਤਾਂ ਨੂੰ ਵੀ ਪੁਰਜ਼ੋਰ ਅਪਣਾਉਣ ਦੀ ਵਕਾਲਤ ਕਰਦੀਆਂ ਹਨ।

ਉਪਰੋਕਤ ਚਰਚਿਤ ਵਾਰਾਂ ਉਪਰੰਤ, ਪੰਜਾਬੀ ਬੀਰ-ਰਸੀ ਵਾਰਾਂ ਆਉਂਦੀਆਂ ਹਨ। ਜਿਨ੍ਹਾਂ ਵਿਚੋਂ ਪ੍ਰਮੁੱਖ ਚੰਡੀ ਦੀ ਵਾਰ, ਨਜ਼ਾਬਤ ਦੀ ਵਾਰ, ਪੀਰ ਮੁਹੰਮਦ ਤੇ ਅਗਰਾ ਦੀਆਂ ਵਾਰਾ ਹਨ ਜਿਨ੍ਹਾਂ ਨੇ ਪੰਜਾਬੀ ਸਾਹਿਤ ਦੇ ਵਾਰ ਰੂਪ ਨੂੰ ਪ੍ਰਫੁਲਤ ਕੀਤਾ ਹੈ। ਨਜ਼ਾਬਤ ਨੇ ਨਾਦਰ ਸ਼ਾਹ ਦੀ ਵਾਰ, ਪੀਰ ਮੁਹੰਮਦ ਨੇ ਚੱਠਿਆਂ ਦੀ ਵਾਰ ਅਤੇ ਅਗਰਾ ਨੇ ਹਕੀਕਤ ਰਾਏ ਦੀ ਵਾਰ ਦੀ ਰਚਨਾ ਕੀਤੀ ਹੈ। ਦੁੱਲਾ ਭੱਟੀ ਦੀ ਵਾਰ ਵਿਚ ਮੁਸਲਮਾਨ ਰਾਜਪੂਤ ਅਬਦੁਲਾ ਦੀ ਬਹਾਦੁਰੀ ਤੇ ਪ੍ਰਸੰਸਾ ਕੀਤੀ ਗਈ ਹੈ, ਜਿਸ ਨੇ ਅਕਬਰ ਦੇ ਵਿਰੁੱਧ ਬਗ਼ਾਵਤ ਕੀਤੀ ਤੇ ਇਕ ਹਰਮਨ ਪਿਆਰਾ ਨਾਇਕ ਬਣਿਆ। ਜੈਮਲ ਅਤੇ ਫਤਹਿ ਸਿੰਘ ਦੀ ਵਾਰ, ਦੋ ਰਾਜਪੂਤ ਸਰਦਾਰਾਂ ਦੀ ਵਾਰ ਹੈ, ਜੋ ਚਿਤੌੜ ਦੀ ਰੱਖਿਆ ਲਈ ਸ਼ਾਹੀ ਫੌਜ ਦੇ ਵਿਰੁੱਧ ਲੜੇ ਸਨ। ਇਹ ਲੋਕ ਵਾਰ ਢਾਡੀ ਪਰੰਪਰਾ ਰਾਹੀਂ ਸਾਡੇ ਤਕ ਪੁੱਜੀ ਹੈ। ਚੰਡੀ ਦੀ ਵਾਰ ਬੀਰ ਰਸੀ ਪੱਖ ਤੇ ਸਾਹਿਤਕ ਪੱਖ ਤੋਂ ਇਕ ਸ਼ਾਹਕਾਰ ਰਚਨਾ ਹੈ। ਬੀਰ ਰਸ ਦੇ ਪ੍ਰਗਟਾਅ ਲਈ ਪ੍ਰਮਾਣਿਕ ਕਾਵਿ ਰੂਪ, ਵਾਰ ਲਈ ਲੋੜੀਂਦੇ ਸਾਹਿਤਕ ਲੱਛਣ, ਪ੍ਰਬੰਧ, ਘੋਲ, ਘੂਕਰ ਆਦਿ ਸਾਰੇ ਗੁਣ ਇਸ ਰਚਨਾ ਵਿਚ ਮੌਜੂਦ ਹਨ। ਇਸ ਵਾਰ ਵਿਚ ਵਾਰ ਦੇ ਰੂਪ, ਢਾਂਚੇ, ਬਣਤਰ ਤੇ ਬੁਣਤਰ ਸਾਰੇ ਲੱਛਣ ਉੱਚ ਕੋਟੀ ਦੇ ਹਨ।

ਲਵਕੁਸ਼ ਦੀ ਵਾਰ, ਕਵੀ ਜਸੋਧਾ ਨੰਦਨ ਦੁਆਰਾ ਲਹਿੰਦੀ ਪੰਜਾਬੀ ਵਿਚ ਲਿਖੀ ਹੋਈ ਵਾਰ ਹੈ। ਕਵੀ ਦਾ ਯੁਧ ਵਰਨਣ ਦਾ ਢੰਗ, ਗੁਰੂ ਗੋਬਿੰਦ ਸਿੰਘ ਜੀ ਦੀ ਲਿਖਣ ਸ਼ੈਲੀ ਤੋਂ ਪ੍ਰਭਾਵਿਤ ਹੋਇਆ ਲੱਗਦਾ ਹੈ। ਲਵਕੁਸ਼ ਦੇ ਆਪਣੇ ਚਾਚਿਆਂ ਨਾਲ ਸਵਾਲ ਜਵਾਬ ਬੜੇ ਨਾਟਕੀ ਢੰਗ ਦੇ ਹਨ। ਭਾਂਵੇ ਕਿ ਯੁਧ ਬਾਰੇ ਕਵੀ ਦਾ ਨਿੱਜੀ ਅਨੁਭਵ ਨਹੀ ਹੈ ਪਰ ਫਿਰ ਵੀ ਉਸਨੇ ਆਪਣੀ

ਕਲਪਨਾ ਸ਼ਕਤੀ ਨਾਲ ਯੁੱਧ ਦ੍ਰਿਸ਼ਾਂ ਵਿਚ ਜਾਨ ਪਾ ਦਿੱਤੀ ਹੈ।

ਇਸ ਕਾਲ ਵਿਚ ਹੋਰ ਵੀ ਬਹੁਤ ਸਾਰੀਆਂ ਵਾਰਾਂ ਲਿਖੀਆਂ ਗਈਆਂ ਹਨ। ਕਾਨ੍ਹ ਭਗਵਾਨ ਦੀ ਵਾਰ (ਤੇਜ ਭਾਨ), ਰਾਮ ਚੰਦਰ ਦੀ ਵਾਰ (ਸਦਾ ਰੰਗ), ਵਾਰ ਰਾਮ ਦੀ (ਜਵਾਹਰ ਸਿੰਘ) ਵਾਰ ਮਹਾਂਭਾਰਤ ਦੀ, ਸਰਬਲੋਹ ਦੀ ਵਾਰ, ਗੁਰੂ ਖਾਲਸੇ ਦੀ ਵਾਰ (ਗੁਰਦਾਸ ਦੂਜਾ), ਬੰਦੇ ਦੀ ਵਾਰ (ਹਾਕਮਿ ਰਾਏ), ਨਾਦਰ ਸ਼ਾਹ ਦੀ ਵਾਰ (ਨਜ਼ਾਬਤ), ਹਕੀਕਤ ਰਾਇ ਦੀ ਵਾਰ (ਅਗਰਾ), ਚੱਠਿਆਂ ਦੀ ਵਾਰ (ਪੀਰ ਮੁਹੰਮਦ) ਸੋਢੀਆਂ ਦੀ ਵਾਰ (ਰਾਮ ਸਿੰਘ) ਸਿਧੂਆਂ ਦੀ ਵਾਰ, ਭੱਟੀਆਂ ਦੀ ਵਾਰ, ਸੰਧਾਵਾਲੀਆਂ ਦੀ ਵਾਰ, ਅਜੀਤ ਸਿੰਘ ਲਾਡੂਏ ਦੀ ਵਾਰ, ਬਚਿਤਰ ਸਿੰਘ ਦੀ ਵਾਰ (ਅਗਿਆਤ), ਰਾਜਾ ਸਿੰਘ ਦੀ ਵਾਰ, ਚੂਹੜ ਸਿਘ ਭਦੌੜੀਏ ਦੀ ਵਾਰ, ਚਮਕੌਰ ਦੀ ਵਾਰ, ਭੰਗਾਣੀ ਦੀ ਵਾਰ, ਗਦਰ ਦੀ ਵਾਰ (ਅਗਿਆਤ), ਮੁਲਤਾਨ ਦੀ ਵਾਰ (ਸ਼ਾਹ ਅਜ਼ੀਮ) ਆਦਿ

ਆਧੁਨਿਕ ਕਾਲ ਦੀਆਂ ਵਾਰਾਂ ਵਿਚੋਂ ਪਿਆਰਾ ਸਿੰਘ ਸਹਿਰਾਈ ਦੀ 'ਤਿੰਲਗਾਨਾ ਦੀ ਵਾਰ' ਹੈ। ਇਸ ਵਾਰ ਦਾ ਕੇਂਦਰੀ ਵਿਸ਼ਾ ਅਣਖੀਲੇ ਯੋਧੇ ਤੇ ਧਾਰਮਿਕ ਆਗੂਆਂ ਦੀ ਮਹਿਮਾ ਗਾਉਣਾ ਨਹੀਂ ਸਗੋਂ ਕੀਰਤੀ ਕਾਮਿਆਂ, ਕਿਸਾਨਾਂ ਤੇ ਹੋ ਰਹੇ ਅਤਿਆਚਾਰਾਂ, ਲੁੱਟ ਖਸੁੱਟ, ਦਬਾਅ ਅਤੇ ਉਨ੍ਹਾਂ ਦੀ ਹੋ ਰਹੀ ਦੁਰ-ਦਸ਼ਾ ਨੂੰ ਜਿਉਂ ਦਾ ਤਿਉਂ ਦਰਸਾਉਣਾ ਹੈ। ਇਨ੍ਹਾਂ ਦੇ ਨਾਇਕ ਕੋਈ ਅਦ੍ਰਿਸ਼ਟ ਜਗਤ ਦੇ ਬਸ਼ਿੰਦੇ ਨਹੀਂ ਸਗੋਂ ਲੌਕਿਕ ਜਗਤ ਦੇ ਮਰਜੀਵੜੇ ਹਨ। ਆਪਣੀਆਂ ਜਾਨਾਂ ਤਲੀ ਤੇ ਰੱਖ ਕੇ ਅੰਤਿਮ ਸਾਹਾਂ ਤੋਂ ਬਿਲਕੁਲ ਬੇਪ੍ਰਵਾਹ ਹੋ ਕੇ ਅਨਿਆਂ, ਬੇਇਨਸਾਫ਼ੀ ਤੇ ਸ਼ੋਸ਼ਣ ਵਿਰੁੱਧ ਅਵਾਜ਼ ਹੀ ਨਹੀਂ ਉਠਾਉਂਦੇ ਸਗੋਂ ਡੱਟ ਕੇ ਮੁਕਾਬਲਾ ਵੀ ਕਰਦੇ ਹਨ ਤੇ ਇਹੀ ਇਨ੍ਹਾਂ ਦੀ ਵਿਸ਼ੇ ਪੱਖੋਂ ਵਿਲੱਖਣਤਾ ਹੈ। ਡਾਕਟਰ ਰਤਨ ਸਿੰਘ ਜੱਗੀ ਇਸ ਵਿਚਾਰ ਦੀ ਪੁਸ਼ਟੀ ਆਪਣੇ ਸ਼ਬਦਾਂ ਵਿਚ ਇਉਂ ਕਰਦੇ ਹਨ।

> ਕੋਈ ਸਮਾਂ ਸੀ ਜਦ ਵਾਰਾਂ ਦੇ ਬੀਰ-ਰਸ ਦੁਆਰਾ ਯੁਧ ਭੂਮੀ ਵਿਚ ਲੜਨ ਲਈ ਯੋਧਿਆਂ ਨੂੰ ਤਿਆਰ ਕੀਤਾ ਜਾਂਦਾ ਸੀ ਪਰ ਅੱਜ ਯੁਧ ਭੂਮੀ ਬਦਲ ਗਈ ਹੈ। ਅੱਜ ਦੀ ਲੜਾਈ ਪੇਟ ਦੀ ਪੂਰਤੀ ਲਈ ਹੈ ਤੇ ਆਪਣੇ ਹੱਕਾਂ ਦੀ

> ਪ੍ਰਾਪਤੀ ਲਈ ਹੈ। ਭਾਵੇਂ ਇਹੋ ਜਿਹਾ ਉਤਸ਼ਾਹ ਛੋਟੀਆਂ ਮੋਟੀਆਂ ਕਵਿਤਾਵਾਂ ਰਾਹੀਂ ਦਿੱਤਾ ਜਾ ਰਿਹਾ ਹੈ ਪਰ ਅਜਿਹੇ ਮਹਤਵਪੂਰਣ ਵਿਸ਼ਿਆਂ ਲਈ ਨਿੱਕੀਆਂ ਨਿੱਕੀਆਂ ਕਵਿਤਾਵਾਂ ਉਹ ਕੰਮ ਨਹੀਂ ਸਾਰ ਸਕਦੀਆਂ ਜੋ ਵਾਰ ਦੀ ਘੂਕਰ ਜਾਂ ਤਲਖ ਵਾਯੂਮੰਡਲ ਪੈਦਾ ਕਰਕੇ ਮਰਜੀਵੜਿਆਂ ਨੂੰ ਤਿਆਰ ਕਰਦੀ ਹੈ।[3]

ਅਜੋਕੇ ਕਵੀਆਂ ਤੋਂ ਸਾਨੂੰ ਉਮੀਦ ਕਰਨੀ ਚਾਹੀਦੀ ਹੈ ਕਿ ਉਹ ਸ਼੍ਰੇਣੀਆਂ, ਕੌਮਾਂ ਅਤੇ ਸਮਾਜ ਨੂੰ ਵਾਰ ਦਾ ਨਾਇਕ ਬਣਾਉਣ, ਆਰਥਿਕ ਅਭਾਵ ਨੂੰ ਆਪਣਾ ਵੈਰੀ ਮਿੱਥ ਕੇ ਦੇਸ਼ ਤੋਂ ਭੁੱਖ ਭਜਾਉਣ ਲਈ ਦੇਸ਼ ਵਾਸੀਆਂ ਨੂੰ ਵਾਰਾਂ ਪੜ੍ਹਾ ਕੇ ਜਾਂ ਵਾਰਾਂ ਸੁਣਾ ਕੇ ਤਿਆਰ ਕਰਨ ਤਾਂ ਜੋ ਦੇਸ਼ ਖੁਸ਼ਹਾਲੀ ਅਤ ਤਰੱਕੀ ਦੀ ਮੰਜਲਾਂ ਵਲ ਉਲਾਂਘਾਂ ਪੁੱਟਦਾ ਨਜ਼ਰ ਆਵੇ ਕਿਉਂਕਿ ਸਾਹਿਤਕਾਰ ਸਮਾਜ ਦੀ ਸੁਚੱਜੀ ਅਗਵਾਈ ਕਰ ਸਕਦੇ ਹਨ।

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਵਾਰ ਆਦਿ ਕਾਲ ਤੋਂ ਲੈ ਕੇ ਅੱਜ ਤੱਕ ਨਿਰੰਤਰ ਗਤੀਸ਼ੀਲ ਰਹੀ ਹੈ। ਵਿਕਾਸ ਇਸ ਦਾ ਸੁਭਾਅ ਹੈ ਖੜੋਤ ਨਹੀਂ। ਇਸ ਦੀ ਵਰਤਮਾਨ ਦਸ਼ਾ ਤੋਂ ਇਸ ਦੇ ਉਜਲੇ ਅਤੇ ਸ਼ਾਨਦਾਰ ਭਵਿੱਖ ਦਾ ਅੰਦਾਜ਼ਾ ਲਾਉਣਾ ਕੋਈ ਮੁਸ਼ਕਲ ਨਹੀਂ। ਆਦਰਸ਼ ਮਾਨਵ ਦਾ ਸੰਕਲਪ ਵਾਰਾਂ ਵਿਚ ਭਰਪੂਰਤਾ ਨਾਲ ਉਜਾਗਰ ਹੁੰਦਾ ਹੈ ਜਿਸ ਤੋਂ ਸਮੂਹ ਸਮਾਜ ਦੇ ਸੰਤੁਲਨ ਦੀ ਜਗਿਆਸਾ ਰੱਖੀ ਜਾ ਸਕਦੀ ਹੈ।

**(ੳ) ਵਾਰ ਦੀ ਪਰਿਭਾਸ਼ਾ**

ਮਨੁੱਖੀ ਜੀਵਨ ਵਿਚ ਸੰਘਰਸ਼ ਇਕ ਸੁਭਾਵਕ ਲਾਲਸਾ ਹੈ। ਸੰਘਰਸ਼ ਤੋਂ ਬਿਨਾਂ ਜੀਵਨ ਨੀਰਸ ਹੈ ਅਤੇ ਅਗਾਂਹ ਵਧਣ ਦੀ ਬਜਾਏ ਰੁਕ ਜਾਂਦਾ ਹੈ। ਇਸ ਸੰਘਰਸ਼ ਨੂੰ ਜਾਰੀ ਰੱਖਣ ਲਈ ਸਾਹਸ ਅਤੇ ਬੀਰਤਾ ਦੀ ਲੋੜ ਹੈ। ਦੁਨੀਆਂ ਭਰ ਦਾ ਕਿਸੇ ਵੀ ਪ੍ਰਕਾਰ ਦਾ ਸਾਹਿਤ ਲੈ ਲਵੋ ਉਸ ਵਿਚ ਜੀਵਨ ਸੰਘਰਸ਼ ਦਾ ਪ੍ਰਗਟਾਅ ਹੈ। ਅੰਤਰ ਕੇਵਲ ਇਹ ਹੈ ਕਿ ਜਿਥੇ ਬਾਕੀ ਸਾਹਿਤ ਰੂਪਾਂ ਵਿਚ

ਸੰਘਰਸ਼ ਸੂਖ਼ਮ ਹੁੰਦਾ ਹੈ ਉਥੇ ਬੀਰ ਰਸੀ ਸਾਹਿਤ ਵਿਚ ਸੰਘਰਸ਼ ਸਥੂਲ ਹੋ ਜਾਂਦਾ ਹੈ ਪਰੰਤੂ ਅਧਿਆਤਮਿਕ ਸਾਹਿਤ ਵਿਚ ਇਹ ਸੂਖ਼ਮ ਹੀ ਰਹਿੰਦਾ ਹੈ। ਪੰਜਾਬੀ ਸਾਹਿਤ ਵਿਚ ਜਿਹੜਾ ਬੀਰ ਰਸੀ ਸਾਹਿਤ ਪ੍ਰਾਪਤ ਹੈ ਉਸ ਵਿਚ ਵਾਰ ਅਤੇ ਜੰਗਨਾਮਿਆਂ ਦੇ ਕਾਵਿ-ਰੂਪ ਪ੍ਰਸਿੱਧ ਹਨ। 'ਵਾਰ' ਪੰਜਾਬੀ ਵਿਚ ਬਿਰਤਾਂਤਕ ਕਾਵਿ ਦਾ ਇਕ ਰੂਪ ਹੈ, ਜੋ ਪੰਜਾਬੀ ਦਾ ਨਿਰੋਲ ਅਪਣਾ ਹੈ।

ਵਾਰ ਪੰਜਾਬੀਆਂ ਦਾ ਉਹ ਲੋਕਪ੍ਰਿਯ ਕਾਵਿ ਰੂਪ ਹੈ, ਜਿਸ ਤੋਂ ਉਹਨਾ ਦੀ ਅਣਖ ਅਤੇ ਕੁਰਬਾਨੀ ਦਾ ਜ਼ਜ਼ਬਾ ਦ੍ਰਿਸ਼ਟੀਗੋਚਰ ਹੁੰਦਾ ਹੈ। ਵਾਰ ਕਾਵਿ ਰੂਪ ਦਾ ਆਰੰਭ ਕਦੋਂ ਹੋਇਆ ਅਤੇ ਕਿਸ ਨੇ ਕੀਤਾ ਇਹ ਅਨਿਸ਼ਚਤ ਹੈ ਪਰ ਇਸ ਕਾਵਿ ਰੂਪ ਦਾ ਆਰੰਭ ਗੁਰੂ ਨਾਨਕ ਜੀ ਤੋਂ ਪਹਿਲਾਂ ਹੋ ਚੁਕਿਆ ਸੀ। ਇਹ ਪੰਜਾਬੀ ਸਾਹਿਤ ਦਾ ਵਿਲੱਖਣ ਅਤੇ ਮੌਲਿਕ ਕਾਵਿ ਰੂਪ ਹੈ। ਇਸ ਦੀ ਸਿਰਜਣਾ ਲੋਕ-ਮੁਖ ਤੋਂ ਹੋਈ। ਇਸ ਦੀ ਲੋਕਪ੍ਰਿਯਤਾ, ਸਮੇਂ ਅਤੇ ਪੰਜਾਬੀ ਮਨ ਦੇ ਅਨੁਕੂਲ ਹੋਣ ਕਰਕੇ, ਕਵੀਆਂ ਨੇ ਇਸ ਨੂੰ ਪ੍ਰਗਟਾਅ ਦਾ ਸਾਧਨ ਬਣਾਇਆ। ਇਸ ਤਰ੍ਹਾਂ ਇਹ ਕਾਵਿ-ਲੋਕ ਤੋਂ ਉਠ ਕੇ ਕਾਵਿ ਰੂਪ ਦੇ ਤੌਰ ਤੇ ਪੰਜਾਬੀ ਸਾਹਿਤਕ ਖੇਤਰ ਵਿਚ ਪ੍ਰਵੇਸ਼ ਕਰ ਗਿਆ।

ਪੰਜਾਬੀ ਸਾਹਿਤ ਦੇ ਖੇਤਰ ਵਿਚ ਵਾਰ ਕਹਿਣ ਦਾ ਰਿਵਾਜ਼ ਢੇਰ ਪੁਰਾਣਾ ਹੈ। ਵਾਰ ਕਾਵਿ ਰੂਪ, ਯੁਧ ਵਰਨਣ ਅਥਵਾ ਬੀਰ-ਕਾਵਿ ਨੂੰ ਪੇਸ਼ ਕਰਨ ਦਾ ਪ੍ਰਤਿਨਿਧ ਰੂਪ ਹੈ। ਇਸ ਕਾਵਿ ਰੂਪ ਦਾ ਜਨਮ ਤੇ ਵਿਕਾਸ ਪੰਜਾਬ ਤੇ ਰਾਜਸਥਾਨ ਦੇ ਸਰਹੱਦੀ ਇਲਾਕਿਆਂ ਵਿਚ ਹੋਇਆ, ਜੋ ਇਨ੍ਹਾਂ ਪ੍ਰਾਂਤਾਂ ਦੇ ਲੋਕਾਂ ਦੀ ਸੂਰਮਗਤੀ ਦੇ ਪ੍ਰਤੀਕ ਵਜੋਂ ਇੱਕ ਇਤਿਹਾਸਿਕ ਸਚਾਈ ਨੂੰ ਵਰਨਣ ਕਰਦਾ ਹੈ।

ਭੂਗੋਲਿਕ ਸਥਿਤੀ, ਕਿਸੇ ਦੇਸ਼ ਦੀ ਰਾਜਸੀ, ਆਰਥਿਕ ਅਤੇ ਸਮਾਜਕ ਹਲਾਤਾਂ ਦਾ ਆਧਾਰ ਹੁੰਦੀ ਹੈ। ਪੰਜਾਬ ਦੇ ਲੋਕਾਂ ਨੂੰ ਬਾਹਰੀ ਹਮਲਾਵਰਾਂ ਦੇ ਹੱਲੇ ਸਭ ਤੋਂ ਪਹਿਲਾਂ ਝੱਲਣੇ ਪੈਂਦੇ ਸਨ ਅਤੇ ਇਸ ਖਿੱਤੇ ਦੇ ਲੋਕ ਇਨ੍ਹਾਂ ਹਮਲਿਆਂ ਦੇ ਮੁਕਾਬਲੇ ਲਈ ਹਮੇਸ਼ਾਂ ਤਿਆਰ ਬਰ ਤਿਆਰ ਰਹਿੰਦੇ ਸਨ। ਇਸ ਤਰ੍ਹਾਂ ਇਤਿਹਾਸਿਕ, ਰਾਜਸੀ ਤੇ ਭੂਗੋਲਿਕ ਸਥਿਤੀ ਦੇ ਸਿੱਟੇ ਵਜੋਂ ਪੰਜਾਬੀ ਸਾਹਿਤ ਵਿਚ ਵਾਰ ਕਾਵਿ ਰੂਪ ਦੀ ਉਤਪਤੀ ਹੋਈ।

'ਵਾਰ' ਸ਼ਬਦ ਦਾ ਮੂਲ ਸੰਸਕ੍ਰਿਤ ਦੇ ਵ੍ਰਿ ਧਾਤੂ ਤੋਂ ਹੋਇਆ ਮੰਨਿਆ ਜਾਂਦਾ ਹੈ। ਜਿਸ ਤੋਂ

ਵਾਰੀ, ਵੈਰੀ ਅਰਥਾਤ ਵਾਰ ਰੋਕਣ ਵਾਲਾ ਵਾਹਕ ਜਾਂ ਵਾਹਰੀ ਆਦਿ ਸ਼ਬਦ ਹਨ। ਪੰਜਾਬੀ ਸਾਹਿਤ ਵਿਚ ਵਾਰ ਦਾ ਅਰਥ ਵਾਰੀ ਜਾਂ ਬਾਰ ਵੀ ਹੈ। ਵਾਰ ਜਾਂ ਬਾਰ ਤੋਂ ਦਰਵਾਜ਼ੇ ਦਾ ਅਰਥ ਵੀ ਲਿਆ ਜਾਂਦਾ ਹੈ। ਪਰੰਤੂ ਪੰਜਾਬੀ ਸਾਹਿਤ ਵਿਚ ਵਾਰ ਦਾ ਅਰਥ ਉਸ ਬੀਰ-ਰਸੀ ਕਵਿਤਾ ਤੋਂ ਲਿਆ ਜਾਣ ਲਗਾ, ਜਿਸ ਵਿਚ ਸੂਰਬੀਰ, ਯੋਧਿਆਂ ਦੀ ਬੀਰਤਾ ਦੇ ਕਾਰਨਾਮੇ ਅਤਿ ਹੀ ਉਤਸ਼ਾਹ ਭਰੇ ਢੰਗ ਨਾਲ ਅੰਕਿਤ ਕੀਤੇ ਗਏ ਹੁੰਦੇ ਹਨ। ਭੱਟ ਜਾਂ ਢਾਡੀ ਕਵੀ ਆਪਣੇ ਮਾਲਕਾਂ ਦੇ ਦਰਾਂ ਤੇ ਬਾਰ ਬਾਰ ਉਨ੍ਹਾਂ ਸੂਰਬੀਰਾਂ ਤੇ ਬਹਾਦਰਾਂ ਦੀ ਉਸਤਤ ਵਿਚ ਵਾਰ ਗਾਉਂਦੇ। ਵਾਰ ਦੇ ਇਹ ਅਰਥ ਸਹਾਇਤਾ ਲਈ ਪੁਕਾਰ ਹਨ। ਅੰਗਰੇਜ਼ੀ ਵਿਚ ਵਾਰ ਦੇ ਅਰਥ ਯੁਧ ਹਨ।

ਪ੍ਰੋ. ਪਿਆਰਾ ਸਿੰਘ ਨੇ ਆਪਣੀ ਪੁਸਤਕ '*ਪੰਜਾਬੀ ਸਾਹਿਤ ਦੀ ਰੂਪ ਰੇਖਾ*' ਵਿਚ ਵਾਰ ਸ਼ਬਦ (ਕਿਸੇ ਦੇ ਨਾਂ ਲਏ ਬਿਨਾਂ) ਬਾਰੇ ਭਿੰਨ ਭਿੰਨ ਵਿਦਵਾਨਾਂ ਦੇ ਛੇ ਮੱਤ ਅੰਕਿਤ ਕੀਤੇ ਹਨ ਉਨ੍ਹਾਂ ਦੇ ਵਿਚਾਰ ਅਨੁਸਾਰ ਜੋ ਇਸ ਤਰਾਂ ਹਨ:-

(ੳ) ਕਈਆਂ ਦਾ ਖਿਆਲ ਹੈ ਕਿ ਵਾਰ ਸ਼ਬਦ ਦਾ ਅਰਥ ਹੈ ਹੱਲਾ ਕਰਨਾ, ਧਾਵਾ ਬੋਲਣਾ। ਜਿਸ ਕਾਵਿ ਵਿਚ ਹੱਲਿਆਂ, ਧਾਵਿਆਂ ਜਾਂ ਜੰਗਾਂ-ਯੁੱਧਾਂ ਦਾ ਵਰਨਣ ਹੋਵੇ, ਉਸ ਨੂੰ 'ਵਾਰ' ਕਿਹਾ ਜਾਂਦਾ ਹੈ।

(ਅ) ਵਾਰ ਦਾ ਅਰਥ ਵਰਜਣਾ, ਰੋਕਣਾ ਹੈ, ਇਸੇ ਅਰਥ ਵਿਚ ਇਹ ਪਦ ਰਿਗਵੇਦ ਵਿਚ ਵੀ ਆਇਆ ਹੈ। ਹੱਲੇ ਧਾਵੇ ਦੀ ਰੋਕ ਜਾਂ ਸੁਰੱਖਿਆ ਲਈ ਕੀਤੇ ਯਤਨਾਂ ਦਾ ਜ਼ਿਕਰ ਆਉਣ ਕਰਕੇ ਵੀ ਇਸ ਨੂੰ 'ਵਾਰ' ਦਾ ਨਾਮ ਦਿੱਤਾ ਗਿਆ ਹੋਵੇਗਾ।

(ੲ) ਕਈਆਂ ਦਾ ਮੱਤ ਹੈ ਕਿ 'ਵਾਰ' ਬਾਰ ਬਾਰ ਦੁਹਰਾਉਣ ਦੇ ਅਰਥਾਂ ਵਿਚ ਆਉਂਦਾ ਹੈ। ਢਾਡੀ ਲੋਕ ਸੂਰਮਗਤੀ ਦੇ ਗੀਤਾਂ ਨੂੰ ਬਾਰ ਬਾਰ ਦੁਹਰਾ ਕੇ ਸੁਣਾਇਆ ਕਰਦੇ ਹਨ, ਇਸ ਲਈ ਇਸ ਦਾ ਨਾਂ ਸ਼ਾਇਦ 'ਵਾਰ' ਪੈ ਗਿਆ ਹੋਵੇ।

(ਸ) ਵਾਰ ਜਾਂ ਬਾਰ ਦਰਵਾਜ਼ੇ ਨੂੰ ਵੀ ਕਹਿੰਦੇ ਹਨ। ਕਿਉਂਕਿ ਢਾਡੀ ਜਾਂ ਭੱਟ ਲੋਕ ਸੂਰਮਿਆਂ ਦੇ ਦਰਵਾਜ਼ਿਆਂ ਤੇ ਖਲੋ ਕੇ ਬੀਰ ਰਸੀ-ਗੀਤਾਂ ਦਾ ਉਚਾਰਣ ਕਰਦੇ ਸਨ, ਇਸ ਲਈ

ਇਸ ਦਾ ਨਾਂ ਵਾਰ ਹੋਇਆ।

(ਹ) ਰਾਜਸਥਾਨੀ ਬੋਲੀ ਵਿਚ ਵਾਰ ਸ਼ਬਦ ਦਾ ਅਰਥ ਹੈ "ਸਹਾਇਤਾ ਲਈ ਪੁਕਾਰਨਾ।" ਰਾਜਸਥਾਨ ਵਿਚ ਬਾਰ-ਹੱਠ ਨਾਂ ਦੀ ਇਕ ਭੱਟ ਜਾਤੀ ਵੀ ਹੈ ਜੋ ਆਪਣੇ ਸੁਆਮੀਆਂ ਦੇ ਦਰਾਂ ਤੇ ਪ੍ਰਸ਼ੰਸਾ ਦੇ ਗੀਤ ਗਾਉਂਦੇ ਅਤੇ ਹੱਠ ਕਰਕੇ ਮੰਗਣ ਲਈ ਅੜੇ ਰਹਿੰਦੇ ਹਨ।

(ਕ) ਵਾਰ ਸ਼ਬਦ ਦਾ ਮੂਲ ਵਾਰਤਾ ਪਦ ਹੈ। ਪਿਛਲੇ ਜ਼ਮਾਨੇ ਵਿਚ ਜੰਗਾਂ ਯੁੱਧਾਂ ਦੀ ਕਥਾ ਕਹਾਣੀ ਹੀ ਕਵੀਆਂ ਦਾ ਮਨਭਾਉਂਦਾ ਵਿਸ਼ਾ ਸੀ। ਕਿਉਂਕਿ ਹੋਰ ਕੋਈ ਆਖੀ ਜਾਣ ਵਾਲੀ ਵਾਰਤਾ ਸਾਮ੍ਹਣੇ ਨਹੀਂ ਸੀ। ਇਸ ਲਈ ਢਾਡੀਆਂ ਅਤੇ ਭੱਟਾਂ ਨੇ ਬਹਾਦਰਾਂ ਦੇ ਵਾਰਤਾ-ਬਿਰਤਾਂਤਾਂ ਨੂੰ ਹੀ ਆਪਣੇ ਕਾਵਿ ਦਾ ਵਿਸ਼ਾ ਬਣਾਇਆ ਤੇ ਇਸ ਦਾ ਨਾਂ ਹੀ ਵਾਰ ਪੈ ਗਿਆ ਹੈ। ਵਾਰ ਸ਼ਬਦ ਇਸੇ ਵਾਰਤਾ ਪਦ ਤੇ ਸੰਖਿਪਤ ਹੋਇਆ ਜਾਪਦਾ ਹੈ। ਇਹ ਮਤ ਸਭ ਤੋਂ ਜ਼ਿਆਦਾ ਢੁਕਵਾਂ ਅਤੇ ਠੀਕ ਲਗਦਾ ਹੈ। ਅੱਜ ਭਾਵੇਂ ਵਾਰ ਸ਼ਬਦ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੋਵੇ ਪ੍ਰੰਤੂ ਪਹਿਲੇ ਪਹਿਲ ਇਸ ਦਾ ਸਾਹਿਤਕ ਪ੍ਰਯੋਗ ਵਾਰਤਾ ਤੋਂ ਹੀ ਤੁਰਿਆ ਹੋਵੇਗਾ, ਐਸੀ ਮੇਰੀ ਧਾਰਣਾ ਹੈ।[4]

ਮਾਈਕਰੋਪੀਡੀਆ ਰੈਡੀ ਰੈਫਰੈਂਸ ਨੰ: ਇਕ ਵਿਚ ਵਾਰ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਗਈ ਹੈ:

"ਵਾਰ ਆਮ ਤੌਰ ਤੇ ਦੋ ਰਾਜਨੀਤਕ ਦਲਾਂ ਵਿਚ ਖੁਲਮਖੁਲਾ ਅਤੇ ਐਲਾਨਿਆ ਹਥਿਆਰਬੰਦ ਵਿਰੋਧ ਦੀ ਇਕ ਅਵਸਥਾ ਹੈ, ਜੋ ਰਾਜਾਂ ਜਾਂ ਰਾਸ਼ਟਰਾਂ ਵਿਚ ਜਾਂ ਇਕ ਹੀ ਰਾਜ ਜਾਂ ਦੇਸ਼ਾਂ ਦੇ ਵਿਰੋਧੀ ਦਲਾਂ ਵਿਚ ਐਲਾਨੀ ਜਾਂਦੀ ਹੈ। ਯੁੱਧ ਦੀ ਵਿਸ਼ੇਸ਼ਤਾ ਜ਼ਿਆਦਾਤਰ ਵਿਅਕਤੀਆਂ ਦੀ ਉਦੇਸ਼ਿਤ ਅਤੇ ਇਰਾਦਾਤਨ ਹਿੰਸਾ ਹੈ, ਜਿਹਦੇ ਵਿਚ ਸ਼ਾਮਲ ਹੋਣ ਲਈ ਵਿਅਕਤੀਆਂ ਨੂੰ ਪੱਕੇ ਤੌਰ ਤੇ ਸੰਗਠਿਤ ਕਰਕੇ ਉਨ੍ਹਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਤਾਂ ਜੋ ਇਸ ਵਿਚ ਹਿੱਸਾ ਲੈ ਸਕਣ। ਰਾਜਾਂ, ਦੇਸ਼ਾਂ ਵਿਚ ਯੁੱਧ ਕਿਸੇ ਖਾਸ ਅਪਮਾਨ ਦਾ ਬਦਲਾ ਲੈਣ ਲਈ ਜਾਂ ਫਿਰ ਖਾਸ ਰਿਆਸਤ ਜਾਂ ਇਲਾਕੇ ਤੇ ਕਬਜ਼ਾ ਕਰਨ ਲਈ ਜਾਂ ਫਿਰ ਦੁਸ਼ਮਨਾਂ ਦਾ ਖਾਤਮਾ ਕਰਨ ਲਈ ਲੜਿਆ ਜਾਂਦਾ ਹੈ।"[5]

ਕਈ ਵਿਦਵਾਨ ਵਾਰ ਨੂੰ ਜੱਸ ਦੀ ਕਵਿਤਾ ਵੀ ਕਹਿੰਦੇ ਹਨ। ਜੱਸ ਦੇ ਅਰਥਾਂ ਵਿਚ

ਸੰਸਕ੍ਰਿਤ ਵਿਚ ਰਾਇਸ ਨਾਮ ਦੀ ਪ੍ਰਸਿਧ ਕਵਿਤਾ ਹੈ ਜੋ ਤੇਰਵੀਂ ਸਦੀ ਵਿਚ ਪ੍ਰਿਥਵੀ ਰਾਜ ਰਾਸੋ ਨੇ ਲਿਖੀ ਸੀ। ਬੀਰ-ਰਸ ਦੇ ਢੁਕਵੇਂ ਪ੍ਰਗਟਾਵੇ ਲਈ ਵਾਰ ਇਕ ਪ੍ਰਭਾਵਸ਼ਾਲੀ ਸਾਹਿਤਕ ਵਿਧਾ ਹੈ। ਉਸ ਦਾ ਬਿਰਤਾਂਤ, ਬੀਰਤਾ ਭਰਿਆ ਵਾਯੂਮੰਡਲ, ਨਾਇਕ ਦੀ ਪ੍ਰਸੰਸਾ ਕਰਨਾ, ਉਸਦੀ ਸ਼ਖ਼ਸੀਅਤ ਦੇ ਪੱਖ ਨੂੰ ਉਘਾੜਨਾ ਵਾਰ ਦੇ ਵਿਸ਼ੇਸ਼ ਲੱਛਣ ਹਨ। ਪਰ ਵਾਰ ਵਿਚ ਜ਼ਾਲਮ, ਜਾਬਰ ਅਤੇ ਅਪਰਾਧੀ ਦੀ ਪ੍ਰਸੰਸਾ ਨਹੀਂ ਕੀਤੀ ਗਈ ਹੁੰਦੀ ਹੈ।

ਲੋਕ ਪਰੰਪਰਾ ਅਨੁਸਾਰ ਵਾਰ ਨੂੰ ਡੂਮ ਜਾਂ ਮਿਰਾਸੀ ਇਕੱਠਾਂ ਵਿਚ ਗਾਉਂਦੇ ਸਨ। ਵਾਰ ਗਾਉਣ ਦਾ ਦੋਹਰਾ ਮੰਤਵ ਹੁੰਦਾ ਹੈ। ਇਕ ਤਾਂ ਲੋਕਾਂ ਦਾ ਮਨੋਰੰਜਨ ਕਰਨਾ ਤੇ ਵੱਡੇ ਸਰਦਾਰਾਂ ਦੀਆਂ ਵਾਰਾਂ ਬਣਾ ਕੇ ਉਨ੍ਹਾਂ ਤੋਂ ਇਨਾਮ ਹਾਸਿਲ ਕਰਨਾ ਦੂਜਾ ਬਹਾਦਰ ਯੋਧਿਆਂ ਦੇ ਕਾਰਨਾਮੇ ਸੁਣਾ ਕੇ ਲੋਕਾਂ ਦੇ ਵਿਚ ਜੋਸ਼ ਜਗਾਉਣਾ ਅਤੇ ਜ਼ਬਰ ਜ਼ੁਲਮਾਂ ਵਿਰੁੱਧ ਲੜਨ ਮਰਨ ਦੀ ਪ੍ਰੇਰਨਾ ਦੇਣਾ।

ਵੱਖ-ਵੱਖ ਵਿਦਵਾਨਾਂ ਨੇ ਵਾਰ ਨੂੰ ਪਰਿਭਾਸ਼ਾ ਵਿਚ ਬੰਨਣ ਲਈ ਆਪਣੇ ਆਪਣੇ ਨਜ਼ਰੀਏ ਤੋਂ ਇਸ ਦੀ ਪਰਿਭਾਸ਼ਾ ਦਿੱਤੀ ਹੈ। ਡਾਕਟਰ ਗੰਡਾ ਸਿੰਘ 'ਪੰਜਾਬ ਦੀਆਂ ਵਾਰਾਂ' ਵਿਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਲਿਖਦੇ ਹਨ:

> ਵਾਰ ਸ਼ਬਦ ਦਾ ਮੂਲ, ਵਿਰ (ਸੰਸਕ੍ਰਿਤ) ਧਾਤੂ ਤੋਂ ਬਣਿਆ ਹੈ ਜਿਸ ਤੋਂ ਕਿ ਵਾਰੀ ਜਾਂ ਵੈਰੀ (ਬਹਾਦਰ-ਦੁਸ਼ਮਨ) ਅਰਥਾਤ ਵਾਰ ਕਰਨ ਵਾਲਾ ਜਾਂ ਰੋਕਣ ਵਾਲਾ ਵਾਹਰ (ਕਿਸੇ ਦੂਸਰੇ ਉੱਤੇ ਹੱਲਾ ਕਰਨ ਲਈ ਹੱਲੇ ਨੂੰ ਰੋਕਣ ਵਾਲਾ, ਜਮਾਂ ਹੋਏ ਲੋਕਾਂ ਦਾ ਇਕੱਠ) ਵਾਹਰ ਜਾਂ ਵਾਹਰੂ ਸ਼ਬਦ ਬਣੇ।

ਡਾਕਟਰ ਗੰਡਾ ਸਿੰਘ ਨੇ ਪੰਜਾਬੀ ਵਿਚ ਵਰਤੇ ਜਾਂਦੇ ਇਹਨਾਂ ਸ਼ਬਦਾਂ ਦੇ ਭਿੰਨ ਭਿੰਨ ਅਰਥ ਰੂਪਾਂ ਨੂੰ ਵੀ ਦਸਿਆ ਹੈ ਜਿਵੇਂ:

> ਵੈਰ ਕਢਣਾ, ਹੱਲਾ ਕਰਨਾ, ਸੱਟ ਮਾਰਨਾ, ਯੁੱਧ ਜੰਗ ਵਿਚੋਂ ਘੇਰਾ,

> ਵਲਗਣ ਬਣਾਉਣਾ, ਰੋਕ ਪਾਉਣਾ, ਵਾੜ ਦੇਣਾ, ਬਦਲਾ ਲੈਣਾ। ਦਰਵਾਜ਼ਾ ਭੇੜਣਾ, ਕੁਰਬਾਨ ਜਾਣਾ, ਨਿਛਾਵਰ ਕਰਨਾ, (ਵਾਰਨਾ) ਬਾਰ ਬਾਰ, ਕਈ ਤੇ ਕਿੰਨੀ ਵਾਰੀ, ਦਿਨ ਸੋਮਵਾਰ, ਮੰਗਲਵਾਰ ਆਦਿ।[6]

ਭਾਈ ਕਾਹਨ ਸਿੰਘ ਨਾਭਾ '*ਮਹਾਨ ਕੋਸ਼*' ਵਿਚ ਵਾਰ ਸ਼ਬਦ ਦੀ ਪਰਿਭਾਸ਼ਾ ਇਸ ਤਰ੍ਹਾਂ ਲਿਖਦੇ ਹਨ। ਵਾਰ ਸ਼ਬਦ ਦੀ ਵਿਉਂਤਪਤੀ ਵਿਰ ਧਾਤੂ ਤੋਂ ਹੋਈ ਹੈ। ਉਨ੍ਹਾਂ ਨੇ '*ਮਹਾਨ ਕੋਸ਼*' ਵਿਚ ਵਾਰ ਦੇ ਇਕੱਤੀ ਅਰਥ ਦੱਸੇ ਹਨ ਜਿਨ੍ਹਾਂ ਵਿਚੋਂ ਪ੍ਰਮੁੱਖ ਇਸ ਤਰ੍ਹਾਂ ਹਨ:

> "ਘੇਰਾ, ਯੁਧ ਸੰਬੰਧੀ ਕਾਵਿ, ਉਹ ਰਚਨਾ ਜਿਸ ਵਿਚ ਸੂਰਬੀਰਤਾ ਦਾ ਵਰਨਣ ਕੀਤਾ ਗਿਆ ਹੋਵੇ, ਅੰਤ, ਓੜਕ, ਵਾੜ ਕਰਨਾ, ਉਹਲਾ, ਕਿਨਾਰਾ, ਇਕ ਜਗਤ, ਰੋਹੀ ਜੰਗਲ, ਪ੍ਰਹਾਰ ਅਵਸਰ, ਵਾਰੀ, ਕ੍ਰਮ, ਦੁਆਰ, ਦਰਵਾਜ਼ਾ, ਸਮੂਹ ਸਮੁਦਾਇ" ਵਾਰ ਦੇ ਅਰਥ ਹਨ ਹੱਲਾ ਕਰਨਾ, ਧਾਵਾ ਬੋਲਣਾ, ਪਿੱਛੇ ਧਕਣਾ ਪਰੇ ਹਟਾਉਣਾ ਆਦਿ।[7]

ਪਾਕਿਸਤਾਨ ਦੇ ਪ੍ਰਸਿੱਧ ਖੋਜੀ ਅਹਿਮਦ ਸਲੀਮ 'ਲੋਕਵਾਰਾਂ' ਵਿਚ ਵਾਰ ਦੀ ਪਰਿਭਾਸ਼ਾ ਇਸ ਪ੍ਰਕਾਰ ਕਰਦਾ ਹੈ:

> ਜੰਗੀ ਘਟਨਾਵਾਂ ਦੇ ਮਜ਼ਮੂਨ ਨੂੰ ਬਿਆਨ ਕਰਨਾ ਵਾਰ ਹੈ।[8]

ਡਾਕਟਰ ਰਤਨ ਸਿੰਘ ਜੱਗੀ ਵਾਰ ਨੂੰ ਵਾਰਤਾ ਦਾ ਨਾਂ ਦਿੰਦੇ ਹੋਏ ਲਿਖਦੇ ਹਨ:

> ਉਹ ਵਾਰਤਾ ਜੋ ਆਪਣੇ ਆਪ ਵਿਚ ਕਿਸੇ ਹੱਲੇਯਾਂ ਦੀ ਟੱਕਰ ਦਾ ਜ਼ਿਕਰ ਰੱਖਦੀ ਹੋਵੇ ਅਤੇ ਪਾਠਕਾਂ ਜਾਂ ਸਰੋਤਿਆਂ ਨੂੰ ਉਤਸ਼ਾਹਿਤ ਕਰੇ, ਪੰਜਾਬੀ ਕਾਵਿ ਰੂਪ ਵਾਰ ਹੈ। ਟੱਕਰ ਦੋ ਤਰ੍ਹਾਂ ਦੀ ਹੋ ਸਕਦੀ ਹੈ ਸੂਖਮ ਤੇ ਸਥੂਲ। ਸੂਖਮ ਦਾ ਸੰਬੰਧ ਅਧਿਆਤਮਕ ਵਾਰਾਂ ਨਾਲ

> ਪਰ ਇਸਦੇ ਉਲਟ ਸਥੂਲ ਦਾ ਸਬੰਧ ਜੰਗੀ ਵਾਰਾਂ ਨਾਲ ਭਾਵ ਬੀਰ-ਰਸੀ ਵਾਰਾਂ ਨਾਲ ਹੈ। ਅਧਿਆਤਮਕ ਵਾਰਾਂ ਵਿਚ ਸੂਖਮ ਭਾਵਨਾਵਾਂ ਦੀ ਟੱਕਰ ਦਾ ਜ਼ਿਕਰ ਕੀਤਾ ਹੋਇਆ ਮਿਲਦਾ ਹੈ।[9]

ਡਾ. ਧਰਮਪਾਲ ਸਿੰਗਲ ਵਾਰਾਂ ਬਾਰੇ ਵਿਚਾਰ ਕਰਦਿਆਂ ਕਹਿੰਦੇ ਹਨ:

> ਜਿਸ ਕਾਵਿ ਵਿਚ ਕਿਸੇ ਹਮਲੇ ਦਾ ਵਰਣਨ ਹੋਵੇ, ਕਿਸੇ ਯੁੱਧ ਦਾ ਦ੍ਰਿਸ਼ ਪ੍ਰਸਤੁਤ ਹੋਵੇ, ਜੰਗ ਵਿਚ ਲੜਦੇ ਨਾਇਕ ਦੀ ਉਸਤਤੀ ਹੋਵੇ, ਉਹ ਕਾਵਿ ਰਚਨਾ ਸਿਰਖੰਡੀ ਛੰਦ ਅਤੇ ਪਉੜੀ ਵਿਚ ਲਿਖੀ ਗਈ ਹੋਵੇ, ਸਾਹਿਤ ਦਾ ਵਾਰ ਕਾਵਿ ਰੂਪ ਹੁੰਦੀ ਹੈ।[10]

ਡਾ. ਮਹਿੰਦਰ ਕੌਰ ਗਿੱਲ ਦੇ ਅਨੁਸਾਰ:

> ਵਾਰ ਕਾਵਿ ਰੂਪ ਹਮੇਸ਼ਾਂ ਦੁਪੱਖਾ ਹੁੰਦਾ ਹੈ, ਭਾਵੇਂ ਬੀਰ-ਰਸੀ ਵਾਰ ਹੋਵੇ ਜਾਂ ਅਧਿਆਤਮਕ, ਇਸ ਕਾਵਿ ਰੂਪ ਦੀ ਤੋਰ ਦੂਜੇ ਪੱਖ ਤੋਂ ਬਿਨਾਂ ਚਲਦੀ ਹੀ ਨਹੀਂ, ਅਸੰਭਵ ਵੀ ਹੈ। ਦੋਹਾਂ ਪੱਖਾਂ ਨੂੰ ਆਹਮੋ-ਸਾਹਮਣੇ ਖੜਾ ਕਰਨ ਵਿਚ ਟੱਕਰ ਜਾਂ ਸੰਘਰਸ਼ ਦੀ ਪ੍ਰਬਲਤਾ ਦਾ ਵਿਸ਼ੇਸ਼ ਹੱਥ ਹੈ, ਮਹਾਨ ਕਾਰਜ ਦੀ ਟੱਕਰ ਬਲਵਾਨ ਹੋਵੇਗੀ ਅਤੇ ਇਕਾਗਰ ਭਰਪੂਰ ਪ੍ਰਭਾਵ ਪਾਵੇਗੀ। ਅਧਿਆਤਮਕ ਵਾਰਾਂ ਅਸੂਲ ਟੱਕਰ ਅਤੇ ਦੁਵੱਲੇ ਤਣਾਉ ਦੀਆਂ ਧਾਰਨੀ ਹਨ।[11]

ਪ੍ਰਸਿੱਧ ਵਿਦਵਾਨ ਸ਼ਮਸ਼ੇਰ ਸਿੰਘ ਅਸ਼ੋਕ ਨੇ '*ਜੰਗਨਾਮੇ ਤੇ ਵਾਰਾਂ*' ਵਿਚ ਵਾਰ ਨੂੰ ਪੁਰਾਤਨ ਜੰਗੀ ਗੀਤ ਆਖਿਆ ਹੈ।[12]

ਪ੍ਰੋ. ਕਿਰਪਾਲ ਸਿੰਘ ਕਸੇਲ ਦੇ ਅਨੁਸਾਰ:

> ਵਾਰ ਦਰਮਿਆਨੇ ਅਕਾਰ ਦੀ ਬੀਰ-ਰਸੀ ਰਚਨਾ ਹੁੰਦੀ ਹੈ। ਜਿਸਦਾ ਪ੍ਰਧਾਨ ਰੂਪ ਪਾਉੜੀਆਂ ਦਾ ਹੁੰਦਾ ਹੈ ਅਤੇ ਕਦੇ ਨਿਸ਼ਾਨੀ ਹੁੰਦਾ ਹੈ।

> ਵਾਰ ਵਿਚ ਠੇਠ ਤੇ ਟਕਸਾਲੀ ਪਰ ਓਜ ਗੁਣ ਪ੍ਰਧਾਨ ਬੋਲੀ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਵਿਚ ਖਰਵੇ ਤੇ ਦੀਰਘ ਵਿਅੰਜਨ ਭਾਵ ੜ, ਢ, ਘ, ੜ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਾਰ ਦਾ ਉਦੇਸ਼ ਯੁਧ ਵਰਨਣ ਕਰਨਾ ਅਤੇ ਜੱਸ ਭਰੀ ਬੀਰਤਾ ਦੀ ਉਪਮਾ ਕਰਕੇ ਲੋਕਾਂ ਵਿਚ ਬੀਰ-ਰਸੀ ਭਾਵਨਾ ਨੂੰ ਪ੍ਰਚੰਡ ਕਰਨਾ ਹੈ। ਵਾਰ ਦੀ ਗਾਇਨ ਸ਼ੈਲੀ ਵੀ ਨਿਸ਼ਚਿਤ ਹੈ, ਵਧੇਰੇ ਕਰਕੇ ਢਾਡੀ ਇਸ ਨੂੰ ਢੱਡਾਂ ਜਾਂ ਸਾਰੰਗੀ ਉਤੇ ਗਾਉਂਦੇ ਹਨ।[13]

ਵਾਰ ਕਵਿਤਾ ਦਾ ਬਾਹਰਮੁਖੀ ਰੂਪ ਹੈ ਪ੍ਰੰਤੂ ਅਧਿਆਤਮਕ ਵਾਰ ਅੰਤਰ ਮੁਖੀ ਹੁੰਦੀ ਹੈ। ਇਸ ਵਿਚ ਪਰਮਾਤਮਾ ਨੂੰ ਨਾਇਕ ਮੰਨ ਕੇ ਉਸ ਦਾ ਜੱਸ ਗਾਇਨ ਕੀਤਾ ਜਾਂਦਾ ਹੈ। ਨੇਕੀ ਤੇ ਬਦੀ ਦੀ ਭਾਵ ਚੰਗਿਆਈ ਅਤੇ ਬੁਰਾਈ ਦੀ ਟੱਕਰ ਹੁੰਦੀ ਹੈ।

ਪ੍ਰਿੰ. ਤੇਜਾ ਸਿੰਘ ਦੇ ਅਨੁਸਾਰः

> ਪੰਜਾਬੀ ਵਾਰ ਰਚਨਾ ਦੇ ਗੁਣ ਦੇ ਲਿਹਾਜ਼ ਨਾਲ ਬਹੁਤ ਸਾਰੇ ਯੂਨਾਨੀਆਂ ਦੇ ਉਘੇ ਗੀਤ ਓਡ ਨਾਲ ਮਿਲਦੀ ਜੁਲਦੀ ਹੈ। ਵਾਰ ਵਿਚ ਓਡ ਵਾਂਗ ਕਿਸੇ ਯੋਧੇ ਦਾ ਜੱਸ ਹੁੰਦਾ ਹੈ। ਇਸ ਵਿਚ ਵਿਚਾਰ ਜਾਂ ਦਲੀਲਬਾਜ਼ੀ ਦੀ ਜਗਾ ਬਿਆਨ ਹੁੰਦਾ ਹੈ, ਜੋਸ਼ ਦੁਆਉਣ ਵਾਲਾ ਹੁੰਦਾ ਹੈ।[14]

ਪੰਜਾਬੀ ਵਾਰ ਸਾਹਿਤ ਵਿਚ ਵਾਰ ਤੋਂ ਭਾਵ ਲੰਮੇਰੀ ਕਵਿਤਾ ਹੈ, ਜਿਹੜੀ ਕਿਸੇ ਇਤਿਹਾਸਿਕ ਵਿਅਕਤੀ ਦੇ ਚਰਿਤਰ ਨਾਲ ਜੁੜੀ ਹੋਵੇ। ਇਹ ਉਸ ਦੇ ਬਹਾਦਰੀ ਦੇ ਕਾਰਨਾਮਿਆਂ ਨੂੰ ਦੁਹਰਾਉਂਦੀ ਹੈ। ਡਾਕਟਰ ਵਣਜਾਰਾ ਬੇਦੀ ਵਾਰ ਕਾਵਿ ਨੂੰ ਲੋਕ-ਕਾਵਿ ਦੇ ਅੰਤਰਗਤ ਰੱਖਦਾ ਹੈ। ਉਸ ਅਨੁਸਾਰः

> ਪੰਜਾਬੀ ਮਾਵਾਂ ਆਪਣੇ ਬੱਚਿਆਂ ਦੇ ਵਾਰਨੇ ਕਰਦੀਆਂ ਅਤੇ ਉਨ੍ਹਾਂ ਦੀ ਸੁਖ ਮੰਗਦੀਆਂ, ਉਨ੍ਹਾਂ ਦੀਆਂ ਬਲਾਵਾਂ ਆਪਣੇ ਸਿਰ ਲੈਂਦੀਆਂ

> ਅਤੇ ਯੁਧ ਨੂੰ ਜਾਂਦੇ ਹੋਏ ਪੁਤਰ ਜਾਂ ਭਰਾ ਨੂੰ ਕੋਈ ਸੰਕਟ ਪੇਸ਼ ਨਾ ਆਵੇ ਇਸ ਵਾਸਤੇ ਉਹ ਅਜਿਹੇ ਗੀਤ ਗਾਉਂਦੀਆਂ ਹਨ। ਗੀਤ ਜਾਂ ਕਰਮ ਕਾਂਡ ਨਾਲ ਜੁੜੇ ਅਜਿਹੇ ਗੀਤਾਂ ਨੇ ਹੀ ਵਿਕਾਸ ਕਰਕੇ ਵਾਰ ਦਾ ਰੂਪ ਧਾਰਨ ਕੀਤਾ।[15]

ਪ੍ਰਿੰ. ਐਸ. ਐਸ. ਅਮੋਲ ਦਾ ਵਿਚਾਰ ਹੈ:

> ਵਾਰ ਭਾਵੇਂ ਇਕ ਬੀਰ-ਰਸੀ ਕਵਿਤਾ ਕਹੀ ਜਾਂਦੀ ਹੈ, ਪਰ ਇਸ ਬੀਰ ਰਸ ਦਾ ਸਰੀਰਕ ਜੰਗਾਂ ਯੁਧਾਂ ਦੇ ਸੰਬੰਧ ਵਿਚ ਆਉਣਾ ਜ਼ਰੂਰੀ ਨਹੀਂ। ਮਾਨਸਿਕ ਜਾਂ ਆਤਮਕ ਯੁਧ ਦੇ ਸੰਬੰਧ ਵਿਚ ਭੀ ਬੀਰ-ਰਸ ਦਾ ਪ੍ਰਗਟਾ ਹੋ ਸਕਦਾ ਹੈ। ਦਰ-ਅਸਲ ਬਾਹਰਮੁੱਖੀ ਤੇ ਅੰਤਰਮੁਖੀ ਦੋਹਾਂ ਕਿਸਮਾਂ ਦੀਆਂ ਵਾਰਾਂ ਦਾ ਸਾਂਝਾ ਤੱਤ ਕਿਸੇ ਆਦਰਸ਼ ਸੱਚ ਨਿਆਂ, ਸੁਤੰਤਰਤਾ, ਅਣਖ, ਪਵਿਤਰਤਾ ਆਦਿ ਲਈ ਉਤਸ਼ਾਹ ਦੇ ਭਾਵਾਂ ਦਾ ਮੌਜੂਦ ਹੋਣਾ ਹੈ। ਨਾਇਕ ਵਿਚ ਆਦਰਸ਼ ਲਈ ਉਤਸ਼ਾਹ ਮੌਜੂਦ ਹੈ, ਤਾਂ ਹੀ ਉਹ ਇਸ ਉਤਸ਼ਾਹ ਨਾਲ ਭਰਕੇ ਵਿਰੋਧੀ ਸ਼ਕਤੀਆਂ ਨਾਲ ਟੱਕਰ ਲੈਂਦਾ ਹੈ।[16]

ਵਾਰ ਕਾਵਿ ਦੇ ਰੂਪਾਕਾਰ ਅਤੇ ਬੋਲੀ ਸੰਬੰਧੀ ਪੰਜਾਬੀ ਸਾਹਿਤ ਵਿਚ ਵਿਭਿੰਨ ਵਿਦਵਾਨਾਂ ਨੇ ਆਪੋ ਆਪਣੇ ਵਿਚਾਰਾਂ ਦਾ ਨਿਰੂਪਣ ਕੀਤਾ ਹੈ। ਵਾਰ ਦੀ ਬੋਲੀ ਬਾਰੇ ਗਿਆਨੀ ਲਾਲ ਸਿੰਘ ਜੀ ਲਿਖਦੇ ਹਨ:

> ਵਾਰਾਂ ਦੀ ਬੋਲੀ ਵਿਚ ਸੱਜਰਾਪਣ ਅਤੇ ਨਰੋਆਪਨ ਹੁੰਦਾ ਹੈ। ਵਾਰ ਲੇਖਕ ਰਾਗ ਅਤੇ ਲੈਅ ਦਾ ਵਾਯੂਮੰਡਲ ਬਣਾਉਣ ਲਈ ਛਣਕਦੇ ਸ਼ਬਦਾਂ ਦੀ ਵਰਤੋਂ ਨੂੰ ਤਰਜ਼ੀਹ ਦਿੰਦਾ ਹੈ। ਸ਼ਬਦਾਂ ਦੀ ਬੀੜਨ ਕਲਾ ਤੋਂ ਜਾਣੂ ਹੋਣਾ ਅਤੇ ਸ਼ਬਦ ਭੰਡਾਰ ਦੀ ਬਹੁਲਤਾ ਰੱਖਣੀ ਵਾਰ

> ਲੇਖਕ ਲਈ ਅਤਿ ਆਵਸ਼ਕ ਹੈ। ਵਾਰ ਵਿਚ ਬਹੁਤ ਸਾਰੇ ਸ਼ਬਦ ਕੇਵਲ ਪੂਰਤੀ ਲਈ ਹੀ ਘੜੇ ਜਾਂਦੇ ਹਨ ਜਿਵੇਂ ਸੱਤੇ ਤੇ ਬਲਵੰਡ ਦੀ ਵਾਰ ਵਿਚ ਰਿੜਕਿਓਸ, ਚਿਲਕਿਉਸ ਆਦਿ ਸ਼ਬਦਾਂ ਦੀ ਵਰਤੋਂ ਲੋੜੀਂਦਾ ਵਾਯੂਮੰਡਲ ਪੈਦਾ ਕਰਨ ਲਈ ਕੀਤੀ ਗਈ ਹੈ। ਇਸੇ ਲਈ ਨਿਰਾਰਥਕ ਕਈ ਸ਼ਬਦ ਕਾੜ ਕਾੜ ਤਾੜ, ਫਾੜ, ਫਾੜ ਆਦਿ ਰੰਗ ਬਣਾਉਣ ਲਈ ਵਰਤੇ ਜਾਂਦੇ ਹਨ।[17]

ਯੁਧ ਵਾਲੀਆਂ ਵਾਰਾਂ ਤੋਂ ਛੁਟ, ਜੱਸ ਵਾਲੀਆਂ ਅਨੇਕਾਂ ਵਾਰਾਂ ਵੀ ਪੰਜਾਬੀ ਸਾਹਿਤ ਦੇ ਭੰਡਾਰੇ ਵਿਚ ਮਿਲਦੀਆਂ ਹਨ। ਗੁਰੂ ਸਾਹਿਬਾਨਾਂ ਦੀਆਂ ਵਾਰਾਂ ਅਧਿਆਤਮਕ ਅਤੇ ਵਿਚਾਰਮਈ ਹਨ। ਭਾਈ ਗੁਰਦਾਸ ਦੀਆਂ ਵਾਰਾਂ, ਗੁਰਮਤਿ ਸਿਧਾਂਤਾਂ, ਗੁਣਾਂ, ਆਚਰਣ ਤੇ ਜੁਗਤੀਆਂ ਦੀ ਪ੍ਰਸੰਸਾ ਵਿਚ ਲਿਖੀਆਂ ਗਈਆਂ ਹਨ। ਪੰਜਾਬੀ ਵਾਰਾਂ ਦਾ ਇਹ ਗੁਣ ਰਾਜਸਥਾਨੀ ਤੇ ਪੰਜਾਬੀ ਵਾਰਾਂ ਨੂੰ ਇਕ ਦੂਜੇ ਨਾਲੋਂ ਨਿਖੇੜਦਾ ਹੈ। ਜੰਗ ਤੋਂ ਇਲਾਵਾ ਵੀ ਵਿਚਾਰਮਈ ਤੇ ਉਚੇਰੀਆਂ ਦਾਰਸ਼ਨਿਕ ਵਸਤੂਆਂ ਦੇ ਬਿਆਨ ਲਈ ਵਰਤਣਾ ਸਿਰਫ਼ ਪੰਜਾਬੀ ਦੀਆਂ ਵਾਰਾਂ ਦੇ ਹਿੱਸੇ ਵਿਚ ਹੀ ਆਇਆ ਹੈ।

ਉਪਰੋਕਤ ਵਿਚਾਰ ਉਪਰੰਤ ਵਾਰ ਦੀ ਪਰਿਭਾਸ਼ਾ ਇਸ ਤਰ੍ਹਾਂ ਵੀ ਕੀਤੀ ਜਾ ਸਕਦੀ ਹੈ; ਵਾਰ ਇਕ ਅਜਿਹਾ ਕਾਵਿ ਰੂਪ ਹੈ ਜਿਸ ਵਿਚ ਕਿਸੇ ਯੁੱਧ (ਇਤਿਹਾਸਿਕ, ਮਿਥਿਹਾਸਿਕ, ਅਧਿਆਤਮਕ ਟੱਕਰ) ਦਾ ਵਰਣਨ ਹੋਵੇ। ਇਸ ਟੱਕਰ ਵਿਚ ਉਸਾਰੂ ਸ਼ਕਤੀ ਦੀ ਨਿਆਂ ਪੂਰਵਕ ਅਤੇ ਸਚਾਈ ਹਿੱਤ ਲੜੇ ਘੋਲ ਵਿਚ ਜਿੱਤ ਹੋਵੇ ਤੇ ਪਿਛਾਂਹ ਖਿੱਚੂ ਤਾਕਤਾਂ ਦੀ ਹਾਰ ਹੋਵੇ। ਅਜਿਹੀ ਟੱਕਰ ਦੇ ਕਾਵਿ ਪ੍ਰਗਟਾਅ ਨੂੰ ਵਾਰ ਕਿਹਾ ਜਾ ਸਕਦਾ ਹੈ। ਇਹ ਕਾਵਿ-ਰੂਪ ਛੰਦਾਬੰਦੀ, ਪ੍ਰਧਾਨ ਸਿਰਖੰਡੀ ਤੇ ਪਉੜੀ ਰਚਨਾ ਹੁੰਦੀ ਹੈ ਤੇ ਸਰੋਤਿਆਂ ਵਿਚ ਉਤਸ਼ਾਹ ਜਾਂ ਬੀਰ-ਰਸ ਪੈਦਾ ਕਰਦੀ ਹੈ।

**(ਅ) ਵਾਰ ਇਕ ਕਾਵਿ ਰੂਪ ਵਜੋਂ:**

ਜਿਥੇ ਵਾਰ ਦਾ ਵਿਸ਼ਾ-ਵਸਤੂ ਜੁੱਧ-ਕਥਾ ਤੇ ਨਾਇਕਾਂ ਦਾ ਜੱਸ ਹੁੰਦਾ ਹੈ, ਉਥੇ ਇਸਦਾ ਅਸਲ ਵਿਚ ਆਮ ਪ੍ਰਚਲਤ ਰੂਪ ਪਉੜੀ ਹੈ। ਜੇਕਰ ਜੁੱਧ ਕਥਾ ਜਾਂ ਨਾਇਕ ਦਾ ਜਸ ਵਰਨਣ ਵਾਰ

ਦੀ ਰੂਹ ਹੈ ਤਾਂ ਪਉੜੀ ਇਸ ਦਾ ਸਰੀਰ ਹੈ। ਪਉੜੀ ਇਕ ਅਜਿਹਾ ਛੰਦ ਹੈ ਜਿਸ ਦੇ ਗਾਉਣ ਨਾਲ ਇਕ ਅਜਿਹੀ ਘੂਕਰ ਤੇ ਗੂੰਜ ਜਾਂ ਖੜਾਕਾਰ ਉਤਪੰਨ ਹੁੰਦੀ ਹੈ ਕਿ ਮਨੁੱਖ ਦੇ ਅੰਦਰ ਸੁਤੇ ਸਿੱਧ ਹੀ ਬੀਰ ਰਸ ਜਾਗ ਪੈਂਦਾ ਹੈ, ਡੌਲੇ ਫਰਕਦੇ ਹਨ ਅਤੇ ਲਹੂ ਜੋਸ਼ ਵਿਚ ਉਬਾਲੇ ਖਾਣ ਲਗ ਪੈਂਦਾ ਹੈ। ਇਸ 'ਪਉੜੀ' ਛੰਦ ਵਿਚ ਕੋਈ ਅਜਿਹੀ ਅਸਧਾਰਣ ਵਿਸ਼ੇਸ਼ਤਾ ਹੈ ਕਿ ਇਸ ਵਿਚ ਹਰੇਕ ਵਿਸ਼ਾ, ਇਥੋਂ ਤੱਕ ਕਿ ਅਧਿਆਤਮਕ ਵਸਤੂ ਵੀ ਬੀਰ-ਰਸੀ ਪ੍ਰਕਾਸ਼ ਦੇਣ ਲਗ ਪੈਂਦੀ ਹੈ। ਅਸਲ ਵਿਚ ਵਾਰਾਂ ਕੇਵਲ ਪਉੜੀਆਂ ਵਿਚ ਹੀ ਰਚੀਆਂ ਜਾਂਦੀਆਂ ਸਨ। ਗੁਰੂ ਗ੍ਰੰਥ ਸਾਹਿਬ ਵਿਚ 'ਸੱਤੇ ਬਲਵੰਡ ਦੀ ਵਾਰ' ਇਸ ਦੀ ਉਦਾਹਰਣ ਹੈ। ਭਾਈ ਗੁਰਦਾਸ ਦੀਆ ਵਾਰਾਂ, ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਚੰਡੀ ਦੀ ਵਾਰ' ਵਿਚ ਵੀ ਕੋਈ ਸਲੋਕ ਨਹੀਂ। ਇਉਂ ਜਾਪਦਾ ਹੈ ਕਿ ਢਾਡੀ ਲੋਕ, ਪ੍ਰਸੰਗ ਨੂੰ ਕੋਈ ਨਵੀਂ ਤਰਜ਼ ਦੇਣ ਲਈ ਪਉੜੀਆਂ ਦੇ ਨਾਲ 'ਸਲੋਕ' ਵੀ ਗਾਉਣ ਲਗ ਪਏ ਜੋ ਸੰਬੰਧਿਤ ਵਿਸ਼ੇ ਨੂੰ ਸਪਸ਼ਟ ਕਰਨ ਜਾਂ ਉਸਦਾ ਵੇਰਵਾ ਦਸਣ ਲਈ ਹੁੰਦੇ ਸਨ। ਅਜਿਹੀ ਪਰੰਪਰਾ ਤਹਿਤ ਹੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਅਤੇ ਸੰਪਾਦਨਾ ਵੇਲੇ ਵਾਰਾਂ ਦੀਆਂ ਪਉੜੀਆਂ ਨਾਲ ਸਲੋਕ ਵੀ ਰੱਖ ਦਿੱਤੇ ਤਾਂ ਜੋ ਰਾਗੀ ਤੇ ਢਾਡੀ ਆਪਣੀ ਮਰਜੀ ਨਾਲ ਨਵੇਂ ਸਲੋਕ ਨਾ ਜੋੜੀ ਜਾਣ।

ਵਾਰ ਇਕ ਖਾਸ ਤਰ੍ਹਾਂ ਦਾ ਛੰਦ ਹੁੰਦਾ ਹੈ ਜੋ ਪਾਉੜੀਆਂ ਦੇ ਨਾਂ ਨਾਲ ਪ੍ਰਸਿੱਧ ਹੈ ਜਿਸ ਨੂੰ ਢਾਡੀ ਲੋਕ ਟੱਪੇ, ਦੋਹੜੇ ਲਾ ਕੇ ਗਾਇਆ ਕਰਦੇ ਸਨ। ਭਾਰਤੀ ਸਾਹਿਤ ਵਿਚ ਵੀ ਵਾਰ ਕਾਵਿ ਦਾ ਜ਼ਿਕਰ ਹੈ। ਜਿਸ ਨੂੰ ਵੀਰ ਕਾਵਿਯ ਕਿਹਾ ਗਿਆ ਹੈ। ਰੂਪ ਰਚਨਾ ਦੇ ਪੱਖ ਤੋਂ ਵਾਰ ਰੂਪਾਕਾਰ ਕਿਸੇ ਯੁਧ ਦੇ ਕਥਾਨਕ ਦੁਆਰਾ ਕੇਂਦਰ ਹੁੰਦਾ ਹੈ। ਇਸ ਲਈ ਇਸ ਰੂਪਾਕਾਰ ਦੀਆਂ ਰਚਨਾ ਰੂੜੀਆਂ, ਕਵਿਤਾ ਅਤੇ ਬਿਰਤਾਂਤ ਦੋਹਾਂ ਵਿਧੀਆਂ ਨਾਲ ਸੰਬੰਧਤ ਹੁੰਦੀਆਂ ਹਨ। ਵਾਰ ਦਾ ਵਸਤੂ ਵਿਧਾਨ ਦੋ ਧਿਰਾਂ ਦੀ ਟੱਕਰ ਦੁਆਰਾ ਯੁਧ ਚਿੱਤਰਣ ਦਾ ਹੈ।

ਵਾਰ ਨਿਸ਼ਾਨੀ ਛੰਦ ਅਤੇ ਸਿਰਖੰਡੀ ਛੰਦ ਵਿਚ ਰਚੀ ਬੀਰ ਰਸ ਪ੍ਰਧਾਨ ਕਾਵਿ ਰੂਪ ਹੈ ਜਿਸ ਵਿਚ ਅਲੰਕਾਰਕ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ। ਵਾਰ ਪਾਉੜੀਆਂ ਵਿਚ ਉਸਾਰੀ ਜਾਂਦੀ ਹੈ

ਜਿਸ ਵਿਚ ਦੁਹਰਾਉ ਤੇ ਲੈਅ ਪ੍ਰਧਾਨ ਹਨ। ਵਾਰ ਵਿਚ ਟੱਕਰ ਸੂਖਮ ਤੇ ਸਥੂਲ ਦੋਹਾਂ ਰੂਪਾਂ ਵਿਚ ਹੋ ਸਕਦੀ ਹੈ। ਜੰਗੀ ਵਾਰਾਂ ਦੀ ਟੱਕਰ ਸਥੂਲ ਹੁੰਦੀ ਹੈ ਅਤੇ ਅਧਿਆਤਮਕ ਵਾਰਾਂ ਦੀ ਟੱਕਰ ਸੂਖਮ ਹੁੰਦੀ ਹੈ।

ਵਾਰ ਦੇ ਆਰੰਭ ਵਿਚ ਕਵੀ ਆਪਣੇ ਗੁਰੂ-ਇਸ਼ਟ ਜਾਂ ਪ੍ਰਮਾਤਮਾ ਦੀ ਉਸਤਤ ਕਰਦਾ ਹੈ ਜਿਸ ਨੂੰ 'ਮੰਗਲਾਚਰਣ' ਕਹਿੰਦੇ ਹਨ। ਵਾਰ ਨੂੰ ਕਾਰਜ-ਕਾਰਣ (cause & affect) ਦੇ ਪ੍ਰਸੰਗ ਰਾਹੀਂ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਜਿਸ ਤਹਿਤ ਵਾਰ ਨੂੰ ਤਿੰਨਾਂ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਨੂੰ ਸ਼ੰਕਾ ਪੱਖ ਕਹਿ ਸਕਦੇ ਹਾਂ ਤੇ ਦੂਸਰੇ ਪੱਖ ਨੂੰ ਸੰਘਰਸ਼ ਪੱਖ ਹੈ ਜਿਸ ਵਿਚ ਦੋਹਾਂ ਵਿਰੋਧੀ ਪੱਖਾਂ ਦੀ ਪਰਸਪਰ ਟੱਕਰ ਦਾ ਵਿਸਥਾਰ ਸਹਿਤ ਚਿਤਰਣ ਹੁੰਦਾ ਹੈ। ਤੀਜਾ ਕਾਰਜ (effect) ਜਾਂ ਸਮਾਧਾਨ ਪੱਖ ਹੈ, ਜਿਸ ਵਿਚ ਸੰਘਰਸ਼ ਦੇ ਸਿੱਟਿਆਂ ਦਾ ਵਰਨਣ ਹੁੰਦਾ ਹੈ। ਜਿੱਤੇ ਅਤੇ ਹਾਰੇ ਪੱਖਾਂ ਦਾ ਵਿਸ਼ਲੇਸ਼ਣ ਵੀ ਇਸੇ ਹਿੱਸੇ ਵਿਚ ਆਉਂਦਾ ਹੈ। ਇਸ ਤੋਂ ਬਾਅਦ ਸਾਰੀ ਰਚਨਾ ਦਾ ਆਮ ਤੌਰ ਤੇ ਮਹਾਤਮ ਦੱਸਿਆ ਹੁੰਦਾ ਹੈ। ਟੱਕਰ ਵਾਰ ਦਾ ਮਹੱਤਵਪੂਰਨ ਅੰਗ ਹੈ ਜਿਨ੍ਹਾਂ ਕਾਰਜ ਮਹਾਨ ਹੋਵੇਗਾ ਉਤਨੀ ਹੀ ਤਕੜੀ ਟੱਕਰ ਹੋਵੇਗੀ।

ਵਾਰ ਕਾਵਿ ਰੂਪ ਨਿਰੋਲ ਪੰਜਾਬੀ ਦੀ ਦੇਣ ਹੈ। ਹੋਰ ਕਿਸੇ ਭਾਸ਼ਾ ਦੇ ਸਾਹਿਤ ਵਿਚ ਵਾਰ ਰੂਪਾਕਾਰ ਦੀ ਵਰਤੋਂ ਬਹੁਤ ਘੱਟ ਮਿਲਦੀ ਹੈ। ਵਾਰ ਕਾਵਿ ਉਸ ਨੂੰ ਕਿਹਾ ਜਾਂਦਾ ਹੈ ਜੋ ਉਤਸ਼ਾਹ ਸਹਿਤ ਬਾਹਰਮੁਖੀ ਤੇ ਅੰਤਰਮੁਖੀ ਜਦੋਜਹਿਦ ਜਾਂ ਸੰਘਰਸ਼ ਨੂੰ ਅਜਿਹਾ ਚਿੱਤਰੇ ਕਿ ਪੜ੍ਹਨ ਜਾਂ ਸੁਣਨ ਵਾਲੇ ਪਾਠਕ/ਸਰੋਤਾ ਦੀਆਂ ਨਾੜਾਂ ਦਾ ਠੰਡਾ ਖੂਨ ਉਬਾਲੇ ਮਾਰ ਉਠੇ ਤੇ ਪਾਠਕ ਅੰਦਰ ਇਕ ਨਵੀਂ ਜਾਗਰਿਤੀ ਦਾ ਸੰਚਾਰ ਹੋਵੇ।

ਮਧਕਾਲੀਨ ਪੰਜਾਬੀ ਸਾਹਿਤ ਦੀ ਪਰੰਪਰਾ ਵਿਚ ਵਾਰ ਕਾਵਿ ਰੂਪ ਇਕ ਮਹੱਤਵਪੂਰਨ ਕਾਵਿ-ਧਾਰਾ ਸਥਾਪਿਤ ਹੁੰਦੀ ਹੈ ਅਤੇ ਇਸ ਕਾਵਿ-ਰੂਪ ਦਾ ਪ੍ਰਭਾਵ ਆਪਣੇ ਯੁਗ ਦੀਆਂ ਦੂਜੀਆਂ ਕਾਵਿ-ਧਾਰਾਵਾਂ ਵਿਚ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਵਾਰ ਕਾਵਿ ਰੂਪ ਵਿਚ ਬੀਰਤਾ ਭਰੀ ਗੂੰਜ ਜਿਸ ਸ਼ਿੱਦਤ ਤੇ ਪ੍ਰਚੰਡਤਾ ਨਾਲ ਉਤਪੰਨ ਹੋਈ ਹੈ ਉਹ ਹੋਰ ਕਾਵਿ-ਰੂਪ ਵਿਚ ਮੌਜੂਦ ਨਹੀਂ ਹੈ। ਇਸ

ਕਰਕੇ ਹੀ ਪੰਜਾਬੀ ਦਾ ਵਾਰ-ਕਾਵਿ ਪੰਜਾਬ ਦੀ ਜੁਝਾਰੂ ਆਤਮਾ ਦਾ ਪ੍ਰਤੀਕ ਕਾਵਿ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿਚ ਪੰਜਾਬੀਆਂ ਦੇ ਲਹੂ ਲੁਹਾਣ ਜਨ-ਜੀਵਨ ਦਾ ਵਰਨਣ ਕਲਾਤਮਕ ਪਰਿਪੂਰਣਤਾ ਨਾਲ ਓਤਪੋਤ ਹੋਇਆ ਮਿਲਦਾ ਹੈ। ਵਾਰ ਕਾਵਿ ਰੂਪ ਦਾ ਪ੍ਰਭਾਵ ਬੀਰ-ਰਸੀ ਹੁੰਦਾ ਹੈ। ਇਸ ਵਿਚ ਕਿਸੇ ਯੋਧੇ ਦੀ ਬੀਰਤਾ ਦਾ ਬਿਆਨਾਤਮਕ ਵਾਯੂ ਮੰਡਲ ਤੇ ਨਾਇਕ ਦੀ ਬਹਾਦਰੀ ਦੀ ਪ੍ਰਸ਼ੰਸਾ ਕਰਕੇ ਉਸ ਦੀ ਸ਼ਖ਼ਸੀਅਤ ਨੂੰ ਨਾਟਕੀ ਹੁਨਰ ਰਾਹੀਂ ਉਘਾੜਨਾ ਆਦਿ ਇਸ ਦੇ ਵਿਸ਼ੇਸ਼ ਲੱਛਣ ਹੁੰਦੇ ਹਨ।

ਉਪਰੋਕਤ ਚਰਚਾ ਉਪਰੰਤ ਅਸੀਂ ਕਹਿ ਸਕਦੇ ਹਾਂ 'ਵਾਰ' ਪੰਜਾਬੀ ਸਾਹਿਤ ਦਾ ਇਕ ਪ੍ਰਸਿੱਧ ਕਾਵਿ-ਰੂਪ ਜਾਂ ਕਵਿਤਾ ਦਾ ਭੇਦ ਹੈ, ਜੋ ਨਿਰੋਲ ਪੰਜਾਬੀ ਸਾਹਿਤ ਦਾ ਆਪਣਾ ਤੇ ਖਾਸ ਵਿਸ਼ੇਸ਼ਤਾ ਵਾਲਾ ਹੈ। ਇਸ ਵਿਚ ਪਉੜੀ ਛੰਦ ਦੁਆਰਾ ਕਿਸੇ ਯੁੱਧ-ਕਥਾ ਜਾਂ ਜੰਗੀ-ਵਾਰਤਾ ਦਾ ਵਰਨਣ ਕੀਤਾ ਜਾਂਦਾ ਹੈ ਅਤੇ ਨਾਲ ਹੀ ਕਹਾਣੀ ਦੇ ਨਾਇਕ ਵੀਰ-ਪੁਰਸ਼ ਦੀ ਨਿਡਰਤਾ, ਦਲੇਰੀ, ਸਾਹਸ, ਬਹਾਦਰੀ, ਮਰਦਾਊਪੁਣਾ, ਨੇਕੀ ਤੇ ਹੋਰ ਗੁਣਾਂ ਦੀ ਪਰਸੰਸਾ ਕੀਤੀ ਜਾਂਦੀ ਹੈ। ਪੰਜਾਬੀ ਵਿਚ ਭਾਵੇਂ 'ਵਾਰ' ਸ਼ਬਦ ਦੇ ਕਈ ਅਰਥ ਹਨ ਪਰੰਤੂ ਇਹ ਸਾਰੇ ਅਰਥ ਵਾਰ ਦੇ ਲੱਛਣਾਂ ਨਾਲ ਸੰਬੰਧ ਰੱਖਦੇ ਹਨ ਤੇ ਇਸ ਦੇ ਭਾਵ ਨਾਲ ਢੁਕਦੇ ਹਨ। ਵਾਰ ਦੇ ਮੁੱਖ ਪਾਤਰ ਦਾ ਜਸ, ਬਾਰ ਬਾਰ ਉਸ ਦੇ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਦ੍ਰਿਸ਼ਟਾ ਕੇ ਕੀਤਾ ਜਾਂਦਾ ਹੈ।

### (ੲ) ਪੁਰਾਤਨ ਵਾਰਾਂ, ਮੱਧਕਾਲੀ ਵਾਰਾਂ, ਜੰਗਨਾਮੇ ਤੇ ਢਾਡੀ ਵਾਰਾਂ

**ਪੁਰਾਤਨ ਵਾਰਾਂ: –**

ਵਾਰ ਪੰਜਾਬ ਵਿਚ ਉਦੋਂ ਉਤਪੰਨ ਹੋਈ ਜਦੋਂ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਛੋਟੇ-ਛੋਟੇ ਰਾਜਪੂਤ ਜਾਂ ਹੋਰ ਰਾਜੇ ਰਾਜ ਕਰਦੇ ਸਨ ਅਤੇ ਉਹ ਆਪੋ ਵਿਚ ਲੜਦੇ ਭਿੜਦੇ ਰਹਿੰਦੇ ਸਨ। ਯੁਧ ਕਰਨ ਦੇ ਹੁਨਰ ਅਤੇ ਸੂਰਬੀਰਤਾ ਦੀ ਪ੍ਰਧਾਨਤਾ ਸੀ। ਇਸ ਕਰਕੇ ਵਾਰਾਂ ਰਚਣ ਤੇ ਗਾਉਣ ਦਾ ਰਿਵਾਜ ਬਹੁਤ ਸੀ। ਉਸ ਸਮੇਂ ਜਾਂ ਪ੍ਰਾਚੀਨ ਸਮੇਂ ਵਿਚ ਵਾਰਾਂ ਰਚੀਆਂ ਗਈਆਂ

ਹੋਣਗੀਆਂ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਨੌਂ ਪੁਰਾਣੀਆਂ ਵਾਰਾਂ ਬਾਰੇ ਪਤਾ ਲਗਦਾ ਹੈ।

ਕਿਸੇ ਵੀ ਦੇਸ਼ ਕਾਲ ਦੇ ਸਮਾਜਿਕ, ਆਰਥਿਕ ਤੇ ਰਾਜਸੀ ਹਾਲਾਤ, ਉਸ ਦੇ ਅਨੁਕੂਲ ਰੁਚੀਆਂ ਵਾਲੇ ਕਵੀਆਂ ਅਤੇ ਸਾਹਿਤਕਾਰਾਂ ਨੂੰ ਪੈਦਾ ਕਰਦੇ ਹਨ। ਤਤਕਾਲੀਨ ਰਾਜਸੀ ਅਤੇ ਆਰਥਿਕ ਤਬਦੀਲੀਆਂ ਹਮੇਸ਼ਾਂ ਸਾਹਿਤ ਵਿਚ ਨਵਾਂ ਮੋੜ ਲਿਆਉਂਦੀਆਂ ਹਨ ਅਤੇ ਨਵੀਆਂ ਲੀਹਾਂ ਪਾਉਂਦੀਆਂ ਹਨ। ਮਧਕਾਲ ਵਿਚ ਪੰਜਾਬ ਅਤੇ ਰਾਜਸਥਾਨ ਦੀਆਂ ਵਿਸ਼ੇਸ਼ ਇਤਿਹਾਸਕ ਰਾਜਸੀ, ਆਰਥਿਕ ਤੇ ਸਮਾਜਕ ਪ੍ਰਸਥਿਤੀਆਂ ਨੇ ਇਥੋਂ ਦੇ ਲੋਕਾਂ ਵਿਚ ਸੂਰਮਤਾਈ ਨੂੰ ਜੀਵਨ ਆਦਰਸ਼ ਬਣਾ ਦਿੱਤਾ। ਇਸੇ ਕਰਕੇ ਮਧਕਾਲ ਵਿਚ ਪੰਜਾਬ ਅਤੇ ਰਾਜਸਥਾਨ, ਬੀਰ ਸਾਹਿਤ ਦੀ ਉਪਜ ਦੇ, ਵੱਡੇ ਕੇਂਦਰ ਬਣ ਗਏ ਅਤੇ ਇਨ੍ਹਾਂ ਪ੍ਰਾਂਤਾਂ ਵਿਚ ਇਸ ਸਮੇਂ ਦੌਰਾਨ ਇਹ ਸਾਹਿਤ ਵੱਡੀ ਮਾਤਰਾ ਵਿਚ ਰਚਿਆ ਗਿਆ।

ਲੋਕ ਵਾਰਾਂ ਅਤੇ ਅਧਿਆਤਮਕ ਵਾਰਾਂ ਪੰਜਾਬੀ ਸਾਹਿਤ ਦਾ ਅਮੀਰ ਵਿਰਸਾ ਹਨ। ਇਹਨਾਂ ਲੋਕ ਵਾਰਾਂ ਦੀ ਉਤਪਤੀ ਮਨੁੱਖੀ ਬੀਰਤਾ ਦੇ ਜਜ਼ਬੇ ਦੀ ਰਿਣੀ ਹੈ। ਮਨੁੱਖ ਦਾ ਆਦਿ ਕਾਲ ਤੋਂ ਹੁਣ ਤਕ ਦਾ ਇਤਿਹਾਸ ਬੀਰਤਾ ਭਰਪੂਰ ਕਾਰਨਾਮਿਆਂ ਦੀ ਹੈਰਾਨ ਕਰ ਦੇਣ ਵਾਲੀ ਅਦਭੁਤ ਕਹਾਣੀ ਹੈ। ਵਾਰ ਦੇ ਇਤਿਹਾਸ ਵਿਚ ਲੋਕ ਵਾਰਾਂ ਸਭ ਤੋਂ ਪੁਰਾਤਨ ਹਨ। ਇਨ੍ਹਾਂ ਵਾਰਾਂ ਨੂੰ ਭੱਟ ਜਾਂ ਢਾਡੀ ਪੀੜ੍ਹੀਓ-ਪੀੜ੍ਹੀ ਜ਼ਬਾਨੀ ਯਾਦ ਰੱਖਦੇ ਆਏ ਹਨ। ਪਿਆਰਾ ਸਿੰਘ ਪਦਮ ਅਨੁਸਾਰ:

> ਇਹ ਲੋਕ ਵਾਰਾਂ 72 ਹਨ। ਇਹ ਵਾਰਾਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਅਬਦੁਲ ਅਤੇ ਨੱਥ ਮਲ ਢਾਡੀ ਸਿੱਖਾਂ ਨੂੰ ਉਤਸ਼ਾਹ ਦੇ ਕੇ ਯੋਧੇ ਬਣਾਉਣ ਲਈ ਗਾਇਆ ਕਰਦੇ ਸਨ। ਇਸ ਤੋਂ ਇਹ ਪਤਾ ਚਲਦਾ ਹੈ ਕਿ ਗੁਰੂ ਦਰਬਾਰ ਨਾਲ ਢਾਡੀਆਂ ਦਾ ਸੰਬੰਧ ਇਸੇ ਵੇਲੇ ਤੋਂ ਜੁੜਿਆ ਅਤੇ ਇਹ ਪਰੰਪਰਾ ਅਜੇ ਵੀ ਜਾਰੀ ਹੈ।[18]

ਅੱਜ ਵੀ ਢਾਡੀ, ਸਿੱਖਾਂ ਦੀਆਂ ਬੀਰਤਾ ਭਰੀਆਂ ਕੁਰਬਾਨੀਆਂ ਦੀਆਂ ਵਾਰਾਂ, ਧਾਰਮਿਕ ਦੀਵਾਨਾਂ, ਮੇਲਿਆਂ ਅਤੇ ਇਕੱਠਾਂ ਉਤੇ ਗਾਉਂਦੇ ਹਨ। ਇਹ ਲੋਕ ਵਾਰਾਂ ਜਿਹੜੀਆਂ ਗੁਰੂ

ਹਰਗੋਬਿੰਦ ਜੀ ਦੇ ਦਰਬਾਰ ਵਿਚ ਗਾਈਆਂ ਜਾਂਦੀਆਂ ਰਹੀਆਂ, ਉਨ੍ਹਾਂ ਨੂੰ ਸੰਭਾਲਿਆ ਨਹੀਂ ਗਿਆ। ਸਾਡੇ ਕੋਲ ਸਿਰਫ਼ ਨੌਂ ਵਾਰਾਂ ਦੇ ਨਾਮ ਹੀ ਪਹੁੰਚੇ ਹਨ। ਡਾਕਟਰ ਮੋਹਨ ਸਿੰਘ ਅਨੁਸਾਰ ਇਨ੍ਹਾਂ ਵਾਰਾਂ ਦੇ ਨਾਮ ਇਸ ਪ੍ਰਕਾਰ ਹਨ:

1. ਰਾਏ ਕਮਾਲ ਮਉਜ ਦੀ ਵਾਰ
2. ਸਿਕੰਦਰ ਇਬਰਾਹੀਮ ਦੀ ਵਾਰ
3. ਟੁੰਡੇ ਅਸਰਾਜੇ ਦੀ ਵਾਰ
4. ਲੱਲਾ ਬਹਿਲੀਮਾ ਦੀ ਵਾਰ
5. ਹਸਨੇ ਮਹਿਮੇ ਦੀ ਵਾਰ
6. ਮੂਸੇ ਦੀ ਵਾਰ
7. ਮਲਕ ਮੁਰੀਦ ਦੀ ਵਾਰ ਤਥਾ ਚੰਦ੍ਰਹੜਾ ਸੋਹੀਆ ਦੀ ਵਾਰ
8. ਯੋਧੇ ਵੀਰੇ ਪੂਰਬਾਣੀ ਦੀ ਵਾਰ
9. ਰਾਏ ਕੈਲਾਸ਼ ਤਥਾ ਮਾਲਦਿਉ ਦੀ ਵਾਰ[19]

ਇਨ੍ਹਾਂ ਪੁਰਾਤਨ ਜਾਂ ਮੁਢਲੀਆਂ ਵਾਰਾਂ ਦੇ ਰਚਣਹਾਰਿਆਂ ਬਾਰੇ ਕੁਝ ਵੀ ਪਤਾ ਨਹੀਂ ਲਗਦਾ ਅਤੇ ਨਾ ਹੀ ਇਹ ਸੰਪੂਰਨ ਰੂਪ ਵਿਚ ਉਪਲਬਧ ਹਨ। ਕੁਝ ਖੰਡਿਤ ਬੰਦ ਹੀ ਮਿਲਦੇ ਹਨ। ਇਹ ਵਾਰਾਂ ਬੀਰ-ਰਸ ਨਾਲ ਓਤ-ਪੋਤ ਹਨ। ਇਨ੍ਹਾਂ ਵਿਚੋਂ ਪਹਿਲੀਆਂ ਛੇ ਵਾਰਾਂ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਸੰਭਵ ਹੈ ਕਿ ਇਹ ਮਧਕਾਲ ਦੇ ਮੁਢ ਵਿਚ ਰਚੀਆਂ ਗਾਈਆਂ ਹੋਣਗੀਆਂ। ਪਿਛਲੀਆਂ ਤਿੰਨ ਵਾਰਾਂ ਜ਼ਰੂਰ ਗੁਰੂ ਸਾਹਿਬਾਨ ਦੇ ਸਮੇਂ ਵਿਚ ਲਿਖੀਆਂ ਗਈਆਂ ਹੋਣਗੀਆਂ। ਬਿਨਾਂ ਸ਼ੱਕ ਇਹ ਵਾਰਾਂ ਸੋਲਵੀਂ ਸਦੀ ਵਿਚ ਮਕਬੂਲ ਹੋਣਗੀਆਂ। ਇਨ੍ਹਾਂ ਵਾਰਾਂ ਦੀ ਪ੍ਰਸਿੱਧੀ ਹੀ ਇਨ੍ਹਾਂ ਦੇ ਪੁਰਾਣੇ ਹੋਣ ਬਾਰੇ ਵੱਡਾ ਪਰਿਮਾਣ ਹੈ। ਸ਼ਾਇਦ ਇਸੇ ਮਕਬੂਲੀਅਤ ਕਰਕੇ ਹੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਨੂੰ ਇਨ੍ਹਾਂ ਵਾਰਾਂ ਦੀ ਤਰਜ਼ ਉੱਤੇ ਗਾਉਣ ਦਾ ਆਦੇਸ਼ ਦਿੱਤਾ।

ਇਨ੍ਹਾਂ ਵਾਰਾਂ ਵਿਚ ਤਤਕਾਲੀਨ ਵਾਰਾਂ ਦੇ ਸਰੂਪ, ਤੱਤਾਂ ਅਤੇ ਰੂੜ੍ਹੀਆਂ ਬਾਰੇ ਤਾਂ ਅਨੁਮਾਨ ਲਗਾਏ ਜਾ ਸਕਦੇ ਹਨ ਪਰ ਇਨ੍ਹਾਂ ਤੋਂ ਵਾਰ ਦੀ ਪਰੰਪਰਾ ਦੇ ਵਿਸਥਾਰ ਤੱਕ ਨਹੀਂ ਜਾਇਆ ਜਾ ਸਕਦਾ। ਇਨ੍ਹਾਂ ਪੁਰਾਣੀਆਂ ਵਾਰਾਂ ਤੋਂ ਸਮੁੱਚੇ ਸਮਾਜ ਨੂੰ ਸਮੂਹਿਕ ਪ੍ਰੇਰਣਾ ਨਹੀਂ ਮਿਲਦੀ। ਇਹ ਛੋਟੇ ਛੋਟੇ ਨਵਾਬਾਂ ਰਜਵਾੜਿਆਂ ਦੀ ਤਾਰੀਫ਼ ਵਜੋਂ ਹੀ ਲਿਖੀਆਂ ਜਾਂਦੀਆਂ ਰਹੀਆਂ ਹਨ। ਦੇਸ਼ ਨੂੰ ਸਮੁੱਚੇ ਰੂਪ ਵਿਚ ਜਥੇਬੰਦ ਕਰਕੇ ਵਿਦੇਸ਼ੀਆਂ ਦੀ ਟੱਕਰ ਸਹਿਣ ਅਤੇ ਉਨ੍ਹਾਂ ਨੂੰ ਮੁਲਕੋਂ ਕੱਢਣ ਦਾ ਸਾਹਸ ਇਨ੍ਹਾਂ ਵਿਚੋਂ ਨਹੀਂ ਮਿਲਦਾ ਅਤੇ ਨਾ ਹੀ ਰਚਨਾਕਾਰ ਯੁਧ ਸੰਬੰਧੀ ਸਵੈ-ਅਨੁਭਵ ਰੱਖਦੇ ਲੱਗਦੇ ਹਨ।

ਇਨ੍ਹਾਂ ਵਾਰਾਂ ਦੀ ਵਧੇਰੇ ਮਹੱਤਤਾ ਸਮਾਜਿਕ ਅਤੇ ਰਾਜਨੈਤਿਕ ਹੈ ਕਿਉਂਕਿ ਇਨ੍ਹਾਂ ਵਿਚ ਚਿੱਤਰੇ ਸਮਾਜਿਕ ਅਤੇ ਰਾਜਸੀ ਜੀਵਨ ਤੋਂ ਉਸ ਸਮੇਂ ਦੇ ਸਮਾਜਿਕ ਅਤੇ ਰਾਜਸੀ ਸਥਿਤੀ ਦੇ ਮਹੱਤਵ ਪੂਰਣ ਵੇਰਵੇ ਮਿਲਦੇ ਹਨ। ਇਨ੍ਹਾਂ ਵਿਚ ਦੋ ਸੂਰਮਿਆਂ ਨੂੰ ਲੜਾ ਕੇ ਨਾਇਕ ਵਜੋਂ ਸ਼ੁਭ ਕੰਮਾਂ ਲਈ ਕੀਤੀ ਗਈ ਲੜਾਈ ਅਤੇ ਉਸ ਦੀ ਸੂਰਬੀਰਤਾ ਦਾ ਜੱਸ ਬੀਰ-ਰਸੀ ਸ਼ਬਦਾਵਲੀ ਵਿਚ ਬੜੇ ਸੰਜਮ ਅਤੇ ਸੰਕੋਚ ਪਰ ਸਪਸ਼ਟ ਢੰਗ ਨਾਲ ਕੀਤਾ ਗਿਆ ਹੈ। ਇਨ੍ਹਾਂ ਵਾਰਾਂ ਬਾਰੇ ਦੂਜੇ ਅਧਿਆਇ ਵਿਚ ਵਿਸਥਾਰ ਪੂਰਵਕ ਗੱਲ ਕੀਤੀ ਜਾਵੇਗੀ।

**ਮੱਧਕਾਲੀ ਵਾਰਾਂ** –

ਪੁਰਾਤਨ ਵਾਰਾਂ ਤੋਂ ਮਗਰੋਂ ਪੰਜਾਬੀ ਵਾਰ ਸਾਹਿਤ ਨੂੰ ਸਾਹਿਤਕ ਸਿੱਖਰ ਤੇ ਪਹੁੰਚਾਣ ਦਾ ਕੰਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਈ ਅਧਿਆਤਮਕ ਵਾਰਾਂ ਨੇ ਕੀਤਾ। ਇਨ੍ਹਾਂ ਵਾਰਾਂ ਵਿਚਲੇ ਸੰਦੇਸ਼ ਨੇ ਪੰਜਾਬੀ ਜੀਵਨ ਦਾ ਰੰਗ ਢੰਗ ਬਦਲ ਕੇ ਰੱਖ ਦਿੱਤਾ। ਮਧਕਾਲ ਦੇ ਸਾਹਿਤਕ ਖੇਤਰ ਵਿਚ ਤਿੰਨ ਪ੍ਰਕਾਰ ਦੇ ਸਾਹਿਤਕ ਰੂਪ ਮਿਲਦੇ ਹਨ।

1. ਅਧਿਆਤਮਕ ਵਾਰਾਂ ਦੇ ਰੂਪ ਵਿਚ
2. ਧਾਰਮਿਕ ਵਾਰਾਂ ਦੇ ਰੂਪ ਵਿਚ

3. ਬੀਰ-ਰਸੀ ਵਾਰਾਂ ਦੇ ਰੂਪ ਵਿਚ

1. **ਅਧਿਆਤਮਕ ਵਾਰਾਂ :**

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਸਾਹਿਬਾਨਾਂ ਦੁਆਰਾ ਰਚਿਤ ਬਾਈ ਵਾਰਾਂ ਮਿਲਦੀਆਂ ਹਨ। ਇਨ੍ਹਾਂ ਵਾਰਾਂ ਵਿਚੋਂ ਇੱਕੀ ਵਾਰਾਂ ਅਧਿਆਤਮਕ ਵਿਸ਼ਿਆਂ ਨਾਲ ਸੰਬੰਧਿਤ ਹਨ। ਬਾਈਵੀਂ ਵਾਰ ਸੱਤੇ ਬਲਵੰਡੇ ਨਾਂ ਦੇ ਢਾਡੀਆਂ ਨੇ ਗੁਰੂ ਅਰਜਨ ਜੀ ਦੇ ਦਰਬਾਰ ਵਿਚ ਗਾਈ ਦੱਸੀ ਜਾਂਦੀ ਹੈ। ਇਹ ਵਾਰ ਕੇਵਲ ਅੱਠ ਪਾਉੜੀਆਂ ਦੀ ਹੈ। ਇਸ ਵਾਰ ਵਿਚ ਗੁਰੂ ਪਦ ਦੀ ਉਸਤਤ ਹੈ। ਇਨ੍ਹਾਂ ਅਧਿਆਤਮਕ ਵਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ।

1) ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਤਿੰਨ ਵਾਰਾਂ - (1) ਮਾਝ ਕੀ ਵਾਰ, (2) ਮਲ੍ਹਾਰ ਕੀ ਵਾਰ, (3) ਆਸਾ ਕੀ ਵਾਰ

2) ਗੁਰੂ ਅਮਰਦਾਸ ਜੀ ਦੁਆਰਾ ਰਚਿਤ ਚਾਰ ਵਾਰਾਂ-

(1) ਗੁਜਰੀ ਦੀ ਵਾਰ; (2) ਰਾਮਕਲੀ ਕੀ ਵਾਰ; (3) ਸੂਹੀ ਕੀ ਵਾਰ;

(4) ਮਾਰੂ ਕੀ ਵਾਰ

3) ਗੁਰੂ ਰਾਮਦਾਸ ਜੀ ਦੁਆਰਾ ਰਚਿਤ ਅੱਠ ਵਾਰਾਂ-

(1) ਸਿਰੀ ਰਾਗ ਦੀ ਵਾਰ; (2) ਗਾਉੜੀ ਦੀ ਵਾਰ; (3) ਬਿਹਾਗੜਾ ਦੀ ਵਾਰ; (4) ਵਡਹੰਸ ਦੀ ਵਾਰ; (5) ਸੋਰਠਿ ਦੀ ਵਾਰ; (6) ਬਿਲਾਵਲ ਦੀ ਵਾਰ; (7) ਸਾਰੰਗ ਦੀ ਵਾਰ; (8) ਕਾਨੜਾ ਦੀ ਵਾਰ)

4) ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਛੇ ਵਾਰਾਂ

(1) ਗਾਉੜੀ ਕੀ ਵਾਰ, (2) ਗੁਜਰੀ ਦੀ ਵਾਰ, (3) ਜੈਤਸਰੀ ਦੀ ਵਾਰ,

(4) ਰਾਮਕਲੀ ਦੀ ਵਾਰ, (5) ਮਾਰੂ ਦੀ ਵਾਰ (6) ਬਸੰਤ ਦੀ ਵਾਰ

ਗੁਰੂ ਸਾਹਿਬਾਨਾਂ ਦੁਆਰਾ ਰਚੀਆਂ ਵਾਰਾਂ ਵਿਚ ਸ਼ਾਂਤ ਰਸ ਦੀ ਪ੍ਰਧਾਨਤਾ ਹੈ। ਗੁਰੂ ਸਾਹਿਬਾਨਾਂ ਦੇ ਸਮੇਂ ਵਾਰ ਗਾਉਣ ਦਾ ਰਿਵਾਜ ਆਮ ਸੀ। ਉਹਨਾਂ ਨੇ ਮਹਿਸੂਸ ਕੀਤਾ ਕਿ ਲੋਕ ਮਨਾਂ

ਉਤੇ ਇਸ ਕਾਵਿ ਰੂਪ ਦਾ ਪ੍ਰਭਾਵ ਚੰਗੇਰਾ ਪੈਂਦਾ ਹੈ। ਇਸ ਲਈ ਉਨ੍ਹਾਂ ਨੇ ਆਪਣੇ ਅਧਿਆਤਮਕ ਵਿਚਾਰਾਂ ਦੇ ਪ੍ਰਗਟਾਅ ਲਈ ਹੋਰ ਕਾਵਿ ਰੂਪਾਂ ਦੇ ਨਾਲ ਇਸ ਕਾਵਿ ਰੂਪ ਨੂੰ ਚੁਣਿਆ। ਉਨ੍ਹਾਂ ਦਾ ਮੁੱਖ ਉਦੇਸ਼ ਮਨੁੱਖ ਦੀ ਸੁੱਤੀ ਆਤਮਾ ਨੂੰ ਜਗਾਉਣਾ ਸੀ। ਇਨ੍ਹਾਂ ਅਧਿਆਤਮਕ ਵਾਰਾਂ ਦੇ ਸੰਦੇਸ਼ ਨੇ ਲੋਕਾਂ ਦਾ ਜੀਵਨ ਦ੍ਰਿਸ਼ਟੀਕੋਣ ਹੀ ਬਦਲ ਕੇ ਰੱਖ ਦਿੱਤਾ। ਗੁਰੂ ਸਾਹਿਬਾਨਾਂ ਦੀਆਂ ਇਨ੍ਹਾਂ ਵਾਰਾਂ ਤੋਂ ਬਾਅਦ ਅਧਿਆਤਮਕ ਵਾਰਾਂ ਦਾ ਰਚਨਾ-ਪ੍ਰਚਲਨ ਖਤਮ ਹੋ ਜਾਂਦਾ ਹੈ ਅਤੇ ਧਾਰਮਿਕ ਵਾਰਾਂ ਲਿਖੀਆਂ ਜਾਣ ਲੱਗ ਪਈਆਂ।

(2) **ਧਾਰਮਿਕ ਵਾਰਾਂ** :

ਭਾਈ ਗੁਰਗਾਸ ਜੀ ਦੀਆਂ 39 ਵਾਰਾਂ ਇਸ ਕੋਟੀ ਵਿਚ ਆਉਂਦੀਆਂ ਹਨ। ਡਾਕਟਰ ਜਸਵੰਤ ਸਿੰਘ ਬੇਗੋਵਾਲ ਨੇ ਆਪਣੀ ਪੁਸਤਕ ***'ਭਾਈ ਗੁਰਦਾਸ ਜੀ ਦਾ ਵਾਰ ਸੰਸਾਰ'*** ਵਿਚ ਚਾਲੀਵੀਂ ਵਾਰ ਦਾ ਜ਼ਿਕਰ ਵੀ ਕੀਤਾ ਹੈ। ਉਹਨਾਂ ਨੇ ਚਾਲੀਵੀਂ ਵਾਰ ਬਾਰੇ ਡਾਕਟਰ ਰਤਨ ਸਿੰਘ ਜੱਗੀ ਦੇ ਵਿਚਾਰਾਂ ਦਾ ਹਵਾਲਾ ਇਸ ਤਰ੍ਹਾਂ ਦਿੱਤਾ ਹੈ:

> ਜਿੱਥੋਂ ਤੱਕ ਚਾਲੀਵੀਂ ਵਾਰ ਦਾ ਸੰਬੰਧ ਹੈ, ਇਸ ਬਾਰੇ ਅਧਿਕਾਂਸ਼ ਵਿਦਵਾਨ ਜਿਵੇਂ ਮੈਕਾਲਫ ਭਾਈ ਕਾਨ੍ਹ ਸਿੰਘ, ਗਿਆਨੀ ਨਿਰੰਜਨ ਸਿੰਘ, ਪੰਡਿਤ ਨਰੈਣ ਸਿੰਘ ਅਤੇ ਗਿਆਨੀ ਹਜ਼ਾਰਾ ਸਿੰਘ ਆਦਿ ਸਭ ਦੇ ਮਤ ਹਨ ਕਿ ਇਹ ਵਾਰ ਭਾਈ ਗੁਰਦਾਸ ਭੱਲੇ ਦੀ ਹੀ ਹੈ।[20]

ਪੰਜਾਬੀ ਵਾਰ ਸਾਹਿਤ ਵਿਚ ਭਾਈ ਗੁਰਦਾਸ ਜੀ ਦਾ ਆਪਣਾ ਖ਼ਾਸ ਮੁਕਾਮ ਹੈ। ਬਾਵਾ ਬੁੱਧ ਸਿੰਘ ਨੇ ਉਨ੍ਹਾਂ ਨੂੰ ਵਿਸ਼ਵ ਪ੍ਰਸਿੱਧ ਈਸਾਈ ਸੰਤ ਪਾਲ ਨਾਲ ਤੁਲਨਾਇਆ ਹੈ। ਭਾਈ ਗੁਰਾਦਸ ਜੀ ਨੇ ਪੰਜਾਬੀ ਦੇ ਵਾਰ-ਕਾਵਿ ਨੂੰ ਨਵੇਂ ਨਕਸ਼ ਤੇ ਨਵਾਂ ਜੋਬਨ ਪ੍ਰਦਾਨ ਕੀਤਾ ਅਤੇ ਆਪਣੇ ਕੋਮਲ ਅਤੇ ਸੂਖਮ ਤੋਂ ਸੂਖਮ ਭਾਵਾਂ ਨੂੰ ਪ੍ਰਗਟਾਉਣ ਦਾ ਮਾਧਿਅਮ ਬਣਾਇਆ। ਗੁਣਾਤਮਕ ਪੱਖ ਤੋਂ ਆਪ ਜੀ ਦੀ ਦੇਣ ਅਤਿਅੰਤ ਮਹੱਤਵਪੂਰਣ ਹੈ। ਭਾਈ ਗੁਰਦਾਸ ਦੀਆਂ ਵਾਰਾਂ ਦੀ ਵਡਿਆਈ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਵਾਰਾਂ ਨੂੰ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੀ ਕੁੰਜੀ ਆਖ ਕੇ

ਸਨਮਾਨਿਆ ਹੈ। ਭਾਈ ਸਾਹਿਬ ਜੀ ਦੀਆਂ ਵਾਰਾਂ ਦਾ ਮੁੱਖ ਉਦੇਸ਼ ਗੁਰੂਆਂ ਅਤੇ ਭਗਤਾਂ ਦੇ ਚਰਿੱਤਰ ਦੁਆਰਾ ਸਿੱਖੀ ਦਾ ਵਧ ਤੋਂ ਵੱਧ ਪ੍ਰਚਾਰ ਕਰਨਾ ਸੀ। ਆਪ ਜੀ ਦੀਆਂ ਵਾਰਾਂ ਵਿਚ ਸਿੱਖੀ ਪ੍ਰੀਤ, ਸਿੱਖ ਮੱਤ ਦੀ ਵਡਿਆਈ, ਸੇਵਾ, ਸਿਦਕ, ਸਦਾਚਾਰਕ ਗੁਣਾਂ ਤੇ ਨਿਰਮਾਣਤਾ ਆਦਿ ਨੂੰ ਦਰਸਾਉਣਾ ਹੈ। ਇਹਨਾਂ ਵਾਰਾਂ ਵਿਚ ਭਾਈ ਗੁਰਦਾਸ ਜੀ ਦਾ ਬਿਆਨ ਬੜਾ ਸੰਕੋਚਮਈ ਹੈ ਅਤੇ ਪਾਉੜੀ ਦੀ ਅੰਤਲੀ ਤੁੱਕ ਵਿਚ ਕੋਈ ਪਰਮ ਸੱਚਾਈ ਨੂੰ ਬਿਆਨ ਕੀਤਾ ਹੈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਵਿਸ਼ਾ ਇਕ ਬੰਨੇ ਤਾਂ ਗੁਰਬਾਣੀ ਦੀ ਵਿਆਖਿਆ ਕਰਦਾ ਹੈ ਤੇ ਦੂਜੇ ਬੰਨੇ ਇਹ ਗੁਰੂ ਵਿਅਕਤੀਆਂ ਦੇ ਜੀਵਨ, ਗੁਰੂ ਸਿੱਖੀ ਦੀਆਂ ਰਹੁ-ਰੀਤਾਂ, ਰਹਿਣੀ-ਬਹਿਣੀ, ਕਰਨੀ-ਕਥਨੀ ਤੋਂ ਪੂਰੀ ਤਰ੍ਹਾਂ ਜਾਣੂ ਕਰਵਾਉਣ ਲਈ ਇਨ੍ਹਾਂ ਵਾਰਾਂ ਵਿਚ ਇਨ੍ਹਾਂ ਵਿਸ਼ਿਆਂ ਤੇ ਖੁਲ੍ਹ ਕੇ ਵਿਚਾਰ ਕੀਤੀ ਗਈ ਹੈ।

ਭਾਈ ਗੁਰਦਾਸ ਜੀ ਨੇ ਗੁਰਬਾਣੀ ਦੀ ਅੰਤਰ-ਮੁਖੀ ਵਿਆਖਿਆ ਦੀ ਦਿਸ਼ਾ ਨੂੰ ਬਾਹਰਮੁਖੀ ਕੀਤਾ ਜਿਸ ਕਾਰਨ ਇਹ ਸਾਧਾਰਣ ਪੱਧਰ ਦੇ ਵਿਅਕਤੀ ਦੀ ਸਮਝ ਵਿਚ ਆ ਜਾਂਦੀ ਹੈ। ਭਾਈ ਗੁਰਦਾਸ ਨੇ ਪੁਰਾਤਨ ਛੰਦਾਂ ਦੀ ਥਾਂ ਲੋਕ ਪ੍ਰਚਲਤ ਛੰਦਾਂ ਦੀ ਵੀ ਵਰਤੋਂ ਕੀਤੀ। ਉਹਨਾਂ ਨੇ ਪੰਜਾਬੀ ਖੇਤਰ ਵਿਚ ਅਖਾਣ, ਮੁਹਾਵਰੇ, ਲੋਕ ਕਥਨ ਚੁਣੇ ਅਤੇ ਪੰਜਾਬੀ ਬੋਲੀ ਵਿਚ ਇਨ੍ਹਾਂ ਨੂੰ ਲਿਖਤੀ ਰੂਪ ਦਿੱਤਾ। ਇਹੀ ਕਾਰਣ ਹੈ ਕਿ ਭਾਈ ਗੁਰਦਾਸ ਜੀ ਜੋ ਕਹਿਣਾ ਚਾਹੁੰਦੇ ਹਨ ਸਪਸ਼ਟ ਰੂਪ ਵਿਚ ਸਮਝ ਆ ਜਾਂਦਾ ਹੈ। ਆਪ ਜੀ ਦੀਆਂ ਵਾਰਾਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ:

(ੳ) ਗੁਰਮਤਿ ਦੀ ਵਿਆਖਿਆ

(ਅ) ਘਰੋਗੀ ਮਿਸਾਲਾਂ

(ੲ) ਬੋਲੀ ਦੀ ਠੇਠਤਾ

(ਸ) ਉਪਮਾਵਾਂ ਦਾ ਢੁਕਾਅ

(ਹ) ਮਿਥਿਹਾਸਿਕ ਜਾਣਕਾਰੀ

ਭਾਈ ਗੁਰਦਾਸ ਜੀ ਨੇ ਗੁਰਮਤਿ ਦੇ ਪ੍ਰਮੁੱਖ ਸਿਧਾਂਤਾਂ ਨੂੰ ਆਪਣੀਆਂ ਵਾਰਾਂ ਵਿਚ

ਦ੍ਰਿਸ਼ਟੀਗੋਚਰ ਕੀਤਾ ਹੈ। ਕਿਉਂਕਿ ਉਹਨਾਂ ਦੀ ਕਾਵਿ-ਸਾਧਨਾ ਦਾ ਪ੍ਰਮੁੱਖ ਉਦੇਸ਼ ਗੁਰਮਤਿ-ਸਿਧਾਤਾਂ ਦਾ ਪ੍ਰਚਾਰ ਕਰਨਾ ਸੀ। ਉਹਨਾਂ ਨੇ ਗੁਰਬਾਣੀ ਦੀ ਭਾਵ-ਸਮੱਗਰੀ ਨੂੰ ਹੀ ਲੋਕਾਂ ਸਾਹਮਣੇ ਤਰਕ-ਸਹਿਤ ਲੋਕ-ਭਾਸ਼ਾ ਜਾਂ ਸਰਲ ਭਾਸ਼ਾ ਵਿਚ ਪ੍ਰਸਤੁਤ ਕੀਤਾ ਹੈ। ਉਹਨਾਂ ਦੀ ਸਾਰੀ ਵਿਚਾਰ-ਸਮੱਗਰੀ, ਗੁਰਮਤਿ-ਸਿਧਾਤਾਂ ਜਾਂ ਗੁਰਮਤਿ ਵਿਚਾਰਧਾਰਾ ਦੀ ਪੁਨਰ-ਸੰਸਥਾਪਨਾ ਮਾਤਰ ਹੈ।

(3) **ਬੀਰ ਰਸੀ ਜਾਂ ਬਿਰਤਾਂਤਕ ਵਾਰਾਂ :**

ਅਧਿਆਤਮਕ ਵਾਰਾਂ ਤੋਂ ਬਾਅਦ ਬੀਰ ਰਸੀ ਵਾਰਾਂ ਦਾ ਆਗਮਨ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਬੀਰ ਰਸੀ ਵਾਰਾਂ ਦੀ ਪਿਰਤ ਪਾਈ। ਇਨ੍ਹਾਂ ਵਾਰਾਂ ਨੇ ਸਮਾਜਿਕ ਤਬਦੀਲੀ ਵਿਚ ਬਹੁਤ ਵੱਡਾ ਹਿੱਸਾ ਪਾਇਆ। 'ਚੰਡੀ ਦੀ ਵਾਰ' ਰਾਹੀਂ ਪੰਜਾਬੀ ਵਾਰ ਨੇ ਆਪਣਾ ਸਰੂਪ ਹੀ ਬਦਲ ਲਿਆ। ਇਸ ਦੀ ਵਾਰਤਾ ਵਿਚ ਇਕ ਪੁਰਾਣੀ ਮਿਥਿਹਾਸਿਕ ਕਹਾਣੀ ਨੂੰ ਅਧਾਰ ਬਣਾਇਆ ਹੈ। ਜਿਸ ਵਿਚ ਦੁਰਗਾ ਤੇ ਦੈਂਤਾਂ ਦੀ ਲੜਾਈ ਦਾ ਵਰਨਣ ਕੀਤਾ ਗਿਆ ਹੈ। ਇਸ ਵਾਰ ਵਿਚਲੀ ਯੁਧ ਭੂਮੀ ਦੀਆਂ ਘਟਨਾਵਾਂ ਦਾ ਬਿਆਨ ਬਹੁਤ ਹੀ ਯਥਾਰਥਕ, ਕਲਾਤਮਕ ਤੇ ਸੁਹਜਾਤਮਕ ਢੰਗ ਨਾਲ ਕੀਤਾ ਗਿਆ ਹੈ। ਇਨ੍ਹਾਂ ਸਾਹਿਤਕ ਸਮਾਜਿਕ ਗੁਣਾਂ ਕਰਕੇ ਹੀ ਇਸ ਵਾਰ ਨੂੰ ਸ਼ਿਰੋਮਣੀ ਬੀਰ ਰਸੀ ਵਾਰਾਂ ਵਿਚ ਗਿਣਿਆ ਜਾਂਦਾ ਹੈ। 'ਚੰਡੀ ਦੀ ਵਾਰ' ਪਿਛੋਂ ਪੰਜਾਬੀ ਬੀਰ ਰਸੀ ਵਾਰਾਂ ਦਾ ਇਕ ਤਰ੍ਹਾਂ ਦਾ ਪ੍ਰਵਾਹ ਚਲ ਪੈਂਦਾ ਹੈ। ਨਜ਼ਾਬਤ ਦੁਆਰਾ ਰਚੀ 'ਨਾਦਰ ਸ਼ਾਹ ਦੀ ਵਾਰ' ਪੀਰ ਮੁਹੰਮਦ ਦੁਆਰਾ ਰਚੀ 'ਚੱਠਿਆਂ ਦੀ ਵਾਰ', ਯਸੋਦਾ ਨੰਦ ਦੀ ਲਵਕੁਸ਼ ਦੀ ਵਾਰ, ਕਵੀ ਅਗਰਾ ਦੀ 'ਹਕੀਕਤ ਰਾਏ ਦੀ ਵਾਰ', ਗੁਰਦਾਸ (ਦੂਜਾ) ਜੀ ਦੀ 'ਖਾਲਸੇ ਦੀ ਵਾਰ' ਆਦਿ ਵਿਸ਼ੇਸ਼ ਮਹੱਤਵ ਦੀਆਂ ਲਖਾਇਕ ਹਨ।

**ਜੰਗਨਾਮਾ ਅਤੇ ਢਾਡੀ ਵਾਰਾਂ-**

**ਜੰਗਨਾਮਾ -**

ਵਾਰ ਅਤੇ ਜੰਗਨਾਮਾ ਦੋ ਵੱਖ-ਵੱਖ ਰੂਪ ਹਨ ਜਿਨ੍ਹਾਂ ਦਾ ਆਪੋ-ਆਪਣਾ ਇਤਿਹਾਸਕ ਪਿਛੋਕੜ ਅਤੇ ਗੌਰਵਮਈ ਪਰੰਪਰਾ ਹੈ। ਵਾਰ ਪੰਜਾਬੀ ਸਾਹਿਤ ਦਾ ਕਾਵਿ ਰੂਪ ਹੈ ਅਤੇ ਜੰਗਨਾਮਾ ਫਾਰਸੀ ਸਾਹਿਤ ਕਾਵਿ ਰੂਪ ਹੈ। ਜੰਗ ਫਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਖੱਤ, ਚਿੱਠੀ ਜਾਂ

ਪੱਤਰ ਹੈ। ਵਾਰ ਤੇ ਜੰਗਨਾਮਾ ਬਹੁਤ ਨੇੜੇ ਦੀ ਸਾਹਿਤਕ ਵਿਧਾਵਾਂ ਹਨ। ਸ਼ਮਸ਼ੇਰ ਸਿੰਘ ਅਸ਼ੋਕ ਨੇ 'ਪ੍ਰਾਚੀਨ ਵਾਰਾਂ ਤੇ ਜੰਗਨਾਮੇ' ਦੀ ਭੂਮਿਕਾ ਵਿਚ ਲਿਖਿਆ ਹੈ:

> ਸਾਹਿਤ ਵਿਚ 'ਜੰਗਨਾਮਾ' ਅਥਵਾ ਵਾਰ ਇਕੋ ਹੀ ਅਰਥ ਰੱਖਣ ਵਾਲੇ ਦੋ ਸ਼ਬਦ ਹਨ ਤੇ ਪੁਰਾਤਨ ਸਮੇਂ ਵਿਚ ਇਨ੍ਹਾਂ ਦੇ ਲੇਖਕ ਆਮ ਤੌਰ ਤੇ ਢਾਡੀ, ਭੱਟ ਜਾਂ ਚਾਰਣ ਕਵੀ ਹੁੰਦੇ ਸਨ, ਜੋ ਬੀਤੇ ਸਮੇਂ ਦੀ ਯਾਦ ਦਿਲਾਉਣ ਲਈ ਲੋਕਾਂ ਨੂੰ ਕੌਮੀ ਬਜੁਰਗਾਂ ਦੇ ਜੰਗੀ ਕਾਰਨਾਮੇ ਡਾਢੀ ਜੋਸ਼ੀਲੀ ਕਵਿਤਾ ਵਿਚ ਰਚ ਕੇ ਸੁਣਾਇਆ ਕਰਦੇ ਸਨ।[21]

ਭਾਈ ਕਾਨ੍ਹ ਸਿੰਘ ਨਾਭਾ ਨੇ ਜੰਗਨਾਮੇ ਨੂੰ 'ਯੁੱਧ ਦੀ ਕਥਾ' ਦਾ ਗ੍ਰੰਥ ਆਖਿਆ ਹੈ।[22]

ਸਮਕਾਲੀ ਵਿਦਵਾਨਾਂ ਨੇ ਵਾਰ ਤੇ ਜੰਗਨਾਮੇ ਨੂੰ ਵੱਖ-ਵੱਖ ਰੂਪਾਕਾਰ ਮੰਨਿਆ ਹੈ। ਡਾਕਟਰ ਰਤਨ ਸਿੰਘ ਜੱਗੀ ਨੇ 'ਸਾਹਿਤ ਕੋਸ਼' ਵਿਚ ਇਨ੍ਹਾਂ ਦਾ ਜੋ ਅੰਤਰ ਦੱਸਿਆ ਹੈ ਉਹ ਇਸ ਤਰ੍ਹਾਂ ਹੈ:

(1) ਜੰਗਨਾਮੇ ਵਿਚ ਕੋਈ ਵਾਸਤਵਿਕ ਘਟਨਾ ਦਾ ਹੀ ਬਿਆਨ ਹੁੰਦਾ ਹੈ ਪਰ ਵਾਰ ਕਾਲਪਨਿਕ ਘਟਨਾਵਾਂ ਉੱਤੇ ਵੀ ਲਿਖੀ ਜਾ ਸਕਦੀ ਹੈ, ਜਿਵੇਂ 'ਚੰਡੀ ਦੀ ਵਾਰ', ਇਥੇ ਇਹ ਵੀ ਨਤੀਜਾ ਨਿਕਲਦਾ ਹੈ ਕਿ ਜੰਗਨਾਮੇ ਦੇ ਪਾਤਰ ਲਹੂ ਮਾਸ ਦੇ ਵਾਸਤਵਿਕ ਮਨੁੱਖ ਹੁੰਦੇ ਹਨ, ਪਰ ਵਾਰ ਵਿਚ ਇਹ ਮਿਥਿਹਾਸਿਕ ਵੀ ਲਏ ਜਾਂਦੇ ਹਨ ਜਿਵੇਂ ਦੁਰਗਾ, ਸ਼ੁੰਭ ਨਿਸ਼ੁੰਭ, ਧੂਮਰਨੈਂਣ, ਕਲ ਤੇ ਨਾਰਦ ਆਦਿ।

(2) ਵਾਰ ਦਾ ਮੁੱਖ ਨਿਸ਼ਾਨਾ ਕਿਸੇ ਨਾਇਕ ਦਾ ਜਸ ਗਾਉਣਾ ਹੁੰਦਾ ਹੈ ਪਰ ਜੰਗਨਾਮੇ ਅੰਦਰ ਅਸਲ ਮੰਤਵ ਤਾਰੀਖੀ ਘਟਨਾ ਦਾ ਬਿਆਨ ਕਰਨਾ ਹੈ। ਇਸ ਲਈ ਉਸ ਵਿਚ ਨਾਇਕ ਦੇ ਨਾਲ ਬਾਕੀ ਪਾਤਰਾਂ ਨੂੰ ਪੂਰੀ ਮਹੱਤਤਾ ਪ੍ਰਾਪਤ ਹੁੰਦੀ ਹੈ।

(3) ਜੰਗਨਾਮੇ ਵਿਚ ਇਤਿਹਾਸਿਕ ਪੱਖ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ ਜਿਵੇਂ ਲੜਾਈ ਦਾ ਸਥਾਨ, ਹਥਿਆਰਾਂ ਦਾ ਵਰਨਣ, ਹਾਣ ਲਾਭ ਦਾ ਅਨੁਮਾਨ, ਅੰਤਿਮ ਜਿੱਤ ਤੇ ਉਸ ਦੇ ਸਿੱਟੇ। ਇਥੇ ਕਵੀ ਵਾਸਤਵਿਕਤਾ ਦੇ ਨੇੜੇ ਰਹਿਣ ਦਾ ਯਤਨ ਕਰਦਾ ਹੈ। ਪਰ ਵਾਰ ਵਿਚ ਇਨ੍ਹਾਂ ਗੱਲਾਂ ਵਲ ਧਿਆਨ ਰੱਖਣ ਦੀ ਕੋਈ ਪਾਬੰਦੀ ਨਹੀਂ। ਕਵੀ ਕੇਵਲ ਅਜਿਹੀਆਂ ਘਟਨਾਵਾਂ ਹੀ ਬਿਆਨ ਕਰਦਾ ਹੈ, ਜਿਸ ਵਿਚ ਨਾਇਕ ਦਾ ਪਲੜਾ ਭਾਰੀ ਰਹਿੰਦਾ ਹੈ।

(4) ਜੰਗਨਾਮੇ ਦਾ ਨਾਇਕ ਆਮ ਤੌਰ ਤੇ ਹਾਰਦਾ ਅਤੇ ਵਾਰ ਦਾ ਨਾਇਕ ਜਿੱਤਦਾ ਹੈ।

(5) ਜੰਗਨਾਮੇ ਵਧੇਰੇ ਤੌਰ ਤੇ ਮੁਸਲਮਾਨ ਸ਼ਾਇਰਾਂ ਨੇ ਲਿਖੇ ਹਨ ਅਤੇ ਵਾਰਾਂ ਦੇ ਵਧੇਰੇ ਕਰਤਾ ਹਿੰਦੂ ਸਿੱਖ ਕਵੀ ਹਨ। ਇਸ ਲਈ ਜੰਗਨਾਮਿਆਂ ਦੀ ਸ਼ਬਦਾਵਲੀ ਵਧੇਰੇ ਤੌਰ ਤੇ ਅਰਬੀ ਫ਼ਾਰਸੀ ਵਲ ਝੁੱਕੀ ਹੁੰਦੀ ਹੈ ਤੇ ਵਾਰਾਂ ਦੀ ਹਿੰਦੀ ਸੰਸਕ੍ਰਿਤ ਵਲ।[23]

ਇੰਞ ਜੰਗਨਾਮਾ ਇਕ ਵੱਖਰੀ ਵਿਧਾ ਸਥਾਪਿਤ ਕਰਦਾ ਹੈ। ਜਿੱਥੇ ਜੰਗਨਾਮਾ ਲੋਕਾਂ ਦੇ ਸੁਹਜ ਸੁਆਦ ਦੀ ਪੂਰਤੀ ਕਰਦਾ ਹੈ ਉਥੇ ਜੰਗਨਾਮਾ ਇਕ ਇਤਿਹਾਸਕ ਦਸਤਾਵੇਜ ਵੀ ਹੁੰਦਾ ਹੈ ਕਿਉਂਕਿ ਜੰਗਨਾਮੇ ਵਿਚ ਇਤਿਹਾਸਕ ਪੱਖ ਦਾ ਧਿਆਨ ਰੱਖਿਆ ਜਾਂਦਾ ਹੈ। ਵਾਰ ਆਸ਼ਾਵਾਦੀ ਹੁੰਦੀ ਹੈ ਤੇ ਜੰਗਨਾਮੇ ਵਿਚ ਨਿਰਾਸ਼ਾਵਾਦੀ ਤੇ ਕਰੁਣਾ ਰਸ ਦੀ ਭਰਮਾਰ ਹੁੰਦੀ ਹੈ। ਜੰਗਨਾਮੇ ਦਾ ਅਗਲਾ ਪ੍ਰਮੁੱਖ ਲੱਛਣ ਦੋ ਧਿਰਾਂ ਦਾ ਹੋਣਾ ਹੈ। ਡਾਕਟਰ ਜਗਜੀਤ ਸਿੰਘ ਦਾ ਮੱਤ ਹੈ:

> ਜੰਗਨਾਮੇ ਵਿਚ ਵਾਰ ਵਾਂਗ ਦੋ ਧਿਰਾਂ ਦਾ ਹੋਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਜੰਗਨਾਮੇ ਵਿਚ ਫੌਜਾਂ ਦੀ ਚੜ੍ਹਾਈ, ਮੁਕਾਬਲਾ, ਯੁਧ ਦਾ ਬਿਆਨ ਕਾਵਿਕ ਨਿਆਂ ਅਨੁਸਾਰ ਦੋਹਾਂ ਧਿਰਾਂ ਦੀ ਬਹਾਦਰੀ ਦਾ

ਵਰਨਣ ਅਤੇ ਅਖੀਰ ਵਿਚ ਜਿੱਤ ਹਾਰ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।[24]

ਜਿਵੇਂ ਕਿੱਸਾ-ਕਾਵਿ ਵਿਚ ਸਮਾਜ ਜਾਂ ਕਿਸੇ ਖਾਸ ਖਿੱਤੇ ਵਿਚ ਵਾਪਰੀ ਪ੍ਰੀਤ ਕਹਾਣੀ ਨੂੰ ਬਿਰਤਾਂਤਿਆ ਹੁੰਦਾ ਹੈ, ਉਵੇਂ ਹੀ ਜੰਗਨਾਮਾ ਵਿਚ ਇਕ ਇਤਿਹਾਸਕ ਲੜਾਈ ਦਾ ਵਰਨਣ ਹੁੰਦਾ ਹੈ। ਇਸ ਤਰ੍ਹਾਂ ਜੰਗਨਾਮਾ ਕਿੱਸਾ ਕਾਵਿ ਦੀ ਇਕ ਵੰਨਗੀ ਕਹੀ ਜਾ ਸਕਦੀ ਹੈ ਪਰ ਵਾਰ ਨਹੀਂ। ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਵੀ ਜੰਗਨਾਮਾ ਤੇ ਵਾਰ ਵਿਚ ਮਾਮੂਲੀ ਜਿਹਾ ਅੰਤਰ ਦੱਸਿਆ ਹੈ। ਉਹ ਲਿਖਦੇ ਹਨ:

> ਬੀਰ ਰਸੀ ਕਾਵਿ ਵਿਚ ਯੁਧ ਵਰਨਣ ਕਿਉਂ ਜੋ ਵਿਸ਼ੇਸ਼ ਅੰਗ ਰਹਿੰਦਾ ਹੈ। ਇਸ ਲਈ ਜੰਗਨਾਮੇ ਰਚੇ ਗਏ ਪਰ ਜਿਥੇ ਇਹ ਜੰਗਨਾਮੇ ਕਿਸੇ ਵਿਸ਼ੇਸ਼ ਯੁਧ ਦਾ ਵਿਸਥਾਰ ਸਾਹਿਤ ਵਰਨਣ ਕਰਦੇ ਹਨ ਉਥੇ ਉਨ੍ਹਾਂ ਦੀ ਸ਼ੈਲੀ ਉੱਪਰ ਫਾਰਸੀ ਕਵਿਤਾ ਦੀ ਬੀਰ-ਪਰੰਪਰਾ ਦਾ ਪ੍ਰਭਾਵ ਵੀ ਪ੍ਰਤੱਖ ਰੂਪ ਵਿਚ ਦੇਖਿਆ ਜਾ ਸਕਦਾ ਹੈ। ਇਸੇ ਲਈ ਵਾਰ ਤੇ ਜੰਗਨਾਮੇ ਵਿਚ ਥੋੜਾ ਅੰਤਰ ਹੈ। ਵਾਰ ਰਾਹੀਂ ਪੰਜਾਬ ਦੇ ਬੀਰ-ਰਸੀ ਕਾਵਿ ਦੀ ਸਹੀ ਪ੍ਰਤੀਨਿਧਤਾ ਹੁੰਦੀ ਰਹੀ ਹੈ। ਜੰਗਨਾਮੇ ਵਿਚ ਇਤਿਹਾਸਕ ਬਿਉਰਾ ਪ੍ਰਮੁੱਖ ਰਹਿੰਦਾ ਹੈ ਤੇ ਵਾਰ ਵੀਰਤਾ ਦਾ ਆਦਰਸ਼ ਜਿਵੇਂ ਲੜਾਈ ਦਾ ਸਥਾਨ, ਹਥਿਆਰਾਂ ਦਾ ਵਰਨਣ, ਹਾਨ-ਲਾਭ ਦਾ ਅਨੁਮਾਨ ਅੰਤਿਮ ਜਿੱਤ ਤੇ ਉਸ ਦੇ ਸਿੱਟੇ ਆਦਿ। ਕਵੀ ਯਥਾਰਥ ਦੇ ਨੇੜੇ ਰਹਿਣ ਦੀ ਗੱਲ ਕਰਦਾ ਹੈ ਪਰ ਵਾਰ ਵਿਚ ਇਨ੍ਹਾਂ ਗੱਲਾਂ ਵਲ ਧਿਆਨ ਰੱਖਣ ਦੀ ਕੋਈ ਪਾਬੰਦੀ ਨਹੀਂ। ਕਵੀ ਕੇਵਲ ਅਜਿਹੀਆਂ ਘਟਨਾਵਾਂ ਦਾ ਹੀ ਬਿਆਨ ਕਰਦਾ ਹੈ ਜਿਸ ਵਿਚ ਨਾਇਕ ਦਾ

ਪਲੜਾ ਭਾਰੀ ਰਹਿੰਦਾ ਹੋਵੇ।[25]

ਉਪਰੋਕਤ ਵਿਚਾਰ ਦੇ ਸਾਰੰਸ਼ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਜੰਗਨਾਮੇ ਵਿਚ ਨਾਟਕੀਅਤਾ ਘੱਟ ਹੁੰਦੀ ਹੈ ਜਦ ਕਿ ਵਾਰ ਕਾਵਿ-ਰੂਪ ਵਿਚ ਵਧੇਰੇ ਨਾਟਕੀਅਤਾ ਰਾਹੀਂ ਜੋਸ਼ ਵੀ ਪੈਦਾ ਕੀਤਾ ਜਾਂਦਾ ਹੈ। ਵੱਖ-ਵੱਖ ਵਿਦਵਾਨਾਂ ਦੇ ਮੱਤਾਂ ਅਨੁਸਾਰ ਇਹ ਸਪਸ਼ਟ ਹੁੰਦਾ ਹੈ ਕਿ ਜੰਗਨਾਮਾ ਪੰਜਾਬੀ ਦਾ ਇਕ ਸੁਤੰਤਰ ਕਾਵਿ ਰੂਪ ਹੈ, ਜਿਸ ਵਿਚ ਯੁਧ ਦਾ ਵਰਨਣ ਅਤੇ ਜ਼ੋਰ-ਸ਼ੋਰ ਆਹਮੋ-ਸਾਹਮਣੇ ਹੁੰਦਾ ਹੈ। ਪੰਜਾਬੀ ਸਾਹਿਤ ਵਿਚ, 'ਜੰਗਨਾਮਾ ਗੁਰੂ ਗੋਬਿੰਦ ਸਿੰਘ' (ਅਣੀ ਰਾਇ) ਲਿਖਿਆ ਮਿਲਦਾ ਹੈ ਤੇ ਉਸ ਤੋਂ ਪਹਿਲਾਂ ਹੋਈ ਖੋਜ ਮੁਤਾਬਕ ਪੰਜਾਬੀ ਸਾਿਹਤ ਵਿਚ ਹੋਰ ਕੋਈ ਜੰਗਨਾਮਾ ਨਹੀਂ ਮਿਲਦਾ। ਪੰਜਾਬੀ ਸਾਹਿਤ ਵਿਚ 'ਜੰਗਨਾਮਾ ਮੁਕਬਲ' ਜੋ 1947 ਵਿਚ ਲਿਖਿਆ ਗਿਆ ਜਿਸ ਵਿਚ ਹਸਨ ਤੇ ਹੁਸੈਨ ਦੀ ਸ਼ਹਾਦਤ ਦਾ ਕਰੁਣਾਮਈ ਢੰਗ ਨਾਲ ਵਰਨਣ ਕੀਤਾ ਗਿਆ ਹੈ। ਸ਼ਾਇਦ ਪੰਜਾਬੀ ਸਾਹਿਤ ਵਿਚ ਅਖੀਰਲਾ ਜੰਗਨਾਮਾ ਹੈ। ਪੰਜਾਬੀ ਦਾ ਪ੍ਰਸਿੱਧ ਜੰਗਨਾਮਾ ਸ਼ਾਹ ਮੁਹੰਮਦ ਦਾ 'ਜੰਗ ਸਿੰਘਾਂ ਤੇ ਫਰੰਗੀਆਂ' ਹੈ ਜਿਸ ਵਿਚ ਸਿੱਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ਦਾ ਵਿਸਥਾਰ ਸਹਿਤ ਵਰਨਣ ਕੀਤਾ ਗਿਆ ਹੈ।

**ਢਾਡੀ ਵਾਰਾਂ:**

ਢਾਡੀ ਇਕ ਪਰੰਪਰਾ ਹੈ ਜਿਸ ਦਾ ਮੁੱਖ ਕੰਮ ਵਾਰਾਂ ਗਾਉਣਾ ਹੈ। ਸਿੱਖ ਧਰਮ ਵਿਚ ਸ਼ਹੀਦਾਂ ਦੇ ਸਾਕੇ ਤੇ ਸੂਰਬੀਰਾਂ ਦੇ ਕਾਰਨਾਮੇ, ਵਾਰਾਂ ਵਿਚ ਬੰਨ੍ਹ ਕੇ, ਢੱਡ ਸਾਰੰਗੀ ਨਾਲ ਗਾ ਕੇ ਪੇਸ਼ ਕਰਨ ਦੀ ਬੜੀ ਪੁਰਾਣੀ ਪ੍ਰਥਾ ਹੈ। ਢੱਡ ਸਾਰੰਗੀ ਦੇ ਪ੍ਰਸੰਗਾਂ ਦੀ ਪੇਸ਼ਕਾਰੀ ਵਿਚ ਬਿਆਨ ਅਤੇ ਸੰਗੀਤ ਦਾ ਇਕ ਸੋਹਣਾ ਮਿਸ਼ਰਣ ਹੁੰਦਾ ਹੈ। ਢਾਡੀਆਂ ਦਾ ਸਿੱਖ ਜਗਤ ਅਤੇ ਸਿੱਖ ਸਭਿਆਚਾਰ ਵਿਚ ਖਾਸ ਸਥਾਨ ਰਿਹਾ ਹੈ, ਜਿਨ੍ਹਾਂ ਨੇ ਆਪਣੀਆਂ ਸੁਰਾਂ ਰਾਹੀਂ ਸਮੇਂ ਸਮੇਂ ਸਿੱਖ ਜਗਤ ਨੂੰ ਸੇਧ ਦਿੱਤੀ। ਇਸ ਢਾਡੀ ਸ਼੍ਰੇਣੀ ਨੂੰ ਸਟੇਜ ਤੇ ਮੀਰੀ ਪੀਰੀ ਦੇ ਮਾਲਕ, ਦੇਗ ਤੇਗ ਦੇ ਧਨੀ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਨੇ ਲਿਆਂਦਾ। "ਪਹਿਲੇ ਢਾਡੀ ਨੱਥਾ ਤੇ ਅਬਦੁਲ ਸਨ ਜਿਨ੍ਹਾਂ ਕੋਲੋਂ ਸ਼ਹੀਦਾਂ ਦੀਆਂ, ਸੂਰਬੀਰਾਂ ਦੀਆਂ, ਯੋਧਿਆਂ ਦੀਆਂ ਵਾਰਾਂ ਸੁਣੀਆਂ ਤਾਂ ਕਿ ਕੌਮ ਦਾ ਖੂਨ ਗਰਮਾਇਆ ਜਾ ਸਕੇ। ਸ੍ਰੀ ਗੁਰੂ

ਹਰਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵੀ ਮੁਸਕੀ ਤੇ ਛਬੀਲਾ ਨਾਮ ਦੇ ਢਾਡੀ ਸਨ ਜੋ ਦਰਬਾਰ ਵਿਚ ਵਾਰਾਂ ਗਾ ਕੇ ਕੌਮ ਵਿਚ ਨਵਾਂ ਜੋਸ਼ ਭਰਦੇ ਸਨ।"[26]

ਢਾਡੀ ਗਾਇਨ, ਵਾਰ ਬੀਰ-ਕਾਵਿ ਨੂੰ ਸਰੋਤਿਆਂ ਦੇ ਸਨਮੁੱਖ ਗਾਉਣ ਦੀ ਵਿਸ਼ੇਸ਼ ਵਿਧੀ ਹੈ ਜਿਸ ਨੂੰ ਢੱਡ ਅਤੇ ਸਾਰੰਗੀ ਆਦਿ ਸਾਜ਼ਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਗੁਰੂ ਸਾਹਿਬਾਨਾਂ ਦੇ ਸਮਿਆਂ ਵਿਚ ਢਾਡੀਆਂ ਦੀ ਮਹੱਤਤਾ ਦਾ ਇਸ ਗੱਲੋਂ ਵੀ ਪਤਾ ਲਗਦਾ ਹੈ ਕਿ ਵਾਰਕਾਰ ਗੁਰੂਆਂ ਨੇ ਆਪਣੇ ਆਪ ਨੂੰ ਸੱਚੇ ਪਾਤਸ਼ਾਹ ਦੇ ਦਰਬਾਰ ਦਾ ਢਾਡੀ ਕਿਹਾ ਹੈ:

- ਹਉ ਢਾਢੀ ਵੇਕਾਰੁ ਕਾਰੈ ਲਾਇਆ।।[27]
- ਹਉ ਢਾਢੀ ਕਾ ਨੀਚ ਜਾਤਿ
  ਹੋਰਿ ਉਤਮ ਜਾਤਿ ਸਦਾਇਦੇ।।[28]
- ਹਉ ਢਾਢੀ ਹਰਿ ਪ੍ਰਭ ਖਸਮ ਕਾ
  ਹਰਿ ਕੈ ਦਰਿ ਆਇਆ।[29]
  ਢਾਢੀ ਦਰਿ ਪ੍ਰਭ ਮੰਗਣਾ
  ਦਰੁ ਕਦੇ ਨ ਛੋੜੇ।।[30]

ਮਧਕਾਲ ਵਿਚ ਵਾਰ ਕਾਵਿ ਦੀ ਖਾਸ ਮਹੱਤਤਾ ਹੋਣ ਕਰਕੇ ਵਾਰਾਂ ਗਾਉਣ ਵਾਲੇ ਵਾਰਕਾਰਾਂ, ਭੱਟਾਂ ਤੇ ਢਾਡੀਆਂ ਦੀ ਇਕ ਵੱਖਰੀ ਹੀ ਸੰਪਰਦਾ ਚਲੀ ਆਈ ਹੈ। ਵਾਰ ਗਾਇਕੀ ਦੀ ਪ੍ਰਥਾ ਇਨ੍ਹਾਂ ਢਾਡੀਆਂ ਦੇ ਅੰਦਰ ਪੀੜ੍ਹੀਓ ਪੀੜ੍ਹੀ ਚਲਦੀ ਆਈ ਹੈ। ਪਿਆਰਾ ਸਿੰਘ ਪਦਮ ਦੇ ਵਿਚਾਰ ਹਨ ਕਿ ਵਾਰਾਂ ਦੇ ਕਰਤਿਆ ਤੇ ਗਵੱਈਆਂ ਦੀ ਪੁਰਾਣੇ ਸਮੇਂ ਤੋਂ ਹੀ ਵੱਖਰੀ ਸੰਪ੍ਰਦਾ ਚਲੀ ਆ ਰਹੀ ਹੈ। ਢੱਡ ਉੱਤੇ ਗਾਉਣ ਕਰਕੇ ਇਨ੍ਹਾਂ ਨੂੰ ਢਾਡੀ ਕਿਹਾ ਜਾਣ ਲੱਗ ਪਿਆ। ਢੱਡ ਬਾਰੇ ਉਹ ਲਿਖਦੇ ਹਨ :

> ਇਸ ਦਾ ਮੂਲ ਸੰਸਕ੍ਰਿਤ ਪਦ ਹੈ - ਦਿ ਵਾਦਯ ਦੋ ਪਾਸਿਆਂ ਤੋਂ ਵੱਜਣ ਵਾਲਾ ਸਾਜ਼। ਦਿ-ਵਾਦਯ ਦੇ ਦੋਵੇਂ ਦੱਦੇ ਪੰਜਾਬੀ ਵਿਚ ਢ

> ਵਿਚ ਤਬਦੀਲ ਹੋ ਗਏ ਅਤੇ ਉਚਾਰਨ ਵਿਚ ਦੂਜਾ ਢੱਡ ਦਾ ਰੂਪ ਲੈ ਗਿਆ। ਇਉਂ ਢੱਡ ਪਦ ਬਣ ਗਿਆ ਤੇ ਢੱਡ ਵਜਾਉਣ ਵਾਲੇ ਅਖਵਾਏ ਢਾਡੀ। ਉਂਝ ਤਾਂ ਵਾਰਾਂ ਗਾਉਣ ਵਾਲੇ ਢੱਡ ਤੋਂ ਢੋਲ, ਢੋਲਕ, ਮ੍ਰਿਦੰਗ, ਡੌਰੂ ਢੱਲ, ਸਾਰੰਗੀ ਆਦਿ ਕਈ ਹੋਰ ਸਾਜ਼ ਵੀ ਵਰਤੋਂ ਵਿਚ ਲਿਆਉਂਦੇ ਹਨ। ਪ੍ਰੰਤੂ ਪ੍ਰਧਾਨਤਾ ਢੱਡ ਨੂੰ ਹੀ ਪ੍ਰਾਪਤ ਹੈ।[31]

ਸੋਹਣ ਸਿੰਘ ਸੀਤਲ ਦਾ ਮੱਤ ਹੈ ਕਿ ਢਾਡੀ ਕਲਾ ਰਾਜਸਥਾਨ ਦੀ ਦੇਣ ਹੈ। ਉਹ ਲਿਖਦੇ ਹਨ:

> *ਪੰਜਾਬ ਵਿਚ ਵਸਣ ਵਾਲੇ ਜੱਟਾਂ ਦੀਆਂ ਬਹੁਤੀਆਂ ਗੋਤਾਂ ਰਾਜਸਥਾਨ ਵਿਚੋਂ ਆਈਆਂ ਸਨ। ਉਨ੍ਹਾਂ ਦੇ ਨਾਲ ਉਹਨਾਂ ਦੇ ਖਾਨਦਾਨੀ ਭੱਟ ਵੀ ਆਏ। ਰਾਜਸਥਾਨ ਵਿਚੋਂ ਆਉਣ ਵਾਲੇ ਲੋਕਾਂ ਦੀ ਇਥੇ ਆ ਕੇ ਸ਼੍ਰੇਣੀ ਵੰਡ ਨਵੇਂ ਸਿਰਿਉਂ ਹੋ ਗਈ। ਰਾਜਪੂਤ ਛੱਤਰੀ ਜਾਂ ਭੱਟ ਉਨ੍ਹਾਂ ਰਾਜਸਥਾਨੀਆਂ ਦਾ ਹੀ ਬਦਲਿਆ ਹੋਇਆ ਰੂਪ ਹਨ ਅਤੇ 'ਘੜਕਾ' ਦਾ ਬਦਲਿਆ ਹੋਇਆ ਰੂਪ ਢਾਡੀ।*[32]

ਕਦੀ ਅਜਿਹਾ ਵੀ ਸਮਾਂ ਸੀ ਜਦੋਂ ਪੰਜਾਬ ਦੇ ਲੋਕ ਵਿਆਹ ਸ਼ਾਦੀਆਂ ਦੇ ਮੌਕੇ ਤੇ ਵੀ ਢਾਡੀਆਂ ਦੇ ਪ੍ਰੋਗਰਾਮ ਬੜੇ ਸ਼ੌਕ ਨਾਲ ਕਰਵਾਇਆ ਕਰਦੇ ਸਨ ਪਰੰਤੂ ਜੇ ਹੁਣ ਇਹ ਕਹਿ ਦਿੱਤਾ ਜਾਵੇ ਕਿ ਪੰਜਾਬ ਵਿਚ ਢਾਡੀ ਪ੍ਰਥਾ ਪਛੜਦੀ ਜਾਂ ਘੱਟ ਹੁੰਦੀ ਜਾ ਰਹੀ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਹੁਣ ਢਾਡੀ ਅਖਾੜਿਆਂ ਵਿਚ ਗੁਰਪੁਰਬਾਂ ਤੇ ਬੋਲਦੇ ਸੁਣਾਈ ਦੇਣਗੇ। ਇਹੀ ਵਜ੍ਹਾ ਹੈ ਕਿ ਪੰਜਾਬ ਦੇ ਲੋਕ, ਕਿੱਸਿਆਂ ਤੋਂ ਹੱਟ ਕੇ ਧਰਮ ਪ੍ਰਚਾਰ ਨਾਲ ਜੁੜ ਗਏ ਹਨ। ਨੌਜਵਾਨ ਪੀੜ੍ਹੀ ਇਸ ਨਾਲੋਂ ਟੁੱਟਦੀ ਜਾ ਰਹੀ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਢਾਡੀ ਬਣਨ

ਲਈ ਅਤਿ ਮਿਹਨਤ, ਸਿਦਕ, ਲਗਨ ਅਤੇ ਸਮੇਂ ਦੀ ਲੋੜ ਹੈ। ਇਤਿਹਾਸ ਅਤੇ ਸਭਿਆਚਾਰ ਤੋਂ ਵਾਕਿਫ਼ ਹੋਏ ਬਿਨਾਂ ਢਾਡੀ ਸਟੇਜ ਤੇ ਨਹੀਂ ਜਾ ਸਕਦਾ।

ਪੰਜਾਬ ਵਿਚ ਵਿਸਰ ਰਹੀ ਢਾਡੀ ਪਰੰਪਰਾ ਦੇ ਕਈ ਕਾਰਣ ਹਨ। ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਧਰਮ ਪ੍ਰਚਾਰ ਕਰਨ ਲਈ ਰਾਗੀ, ਢਾਡੀ, ਪ੍ਰਚਾਰਕ, ਕਵੀਸ਼ਰ, ਕਥਾ ਵਾਚਕ ਰੱਖੇ ਹੋਏ ਹਨ ਪਰ ਢਾਡੀਆਂ ਪ੍ਰਤੀ ਵਤੀਰਾ ਬਹੁਤਾ ਸਲਾਹੁਣਯੋਗ ਨਹੀਂ ਰਿਹਾ ਹੈ। ਢਾਡੀਆਂ ਨੂੰ ਵਿਦਿਆ ਦੇਣ ਲਈ ਵਿਦਿਆਲਾ ਨਹੀਂ, ਜਿਥੇ ਨੌਜਵਾਨ ਪੀੜ੍ਹੀ ਸੰਗੀਤ ਦੀ ਵਿਦਿਆ ਹਾਸਿਲ ਕਰ ਸਕੇ। ਜੇ ਕਰ ਢਾਡੀਆਂ ਦੇ ਸਾਜ਼ਾਂ ਨੂੰ ਸਿਖਾਉਣ ਦਾ ਕੋਈ ਵਿਦਿਅਕ ਅਦਾਰਾ ਹੋਵੇ ਤਾਂ ਉਹ ਅਦਾਰਾ ਕਈ ਨਾਮਵਰ ਢਾਡੀ ਪੈਦਾ ਕਰ ਸਕਦਾ ਹੈ।

ਅਜੋਕੇ ਯੁਗ ਵਿਚ ਢਾਡੀਆਂ ਦੇ ਸਿਰਤਾਜ ਗਿਆਨੀ ਸੋਹਣ ਸਿੰਘ ਸੀਤਲ ਦੀ ਢਾਡੀ ਕਲਾ ਨੂੰ ਬਹੁਤ ਵੱਡੀ ਦੇਣ ਹੈ। ਇਸ ਤੋਂ ਇਲਾਵਾ ਦੀਵਾਰ ਸਿੰਘ ਰਟੈਂਡਾ, ਅਮਰ ਸਿੰਘ ਸ਼ੌਂਕੀ ਨੇ ਵੀ ਇਸ ਢਾਡੀ ਪ੍ਰਥਾ ਨੂੰ ਪ੍ਰਫੁਲਤ ਕਰਨ ਲਈ ਯੋਗਦਾਨ ਪਾਇਆ ਹੈ। ਪਿਛਲੇ ਚਾਰ-ਪੰਜ ਸਾਲਾਂ ਤੋਂ ਕਾਲਜਾਂ ਦੇ ਯੁਵਕ ਮੇਲਿਆਂ ਵਿਚ ਵੀ ਹੈਰੀਟੇਜ਼ ਮੇਲਿਆਂ ਵਿਚ ਇਹ ਕਲਾ ਦੇਖਣ ਨੂੰ ਮਿਲ ਰਹੀ ਹੈ। ਇਸ ਨਾਲ ਨੌਜਵਾਨ ਵਰਗ ਨੂੰ ਕਲਾ ਬਾਰੇ ਜਾਣਨ ਦਾ ਮੌਕਾ ਮਿਲਦਾ ਹੈ। ਇਸ ਤਰ੍ਹਾਂ ਇਹ ਪ੍ਰਥਾ ਜਿਊਂਦੀ ਰਹਿ ਸਕਦੀ ਹੈ। ਪੰਜਾਬ ਦੀ 'ਸ੍ਰੀ ਹਰਗੋਬਿੰਦ ਢਾਡੀ ਸਭਾ' ਇਸ ਕਲਾ ਨੂੰ ਪ੍ਰਫੁਲਤ ਕਰਨ ਲਈ ਬਹੁਤ ਯੋਗਦਾਨ ਪਾ ਰਹੀ ਹੈ। ਸ੍ਰੀ ਅਕਾਲ ਤਖਤ ਸਾਹਿਬ ਤੇ ਵਾਰਾਂ ਦਾ ਲਗਾਤਾਰ ਗਾਇਨ ਕਰਨਾ ਵੀ ਇਸ ਕਲਾ ਦੀ ਪ੍ਰਫੁਲਤਾ ਵਲ ਸ਼ੁਭ ਸੰਕੇਤ ਹੈ।

**(ਸ) ਵਾਰ ਦੀਆਂ ਸਿਧਾਂਤਕ ਤੇ ਸਾਹਿਤਕ ਵਿਸ਼ੇਸ਼ਤਾਵਾਂ :**

ਸਾਹਿਤਕ ਪੱਖ ਤੋਂ ਜਾਂ ਰੂਪਕ ਪੱਖ ਤੋਂ ਵਾਰ ਦਾ ਪਹਿਲਾ ਜਾਂ ਪ੍ਰਥਮ ਲੱਛਣ ਮੰਗਲਾਚਰਣ ਹੈ ਜਿਸ ਵਿਚ ਵਾਰਕਾਰ ਆਪਣੇ ਇਸ਼ਟ ਦੀ ਅਰਾਧਨਾ ਕਰਦਾ ਹੈ। ਵਾਰਕਾਰ ਪਰਮਾਤਮਾ ਤੋਂ ਆਪਣੀ

ਰਚਨਾ ਨਿਰਵਿਘਨ ਸਮਾਪਤ ਹੋਣ ਦਾ ਵਰਦਾਨ ਮੰਗਦਾ ਹੈ ਅਤੇ ਆਪਣੇ ਇਸ਼ਟ ਦੇਵ ਗੁਰੂ ਦੀ ਵਡਿਆਈ ਉਸਦੀ ਸਰਬ ਸਮਰਥਤਾ ਤੇ ਸਰਬ ਵਿਆਪਕਤਾ ਦੀ ਭਰਪੂਰ ਕੀਰਤੀ ਗਾਈ ਜਾਂਦੀ ਹੈ। ਜਿਵੇਂ:

ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈ ਧਿਆਇ॥
ਫਿਰਿ ਅੰਗਦ ਗੁਰ ਤੇ ਅਮਰ ਦਾਸੁ ਰਾਮਦਾਸੈ ਹੋਈ ਸਹਾਇ॥
ਅਰਜਨ ਹਰਗੋਬਿੰਦ ਨੋ ਸਿਮਰੋ ਸ੍ਰੀ ਹਰ ਰਾਇ॥
ਸ੍ਰੀ ਹਰਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭ ਦੁਖਿ ਜਾਇ॥
ਤੇਗ ਬਹਾਦੁਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ॥
ਸਭ ਥਾਈਂ ਹੋਇ ਸਹਾਇ।੧।[33]

ਨਜ਼ਾਬਤ ਨੇ ਵੀ ਆਪਣੀ ਵਾਰ ਦਾ ਆਰੰਭ ਮੰਗਲਾਚਰਣ ਨਾਲ ਕੀਤਾ ਹੈ:

ਸਹੀ ਸੱਚ ਖੁਦਾਵੰਦ ਬਾਦਸ਼ਾਹ
ਸੱਚੇ ਕੰਮ ਤੇਰੇ ਸੁਬਹਾਨਾ।
ਸਰਪਰ ਉਹਾ ਹੋਸੀਆ,
ਜਿਹੀ ਲਿਖੀ ਏ ਵਿੱਚ ਕੁਰਾਨਾ॥[34]

ਮੰਗਲਾਚਰਣ ਤੋਂ ਬਾਅਦ ਵਾਰ ਦੇ ਤਿੰਨ ਪੱਖ ਵਾਰੋ ਵਾਰੀ ਬਿਆਨ ਕੀਤੇ ਜਾਂਦੇ ਹਨ। ਇਹਨਾਂ ਤਿੰਨ ਪੱਖਾਂ ਨੂੰ ਡਾਕਟਰ ਰਤਨ ਸਿੰਘ ਜੱਗੀ ਨੇ ਤਿੰਨ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਨੂੰ ਸ਼ੰਕਾ ਪੱਖ ਆਖਦੇ ਹਨ। ਇਸ ਵਿੱਚ ਯੁੱਧ ਦੇ ਕਾਰਣਾ ਬਾਰੇ ਪ੍ਰਕਾਸ਼ ਪਾਇਆ ਹੁੰਦਾ ਹੈ। ਦੂਸਰੇ ਪੱਖ ਨੂੰ ਸੰਘਰਸ਼ ਪੱਖ ਆਖਦੇ ਹਨ ਜਿਸ ਵਿੱਚ ਯੁੱਧ ਬਾਰੇ ਵਿਸਥਾਰ ਸਹਿਤ ਚਿਤ੍ਰਣ ਹੁੰਦਾ ਹੈ। ਅਤੇ ਤੀਸਰੇ ਭਾਗ ਨੂੰ ਸਮਾਧਾਨ ਪੱਖ ਦਾ ਨਾਂ ਦਿੱਤਾ ਹੈ। ਇਸ ਵਿੱਚ ਯੁੱਧ ਦੇ ਸਿੱਟਿਆਂ ਦਾ ਵਿਸ਼ਲੇਸ਼ਣ ਦੱਸਿਆ ਹੁੰਦਾ ਹੈ। ਹਾਰੇ ਅਤੇ ਜਿੱਤੇ ਪੱਖਾਂ ਦਾ ਵਿਸ਼ਲੇਸ਼ਣ ਵੀ ਇਸੇ ਹਿੱਸੇ ਦੇ ਅੰਤਰਗਤ ਆਉਂਦਾ ਹੈ। ਇਸ ਤੋਂ ਬਾਅਦ ਸਾਰੀ ਰਚਨਾ ਦਾ ਆਮ ਤੌਰ ਤੇ ਮਹਾਤਮ ਦੱਸਿਆ ਹੁੰਦਾ ਹੈ। ਇਹ ਮਹਾਤਮ ਮਹਾਂਪੁਰਖਾਂ

ਦੁਆਰਾ ਲਿਖੀਆਂ ਵਾਰਾਂ ਦੇ ਅਖੀਰ ਤੇ ਲਿਖਿਆ ਮਿਲ ਜਾਂਦਾ ਹੈ।[35] ਇਨ੍ਹਾਂ ਪੱਖਾਂ ਤੋਂ ਇਲਾਵਾ ਕਈ ਵਾਰੀ ਵਾਰਾਂ ਦਾ ਮਹਾਤਮ ਵੀ ਲਿਖਿਆ ਹੁੰਦਾ ਹੈ । ਜਿਵੇਂ ਗੁਰੂ ਗੋਬਿੰਦ ਸਿੰਘ ਦੁਆਰਾ ਚੰਡੀ ਦੀ ਵਾਰ ਦੇ ਅੰਤ ਵਿਚ ਲਿਖਿਆ ਹੈ:

ਦੁਰਗਾ ਪਾਠ ਬਣਾਇਆ, ਸੱਭੇ ਪਉੜੀਆ।।

ਫੇਰਿ ਨ ਜੂਨੀ ਆਇਆ ਜਿਨਿ ਇਹ ਗਾਇਆ।।[36]

ਟੱਕਰ ਜਾਂ ਸੰਘਰਸ਼ ਵਾਰ ਦਾ ਮਹੱਤਵਪੂਰਨ ਅੰਗ ਹੈ। ਇਹ ਟੱਕਰ ਦੋ ਧਿਰਾਂ ਜਾਂ ਸ਼ਕਤੀਆਂ ਦੇ ਵਿਚਕਾਰ ਹੁੰਦੀ ਹੈ ਕਿਉਂਕਿ ਟੱਕਰ ਤੋਂ ਬਿਨਾਂ ਬੀਰ-ਰਸ ਦਾ ਉਤਪੰਨ ਹੋਣਾ ਅਸੰਭਵ ਹੈ। ਬੀਰ ਰਸ ਤੋਂ ਬਿਨਾਂ ਵਾਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹ ਟੱਕਰ ਜ਼ਰੂਰੀ ਨਹੀਂ ਕਿ ਜੰਗੀ ਮੈਦਾਨ ਵਿਚ ਹੋਵੇ, ਇਹ ਟੱਕਰ ਅਧਿਆਤਮਕ ਜਾਂ ਮਾਨਸਿਕ ਵੀ ਹੋ ਸਕਦੀ ਹੈ। ਅਧਿਆਤਮਕ ਵਾਰਾਂ ਵਿਚ ਇਹ ਟੱਕਰ ਪ੍ਰਤੱਖ/ਅਪ੍ਰਤੱਖ, ਸੱਚ ਝੂਠ, ਨੇਕੀ ਬਦੀ ਦੀ ਵੀ ਹੋ ਸਕਦੀ ਹੈ ਅਤੇ ਅਸੂਲਾਂ ਦੀ ਵੀ ਹੋ ਸਕਦੀ ਹੈ। ਕਾਰਜ ਜਿੰਨਾ ਮਹਾਨ ਹੋਵੇਗਾ ਟੱਕਰ ਉਤਨੀ ਪ੍ਰਬਲ ਹੋਵੇਗੀ। ਇਸ ਕਾਰਜ ਲਈ ਵਾਰਕਾਰ ਨਾਇਕ ਅਤੇ ਪ੍ਰਤੀਨਾਇਕ ਦੋਹਾਂ ਨੂੰ ਬਰਾਬਰ ਦਾ ਸ਼ਕਤੀਸ਼ਾਲੀ ਵਿਖਾਉਣ ਦੀ ਕੋਸ਼ਿਸ਼ ਕਰਕੇ ਮਨੁੱਖਤਾ ਦੇ ਉਸਾਰੂ ਪੱਖਾਂ ਦੀ ਜਿੱਤ ਵਿਖਾਉਂਦਾ ਹੈ।

ਵਾਰ ਵਿਚ ਵਿਸ਼ਾ ਜਿਨ੍ਹਾਂ ਉਤਸ਼ਾਹ ਭਰਪੂਰ ਹੋਵੇਗਾ, ਪਾਠਕ ਉਤਨੀ ਰੌਚਕਤਾ ਨਾਲ ਹੀ ਉਸ ਵਾਰ-ਰਚਨਾ ਦਾ ਅਨੰਦ ਮਾਣੇਗਾ। ਵਾਰਕਾਰ ਸਾਹਿਤਕ ਵਾਰ ਨੂੰ ਬੀਰ-ਰਸ ਨਾਲ ਓਤਪੋਤ ਕਰਕੇ ਕਾਰਜਸ਼ੀਲ ਵਿਦਰੋਹ ਭਾਵਨਾ ਨਾਲ ਪੇਸ਼ ਕਰੇ ਕਿ ਪਾਠਕ ਜਾਂ ਸਰੋਤਾ ਆਪਣੇ ਆਪ ਨੂੰ ਉਸੇ ਸਥਿਤੀ ਵਿਚ ਜਾਂ ਆਪਣੇ ਆਪ ਨੂੰ ਰਣਭੂਮੀ ਵਿਚ ਜੂਝਦਾ ਹੋਇਆ ਮਹਿਸੂਸ ਕਰੇ ਅਤੇ ਉਸ ਦੀਆਂ ਰਗਾਂ ਵਿਚ ਖ਼ੂਨ ਉਬਾਲੇ ਖਾਣ ਲਗ ਪਏ ਤੇ ਉਹ ਜੋਸ਼ ਨਾਲ ਕੰਬਣ ਲਗ ਪਏ ਜਿਵੇਂ :

ਦੁਹਾਂ ਕੰਧਾਰਾਂ ਮੂੰਹ ਜੁੜੇ ਅਣੀਆਰਾਂ ਚੋਈਆਂ।

ਧੂਹਿ ਕਿਰਪਾਣਾਂ ਤਿੱਖੀਆਂ ਨਾਲ ਲਹੂ ਧੋਈਆਂ।[37]

ਦੁਪੱਖਤਾ ਵਾਰ ਦਾ ਤਿੱਜਾ ਮਹੱਤਵਪੂਰਨ ਹਿੱਸਾ ਹੈ। ਜਿਸ ਤੋਂ ਬਿਨ੍ਹਾਂ ਵਾਰ ਹੋਂਦ ਵਿਚ ਨਹੀਂ

ਆ ਸਕਦੀ। ਇਹ ਗੱਲ ਕੇਵਲ ਬੀਰ-ਰਸੀ ਵਾਰਾਂ ਤੇ ਹੀ ਨਹੀਂ ਢੁੱਕਦੀ ਸਗੋਂ ਅਧਿਆਤਮਕ ਵਾਰਾਂ ਤੇ ਵੀ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਇਸ ਦੁਪੱਖਤਾ ਵਿਚ ਇਕ ਧਿਰ ਜੋ ਸੱਚ ਦਾ ਧਾਰਨੀ ਹੁੰਦੀ ਹੈ, ਉਸ ਰਾਹੀਂ ਇਨਕਲਾਬੀ ਜਾਂ ਸਮਾਜਿਕ ਤਬਦੀਲੀ ਦਾ ਸ਼ੁਭ ਸੰਦੇਸ਼ ਦਿੱਤਾ ਜਾਂਦਾ ਹੈ।

'ਜੱਸ' ਵਾਰ ਦਾ ਚੌਥਾ ਲੱਛਣ ਹੈ। ਜਿਥੇ ਬਾਹਰਮੁਖੀ ਵਾਰਾਂ ਬਹਾਦਰ ਵਿਅਕਤੀ ਦੀ ਭਰਪੂਰ ਸ਼ਲਾਘਾ ਕਰਦੀਆਂ ਹਨ ਉਥੇ ਅਧਿਆਤਮਕ ਵਾਰਾਂ ਵਿਚ ਕਿਸੇ ਵਿਸ਼ੇਸ਼ ਵਿਅਕਤੀ ਦੀ ਥਾਂ ਤੇ ਪਰਮਾਤਮਾ ਦਾ ਜੱਸ ਗਾਇਆ ਜਾਂਦਾ ਹੈ ਕਿਉਂਕਿ ਪਰਮਾਤਮਾ ਹੀ ਵਾਰ ਦਾ ਨਿਰਨਾਇਕ ਹੁੰਦਾ ਹੈ। ਵਾਰ ਵਿਚ ਨਾਇਕ ਦਾ ਜੱਸ ਅਤੇ ਪ੍ਰਤਿਨਾਇਕ ਦਾ ਅਪਜੱਸ ਗਾਇਆ ਹੁੰਦਾ ਹੈ। ਵਾਰ ਵਿਚ ਨਾਇਕ ਨੂੰ ਜਿੰਨਾਂ ਮਹਾਨ ਦੱਸਣਾ ਹੁੰਦਾ ਹੈ ਉਤਨਾ ਹੀ ਪ੍ਰਤਿਨਾਇਕ ਨੂੰ ਵੀ ਬਲਵਾਨ ਦਿਖਾਉਣਾ ਹੁੰਦਾ ਹੈ। ਅੰਤਰ ਕੇਵਲ ਇਹ ਹੁੰਦਾ ਹੈ ਕਿ ਨਾਇਕ ਦੀ ਸੋਚ ਉਸਾਰੂ ਹੁੰਦੀ ਹੈ ਅਤੇ ਪ੍ਰਤੀਨਾਇਕ ਦਾ ਨਿਸ਼ਾਨਾ ਸਮਾਜ ਨੂੰ ਗਿਰਾਵਟ ਵੱਲ ਲੈ ਜਾਣ ਵਾਲਾ ਹੁੰਦਾ ਹੈ। ਸੰਸਾਰਕ ਵਾਰ ਦੇ ਨਾਇਕ ਨੂੰ ਉਚੇਰਾ ਵਿਖਾਉਣ ਲਈ ਵਾਰਕਾਰ ਵਲੋਂ ਆਮ ਤੌਰ ਤੇ ਉਸ ਵਿਚ ਜਾਂ ਤਾਂ ਦੈਵੀ ਸ਼ਕਤੀਆਂ ਦਿਖਾਈਆਂ ਜਾਂਦੀਆਂ ਹਨ ਜਾਂ ਕੋਈ ਦੈਵੀ ਸ਼ਕਤੀ ਉਸ ਦੀ ਸਹਾਇਤਾ ਕਰਦੀ ਦਿਖਾਈ ਜਾਂਦੀ ਹੈ। ਨਾਇਕ ਦੇ ਜੱਸ ਦੇ ਨਾਲ ਨਾਲ ਉਸ ਦੇ ਵਿਰੋਧੀ ਦੀ ਬਹਾਦੁਰੀ ਬਾਰੇ ਵੀ ਪੂਰੇ ਨਿਆਂ ਨਾਲ ਵਰਨਣ ਕੀਤਾ ਜਾਂਦਾ ਹੈ। ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਵਿਚ ਦੁਰਗਾ ਦਾ ਜੱਸ ਗਾਉਣ ਵੇਲੇ ਰਾਖਸਾਂ ਦੇ ਸਰੂਪ ਨੂੰ ਵੀ ਪੂਰੇ ਨਿਆਂ ਨਾਲ ਚਿੱਤਰਿਆ ਹੈ:

ਲਖ ਨਗਾਰੇ ਵੱਜਣ ਆਮ੍ਹੋ ਸਾਮ੍ਹਣੇ।
ਰਾਕਸ ਰਣੋ ਨ ਭਜਨ ਰੋਹੇ ਰੋਹਲੇ।
ਸੀਹਾਂ ਵਾਂਗੂ ਗੱਜਨ, ਸੱਭੇ ਸੂਰਮੇ।
ਤਣਿ ਤਣਿ ਕੈਬਰ ਛੱਡਣ ਦੁਰਗਾ ਸਾਮ੍ਹਣ।[38]

ਵਾਰਕਾਰ ਗੁਰੂ ਗੋਬਿੰਦ ਸਿੰਘ, ਗਿਆਨ-ਸੰਦਰਭੀ ਸ਼ਕਤੀ ਦੇ ਆਧਾਰ ਤੇ ਪ੍ਰਬੰਧਾਂ ਨੂੰ ਨਿਆਂਸ਼ੀਲ ਬਣਾਉਣ ਵਲ ਰੁਚਿਤ ਹਨ। ਵਾਰਕਾਰ ਦਾ ਇਹ ਮਕਸਦ, ਪਰਮ-ਸੱਚ, ਕਾਲਿਕ ਤੇ

ਪਾਰਗਾਮੀ ਪਰਾਭੌਤਿਕ ਗਿਆਨ ਅਤੇ ਮਾਨਵ-ਚੇਤਨਾ ਦੇ ਪੂਰਨ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਦਾ ਹੈ।

ਅਜਿਹੇ ਹੀ ਨਿਆਂਸ਼ੀਲ ਅਧਾਰ ਪ੍ਰਬੰਧਾਂ ਨੂੰ ਡਾ. ਤਾਰਨ ਸਿੰਘ ਆਪਣੇ ਸ਼ਬਦਾਂ ਵਿਚ ਇਉਂ ਬਿਆਨ ਕਰਦਾ ਹੈ:

> ਵਾਰ ਦਾ ਪਿੜ ਜੀਵਨ ਹੈ। ਵਾਰ ਦਾ ਨਾਇਕ ਮਨੁੱਖ ਹੈ। ਵਾਰ ਦਾ ਨਿਰਦੇਸ਼ਕ ਗੁਰੂ ਹੈ। ਵਾਰ ਦਾ ਨਿਰਨਾਇਕ ਪਰਮਾਤਮਾ ਹੈ ਵਾਰਾਂ ਦੀ ਸ਼ਕਤੀ ਆਤਮ ਪਛਾਣ ਹੈ। ਵਾਰ ਮਨੁੱਖ ਦੀ ਉੱਜਲ ਹੋਣ ਦੀ ਸਾਖੀ ਹੈ। ਵਾਰ ਮਾਨਵਤਾ ਤੋਂ ਵਾਰਨੇ ਜਾਂਦੀ ਹੈ।[39]

ਵਾਰ ਦਾ ਅਗਲਾ ਲੱਛਣ ਪਾਉੜੀ ਹੈ। ਪੁਰਾਤਨ 'ਵਾਰ' ਪਉੜੀ ਦੇ ਰੂਪ ਵਿਚ ਹੀ ਮਿਲਦੀ ਹੈ। ਇਹ ਖੁਲ੍ਹੇ ਨਿਸਾਨੀ ਛੰਦ ਵਿਚ ਵੀ ਰਚੀ ਜਾਂਦੀ ਹੈ। ਪਿੱਛੋਂ ਕਈ ਕਵੀਆਂ ਨੇ ਵਾਰ ਲਈ ਬੈਂਤ, ਸਵੱਈਆ, ਦਵੱਈਆ, ਡਿਊਢ ਅਤੇ ਕੁੰਡਲੀਆ ਛੰਦ ਵੀ ਵਰਤੇ ਹਨ। ਮੁਸਲਮਾਨ ਕਵੀਆਂ ਨੇ .ਵਾਰ ਸੀਹਰਫੀਆਂ ਵਿਚ ਵੀ ਰਚੀ ਹੈ ਪਰੰਤੂ ਸਾਹਿਤਕਾਰਾਂ ਨੇ ਵਾਰ ਰਚਨਾ ਲਈ 'ਪਉੜੀ ਰੂਪ' ਹੀ ਵਧੇਰੇ ਸਵੀਕਾਰਿਆ ਹੈ। ਪਉੜੀ ਨੂੰ ਪਿਆਰਾ ਸਿੰਘ ਪਦਮ ਨੇ ਵਾਰ ਦਾ ਪਿੰਡਾ ਅਤੇ ਰਤਨ ਸਿੰਘ ਜੱਗੀ ਨੇ ਵਾਰ ਦਾ ਕਲੇਵਰ ਆਖਿਆ ਹੈ। ਡਾ. ਰਤਨ ਸਿੰਘ ਜੱਗੀ ਦੇ ਅਨੁਸਾਰ "ਜੇ ਟੱਕਰ ਵਾਰ ਦੀ ਆਤਮਾ ਹੈ ਤੇ ਪਾਉੜੀ ਕਲੇਵਰ।"[40] ਭਾਈ ਕਾਨ੍ਹ ਸਿੰਘ ਨਾਭਾ ਪਾਉੜੀ ਨੂੰ ਛੰਦ ਦਾ ਰੂਪ ਦਰਸਾਉਂਦੇ ਹੋਏ ਆਪਣੇ ਵਿਚਾਰ ਇੰਝ ਪ੍ਰਗਟ ਕਰਦੇ ਹਨ:

> ਇੱਕ ਛੰਦ ਜਿਸ ਵਿਚ ਵਿਸ਼ੇਸ਼ ਕਰਕੇ ਯੁਧ ਦੀਆਂ ਵਾਰਾਂ ਰਚੀਆਂ ਜਾਂਦੀਆਂ ਹਨ 'ਢਾਡੀ ਲੋਕ ਯੁਧ ਦਾ ਪ੍ਰਸੰਗ ਵਾਰਤਿਕ ਸੁਣਾ ਕੇ ਉਸ ਦਾ ਸਾਰ ਪੌੜੀ ਛੰਦ ਵਿਚ ਲੈ ਤਾਰ ਨਾਲ ਮ੍ਰਿਦੰਗ ਦੀ ਸਹਾਇਤਾ ਸਾਥ ਗਾ ਕੇ ਪ੍ਰਕਰਣ ਸਮਾਪਤ ਕਰਦੇ ਹਨ। 'ਦੁਰਗਾ ਪਾਠ ਬਣਾਇਆ ਸਭੇ ਪਾਉੜੀਆ।[41]

ਪਾਉੜੀ ਵਾਰ ਦੀ ਲਾਜ਼ਮੀ ਸ਼ਰਤ ਮੰਨੀ ਗਈ ਹੈ। ਇਨ੍ਹਾਂ ਵਿਚ ਮਾਤ੍ਰਾਵਾਂ 8 ਤੋਂ 42 ਤਕ

ਹੁੰਦੀਆਂ ਹਨ। ਪਉੜੀ ਵਿਚ ਰਚਨਾ ਦੀ ਗਿਣਤੀ ਅਨਿਸਚਿਤ ਹੋਣ ਕਾਰਨ ਵਧੇਰੇ ਖੁਲ੍ਹ ਹੁੰਦੀ ਹੈ। ਇਕ ਵਾਰ ਵਿਚ ਚਾਹੇ ਕਿੰਨੀਆਂ ਹੀ ਪਉੜੀਆ ਹੋਣ, ਕੋਈ ਬੰਦਿਸ਼ ਨਹੀਂ। ਵਾਰ ਚਾਰ ਪਉੜੀਆਂ ਦੀ ਵੀ ਹੋ ਸਕਦੀ ਹੈ ਅਤੇ ਚਾਲੀ ਪਾਉੜੀਆਂ ਦੀ ਵੀ। ਪਉੜੀ ਦਾ ਅਰਥ ਹੈ ਅਜਿਹੇ ਪੈਰ ਰੱਖਣ ਦੀਆਂ ਥਾਵਾਂ ਜਾਂ ਡੰਡਿਆਂ ਦੀ ਤਰਤੀਬ ਜਿਨ੍ਹਾਂ ਤੇ ਪੈਰ ਧਰ ਕੇ ਉਪਰਲੀ ਮੰਜ਼ਿਲ ਜਾਂ ਕੋਠੇ ਤੇ ਜਾਈਦਾ ਹੈ। ਕਈ ਢਾਡੀ ਪਾਉੜੀ ਨੂੰ ਛੰਦ ਦੇ ਤੌਰ ਤੇ ਵਿਚਾਰਦੇ ਹਨ, ਪਰ ਪਾਉੜੀ ਦਾ ਅਰਥ ਵਾਰ ਦੇ ਸੰਦਰਭ ਵਿਚ ਇਸ ਤਰ੍ਹਾਂ ਹੋਏਗਾ ਜਿਵੇਂ ਅਸੀਂ ਪਾਉੜੀ ਦਰ ਪਾਉੜੀ ਪੈਰ ਰੱਖ ਕੇ ਆਪਣੀ ਮੰਜ਼ਿਲ ਤੇ ਪਹੁੰਚਦੇ ਹਾਂ। ਉਸੇ ਤਰ੍ਹਾਂ ਵਾਰਾਂ ਵਿਚਲੇ ਨਾਇਕ ਹਰ ਪੜਾਅ ਰੂਪੀ ਡੰਡੇ ਨੂੰ ਸਰ ਕਰਕੇ ਕਿਸੇ ਮੰਜ਼ਿਲ ਤੇ ਪਹੁੰਚਦੇ ਪ੍ਰਤੀਤ ਹੁੰਦੇ ਹਨ। ਡਾਕਟਰ ਪਿਆਰਾ ਸਿੰਘ ਪਦਮ ਦੇ ਅਨੁਸਾਰ:

> ਪਾਉੜੀ ਵਾਰ ਲਈ ਇਕ ਚਰਣ ਪ੍ਰਬੰਧ ਹੈ। ਇਸ ਤੋਂ ਬਿਨਾਂ ਕੋਈ ਰਚਨਾ ਵਾਰ ਨਹੀਂ ਬਣ ਸਕਦੀ। ਪਾਉੜੀ ਵਾਰ ਦਾ ਪਿੰਡਾ ਹੈ ਤੇ ਯੁਧ ਕਥਾ ਇਸ ਦੀ ਰੂਹ, ਦੋਹਾਂ ਦੇ ਮੇਲ ਨਾਲ ਹੀ ਵਾਰ ਦੀ ਸਿਰਜਣਾ ਹੁੰਦੀ ਹੈ।[42]

ਵਾਰ ਅਧਿਆਤਮਕ ਵਾਰਾਂ ਨੂੰ ਛੱਡ ਕੇ ਇਤਿਹਾਸਕ ਹਵਾਲਿਆਂ ਦਾ ਹੋਣਾ ਜ਼ਰੂਰੀ ਸਮਝਿਆ ਜਾਂਦਾ ਹੈ। ਕਿਸੇ ਦਰਪੇਸ਼ ਸਮੱਸਿਆ ਦੇ ਹਲ ਲਈ ਕਿਸੇ ਬੀਤੀ ਹੋਈ ਘਟਨਾ ਦੀ ਬੀਰ-ਰਸੀ ਢੰਗ ਨਾਲ ਕੀਤੀ ਪੁਨਰ ਸਿਰਜਣਾ ਨਾਲ ਵਾਰ ਦਾ ਇਤਿਹਾਸਕ ਅਧਾਰ ਦ੍ਰਿੜ ਹੁੰਦਾ ਹੈ। ਲੋੜ ਅਨੁਸਾਰ ਕਲਪਨਾ ਤੋਂ ਵੀ ਕੰਮ ਲਿਆ ਜਾ ਸਕਦਾ ਹੈ। ਅਗਰਾ ਰਚਿਤ ਵਾਰ 'ਹਕੀਕਤ ਰਾਏ' ਵਿਚ ਇਤਿਹਾਸਿਕ ਸੱਚ ਦੀ ਪੇਸ਼ਕਾਰੀ ਹੈ। ਕਈ ਵਾਰਾਂ ਵਿਚ ਮਿਥਿਹਾਸਿਕ ਹਵਾਲੇ ਵੀ ਮਿਲਦੇ ਹਨ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਚੰਡੀ ਦੀ ਵਾਰ' ਦੀ ਕਥਾ ਮਿਥਹਾਸਿਕ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਮਲਾਰ ਦੀ ਵਾਰ' ਦੀ ਵਿਚ ਕਈ ਕਥਾ ਮਿਥਹਾਸਿਕ ਹਵਾਲੇ ਲਏ ਹਨ। ਉਨ੍ਹਾਂ ਨੇ ਪਾਉੜ ਨੰ: 21 ਅਤੇ ਪਾਉੜੀ ਨੰ: 27 ਦੇ ਸਲੋਕਾਂ ਵਿਚ ਇਨ੍ਹਾਂ ਹਵਾਲਿਆਂ ਦੀ ਵਰਤੋਂ ਕੀਤੀ ਹੈ:

ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ॥

ਬ੍ਰਹਮੇ ਦਿਤੇ ਬੇਦ ਪੂਜਾ ਲਾਇਆ॥

ਦਸ ਅਵਤਾਰੀ ਰਾਮੁ ਰਾਜਾ ਆਇਆ॥[43]

ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਆਪਣੇ ਸਮੇਂ ਦੀ ਰਾਜਨੀਤਕ ਅਤੇ ਸਮਾਜਕ ਦਸ਼ਾ ਬਾਰੇ ਜਾਣੂੰ ਕਰਵਾਇਆ ਹੈ।

ਰਾਜੇ ਸੀਹ ਮੁਕਦਮ ਕੁਤੇ॥

ਜਾਇ ਜਗਾਇਨਿ ਬੈਠੇ ਸੁਤੇ।[44]

ਰਸ ਵੀ ਵਾਰ ਦਾ ਮਹੱਤਵਪੂਰਨ ਅੰਗ ਹੈ। ਬੀਰ-ਰਸੀ ਵਾਰ ਦੁਆਰਾ ਕਿਸੇ ਵਿਅਕਤੀ ਜਾਂ ਸਮੂਹ ਨੂੰ ਉਤਸਾਹਿਤ ਕੀਤਾ ਜਾ ਸਕਦਾ ਹੈ। ਵਾਰ ਕਾਵਿ ਦੇ ਸਹਿਯੋਗੀ ਰਸ, ਅਦਭੁਤ, ਭਿਆਨਕ ਰੌਦਰ ਅਤੇ ਕਰੁਣਾ ਰਸ ਨੂੰ ਮੰਨਿਆ ਗਿਆ ਹੈ ਪ੍ਰੰਤੂ ਅਧਿਆਤਮਕ ਵਾਰਾਂ ਵਿਚ ਵਿਸ਼ੇਸ਼ ਰੂਪ ਵਿਚ ਸ਼ਾਂਤ ਰਸ ਦ੍ਰਿਸ਼ਟੀਗੋਚਰ ਹੁੰਦਾ ਹੈ। ਜਿਵੇਂ:

ਉਦਮੁ ਕਰੇਦਿਆਂ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥

ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥[45]

ਵਾਰ ਵਿਚ ਅਲੰਕਾਰਾਂ ਦੀ ਵਰਤੋਂ ਦਿਖਾਵੇ ਜਾਂ ਉਚੇਚੇ ਤੌਰ ਤੇ ਨਹੀਂ ਕੀਤੀ ਜਾਂਦੀ ਸਗੋਂ ਵਾਰਾਂ ਵਿਚ ਖ਼ੂਬਸੂਰਤੀ ਭਰਨ ਲਈ ਕਈ ਤਰ੍ਹਾਂ ਦੇ ਅਲੰਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅਲੰਕਾਰ ਭਾਵਾਂ ਨੂੰ ਤੀਬਰ ਕਰਦੇ ਹਨ। ਵਾਤਾਵਰਣ ਬੰਨ੍ਹਣ ਲਈ ਅਨੁਪ੍ਰਾਸ ਅਤੇ ਪੁਨਰੋਕਤੀ ਨਾ ਦੇ ਸ਼ਬਦ ਅਲੰਕਾਰ ਵਰਤੇ ਜਾਂਦੇ ਹਨ ਅਤੇ ਯੋਧਿਆਂ ਦੇ ਬਹਾਦਰੀ ਦੇ ਕਾਰਨਾਮਿਆਂ ਨੂੰ ਅਤਿਕਥਨੀ ਅਲੰਕਾਰ ਨਾਲ ਸਜਾਇਆ ਜਾਂਦਾ ਹੈ। ਇਸ ਤੋਂ ਇਲਾਵਾ ਰੂਪਕ, ਦ੍ਰਿਸ਼ਟਾਂਤ, ਉਪਮਾ ਆਦਿ ਅਲੰਕਾਰ ਵੀ ਵਰਤੇ ਜਾਂਦੇ ਹਨ। ਚੰਡੀ ਦੀ ਵਾਰ ਵਿਚ ਉਪਮਾ ਅਲੰਕਾਰ ਦੀ ਵਰਤੋਂ ਬਹੁਤ ਸੋਹਣੇ ਢੰਗ ਨਾਲ ਕੀਤੀ ਹੈ:

ਬੀਰ ਪਰੋਤੇ ਬਰਛੀਏ ਜਣ ਡਾਲ ਚਮੁਟੇ ਆਵਲੇ।

ਇਕ ਵੱਢੇ ਤੇਗੀ ਤੜਫੀਅਨ ਮਦ ਪੀਤੇ ਲੋਟਨ ਬਾਵਲੇ।[46]

ਵਾਰ ਵਿਚ ਹਰ ਤਰ੍ਹਾਂ ਦੇ ਅਲੰਕਾਰ ਵਰਤੇ ਜਾਂਦੇ ਹਨ। ਪ੍ਰੰਤੂ ਅਤਕਥਨੀ ਅਲੰਕਾਰ ਦੀ ਵਰਤੋਂ ਉਚੇਚੇ ਤੌਰ ਤੇ ਕੀਤੀ ਜਾਂਦੀ ਹੈ। ਅਤਿਕਥਨੀ ਉਹ ਅਲੰਕਾਰ ਹੈ ਜਿਹੜਾ ਵਿਸ਼ਵਾਸ ਦੀਆਂ ਹੱਦਾਂ ਟੱਪ ਜਾਵੇ। ਇਸ ਅਲੰਕਾਰ ਦਾ ਮਨੋਰਥ ਕਿਸੇ ਗੱਲ ਤੇ ਜ਼ੋਰ ਦੇਣਾ ਹੁੰਦਾ ਹੈ ਭਾਵੇਂ ਇਹ ਯਥਾਰਥਕ ਰੂਪ ਵਿਚ ਮੰਨਣਯੋਗ ਨਹੀਂ ਹੁੰਦਾ ਜਿਵੇਂ:

ਚੰਡੀ ਰਾਕਿਸ਼ ਖਾਣੀ ਵਾਹੀ ਦੈਂਤ ਨੂੰ
ਕੋਪਰ ਚੁਰ ਚਵਾਣੀ ਲਥੀ ਕਰਗ ਲੈ।[47]

ਬੋਲੀ ਤੇ ਸ਼ੈਲੀ ਵਾਰ ਦੇ ਵਿਸ਼ੇਸ਼ ਤੱਤਾਂ ਵਜੋਂ ਸਵੀਕਾਰ ਕੀਤੇ ਜਾਂਦੇ ਹਨ। ਵਾਰਕਾਰਾਂ ਨੇ ਵਿਸ਼ੇ ਅਨੁਸਾਰ ਢੁਕਵੀਂ ਮੁਹਾਵਰੇਦਾਰ ਵੇਗਮਈ, ਰਵਾਨੀ ਭਰੀ ਅਤੇ ਬੀਰ-ਰਸੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ਜਿਸ ਨਾਲ ਵਾਰਾਂ ਦੀ ਪ੍ਰਭਾਵਸ਼ਾਲੀ ਸ਼ਕਤੀ ਸਰਵ ਵਿਆਪਕ ਹੋ ਜਾਂਦੀ ਹੈ। ਵਾਰ ਕਿਉਂਕਿ ਇਕ ਲੋਕ ਕਾਵਿ ਹੈ ਇਸ ਲਈ ਇਸ ਦੀ ਬੋਲੀ ਵੀ ਆਮ ਸਮਝ ਵਿਚ ਆ ਜਾਣ ਵਾਲੀ ਹੋਣੀ ਚਾਹੀਦੀ ਹੈ। ਬੀਰ-ਰਸੀ ਵਾਰਾਂ ਵਿਚ ਅਜਿਹੀ ਬੋਲੀ ਵਰਤੀ ਜਾਂਦੀ ਹੈ ਜਿਸ ਨਾਲ ਵੀਰਤਾ ਦੇ ਭਾਵ ਪ੍ਰਚੰਡ ਹੋਣ। ਬੀਰ ਰਸੀ ਵਾਰਾਂ ਵਿਚ ਲ, ੜ, ਢ , ਡ ਅਤੇ ਟ ਆਦਿਕ ਧੁਨੀਆਂ ਵਿਸ਼ੇਸ਼ ਘੂਕਰ ਪੈਦਾ ਕਰਨ ਵਿਚ ਸਹਾਈ ਹੁੰਦੀਆਂ ਹਨ। ਅਧਿਆਤਮਕ ਵਾਰਾਂ ਦੀ ਬੋਲੀ ਗੰਭੀਰ, ਦਾਰਸ਼ਨਿਕ ਤੇ ਸੰਜੀਦਗੀ ਭਰੀ ਹੁੰਦੀ ਹੈ ਭਾਵੇਂ ਇਨ੍ਹਾਂ ਵਿਚ ਕਿਤੇ ਕਿਤੇ ਮਾਨਸਿਕ ਸੰਘਰਸ਼ ਨੂੰ ਪ੍ਰਚੰਡ ਕਰਨ ਲਈ ਭਾਰੀ ਕੜਕਵੇਂ ਬੋਲ ਵਰਤੇ ਜਾਂਦੇ ਹਨ। ਸ਼ੈਲੀ ਸਾਹਿਤ ਦੀ ਅਭਿਵਿਅੰਜਨਾ ਨਾਲ ਸੰਬੰਧਤ ਹੈ। ਹਰ ਸਾਹਿਤਕਾਰ ਦਾ ਪ੍ਰਗਟਾਅ ਮਾਧਿਅਮ ਭਾਵੇਂ ਭਾਸ਼ਾ ਹੀ ਹੁੰਦੀ ਹੈ। ਪਰੰਤੂ ਉਸ ਦਾ ਪ੍ਰਗਟਾਅ ਢੰਗ ਉਸਦੀ ਸ਼ੈਲੀ ਕਾਰਨ ਵੱਖਰੀ ਕਿਸਮ ਦਾ ਹੁੰਦਾ ਹੈ।

ਵਾਰ ਦੀ ਇਹ ਵਿਸ਼ੇਸ਼ਤਾ ਹੈ ਕਿ ਉਸ ਦਾ ਕੋਈ ਨਾ ਕੋਈ ਨਾਇਕ ਜ਼ਰੂਰ ਹੁੰਦਾ ਹੈ। ਬਾਹਰਮੁਖੀ ਵਾਰਾਂ ਦਾ ਨਾਇਕ ਮਨੁੱਖ ਹੁੰਦਾ ਹੈ। ਅਧਿਆਤਮਕ ਤੇ ਧਾਰਮਿਕ ਅੰਤਰਮੁਖੀ ਵਾਰਾਂ ਦਾ ਅਧਿਐਨ ਕਰੀਏ ਤਾਂ ਗੁਰਮੁਖ ਤੇ ਮਨਮੁਖ ਦੋ ਕਿਰਦਾਰੀ ਸ਼ਕਤੀਆਂ ਲੈ ਕੇ ਉਨ੍ਹਾਂ ਦਾ ਆਪਸੀ ਘੋਲ ਮਨੁੱਖੀ ਮਨ ਦੇ ਅਖਾੜੇ ਵਿਚ ਕਰਵਾਇਆ ਜਾਂਦਾ ਹੈ ਤੇ ਆਖਰ ਯੁਧ ਦਾ ਘੋਲ ਗੁਰਮੁਖ ਨੂੰ ਜਿੱਤਦਾ

ਦਿਖਾਇਆ ਹੈ:

ਹਾਰ ਚਲੈ ਗੁਰਮੁਖ ਜਗ ਜੀਤਾ।।[48]

ਤੇਰੈ ਨਾਇ ਰਤੇ ਸੇ ਜਿਣਿ ਗਏ

ਹਾਰਿ ਗਏ ਸਿ ਠਗਣ ਵਾਲਿਆ।।[49]

ਉਪਰੋਕਤ ਚਰਚਾ ਤੋਂ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਸਾਹਿਤ ਵਿਚ ਮੁੱਖ ਤੌਰ ਤੇ ਦੋ ਪ੍ਰਕਾਰ ਦੀਆਂ ਵਾਰਾਂ ਉਪਲਬਧ ਹਨ। ਇਕ ਬੀਰ ਰਸੀ ਵਾਰਾਂ, ਜਿਹਨਾਂ ਵਿਚ ਕਿਸੇ ਹਮਲੇ ਜਾਂ ਯੁੱਧ ਦਾ ਦ੍ਰਿਸ਼ ਪ੍ਰਸਤੁਤ ਕੀਤਾ ਜਾਂਦਾ ਹੈ। ਯੁਧ ਵਿਚ ਲੜਦੇ ਨਾਇਕ ਦੀ ਉਸਤਤੀ ਸਿਰਖੰਡੀ ਛੰਦ ਅਤੇ ਪਉੜੀ ਵਿਚ ਲਿਖੀ ਜਾਂਦੀ ਹੈ। ਅਜਿਹੀ ਵਾਰ ਦਾ ਪ੍ਰਯੋਜਨ ਬਹਾਰਦੀ ਨਾਲ ਲੜਨ ਵਾਲਿਆਂ ਦੀ ਪ੍ਰਸ਼ੰਸਾ ਕਰਕੇ ਪਾਠਕ/ਸ੍ਰੋਤੇ ਦੇ ਮਨ ਵਿਚ ਜ਼ੁਲਮ ਜਾਂ ਅਨਿਆਂ ਦੇ ਵਿਰੁਧ ਬਹਾਰਦੀ ਨਾਲ ਟੱਕਰ ਲੈਣ ਵਾਸਤੇ ਜੋਸ਼ ਪੈਦਾ ਕਰਨਾ ਹੁੰਦਾ ਹੈ। ਡਾ. ਸੁਖਵਿੰਦਰ ਕੌਰ ਦੇ ਵਿਚਾਰ ਅਨੁਸਾਰ

"ਗੁਰੂ ਨਾਨਕ ਅਤੇ ਹੋਰ ਗੁਰੂ-ਬਾਣੀਕਾਰਾਂ ਦੀ ਵਾਰ ਰਚਨਾ ਤੋਂ ਇਹ ਗੱਲ ਜ਼ਾਹਿਰ ਹੈ ਕਿ ਉਹਨਾਂ ਦਾ ਫਲਸਫਾ ਸੁਤੰਤਰ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਵਲ ਰੁਚਿਤ ਹੈ। ਅਧਿਆਤਮਕ ਵਾਰ ਕਾਵਿ ਦਾ ਕਾਵਿ-ਪ੍ਰਵਚਨ ਵੀ ਇਕੋ ਵੇਲੇ ਰਾਜਸੀ ਅਧੋਗਤੀਆਂ ਜਾਂ ਦਮਨਕਾਰੀ ਰਾਜ ਪ੍ਰਬੰਧ ਦੇ ਵਿਰੋਧ ਵਿਚ ਲੋਕ ਮਾਨਸਿਕਤਾ ਵਿਚ ਸੰਜਮ ਸਿਰਜਣ ਦੀ ਕੋਸ਼ਿਸ਼ ਕਰਦਾ ਹੈ।"[50] ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਵਾਰਾਂ ਪਰਮ-ਪੁਰਖ ਦੀ ਉਸਤਤਿ ਵਿਚ ਹਨ ਨਾ ਕਿ ਰਾਜਿਆਂ ਜਾਂ ਧਾੜਵੀ-ਬਹਾਦਰ ਯੋਧਿਆਂ ਦੀ ਉਸਤਤਿ ਵਿਚ। ਅਧਿਆਤਮਕ ਗਿਆਨ, ਸਤਿਗੁਰੂ ਮਹਿਮਾ, ਪ੍ਰਭੂ-ਪ੍ਰਾਪਤੀ ਦੇ ਸਾਧਨ, ਗੁਰਮੁਖ ਤੇ ਮਨਮੁੱਖ ਦੇ ਲਛਣ, ਦਰਸ਼ਨ, ਬ੍ਰਹਮ, ਜੀਵ, ਜਗਤ ਤੇ ਮਾਇਆ, ਨੈਤਿਕ ਸਦਾਚਾਰਕ ਕਦਰਾਂ-ਕੀਮਤਾਂ, ਆਤਮਕ ਸੰਘਰਸ਼ ਆਦਿ ਵਿਸ਼ੇ ਪ੍ਰਧਾਨ ਹਨ। ਕਾਵਿ-ਰੂਪ ਭਾਵੇਂ ਵਾਰ ਦਾ ਹੈ ਪਰੰਤੂ ਇਹਨਾਂ ਵਾਰਾਂ ਵਿਚ ਦੁਨੀਆਦਾਰ ਰਾਜੇ, ਜਾਂ ਜਾਗੀਰਦਾਰਾਂ ਜਾਂ ਧਾੜਵੀ ਯੋਧਿਆਂ ਦੀ ਉਸਤਤਿ ਨਹੀਂ ਹੈ, ਸਗੋਂ ਅਧਿਆਤਮਕ ਪਿੜ ਦੇ ਸੂਰਮੇ (ਗੁਰਮੁਖ) ਦੀ ਜਸ-ਕੀਰਤ ਕਰਨਾ ਹੀ ਗੁਰੂ-ਬਾਣੀਕਾਰਾਂ/ਵਾਰਕਾਰਾਂ ਦਾ ਮੂਲ ਮਨੋਰਥ ਸੀ। ਗੁਰੂ ਸਾਹਿਬਾਨਾਂ ਦਾ

ਇਹ ਉਦਮ ਇਕ ਦਿਸ਼ਾ-ਨਿਰਦੇਸ਼ਕ ਦੇ ਤੌਰ ਤੇ ਲਿਆ ਜਾ ਸਕਦਾ ਹੈ ਕਿ ਸਾਨੂੰ ਦਮਨਕਾਰੀ ਰਾਜੇ-ਰਾਣਿਆਂ ਜਾਂ ਹੋਰ ਅਜਿਹੇ ਸ਼ਾਸ਼ਕਾਂ ਦੀ ਕੀਰਤ ਨਹੀਂ ਕਰਨੀ ਚਾਹੀਦੀ ਸਗੋਂ ਉਸ ਪਰਮ-ਪੁਰਖ, ਸੱਚੇ ਪਾਤਸ਼ਾਹ, ਪ੍ਰਮਾਤਮਾ ਦੀ ਉਸਤਤਿ ਕਰਨੀ ਚਾਹੀਦੀ ਹੈ ਜੋ ਰਾਜਿਆਂ ਦੀ ਵੀ ਸਿਰਜਣਹਾਰ ਹੈ ਅਤੇ ਆਮ ਲੋਕਾਈ ਦਾ ਵੀ ਉਹੀ ਸਿਰਜਣਹਾਰ ਹੈ। ਗੁਰੂ ਸਾਹਿਬਾਨਾਂ ਦਾ ਉਤਮ-ਮਨੋਰਥ ਮਨੁੱਖ ਨੂੰ ਆਪਣਾ ਹਿਰਦਾ ਸ਼ੁੱਧ ਰੱਖਣ ਵਲ ਪ੍ਰੇਰਤ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਆਦਿ ਵਿਰੋਧੀ ਰੁਚੀਆਂ ਰੂਪੀ ਦੁਸ਼ਮਣਾਂ ਤੇ ਫਤਹਿ ਹਾਸਿਲ ਕਰਕੇ ਗੁਰਮੁੱਖ ਨੂੰ 'ਪੂਰਨ ਗੁਰੂ' ਦੀ ਸਹਾਇਤਾ ਨਾਲ ਨਾਮ-ਜਾਪ ਦੇ ਹਥਿਆਰ ਨਾਲ, ਪ੍ਰਮਾਤਮਾ ਦੇ ਦਰ ਦਾ [illegible]ਡੀ ਬਣਨਾ ਚਾਹੀਦਾ ਹੈ। ਗੁਰੂ ਸਾਹਿਬਾਂ ਦਾ ਉਦੇਸ਼ ਸਮਾਜ-ਵਿਰੋਧੀ ਰੁਚੀਆਂ ਨੂੰ ਤਿਆਗ ਕੇ ਮਨੁੱਖਤਾ ਪ੍ਰਤਿ ਹਾਂ-ਪੱਖੀ ਰੁਚੀਆਂ ਗ੍ਰਹਿਣ ਕਰਨ ਵਲ ਅਗਰਸਰ ਹੈ ਤਾਂ ਜੋ ਇਕ ਨਰੋਏ ਸਮਾਜ ਦੀ ਸਿਰਜਣਾ ਹੋ ਸਕੇ।

# ਹਵਾਲੇ ਅਤੇ ਟਿੱਪਣੀਆਂ


1. ਡਾ. ਪ੍ਰੀਤਮ ਸਿੰਘ, ***ਪੰਜਾਬੀ ਸਾਹਿਤ ਵਿਚ ਬੀਰ ਕਾਵਿ ਦਾ ਵਿਕਾਸ,*** ਪੰਨਾ 16
2. ਡਾ. ਸਤਿੰਦਰ ਸਿੰਘ ਨੂਰ, ***'ਮੂਸਾ ਦੀ ਵਾਰ' ਪੰਜਾਬੀ ਵਾਰ ਕਾਵਿ ਦਾ ਇਤਿਹਾਸ,*** ਪੰਨਾ 32
3. ਡਾ. ਰਤਨ ਸਿੰਘ ਜੱਗੀ, ***ਗੁਰੂ ਨਾਨਕ ਵਿਚਾਰਧਾਰਾ***, ਪੰਨਾ 81
4. ਪ੍ਰੋ. ਪਿਆਰਾ ਸਿੰਘ ਪਦਮ, ***ਪੰਜਾਬੀ ਸਾਹਿਤ ਦੀ ਰੂਪ ਰੇਖਾ***, ਪੰਨਾ 166-67
5. ***Micropeadia Ready Reference*** 12, p. 4902 (a)
6. ਡਾ. ਗੰਡਾ ਸਿੰਘ, ***ਪੰਜਾਬ ਦੀਆਂ ਵਾਰਾਂ***, ਪੰਨਾ 8
7. ਭਾਈ ਕਾਹਨ ਸਿੰਘ, ***ਮਹਾਨ ਕੋਸ਼,*** (ਚੌਥਾ ਸੰਸਕਰਣ), ਪੰਨਾ 109
8. ਅਹਿਮਦ ਸਲੀਮ, ***ਲੋਕ ਵਾਰਾਂ***, ਪੰਨਾ 4
9. ਡਾਕਟਰ ਰਤਨ ਸਿੰਘ ਜੱਗੀ, ***ਗੁਰੂ ਨਾਨਕ ਵਿਚਾਰ ਧਾਰਾ***, ਪੰਨਾ 174
10. ਡਾ. ਧਰਮਪਾਲ ਸਿੰਗਲ, ***ਪੰਜਾਬੀ ਸਾਹਿਤ ਦਾ ਇਤਿਹਾਸ,*** ਪੰਨਾ 371
11. ਡਾਕਟਰ ਮਹਿੰਦਰ ਕੌਰ ਗਿੱਲ, ***ਗੁਰੂ ਅਰਜਨ ਦੇਵ ਜੀਵਨ ਤੇ ਬਾਣੀ***, ਪੰਨਾ 190
12. ਸ਼ਮਸ਼ੇਰ ਸਿੰਘ ਅਸ਼ੋਕ, ***ਪ੍ਰਾਚੀਨ ਵਾਰਾਂ ਤੇ ਜੰਗਨਾਮੇ,*** ਪੰਨਾ 7
13. ਪ੍ਰੋ. ਕਿਰਪਾਲ ਸਿੰਘ ਕਸੇਲ ਤੇ ਪਰਮਿੰਦਰ ਸਿੰਘ ਕਸੇਲ, ***ਸਾਹਿਤ ਦਾ ਇਤਿਹਾਸ,*** ਪੰਨਾ 496
14. ਜਸਵੰਤ ਸਿੰਘ ਬੇਗੋਵਾਲ ਦੁਆਰਾ ਉਦਹਰਿਤ, ਪੀਰ ਮੁੰਹਮਦ ਰਚਿਤ, ***ਚੱਠਿਆਂ ਦੀ ਵਾਰ ਇਕ ਵਿਸ਼ਲੇਸ਼ਣ*** ਪੰਨਾ 2
15. ਡਾਕਟਰ ਸੁਹਿੰਦਰ ਸਿੰਘ ਵਣਜਾਰਾ ਬੇਦੀ, ***ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ ਰੂੜ੍ਹੀਆਂ***, ਪੰਨਾ 36

16. ਪ੍ਰਿੰ. ਐਸ. ਐਸ. ਅਮੋਲ, ***ਪੰਜਾਬੀ ਸਾਹਿਤ ਦਾ ਇਤਿਹਾਸ*** (ਭਾਗ ਪਹਿਲਾ), ਪੰਨਾ 498

17. ਗਿਆਨੀ ਲਾਲ ਸਿੰਘ, ***ਨੌ ਵਾਰਾਂ***, ਪੰਨਾ 14

18. ਪਿਆਰਾ ਸਿੰਘ ਪਦਮ, ***ਪੰਜਾਬੀ ਵਾਰਾਂ***, ਪੰਨਾ 55

19. Dr. Mohan Singh, ***History of Punjabi Literature***, page-18

20. ਡਾ. ਜਸਵੰਤ ਸਿੰਘ ਬੇਗੋਵਾਲ ਦੁਆਰਾ ਉਦਹਰਿਤ, ***ਭਾਈ ਗੁਰਦਾਸ ਦਾ ਵਾਰ-ਸੰਸਾਰ***, ਪੰਨਾ 27

21. ਸ਼ਮਸ਼ੇਰ ਸਿੰਘ ਅਸ਼ੋਕ, ***ਪ੍ਰਾਚੀਨ ਵਾਰਾਂ ਤੇ ਜੰਗਨਾਮੇ***, ਪੰਨਾ 7

22. ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 538

23. ਡਾਕਟਰ ਰਤਨ ਸਿੰਘ ਜੱਗੀ, ***ਸਾਹਿਤ ਕੋਸ਼***, ਪੰਨਾ 543

24. ਡਾਕਟਰ ਜਗਜੀਤ ਸਿੰਘ, ***ਕਿੱਸਾ ਸ਼ਾਹ ਮੁਹੰਮਦ ਦਾ ਆਲੋਚਨਾਤਮਕ ਅਧਿਐਨ***, ਪੰਨਾ 35

25. ਪ੍ਰੋ. ਕਿਰਪਾਲ ਸਿੰਘ ਕਸੇਲ ਤੇ ਪਰਮਿੰਦਰ ਸਿੰਘ, ***ਪੰਜਾਬੀ ਸਾਹਿਤ ਦਾ ਇਤਿਹਾਸ,*** ਪੰ. 495-96

26. ਪਿਆਰਾ ਸਿੰਘ ਪਦਮ, ***ਪੰਜਾਬੀ ਵਾਰਾਂ***, ਪੰਨਾ 59

27. ***ਗੁਰੂ ਗ੍ਰੰਥ ਸਾਹਿਬ***, ਪੰਨਾ 150

28. ਉਹੀ, ਪੰਨਾ 467

29. ਉਹੀ, ਪੰਨਾ 91

30. ਉਹੀ, ਪੰਨਾ 323

31. ਪਿਆਰਾ ਸਿੰਘ ਪਦਮ, ***ਪੰਜਾਬੀ ਵਾਰਾਂ***, ਪੰਨਾ 56

32. ਸੋਹਣ ਸਿੰਘ ਸੀਤਲ, ***ਮੇਰੀਆਂ ਢਾਡੀ ਵਾਰਾਂ***, ਪੰਨਾ 6-7

33. ਡਾਕਟਰ ਕੁਲਵੰਤ ਕੌਰ ਕੋਹਲੀ, ***ਗੁਰੂ ਗੋਬਿੰਦ ਸਿੰਘ 'ਚੰਡੀ ਦੀ ਵਾਰ' ਦਾ ਸਾਹਿਤਕ ਅਧਿਐਨ, ਪਾਉੜੀ ਪਹਿਲੀ***, ਪੰਨਾ 14

34. ਡਾਕਟਰ ਕੁਲਵੰਤ ਸਿੰਘ, ***ਵਾਰ ਨਾਦਰ ਸ਼ਾਹ ਅਧਿਐਨ ਤੇ ਸੰਪਾਦਨ***, ਪੰਨਾ 85

35. ਡਾਕਟਰ ਰਤਨ ਸਿੰਘ ਜੱਗੀ, ***ਗੁਰੂ ਨਾਨਕ ਵਿਚਾਰਧਾਰਾ,*** ਪੰਨਾ 174

36. ਜੀ. ਐਲ. ਸ਼ਰਮਾ, ***ਚੰਡੀ ਦੀ ਵਾਰ***, ਪੰਨਾ 119

37. ਉਹੀ ਪਾਉੜੀ 50, ਪੰਨਾ 116

38. ਜੀ. ਐਲ. ਸ਼ਰਮਾ, ***'ਚੰਡੀ ਦੀ ਵਾਰ'*** ਪਾਉੜੀ 12, ਪੰਨਾ 98

39. ਡਾ. ਤਾਰਨ ਸਿੰਘ, 'ਗੁਰੂ ਨਾਨਕ ਦੀਆਂ ਤਿੰਨ ਵਾਰਾਂ', ***ਪੰਜਾਬੀ ਦੁਨੀਆਂ***, ਪੰਨਾ 27

40. ਡਾ. ਰਤਨ ਸਿੰਘ ਜੱਗੀ, ***ਵਿਚਾਰਧਾਰਾ***, ਪੰਨਾ 177

41. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 726

42. ਪਿਆਰਾ ਸਿੰਘ ਪਦਮ, ***ਪੰਜਾਬੀ ਵਾਰਾਂ***, ਪੰਨਾ 11

43. ***ਆਦਿ ਗ੍ਰੰਥ***, ਪੰਨਾ 1279

44. ਉਹੀ, ਪੰਨਾ 1288

45. ***ਆਦਿ ਗ੍ਰੰਥ***, ਪੰਨਾ-522

46. ਕੁਲਵੰਤ ਕੌਰ ਕੋਹਲੀ, ***ਗੁਰੂ ਗੋਬਿੰਦ ਸਿੰਘ ਚੰਡੀ ਦੀ ਵਾਰ ਦਾ ਸਾਹਿਤਕ ਅਧਿਐਨ***, ਪੰਨਾ 27

47. ਉਹੀ ਪੰਨਾ 18

48. ਗੁਰਸ਼ਰਨ ਕੌਰ ਜੱਗੀ, ***ਵਾਰਾਂ ਭਾਈ ਗੁਰਦਾਸ ਜੀ, ਸੰਪਾਦਕ ਤੇ ਪਾਠ ਨਿਰਧਾਰਣ***, ਪੰਨਾ 123

49. ***ਗੁਰੂ ਗ੍ਰੰਥ ਸਾਹਿਬ,*** ਪੰਨਾ-463

50. ਸੁਖਵਿੰਦਰ ਕੌਰ ਬਾਜਵਾ, ***ਉੱਤਰ ਆਧੁਨਿਕਤਾ ਅਤੇ ਗੁਰਬਾਣੀ,*** ਪੰਨਾ 49

# ਅਧਿਆਇ ਦੂਜਾ

*

*

*

## ਪੰਜਾਬੀ ਵਾਰ ਕਾਵਿ ਦੀਆਂ ਵਿਭਿੰਨ ਵੰਨਗੀਆਂ ਤੇ ਉਨ੍ਹਾਂ ਦੇ ਪ੍ਰਮੁੱਖ ਸਰੋਕਾਰ

(ੳ) ਲੋਕ ਵਾਰ ਤੇ ਲੋਕ-ਵਾਰ ਪਰੰਪਰਾ

(ਅ) ਅਧਿਆਤਮਕ ਵਾਰਾਂ ਤੇ ਧਾਰਮਿਕ ਵਾਰਾਂ

(ੲ) ਇਤਿਹਾਸਕ ਵਾਰਾਂ ਦੀ ਪਰੰਪਰਾ

(ਸ) ਉਪਰੋਕਤ ਤਿੰਨਾ ਪਰੰਪਰਾਵਾਂ ਦਾ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਵਾਰਾਂ ਨਾਲ ਸਾਂਝਾਂ ਤੇ ਵਖਰੇਵੇਂ

# ਪੰਜਾਬੀ ਵਾਰ ਕਾਵਿ ਦੀਆਂ ਵਿਭਿੰਨ ਵੰਨਗੀਆਂ ਤੇ ਉਨ੍ਹਾਂ ਦੇ ਪ੍ਰਮੁੱਖ ਸਰੋਕਾਰ

ਪੰਜਾਬ ਭਾਰਤ ਦਾ ਸਰਹੱਦੀ ਸੂਬਾ ਹੈ। ਇਥੋਂ ਦੇ ਵਸੰਦਿਆਂ ਨੂੰ ਪੁਰਾਣੇ ਸਮਿਆਂ ਤੋਂ ਹੀ ਬਾਹਰਲੇ ਧਾੜਵੀਆਂ ਨਾਲ ਜੂਝਣਾ ਪਿਆ ਹੈ। ਪੰਜਾਬੀ ਸਾਹਿਤ ਦਾ ਮੁੱਢ ਭਾਵੇਂ 9-10ਵੀਂ ਸਦੀ ਵਿਚ ਬੱਝਣਾ ਸ਼ੁਰੂ ਹੋ ਗਿਆ ਅਤੇ ਗੁਰੂ ਗ੍ਰੰਥ ਸਾਹਿਬ ਵਿਚਲੀ ਕੁਝ ਅਧਿਆਤਮਕ ਵਾਰਾਂ ਨੂੰ ਪੂਰਵ ਨਾਨਕ ਕਾਲ ਦੀਆਂ ਵਾਰਾਂ ਦੀਆਂ ਧੁਨੀਆਂ ਤੇ ਗਾਉਣ ਦਾ ਸੰਕੇਤ ਇਹ ਦਰਸਾਉਂਦਾ ਹੈ ਕਿ ਪੰਜਾਬੀ ਸਾਹਿਤ ਵਿਚ ਵਾਰ ਲਿਖਣ ਤੇ ਗਾਉਣ ਦੀ ਪਰੰਪਰਾ ਗੁਰੂ ਨਾਨਕ ਤੋਂ ਪਹਿਲਾਂ ਮੌਜੂਦ ਸੀ ਪਰੰਤੂ ਇਹ ਵਾਰਾਂ ਪੂਰਨ ਰੂਪ ਵਿਚ ਅੱਜ ਤੀਕ ਸਾਡੇ ਤਕ ਨਹੀਂ ਪੁੱਜੀਆਂ। ਇਨ੍ਹਾਂ ਵਾਰਾਂ ਦੇ ਸਿਰਲੇਖਾਂ ਤੋਂ ਇਸ ਗੱਲ ਦੀ ਪ੍ਰੋੜਤਾ ਹੁੰਦੀ ਹੈ ਕਿ ਪੰਜਾਬੀ ਸਾਹਿਤ ਵਿਚ ਵਾਰ-ਪਰੰਪਰਾ ਤਾਂ ਚਿਰਾਂ ਤੋਂ ਪ੍ਰਚਲਤ ਸੀ ਪਰੰਤੂ ਸਾਡੀ ਲਿਖਿਤ-ਪਰੰਪਰਾ ਬਹੁਤੀ ਵਿਵਸਥਿਤ ਨਾ ਹੋਣ ਕਾਰਨ, ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਵਾਰਾਂ ਦੇ ਹਵਾਲੇ ਵਾਲੀਆਂ ਵਾਰਾਂ ਅਤੇ ਹੋਰ ਖੋ ਚੁੱਕੀਆਂ ਸੈਂਕੜੇ ਵਾਰਾਂ ਸਾਡੇ ਵਿਰਸੇ ਦੀ ਟੀਸ ਬਣਕੇ ਰਹਿ ਗਈਆਂ ਹਨ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਧਿਆਤਮਕ ਵਾਰਾਂ ਉਸ ਪਰਮ-ਪੁਰਖ ਦੀ ਉਸਤਤਿ ਵਿਚ ਰਚੀਆਂ ਗਈਆਂ ਹਨ। ਅਧਿਆਤਮ ਗਿਆਨ, ਸਤਿਗੁਰੂ ਮਹਿਮਾ, ਗੁਰਮੁੱਖ ਦੀ ਮਹਿਮਾ ਤੇ ਮਨਮੁੱਖ ਦੀ ਦਸ਼ਾ, ਨੈਤਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਅਤੇ ਆਤਮਕ ਸੰਘਰਸ਼ ਆਦਿ ਇਹਨਾਂ ਵਾਰਾਂ ਦੇ ਪ੍ਰਮੁੱਖ ਵਿਸ਼ੇ ਹਨ। ਇਹਨਾਂ ਵਾਰਾਂ ਤੋਂ ਅਗਲਾ ਪੜਾਅ ਭਾਈ ਗੁਰਦਾਸ ਲਿਖਿਤ ਵਾਰਾਂ ਦਾ ਹੈ। ਇਹਨਾਂ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਵੀ ਬਖਸ਼ਿਆ ਜਾਂਦਾ ਹੈ ਕਿਉਂਕਿ ਇਹਨਾਂ ਵਾਰਾਂ ਦੇ ਵਿਸ਼ੇ ਵੀ ਗੁਰਬਾਣੀ ਦੇ ਹਨ। ਪ੍ਰਮਾਤਮਾ ਦੀ ਉਸਤਤਿ, ਨਾਮ, ਸਤਿਸੰਗ, ਨੈਤਿਕ ਕਦਰਾਂ-ਕੀਮਤਾਂ, ਗੁਰਮੁੱਖ ਤੇ ਮਨਮੁੱਖ ਦੇ ਲੱਛਣ ਆਦਿ ਬਾਰੇ ਉਸਾਰੂ ਸੇਧ ਪ੍ਰਦਾਨ ਕੀਤੀ ਗਈ ਹੈ।

ਭਾਈ ਗੁਰਦਾਸ ਤੋਂ ਬਾਅਦ ਵੀ ਪੰਜਾਬੀ ਸਾਹਿਤ ਵਿਚ ਬੀਰ ਰਸੀ ਕਾਵਿ-ਵਾਰਾਂ ਅਤੇ ਜੰਗਨਾਮਿਆਂ ਦੀ ਪਰੰਪਰਾ ਦਾ ਵਿਕਾਸ ਨਿਰੰਤਰ ਜਾਰੀ ਰਿਹਾ ਹੈ। ਜੰਗਨਾਮਾ ਫਾਰਸੀ ਦੇ ਪ੍ਰਭਾਵ ਨਾਲ ਪੰਜਾਬੀ ਕਾਵਿ ਵਿਚ ਪ੍ਰਚਲਤ ਹੋਇਆ। ਇਸ ਵਿਚ ਇਤਿਹਾਸ ਦੇ ਬੀਤੇ ਸਾਕੇ ਨੂੰ ਕਾਵਿ-ਬੱਧ ਕੀਤਾ ਜਾਂਦਾ ਹੈ। ਵਾਰ ਕਾਵਿ ਪਰੰਪਰਾ ਦਾ ਸੰਬੰਧ ਪੰਜਾਬ ਦੇ ਮੱਧਕਾਲੀ ਸਮੇਂ ਨਾਲ ਸੰਬੰਧਿਤ ਹੈ। ਭੂਪਵਾਦੀ ਨਿਜ਼ਾਮ ਵਿਚ ਵਾਰਾਂ ਰਚਣ ਤੇ ਗਾਉਣ ਵਾਲਿਆਂ ਦੀ ਇਕ ਖਾਸ ਸ਼੍ਰੇਣੀ ਪੈਦਾ ਹੋ ਗਈ ਸੀ- ਭੱਟ, ਡੂਮ, ਮਿਰਾਸੀ, ਮੀਰ, ਢਾਡੀ ਆਦਿ। ਇਨ੍ਹਾਂ ਨੂੰ ਦਲਿਤ ਸ਼੍ਰੇਣੀਆਂ ਵਿਚੋਂ ਗਿਣਿਆ ਜਾਂਦਾ ਸੀ। ਰਾਜਿਆਂ, ਮਹਾਰਾਜਿਆਂ, ਸਰਦਾਰਾਂ, ਨਵਾਬਾਂ, ਦੇ ਜੱਸ ਗਾਉਣ ਤੋਂ ਬਿਨਾਂ ਵੱਖ-ਵੱਖ ਗੋਤਾਂ ਜਾਂ ਖਾਨਦਾਨਾਂ ਦੇ ਵੱਖੋ-ਵੱਖਰੇ ਮਿਰਾਸੀ ਹੁੰਦੇ ਸਨ ਜੋ ਇਹਨਾਂ ਖਾਨਦਾਨਾਂ ਦੀਆਂ ਵਾਰਾਂ ਨੂੰ ਵਿਆਹ-ਸ਼ਾਦੀਆਂ ਜਾਂ ਹੋਰ ਮੌਕਿਆਂ ਤੇ ਗਾ ਕੇ ਸੁਣਾਉਂਦੇ ਸਨ ਤੇ ਇਨਾਮ ਹਾਸਿਲ ਕਰਦੇ ਸਨ। ਇਹ ਵਾਰਾਂ (ਲੋਕ-ਵਾਰਾਂ) ਪੰਜਾਬੀ ਸਾਹਿਤ ਤੇ ਪੰਜਾਬੀ ਸੰਸਕ੍ਰਿਤੀ ਦਾ ਅਮੁੱਲ ਸਰਮਾਇਆ ਸੀ ਜਿਸ ਨੂੰ ਬਹੁਤ ਘੱਟ ਸਾਂਭਿਆ ਗਿਆ।

ਪੰਜਾਬੀ ਦੇ ਕੁਝ ਸਾਹਿਤਕਾਰਾਂ ਵਲੋਂ ਪੰਜਾਬੀ ਵਾਰ-ਕਾਵਿ ਤੇ ਕੀਤੀਆਂ ਕੁਝ ਟਿੱਪਣੀਆਂ ਨੂੰ ਵੀ ਵਿਚਾਰ ਲੈਣਾ ਮੁਨਾਸਿਬ ਹੋਵੇਗਾ।

ਡਾ. ਈਸ਼ਰ ਸਿੰਘ ਤਾਂਘ ਨੇ ਪੰਜਾਬ ਦੇ ਵਾਰ ਸਾਹਿਤ ਨੂੰ ਦੋ ਭਾਗਾਂ ਵਿਚ ਵੰਡਿਆ ਹੈ। ਪਹਿਲਾ ਹੈ ਲੋਕ ਵਾਰਾਂ ਤੇ ਦੂਜਾ ਹੈ ਸਾਹਿਤਕ ਵਾਰਾਂ। ਡਾ. ਈਸ਼ਰ ਸਿੰਘ ਤਾਂਘ ਲਿਖਦੇ ਹਨ:

> ਪੰਜਾਬ ਦਾ ਵਾਰ ਸਾਹਿਤ ਬਹੁਤ ਅਮੀਰ ਹੈ ਤੇ ਬਹੁਪੱਖੀ ਹੈ। ਅਨੇਕਾਂ ਵਾਰਾਂ ਅੱਜ ਵੀ ਵਿਦਵਾਨਾਂ ਦੀ ਮਿਹਨਤ ਸਦਕਾ ਪ੍ਰਾਪਤ ਹਨ। ਇਨ੍ਹਾਂ ਦਾ ਵਿਸ਼ਾ ਤੇ ਖੇਤਰ ਬਹੁਤ ਵਿਸ਼ਾਲ ਹੈ। ਇਸ ਲਈ ਇਨ੍ਹਾਂ ਦਾ ਵਿਗਿਆਨਕ ਢੰਗ ਨਾਲ ਵਰਗੀਕਰਣ ਕਰਕੇ ਮੁੱਲ-ਅੰਕਣ ਕਰਨਾ ਜ਼ਰੂਰੀ ਹੋ ਗਿਆ ਹੈ। ਵਾਰਾਂ ਦੇ ਦੋ ਮੋਟੇ ਰੂਪ ਹਨ ਲੋਕ-ਵਾਰਾਂ ਤੇ ਸਾਹਿਤਕ ਵਾਰਾਂ। ਵਾਰ ਕਾਵਿ-ਰੂਪ ਲੋਕ ਸਾਹਿਤ

> ਵਿਚੋਂ ਲਿਆ ਗਿਆ ਹੈ ਅਤੇ ਇਨ੍ਹਾਂ ਲੀਹਾਂ ਦੇ ਅਧਾਰ ਤੇ ਸਾਹਿਤਕ ਵਾਰਾਂ ਰਚੀਆਂ ਗਈਆਂ। ਸਾਹਿਤਕ ਵਾਰਾਂ ਦੇ ਦੋ ਪ੍ਰਮੁੱਖ ਭੇਦ ਬਣਦੇ ਹਨ ਅੰਤਰਮੁਖੀ ਵਾਰਾਂ ਤੇ ਬਾਹਰਮੁਖੀ ਵਾਰਾਂ। ਇਨ੍ਹਾਂ ਨੂੰ ਅਧਿਆਤਮਕ ਵਾਰਾਂ ਤੇ ਬੀਰ-ਰਸੀ ਵਾਰਾਂ ਕਿਹਾ ਜਾ ਸਕਦਾ ਹੈ। ਅੰਤਰੁਮਖੀ ਜਾਂ ਅਧਿਆਤਮਕ ਵਾਰਾਂ ਦੇ ਤਿੰਨ ਉਪ-ਭੇਦ ਹਨ- (1) ਪਰਮ ਸ਼ਕਤੀ ਪਰਮਾਤਮਾ ਦੀ ਉਸਤਤੀ ਵਿਚ ਗਾਈਆਂ ਵਾਰਾਂ; (2) ਮਹਾਂਪੁਰਖਾਂ ਦੀ ਕੀਰਤੀ ਵਿਚ ਉਚਾਰੀਆਂ ਗਈਆਂ ਵਾਰਾਂ; (3) ਗੁਰਧਾਮਾਂ ਤੀਰਥਾਂ ਆਦਿ ਦੀ ਸ਼ੋਭਾ ਦਾ ਚਿੱਤਰਣ ਕਰਨ ਵਾਲੀਆਂ ਵਾਰਾਂ। ਬਾਹਰਮੁਖੀ ਜਾਂ ਬੀਰ-ਰਸੀ ਵਾਰਾਂ ਦੇ ਦੋ ਉਪਭੇਦ ਹਨ ਨਾਇਕ ਪ੍ਰਧਾਨ ਤੇ ਜਾਤੀ ਪ੍ਰਧਾਨ। ਇਨ੍ਹਾਂ ਵਿਚੋਂ ਨਾਇਕ ਪ੍ਰਧਾਨ ਉਪਭੇਦ ਦੇ ਦੋ ਉਪਵਰਗ ਬਣ ਜਾਂਦੇ ਹਨ ਪੌਰਾਣਿਕ ਨਾਇਕ ਤੇ ਇਤਿਹਾਸਕ ਨਾਇਕ। ਪੌਰਾਣਿਕ ਨਾਇਕਾਂ ਵਿਚ ਰਾਮ ਤੇ ਕ੍ਰਿਸ਼ਨ ਨੂੰ ਵਾਰਾਂ ਵਿਚ ਥਾਂ ਮਿਲਿਆ ਹੈ ਜਦੋਂ ਕਿ ਇਤਿਹਾਸਕ ਨਾਇਕ ਪ੍ਰਧਾਨ ਵਾਰਾਂ ਵਿਚ ਰਾਜਿਆਂ ਅਤੇ ਗੁਰੂਆਂ ਦੇ ਚਰਿਤਰ ਨੂੰ ਉਭਾਰਿਆ ਗਿਆ ਹੈ।[1]

ਡਾ. ਈਸਰ ਸਿੰਘ ਤਾਂਘ ਨੇ ਆਪਣੇ ਵਿਚਾਰ ਅਨੁਸਾਰ ਵਾਰਾਂ ਨੂੰ ਇਕ ਤਰਤੀਬ-ਵੰਡ ਦੇ ਆਧਾਰਤੇ ਵੰਡ ਕੇ ਖਿੰਡਰੇ ਹੋਏ ਪ੍ਰਸੰਗਾਂ ਅਤੇ ਵਿਚਾਰਾਤਮਕ ਸੰਦਰਭਾਂ ਨੂੰ ਤਰਜ਼ਮਾਨੀ ਦੀ ਇਕ ਨਵੀਂ ਦ੍ਰਿਸ਼ਟੀ ਪ੍ਰਦਾਨ ਕੀਤੀ ਹੈ ਪਰੰਤੂ ਡਾ. ਈਸ਼ਰ ਸਿੰਘ ਤਾਘ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਲੋਕ ਵਾਰਾਂ ਨੂੰ ਸਾਹਿਤ ਤੋਂ ਵਖਰਿਆ ਕੇ ਕਿਵੇਂ ਵਿਚਾਰਿਆ ਜਾ ਸਕਦਾ ਹੈ। ਅਸਲ ਵਿਚ ਲੋਕ-ਵਾਰਾਂ ਵੀ ਸਾਹਿਤਕ ਵਾਰਾਂ ਹਨ ਜਿਹਨਾਂ ਵਿਚ ਸਾਹਿਤਕ ਵਿਧਾ ਅਨੁਸਾਰ ਹੀ ਪਉੜੀ ਛੰਦ ਰਾਹੀਂ ਯੋਧਿਆਂ ਤੇ ਸੂਰਬੀਰਾਂ ਦੀ ਬਹਾਦਰੀ ਦਾ ਜੱਸ

ਗਾਇਆ ਗਿਆ ਹੈ।

ਵਾਰਾਂ ਦੀਆਂ ਵਿਭਿੰਨ ਵੰਨਗੀਆਂ ਬਾਰੇ ਚਰਚਾ ਕਰਦਿਆਂ ਪ੍ਰੋ. ਕਿਰਪਾਲ ਸਿੰਘ ਕਸੇਲ ਹੇਠ ਲਿਖੀਆਂ ਤਿੰਨ ਵੰਨਗੀਆਂ ਦਾ ਜ਼ਿਕਰ ਕਰਦੇ ਹਨ।[2]

(1) ਬੀਰ ਰਸੀ ਵਾਰਾਂ

(2) ਅਧਿਆਤਮਕ ਵਾਰਾਂ

(3) ਸਿੰਗਾਰ ਰਸੀ ਵਾਰਾਂ

ਉਪਰੋਕਤ ਵੰਡ ਵੀ ਸਾਹਿਤਕ ਰਸਾਂ ਤੇ ਆਧਾਰਤ ਹੈ ਜਿਸ ਨੂੰ ਪੂਰੀ ਤਰ੍ਹਾਂ ਠੀਕ ਨਹੀਂ ਕਿਹਾ ਜਾ ਸਕਦਾ ਕਿਉਂਕਿ 'ਬੀਰ-ਰਸ' ਤਾਂ ਹਰ ਵਾਰ ਵਿਚ ਹੁੰਦਾ ਹੈ। ਬੀਰ-ਰਸ ਤੋਂ ਬਿਨਾਂ ਵਾਰ ਨਹੀਂ ਹੋ ਸਕਦੀ। ਉਤਸ਼ਾਹ ਭਾਵ ਤੋਂ ਬੀਰ ਰਸ ਦਾ ਸੰਚਾਰ ਹੁੰਦਾ ਹੈ। ਡਾ. ਮਲਕੀਤ ਸਿੰਘ ਬਾਜਵਾ ਦੇ ਵਿਚਾਰ ਅਨੁਸਾਰ:

> ਆਮ ਤੌਰ ਤੇ ਮੈਦਾਨੇ ਜੰਗ ਦੇ ਕਾਰਨਾਮਿਆਂ ਨੂੰ ਬੀਰ-ਰਸੀ ਕਿਹਾ ਜਾਂਦਾ ਹੈ ਪਰੰਤੂ ਇਸ ਤੋਂ ਇਲਾਵਾ ਦ੍ਰਿੜਤਾ ਨਾਲ ਕੀਤਾ ਕੋਈ ਵੀ ਕੰਮ, ਆਤਮ-ਤਿਆਗ, ਤਸੀਹੇ ਸਹਾਰਨਾ ਆਦਿ ਵੀ ਉਤਸ਼ਾਹ ਪੂਰਣ ਭਾਵ ਹਨ ਜਿਨ੍ਹਾਂ ਤੋਂ ਬੀਰ ਰਸ ਦੀ ਉਤਪਤੀ ਹੁੰਦੀ ਹੈ। ਦ੍ਰਿੜਤਾ ਤੇ ਆਤਮ ਵਿਸ਼ਵਾਸ ਦੇ ਭਾਵ ਜਿਸ ਕਵਿਤਾ ਵਿਚ ਹੋਣ ਉਸ ਨੂੰ ਬੀਰ-ਰਸੀ ਕਵਿਤਾ ਕਿਹਾ ਜਾ ਸਕਦਾ ਹੈ।[3]

ਡਾ. ਰਤਨ ਸਿੰਘ ਜੱਗੀ ਦੇ ਅਨੁਸਾਰ:

> ਪਹਿਲਾਂ ਕੇਵਲ ਬੀਰ-ਰਸੀ ਅਤੇ ਅਧਿਆਤਮਕ ਵਾਰਾਂ ਹੀ ਹੁੰਦੀਆਂ ਸਨ ਪਰ ਅੱਜ ਕੱਲ ਇਨ੍ਹਾਂ ਵਿਸ਼ਿਆਂ ਤੋਂ ਬਿਲਕੁਲ ਵੱਖਰੇ ਵਿਸ਼ਿਆਂ ਬਾਰੇ ਵੀ ਵਾਰਾਂ ਲਿਖੀਆਂ ਜਾਣ ਲੱਗ ਪਈਆਂ ਹਨ। ਜਿਨ੍ਹਾਂ ਨੂੰ ਆਧੁਨਿਕ ਵਾਰਾਂ ਦਾ ਨਾਮ ਦਿੱਤਾ ਗਿਆ ਹੈ।[4]

ਅਧਿਆਤਮਕ ਵਾਰਾਂ ਵਿਚ ਉਤਸ਼ਾਹ ਭਾਵ ਹੁੰਦਾ ਹੈ ਅਰਥਾਤ ਆਤਮ-ਦ੍ਰਿੜਤਾ ਅਤੇ ਆਤਮ-ਤਿਆਗ ਦੇ ਪ੍ਰਵਾਹ ਦਾ ਸੰਚਾਰ ਅਧਿਆਤਮਕ ਵਾਰਾਂ ਦੀ ਸੰਰਚਨਾ ਵਿਚ ਲਗਾਤਾਰ ਵਹਿੰਦਾ ਰਹਿੰਦਾ ਹੈ ਜਿਸਦੇ ਪ੍ਰਭਾਵ ਸਦਕਾ ਗੁਰਮੁਖ ਵਿਚ ਬੀਰਤਾ ਭਾਵ ਪੈਦਾ ਹੁੰਦਾ ਹੈ ਤੇ ਗੁਰਮੁਖ ਗੁਰਮਤਿ ਨੂੰ ਦ੍ਰਿੜਤਾ ਨਾਲ ਸਵੀਕਾਰ ਕਰਦਾ ਹੈ।

ਉਪਰੋਕਤ ਵਿਚਾਰਾਂ ਨੂੰ ਅਤੇ ਪੰਜਾਬੀ ਵਾਰ-ਕਾਵਿ ਦੀ ਮਹੱਤਤਾ ਨੂੰ ਧਿਆਨ ਵਿਚ ਰੱਖਦੇ ਹੋਇਆਂ, ਵਾਰਾਂ ਦੀਆਂ ਵੰਨਗੀਆਂ ਤੇ ਪਰੰਪਰਾ ਤੇ ਵਿਸਥਾਰ ਸਹਿਤ ਚਰਚਾ ਕਰਨੀ ਮੁਨਾਸਬ ਹੋਵੇਗੀ। ਇਹਨਾਂ ਵਾਰ-ਕਾਵਿ ਰੂਪਾਂ ਦੀ ਵੰਨਗੀਆਂ ਦੀ ਉਸਾਰੀ ਲੋਕ-ਕਾਵਿ ਰੂਪਾਂ ਦੀਆਂ ਡੂੰਘੀਆਂ ਲੋਕ-ਧਾਰਾਈ ਨੀਹਾਂ ਉੱਪਰ ਉਸਰੀ ਹੈ। ਮੂਲ ਰੂਪ ਵਿਚ ਵਾਰਾਂ ਦੇ ਤਿੰਨ ਹੀ ਰੂਪ ਬਣਦੇ ਹਨ:

(1) ਲੋਕ ਵਾਰਾਂ

(2) ਅਧਿਆਤਮਕ ਤੇ ਧਾਰਮਿਕ ਵਾਰਾਂ

(3) ਇਤਿਹਾਸਕ ਵਾਰਾਂ

### (ੳ) ਲੋਕ ਵਾਰ ਅਤੇ ਲੋਕ-ਵਾਰ ਕਾਵਿ ਪਰੰਪਰਾ :

ਲੋਕ ਵਾਰਾਂ ਪੰਜਾਬੀ ਸਾਹਿਤ ਦੇ ਪ੍ਰਾਚੀਨ ਤੇ ਮੌਲਿਕ ਕਾਵਿ-ਰੂਪ ਵਜੋਂ ਜਾਣੀਆਂ ਜਾਂਦੀਆਂ ਹਨ। ਇਨ੍ਹਾਂ ਦੀ ਪਰਾਚੀਨਤਾ ਦੇ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਦੀਆਂ ਅਧਿਆਤਮਕ ਵਾਰਾਂ ਤੋਂ ਸਹਿਜੇ ਗਿਆਤ ਹੋ ਜਾਂਦੇ ਹਨ ਕਿਉਂਕਿ ਇਹਨਾਂ ਅਧਿਆਤਮਕ ਵਾਰਾਂ ਨੂੰ ਗਾਉਣ ਸੰਬੰਧੀ ਲੋਕ ਵਾਰਾਂ ਦੀਆਂ ਧੁਨੀਆਂ ਨੂੰ ਅਪਣਾਏ ਜਾਣ ਦੀ ਸਪਸ਼ਟ ਹਦਾਇਤ ਕੀਤੀ ਗਈ ਹੈ। ਲੋਕ ਵਾਰਾਂ ਦੀ ਉਤਪਤੀ ਦਾ ਕਾਰਣ ਮਨੁੱਖੀ ਬੀਰਤਾ ਦਾ ਜਜ਼ਬਾ ਹੈ। ਮਨੁੱਖ ਦਾ ਆਦਿ ਕਾਲ ਤੋਂ ਹੁਣ ਤੱਕ ਦਾ ਇਤਿਹਾਸ ਬੀਰਤਾ ਭਰਿਆ ਹੈ। ਅਹਿਮਦ ਸਲੀਮ ਪੰਜਾਬੀ ਵਾਰ ਦੇ ਪੁਰਾਤਨ ਕਾਲ ਬਾਰੇ ਚਰਚਾ ਕਰਦਿਆਂ ਲਿਖਦਾ ਹੈ:

ਇਹ ਸੰਭਵ ਨਹੀਂ ਕਿ ਪੋਰਸ ਜਿਹੇ ਸੂਰਮਿਆਂ ਦੇ ਦੇਸ਼ ਵਿਚ ਪੋਰਸ

ਦੇ ਜੱਸ ਗਾਉਣ ਵਾਲੇ ਢਾਡੀ ਕਦੀ ਪੈਦਾ ਨਾ ਹੋਏ ਹੋਣ।[5]

ਇਸ ਕਾਲ ਦੇ ਸਮੁੱਚੇ ਸਾਹਿਤ ਬਾਰੇ ਇਤਿਹਸ ਚੁੱਪ ਹੈ। ਗੱਲ ਗੁਰੂ ਕਾਲ ਤੋਂ ਹੀ ਆਰੰਭ ਹੁੰਦੀ ਹੈ। ਆਦਿ ਗ੍ਰੰਥ ਵਿਚ ਆਏ ਸੰਕੇਤਕ ਹਵਾਲਿਆਂ ਤੋਂ ਪੰਜਾਬੀ ਵਾਰਾਂ ਦੇ ਪ੍ਰਾਚੀਨ ਇਤਿਹਾਸ ਬਾਰੇ ਕੁਝ ਰੋਸ਼ਨੀ ਮਿਲਦੀ ਹੈ। ਆਦਿ ਗ੍ਰੰਥ ਵਿਚ ਸ਼ਾਮਿਲ ਨੌਂ ਵਾਰਾਂ ਨੂੰ ਪੁਰਾਤਨ ਲੋਕ-ਵਾਰਾਂ ਦੀਆਂ ਧੁਨੀਆਂ ਉੱਤੇ ਗਾਉਣ ਦਾ ਆਦੇਸ਼ ਦਿੱਤਾ ਹੈ ਉਹ ਵਾਰਾਂ ਹਨ - ਮਲਕ ਮੁਰੀਦ ਚੰਦ੍ਰਹੜਾ ਸੋਹੀਆ ਦੀ ਵਾਰ, ਸਿਕੰਦਰ ਇਬਰਾਹੀਮ ਦੀ ਵਾਰ, ਲੱਲਾ ਬਹਿਲੀਮਾ ਦੀ ਵਾਰ, ਯੋਧੇ ਵੀਰੇ ਪੁਰਬਾਣੀ ਦੀ ਵਾਰ, ਹਸਨੇ ਮਹਿਮੇ ਦੀ ਵਾਰ, ਰਾਏ ਕਮਾਲ ਤੇ ਮਾਲਦਿਓ ਦੀ ਵਾਰ, ਮੂਸੇ ਦੀ ਵਾਰ ਅਤੇ ਰਾਏ ਕਮਾਲ ਮਾਉਜ ਦੀ ਵਾਰ। ਇਹ ਤਾਂ ਸਪਸ਼ਟ ਹੈ ਕਿ ਇਹ ਵਾਰਾਂ ਆਦਿ ਗ੍ਰੰਥ ਦੇ ਸੰਪਾਦਨ ਤੋਂ ਪਹਿਲਾਂ ਲੋਕਾਂ ਵਿਚ ਪ੍ਰਚਲਤ ਸਨ। ਢਾਡੀ ਤੇ ਮਿਰਾਸੀ ਲੋਕ ਇਨ੍ਹਾਂ ਨੂੰ ਗਾ ਕੇ ਸੁਣਾਇਆ ਕਰਦੇ ਸਨ। ਇਨ੍ਹਾਂ ਦੇ ਲੇਖਕ ਅਗਿਆਤ ਹਨ। ਭੱਟ ਜਾਂ ਮਿਰਾਸੀ ਲੋਕ ਹੀ ਇਨ੍ਹਾਂ ਦਾ ਪਰਿਮਾਣ ਹਨ। ਇਨ੍ਹਾਂ ਵਾਰਾਂ ਦੇ ਅਧੂਰੇ ਨਮੂਨੇ ਮਿਲਦੇ ਹਨ, ਜਿਸ ਕਰਕੇ ਇਨ੍ਹਾਂ ਦੇ ਪੂਰਣ ਸਰੂਪ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

ਇਹਨਾਂ ਲੋਕ-ਵਾਰਾਂ ਦਾ ਜੋ ਵੇਰਵਾ ਮਹਾਨ ਕੋਸ਼ ਵਿਚ ਦਿੱਤਾ ਗਿਆ ਹੈ ਉਸ ਅਨੁਸਾਰ ਇਹਨਾਂ ਦੀ ਰਚਨਾ ਅਤੇ ਇਹਨਾਂ ਦੀ ਪਰੰਪਰਾ ਬਾਰੇ ਇਨ੍ਹਾਂ ਦੇ ਕਥਾਨਕ ਨੂੰ ਹੀ ਅਧਾਰ ਬਣਾਇਆ ਜਾ ਸਕਦਾ ਹੈ ਜੋ ਇਸ ਪ੍ਰਕਾਰ ਹੈ:

**(1) ਟੁੰਡੇ ਅਸਰਾਜੇ ਦੀ ਵਾਰ**

ਇਸ ਵਾਰ ਦੇ ਸੰਕੇਤ ਬਾਰੇ ਗੁਰੂ ਗ੍ਰੰਥ ਸਾਹਿਬ ਵਿਚਲੀ ਵਾਰ 'ਆਸਾ ਦੀ ਵਾਰ' ਤੋਂ ਪਤਾ ਚਲਦਾ ਹੈ। ਟੁੰਡੇ ਅਸਰਾਜੇ ਦੀ ਵਾਰ ਅਸਰਾਜ ਅਤੇ ਉਸ ਦੇ ਪਿਓ ਸਾਰੰਗ ਦੀ ਕਹਾਣੀ ਹੈ। ਅਸਰਾਜ ਦੀ ਮਤਰੇਈ ਮਾਂ ਉਸ ਨਾਲ ਕਾਮ-ਪਿਆਰ ਸੰਬੰਧ ਕਰਨਾ ਚਾਹੁੰਦੀ ਸੀ। ਅਸਰਾਜ ਇਨਕਾਰ ਕਰਦਾ ਹੈ। ਇਸ ਤੇ ਮਤ੍ਰੇਈ ਮਾਂ ਅਸਰਾਜ ਦੇ ਪਿਤਾ ਨੂੰ ਝੂਠ ਬੋਲਕੇ ਅਸਰਾਜ ਨੂੰ ਮਾਰਨ ਦਾ ਹੁਕਮ ਕਰਵਾ ਦਿੰਦੀ ਹੈ ਪਰੰਤੂ ਜਲਾਦ ਤਰਸ-ਭਾਵਨਾ ਸਦਕਾ ਅਸਰਾਜ ਦੇ ਹੱਥ ਕਟਕੇ ਹੀ ਛਡ ਦਿੰਦੇ ਹਨ। ਅਸਰਾਜ ਘੁੰਮਦਾ ਘੁੰਮਦਾ ਕਿਸੇ ਰਾਜ ਵਿਚ ਚਲਾ ਜਾਂਦਾ ਹੈ ਅਤੇ ਕਿਸਮਤ ਨਾਲ ਉਥੋਂ ਦਾ ਰਾਜਾ

ਬਣ ਜਾਂਦਾ ਹੈ। ਇਕ ਦਿਨ ਅਸਰਾਜ ਨੂੰ ਖਬ਼ਰ ਮਿਲਦੀ ਹੈ ਕਿ ਉਸ ਦੇ ਪਿਤਾ ਤੇ ਭਾਰੀ ਬਿਪਤਾ ਆਣ ਪਈ ਹੈ। ਅਸਰਾਜ ਆਪਣੀ ਫੌਜਾਂ ਨਾਲ ਪਿਤਾ ਦੀ ਮਦਦ ਕਰਦਾ ਹੈ ਤੇ ਦੁਸ਼ਮਣ ਤੇ ਜਿੱਤ ਹਾਸਲ ਕਰਦਾ ਹੈ। ਰਾਜੇ ਨੂੰ ਅਸਲੀਅਤ ਦਾ ਪਤਾ ਚਲਦਾ ਹੈ ਤਾਂ ਉਹ ਅਸਰਾਜ ਨੂੰ ਰਾਜ-ਭਾਗ ਸੌਂਪ ਕੇ ਤਿਆਗੀ ਹੋ ਜਾਂਦਾ ਹੈ।

ਢਾਡੀਆਂ ਨੇ 'ਵਾਰ ਟੁੰਡੇ ਅਸਰਾਜ ਦੀ' ਬਣਾਈ ਜਿਹੜੀ ਪੂਰਨ ਰੂਪ ਵਿਚ ਤਾਂ ਉਪਲਬਧ ਨਹੀਂ, ਉਹਦੀ ਇਕ ਪਉੜੀ ਹੇਠਾਂ ਦਿੱਤੀ ਜਾਂਦੀ ਹੈ:

ਭਬਕਿਆ ਸ਼ੇਰ ਸਰਦੂਲ ਰਾਇ ਰਣ ਮਾਰੂ ਬੱਜੇ,
ਸੁਲਤਾਨ ਖਾਨ ਬਡ ਸੂਰਮੇ ਵਿਚ ਰਣ ਦੇ ਗੱਜੇ,
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ,
ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ,
ਫਤੇ ਪਾਇ ਅਸਰਾਜ ਜੀ ਸ਼ਾਹੀ ਪਰ ਸੱਜੇ।[6]

**(2) ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਵਾਰ**

ਮਲਕ ਮੁਰੀਦ ਖਾਨ ਅਤੇ ਚੰਦ੍ਰਹੜਾ ਜੋ ਕਿ ਅਕਬਰ ਦੇ ਫੌਜੀ ਸਰਦਾਰ ਸਨ, ਆਪਸ ਵਿਚ ਵਿਰੋਧੀ ਸਨ। ਇਕ ਵਾਰ ਬਾਦਸ਼ਾਹ ਨੇ ਸਰਹੱਦੀ ਮੁਹਿਮ ਤੇ ਮਲਕ ਨੂੰ ਤੋਰ ਦਿੱਤਾ। ਮਲਕ ਨੇ ਵਿਰੋਧੀਆਂ ਤੇ ਜਿੱਤ ਹਾਸਲ ਕੀਤੀ ਤੇ ਕਬਜ਼ਾ ਕਰਕੇ ਅਮਨ ਕਾਇਮ ਰੱਖਣ ਲਈ ਕੁਝ ਸਮਾਂ ਉਥੇ ਠਹਿਰਿਆ। ਚੰਦ੍ਰਹੜਾ ਨੇ ਚਲਾਕੀ ਨਾਲ ਚੁਗਲੀ ਕਰਕੇ ਬਾਦਸ਼ਾਹ ਨੂੰ ਇਹ ਜਤਾਇਆ ਕਿ ਮਲਕ ਮੁਲਕ ਤੇ ਕਾਬਜ਼ ਹੋ ਕੇ ਬਾਗੀ ਹੋ ਗਿਆ ਹੈ। ਬਾਦਸ਼ਾਹ ਨੇ ਮਲਕ ਦੀ ਹੋਸ਼ ਟਿਕਾਣੇ ਕਰਨ ਲਈ ਚੰਦ੍ਰਹੜਾ ਨੂੰ ਕਿਹਾ। ਦੋਵੇਂ ਯੋਧੇ ਜੰਗ ਦੇ ਮੈਦਾਨ ਵਿਚ ਬਹਾਦਰੀ ਨਾਲ ਲੜਦੇ ਹੋਏ ਮਾਰੇ ਗਏ। ਢਾਡੀਆਂ ਨੇ ਉਨ੍ਹਾਂ ਦੀ ਵਾਰ ਇਸ ਵਜ਼ਨ (ਛੰਦ) ਤੇ ਬਣਾਈ:

ਕਾਬੁਲ ਵਿੱਚ ਮੁਰੀਦਖਾਂ ਫੜਿਆ ਬਡਿ ਜੋਰ,
ਚੰਦ੍ਰਹੜਾ ਲੈ ਫੌਜ ਕੋ ਚੜ੍ਹਿਆ ਬਡ ਤੌਰ,

ਦੁਹਾਂ ਕੰਧਾਰਾਂ ਮੁਹ ਜੁੜੇ ਦਾਮਾਮੇ ਦੌਰ,

ਸਸਤ੍ਰ ਪਜੂਤੇ ਸੂਰਿਆਂ ਸਿਰ ਬੱਧੇ ਟੌਰ,

ਹੋਲੀ ਖੇਲੇ ਚੰਦ੍ਰਹੜਾ ਰੰਗ ਲੱਗੇ ਸੌਰ,

ਦੋਵੇਂ ਤਰਫਾਂ ਜੁਟੀਆਂ ਸਰ ਵੱਗਨ ਕੌਰ,

ਮੈਂ ਭੀ ਰਾਇ ਸਦਾਇਸਾਂ ਵੜਿਆ ਲਾਹੌਰ,

ਦੋਵੇਂ ਸੂਰੇ ਸਾਮਣੇ ਜੂਝੇ ਉਸ ਠੌਰ[7]

(3) **ਰਾਇ ਕਮਾਲ ਮਉਜ ਦੀ ਵਾਰ**

ਦੇਸ ਦੇ ਮਾਲਕ ਕਮਾਲਦੀਨ ਨੇ ਆਪਣੇ ਭਰਾ ਨੂੰ ਧੋਖੇ ਨਾਲ ਜ਼ਹਿਰ ਦੇ ਕੇ ਮਾਰ ਦਿੱਤਾ। ਉਸ ਦੀ ਇਸਤਰੀ ਨਾਬਾਲਗ ਪੁੱਤਰ ਮੁਐਜ਼ੁਦੀਨ ਨੂੰ ਲੈ ਕੇ ਪੇਕੇ ਘਰ ਚਲੀ ਗਈ। ਜਦ ਮੁਐਜ਼ੁਦੀਨ ਜਵਾਨ ਹੋਇਆ ਤਾਂ ਉਸਨੇ ਨਾਨਕਿਆਂ ਦੀ ਭਾਰੀ ਜਮਾਤ ਲੈ ਕੇ ਆਪਣੇ ਚਾਚੇ ਕਮਾਲਦੀਨ ਨੂੰ ਜੰਗ ਲਈ ਲਲਕਾਰਿਆ ਅਤੇ ਬਹਾਦਰੀ ਨਾਲ ਲੜਿਆ ਤੇ ਕਮਾਲਦੀਨ ਨੂੰ ਮਾਰ ਦਿੱਤਾ। ਢਾਡੀਆਂ ਨੇ ਇਸ ਜੰਗ ਦੀ ਵਾਰ ਇਸ ਵਜਨ ਤੇ ਰਚੀ:

ਰਾਣਾ ਰਾਇ ਕਮਾਲਦੀਂ ਰਣ ਭਾਰਾ ਬਾਹੀ,

ਮੌਜੁੱਦੀਂ ਤਲਵੰਡੀਓਂ ਚੜਿਆ ਸਾਬਾਹੀ,

ਢਾਲੀਂ ਅੰਬਰ ਛਾਇਆ ਫੁੱਲੇ ਅਕ ਕਾਹੀ,

ਜੁੱਟੇ ਆਮ੍ਹੋ ਸਾਮ੍ਹਣੇ ਨੇਜੇ ਬਲਕਾਹੀ,

ਮੌਜੇ ਘਰ ਵਧਾਈਆਂ ਘਰ ਚਾਚੇ ਧਾਹੀ,[8]

(4) **ਸਿਕੰਦਰ ਇਬਰਾਹੀਮ ਦੀ ਵਾਰ**

ਸਿਕੰਦਰ ਤੇ ਇਬਰਾਹੀਮ ਦੋ ਇਕੋ ਖਾਨਦਾਨ ਦੇ ਰਹੀਸ ਸਨ। ਇਬਰਾਹੀਮ ਵਿਭਚਾਰੀ ਤੇ ਸਿਕੰਦਰ ਧਰਮਾਤਮਾ ਸੀ। ਇਕ ਵਾਰ ਇਬਰਾਹੀਮ ਨੇ ਕਿਸੇ ਕੰਨ੍ਹਿਆਂ ਦਾ ਧਰਮ ਭੰਗ ਕਰਨਾ ਚਾਹਿਆ। ਕੰਨਿਆਂ ਦਾ ਪਿਓ ਸਿਕੰਦਰ ਦੀ ਸਰਨ ਗਿਆ ਅਤੇ ਇਬਰਾਹੀਮ ਦੇ ਅਤਿਆਚਾਰ ਬਾਰੇ

ਦਸਿਆ। ਸਿਕੰਦਰ ਨੇ ਸੈਨਾ ਲੈ ਕੇ ਇਬਰਾਹੀਮ ਤੇ ਚੜ੍ਹਾਈ ਕਰ ਦਿੱਤੀ ਅਤੇ ਜਿੱਤ ਹਾਸਲ ਕਰਕੇ ਉਸ ਨੂੰ ਕੈਦ ਕਰ ਲਿਆ। ਅੰਤ ਵਿਚ ਇਬਰਾਹੀਮ ਨੇ ਆਪਣੇ ਜੀਵਨ ਨੂੰ ਸੁਧਾਰਨ ਲਈ ਸਿਕੰਦਰ ਤੋਂ ਛੁਟਕਾਰਾ ਪਾਇਆ। ਇਸ ਪ੍ਰਸੰਗ ਦੀ ਜੋ ਵਾਰ ਬਣੀ ਉਸ ਦੀ ਪਉੜੀ ਇਸ ਤਰ੍ਹਾਂ ਹੈ:

ਪਾਪੀ ਖਾਨ ਬਿਰਾਮ ਪਰ ਚੜ੍ਹਿਆ ਸੈਕੰਦਰ,
ਭੇੜ ਦੋਹਾਂ ਦਾ ਮੱਚਿਆ ਬਡ ਰਣ ਦੇ ਅੰਦਰ,
ਫੜਿਆ ਖਾਨ ਬਿਰਾਮ ਨੂੰ ਕਰ ਬਡ ਆਡੰਬਰ,
ਬੱਧਾ ਸੰਗਲ ਪਾਇਕੈ ਜਣੁ ਕੀਲੇ ਬੰਦਰ,
ਅਪਨਾ ਹੁਕਮ ਮਨਾਇਕੈ ਛੱਡਿਆ ਜਗ ਅੰਦਰ। [9]

### (5) ਲੱਲਾ ਤੇ ਬਹਿਲੀਮਾ ਦੀ ਵਾਰ

ਲੱਲਾ ਤੇ ਬਹਿਲੀਮਾ ਪੜੋਸੀ ਪਹਾੜੀ ਰਾਜੇ ਸਨ। ਲੱਲਾ ਦਾ ਇਲਾਕਾ ਖੁਸ਼ਕ ਤੇ ਬਹਿਲੀਮਾ ਦਾ ਸਰ ਸਬਜ਼ ਸੀ। ਇਕ ਵਾਰ ਬਰਸਾਤ ਘੱਟ ਹੋਣ ਕਾਰਨ ਲੱਲਾ ਨੇ ਬਹਿਲੀਮਾ ਤੋਂ ਕੂਲ ਦਾ ਪਾਣੀ ਮੰਗਿਆ ਅਤੇ ਇਸ ਦੇ ਬਦਲੇ ਪੈਦਾਵਾਰ ਦਾ ਛੇਵਾਂ ਹਿੱਸਾ ਦੇਣਾ ਕੀਤਾ। ਪਰੰਤੂ ਫਸਲ ਤਿਆਰ ਹੋਣ ਤੇ ਲੱਲਾ ਆਪਣੇ ਕੌਲ ਤੋਂ ਮੁਕਰ ਗਿਆ ਜਿਸ ਤੇ ਦੋਹਾਂ ਵਿਚਕਾਰ ਯੁੱਧ ਹੋਇਆ ਤੇ ਬਹਿਲੀਮਾ ਇਸ ਯੁੱਧ ਵਿਚ ਜਿੱਤ ਗਿਆ। ਇਸ ਪ੍ਰਸੰਗ ਦੀ ਵਾਰ ਦੀ ਪਉੜੀ ਇਸ ਤਰ੍ਹਾਂ ਹੈ:

ਕਾਲ ਲੱਲਾ ਦੇ ਦੇਸ ਦਾ ਖੋਇਆ ਬਹਿਲੀਮਾ,
ਹਿੱਸਾ ਛਠਾ ਮਨਾਇਕੈ ਜਲ ਨਹਿਰੋਂ ਦੀਮਾ,
ਫਿਰਾਹੁਨ ਹੋਇ ਲੱਲਾ ਨੇ ਰਣ ਮੰਡਿਆ ਧੀਮਾ,
ਭੇੜ ਦੁਹੂੰ ਦਿਸ ਮਚਿਆ ਸਟਪਈ ਅਜ਼ੀਮਾ,
ਸਿਰ ਧੜ ਡਿੱਗੇ ਖੇਤ ਵਿੱਚ ਜਿਉ ਵਾਹਣ ਢੀਮਾ,
ਮਾਰ ਲੱਲਾ ਬਹਲੀਮ ਨੇ ਰਣ ਮੇ ਧਰ ਸੀਮਾ [10]

### (6) ਯੋਧੇ ਵੀਰੇ ਪੁਰਬਾਣੀ ਦੀ ਵਾਰ

ਰਾਮ ਕਲੀ ਦੀ ਵਾਰ ਮਹਲਾ -3, ਤੇ ਯੋਧੇ ਵੀਰੇ ਪੁਰਬਾਣੀ ਕੀ ਧੁਨੀ ਦੇ ਗਾਉਣ ਦਾ

ਆਦੇਸ਼ ਕੀਤਾ ਗਿਆ ਹੈ। ਪੂਰਬਾਣੀ ਰਾਜਪੂਤ ਦੇ ਪੁੱਤਰ ਜੋਧ ਅਤੇ ਵੀਰ ਦੋ ਮਸ਼ਹੂਰ ਧਾੜਵੀ ਸਨ। ਅਕਬਰ ਨੇ ਇਨ੍ਹਾਂ ਨੂੰ ਕਈ ਵਾਰ ਸ਼ਾਹੀ ਨੌਕਰ ਹੋਣ ਲਈ ਆਖਿਆ ਪਰ ਇਨ੍ਹਾਂ ਨੇ ਸਦਾ ਹੀ ਕਰਾਰਾ ਜਵਾਬ ਦਿੱਤਾ ਕਿ ਅਸੀਂ ਉਹ ਰਾਜਪੂਤ ਨਹੀਂ ਜੋ ਧੀਆਂ ਵੇਚ ਕੇ ਤੇਰੀ ਗੁਲਾਮੀ ਕਰਨ। ਇਹ ਚੁਭਵੀਂ ਗੱਲ ਸੁਣ ਕੇ ਅਕਬਰ ਨੇ ਇਨ੍ਹਾਂ ਦੀ ਆਕੜ ਭੰਨਣ ਲਈ ਫੌਜ ਭੇਜੀ ਅਤੇ ਇਹ ਦੋਵੇਂ ਭਰਾ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਲੜ ਮਰੇ। ਇਨ੍ਹਾਂ ਸੂਰਮਿਆਂ ਦੀ ਜਾਨ ਤੋੜਵੀਂ ਲੜਾਈ ਦੀ ਢਾਡੀਆਂ ਨੇ ਵਾਰ ਬਣਾਈ, ਜਿਸ ਦਾ ਨਮੂਨਾ ਇਸ ਤਰ੍ਹਾਂ ਹੈ:

ਜੋਧੇ ਵੀਰ ਪੂਰਬਾਣੀਏ ਦੋ ਗੱਲਾਂ ਕਰੀ ਕਰਾਰੀਆਂ,
ਫੌਜ ਚੜ੍ਹਾਈ ਬਾਦਸ਼ਾਹ ਅਕਬਰ ਰਣ ਭਾਰੀਆਂ,
ਸਨਮੁੱਖ ਹੋਏ ਰਾਜਪੂਤ ਸ਼ੁਤਰੀ ਰਣਕਾਰੀਆ,
ਧੂਹ ਮਿਆਨੋਂ ਕਢੀਆਂ ਬਿਜੁੱਲਚਮਕਾਰੀਆਂ,
ਇੰਦਰ ਸਣੇ ਅੱਪਛਰਾਂ ਮਿਲ ਕਰਨ ਜੁਹਾਰੀਆਂ,
ਏਹੀ ਕੀਤੀ ਜੋਧ ਵੀਰ ਪਤਸ਼ਾਹੀ ਗੱਲਾਂ ਸਾਰੀਆਂ [11]

### (7) ਹਸਨੇ ਮਹਿਮੇ ਦੀ ਵਾਰ

ਸਾਰੰਗ ਕੀ ਵਾਰ, ਰਾਇ ਹਸਨੇ ਮਹਿਮੇ ਕੀ ਧੁਨੀ ਹਸਨਾ ਤੇ ਮਹਿਮਾ ਭੱਟੀ ਰਾਜਪੂਤ ਸਨ। ਹਸਨਾ ਸ਼ਾਹੀ ਮੁਲਾਜਮ ਸੀ ਪਰ ਕਿਸੇ ਅਪਰਾਧ ਤੋਂ ਮੌਕੂਫ ਹੋ ਗਿਆ ਤੇ ਉਸ ਨੇ ਮਹਿਮੇ ਕੋਲ ਪਨਾਹ ਲਈ। ਮਹਿਮੇ ਨੇ ਉਸ ਨੂੰ ਆਪਣਾ ਪ੍ਰਧਾਨ ਥਾਪਿਆ ਅਤੇ ਸ਼ਾਹੀ ਟੈਕਸ ਅਦਾ ਕਰਨ ਲਈ ਉਸ ਨੂੰ ਭੇਜਦਾ ਰਿਹਾ। ਹਸਨੇ ਨੇ ਸਾਰਾ ਸਰਕਾਰੀ ਮੁਆਮਲਾ ਆਪਣੇ ਨਾਂ ਦਾਖਲ ਕਰਵਾ ਕੇ ਮਹਿਮੇ ਨੂੰ ਗੈਰ ਹਾਜ਼ਰ ਲਿਖਵਾਇਆ। ਮੁਆਮਲਾ ਨਾ ਦੇਣ ਦੇ ਅਪਰਾਧ ਵਿਚ ਮਹਿਮਾ ਕੈਦ ਕੀਤਾ ਗਿਆ ਪਰੰਤੂ ਅੰਤ ਵਿਚ ਅਸਲੀਅਤ ਦਾ ਭੇਦ ਖੁਲ੍ਹ ਜਾਣ ਤੇ ਮਹਿਮਾ ਸ਼ਾਹੀ ਫੌਜ ਨਾਲ ਹਸਨੇ ਨੂੰ ਕਰਮਫਲ ਭੁਗਤਾਉਣ ਲਈ ਭੇਜਿਆ ਗਿਆ। ਮਹਿਮੇ ਨੇ ਜਿੱਤ ਪ੍ਰਾਪਤ ਕੀਤੀ ਅਤੇ ਹਸਨੇ ਨੂੰ ਕੈਦ ਕਰ ਲਿਆ ਗਿਆ। ਪਰ ਉਸਨੇ ਆਪਣੇ ਕ੍ਰਿਪਾਲੂ ਸੁਭਾਅ ਅਨੁਸਾਰ ਹਸਨੇ ਦਾ ਅਪਰਾਧ ਬਖਸ਼ ਦਿੱਤਾ।

ਇਸ ਪ੍ਰਸੰਗ ਵਿਚ ਢਾਡੀਆਂ ਨੇ ਜੋ ਵਾਰ ਬਣਾਈ, ਉਸ ਦਾ ਨਮੂਨਾ ਇਸ ਤਰ੍ਹਾਂ ਹੈ:

ਮਹਿਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ,
ਹਸਨੇ ਬੇਈਮਾਨਗੀ ਨਾਲ ਮਹਿਮੇ ਥੱਟੀ,
ਭੇੜ ਦੁਹਾਂ ਦਾ ਮੱਚਿਆ ਸਰ ਵਗੇ ਸਫੱਟੀ,
ਮਹਿਮੇ ਪਾਈ ਫਤੇ ਰਨ ਗਲ ਹਸਨੇ ਘੱਟੀ,
ਬੰਨ ਹਸਨੇ ਨੂੰ ਛੱਡਿਆ ਜਸ ਮਹਿਮੇ ਖੱਟੀ [12]

**(8) ਰਾਣੇ ਕੈਲਾਸ ਤਥਾ ਮਾਲਦੇਵ ਦੀ ਵਾਰ**

(ਮਲਾਰ ਦੀ ਵਾਰ, ਰਾਣੇ ਤਥਾ ਮਾਲਦੇ ਦੀ ਧੁਨਿ) ਰਾਣਾ ਕੈਲਾਸ ਦੇਵ ਅਤੇ ਮਾਲਦੇਵ ਰਾਜਪੂਤ ਦੋ ਸਕੇ ਭਰਾ ਤੇ ਪਹਾੜੀ ਰਈਸ ਸਨ। ਵੱਡੇ ਭਰਾ ਨੇ ਰਾਜ ਭਾਗ ਪ੍ਰਾਪਤ ਕਰਕੇ ਛੋਟੇ ਭਰਾ ਨਾਲ ਅਯੋਗ ਵਿਹਾਰ ਕੀਤਾ। ਮਾਲਦੇਵ ਅਣਖ ਵਾਲਾ ਯੋਧਾ ਸੀ ਉਸ ਨੇ ਆਪਣੇ ਰਸੂਖ ਨਾਲ ਸੈਨਾ ਅਤੇ ਪਰਜਾ ਨੂੰ ਆਪਣੇ ਵਲ ਕਰ ਲਿਆ। ਕੈਲਾਸ ਦੇਵ ਨੂੰ ਪਛਤਾ ਕੇ ਭਰਾ ਤੋਂ ਮੁਆਫ਼ੀ ਮੰਗਣੀ ਪਈ। ਇਸ ਤੋਂ ਧਰਮਾਤਮਾ ਪੁਰਸ਼ ਮਾਲਦੇਵ ਨੇ ਅੱਧੀ ਰਿਆਸਤ ਉਸ ਦੇ ਹਵਾਲੇ ਕਰ ਦਿੱਤੀ। ਇਸ ਪ੍ਰਸੰਗ ਦੀ ਵਾਰ ਦਾ ਨਮੂਨਾ ਇਸ ਤਰ੍ਹਾਂ ਹੈ:

693150
8P.08
ਜੀ S3?

"ਧਰਤ ਘੋੜਾ ਪਰਬਤ ਪਲਾਣ ਸਿਰ ਟੱਟਰ ਅੰਬਰ,
ਨਉ ਸੈ ਨਦੀ ਨੜਿੰਨਵੇਂ ਰਾਣਾ ਜਲ ਕੰਧਰ,
ਢੁੱਕਾ ਰਾਇ ਅਮੀਰਦੇ ਕਰ ਮੇਘ ਅਡੰਬਰ,
ਆਨਤ ਖੰਡਾ ਰਾਣਿਆ ਕੈਲਾਸੇ ਅੰਦਰ,
ਬਿਜੁੱਲ ਜਯੋਂ ਚਮਕਾਣੀਆਂ ਤੇਗਾਂ ਵਿਚ ਅੰਬਰ,
ਮਾਲਦੇਵ ਕੈਲਾਸ ਨੂੰ ਬੰਨਿਆ ਕਰ ਸੰਘਰ,
ਫਿਰ ਅੱਧਾ ਧਨ ਮਾਲ ਦੇ ਛਡਿਆ ਗੜ੍ਹ ਅੰਦਰ,
ਮਾਲਦੇਉ ਜਸ ਖੱਟਿਆ ਜਿਉ ਸ਼ਾਹ ਸਿਕੰਦਰ"[13]

CHANDIGARH P.U. LIBRARY

(9) ਮੂਸੇ ਦੀ ਵਾਰ

(ਕਾਨੜੇ ਦੀ ਵਾਰ, ਮੂਸੇ ਕੀ ਵਾਰ ਕੀ ਧੁਨੀ)

ਮੂਸਾ ਵੱਡਾ ਬਹਾਦਰ ਯੋਧਾ ਸੀ। ਉਸ ਦੀ ਮੰਗ ਕਿਸੇ ਹੋਰ ਨੇ ਵਿਆਹ ਲਈ। ਇਸ ਤੇ ਦੋਹਾਂ ਵਿਚਕਾਰ ਜੰਗ ਹੋਈ ਤੇ ਮੂਸੇ ਨੇ ਫਤਹਿ ਪ੍ਰਾਪਤ ਕਰਕੇ ਉਸ ਨੂੰ ਬੰਦੀ ਬਣਾ ਕੇ ਇਸਤਰੀ ਸਮੇਤ ਘਰ ਲੈ ਆਉਂਦਾ ਤੇ ਇਸਤਰੀ ਤੋਂ ਪੁਛਿਆ ਕਿ ਤੇਰਾ ਕੀ ਸੰਕਲਪ ਹੈ। ਉਸ ਨੇ ਕਿਹਾ ਕਿ ਮੈਂ ਆਪਣੇ ਪਤੀ ਨਾਲ ਹੀ ਰਹਿਣਾ ਚਾਹੁੰਦੀ ਹਾਂ। ਉਸ ਦੀ ਗੱਲ ਸੁਣ ਕੇ ਮੂਸਾ ਬਹੁਤ ਪ੍ਰਸੰਨ ਹੋਇਆ ਤੇ ਵੈਰੀ ਨੂੰ ਇਸਤਰੀ ਦੇ ਕੇ ਸਨਮਾਨ ਨਾਲ ਵਿਦਾ ਕੀਤਾ। ਇਸ ਪ੍ਰਸੰਗ ਦੀ ਵਾਰ ਦਾ ਨਮੂਨਾ ਇਸ ਤਰ੍ਹਾਂ ਹੈ:

ਤ੍ਰੈ ਸੈ ਸੱਠ ਮਰਾਤਬਾ ਇਕ ਘੁਰਿਐ ਡੱਗੇ;
ਚੜਿਆ ਮੂਸਾ ਪਾਤਸ਼ਾਹ ਸਭ ਸੁਣਿਐ ਜੱਗੇ,
ਦੰਦ ਚਿਟੇ ਬਡ ਹਾਥੀਆ ਕਹੁ ਕਿੱਤ ਵਰੱਗੇ,
ਰੁਤ ਪਛਾਤੀ ਬਗੁਲਿਆਂ ਘਟ ਕਾਲੀ ਬੱਗੇ,
ਏਹੀ ਕੀਤੀ ਮੂਸਿਆ ਕਿਨ ਕਰੀ ਨਾ ਅੱਗੇ।[14]

ਲੋਕ ਵਾਰਾਂ ਵਿਸ਼ੇਸ਼ ਕਾਲ ਦੀ ਵਿਸ਼ੇਸ਼ ਮਨੁੱਖੀ ਦ੍ਰਿਸ਼ਟੀ ਦੀ ਪੈਦਾਵਾਰ ਹਨ। ਇਸੇ ਦ੍ਰਿਸ਼ਟੀ ਨੇ ਇਨ੍ਹਾਂ ਵਾਰਾਂ ਦੀ ਰੂਪਕ ਬਣਤਰ ਨੂੰ ਨਿਰਧਾਰਤ ਕੀਤਾ ਹੈ। ਇਨ੍ਹਾਂ ਵਾਰਾਂ ਦੇ ਅਧਿਐਨ ਤੋਂ ਇਹ ਪਤਾ ਲਗਦਾ ਹੈ ਕਿ ਇਨ੍ਹਾਂ ਦੇ ਕਥਾਨਕ ਅਸਲੀ ਸੰਜੀਵ ਜੰਗਾਂ ਯੁਧਾਂ ਨਾਲ ਸੰਬੰਧਤ ਹਨ। ਵਾਸਤਵਿਕ ਯੁਧਾਂ ਨਾਲ ਸੰਬੰਧਿਤ ਹੋਣ ਕਰਕੇ ਇਨ੍ਹਾਂ ਵਿਚ ਪੇਸ਼ ਸੰਘਰਸ਼ ਲੌਕਿਕ ਪ੍ਰਾਕਿਰਤੀ ਦਾ ਧਾਰਨੀ ਹੈ। ਇਸ ਸੰਘਰਸ਼ ਦਾ ਸੰਚਾਲਕ ਮਨੁੱਖ ਖੁਦ ਹੈ ਜੋ ਨਵਾਬਾਂ ਰਾਜਿਆਂ-ਰਜਵਾੜਿਆਂ ਆਦਿ ਦੀ ਸ਼ਕਲ ਵਿਚ ਇਨ੍ਹਾਂ ਵਾਰਾਂ ਵਿਚ ਸ਼ਾਮਿਲ ਹੈ। ਸੰਘਰਸ਼ ਵਿਚ ਨਾਇਕ ਦਾ ਯੋਗਦਾਨ ਰਚਨਾ ਵਿਧਾਨ ਦੇ ਅਹਿਮ ਅੰਗ ਵਜੋਂ ਉਭਰਦਾ ਹੈ। ਅਜਿਹਾ ਹੋਣ ਕਾਰਣ ਇਨ੍ਹਾਂ ਵਾਰਾਂ ਦੇ ਨਾਇਕ ਦਾ ਜਸ ਵਰਨਣ ਦੇ ਆਦਰਸ਼ ਦੇ ਮੰਤਵ ਨਾਲ ਜੁੜੇ ਹੋਣਾ ਹੈ।

ਇਨ੍ਹਾਂ ਵਾਰਾਂ ਦੇ ਕਥਾਨਕਾਂ ਅਤੇ ਨਮੂਨਿਆਂ ਦੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ

ਇਹ ਰੂਪਾਕਾਰ ਮੁੱਖ ਰੂਪ ਵਿਚ ਕਿਸੇ ਯੁਧ ਦੇ ਕਥਾਨਕ ਦੇ ਆਲੇ-ਦੁਆਲੇ ਕਾਵਿਕ ਬਿਰਤਾਂਤ ਨੂੰ ਸੰਗਠਤ ਕਰਦਾ ਹੈ। ਇਸੇ ਲਈ ਇਸ ਰੂਪਾਕਾਰ ਦੀਆਂ ਰਚਨਾ ਰੂੜੀਆਂ ਕਵਿਤਾ ਅਤੇ ਬਿਰਤਾਂਤ, ਦੋਹਾਂ ਵਿਧੀਆਂ ਨਾਲ ਸੰਬੰਧ ਰੱਖਦੀਆਂ ਹਨ। ਇਨ੍ਹਾਂ ਵਾਰਾਂ ਦੀ ਸਿਰਜਣਾ ਛੋਟੇ ਛੋਟੇ ਅਕਾਰ ਵਾਲੇ ਕਾਵਿ-ਬੰਦਾਂ ਦੇ ਰੂਪ ਵਿਚ ਕੀਤੀ ਗਈ ਮਿਲਦੀ ਹੈ। ਇਨ੍ਹਾਂ ਵਿਚ ਸੰਜਮ ਤੇ ਸੰਕੋਚ ਤੋਂ ਕੰਮ ਲਿਆ ਗਿਆ ਹੈ। ਇਹੀ ਵਿਸ਼ੇਸ਼ਤਾ ਇਨ੍ਹਾਂ ਵਾਰਾਂ ਦੀ ਵਿਲੱਖਣਤਾ ਹੈ।

ਸਮੁੱਚੇ ਰੂਪ ਵਿਚ ਆਖਿਆ ਜਾ ਸਕਦਾ ਹੈ ਕਿ ਇਹ ਵਾਰਾਂ ਪੰਜਾਬੀ ਸਾਹਿਤ ਅੰਦਰ ਵਿਸ਼ੇਸ਼ ਤੇ ਮਹਤਵਪੂਰਣ ਸਥਾਨ ਰੱਖਦੀਆਂ ਹਨ ਕਿਉਂਕਿ ਇਨ੍ਹਾਂ ਨਾਲ ਪੰਜਾਬੀ ਵਾਰ ਸਾਹਿਤ ਦਾ ਮੁੱਢ ਹੀ ਨਹੀਂ ਬਝਦਾ ਬਲਕਿ ਇਕ ਮੌਲਿਕ ਤੇ ਨਿਵੇਕਲਾ ਕਾਵਿ ਰੂਪ ਵੀ ਹੋਂਦ ਵਿਚ ਆਉਂਦਾ ਹੈ। ਮਨੁੱਖੀ ਬੀਰਤਾਵਾਂ ਦੀ ਪੇਸ਼ਕਾਰੀ ਲਈ ਲੋਕ ਵਾਰਾਂ ਅਜਿਹੇ ਢੁਕਵੇਂ ਤੇ ਸ਼ਕਤੀਸ਼ਾਲੀ ਮਾਧਿਅਮ ਦੇ ਰੂਪ ਵਿਚ ਸਾਹਮਣੇ ਆਈਆਂ ਕਿ ਆਧੁਨਿਕ ਯੁਗ ਤੱਕ ਵਾਰ, ਇਨ੍ਹਾਂ ਭਾਵਾਂ ਲਈ ਯੋਗ ਤੇ ਸਮਰਥ ਕਾਵਿ-ਰੂਪ ਦੇ ਤੌਰ ਤੇ ਪ੍ਰਵਾਨਤ ਹੁੰਦੀ ਹੈ।

**(ਅ) ਅਧਿਆਤਮਕ ਵਾਰਾਂ ਤੇ ਧਾਰਮਿਕ ਵਾਰਾਂ**

ਲੋਕ ਵਾਰਾਂ ਤੋਂ ਪਿਛੋਂ ਪੰਜਾਬੀ ਵਾਰ ਸਾਹਿਤ ਨੂੰ ਸਿਖਰ ਤੇ ਪਹੁੰਚਾਉਣ ਦਾ ਕੰਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ, ਅਧਿਆਤਮਕ ਵਾਰਾਂ ਨੇ ਕੀਤਾ। ਇਨ੍ਹਾਂ ਵਿਚੋਂ ਇਕੀ ਤਾਂ ਨਿਰੋਲ ਅਧਿਆਤਮਕ ਵਿਸ਼ੇ ਨਾਲ ਸੰਬੰਧਿਤ ਹਨ ਜਿਨ੍ਹਾਂ ਦਾ ਵੇਰਵਾ ਪਹਿਲੇ ਅਧਿਆਇ ਵਿਚ ਦਿੱਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਨ੍ਹਾਂ ਅਧਿਆਤਮਕ ਵਾਰਾਂ ਦੀ ਸੰਰਚਨਾ ਪਿਛਲੀਆਂ ਲੋਕ ਵਾਰਾਂ ਤੋਂ ਵੱਖਰੀ ਹੈ। ਇਹ ਵਾਰਾਂ ਕਿਸੇ ਨਾ ਕਿਸੇ ਰਾਗ ਵਿਚ ਹਨ ਤੇ ਉਸ ਰਾਗ ਦੀ ਆਪਣੀ ਵਿਸ਼ੇਸ਼ਤਾ ਹੈ, ਜਿਸ ਦਾ ਸੰਬੰਧ ਉਸ ਰਾਗ ਦੀ ਸੰਰਚਨਾ ਨਾਲ ਵੀ ਬਣਦਾ ਹੈ। ਇਨ੍ਹਾਂ ਵਾਰਾਂ ਵਿਚ ਨੌਂ ਵਾਰਾਂ ਨੂੰ ਲੋਕ ਵਾਰਾਂ ਦੀਆਂ ਧੁਨੀਆਂ ਉਤੇ ਗਾਉਣ ਦਾ ਆਦੇਸ਼ ਦਿੱਤਾ ਗਿਆ ਹੈ।

ਇਨ੍ਹਾਂ ਵਾਰਾਂ ਨੂੰ ਪਉੜੀਆਂ ਤੇ ਸਲੋਕਾਂ ਦੇ ਰੂਪ ਵਿਚ ਲਿਖਿਆ ਗਿਆ ਹੈ। ਪੰਜਾਬੀ ਵਾਰ ਖੇਤਰ ਵਿਚ ਅਧਿਆਤਮਕ ਵਾਰਾਂ ਨਾਲ ਮਹਤਵਪੂਰਣ ਪਰਿਵਰਤਨ ਆਉਂਦਾ ਹੈ ਕਿਉਂਕਿ ਇਹਨਾਂ ਵਾਰਾਂ ਦੀ ਪਵਿਰਤੀ ਲੋਕ-ਮਨਾਂ ਦੀਆਂ ਪ੍ਰਵਿਰਤੀਆਂ ਅਨੁਸਾਰ ਹੈ। ਇਹਨਾਂ ਵਾਰਾਂ ਦੀ ਵਿਸ਼ੇਸ਼ਤਾ ਇਹਨਾਂ ਦੀ ਸੱਜਰਤਾ ਤੇ ਆਧਾਰਤ ਹੈ ਜੋ ਲੋਕ-ਮਨਾਂ ਦੀਆਂ ਪ੍ਰਵਿਰਤੀਆਂ ਨੂੰ ਟੁੰਬਦੀਆਂ ਹਨ, ਜਿਨ੍ਹਾਂ ਨੇ ਵਾਰ ਦੇ ਪੂਰਣ ਸੰਕਲਪ ਨੂੰ ਅਸਲੋਂ ਹੀ ਬਦਲ ਕੇ ਰੱਖ ਦਿੱਤਾ ਹੈ। ਇਨ੍ਹਾਂ ਵਾਰਾਂ ਦੀ ਰਚਨਾ ਸਮੇਂ, ਸਮਾਜਕ, ਧਾਰਮਿਕ, ਆਰਥਿਕ ਤੇ ਰਾਜਨੈਤਿਕ ਹਾਲਾਤ ਲੋਕ-ਹਿਤੈਸ਼ੀ ਨਹੀਂ ਸਨ। ਆਮ ਜਨਤਾ ਜਾਗੀਰਦਾਰੀ ਅਤੇ ਰਜਵਾੜਾਸ਼ਾਹੀ ਪ੍ਰਬੰਧ ਹੇਠਾਂ ਵਿਚਰਦੀ ਹੋਈ ਹਰ ਪੱਖੋਂ ਲੁੱਟ ਦਾ ਸ਼ਿਕਾਰ ਹੋ ਰਹੀ ਸੀ। ਇਸ ਤਰ੍ਹਾਂ ਦੇ ਲੁੱਟ ਦੇ ਮਾਹੌਲ ਵਿਚ ਆਮ ਲੋਕਾਂ ਦਾ ਜੀਣਾ ਦੁੱਭਰ ਹੋ ਗਿਆ ਸੀ। ਉਸ ਸਮੇਂ ਬ੍ਰਾਹਮਣ ਸ਼੍ਰੇਣੀ ਨੇ ਧਰਮ ਦੇ ਕਠੋਰ ਬੰਧਨਾਂ ਰਾਹੀਂ ਸਮਾਜ ਦੇ ਇਕ ਵੱਡੇ ਸਮੂਹ ਨੂੰ ਸਭਿਆਚਾਰਕ ਤੇ ਮਾਨਸਿਕ ਤੌਰ ਤੇ ਅਪਾਹਜ ਕਰ ਦਿੱਤਾ ਸੀ। ਸਧਾਰਣ ਮਨੁੱਖ, ਸ਼੍ਰੇਣਿਕ ਸਮਾਜ ਦਾ ਸਰਾਪ ਭੋਗ ਰਿਹਾ ਸੀ। ਧਰਮ ਦਾ ਅਸਲ ਅਰਥ ਗੁੰਮ ਹੋ ਚੁੱਕਾ ਸੀ। ਅਜਿਹੇ ਸੰਕਟ ਸਮੇਂ ਇਨ੍ਹਾਂ ਅਧਿਆਤਮਕ ਪਰੰਤੂ ਲੋਕ-ਹਿਤੈਸ਼ੀ ਵਾਰਾਂ ਨੇ ਭਾਰਤੀ ਮਨੁੱਖ ਨੂੰ ਹੀਣਤਾ ਦੇ ਭਾਵ ਤੋਂ ਮੁਕਤ ਕਰਕੇ ਉਸ ਨੂੰ ਉਸ ਦੀ ਹੋਂਦ ਨਾਲ ਜੋੜਿਆ। ਉਸ ਸਮੇਂ ਲੋੜ ਸੀ, ਇਕ ਇਨਕਲਾਬੀ ਚੇਤਨਾਂ ਦੀ ਜੋ ਗੁਰਮਤਿ ਵਿਚਾਰ ਧਾਰਾ ਦੇ ਰੂਪ ਵਿਚ ਉੱਭਰੀ। ਇਸ ਵਿਚਾਰ ਧਾਰਾ ਦੇ ਮੋਢੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਨਾ ਕੋਈ ਮੁਸਲਮਾਨ ਹੈ ਨਾ ਕੋਈ ਹਿੰਦੂ ਹੈ, ਇਨਸਾਨ ਤਾਂ ਇਨਸਾਨ ਹੈ। ਉਹਨਾਂ ਨੇ ਸਿਰਫ਼ ਜਾਤ-ਪਾਤ ਪ੍ਰਬੰਧ ਉੱਤੇ ਉਸਰੇ ਸਮਾਜਕ ਪ੍ਰਬੰਧ ਦਾ ਵਿਰੋਧ ਹੀ ਨਹੀਂ ਕੀਤਾ, ਸਗੋਂ ਇਸ ਨੂੰ ਜੜੋਂ ਪੁਟਣ ਲਈ ਸਮਾਜਕ ਬਰਾਬਰੀ ਲਿਆਉਣ ਲਈ ਇਕ ਸਵਾਸਥ ਵਿਚਾਰਧਾਰਾ ਦੀ ਸਥਾਪਨਾਂ ਕੀਤੀ ਜੋ ਇਕ ਸੰਸਥਾ ਦੇ ਰੂਪ ਵਿਚ ਗੁਰੂ ਗੋਬਿੰਦ ਤੱਕ ਆਪਣੇ ਇਨਕਲਾਬੀ ਤੇ ਸ਼੍ਰੋਮਣੀ ਰੂਪ ਵਿਚ ਸਥਾਪਿਤ ਰਹੀ।

ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਇਕ ਨਵੇਂ ਆਦਰਸ਼ ਅਤੇ ਨਵਸਮਾਜਕ ਅਵਸਥਾ ਨੂੰ ਪੇਸ਼ ਕਰਦੀਆਂ ਹਨ। ਇਹ ਵਾਰਾਂ ਮਨੁੱਖਤਾ ਪੱਖੀ ਇਕੋ ਕੇਂਦਰੀ ਵਿਸ਼ੇ ਦੁਆਲੇ ਘੁੰਮਦੀਆਂ ਹਨ।

ਜਿੱਥੇ ਇਹ ਵਾਰਾਂ ਮਨੁੱਖ ਦੀ ਸਮਾਜਿਕ ਸਮੱਸਿਆਵਾਂ ਨਾਲ ਸੰਬੰਧਤ ਹਨ ਉਥੇ ਇਨ੍ਹਾਂ ਵਿਚੋਂ ਇਨ੍ਹਾਂ ਮਸਲਿਆਂ ਦੇ ਠੋਸ ਉਦਾਹਰਣ ਮਿਲਦੇ ਹਨ। ਇਨ੍ਹਾਂ ਵਾਰਾਂ ਵਿਚੋਂ ਸਮਾਜਕ - ਗਿਰਾਵਟ, ਭੇਖਾਂ-ਪਾਖੰਡਾਂ, ਕਰਮ-ਕਾਂਡਾਂ ਤੇ ਮਨਮੁੱਖਾਂ ਦੀਆਂ ਕਰਤੂਤਾਂ ਦਾ ਖੰਡਨ ਕੀਤਾ ਗਿਆ ਹੈ। ਉਸ ਸਮੇਂ ਦੇ ਸਮਾਜਿਕ ਤੇ ਰਾਜਨੈਤਿਕ ਅਵਸਥਾ ਤੇ ਗੁਰੂ ਨਾਨਕ ਦੇਵ ਜੀ ਚੋਟ ਕਰਦੇ ਹਨ:

> ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ॥
> ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
> ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥
> ਵਿਚਿ ਹਉਮੈ ਕਰਿ ਦੁਖੁ ਰੋਈ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥[15]

ਅਧਿਆਤਮਕ ਵਾਰਾਂ ਬਾਰੇ ਸੁਰਿੰਦਰ ਸਿੰਘ ਕੋਹਲੀ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕਰਦੇ ਹਨ:

> ਅਧਿਆਤਮਕ ਵਾਰਾਂ ਦੀ ਮੂਲ ਸਮੱਗਰੀ ਮਨੁੱਖ ਦੁਆਰਾ ਉਚਤਮ ਸਦਾਚਾਰਕ ਕੀਮਤਾਂ ਦੇ ਅਪਣਾਉਣ ਉਪਰੰਤ ਨਰ ਤੋਂ ਨਰੋਤਮ ਦੀ ਪਦਵੀ ਪ੍ਰਾਪਤ ਕਰਕੇ ਨਰਾਇਣ ਮਿਲਣ ਵਿਚ ਹੈ।"[16]

**ਧਾਰਮਿਕ ਵਾਰਾਂ** : ਗੁਰੂ ਸਾਹਿਬਾਨਾਂ ਦੁਆਰਾ ਰਚੀਆਂ ਅਧਿਆਤਮਕ ਵਾਰਾਂ ਪਿਛੋਂ ਭਾਈ ਗੁਰਦਾਸ ਜੀ ਦੁਆਰਾ ਰਚੀਆਂ 39 ਵਾਰਾਂ ਆਉਂਦੀਆਂ ਹਨ। ਇਨ੍ਹਾਂ ਵਾਰਾਂ ਵਿਚ ਭਾਈ ਗੁਰਦਾਸ ਜੀ ਨੇ ਸਿੱਖੀ ਸਿਧਾਂਤ ਨੂੰ ਪੇਸ਼ ਕੀਤਾ ਹੈ। ਭਾਈ ਗੁਰਦਾਸ ਨੇ ਗੁਰਮਤਿ-ਸਿਧਾਂਤਾਂ ਨੂੰ ਬਹੁਤ ਹੀ ਸੂਖਮ ਵੇਰਵਿਆਂ ਸਹਿਤ ਆਪਣੀਆਂ ਵਾਰਾਂ ਵਿਚ ਪੇਸ਼ ਕੀਤਾ ਹੈ। ਗੁਰਮਤਿ ਅਤੇ ਗਿਣਾਤਮਕ ਪੱਖੋਂ ਆਪ ਜੀ ਦੀ ਦੇਣ ਅਤਿਅੰਤ ਮਹੱਤਵਪੂਰਣ ਹੈ ਜਿਹੜੀ ਗੁਰਮਤਿ ਦੇ ਸਿਧਾਂਤਕ ਸੰਦਰਭਾਂ ਨੂੰ ਉਜਾਗਰ ਕਰਦੀਆਂਹਨ। ਇਹ ਵਾਰਾਂ ਮੱਧਕਾਲੀ ਪੰਜਾਬ ਦੇ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਸੰਦਰਭਾਂ ਨੂੰ ਵੀ ਦ੍ਰਿਸ਼ਟੀਮਾਨ ਕਰਦੀਆਂ ਹਨ। ਇਹਨਾ ਵਾਰਾਂ ਰਾਹੀਂ ਭਾਈ ਗੁਰਦਾਸ ਜੀ ਨੇ ਨਾ ਕੇਵਲ ਹਾਂ-ਪੱਖੀ ਧਾਰਮਿਕ ਰਹੁ ਰੀਤਾਂ ਨੂੰ ਹੀ ਅਪਣਾਉਣ ਦੀ ਪ੍ਰੇਰਨਾ ਦਿੱਤੀ ਬਲਕਿ

ਸਰਬ ਸ਼ਕਤੀਮਾਨ ਪ੍ਰਭੂ ਪ੍ਰਮਾਤਮਾ, ਖ਼ੁਦਾ ਜਾਂ ਰੱਬ ਨੂੰ ਵੀ ਪਿਆਰ ਕਰਨ ਦਾ ਉਪਦੇਸ਼ ਦਿੱਤਾ ਹੈ। ਅਸਲ ਵਿਚ ਸਾਰੀ ਕਾਇਨਾਤ ਦਾ ਰਾਖਾ। ਉਹ ਅਪਾਰ, ਅਗੰਮ ਅਤੇ ਬੇਅੰਤ ਇਸ਼ਵਰ ਹੀ ਹੈ। ਉਸ ਨੂੰ ਪਿਆਰ ਕਰਨਾ ਹੀ ਮਨੁੱਖੀ ਜੀਵਨ ਦਾ ਇਕੋ ਇਕ ਮੰਤਵ ਹੈ। ਅਸਲ ਵਿਚ ਇਸ ਉਦੇਸ਼ ਦੀ ਪਿੱਠ-ਭੂਮੀ ਪਿਛੇ ਮੱਧਕਾਲੀ ਮਨੁੱਖ ਨੂੰ ਬਾਦਸ਼ਾਹਾਂ, ਰਾਜੇ ਰਜਵਾੜਿਆਂ ਤੇ ਹੋਰ ਭ੍ਰਿਸ਼ਟ ਕਰਿੰਦਦਿਆਂ ਤੋਂ ਮੁਕਤ ਕਰਨਾ ਸੀ। ਅਜਿਹੇ ਮਕਸਦ ਦੀ ਪੂਰਤੀ ਲਈ ਭਾਈ ਗੁਰਦਾਸ ਨੇ ਰੱਬੀ ਪ੍ਰੀਤ ਨੂੰ ਦੁਨਿਆਵੀ ਪ੍ਰੇਮੀਆਂ ਜਿਹੜੇ ਇਸ਼ਕ ਹਕੀਕੀ ਖਾਤਰ ਸਮਾਜ ਤੋਂ ਵਿਦਰੋਹੀ ਹੋ ਗਏ ਸਨ, ਦੀ ਪ੍ਰਭਾਵਸ਼ਾਲੀ ਉਦਾਹਰਣ ਦੇ ਕੇ ਸਮਝਾਇਆ ਹੈ।

ਲੈਲਾ ਮਜਨੂੰ ਆਸਕੀ ਚਹੁ ਚੱਕੀ ਜਾਤੀ।
ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।
ਸੱਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ।
ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ
ਰਾਂਝਾ ਹੀਰ ਵਿਖਾਣੀਐ ਓਹ ਪਿਰਮ ਪਿਰਾਤੀ।
ਪੀਰ ਮੁਰੀਦਾ ਪਿਰਹੜੀ ਗਾਵਨਿ ਪ੍ਰਭਾਤੀ।[17]

ਡਾਕਟਰ ਦੀਵਾਨ ਸਿੰਘ ਨੇ ਭਾਈ ਗੁਰਦਾਸ ਦੀਆਂ ਵਾਰਾਂ ਦੇ ਪੰਜ ਪ੍ਰਮੁੱਖ ਗੁਣ ਗਿਣਾਏ ਹਨ। ਉਹ ਲਿਖਦੇ ਹਨ:

> ਸਿੱਖੀ ਪ੍ਰਚਾਰ ਦੇ ਆਸ਼ੇ ਤੋਂ ਭਾਈ ਗੁਰਦਾਸ ਈਸਾਈ ਮੱਤ ਦੇ ਸੇਂਟ ਪਾਲ ਵਾਲਾ ਦਰਜਾ ਰੱਖਦੇ ਹਨ। ਇਹਨਾਂ ਦੀ ਕਵਿਤਾ ਵਿੱਚ ਗੁਰਮਤਿ ਸਿਧਾਂਤਾਂ ਨੂੰ ਭਲੀ ਭਾਂਤ ਸਪਸ਼ਟ ਕੀਤਾ ਗਿਆ ਹੈ। ਬਹੁਤ ਸਾਰੀਆਂ ਗੁੰਝਲਾਂ ਖੋਲੀਆਂ ਗਈਆਂ ਹਨ। ਭਾਈ ਗੁਰਦਾਸ ਜੀ ਗੁਰਮਤਿ ਦੇ ਬੇਮਿਸਾਲ ਕਵੀ ਹਨ। ਆਪ ਜੀ ਵਿਸ਼ੇ ਤੇ ਬੋਲੀ ਦੋਹਾਂ ਵਿਚ ਮੁਹਾਰਤ ਰਖਦੇ ਹਨ। ਇਸ ਲਈ ਆਪ ਜੀ ਦੀਆਂ ਵਾਰਾਂ

ਪੰਜਾਬੀ ਸਾਹਿਤ ਦੀਆਂ ਉੱਚ ਕੋਟੀ ਦੀਆਂ ਵਾਰਾਂ ਮੰਨੀਆਂ ਜਾਂਦੀਆਂ ਹਨ। ਆਪ ਜੀ ਦੀਆਂ ਵਾਰਾਂ ਵਿਚ ਵੱਡੇ ਗੁਣ ਇਹ ਮਿਲਦੇ ਹਨ। ਗੁਰਮਤਿ ਦੀ ਵਿਆਖਿਆ, ਘਰੋਗੀ ਮਿਸਾਲਾਂ, ਮਿੱਥਹਾਸਿਕ ਜਾਣਕਾਰੀ, ਬੋਲੀ ਦੀ ਠੇਠਤਾ, ਉਪਮਾਵਾਂ ਦਾ ਢੁਕਾਅ।[18]

ਇਸੇ ਤਰ੍ਹਾਂ ਭਾਈ ਗੁਰਦਾਸ ਦਾ ਪੰਜਾਬੀ ਵਾਰ ਸਾਹਿਤ ਵਿਚ ਵਿਸ਼ੇ ਪੱਖੋਂ ਅਦੁੱਤੀ ਸਥਾਨ ਹੈ। ਕਲਾ ਪੱਖੋਂ ਵੀ ਉਨ੍ਹਾਂ ਦਾ ਮੁਕਾਮ ਬੜਾ ਹੀ ਉੱਚਾ ਹੈ। ਵਿਸ਼ਾ ਅਧਿਆਤਮਕ ਹੋਣ ਦੇ ਬਾਵਜੂਦ ਵਾਰਾਂ ਦੀਆਂ ਸ਼ੈਲੀਗਤ ਵਿਸ਼ੇਸ਼ਤਾਵਾਂ ਵਿਦਮਾਨ ਰਹਿੰਦੀਆਂ ਹਨ ਅਤੇ ਵਿਚਾਰਾਂ ਵਿਚ ਗਤੀਸ਼ੀਲਤਾ ਬਣੀ ਰਹਿੰਦੀ ਹੈ। ਆਪ ਜੀ ਦੀ ਬੋਲੀ ਦੀ ਠੇਠਤਾ, ਉਪਮਾਵਾਂ ਦੇ ਸਹੀ ਢੁਕਾਅ ਬਾਰੇ, ਡਾਕਟਰ ਦੀਵਾਨ ਸਿੰਘ ਦਾ ਮੱਤ ਹੈ:

ਭਾਈ ਗੁਰਦਾਸ ਜੀ ਦਾ ਸ਼ਬਦ ਭੰਡਾਰ ਅਮੁੱਕ ਹੈ। ਆਪ ਵਰਗਾ ਪੰਜਾਬੀ ਸ਼ਬਦਾਂ ਦਾ ਕੋਸ਼ਕਾਰ ਗੁਰੂ ਗੋਬਿੰਦ ਸਿੰਘ ਜੀ ਤੋਂ ਛੁੱਟ ਹੋਰ ਕੋਈ ਨਹੀਂ ਹੋ ਸਕਿਆ। ਬੋਲੀ ਠੇਠ ਵਰਤੀ ਹੈ। ਦੂਜੀਆਂ ਬੋਲੀਆਂ ਤੋਂ ਸ਼ਬਦ ਲੈ ਕੇ ਉਨ੍ਹਾਂ ਨੇ ਪੰਜਾਬੀ ਰੂਪ ਦੇ ਕੇ ਵਰਤ ਲਿਆ ਹੈ। ਇਨ੍ਹਾਂ ਨੇ ਵਾਰ ਦਾ ਤੋਲ ਵੀ ਠੀਕ ਵਰਤਿਆ ਹੈ ਤੇ ਤੁਕਾਂਤ ਦੀ ਵਰਤੋਂ ਬੜੀ ਸੂਝ ਤੇ ਪ੍ਰਬੀਨਤਾ ਨਾਲ ਕੀਤੀ ਹੈ।[19]

ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਗੁਰੂ ਨਾਨਕ ਦੁਆਰਾ ਦਰਸਾਈ ਸਮਕਾਲੀ ਸਮਾਜਿਕ ਅਤੇ ਧਾਰਮਿਕ ਕੀਮਤਾਂ ਦਾ ਵਿਵੇਚਨ ਵੀ ਸਾਧਾਰਨ ਸ਼ਬਦਾਵਲੀ ਦੁਆਰਾ ਜੋ ਆਮ ਵਿਅਕਤੀ ਨੂੰ ਸਮਝ ਆ ਜਾਂਦੀ ਹੈ, ਸੁਤੇ ਸਿਧ ਹੀ ਕਰ ਜਾਂਦੇ ਹਨ:

(ੳ) ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕੋ ਖਾਈ।[20]

(ਅ) ਬਾਝ ਗੁਰੂ ਡੁੱਬਾ ਸੰਸਾਰ[21]

(ੲ) ਸਿੰਘ ਬੁੱਕੇ ਮਿਰਗਾਵਲੀ ਭੰਨੀ ਜਾਇ ਨਾ ਧੀਰ ਧਰੋਆ।[22]

(ਸ) ਆਪੇ ਪੱਟੀ ਆਪ ਕਲਮ ਆਪਿ ਆਪੇ ਲਿਖਣਹਾਰੁ ਹੋਆ।

ਸਤਿਗੁਰੁ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣ ਹੋਇਆ।[23]

(ਹ) ਗੁਰ ਸਿਖੀ ਬਾਰੀਕ ਹੈ ਸਿਲ ਚਟਣ ਫਿਕੀ

ਤ੍ਰਿਖੀ ਖੰਡੇ ਧਾਰ ਹੈ ਉਹ ਵਾਲਹੁ ਨਿਕੀ।[24]

ਡਾਕਟਰ ਜੀਤ ਸਿੰਘ ਸੀਤਲ ਵੀ ਭਾਈ ਗੁਰਦਾਸ ਨੂੰ ਵਾਰ ਕਾਵਿ ਵਿਚ ਨਿਵੇਕਲੀ ਥਾਂ ਦਿੰਦੇ ਹੋਏ ਲਿਖਦੇ ਹਨ:

> *ਉਹ ਇਤਿਹਾਸਕਾਰ, ਟੀਕਾਕਾਰ, ਵਿਆਖਿਆਕਾਰ, ਦਾਰਸ਼ਨਿਕ ਸੂਫ਼ੀ, ਭਾਸ਼ਾ ਵਿਗਿਆਨੀ ਹੁੰਦਾ ਹੋਇਆ ਵੀ ਮੁੱਖ ਰੂਪ ਵਿਚ ਕਵੀ ਸੀ। ਪੰਜਾਬੀ ਸਭਿਅਤਾ, ਪੰਜਾਬੀ ਸਾਹਿਤ, ਪੰਜਾਬੀ ਚਿਤ੍ਰਣ, ਪੰਜਾਬੀ ਸੁਭਾਉ, ਪੰਜਾਬੀ ਦਰਿਆ ਦਿਲੀ ਦਾ ਸਹੀ ਤਰਜਮਾਨ, ਪ੍ਰਮਾਣਿਕ ਵਕਤਾ ਤੇ ਸਭ ਤੋਂ ਵੱਧ ਉਹ ਗੁਰਮਤਿ ਦਾ ਪੰਡਿਤ ਪੁਰਸਕਾਰ ਤੇ ਪੁਸ਼ਟੀ ਕਰਤਾ ਸੀ।*[25]

ਉਪਰੋਕਤ ਵਿਵੇਚਨ ਦੇ ਅਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਇਕ ਬਹੁਤ ਹੀ ਸੂਖ਼ਮ ਚਿੱਤ, ਗਿਆਨਵਾਨ ਅਤੇ ਸੰਵੇਦਨਸ਼ੀਲ ਵਾਰਕਾਰ ਕਵੀ ਹਨ। ਜਿਸ ਨੇ ਪੰਜਾਬੀ ਵਾਰ ਨੂੰ ਵਿਸ਼ੇ ਤੇ ਕਲਾਤਮਕ ਪੱਖ ਤੋਂ ਬਹੁ-ਪੱਖੀ ਦੇਣ ਦਿੱਤੀ ਹੈ। ਇਸ ਕਰਕੇ ਪੰਜਾਬੀ ਦੇ ਵਾਰ ਕਾਵਿ ਵਿਚ ਉਨ੍ਹਾਂ ਦਾ ਸਥਾਨ ਬੇਜੋੜ ਤੇ ਸ਼੍ਰੋਮਣੀ ਹੈ।

**ਇਤਿਹਾਸਕ ਵਾਰਾਂ** : ਇਤਿਹਾਸਕ ਵਾਰਾਂ ਕਾਵਿਕ ਬਿਰਤਾਂਤ ਹਨ। ਇਹ ਵਿਅਕਤੀ ਵਿਸ਼ੇਸ਼ ਨੂੰ ਇਕ ਖਾਸ ਨਾਟਕੀ ਸ਼ੈਲੀ ਰਾਹੀਂ ਪੇਸ਼ ਕਰਦੀਆਂ ਹਨ। ਇਨ੍ਹਾਂ ਵਾਰਾਂ ਦੀ ਦਿਲਚਸਪ ਗੱਲ ਇਹ ਹੈ ਕਿ ਇਹ ਨਾਇਕ ਖਲਨਾਇਕ ਦੇ ਚਿੱਤਰਣ ਦੇ ਨਾਲ ਨਾਲ ਤਤਕਾਲੀਨ ਸਮਾਜਿਕ ਯਥਾਰਥ ਨੂੰ ਵੀ

ਪੇਸ਼ ਕਰਦੀਆਂ ਹਨ। ਇਸ ਤਰ੍ਹਾਂ ਲੋਕ ਇਤਿਹਾਸਕ ਪਰਿਪੇਖ ਵਿਚ ਨਾਇਕ ਖਲਨਾਇਕ ਸਹਿਜੇ ਹੀ ਉਭਰਦੇ ਆਉਂਦੇ ਹਨ। ਬੀਰ-ਰਸੀ ਇਤਿਹਾਸਕ ਵਾਰਾਂ ਵਰਨਣ ਵਿਧੀ ਨੂੰ ਅਪਣਾਉਂਦੀਆਂ ਹਨ। ਅਧਿਆਤਮਕ ਵਾਰਾਂ ਤੇ ਧਾਰਮਿਕ ਵਾਰਾਂ ਦਾ ਰਚਨਾ ਪ੍ਰਚਲਨ ਗੁਰੂ ਕਾਲ ਤੋਂ ਬਾਅਦ ਲਗਭਗ ਖਤਮ ਹੋ ਜਾਂਦਾ ਹੈ। 1699 ਈ. ਦੀ ਵਿਸਾਖੀ ਪੰਜਾਬ ਦੀ ਵੀਰ ਪਰੰਪਰਾ ਦੇ ਵਿਕਾਸ ਦਾ ਸਿਖਰ ਸੀ। ਇਯ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਦੀ ਦਬੀ-ਕੁਚਲੀ ਜਨਤਾ ਵਿਚੋਂ ਸੰਤ ਸਿਪਾਹੀਆਂ ਦੀ 'ਖਾਲਸਾ' ਕੌਮ ਨੂੰ ਜਨਮ ਦਿੱਤਾ ਜਿਸ ਨੇ ਬਦੇਸ਼ੀ ਰਾਜਦੇ ਖਾਤਮੇ ਲਈ ਆਪਣੇ ਸੀਸ ਗੁਰੂ ਅੱਗੇ ਅਰਪਣ ਕਰ ਦਿੱਤੇ। ਇਸ ਬਹਾਦਰ ਕੌਮ ਨੇ ਆਪਣੇ ਦੇਸ਼ ਨੂੰ ਸੁਤੰਤਰ ਕਰਵਾਉਣ ਲਈ ਜੋ ਤਸੀਹੇ ਬਰਦਾਸਤ ਕੀਤੇ ਤੇ ਵੀਰਤਾ ਭਰੇ ਕਾਰਜਾਂ ਨੇ ਵਿਖਾਏ, ਉਹ ਸਾਡੇ ਇਤਿਹਾਸ ਦਾ ਅਤਿਅੰਤ ਹੀ ਸ਼ਾਨਦਾਨ ਕਾਂਡ ਹਨ। ਧਰਮ ਅਤੇ ਆਜ਼ਾਦੀ ਪ੍ਰਾਪਤੀ ਬਦਲੇ ਉਨ੍ਹਾਂ ਨੇ ਬੰਦ-ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ। ਉਤਮ ਗੁਰੂ ਗਾਲ ਨੂੰ ਪੰਜਾਬ ਦੇ ਇਤਿਹਾਸ ਵਿਚ ਉਪਰੋਕਤ ਦੇ ਆਧਾਰ ਤੇ, ਨਵੀਨ ਵੀਰ ਕਾਲ ਦਾ ਨਾ ਦੇਣਾ ਯੋਗ ਹੋਵੇਗਾ।

**ਉਤਰ ਗੁਰੂ ਕਾਲ ਦੀਆਂ ਵਾਰਾਂ** (1708 ਤੋਂ 1850 ਈ. ਤਕ)

ਕਿਉਂਕਿ ਬਹਾਦਰ ਸਾਹ ਤੋਂ ਲੈ ਕੇ ਮੀਰ ਮੰਨੂ ਤਕ ਬਹੁਤ ਵਾਰੀ ਸਿੱਖ ਬਹਾਦਰਾਂ ਦਾ ਖੁਰਾ ਖੋਜ ਮਿਟਾਉਣ ਲਈ ਮਨਸੂਬੇ ਬਣਦੇ ਰਹੇ ਪਰੰਤੂ ਬਹਾਦਰ ਤੇ ਸੂਰਬੀਰ ਸਿੱਖ ਖਤਮ ਹੋਣ ਦੀ ਥਾਂ ਵਧਦੇ ਹੀ ਗਏ । ਇਸ ਵਿਚਾਰ ਦੀ ਗਵਾਹੀ ਉਸ ਵੇਲੇ ਦਾ ਇਕ ਪੰਜਾਬੀ ਅਖਾਣ ਇਉਂ ਦਿੰਦਾ ਹੈ:

ਮਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ,
ਜਿਉਂ ਜਿਉਂ ਮੰਨੂ ਵੱਢਦਾ ਅਸੀਂ ਦੂਣ ਸਵਾਏ ਹੋਏ।

ਪੰਜਾਬ ਦਾ ਇਤਿਹਾਸ ਬੋਲਦਾ ਹੈ ਕਿ ਜਦੋਂ ਅਹਿਮਤ ਸ਼ਾਹ ਅਬਦਾਲੀ ਨੇ 1762 ਈ. ਵਿਚ ਪੰਜਾਬ ਤੇ ਛੇਵਾਂ ਹਮਲਾ ਕੀਤਾ ਤੇ ਇਸ ਹਮਲੇ ਸਮੇਂ ਲਗਭਗ ਤੀਹ ਹਜ਼ਾਰ ਸਿੱਖ ਕਤਲ ਹੋਏ।[24] ਪਰੰਤੂ ਸਿੱਖਾਂ ਨੇ ਫਿਰ ਤੋਂ ਸਰਗਰਮ ਹੋ ਕੇ ਪੰਜਾਬ ਵਿਚ ਵੱਖ ਵੱਖ ਇਲਾਕਿਆਂ ਤੇ ਕਬਜ਼ਾ ਕਰਕੇ ਬਾਰਾਂ ਮਿਸਲਾਂ ਕਾਇਮ ਕਰ ਲਈਆਂ। ਇਸ ਸਮੇਂ ਵਿਚ ਪੰਜਾਬੀ ਸਿੱਖ ਕੌਮ ਨੇ ਵੀਰਤਾ ਦੇ ਜੋ ਜੌਹਰ

ਵਿਖਾਏ, ਉਨ੍ਹਾਂ ਵੀਰਤਾ ਭਰੇ ਕਾਰਨਾਮਿਆਂ ਦੀ ਵੈਰੀਆਂ ਨੇ ਵੀ ਰਜਵੀਂ ਪ੍ਰਸੰਸਾ ਕੀਤੀ ਹੈ। ਅਹਿਮਦ ਸਾਹ ਅਬਦਾਲੀ ਦੇ ਪੰਜਾਬ ਤੇ ਸੱਤਵੇਂ ਹਮਲੇ ਬਲੋਚਿਸਤਾਨ ਦਾ ਇਕ ਸਖਸ਼ ਜਿਸ ਦਾ ਨਾਂ ਕਾਜੀ ਨੂੰਰ ਮੁਹੰਮਦ ਸੀ, ਅਬਦਾਲੀ ਨਾਲ ਹਿੰਦੁਸਤਾਨ ਆਇਆ ਸੀ। ਉਹ ਸਿੱਖ ਕੌਮ ਦੀ ਵੀਰਤਾ ਤੇ ਜੰਗੀ ਹੁਨਰ ਦਾ ਵਰਨਣ ਕਰਦਾ ਹੋਇਆ ਆਪਣੀ ਪੁਸਤਕ 'ਜੰਗਨਾਮਾ' ਵਿਚ ਲਿਖਦਾ ਹੈ:

> *ਸਿੰਘ ਰਣਭੂਮੀ ਵਿਚ ਸ਼ੇਰਾਂ ਵਾਂਗ ਦਲੇਰ ਹਨ। ਗਾਜੀਓ। ਜੇ ਤੁਸਾਂ ਲੜਾਈ ਦਾ ਹੁਨਰ ਸਿੱਖਣਾ ਹੈ, ਤਾਂ ਸਿੱਖਾਂ ਨਾਲ ਰਣਭੂਮੀ ਵਿਚ ਨਿਤਰੋ। ਉਹ ਤੁਹਾਨੂੰ ਦਸਣਗੇ ਕਿ ਕਿਵੇਂ ਸੂਰਬੀਰਾਂ ਵਾਂਗ ਵੈਰੀ ਦਾ ਟਾਕਰਾ ਕਰੀਦਾ ਹੈ, ਕਿਵੇਂ ਲੜਾਈ ਵਿਚੋਂ ਬਚ ਕੇ ਜਾਈਦਾ ਹੈ। ... ਜਦ ਉਹ ਤਲਵਾਰ ਹੱਥ ਵਿਚ ਫੜਦੇ ਹਨ ਤਾਂ ਸਿੰਧ ਤਕ ਮਾਰੋ ਮਾਰ ਕਰ ਜਾਂਦੇ ਹਨ। ...* [27]

ਪੰਜਾਬੀ ਕੌਮ ਸਿੱਖ ਕੌਮ ਨੇ ਅਪਣੀ ਵੀਰਤਾ ਤੇ ਕੁਰਬਾਨੀ ਸਦਕਾ ਅਠਾਰਵੀਂ ਸਦੀ ਦੇ ਅੰਤ ਕਰ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਤੇ ਕਬਜ਼ਾ ਕਰ ਲਿਆ। 1805 ਈ. ਤਦਕ ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਸਾਰੀਆਂ ਮਿਸਲਾਂ ਨੂੰ ਇਕੱਠਾ ਕਰਕੇ ਇਕ ਬਲਵਾਨ ਹਕੂਮਤ ਕਾਇਮ ਕਰ ਲਈ।

ਉਪਰੋਕਤ ਵਿਚਾਰਾਂ ਦੇ ਸੰਦਰਭ ਵਿਚ ਉਤਰ-ਨਾਨਕ ਕਾਲ ਜਾਂ ਉੱਤਰ-ਮੱਧਕਾਲ ਦੀਆਂ ਸੰਖੇਪ ਚਰਚਾ ਕਰਨੀ ਸਾਡੇ ਸ਼ੋਧ-ਪ੍ਰਬੰਧ ਤੇ ਖੇਤਰ ਵਿਚ ਆਉਂਦੀਆਂ ਹਨ। ਪੰਜਾਬੀ ਅੱਖੜਖਾਂਦ ਤੇ ਅਲਬੇਲੇ ਸੂਰਮਿਆਂ ਦੀ ਵੀਰਤਾ ਭਰੇ ਕਾਰਨਾਮਿਆਂ ਨੂੰ ਉਲੀਕਦੀਆਂ ਵਾਰਾਂ ਦਾ ਅਤਿ ਸੰਖੇਪ ਜਿਹਾ ਬਿਰਤਾਂਤ ਅਸੀਂ ਅਗਲੇ ਪੰਨਿਆਂ ਵਿਚ ਕਰ ਰਹੇ ਹਾਂ।

**ਅਗਰੇ ਦੀ ਵਾਰ ਹਕੀਕਤ ਰਾਏ** : ਪੰਜਾਬੀ ਵਾਰ ਦੇ ਇਤਿਹਾਸ ਵਿਚ ਅਗਰੇ ਦੀ ਵਾਰ "ਹਕੀਕਤ ਰਾਇ" ਦਾ ਚਰਚਾ ਰਿਹਾ ਹੈ। ਇਹ ਵਾਰ ਅਠਾਰ੍ਹਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿਚ

ਲਿਖੀ ਗਈ ਹੈ। ਅਗਰੇ ਨੇ ਲਿਖਿਆ ਹੈ :-

ਸੰਮਤ ਅਠਾਰਾਂ ਸੈ ਇਕਤਾਲੀਏ ਅਗਰੇ ਵਾਰ ਬਣਾਈ

ਅਰਥਾਤ ਇਹ ਵਾਰ ਸੰਨ ਸਤਾਰਾਂ ਸੌ ਸਤਾਸੀ ਵਿਚ ਲਿਖੀ ਗਈ ਹੈ। ਅਗਰੇ ਦੇ ਜੀਵਨ ਬਾਰੇ ਕੋਈ ਵਿਸਥਾਰ ਪ੍ਰਾਪਤ ਨਹੀਂ ਹੁੰਦਾ। ਡਾ. ਗੰਡਾ ਸਿੰਘ ਨੇ ਪੁਸਤਕ 'ਪੰਜਾਬ ਦੀਆਂ ਵਾਰਾਂ' ਵਿਚ ਲਿਖਿਆ ਹੈ : "ਕਵੀ ਦਾ ਪੂਰਾ ਨਾਮ ਅਗਰ ਸਿੰਘ ਸੀ ਅਤੇ ਵਾਰ ਵਿਚ ਅੱਗੇ ਚੱਲ ਕੇ ਥਾਂ-ਥਾਂ ਵਰਤਿਆ ਉਸਦਾ ਉਪਨਾਮ ਤਕਲਸ ਸੀ।"[28] ਹਕੀਕਤ ਰਾਇ ਹਿੰਦੂ ਧਰਮ ਤੇ ਭਾਰਤੀ ਸੰਸਕ੍ਰਿਤੀ ਦੇ ਨਾਲ ਪ੍ਰਤੀਬੱਧ ਸੀ ਤੇ ਸਮੇਂ ਦੇ ਮੁੱਲਾਂ ਤੇ ਮੌਲਵੀਆਂ ਨੇ ਇਹ ਵਿਚਾਰ ਬਣਾਇਆ ਕਿ ਉਹ ਇਸਲਾਮ ਦਾ ਵਿਰੋਧੀ ਹੈ ਤੇ ਉਸ ਉੱਤੇ ਕਈ ਦੋਸ਼ ਆਇਦ ਕੀਤੇ ਗਏ। ਇਸੇ ਗੱਲ ਦੇ ਵਧਣ ਕਰਕੇ ਹਕੀਕਤ ਰਾਏ ਸ਼ਹੀਦ ਕੀਤਾ ਗਿਆ ਤੇ ਉਹ ਹਿੰਦੂਆਂ ਸਿੱਖਾਂ ਵਿਚ ਧਰਮ ਰੱਖਿਅਕ ਨਾਇਕ ਬਣ ਕੇ ਉਭਰਿਆ।

**(ਅ) ਨਾਦਰਸ਼ਾਹ ਦੀ ਵਾਰ:** ਇਸ ਕਾਲ ਦੀ ਪ੍ਰਮੁੱਖ ਇੱਕ ਹੋਰ ਵਾਰ ਨਜ਼ਾਬਤ ਦੀ ਨਾਦਰਸ਼ਾਹ ਦੀ ਵਾਰ ਹੈ। ਨਜ਼ਾਬਤ ਮਟੀਲਾ ਹਰਲਾਂ ਦੇ ਪਿੰਡ ਜਿਲ੍ਹਾ ਹੁਸ਼ਿਆਰਪੁਰ (ਪਾਕਿਸਤਾਨ) ਦਾ ਰਹਿਣ ਵਾਲਾ ਰਾਜਪੂਤ ਸੀ। ਨਾਦਰਸ਼ਾਹ ਨੇ 1739 ਈਸਵੀ ਵਿੱਚ ਹਿੰਦੋਸਤਾਨ ਤੇ ਹਮਲਾ ਕੀਤਾ। ਕੰਧਾਰ ਤੋਂ ਚੱਲ ਕੇ ਲਾਹੌਰ ਲੰਘਦਿਆਂ (ਪੰਜਾਬ ਲੰਘਦਿਆਂ) ਦਿੱਲੀ ਤੋਂ ਕੁਝ ਦੂਰੀ ਕਰਨਾਲ ਯੁੱਧ ਹੋਇਆ। ਉਸ ਲੜਾਈ ਦਾ ਇਸ ਵਾਰ ਵਿੱਚ ਬਿਆਨ ਕੀਤਾ ਗਿਆ ਹੈ। ਉਸ ਤੋਂ ਪਿਛੋਂ ਨਾਦਰਸ਼ਾਹ ਨੇ ਦਿੱਲੀ ਨੂੰ ਲੁੱਟਿਆ ਤੇ ਕਤਲੇਆਮ ਕੀਤੀ। ਨਜ਼ਾਬਤ ਨੇ ਨਾਦਰਸ਼ਾਹ ਦੀ ਇਸ ਸਾਰੀ ਲੁੱਟ ਨੂੰ ਬਿਆਨ ਨਹੀਂ ਕੀਤਾ। ਇਹ ਤੱਥ ਅਜੇ ਖੋਜ ਗੋਚਰੇ ਹਨ ਕਿ ਨਜਾਬਤ ਨੇ ਇਸ ਦਾ ਵੇਰਵਾ ਕਿਉਂ ਨਹੀਂ ਦਿੱਤਾ। ਇਹ ਅੰਦਾਜ਼ਾ ਲਗਾਇਆ ਜਾਸਕਦਾ ਹੈ ਕਿ ਜਾਂ ਤਾਂ ਨਜ਼ਾਬਤ ਨੇ ਇਹ ਵਾਰ ਅਜੇ ਪੂਰੀ ਕਰਨੀ ਸੀ ਤੇ ਜਾਂ ਉਸ ਨੇ ਇਹ ਵਾਰ ਲਿਖੀ ਹੀ ਉਸ ਯੁੱਧ ਤੱਕ।

ਨਜ਼ਾਬਤ ਦੀ ਇਹ ਵਾਰ ਸਾਹਿਤਕ ਦ੍ਰਿਸ਼ਟੀ ਤੋਂ ਬਹੁਤ ਪ੍ਰਭਾਵਸ਼ਾਲੀ ਹੈ। ਇਸ ਵਾਰ ਦਾ

ਪੰਜਾਬੀ ਵਾਰ ਦੇ ਇਤਿਹਾਸ ਵਿੱਚ ਬਹੁਤ ਚਰਚਾ ਹੋਇਆ। ਉਹ ਵਾਰ ਦੀ ਵਿਧੀ ਤੋਂ ਡੂੰਘੀ ਤਰਾਂ ਵਾਕਿਫ ਸੀ ਅਤੇ ਜਾਣਦਾ ਸੀ ਕਿ ਵਾਰ ਦੀ ਨਵੀਂ ਵਿਧੀ ਕਿਸ ਤਰਾਂ ਬਣਾਈਦੀ ਹੈ। ਉਹ ਇਸ ਵਾਰ ਨੂੰ ਖ਼ੁਦਾਵੰਦ ਦੇ ਮੰਗਲਾਚਰਣ ਤੋਂ ਸ਼ੁਰੂ ਕਰਦਾ ਹੈ ਅਤੇ ਉਸ ਪਿੱਛੋਂ ਜੋ ਦਿੱਲੀ ਦੇ ਰਾਜ ਦੀ ਸਥਿਤੀ ਸੀ ਉਸ ਨੂੰ ਬਿਆਨ ਕਰਦਾ ਹੈ :-

ਅੱਵਲ ਦਿੱਲੀ ਤੂਰਾਂ, ਕਰ ਅਪਨੀ ਪਾਈ।
ਫੇਰ ਲਈ ਚੁਹਾਨਾਂ, ਅੰਗ ਖ਼ੁਸ਼ ਕਰ ਲਾਈ।
ਫੇਰ ਲਈ ਸੀ ਗੌਰੀਆਂ ਕੋਈ ਮੁੱਦਤ ਵਸਾਈ।
ਫੇਰ ਲਈ ਪਠਾਣਾਂ ਆਣ ਕੇ, ਘਰ ਚੌਥੇ ਆਈ।[29]

ਇਹ ਵਾਰ ਨੂਰ ਵੰਸ ਤੋਂ ਲੈਕੇ ਪਠਾਣਾਂ ਤਕ ਦੇ ਸਮੇਂ ਦੇ ਇਤਿਹਾਸ ਨੂੰ ਆਪਣੇ ਵਿੱਚ ਸਮੋਈ ਬੈਠੀ ਹੈ। ਇਸ ਇਤਿਹਾਸਕ ਪੱਖ ਤੋਂ ਇਹ ਵਾਰ ਬਹੁਤ ਅਹਿਮ ਹੈ। ਇਸ ਵਾਰ ਵਿਚ ਚਿਤਰਤ ਇਤਿਹਾਸਕ ਤੱਥ ਇਤਿਹਾਸ ਦੀ ਕਸਵੱਟੀ ਤੇ ਪੂਰੇ ਉਤਰਦੇ ਹਨ। ਵਾਰ ਦੇ ਆਰੰਭ ਵਿਚ ਨਜ਼ਾਬਤ ਨੇ ਮੁਹੰਮਦ ਸ਼ਾਹ ਦੇ ਸਮਕਾਲੀ ਸਮੇਂ ਬਾਰੇ ਝਾਤ ਪੁਆਈ ਹੈ। ਰਾਜਨੀਤਕ ਅਤੇ ਸ਼ਾਸਕੀ ਕਮਜ਼ੋਰੀਆਂ ਕਾਰਨ ਦੇਸ਼ ਵਿਚ ਅਰਾਜਕਤਾ ਫੈਲੀ ਹੋਈ ਸੀ।

(ੲ) **ਸੋਢੀਆਂ ਦੀ ਵਾਰ** : ਇਹ ਵਾਰ ਕਦੋਂ ਲਿਖੀ ਗਈ ਇਸ ਬਾਰੇ ਪੂਰਾ ਅਨੁਮਾਨ ਨਹੀਂ ਪਰ ਇਸ ਵਿਚ ਜੋ ਘਟਨਾਵਾਂ ਬਿਆਨ ਕੀਤੀਆਂ ਗਈਆਂ ਹਨ ਉਹ 1812 ਈਸਵੀ ਦੀਆਂ ਹਨ। ਇਸ ਵਾਰ ਦਾ ਲੇਖਕ ਕਵੀ ਰਾਮ ਸਿੰਘ ਸੀ। ਇਹ ਵਾਰ ਕਿਉਂਕਿ ਸੋਢੀਆਂ ਦਾ ਪ੍ਰਸ਼ੰਸਕ ਲਿਖ ਰਿਹਾ ਸੀ ਇਸ ਲਈ ਉਸ ਨੇ ਸੋਢੀਆਂ ਨੂੰ ਬੜੇ ਵਿਸਥਾਰ ਨਾਲ ਪੇਸ਼ ਕੀਤਾ ਹੈ। ਸੋਢੀਆਂ ਦੇ ਬਹੁਤ ਸਾਰੇ ਯੋਧਿਆਂ ਦੇ ਇਸ ਵਾਰ ਵਿਚ ਨਾਂ ਲਏ ਗਏ ਹਨ ਅਤੇ ਉਨ੍ਹਾਂ ਦੀ ਬਹਾਦਰੀ ਦਿਖਾਈ ਗਈ ਹੈ। ਇਹ ਵਾਰ ਸੋਢੀਆਂ ਦੀ ਬਹਾਦਰੀ ਦਾ ਇਕ ਇਤਿਹਾਸ ਹੈ। ਜਿਸ ਨੂੰ ਬੜੇ ਵਿਸਥਾਰ ਸਹਿਤ ਬਿਆਨਿਆ ਗਿਆ ਹੈ। ਇੰਜ ਇਹ ਵਾਰ ਭਾਵੇਂ ਸੋਢੀਆਂ ਦੇ ਨਾਇਕ ਨੂੰ ਵਧੇਰੇ ਬਿਆਨ ਕਰਦੀ ਹੈ ਪਰ ਇਸ ਵਾਰ

ਵਿਚ ਉਸ ਸਮੇਂ ਦਾ ਯਥਾਰਥ ਅਤੇ ਸਮਾਜ ਦਾ ਅਵਚੇਤਨ ਵੀ ਉਘੜਦਾ ਹੈ। ਇਤਿਹਾਸਕ ਅਤੇ ਸਾਹਿਤਕ ਦ੍ਰਿਸ਼ਟੀ ਤੋਂ ਵੀ ਇਸ ਵਾਰ ਦੀ ਵਿਸ਼ੇਸ਼ ਮਹੱਤਤਾ ਹੈ।

**ਚੂੜ ਸਿੰਘ ਭਦੌੜੀਏ ਦੀ ਵਾਰ:** ਇਹ ਵਾਰ ਵੀ ਅਠਾਰਵੀਂ ਸਦੀ ਦੀ ਰਚਨਾ ਹੈ। ਇਹ ਵਾਰ 'ਸੱਦ' ਤੇ 'ਕਲੀਆਂ' ਦੇ ਮਿਲੇ ਜੁਲੇ ਰੂਪ ਵਿਚ ਲਿਖੀ ਗਈ ਹੈ। ਸ. ਚੂੜ੍ਹ ਸਿੰਘ ਦਾ ਸੰਬੰਧ ਭਦੌੜ ਨਾਲ ਸੀ। ਇਸ ਵਾਰ ਦੀ ਵੱਖਰਤਾ ਇਹ ਹੈ ਕਿ ਢਾਡੀ ਕੇਵਲ ਵੱਡੇ ਯੋਧਿਆਂ ਦੀ ਹੀ ਨਹੀਂ ਆਮ ਪ੍ਰਸੰਗਾਂ ਨੂੰ ਵੀ ਆਪਣੀਆਂ ਵਾਰਾਂ ਵਿਚ ਪੇਸ਼ ਕਰਦੇ ਸਨ।

(ਸ) **ਕੇਸ਼ਵ ਦਾਸ ਦੀ 'ਅਮਰ ਸਿੰਘ ਦੀ ਵਾਰ'** : ਇਹ ਵਾਰ ਕਵੀ ਕੇਸ਼ਵ ਦਾਸ ਦੀ ਲਿਖੀ ਹੋਈ ਹੈ। ਇਹ ਕਵੀ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ ਦਾ ਦਰਬਾਰੀ ਕਵੀ ਸੀ। ਇਸ ਵਾਰ ਵਿਚ ਹਿੰਦੀ ਪੰਜਾਬੀ ਰਲੀ ਮਿਲੀ ਹੋਈ ਹੈ। ਮਹਾਰਾਜਾ ਅਮਰ ਸਿੰਘ ਬਾਬਾ ਆਲਾ ਸਿੰਘ ਦਾ ਪੋਤਰਾ ਸੀ। ਅਮਰ ਸਿੰਘ ਨੇ ਜਦੋਂ ਪਟਿਆਲੇ ਤੇ ਚੜ੍ਹਾਈ ਕੀਤੀ, ਉਸ ਦਾ ਬਿਆਨ ਇਸ ਵਾਰ ਵਿਚ ਕੀਤਾ ਗਿਆ ਹੈ। ਇਹ ਲੜਾਈ 1774 ਈਸਵੀ ਵਿਚ ਹੋਈ। ਬਿਘੜਾ ਦੇ ਮੈਦਾਨ ਵਿਚ ਸਖਤ ਲੜਾਈ ਹੋਈ ਜਿਸ ਵਿਚ ਭੱਟੀ ਹਾਰ ਗਏ। ਭੱਟੀ ਭੱਜ ਕੇ ਇਕ ਗੜ੍ਹੀ ਵਿਚ ਜਾ ਲੁਕੇ। ਇਸ ਤਰ੍ਹਾਂ ਇਹ ਵਾਰ ਵੀ ਇਤਿਹਾਸਕ ਤੱਥਾਂ ਨੂੰ ਪੇਸ਼ ਕਰਦੀ ਹੈ।

(ਹ) **ਪੀਰ ਮੁਹੰਮਦ ਦੀ ਚੱਠਿਆਂ ਦੀ ਵਾਰ** : ਪੰਜਾਬੀ ਵਾਰ ਦੇ ਇਤਿਹਾਸ ਵਿਚ ਪੀਰ ਮੁਹੰਮਦ ਦੀ ਚੱਠਿਆਂ ਦੀ ਵਾਰ ਕਦੋਂ ਲਿਖੀ ਗਈ, ਜਿਸ ਬਾਰੇ ਨਿਸ਼ਚਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ। ਇਸ ਵਾਰ ਵਿਚ ਸ. ਚੜ੍ਹਤ ਸਿੰਘ ਸ਼ੁਕਰਚੱਕੀਏ ਤੋਂ ਲੈ ਕੇ ਉਸ ਦੇ ਪੁੱਤਰ ਮਹਾਂ ਸਿੰਘ ਦੀ ਜਿੱਤ ਜੋ 1790 ਈਸਵੀ ਵਿਚ ਹੋਈ, ਉਸ ਦਾ ਬਿਆਨ ਦਿੱਤਾ ਗਿਆ ਹੈ। ਸ਼ੁਕਰਚੱਕੀਆ ਦਾ ਸਿਆਲਕੋਟ, ਐਮਨਾਬਾਦ ਤੇ ਗੁਜਰਾਂਵਾਲਾ ਉਤੇ ਰਾਜ ਸੀ ਤੇ ਨਾਲ ਲੱਗਦੇ ਇਲਾਕਿਆਂ ਹਾਫ਼ਿਜਬਾਦ ਤੇ ਰਸੂਲ ਨਗਰ ਤੇ ਚੱਠਿਆਂ ਦੇ ਸਰਦਾਰ ਨੂਰ ਮੁਹੰਮਦ ਦਾ ਅਧਿਕਾਰ ਸੀ। ਚੜ੍ਹਤ ਸਿੰਘ ਤੇ ਨੂਰ ਮੁਹੰਮਦ ਦਾ ਅਕਸਰ ਆਪਸ ਵਿਚ ਤਣਾਉ ਰਹਿੰਦਾ ਸੀ। ਇਨ੍ਹਾਂ ਦੀ ਮੌਤ ਮਗਰੋਂ ਇਹ

ਲੜਾਈ ਉਨ੍ਹਾਂ ਦੇ ਪੁੱਤਰਾਂ ਅਤੇ ਪੋਤਰਿਆਂ ਤੱਕ ਰਹੀ। ਮਹਾਂ ਸਿੰਘ ਨੇ ਨੂਰ ਮੁਹੰਮਦ ਦੇ ਪੁੱਤਰ ਪੀਰ ਮੁਹੰਮਦ ਅਤੇ ਉਸ ਦੇ ਪੁੱਤਰ ਗੁਲਾਮ ਮੁਹੰਮਦ ਨੂੰ ਹਰਾ ਕੇ ਉਸ ਇਲਾਕੇ ਉੱਪਰ ਕਬਜ਼ਾ ਕਰ ਲਿਆ। ਇੰਜ ਇਹ ਘਟਨਾਵਾਂ ਇਤਿਹਾਸ ਬਣ ਗਈਆਂ। ਕਵੀ ਪੀਰ ਮੁਹੰਮਦ ਵੀ ਇਸ ਵਾਰ ਦਾ ਪਹਿਲਾਂ ਇਤਿਹਾਸਕ ਪਿਛੋਕੜ ਬਿਆਨ ਕਰਦਾ ਹੈ। ਪੀਰ ਮੁਹੰਮਦ ਨੇ ਮਹਾਂ ਸਿੰਘ ਤੇ ਚੱਠਿਆਂ ਦੀਆਂ ਲੜਾਈਆਂ ਦੇ ਇਤਿਹਾਸ ਨੂੰ ਬੜੀ ਬਾਰੀਕੀ ਨਾਲ ਬਿਆਨ ਕੀਤਾ ਹੈ। ਵਾਰ ਦਾ ਬਿਰਤਾਂਤ ਇਕ ਸੰਤੁਲਨ ਵਿਚ ਬੱਝਿਆ ਹੋਇਆ ਹੈ। ਇਸ ਵਾਰ ਨੂੰ ਵੀ ਪੰਜਾਬੀ ਦੀਆਂ ਪ੍ਰਮੁੱਖ ਵਾਰਾਂ ਵਿਚ ਗਿਣਿਆ ਜਾਂਦਾ ਹੈ।

**(ਕ) ਭਾਈ ਦਿਆਲੇ ਦੀ ਸਿੰਘਾਂ ਦੀ ਵਾਰ** : ਪਿਆਰਾ ਸਿੰਘ ਪਦਮ ਨੇ ਪੰਜਾਬੀ ਵਾਰਾਂ ਵਿਚ ਇਸ ਦਾ ਜ਼ਿਕਰ ਕੀਤਾ ਹੈ। ਜ਼ਮਾਨ ਸ਼ਾਹ ਨੇ ਹਿੰਦੋਸਤਾਨ ਉੱਤੇ ਚਾਰ ਹਮਲੇ ਕੀਤੇ। ਪਹਿਲਾ ਹੱਲਾ ਉਨ੍ਹਾਂ ਨੇ 1793 ਈ. ਵਿਚ ਦੂਜਾ 1795 ਤੇ ਤੀਜਾ 1796 ਈਸਵੀ ਵਿਚ ਕੀਤਾ। ਇਸ ਹੱਲੇ ਵਿਚ ਉਹ ਲਾਹੌਰ ਪਹੁੰਚਿਆ। ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਸਿੰਘ ਪਹਾੜਾਂ ਵਲ ਚਲੇ ਗਏ। ਜਦੋਂ ਬਾਦਸ਼ਾਹ 1797 ਈ. ਵਿਚ ਆਪਣੇ ਵਤਨ ਪਰਤਿਆ ਤਾਂ ਉਹ ਆਪਣੇ ਵਲੋਂ ਅਹਿਮਦ ਖਾਨ ਸਾਰੰਚੀ ਨੂੰ ਦੁਆਬਾ ਸਿੰਧ ਸਾਗਰ ਦਾ ਹਾਕਮ ਨਿਯੁਕਤ ਕਰ ਗਿਆ। ਸ਼ਾਹ ਜ਼ਮਾਨ ਦੇ ਮੁੜਣ ਦੀ ਦੇਰ ਸੀ ਕਿ ਸਿੰਘਾਂ ਨੇ ਮੁੜ ਆਪਣੇ ਕਿਲ੍ਹੇ ਸੰਭਾਲ ਲਏ। ਸਾਰੰਚੀ, ਸਿੰਘਾਂ ਨੂੰ ਮਾਰਨ ਲਈ ਚੜ੍ਹਿਆ ਤਾਂ ਤਿਰੰਗ (ਜਿਲਾ ਗੁਜਰਾਤ) ਲਾਗੇ ਸਿੰਘਾਂ ਤੇ ਪਠਾਣਾਂ ਦੀ ਲੜਾਈ ਹੋਈ। ਅਖੀਰ ਸਾਰੰਚੀ ਦੇ ਮਾਰੇ ਜਾਣ ਤੇ ਉਨ੍ਹਾਂ ਦੀ ਫੌਜ ਵੀ ਦੌੜ ਗਈ। ਭਾਈ ਦਿਆਲ ਸਿੰਘ ਨੇ ਇਸ ਲੜਾਈ ਨੂੰ ਇਸ ਵਾਰ ਵਿਚ ਬਿਆਨ ਕੀਤਾ ਹੈ। ਇਹ ਵਾਰ ਸਿੰਘਾਂ ਦੀ ਹੋਣ ਕਰਕੇ ਢਾਡੀ ਜਥੇ ਇਸ ਨੂੰ ਆਮ ਗਾਉਂਦੇ ਹਨ।

**(ਖ) ਭੰਗਾਣੀ ਦੀ ਵਾਰ** : ਇਸ ਵਾਰ ਦਾ ਕਰਤਾ ਕੌਣ ਹੈ? ਇਸ ਬਾਰੇ ਨਿਸ਼ਚਤ ਢੰਗ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਇਹ ਵਾਰ ਪੰਜਾਬ ਦੇ ਢਾਡੀਆਂ ਵਲੋਂ ਗਾਈ ਗਈ ਹੈ ਤੇ ਪ੍ਰਸਿੱਧ

ਵਾਰਾਂ ਵਿਚੋਂ ਇਕ ਹੈ। ਇਸ ਵਾਰ ਦੇ ਕਲੇਵਰ ਵਿਚ ਸਮੇਂ ਦੀ ਇਤਿਹਾਸਕਤਾ ਸਮਾਈ ਹੋਈ ਹੈ।

ਪਿਆਰਾ ਸਿੰਘ ਪਦਮ ਨੇ ਇਸ ਵਾਰ ਦੀ ਭਾਸ਼ਾ ਦੇ ਅਧਾਰ ਤੇ ਇਹ ਆਖਿਆ ਹੈ ਕਿ "ਇਹ ਸਿੱਖ ਰਾਜ ਤੋਂ ਬਾਅਦ ਦੀ ਲਿਖਤ ਜਾਪਦੀ ਹੈ। ਇਸ ਵਾਰ ਵਿਚ ਗੁਰੂ ਗੋਬਿੰਦ ਸਿੰਘ ਅਤੇ ਪਹਾੜੀ ਰਾਜਿਆਂ ਦੇ ਭੰਗਾਣੀ ਦੇ ਯੁੱਧ ਨੂੰ ਪੇਸ਼ ਕੀਤਾ ਗਿਆ ਹੈ।"[30]

**(ਗ) ਕਵੀ ਸੋਭਾ (ਬਲੋਚ) ਦੀ ਮੁਲਤਾਨ ਦੀ ਵਾਰ :** ਕਵੀ ਸੋਭਾ ਬਲੋਚ ਨੇ 'ਮੁਲਤਾਨ ਦੀ ਵਾਰ' ਲਿਖੀ ਹੈ। ਇਸ ਵਾਰ ਵਿਚ ਉਸ ਨੇ ਮੁਲਤਾਨ ਦੀ ਲੜਾਈ ਨੂੰ ਵਿਸਥਾਰ ਨਾਲ ਬਿਆਨ ਕੀਤਾ ਹੈ। ਇਹ ਲੜਾਈ ਐਪਰਲ 1848 ਈਸਵੀ ਵਿਚ ਸ਼ੁਰੂ ਹੋਈ ਤੇ 22 ਜਨਵਰੀ 1849 ਈਸਵੀ ਨੂੰ ਖਤਮ ਹੋਈ ਜਦੋਂ ਦੀਵਾਨ ਮੂਲ ਰਾਜ ਨੇ ਹਥਿਆਰ ਸੁੱਟ ਦਿੱਤੇ। ਦੀਵਾਨ ਮੂਲਰਾਜ ਨੂੰ ਪਹਿਲਾਂ ਮੁਕੱਦਮੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਫਿਰ ਬਦਲ ਕੇ ਦੇਸ਼ ਨਿਕਾਲਾ ਦੇ ਕੇ ਕਲਕੱਤਾ ਭੇਜ ਦਿੱਤਾ ਗਿਆ। ਜਿਥੇ ਦੋ ਸਾਲ ਬਾਅਦ ਉਸ ਦੀ ਮੌਤ ਹੋ ਗਈ। ਇਸ ਵਾਰ ਵਿਚ ਉਹ ਸਿੱਖਾਂ ਦੀ ਬਹਾਦੁਰੀ ਬਿਆਨ ਕਰਦਾ ਹੈ। ਮੁਲਤਾਨ ਦੀ ਜੰਗ ਹੋਰ ਕਵੀਆਂ ਨੇ ਵੀ ਬਿਆਨ ਕੀਤੀ ਹੈ ਪਰ ਮੁਲਤਾਨੀ ਵਿਚ ਬਿਆਨ ਕਰਨ ਵਾਲਾ ਕੇਵਲ ਸ਼ੋਭਾ ਬਲੋਚ ਹੀ ਹੈ।

**ਆਧੁਨਿਕ ਕਾਲ ਦੀਆਂ ਇਤਿਹਾਸਕ ਵਾਰਾਂ :** ਆਧੁਨਿਕ ਕਾਲ ਵਿਚ ਕਵੀਆਂ ਨੇ ਵਾਰ ਕਾਵਿ ਰੂਪ ਨੂੰ ਅਪਣਾਇਆ ਜਿਨ੍ਹਾਂ ਵਿਚੋਂ ਕੁਝ ਕੁ ਵਾਰਾਂ ਦਾ ਜ਼ਿਕਰ ਕਰਨਾ ਮੁਨਾਸਬ ਹੋਵੇਗਾ।

**(ੳ) ਵਿਧਾਤਾ ਸਿੰਘ ਤੀਰ ਦੀ 'ਸਰਹੰਦ ਦੀ ਵਾਰ :** ਇਹ ਵਾਰ ਬੰਦਾ ਸਿੰਘ ਬਹਾਦਰ ਬਾਰੇ ਹੈ। ਬੰਦਾ ਸਿੰਘ ਬਹਾਦਰ ਜਦੋਂ ਪੰਜਾਬ ਪਹੁੰਚਿਆ ਤਾਂ ਉਨ੍ਹਾਂ ਸਿੱਖਾਂ ਵਿਚ ਇਕ ਜਾਗਰੂਕਤਾ ਪੈਦਾ ਕਰ ਦਿੱਤੀ। ਸਿੱਖਾਂ ਵਿਚ ਨਵੀਂ ਰਾਜਸੀ ਚੇਤਨਾਂ ਲਿਆਂਦੀ ਅਤੇ ਸਿੱਖ ਜਿਸ ਤਰ੍ਹਾਂ ਇਕੱਠੇ ਹੋ ਕੇ, ਜਿਸ ਬਹਾਦਰੀ ਨਾਲ ਲੜੇ, ਉਨ੍ਹਾਂ ਨੇ ਮੁਗਲ ਰਾਜ ਨੂੰ ਤਹਿਸ਼ ਨਹਿਸ਼ ਕਰ ਦਿੱਤਾ। ਵਿਧਾਤਾ ਸਿੰਘ ਤੀਰ ਦੀ ਇਸ ਵਾਰ ਦਾ ਸਰੂਪ ਵਧੇਰੇ ਜੰਗਨਾਮਾ ਨਾਲ ਮਿਲਦਾ ਹੈ। ਕਿਉਂਕਿ ਇਸ ਵਾਰ ਵਿਚ ਸਿੱਧੇ ਤੌਰ ਤੇ ਹੀ ਜੰਗ ਨੂੰ ਬਿਆਨ ਕੀਤਾ ਗਿਆ ਹੈ।

(ਅ) **ਹਰਿੰਦਰ ਸਿੰਘ ਰੂਪ ਦੀਆਂ ਵਾਰਾਂ** : ਹਰਿੰਦਰ ਸਿੰਘ ਰੂਪ ਨੇ ਕਵਿਤਾ ਦੀ ਰਚਨਾ ਵੀ ਕੀਤੀ ਤੇ ਵਾਰਾਂ ਦੀ ਵੀ। ਪਰ ਉਸ ਨੂੰ ਮੁੱਖ ਰੂਪ ਵਿਚ ਵਾਰਕਾਰ ਗਿਣਿਆ ਗਿਆ ਹੈ। ਹਰਿੰਦਰ ਸਿੰਘ ਰੂਪ ਨੇ ਵਾਰਾਂ ਦੀਆਂ ਚਾਰ ਪੁਸਤਕਾਂ ਦੀ ਰਚਨਾ ਕੀਤੀ। ਪੰਜਾਬ ਦੀਆਂ ਵਾਰਾਂ, ਲੋਕ ਵਾਰ, ਮਨੁੱਖ ਦੀ ਵਾਰ, ਹਿਮਾਲਾ ਦੀ ਵਾਰ। ਹਰਿੰਦਰ ਸਿੰਘ ਰੂਪ ਦੀਆਂ ਇਤਿਹਾਸਕ ਵਾਰਾਂ ਵਿਚ ਮਾਈ ਭਾਗੋ ਦੀ ਵਾਰ, ਬੰਦੇ ਦੀ ਵਾਰ, ਨਵਾਬ ਜੱਸਾ ਸਿੰਘ ਦੀ ਵਾਰ, ਸਰਦਾਰਨੀ ਸਦਾ ਕੌਰ, ਵਾਰ ਮਹਾਰਾਜਾ ਰਣਜੀਤ ਸਿੰਘ, ਨਲੂਏ ਦੀ ਵਾਰ, ਵਾਰ ਸ਼ਹੀਦ ਸ਼ਾਮ ਸਿੰਘ ਆਦਿ ਸ਼ਾਮਿਲ ਹਨ। ਮਨੁੱਖ ਦੀ ਵਾਰ ਪਰੰਪਰਕ ਵਾਰਾਂ ਤੋਂ ਵੱਖਰੀ ਲਿਖੀ ਹੈ। ਇਸ ਵਾਰ ਵਿਚ ਉਸ ਨੇ ਮਨੁੱਖ ਦੇ ਵਿਕਾਸ ਨੂੰ ਪ੍ਰਗਟ ਕੀਤਾ ਹੈ। ਇਹ ਵਾਰ ਸਭਿਅਤਾ, ਸਭਿਆਚਾਰ, ਸਾਹਿਤ, ਇਤਿਹਾਸ, ਵਿਗਿਆਨ ਦੇ ਵਿਕਾਸ ਨਾਲ ਜੁੜੀ ਹੋਈ ਹੈ।

(ੲ) **ਪ੍ਰੋ. ਮੋਹਨ ਸਿੰਘ ਦੀਆਂ ਵਾਰਾਂ** : ਮੋਹਨ ਸਿੰਘ ਪੰਜਾਬੀ ਦਾ ਚਰਚਿਤ ਰੁਮਾਂਟਿਕ ਪ੍ਰਗਤੀਸ਼ੀਲ ਕਵੀ ਸੀ। ਬਾਕੀ ਕਵਿਤਾ ਦੇ ਨਾਲ ਨਾਲ ਉਸ ਨੇ ਚਾਰ ਵਾਰਾਂ ਵੀ ਲਿਖੀਆਂ। ਰਾਣੀ ਸਾਹਿਬ ਕੌਰ ਦੀ ਵਾਰ, ਕਿਹਰੇ ਦੀ ਵਾਰ,ਮੰਗਲੀ ਦੀ ਵਾਰ, ਗੱਜਣ ਸਿੰਘ ਦੀ ਵਾਰ। ਇਕ ਵਾਰ ਦੇ ਤੌਰ ਤੇ ਰਾਣੀ ਸਾਹਿਬ ਕੌਰ ਦਾ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ। ਇਸ ਵਾਰ ਵਿਚ ਮੋਹਨ ਸਿੰਘ ਨੇ ਪਰੰਪਰਕ ਵਾਰ ਦੀ ਵਿਧੀ ਨੂੰ ਅਪਣਾਇਆ ਹੈ।

(ਸ) **ਪਿਆਰਾ ਸਿੰਘ ਸਹਿਰਾਈ ਦੀਆਂ ਵਾਰਾਂ** : ਪਿਆਰਾ ਸਿੰਘ ਸਹਿਰਾਈ ਪੰਜਾਬੀ ਦਾ ਪ੍ਰਗਤੀਸ਼ੀਲ ਕਵੀ ਹੈ। ਉਸ ਨੇ ਵੱਖ ਵੱਖ ਸੰਗ੍ਰਹਿਆਂ ਵਿਚ ਕਈ ਵਾਰਾਂ ਦੀ ਰਚਨਾ ਕੀਤੀ। ਇਸ ਕਰਕੇ ਉਹ ਵਾਰਕਾਰ ਦੇ ਤੌਰ ਤੇ ਵੀ ਚਰਚਿਤ ਹੋਏ। ਪਿਆਰਾ ਸਿੰਘ ਸਹਿਰਾਈ ਦੀ ਲਿਖੀ ਹੋਈ 'ਤਿਲੰਗਾਨਾ ਦੀ ਵਾਰ' ਬਹੁਤ ਚਰਚਾ ਵਿਚ ਆਈ ਤੇ ਇਸ ਵਾਰ ਨੇ ਉਸ ਦੀਆਂ ਅਗਲੇਰੀਆਂ ਵਾਰਾਂ ਦੀ ਸੰਰਚਨਾ ਵੀ ਨਿਸ਼ਚਤ ਕਰ ਦਿੱਤੀ। ਤਿਲੰਗਾਨਾ ਵਿਚ ਉਥੋਂ ਦੇ ਦੇਸ਼ਮੁਖਾਂ ਅਤੇ ਕਿਸਾਨਾਂ ਵਿਚ ਜੋ ਘੋਲ ਸਾਹਮਣੇ ਆਇਆ, ਉਸ ਵਿਚ ਕਿਸਾਨਾਂ ਦਾ ਨਾਹਰਾ ਸੀ ਕਿ ਭੋਂਇ ਹੱਲ-ਵਾਹਕ ਨੂੰ

ਮਿਲਣੀ ਚਾਹੀਦੀ ਹੈ। ਇਸ ਯੁੱਧ ਵਿਚ ਲੋਕਾਂ ਦੀ ਜਿੱਤ ਹੋਈ। ਉਹਨਾਂ ਨੇ ਲੋਕਾਂ ਨੂੰ ਨਵੀਂ ਜ਼ਿੰਦਗੀ ਦਿੱਤੀ, ਸਮਾਜਵਾਦ ਨੂੰ ਸਾਕਾਰ ਕੀਤਾ। ਇਸ ਸੁਪਨੇ ਨੂੰ ਸਹਿਰਾਈ ਨੇ ਇਸ ਵਾਰ ਵਿਚ ਹੀਰ ਰਾਂਝੇ ਦੇ ਮਿਲਾਪ ਦੇ ਅਲੰਕਾਰ ਨਾਲ ਪੇਸ਼ ਕਰਦਾ ਹੈ। ਪਿਆਰਾ ਸਿੰਘ ਸਹਿਰਾਈ ਨੇ ਦੂਜੀ ਵਾਰ ਤਰਸੇਮ ਦੀ ਲਿਖੀ। ਬਾਵਾ ਤਰਸੇਮ ਪਹਿਲਾ ਅਧਿਆਪਕ ਬਣਿਆ ਤੇ ਫਿਰ ਜਿਸ ਪਿੰਡ ਵਿਚ ਪੜ੍ਹਾਉਂਦੇ ਸੀ ਉਥੇ ਹੀ ਨਕਸਲਬਾੜੀ ਲਹਿਰ ਨਾਲ ਸੰਬੰਧਤ ਸਾਥੀ ਦਯਾ ਸਿੰਘ ਵੀ ਆਉਂਦਾ ਸੀ। ਬਾਵਾ ਤਰਸੇਮ ਤੇ ਉਸ ਦੇ ਵਿਚਾਰਾਂ ਦਾ ਇੰਨਾਂ ਅਸਰ ਹੋਇਆ ਕਿ ਉਹ ਨੌਕਰੀ ਛੱਡ ਕੇ ਇਨਕਲਾਬੀਆਂ ਦੇ ਨਾਲ ਰਲ ਗਿਆ। ਬਾਵਾ ਤਰਸੇਮ ਸਿੰਘ ਨੂੰ ਇਕ ਮੁਖਬਰ ਨੇ ਫੜਾ ਦਿੱਤਾ। ਉਸ ਉੱਤੇ ਪੁਲਿਸ ਨੇ ਬਹੁਤ ਜ਼ੁਲਮ ਕੀਤੇ ਤੇ ਉਸਨੂੰ ਸ਼ਹੀਦ ਕਰ ਦਿੱਤਾ। ਸਹਿਰਾਈ ਇਨਕਲਾਬੀਆਂ ਦੀ ਇਸ ਨਕਸਲਬਾੜੀ ਜਾਗਰੂਕਤਾ ਨੂੰ ਪੰਜਾਬ ਦੇ ਸਮੁੱਚੇ ਇਤਿਹਾਸਕ ਪਰਿਪੇਖ ਵਿਚ ਵੇਖਦਾ ਹੈ।

(ਹ) **ਸੋਹਣ ਸਿੰਘ ਸੀਤਲ ਦੀਆਂ ਵਾਰਾਂ** : ਸੋਹਣ ਸਿੰਘ ਸੀਤਲ ਪੰਜਾਬ ਦਾ ਪ੍ਰਸਿੱਧ ਢਾਡੀ ਸੀ। ਸੋਹਣ ਸਿੰਘ ਸੀਤਲ ਨੇ ਆਪਣੀਆਂ ਵਾਰਾਂ ਨੂੰ ਢਾਡੀ ਵਾਰਾਂ ਕਿਹਾ। ਸੋਹਣ ਸਿੰਘ ਸੀਤਲ ਨੇ ਇਤਿਹਾਸਕ ਵਾਰਾਂ ਜਿਵੇਂ ਵਾਰ ਸਾਕਾ ਸਰਹੰਦ, ਵਾਰ ਬੰਦਾ ਬਹਾਦਰ ਦੀ, ਵਾਰ ਸ਼ਹੀਦੀ ਗੁਰੂ ਤੇਗ ਬਹਾਦਰ ਸਾਹਿਬ ਦੀ, ਵਾਰ ਅਹਿਮਦ ਸ਼ਾਹ ਅਬਦਾਲੀ ਦੀ, ਵਾਰ ਸਿੱਖੀ ਦੀ ਪਰਖ ਦੀ, ਵਾਰ ਸ੍ਰੀ ਹਰਗੋਬਿੰਦ, ਵਾਰ ਡੱਲੇ ਦਾ ਸਿਦਕ, ਤੇ ਹੋਰ ਬਹੁਤ ਸਾਰੀਆਂ ਵਾਰਾਂ ਲਿਖੀਆਂ ਜਿਵੇਂ ਕਿ ਇਨ੍ਹਾਂ ਦੇ ਨਾਵਾਂ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਇਹ ਵਾਰਾਂ ਬਹੁਤੀਆਂ ਪਰੰਪਰਕ ਵਾਰਾਂ ਵਾਂਗ ਜੰਗ ਯੁੱਧ ਬਾਰੇ ਨਹੀਂ ਸਗੋਂ ਇਨ੍ਹਾਂ ਵਿਚ ਪਾਤਰਾਂ ਜਾਂ ਨਾਇਕਾਂ ਨਾਲ ਸੰਬੰਧਤ ਹਨ। ਸੋਹਣ ਸਿੰਘ ਸੀਤਲ ਇਕ ਗਲਪਕਾਰ ਵੀ ਸੀ ਤੇ ਇਤਿਹਾਸਕਾਰ ਵੀ ਸੀ। ਉਸ ਦੀਆਂ ਵਾਰਾਂ ਜਾਂ ਪ੍ਰਸੰਗਾਂ ਉਤੇ ਦੋਹਾਂ ਗੱਲਾਂ ਦਾ ਡੂੰਘਾ ਪ੍ਰਭਾਵ ਹੈ।

(ਕ) **ਹਜ਼ਾਰਾ ਸਿੰਘ ਗੁਰਦਾਸਪੁਰੀਆ ਦੀਆਂ ਵਾਰਾਂ** : ਹਜ਼ਾਰਾ ਸਿੰਘ ਗੁਰਦਾਸਪੁਰੀ ਵਾਰਾਂ ਦੀ ਬਾਦਸ਼ਾਹੀ ਕਰਕੇ ਵੀ ਜਾਣਿਆ ਜਾਂਦਾ ਹੈ। ਉਸ ਦੀਆਂ ਕੁਝ ਵਾਰਾਂ ਇਤਿਹਾਸਕ ਹਨ ਅਤੇ ਕੁਝ

ਅਜੋਕੇ ਵਿਸ਼ਿਆਂ ਨਾਲ ਸੰਬੰਧਤ ਵੀ ਹਨ। ਉਹ ਸੰਖੇਪ ਵਾਰ ਲਿਖਦਾ ਹੈ। ਉਹ ਆਰੰਭ ਵਿਚ ਹੀ ਨਾਇਕ ਨਾਲ ਸੰਬੰਧਤ ਜੰਗਾਂ ਯੁਧਾਂ ਦਾ ਵਰਨਣ ਦਿੰਦਾ ਹੈ। ਉਸ ਦੀਆਂ ਇਤਿਹਾਸਕ ਵਾਰਾਂ ਜਿਵੇਂ – ਰਾਣਾ ਪ੍ਰਤਾਪ ਦੀ ਵਾਰ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਵਾਰ, ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੀ ਵਾਰ ਆਦਿ। ਹਜ਼ਾਰਾ ਸਿੰਘ ਗੁਰਦਾਸਪੁਰੀ ਨੇ ਪੰਜਾਬ ਦੇ ਇਤਿਹਾਸ ਦਾ ਡੂੰਘਾ ਅਧਿਐਨ ਕੀਤਾ। ਇਨ੍ਹਾਂ ਵਾਰਾਂ ਵਿਚ ਵਾਰ ਗੁਰਬਖਸ਼ ਸਿੰਘ ਨਿਹੰਗ ਦੀ, ਵਾਰ ਰਾਜਾ ਸੂਰਤ ਸਿੰਘ ਮਜੀਠੀਆ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਹਜ਼ਾਰਾ ਸਿੰਘ ਦੀਆਂ ਤਿੰਨ ਵਾਰਾਂ, 'ਵਾਰ ਅਜ਼ਾਦ ਹਿੰਦ ਸੈਨਾ ਦੀ', 'ਬਾਬਾ ਗੁਰਮੁਖ ਸਿੰਘ ਦੀ ਵਾਰ', 'ਵਾਰ ਲੁਧਿਆਣਾ ਸ਼ਹਿਰ ਦੀ' ਆਧੁਨਿਕ ਕਾਲ ਨਾਲ ਸੰਬੰਧਿਤ ਹਨ ਪਰ ਮੂਲ ਤੌਰ ਤੇ ਇਹ ਵਾਰਾਂ ਵੀ ਇਤਿਹਾਸਕ ਹਨ।

**ਗੁਰਦੇਵ ਸਿੰਘ ਮਾਨ ਦੀ ਅਕਾਲੀ ਫੂਲਾ ਸਿੰਘ ਦੀ ਵਾਰ** : ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲਾਂ ਵਿਚ ਅਕਾਲੀ ਫੂਲਾ ਸਿੰਘ ਦਾ ਬਹੁਤ ਸਤਿਕਾਰ ਸੀ। ਗੁਰਦੇਵ ਸਿੰਘ ਮਾਨ ਨੇ ਅਕਾਲੀ ਫੂਲਾ ਸਿੰਘ ਦੀ ਬਹਾਦਰੀ ਬਾਰੇ ਇਹ ਵਾਰ ਲਿਖੀ ਹੈ। ਇਸ ਵਾਰ ਦਾ ਚਰਚਾ ਇਸ ਵਾਰ ਦੇ ਬੀਰ ਰਸੀ ਬਿਆਨ ਕਰਕੇ ਹੋਇਆ ਹੈ। ਇਸ ਵਾਰ ਵਿਚ ਪਠਾਣਾਂ ਤੇ ਸਿੱਖਾਂ ਦੀ ਲੜਾਈ ਦਾ ਦ੍ਰਿਸ਼ ਬਿਆਨ ਕੀਤਾ ਗਿਆ ਹੈ।

**(ਖ) ਬਲਜੀਤ ਤੁਲਸੀ ਦੀ 'ਵਾਰ ਗੁਰੂ ਗੋਬਿੰਦ ਸਿੰਘ ਦੀ**: ਬਲਜੀਤ ਤੁਲਸੀ ਨੇ ਇਸ ਵਾਰ ਨੂੰ ਆਮ ਵਾਰਾਂ ਨਾਲੋਂ ਵੱਖਰੀ ਵਿਧੀ ਵਿਚ ਲਿਖਿਆ ਹੈ। ਇਸ ਵਾਰ ਵਿਚ ਗੁਰੂ ਗੋਬਿੰਦ ਸਿੰਘ ਨਾਲ ਪ੍ਰਸ਼ਨ ਉੱਤਰ ਹਨ। ਉਹ ਪੰਜਾਂ ਪਿਆਰਿਆਂ ਦਾ ਹੁਕਮ ਮੰਨ ਕੇ ਕੱਚੀ ਗੜ੍ਹੀ ਦਾ ਤਿਆਗ ਕਰ ਰਹੇ ਹਨ। ਸੰਬੋਧਨ ਦੀ ਵਿਧੀ ਨਾਲ ਇਹ ਵਾਰ ਨੂੰ ਸ਼ੁਰੂ ਕੀਤਾ ਗਿਆ ਹੈ।

> ਐ ਨੀਲੇ ਉੱਤੇ ਜਾਂਦਿਆ।
>
> ਮੇਰੀ ਗੱਲ ਤੇ ਸੁਣਦਾ ਜਾ।[31]

ਬਲਜੀਤ ਤੁਲਸੀ ਇਸ ਵਾਰ ਵਿਚ ਭਾਰਤ ਦੀ ਨਵੀਂ ਤੇ ਪੁਰਾਣੀ ਦਸ਼ਾ ਨੂੰ ਬਿਆਨ ਕਰਦੀ

ਹੈ। ਵਾਰਕਾਰ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਭਾਰਤ ਵਿਚ ਨਵੀਂ ਜਾਗਰੂਕਤਾ ਲਿਆਂਦੀ, ਤੇ ਕੌਮ ਨੂੰ ਯੋਧਿਆਂ ਦੀ ਕੌਮ ਬਣਾਇਆ। ਇਸ ਵਾਰ ਦਾ ਮੰਤਵ ਸਿਰਫ ਕੱਚੀ ਗੜ੍ਹੀ ਦੇ ਤਿਆਗ ਦੀ ਘਟਨਾ ਨੂੰ ਬਿਆਨ ਕਰਨਾ ਹੀ ਨਹੀਂ ਸਗੋਂ ਗੁਰੂ ਗੋਬਿੰਦ ਸਿੰਘ ਦੇ ਸੰਦੇਸ਼ ਅਤੇ ਕਾਰਜ ਨੂੰ ਦੇਸ਼ ਦੀ ਆਜ਼ਾਦੀ ਦੇ ਸਮੁੱਚੇ ਪ੍ਰਸੰਗ ਨਾਲ ਜੋੜਨਾ ਹੈ।

**(ਗ) ਰਾਮ ਨਰੈਣ ਸਿੰਘ ਦਰਦੀ ਦੀ 'ਵਾਰ ਮੇਜਰ ਭੁਪਿੰਦਰ ਸਿੰਘ'** : ਰਾਮ ਨਰੈਣ ਸਿੰਘ ਦਰਦੀ ਦੀਆਂ ਵਾਰਾਂ ਵਿਸ਼ੇਸ਼ ਚਰਚਾ ਵਿਚ ਹਨ। 'ਵਾਰ ਮੇਜਰ ਭੁਪਿੰਦਰ ਸਿੰਘ' 1967 ਵਿਚ ਪ੍ਰਕਾਸ਼ਤ ਹੋਈ ਅਤੇ 'ਵਾਰ ਗੋਆ ਦਾ ਜੇਤੂ ਮੇਜਰ ਸ਼ਿਵ ਦੇਵ ਸਿੰਘ' 1972 ਵਿਚ ਪ੍ਰਕਾਸ਼ਤ ਹੋਈ। 'ਵਾਰ ਮੇਜਰ ਭੁਪਿੰਦਰ ਸਿੰਘ' ਨੇ ਰਾਮ ਨਰੈਣ ਸਿੰਘ ਦਰਦੀ ਨੂੰ ਇੱਕ ਵਾਰਕਾਰ ਦੇ ਰੂਪ ਵਿਚ ਸਥਾਪਿਤ ਕਰ ਦਿੱਤਾ। ਮੇਜਰ ਭੁਪਿੰਦਰ ਸਿੰਘ ਭਾਰਤ ਪਾਕਿਸਤਾਨ ਯੁਧ ਸਮੇਂ ਸਿਆਲਕੋਟ ਸੈਕਟਰ ਵਿਚ ਬਹੁਤ ਬਹਾਦਰੀ ਨਾਲ ਲੜਿਆ। ਮੇਜਰ ਭੁਪਿੰਦਰ ਸਿੰਘ ਆਪਣੇ ਸਾਥੀਆਂ ਨੂੰ ਬਚਾਉਂਦਿਆਂ ਬਚਾਉਂਦਿਆਂ ਆਪ ਬੁਰੀ ਤਰ੍ਹਾਂ ਝੁਲਸਿਆ ਗਿਆ ਸੀ ਅਤੇ ਬਾਅਦ ਵਿਚ ਪਠਾਨਕੋਟ ਫੌਜੀ ਹਸਪਤਾਲ ਵਿਚ ਉਸਦੀ ਮੌਤ ਹੋਈ। ਇਸ ਬਹਾਦਰੀ ਬਦਲੇ ਉਸ ਨੂੰ ਮਹਾਂਵੀਰ ਚੱਕਰ ਪ੍ਰਦਾਨ ਹੋਇਆ। ਰਾਮ ਨਰੈਣ ਸਿੰਘ ਦਰਦੀ ਨੇ ਉਸ ਦੀ ਬਹਾਦਰੀ ਨੂੰ ਇਸ ਵਾਰ ਵਿਚ ਚਿੱਤਰਿਆ ਹੈ। ਰਾਮ ਨਰੈਣ ਸਿੰਘ ਦਰਦੀ ਨੇ ਵਾਰ ਦੀ ਵਿਧੀ ਨੂੰ ਧਿਆਨ ਵਿਚ ਰੱਖਦਿਆਂ ਪਹਿਲਾਂ ਉਸ ਦਾ ਪਿਛੋਕੜ ਬਣਾਇਆ।

**(ਘ) ਤੇਰਾ ਸਿੰਘ ਚੰਨ ਦੀਆਂ ਵਾਰਾਂ**: ਤੇਰਾ ਸਿੰਘ ਚੰਨ ਨੇ ਆਪਣੀ ਕਵਿਤਾ ਦੇ ਨਾਲ-ਨਾਲ ਦੋ ਵਾਰਾਂ ਵੀ ਲਿਖੀਆਂ। 1950 ਵਿਚ 'ਅਗਸਤ 1947 ਦੀ ਵਾਰ' ਅਤੇ 1951 ਵਿਚ 'ਭਗਤ ਸਿੰਘ ਦੀ ਵਾਰ'। ਇਹ ਦੋਵੇਂ ਵਾਰਾਂ ਬਹੁਤ ਸੰਖੇਪ ਹਨ। ਇਨ੍ਹਾਂ ਦੋਨਾਂ ਵਾਰਾਂ ਵਿਚ ਬਾਕੀ ਕਵਿਤਾ ਵਾਂਗ ਉਸਦਾ ਦ੍ਰਿਸ਼ਟੀਕੋਣ ਪ੍ਰਗਤੀਸ਼ੀਲ ਹੈ। 'ਅਗਸਤ 1947 ਦੀ ਵਾਰ' ਵਿਚ ਉਹ ਭੜਕੀ ਫ਼ਿਰਕੂ ਅੱਗ ਨੂੰ ਬਿਆਨ ਕਰਦਾ ਹੈ। ਹਾਕਮਾਂ ਨੇ ਕਿਵੇਂ ਦੇਸ਼ ਨੂੰ ਵੰਡਣ ਦੀ ਸਾਜਿਸ਼ ਬਣਾਈ ਅਤੇ ਇਥੋਂ ਦੇ

ਨੇਤਾ ਉਸ ਸਾਜ਼ਿਸ ਦਾ ਸ਼ਿਕਾਰ ਹੋਏ, ਉਹ ਇਸ ਨੂੰ ਇਸ ਵਾਰ ਵਿਚ ਬਿਆਨ ਕਰਦਾ ਹੈ। ਕਵੀ, 'ਭਗਤ ਸਿੰਘ ਦੀ ਵਾਰ' ਵਿਚ ਉਸ ਸਮੇਂ ਨੂੰ ਬਿਆਨ ਕਰਦਾ ਹੈ ਜਦੋਂ ਅੰਗ੍ਰੇਜ਼ਾਂ ਦੇ ਜ਼ੁਲਮ ਦੀ ਕਹਾਣੀ ਘਰ-ਘਰ ਪਹੁੰਚੀ ਹੋਈ ਸੀ, ਜਦੋਂ ਲੋਕ ਪਿਛਲੀ ਸਭਿਅਤਾ ਨੂੰ ਭੁੱਲ ਰਹੇ ਸਨ ਉਦੋਂ ਪੰਜਾਬ ਦਾ ਇਕ ਸ਼ੇਰ ਉੱਠਿਆ ਤੇ ਉਸਨੇ ਇਸ ਜ਼ੁਲਮ ਦੇ ਸਾਹਮਣੇ ਆਪਣੀ ਛਾਤੀ ਤਾਣ ਲਈ। ਉਹ ਦੇਸ਼ 'ਚੋਂ ਕੰਗਾਲੀ ਮਿਟਾਉਣਾ ਚਾਹੁੰਦਾ ਸੀ। ਉਸਨੇ ਤੇ ਉਸਦੇ ਸਾਥੀਆਂ ਨੇ ਜਿਸ ਕ੍ਰਾਂਤੀ ਨੂੰ ਸਾਹਮਣੇ ਲਿਆਂਦਾ, ਉਸ ਲਈ ਉਨ੍ਹਾਂ ਨੇ ਕੁਰਬਾਨੀਆਂ ਦਿੱਤੀਆਂ।

**(ਙ) ਪ੍ਰੀਤਮ ਸਿੰਘ ਕਾਸਦ ਦੀ ਵਾਰ ਅਕਾਲੀ ਫੂਲਾ ਸਿੰਘ** : ਪ੍ਰੀਤਮ ਸਿੰਘ ਕਾਸਦ ਪੰਜਾਬੀ ਦਾ ਸਟੇਜੀ ਕਵੀ ਹੈ। ਉਸ ਨੇ ਵਾਰ ਅਕਾਲੀ ਫੂਲਾ ਸਿੰਘ ਲਿਖੀ। ਇਹ ਵਾਰ ਗੁਰਦੇਵ ਸਿੰਘ ਮਾਨ ਦੀ ਵਾਰ ਵਾਂਗ ਇੰਨੀ ਚਰਚਿਤ ਨਹੀਂ। ਇਹ ਵਾਰ 1965 ਈਸਵੀ ਵਿਚ ਲਿਖੀ ਗਈ।

ਉਪਰੋਕਤ ਚਰਚਾ ਉਪਰੰਤ ਅਸੀਂ ਕਹਿ ਸਕਦੇ ਪੰਜਾਬ ਦੀ ਭੂਗੋਲਿਕ ਸਥਿਤੀ ਹੀ ਅਜਿਹੀ ਹੈ ਕਿ ਇਸ ਦੇ ਵਸਨੀਕਾਂ ਨੂੰ ਹਮੇਸ਼ਾਂ ਹੀ ਨਿਰਦਈ ਜਰਵਾਣੇ ਧਾੜਵੀਆਂ ਦਾ ਸ਼ਿਕਾਰ ਹੋਣਾ ਪਿਆ ਹੈ। ਪੰਜਾਬ ਦਾ ਇਤਿਹਾਸ ਵੀਰ-ਪਰੰਪਰਾ ਦੇ ਇਕ ਅਤਿਅੰਤ ਵਿਲੱਖਣ ਜ਼ਾਵੀਏ ਨੂੰ ਮੂਰਤੀਮਾਨ ਕਰਦਾ ਹੈ। ਪੰਜਾਬ ਦਾ ਹਰੇਕ ਗੱਭਰੂ ਵੀਰ ਜਾਂ 'ਬੀਰ' ਹੈ ਜਿਸ ਨੇ ਆਪਣੇ ਸੂਰਬੀਰ ਕਾਰਨਾਮਿਆਂ ਨਾਲ ਪੰਜਾਬ ਦੇ ਇਤਿਹਾਸ ਨੂੰ ਲਾਲ-ਰੱਤਾ ਬਣਾ ਦਿੱਤਾ।

**(ਸ) ਉਪਰੋਕਤ ਵਾਰਾਂ ਦਾ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਵਾਰਾਂ ਨਾਲ ਸਾਂਝਾਂ ਤੇ ਵਖਰੇਵੇਂ :-**

ਉਪਰੋਕਤ ਸਾਰੀਆਂ ਵਾਰਾਂ ਵਿਚ ਵਿਸ਼ੇ ਤੇ ਰੂਪਕ ਪੱਖ ਤੋਂ ਸਮਾਨਤਾ ਹੋਣ ਦੇ ਬਾਵਜੂਦ ਵੀ ਇਨ੍ਹਾਂ ਵਿਚ ਵਖਰੇਵੇਂ ਹਨ। ਇਨ੍ਹਾਂ ਵਾਰਾਂ ਵਿਚ ਸਭ ਤੋਂ ਪਹਿਲੀ ਸਮਾਨਤਾ ਮੰਗਲਾਚਰਣ ਦੀ ਹੈ। ਅਧਿਆਤਮਕ ਵਾਰਾਂ, ਬੀਰ-ਰਸੀ ਅਤੇ ਧਾਰਮਿਕ ਵਾਰਾਂ ਦਾ ਆਰੰਭ ਮੰਗਲਾਚਰਣ ਨਾਲ ਹੀ ਸ਼ੁਰੂ ਹੁੰਦਾ ਹੈ। ਮੰਗਲਾਚਰਣ ਦੋ ਸ਼ਬਦਾਂ ਤੋਂ ਮੰਗਲ ਤੇ ਅਚਾਰ ਦਾ ਸਮਾਸ ਹੈ। ਮੰਗਲ ਸ਼ਬਦ ਸੰਸਕ੍ਰਿਤ ਦੇ

ਮੰਗ ਧਾਤੂ ਦਾ ਵਿਉਂਤਪਤ ਰੂਪ ਹੈ। ਮੰਗ ਦੇ ਅਰਥ ਹਨ ਅਨੰਦ ਵਿਚ ਹੋਣਾ, ਹਰਕਤ ਕਰਨਾ, ਧਾ ਕੇ ਜਾਣਾ ਆਦਿ। ਇਸ ਤਰ੍ਹਾਂ ਮੰਗਲ ਦੇ ਅਰਥ ਵੀ ਖੁਸ਼ੀ ਜਾਂ ਅਨੰਦ ਦੇ ਹੀ ਹਨ। ਗੁਰੂ ਨਾਨਕ ਤੇ ਬਾਕੀ ਗੁਰੂ ਸਾਹਿਬਾਨਾਂ ਨੇ ਮੰਗਲ ਸ਼ਬਦ ਨੂੰ ਇਨ੍ਹਾਂ ਅਰਥਾਂ ਵਿਚ ਵਰਤਦਿਆਂ ਕਿਹਾ "ਮੰਗਲ ਗਾਵਹੁ ਨਾਰੇ।। (ਗੁਰੂ ਨਾਨਕ ਦੇਵ ਜੀ)। ਮੰਗਲਾਚਰਣ ਵਾਰ ਦਾ ਜ਼ਰੂਰੀ ਅੰਗ ਹੈ ਤੇ ਵਾਰਾਂ ਵਿਚ ਮੰਗਲਾਚਰਣ ਦੀ ਲੀਹ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਈ। ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰਾਂ ਲਿਖੀਆਂ ਤੇ ਮੰਗਲਾਚਰਣ ਨੂੰ ਨਿਭਾਇਆ। ਜਿਵੇਂ

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।।[32]

ਇਸੇ ਤਰ੍ਹਾਂ ਮਾਝ ਦੀ ਵਾਰ, ਮਲ੍ਹਾਰ ਦੀ ਵਾਰ ਵਿਚ ਆਪ ਜੀ ਨੇ ਪਹਿਲੀ ਪਉੜੀ ਦੇ ਤੌਰ ਤੇ ਮੰਗਲਾਚਰਣ ਲਿਖੀ ਜਿਵੇਂ:

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ।।
ਜੋ ਮਨਿ ਚਿਤਿ ਤੁਧੁ ਧਿਆਇਦੇ
ਮੇਰੇ ਸਚਿਆ ਬਲਿ ਬਲਿ ਹਉ ਤਿਨ ਜਾਤੀ।।[33]

ਬਾਕੀ ਗੁਰੂਆਂ ਸਾਹਿਬਾਨਾਂ ਨੇ ਵੀ ਮੰਗਲਾਚਰਣ ਨੂੰ ਨਿਭਾਇਆ ਹੈ। ਸੱਤੇ ਤੇ ਬਲਵੰਡ ਰਾਗੀ ਸਨ ਤੇ ਉਨ੍ਹਾਂ ਨੇ ਆਪਣੀ 'ਰਾਮਕਲੀ ਕੀ ਵਾਰ' ਮਾਫ਼ੀਨਾਮੇ ਦੇ ਰੂਪ ਵਿਚ ਗੁਰੂ-ਪਦ ਦੀ ਵਡਿਆਈ ਲਈ ਲਿਖੀ ਹੋਈ ਹੈ। ਜਿਸ ਦੇ ਆਰੰਭ ਵਿਚ ਪਰੰਪਰਾਗਤ ਮੰਗਲਾਚਰਣ ਦੀ ਰਸਮ ਉਨ੍ਹਾਂ ਨੇ ਇੰਜ ਨਿਭਾਈ ਹੈ।

ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ ।।
ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ।।[34]

ਬੀਰ-ਰਸੀ ਵਾਰਾਂ ਵਿਚ ਵੀ ਵਾਰਕਾਰਾਂ ਨੇ ਇਹ ਪਰੰਪਰਾ ਕਾਇਮ ਰੱਖੀ ਹੈ। ਗੁਰੂ ਗੋਬਿੰਦ ਸਿੰਘ ਜੀ, 'ਚੰਡੀ ਦੀ ਵਾਰ' ਵਿਚ ਲਿਖਦੇ ਹਨ:

ਪ੍ਰਿਥਮ ਭਗੌਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਇ।।

ਫਿਰ ਅੰਗਦ ਗੁਰ ਤੇ ਅਰਮਦਾਸ ਰਾਮ ਦਾਸੈ ਹੋਇ ਸਹਾਇ।

ਅਰਜਨ ਹਰਗੋਬਿੰਦ ਨੂੰ ਸਿਮਰੋ ਸ੍ਰੀ ਹਰਿ ਰਾਇ।

ਸ੍ਰੀ ਹਰ ਕ੍ਰਿਸ਼ਨ ਧਿਆਈਐ ਜਿਸ ਡਿੱਠੇ ਸਭ ਦੁਖ ਜਾਇ।

ਤੇਗ ਬਹਾਦਰ ਸਿਮਰੀਏ ਘਰ ਨਾਉ ਨਿਧ ਆਵੈ ਧਾਇ।

ਸਭ ਥਾਈ ਹੋਇ ਸਹਾਇ।[35]

ਨਜ਼ਾਬਤ ਦੀ ਆਪਣੀ ਵਾਰ 'ਨਾਦਰ ਸ਼ਾਹ ਦੀ ਵਾਰ' ਵਿਚ ਵੀ ਅਪਣੇ ਇਸ਼ਟ ਨੂੰ ਇਸ ਤਰ੍ਹਾਂ ਧਿਆਉਂਦਾ ਹੈ।

ਸਹੀ ਸੱਚ ਖੁਦਾਵੰਦ ਬਾਦਸ਼ਾਹ, ਸੱਚੇ ਕੰਮ ਤੇਰੇ ਸ਼ੁਬਹਾਨਾ।

ਸਰਪਰਉਹਾ ਹੋਸੀਆ ਜਿਹੜੀ ਲਿਖੀ ਏ ਵਿਚ ਕੁਰਾਨਾ।[36]

ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਦਾ ਮੰਗਲਚਰਣ ਇਸ ਤਰ੍ਹਾਂ ਲਿਖਦੇ ਹਨ।

ੴ ਸਤਿਗੁਰੁ ਪ੍ਰਸਾਦਿ

ਨਮਸਕਾਰ ਗੁਰਦੇਵ ਕਉ ਸਤਿ ਨਾਮੁ ਜਿਸੁ ਮੰਤ੍ਰ ਸੁਣਾਇਆ।

ਭਵਜਲ ਵਿੱਚੋਂ ਕਢਿ ਕੈ ਮੁਕਤਿ ਪਦਾਰਥਿ ਮਾਹਿ ਸਮਾਇਆ।

ਜਨਮ ਮਰਣ ਭਉ ਕਟਿਆ ਸੰਸਾ ਰੋਗੁ ਵਿਯੋਗੁ ਮਿਟਾਇਆ।।

ਸੰਸਾ ਇਹ ਸੰਸਾਰੁ ਹੈ ਜਨਮ ਮਰਨ ਵਿਚਿ ਦੁਖ ਸਬਾਇਆ। [37]

ਇਸੇ ਤਰ੍ਹਾਂ ਤੀਜੀ ਵਾਰ ਦਾ ਮੰਗਲਾਚਰਣ ਇਸ ਪ੍ਰਕਾਰ ਹੈ:

ਆਦਿ ਪੁਰਖੁ ਆਦੇਸੁ ਆਦਿ ਵਖਾਣਿਆ।

ਸੋ ਸਤਿਗੁਰੁ ਸਚਾ ਵੇਸੁ ਸਬਦਿ ਸਿਵਾਣਿਆ।

ਸਬਦਿ ਸੁਰਤਿ ਉਪਦੇਸੁ ਸਚਿ ਸਮਾਣਿਆ।[38]

ਲੋਕ ਵਾਰਾਂ ਸੰਪੂਰਣ ਰੂਪ ਵਿਚ ਨਹੀਂ ਮਿਲਦੀਆਂ। ਅੱਜ ਤੱਕ ਮਿਲੀਆਂ ਵਾਰਾਂ ਦੇ ਰੂਪ ਖੰਡਿਤ ਹਨ। ਜਿਸ ਕਰਕੇ ਇਸ ਦੇ ਆਰੰਭ ਅਤੇ ਅੰਤ ਬਾਰੇ ਕੋਈ ਨਿਰਣਾ ਨਹੀਂ ਹੈ।

**ਟੱਕਰ ਸੰਘਰਸ਼** : ਲੋਕ ਵਾਰਾਂ ਜਾਂ ਬੀਰ-ਰਸੀ ਵਾਰਾਂ ਜੋ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਰਚੀਆਂ ਗਈਆਂ ਹਨ, ਵਿਚ ਸੰਸਾਰਕ ਯੁਧਾਂ ਦਾ ਵਰਨਣ ਅਤੇ ਯੋਧਿਆਂ ਦੀ ਉਪਮਾ ਗਾਈ ਜਾਂਦੀ ਸੀ। ਪੰਜਾਬੀ ਸਾਹਿਤ ਦੇ ਮੁਢਲੇ ਕਾਲ ਵਿਚ ਰਚੀਆਂ ਗਈਆਂ ਜੋ ਵਾਰਾਂ ਮਿਲਦੀਆਂ ਹਨ ਉਨ੍ਹਾਂ ਵਿਚ ਉਸ ਸਮੇਂ ਦੇ ਸਰਦਾਰਾਂ ਤੇ ਜਾਗੀਰਦਾਰਾਂ ਦੇ ਆਪੋ ਵਿਚ ਲੜਾਈ ਦਾ ਝਲਕਾਰਾ ਮਿਲਦਾ ਹੈ। ਇਨ੍ਹਾਂ ਵਾਰਾਂ ਦੇ ਜੰਗ ਯੁੱਧ ਦਾ ਮੂਲ ਕਾਰਣ ਔਰਤ ਅਤੇ ਜ਼ਮੀਨ ਹਨ। ਇਸ ਤਰ੍ਹਾਂ ਇਹ ਵਾਰਾਂ ਦੋ ਵਿਰੋਧੀ ਧਿਰਾਂ ਦੇ ਸੰਘਰਸ਼ ਨੂੰ ਰੂਪਮਾਨ ਕਰਦੀਆਂ ਹਨ। ਇਸ ਤੋਂ ਬਾਅਦ ਗੁਰੂਆਂ ਦੁਆਰਾ ਰਚੀਆਂ ਵਾਰਾਂ ਨੇ ਸੰਸਾਰਕ ਯੁਧ ਦੀ ਥਾਂ ਅਧਿਆਤਮਕ ਖੇਤਰ ਦੇ ਯੁਧ ਦਾ ਬਿਆਨ ਕੀਤਾ ਹੈ। ਬੀਰ-ਰਸੀ ਜਾਂ ਇਤਿਹਾਸਕ ਵਾਰਾਂ ਵਿਚ ਵੀ ਮੈਦਾਨ-ਏ-ਜੰਗ ਵਿਚ ਯੁੱਧ ਹੁੰਦੇ ਹਨ ਅਤੇ ਆਹਮੋ-ਸਾਹਮਣੇ ਲੜਾਈ ਹੁੰਦੀ ਹੈ। ਅਧਿਆਤਮਕ ਵਾਰਾਂ ਵਿਚ ਸੂਖਮ ਭਾਵ ਦੀ ਟੱਕਰ ਹੁੰਦੀ ਹੈ। ਬੇਸ਼ਕ ਅਧਿਆਤਮਕ ਵਾਰ ਹੋਵੇ ਜਾਂ ਬੀਰ-ਰਸੀ ਵਾਰ, ਟੱਕਰ ਦੋਨਾਂ ਲਈ ਲਾਜ਼ਮੀ ਹੁੰਦੀ ਹੈ। ਜੇਕਰ ਟੱਕਰ ਜਾਂ ਸੰਘਰਸ਼ ਨਹੀਂ ਤਾਂ ਉਹ ਕਾਵਿ ਰੂਪ ਵਾਰ ਨਹੀਂ ਅਖਵਾ ਸਕਦਾ।

ਅਧਿਆਤਮਕ ਵਾਰਾਂ ਵਿਚ ਵੀ ਨਾਇਕ ਤੇ ਪ੍ਰਤੀਨਾਇਕ ਦੋਵੇਂ ਹੀ ਹੁੰਦੇ ਹਨ। ਜਿਵੇਂ ਗੁਰਮੁਖਾਂ ਦੇ ਮੁਕਾਬਲੇ ਮਨਮੁਖਾਂ, ਨਿੰਦਕ, ਕੂੜਿਆਰ, ਮੂਰਖ, ਪਾਖੰਡੀ ਆਦਿ ਦੇ ਚਰਿਤਰ ਨੂੰ ਉਲੀਕਿਆ ਹੈ। ਟੱਕਰ ਤੋਂ ਭਾਵ ਆਪਸੀ ਲੜਾਈ ਤੋਂ ਹੈ। ਬੇਸ਼ਕ ਉਹ ਲੜਾਈ ਮਨੁੱਖ ਦੇ ਆਪਣੇ ਆਪ ਨਾਲ ਕਿਉਂ ਨਾ ਹੋਵੇ। ਅਧਿਆਤਮਕ ਵਾਰਾਂ ਵਿਚ ਮਨੁੱਖ ਦੁਨਿਆਵੀ ਮੌਤ ਤੇ ਵਿਸ਼ੇ ਵਿਕਾਰਾਂ ਨਾਲ ਯੁਧ ਕਰਕੇ ਪਰਮ ਸਤਿ ਦੇ ਅਨੁਭਵ ਤੱਕ ਪਹੁੰਚਦਾ ਹੈ। ਇਸ ਯੁਧ ਦੇ ਵਰਨਣ ਵਿਚ ਗੁਰਮੁਖ ਤੇ ਮਨਮੁਖ ਵਿਚਾਲੇ ਟਕਰਾਉ ਨੂੰ ਦਰਸਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਲ੍ਹਾਰ ਦੀ ਵਾਰ ਵਿਚ ਰਣਭੂਮੀ ਵਿਚ ਲੜਨ ਵਾਲੇ ਸੂਰਮਿਆਂ ਦਾ ਜ਼ਿਕਰ ਕੀਤਾ ਹੈ।

ਆਪੇ ਛਿੰਝ ਪਵਾਇ ਮਲਾਖਾੜਾ ਰਚਿਆ॥
ਲਥੇ ਭੜਥੂ ਪਾਇ ਗੁਰਮੁਖਿ ਮਚਿਆ॥

ਮਨਮੁਖ ਮਾਰੇ ਪਛਾੜਿ ਮੂਰਖ ਕਚਿਆ।।

ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ।।

ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ ।।

ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ ।।

ਸਤਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ।।

ਨਾਨਕ ਸਚਾ ਸਬਦੁ ਸਲਾਹਿ ਸਚੁ ਪਛਾਣੀਐ।।[39]

ਗੁਰਮੁਖ ਦਾ ਯੋਗ ਇਹ ਹੈ ਕਿ ਉਹ ਸ਼ਬਦ ਦੁਆਰਾ ਆਤਮਾ ਨੂੰ ਪਛਾਣਦਾ ਹੈ ਤੇ ਇਸ ਤਰ੍ਹਾਂ ਆਪਣੇ ਹਿਰਦੇ ਵਿਚ ਪ੍ਰਮਾਤਮਾ ਨੂੰ ਪਾ ਲੈਂਦਾ ਹੈ। ਉਸ ਦਾ ਮਨ ਅਡੋਲ ਹੈ, ਉਹ ਪਾਖੰਡ ਨਹੀਂ ਕਰਦਾ। ਅਧਿਆਤਮਕ ਵਾਰਾਂ ਵਿਚ ਚੰਗਿਆਈ ਤੇ ਬੁਰਿਆਈ ਦੀ ਟੱਕਰ ਹੁੰਦੀ ਹੈ। ਗੁਰਮੁਖ ਚੰਗਿਆਈ ਦਾ ਪ੍ਰਤੀਕ ਹੈ। ਜਦ ਕਿ ਮਨਮੁਖ ਬੁਰਿਆਈ ਦਾ ਪ੍ਰਤੀਕ ਹੈ। ਗੁਰਮੁਖ, ਮਾਇਆ, ਕਾਮ, ਕ੍ਰੋਧ, ਮੋਹ, ਹੰਕਾਰ ਤੇ ਜਿੱਤ ਪ੍ਰਾਪਤ ਕਰਦੇ ਹਨ। ਜਦ ਕਿ ਮਨਮੁਖ ਇਨ੍ਹਾਂ ਚੀਜ਼ਾ ਵਿਚ ਗਲਤਾਨ ਹੋ ਜਾਂਦੇ ਹਨ। ਜੀਵਨ ਰੂਪੀ ਖੇਤਰ ਵਿਚ ਮਨਮੁੱਖਾਂ ਦੀ ਸਦਾ ਹਾਰ ਹੁੰਦੀ ਹੈ ਅਤੇ ਗੁਰਮੁਖਾਂ ਦੀ ਸਦਾ ਜਿੱਤ ਜਿਸ ਕਰਕੇ ਉਹਨਾ ਦੀ ਇਸ ਯੁਧ ਵਿਚ ਵਾਹ ਵਾਹ ਹੁੰਦੀ ਹੈ।

ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ।।[40]

ਧਾਰਮਿਕ ਵਾਰਾਂ ਵਿਚ ਵੀ ਵਾਰਕਾਰਾਂ ਨੇ ਗੁਰਮੁਖ ਤੇ ਮਨਮੁਖ ਦੋ ਕਿਰਦਾਰੀ ਸ਼ਕਤੀਆਂ ਲੈ ਕੇ ਉਨ੍ਹਾਂ ਦਾ ਆਪਸੀ ਘੋਲ ਮਨੁੱਖੀ ਮਨ ਦੇ ਅਖਾੜੇ ਵਿਚ ਜਾਂ ਮੈਦਾਨ ਵਿਚ ਕਰਵਾਇਆ ਹੈ ਅਤੇ ਯੁਧ ਜਾਂ ਘੋਲ ਵਿਚ ਗੁਰਮੁਖ ਜਿੱਤਦਾ ਦਿਖਾਇਆ ਹੈ:

ਹਾਰ ਚਲੇ ਗੁਰਮੁਖਿ ਜਗ ਜੀਤਾ।[41]

ਅਧਿਆਤਮਕ ਵਾਰਾਂ, ਧਾਰਮਿਕ ਵਾਰਾਂ, ਲੋਕ ਵਾਰਾਂ ਤੇ ਬੀਰ-ਰਸੀ ਵਾਰਾਂ, ਸਾਰੀਆਂ ਹੀ ਪਾਉੜੀਆਂ ਵਿਚ ਲਿਖੀਆਂ ਗਈਆਂ ਹਨ। ਗੁਰੂ ਸਾਹਿਬਾਨ ਦੀਆਂ ਵਾਰਾਂ ਦੀ ਜ਼ਮੀਨ ਤਾਂ ਲੋਕ ਵਾਰਾਂ ਹੀ ਹਨ ਕਿਉਂਕਿ ਗੁਰੂ ਸਾਹਿਬਾਨਾਂ ਨੇ ਜੋ ਵਾਰਾਂ ਲਿਖੀਆਂ ਹਨ। ਉਨ੍ਹਾਂ ਵਿਚੋਂ ਨੌ ਵਾਰਾਂ ਨੂੰ

ਲੋਕ ਵਾਰਾਂ ਤੇ ਗਾਉਣ ਦਾ ਆਦੇਸ਼ ਦਿੱਤਾ ਹੈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਧਾਰਮਿਕ ਵਾਰਾਂ ਦੀ ਕੋਟੀ ਵਿਚ ਆਉਂਦੀਆਂ ਹਨ। ਭਾਈ ਗੁਰਦਾਸ ਜੀ ਨੇ ਗੁਰਮਤਿ ਵਿਆਖਿਆ ਅਤੇ ਗੁਰਮਤਿ ਚਿੰਤਨ ਨੂੰ ਆਪਣੀਆ ਵਾਰਾਂ ਦਾ ਵਿਸ਼ਾ ਬਣਾਇਆ। ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਮੁੱਖ ਵਿਸ਼ੇਸ਼ਤਾ ਠੇਠ ਪੰਜਾਬੀ ਹੈ। ਚੰਡੀ ਦੀ ਵਾਰ ਚ ਬ੍ਰਿਜ ਭਾਸ਼ਾ ਤੇ ਹੋਰ ਭਾਸ਼ਾਵਾਂ ਦਾ ਪ੍ਰਭਾਵ ਹੈ। ਗੁਰਬਾਣੀ ਵਿਚਲੀਆਂ ਵਾਰਾਂ ਆਪਣੇ ਵਿਸ਼ੇ ਪੱਖੋਂ ਨਿਰਾਲੀਆਂ ਹਨ। ਇਨ੍ਹਾਂ ਦਾ ਮੂਲ ਸਮਾਜਿਕ ਸੱਚ ਅਤੇ ਅਧਿਆਤਮਕ ਚਿੰਤਨ ਵਿਚਲੀਆਂ ਸੇਧਾਂ ਸਿਧਾਂਤ ਉੱਪਰ ਅਧਾਰਿਤ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਸਿਖਿਆਦਾਇਕ ਹਨ ਅਤੇ ਉਨ੍ਹਾਂ ਵਿਚਲੀ ਸਿਖਿਆ ਲੋਕ ਵਿਵਹਾਰ ਦੇ ਸਿਧਾਂਤਾਂ ਅਤੇ ਅਨੁਭਵਾਂ ਉਤੇ ਟਿੱਕੀ ਹੋਈ ਹੈ। ਜਿਸ ਕਰਕੇ ਉਨ੍ਹਾਂ ਦੀ ਸੁਰ ਸੁਧਾਰਵਾਦੀ ਹੈ। ਵਾਰ ਦੇ ਅਖੀਰ ਵਿਚ ਕਵੀ ਵਾਰ ਦਾ ਮਹਾਤਮ ਲਿਖਦਾ ਹੈ। ਮਹਾਤਮ ਦਾ ਭਾਵ ਵਾਰ ਰਚਨਾ ਕਰਨ ਅਤੇ ਵਾਰ ਦੇ ਪਾਠ ਦਾ ਕੀ ਫਲ ਪ੍ਰਾਪਤ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਵਿਚ ਗੁਰੂਆਂ ਦੁਆਰਾ ਮਹਾਤਮ ਇਸ ਤਰ੍ਹਾਂ ਦਰਸਾਇਆ ਗਿਆ ਹੈ:

ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ॥[42]

ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹਿ ਜਾਇ॥

ਸੋ ਕਰੇ ਜਿ ਤਿਸੈ ਰਜਾਇ॥[43]

ਨਾਨਕ ਸਚੁ ਸਾਲਾਹਿ ਪੂਰਾ ਪਾਇਆ॥[44]

ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ॥[45]

ਗੁਰੂ ਅਮਰਦਾਸ ਜੀ ਨੇ ਵੀ ਵਾਰਾਂ ਦਾ ਮਹਾਤਮ ਦਿੱਤਾ ਹੈ:

ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਾਟੁ॥[46]

ਗੁਰੂ ਰਾਮਦਾਸ ਜੀ ਨੇ ਵੀ ਵਾਰਾਂ ਦੇ ਅੰਤ ਤੇ ਮਨੁੱਖ ਨੂੰ ਉਪਦੇਸ਼ ਦਿੱਤਾ ਹੈ।

ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ॥[47]

ਗੁਰੂ ਅਰਜਨ ਦੇਵ ਜੀ ਦੀਆਂ ਵਾਰਾਂ ਦੇ ਮਹਾਤਮ ਦਾ ਵਰਨਣ ਇਸ ਤਰ੍ਹਾਂ ਆਉਂਦਾ ਹੈ:

ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ ਲੋੜੇ॥[48]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਵਿਚ ਲਿਖਿਆ ਹੈ:

ਦੁਰਗਾ ਪਾਠ ਬਣਾਇਆ ਸਭੈ ਪਾਉੜੀਆਂ॥

ਫੇਰ ਨਾ ਜੂਨੀ ਆਇਆ ਜਿਸ ਇਹ ਗਾਇਆ॥[49]

ਇਸ ਵਾਰ ਦਾ ਮਹਾਤਮ ਇਹ ਹੈ ਕਿ ਇਸ ਨੂੰ ਪੜ੍ਹਨ ਸੁਣਨ ਵਾਲਾ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ।

ਨਾਇਕ – ਪਰੰਪਰਾਗਤ ਵਾਰਾਂ ਵਿਚ ਨਾਇਕ ਦਾ ਜੱਸ ਹੁੰਦਾ ਹੈ। ਪ੍ਰੰਤੂ ਅਧਿਆਤਮਕ ਵਾਰਾਂ ਵਿਚ ਪਰਮਾਤਮਾ, ਗੁਰੂ, ਗੁਰਮੁਖ, ਨਾਮ ਅਤੇ ਸਾਧ ਸੰਗਤ ਦੀ ਸਿਫ਼ਤ ਕੀਤੀ ਜਾਂਦੀ ਹੈ। ਜਿਵੇਂ:

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ।

ਗੁਰਬਾਣੀ ਬਣੀਐ।

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ

ਸੇ ਕੂੜਿਆਰ ਕੂੜੇ ਝੜਿ ਪੜੀਐ।[50]

ਪਰੰਪਰਾਗਤ ਵਾਰਾਂ ਜਾਂ ਬਾਹਰਮੁਖੀ ਵਾਰਾਂ ਵਿਚ ਪ੍ਰਮੁੱਖਤਾ ਬੀਰ ਰਸ ਤੇ ਬਾਕੀ ਰਸਾਂ ਨੂੰ ਦੁਜੈਲਾ ਸਥਾਨ ਹੈ। ਇਸੇ ਤਰ੍ਹਾਂ ਅਧਿਆਤਮਕ ਵਾਰਾਂ ਦਾ ਪ੍ਰਾਥਮਿਕ ਰਸ ਸ਼ਾਂਤ ਰਸ ਹੈ ਤੇ ਬਾਕੀ ਰਸਾਂ ਨੂੰ ਦੁਜੈਲਾ ਸਥਾਨ ਹੈ। ਅਧਿਆਤਮਕ ਵਾਰਾਂ ਵਿਚ ਗੁਰੂ ਸਾਹਿਬਾਨਾਂ ਨੇ ਜਿਹੜਾ ਵਾਧਾ ਕੀਤਾ ਹੈ ਉਹ ਇਹ ਹੈ ਕਿ ਵਾਰਾਂ ਦੀਆਂ ਪਾਉੜੀਆਂ ਤੋਂ ਪਹਿਲਾਂ ਸਲੋਕਾਂ ਨੂੰ ਜੋੜਿਆ ਹੈ, ਇਹ ਸਲੋਕ ਵਾਰਕਾਰ ਦੇ ਵੀ ਹੋ ਸਕਦੇ ਹਨ ਅਤੇ ਦੂਜੇ ਗੁਰੂਆਂ ਦੇ ਵੀ ਹੋ ਸਕਦੇ ਹਨ। ਬੀਰ-ਰਸੀ ਅਤੇ ਇਤਿਹਾਸਕ ਵਾਰਾਂ ਸਾਰੀਆਂ ਪਾਉੜੀਆਂ ਵਿਚ ਹੀ ਰਚੀਆਂ ਗਈਆਂ ਹਨ।

ਅਧਿਆਤਮਕ ਵਾਰਾਂ ਤੋਂ ਪੈਦਾ ਹੋਏ ਜੋਸ਼ ਅਤੇ ਵਲਵਲਿਆਂ ਤੋਂ ਸਾਨੂੰ ਆਤਮਿਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਕਿ ਬੀਰ-ਰਸੀ ਵਾਰਾਂ ਵਿਚ ਅਸੀਂ ਸਰੀਰਕ ਤੌਰ ਤੇ ਜੋਸ਼ ਵਿਚ ਆ ਕੇ ਲੜਨ ਮਰਨ ਲਈ ਤਿਆਰ ਹੁੰਦੇ ਹਾਂ।

ਅਧਿਆਤਮਕ ਵਾਰਾਂ ਦੇ ਪ੍ਰਸੰਗ ਵਿਚ ਇਹ ਗੱਲ ਪੂਰੇ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ ਕਿ ਇਹ ਵਾਰਾਂ ਹੀ ਅਸਲ ਸੱਚੇ ਅਰਥਾਂ ਵਿਚ ਲੋਕਾਂ ਦੀਆਂ ਵਾਰਾਂ ਹਨ ਜਿਨ੍ਹਾਂ ਵਿਚ ਆਮ ਲੋਕਾਈ ਅਤੇ ਦਬੀ ਜਨਤਾ ਦੇ ਦੁਖ ਦਰਦ ਨੂੰ ਪੂਰੀ ਗੰਭੀਰਤਾ ਤੇ ਹਮਦਰਦੀ ਨਾਲ ਵਿਚਾਰਿਆ ਗਿਆ ਹੈ। ਲੋਕ ਵਾਰਾਂ ਤੇ ਅਧਿਆਤਮਕ ਵਾਰਾਂ ਦੀ ਵਿਲੱਖਣਤਾ ਦਾ ਅਹਿਸਾਸ ਵਿਸ਼ੇ ਦ੍ਰਿਸ਼ਟੀ ਨੂੰ ਸਾਹਮਣੇ ਰੱਖ ਕੇ ਸਹਿਜੇ ਹੀ ਹੋ ਜਾਂਦਾ ਹੈ।

ਅਧਿਆਤਮਕ ਵਾਰਾਂ ਵਿਚ ਪੇਸ਼ ਅਨੁਭਵ ਆਪਣੇ ਸਮੇਂ ਦੀ ਸੋਚ ਦਾ ਸਿਖਰ ਹੈ। ਇਹ ਵਾਰਾਂ ਮਨੁੱਖ ਹਿਤੈਸ਼ੀ ਹਨ ਅਤੇ ਦੂਜੇ ਪਾਸੇ ਕਲਾਤਮਕ ਗੁਣਾਂ ਕਰਕੇ ਕਲਾਸਕੀ ਸਾਹਿਤ ਦਾ ਦਰਜਾ ਵੀ ਰੱਖਦੀਆਂ ਹਨ। ਅਧਿਆਤਮਕ ਵਾਰਾਂ ਦਾ ਜੇ ਗਹਿਰਾਈ ਨਾਲ ਸਮੁੱਚਾ ਮੁਲਾਂਕਣ ਕਰੀਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਵਾਰਾਂ ਦਾ ਸਮਾਜਿਕ ਮਹਤਵ ਬਹੁਤ ਜ਼ਿਆਦਾ ਹੈ। ਗੁਰੂ ਸਾਹਿਬਾਨ ਪੁਰਾਣੇ ਮਾਡਲ ਦੀ ਥਾਂ ਨਵੇਂ ਸਮਾਜਕ ਮਾਡਲ ਦੀ ਸਥਾਪਨਾ ਦੇ ਸੰਘਰਸ਼ ਲਈ ਪ੍ਰੇਰਨਾ ਦਿੰਦੇ ਹਨ। ਗੁਰੂ ਸਾਹਿਬਾਨ ਅਜਿਹੇ ਸਮਾਜ ਦੀ ਸਿਰਜਣਾ ਚਾਹੁੰਦੇ ਸਨ ਜਿਸ ਵਿਚ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਨਾ ਹੋਵੇ। ਜਿਥੇ ਸਾਰੇ ਮਨੁੱਖਾਂ ਦਾ ਕੁਦਰਤੀ ਉਤਪਾਦਨ ਵਸੀਲਿਆਂ ਤੇ ਬਰਾਬਰ ਦਾ ਹੱਕ ਹੋਵੇ। ਜੋ ਇਨਸਾਨ ਇਸ, ਲੋਟੂ ਤੇ ਨਾ ਬਰਾਬਰੀ ਦੇ ਸਮਾਜ, ਖਿਲਾਫ ਲੜਦਾ ਮਾਰਿਆ ਗਿਆ ਉਸਦਾ ਜਨਮ ਸਫ਼ਲ ਹੋ ਗਿਆ। ਇਹ ਮੌਤ, ਜ਼ਿੰਦਗੀ ਦਾ ਅੰਤ ਨਹੀਂ ਸਗੋਂ ਅਜ਼ਾਦ ਜ਼ਿੰਦਗੀ ਦਾ ਮੁੱਢ ਹੈ। ਸੋਹਣੀ ਜ਼ਿੰਦਗੀ, ਅਜ਼ਾਦੀ ਅਤੇ ਬਰਾਬਰੀ ਤੇ ਅਧਾਰਿਤ ਸਮਾਜ ਦੀ ਸਥਾਪਨਾ ਲਈ ਲੜਦਾ ਸ਼ਹੀਦ ਹੋਇਆ ਸੂਰਮਾ ਹੀ ਗੁਰਮੁਖ ਹੈ:

ਗੁਰਮੁਖ ਆਪੁ ਗਵਾਇ ਸੱਚਿ ਸਮਾਇਆ
ਸਫਲ ਜਨਮੁ ਜਗਿ ਆਇ ਜਗਤੁ ਤਰਾਇਆ।[51]

ਲੋਕ ਵਾਰਾਂ ਵਾਂਗੂੰ ਇਨ੍ਹਾਂ ਵਾਰਾਂ ਦਾ ਨਾਇਕ ਇਕੱਲਾ ਨਹੀਂ ਹੈ ਅਧੂਰੀ ਵਾਰਾਂ ਕਾਰਨ ਇਹਨਾਂ ਬਾਰੇ ਖੁੱਲ੍ਹ ਕੇ ਗੱਲ ਨਹੀਂ ਕੀਤੀ ਜਾ ਸਕਦੀ। ਲੋਕ ਵਾਰਾਂ ਬਾਰੇ ਡਾਕਟਰ ਹਰਿਭਜਨ ਸਿੰਘ ਲਿਖਦੇ ਹਨ:

ਇਨ੍ਹਾਂ ਵਾਰਾਂ ਦਾ ਅਧਾਰ ਧੁਨੀ ਹੈ। ਇਨ੍ਹਾਂ ਨੂੰ ਗਾਉਣ ਲਈ

> ਢਾਡੀਆਂ ਨੇ ਵਿਸ਼ੇਸ਼ ਧੁਨੀਆਂ ਬਣਾਈਆਂ ਹੋਈਆਂ ਸਨ। ਇਸ ਲਈ ਇਨ੍ਹਾਂ ਨੂੰ ਧੁਨੀ ਵਾਲੀਆਂ ਵਾਰਾਂ ਕਿਹਾ ਜਾਂਦਾ ਹੈ। ਇਨ੍ਹਾਂ ਬਾਰੇ ਬਹੁਤ ਕੁਝ ਪਤਾ ਨਹੀਂ ਲਗਦਾ ਤੇ, ਪੂਰੀਆਂ ਵੀ ਮਿਲਦੀਆਂ ਨਹੀਂ।[52]

ਜੇ ਕਰ ਅਧਿਆਤਮਕ ਵਾਰਾਂ ਦਾ ਨਾਇਕ ਪ੍ਰਮਾਤਮਾ ਹੈ ਤਾਂ ਧਾਰਮਿਕ ਵਾਰਾਂ ਦਾ ਨਾਇਕ ਗੁਰੂ, ਪੀਰ, ਪੈਗੰਬਰ, ਅਵਤਾਰ ਆਦਿ ਨੂੰ ਬਣਾਇਆ ਜਾਂਦਾ ਹੈ। ਇਨ੍ਹਾਂ ਦੀ ਸਿਫ਼ਤ ਸਲਾਹ ਕੀਤੀ ਜਾਂਦੀ ਹੈ। ਕੂੜੇ ਤੇ ਦੰਭੀ ਮਨੁੱਖਾਂ ਉੱਪਰ ਗੁਰਮੁਖ ਰੂਪੀ ਨਾਇਕ ਜਿੱਤ ਪ੍ਰਾਪਤ ਕਰਦੇ ਹਨ। ਡਾ. ਪ੍ਰੀਤਮ ਕੌਰ ਨੇ ਭਾਈ ਵੀਰ ਸਿੰਘ ਦੇ ਹਵਾਲੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਨੂੰ ਬੀਰ-ਰਸੀ ਵਾਰਾਂ ਨਾਲੋਂ ਨਿਖੇੜਿਆ ਹੈ:

> ਲੋਕ ਵਾਰਾਂ ਤੇ ਆਦਿ ਗ੍ਰੰਥ ਦੀਆਂ ਵਾਰਾਂ ਵਿਚ ਇਹ ਅੰਤਰ ਹੈ ਕਿ ਜਿਥੇ ਲੋਕ ਵਾਰਾਂ ਬੀਰ-ਰਸੀ ਹਨ। ਆਦਿ ਗ੍ਰੰਥ ਦੀਆਂ ਵਾਰਾਂ ਦਵੰਦਵਾਦੀ ਹਨ। ਦਵੰਦ ਤੋਂ ਭਾਈ ਵੀਰ ਸਿੰਘ ਜੀ ਦਾ ਭਾਵ ਹੈ ਕਿ ਇਨ੍ਹਾਂ ਵਾਰਾਂ ਵਿਚ ਅਧਿਆਤਮਕਤਾ ਸੰਸਾਰਕਰਤਾ, ਬ੍ਰਹਮ ਮਾਇਆ, ਗੁਰਮੁਖ ਮਨਮੁਖ ਆਦਿ ਦਾ ਟਕਰਾਉ ਮੌਜੂਦ ਹੈ।[53]

ਅਧਿਆਤਮਕ ਵਾਰਾਂ ਜਿਥੇ ਵਸ਼ਿਸ਼ਟ ਸਾਹਿਤ ਦਾ ਪ੍ਰਮਾਣਿਕ ਸਰੋਤ ਹਨ ਉਥੇ ਨਿਸ਼ਚਤ ਧੁਨਾਂ ਦੇ ਸੰਕੇਤ ਇਨ੍ਹਾਂ ਦੀ ਲੋਕ-ਕਾਵਿਕਤਾ ਅਤੇ ਇਤਹਾਸਿਕਤਾ ਨੂੰ ਵੀ ਦ੍ਰਿਸ਼ਟਮਾਨ ਕਰਦੀਆਂ ਹਨ। ਇਨ੍ਹਾਂ ਵਾਰਾਂ ਵਿਚ ਬਾਹਰੀ ਯੁਧ ਚਿਤਰਣ ਨੂੰ ਆਤਮਿਕ ਅਤੇ ਅਧਿਆਤਮਕ ਪ੍ਰਸੰਗ ਵਿਚ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਵਾਰਾਂ ਦਾ ਵਿਸ਼ਾ ਮਨੁੱਖ ਨੂੰ ਸਦਾਚਾਰਕ ਪਰਿਪੇਖ ਦੇ ਅਧੀਨ ਅਧਿਆਤਮਕ ਅਨੁਭਵ ਦਾ ਬੋਧ ਕਰਾਉਂਦਾ ਹੈ। ਇਨ੍ਹਾਂ ਵਾਰਾਂ ਵਿਚਲਾ ਯੁਧ ਵਰਨਣ, ਗੁਰਮੁਖ ਤੇ ਮਨਮੁਖ ਵਿਅਕਤੀ ਵਿਚਲੇ ਟਕਰਾਉ ਅਤੇ ਵਿਰੋਧ ਨੂੰ ਵੀ ਦਰਸਾਇਆ ਗਿਆ ਹੈ ਅਤੇ ਅਧਿਆਤਮਕ ਸਿਧਾਂਤ ਦੁਆਰਾ ਵਖ-ਵਖ ਦ੍ਰਿਸ਼ਟੀ ਤੋਂ ਸੇਧ ਵੀ ਦਿੱਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਵਾਰਾਂ ਸਧਾਰਣ ਵਾਰਾਂ ਦੀ ਬਣਤਰ ਤੋਂ ਭਿੰਨ ਹਨ। ਗੁਰੂ ਸਾਹਿਬ ਵਾਰਾਂ ਦੇ ਮੂਲ ਸੁਭਾਉ ਨੂੰ ਤਾਂ ਉਵੇਂ ਹੀ ਰੱਖਦੇ ਹਨ ਪਰੰਤੂ ਇਸ ਨੂੰ ਅਨੁਸ਼ਾਸਨ ਅਧੀਨ ਅੰਤਰ ਨਿਹਤ ਕਰਕੇ ਕੀਰਤਨ ਪੱਧਤੀ ਦੁਆਰਾ ਪੇਸ਼ਕਾਰੀ ਦਾ ਮਾਧਿਅਮ ਬਣਾਉਂਦੇ ਹਨ। ਕੀਰਤਨ ਦੁਆਰਾ ਵਾਰਾਂ ਦਾ ਗਾਇਨ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਇਆ ਸੀ ਤੇ ਬਾਕੀ ਗੁਰੂ ਸਾਹਿਬਾਨਾਂ ਨੇ ਇਸ ਪਰੰਪਰਾ ਨੂੰ ਕਿਰਿਆਤਮਕ ਅਮਲੀ ਰੂਪ ਵਿਚ ਜਾਰੀ ਰੱਖਿਆ। ਅਧਿਆਤਮਕ ਵਾਰ ਦੇ ਵਿਸ਼ੈ ਦੀ ਪ੍ਰਸਤੁਤੀ ਕਾਵਿ ਰੂਪ ਤੇ ਸੰਗੀਤ ਰੂਪ ਦੀ ਸੰਯੁਕਤਤਾ ਰਾਹੀਂ ਕਾਰਜਸ਼ੀਲ ਹੁੰਦੀ ਹੈ। ਗੁਰੂ ਸਾਹਿਬਾਨ ਆਪਣੇ ਦੁਆਰਾ ਰਚੀਆ ਵਾਰਾਂ ਰਾਗਾਂ ਦੇ ਅੰਤਰਗਤ ਮੁੱਖ ਰੱਖ ਕੇ ਅਤੇ ਰਾਗ ਦੇ ਆਪਸੀ ਸੰਬੰਧ ਨੂੰ ਹੋਰ ਸਪਸ਼ਟ ਅਤੇ ਸਥਾਪਿਤ ਕਰਨ ਲਈ ਇਨ੍ਹਾਂ ਨੂੰ ਪ੍ਰਚਲਤ, ਪ੍ਰਮਾਣਿਕ ਤੇ ਪਰੰਪਰਾਗਤ ਲੋਕ ਧੁਨੀਆਂ ਤੇ ਅਧਾਰਿਤ ਗਾਇਨ ਕਰਨ ਦਾ ਆਦੇਸ਼ ਵੀ ਦਿੱਤਾ।

ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਸੰਕਲਿਤ ਹੋਈਆਂ ਸਾਰੀਆਂ ਵਾਰਾਂ ਵਿਚ ਪਰਮਾਤਮਾ ਦੀ ਉਸਤਤੀ ਕੀਤੀ ਗਈ ਹੈ ਨਾਲ ਹੀ ਜੀਵਆਤਮਾ ਨੂੰ ਇਸ ਸੰਸਾਰ ਵਿਚ ਆ ਕੇ ਸੰਘਰਸ਼ ਵਿਚ ਜੁਟਿਆ ਦਿਖਾਇਆ ਗਿਆ ਹੈ। ਡਾਕਟਰ ਕਾਲਾ ਸਿੰਘ ਬੇਦੀ ਦੇ ਅਨੁਸਾਰ:

> ਵਾਰ ਦਾ ਨਾਇਕ ਕੋਈ ਦੁਨਿਆਵੀ ਯੋਧਾ ਨਹੀਂ ਸਗੋਂ ਗੁਰਮੁਖ ਹੁੰਦਾ ਹੈ। ਜਿਸ ਨੂੰ ਸਿੱਧੀ ਟੱਕਰ ਮਨ ਨਾਲ ਲੈਣੀ ਪੈਂਦੀ ਹੈ ਪਰ ਉਹ ਸਤਿਗੁਰੂ ਦੀ ਸਿਖਿਆ ਦੇ ਸਹਾਰੇ ਮਨ ਨੂੰ ਜਿੱਤ ਕੇ ਅਪਣੀ ਨੀਯਤ ਕੀਤੀ ਮੰਜ਼ਿਲ ਪਰਮਾਤਮਾ ਤੱਕ ਪਹੁੰਚ ਜਾਂਦਾ ਹੈ।[54]

ਵਾਰਾਂ ਦਾ ਵਿਸ਼ਾ ਇਤਿਹਾਸਕ ਵੀ ਹੋ ਸਕਦਾ ਹੈ ਤੇ ਮਿਥਿਹਾਸਿਕ ਵੀ ਹੋ ਸਕਦਾ ਹੈ। ਇਸ ਲਈ ਵਾਰਾਂ ਦੇ ਪਾਤਰ ਇਤਿਹਾਸ ਤੇ ਮਿਥਿਹਾਸ ਦੋਹਾਂ ਨਾਲ ਸੰਬੰਧਤ ਹੋ ਸਕਦੇ ਹਨ ਜਿਵੇਂ ਚੰਡੀ ਦੀ ਵਾਰ ਦੇ ਪਾਤਰ ਮਿਥਿਹਾਸਿਕ ਹਨ ਤੇ ਨਾਦਰ ਸ਼ਾਹ ਦੀ ਵਾਰ ਦੇ ਇਤਿਹਾਸਕ ਹਨ। ਪਿਆਰਾ ਸਿੰਘ ਪਦਮ ਨੇ ਅਧਿਆਤਮਕ ਵਾਰਾਂ ਤੇ ਬੀਰ-ਰਸੀ ਵਾਰਾਂ ਵਿਚ ਮੁੱਖ ਅੰਤਰ ਇਸ ਤਰ੍ਹਾਂ ਦੱਸਿਆ ਹੈ:

> ਬੀਰ ਰਸੀ ਵਾਰਾਂ ਜਿਥੇ ਵਿਰੋਧ ਭਾਵਨਾ ਨੂੰ ਪ੍ਰਚੰਡ ਕਰਕੇ ਕਲੇਵਰ

ਸਿਰਜਦੀਆਂ ਹਨ, ਉਥੇ ਅਧਿਆਤਮਕ ਵਾਰਾਂ ਪਰਮੇਸ਼ਰ ਦੀ ਜੋਤਿ ਵਿਆਪਕ ਦੱਸ ਕੇ ਏਕਤਾ ਤੇ ਪ੍ਰੇਮ ਦੀ ਭਾਵਨਾ ਪੈਦਾ ਕਰਦੀਆਂ ਹਨ। ਇਹ ਠੀਕ ਹੈ ਕਿ ਇਨ੍ਹਾਂ ਦੀ ਰੂਪਕ ਪੱਖ ਤੋਂ ਉਪਰਲੀ ਉਪਰਲੀ ਸਾਂਝ ਹੈ। ਲੇਕਿਨ ਵਿਸ਼ੇ ਦੇ ਪੱਖ ਤੋਂ ਵੱਖ-ਵੱਖ ਹੀ ਹਨ।[55]

ਪੰਜਾਬੀ ਵਾਰਾਂ ਦਾ ਵਿਸਥਾਰ ਸਹਿਤ ਚਰਚਾ ਕਰਨ ਉਪਰੰਤ ਇਹ ਕਹਿ ਸਕਦੇ ਹਾਂ ਕਿ ਵਾਰ ਪੰਜਾਬੀ ਕਵਿਤਾ ਦਾ ਉਹ ਰੂਪ ਹੈ, ਜੋ ਪੰਜਾਬੀਆਂ ਦੇ ਸਾਹਿਤ ਸਭਿਆਚਾਰ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਪੂਰਵ ਨਾਨਕ ਕਾਲ ਦੀਆਂ ਲੋਕ-ਵਾਰਾਂ ਨੇ ਪੰਜਾਬੀ ਵਾਰ ਦੀਆਂ ਨੀਹਾਂ ਪਕੇਰੀਆਂ ਕੀਤੀਆਂ। ਇਹ ਵਾਰਾਂ ਨਾਇਕ ਦੀ ਬੀਰ-ਰਸੀ ਰੂਪ ਵਿਚ ਉਸਤਤ ਕਰਦੀਆਂ ਹਨ। ਇਹ ਵਾਰਾਂ ਲੋਕ ਕਲਾਕਾਰਾਂ ਢਾਡੀਆਂ ਜਾਂ ਭੱਟਾ ਵਲੋਂ ਗਾਈਆਂ ਜਾਂਦੀਆਂ ਰਹੀਆਂ ਹਨ। ਇਨ੍ਹਾਂ ਲੋਕ ਵਾਰਾਂ ਦਾ ਸਬੰਧ ਲੋਕ-ਧਾਰਾ ਨਾਲ ਹੋਣ ਕਰਕੇ ਵੀ ਇਨ੍ਹਾਂ ਦਾ ਸਰੂਪ ਲੋਕ ਵਾਰਾਂ ਵਾਲਾ ਬਣਿਆ ਰਹਿੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਸਮੁੱਚੇ ਬਾਣੀ ਪ੍ਰਬੰਧ ਵਿਚ ਸਮਾਜ ਦੀ ਨਵ-ਉਸਾਰੀ ਨਾਲ ਸਿਧਾਂਤਕ ਤੌਰ ਤੇ ਸਬੰਧਤ ਹਨ ਤੇ ਉਹ ਸਮੇਂ ਦੀ ਨਿਘਰ ਚੁੱਕੀ ਰਾਜਨੀਤੀ ਤੇ ਸਮਾਜਿਕ ਕੀਮਤਾਂ ਨੂੰ ਰੱਦ ਕਰਦੀਆਂ ਹਨ। ਨਵੇਂ ਸਭਿਆਚਾਰ ਦਾ ਨਿਰਮਾਣ ਕਰਨ ਲਈ ਇਕ ਨਵਾਂ ਮਾਨਵ ਤਿਆਰ ਕਰਦੀਆਂ ਹਨ। ਮਧ ਕਾਲ ਦੀਆਂ ਵਾਰਾਂ ਦੇ ਵਿਸ਼ੇਸ਼ ਦੀ ਪ੍ਰਸਤੁਤੀ, ਕਾਵਿ ਰੂਪ ਅਤੇ ਸੰਗੀਤ ਰੂਪ ਦੀ ਸੰਯੁਕਤਿਕਤਾ ਰਾਹੀਂ ਕਾਰਜਸ਼ੀਲ ਹੁੰਦੀ ਹੈ। ਭਾਈ ਗੁਰਦਾਸ ਦੀਆਂ ਵਾਰਾਂ ਆਪਣੇ ਸਮੇਂ ਤੱਕ ਵਿਕਸਤ ਹੋ ਰਹੇ ਵਾਰ ਸ਼ਾਸਤਰ ਦਾ ਹੋਰ ਵਿਸਥਾਰ ਹਨ। ਮਧ ਕਾਲ ਦੀਆਂ ਵਾਰਾਂ ਜਿਉਂ ਜਿਉਂ ਵਿਸਥਾਰ ਪ੍ਰਾਪਤ ਕਰਦੀਆਂ ਹਨ, ਉਨ੍ਹਾਂ ਦੇ ਵਿਸ਼ੇਸ਼ ਵਿਸਤ੍ਰਿਤ ਹੁੰਦੇ ਗਏ। ਆਧੁਨਿਕ ਕਾਲ ਵਿਚ ਆ ਕੇ ਪੰਜਾਬੀ ਕਵੀਆਂ ਦਾ ਵਾਰਾਂ ਦੀ ਸਿਰਜਣਾ ਵਲ ਵਿਸ਼ੇਸ਼ ਧਿਆਨ ਰਿਹਾ ਤੇ ਵਾਰ ਦੀ ਵਿਧਾ ਵਿਚ ਕਈ ਪਰਿਵਰਤਨ ਵਾਪਰੇ ਜਿਸ ਤੋਂ ਇਸ ਦੇ ਵਿਕਾਸ ਦੀ ਪਛਾਣ ਕੀਤੀ ਜਾ ਸਕਦੀ ਹੈ। ਪੂਰਵ ਨਾਨਕ ਕਾਲ ਦੀਆਂ ਵਾਰਾਂ ਤੋਂ ਲੈ ਕੇ ਇਨ੍ਹਾਂ ਵਾਰਾਂ ਤੱਕ ਪੰਜਾਬੀ ਵਾਰ ਦੇ ਇਕ ਲੰਮੇ ਸਫ਼ਰ ਅਤੇ ਵਿਕਾਸ ਦਾ ਅਹਿਸਾਸ ਹੁੰਦਾ ਹੈ।

# ਹਵਾਲੇ ਅਤੇ ਟਿੱਪਣੀਆਂ


1. ਡਾ. ਈਸ਼ਰ ਸਿੰਘ ਤਾਂਘ, ***ਪੰਜਾਬੀ ਸਾਹਿਤ ਦਾ ਪੁਨਰ ਮੁਲਾਂਕਣ***, ਪੰਨਾ 69
2. ਪ੍ਰੋ. ਕਿਰਪਾਲ ਸਿੰਘ ਕਸੇਲ, ***ਪੰਜਾਬੀ ਸਾਹਿਤ ਦਾ ਇਤਿਹਾਸ,*** ਪੰਨਾ 496
3. ਡਾ. ਮਲਕੀਤ ਸਿੰਘ ਬਾਜਵਾ, ***ਗੁਰੂ ਅਰਜਨ ਬਾਣੀ ਤੇ ਸਰੋਦਿਕਤਾ***, ਪੰਨਾ 123
4. ਡਾ. ਰਤਨ ਸਿੰਘ ਜੱਗੀ, ***ਗੁਰੂ ਨਾਨਕ ਵਿਚਾਰਧਾਰਾ***, ਪੰਨਾ 63
5. ***ਅਹਿਮਦ ਸਲੀਮ ਲੋਕ ਵਾਰਾਂ***, ਪੰਨਾ 14
6. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼,*** ਪੰਨਾ 669-70
7. ਉਹੀ
8. ਉਹੀ
9. ਉਹੀ
10. ਉਹੀ
11. ਉਹੀ
12. ਉਹੀ
13. ਉਹੀ
14. ਉਹੀ
15. ***ਆਦਿ ਗ੍ਰੰਥ***, ਪੰਨਾ 145
16. ਡਾ. ਸੁਰਿੰਦਰ ਸਿੰਘ ਕੋਹਲੀ, 'ਬੀਰ ਰਸੀ ਕਾਵਿ ਦੇ ਅਧਿਆਤਮਕ ਸੰਦਰਭ ਵਿਚ' ***ਖੋਜ ਪਤ੍ਰਿਕਾ***, ਬੀਰ ਕਾਵਿ ਵਿਸ਼ੇਸ਼ ਅੰਕ, ਪੰਨਾ 79
17. ***ਭਾਈ ਗੁਰਦਾਸ ਵਾਰ ਸਤਾਈ***, ਪਾਉੜੀ ਪਹਿਲੀ

18. ਡਾ. ਦੀਵਾਨ ਸਿੰਘ, ***ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ,*** ਪੰਨਾ 153-54

19. ਉਹੀ, ਪੰਨਾ 162

20. ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 30

21. ਉਹੀ, ਪਉੜੀ 29

22. ਉਹੀ, ਵਾਰ ਪਹਿਲੀ ਪਉੜੀ ਸਤਾਈਵੀਂ

23. ਉਹੀ

24. ਉਹੀ, ਵਾਰ ਨੌਵੀਂ ਪਉੜੀ ਦੂਜੀ

25. ਡਾਕਟਰ ਜੀਤ ਸਿੰਘ ਸੀਤਲ, ਭਾਈ ਗੁਰਦਾਸ ਵਿਸ਼ੇਸ਼ ਅੰਕ, ***ਪੰਜਾਬੀ ਦੁਨੀਆਂ***, ਸਤੰਬਰ 1972, ਪੰਨਾ 91

26. ਗਿਆਨੀ ਲਾਲ ਸਿੰਘ, ***ਪੰਜਾਬੀ ਦੀ ਵੀਰ ਪਰੰਪਰਾ***, ਪੰਨਾ XVII

27. ਉਹੀ

28. ਡਾ. ਗੰਡਾ ਸਿੰਘ, ***"ਪੰਜਾਬ ਦੀਆਂ ਵਾਰਾਂ"*** ਭੂਮਿਕਾ ਪੰਨਾ 2

29. ਡਾ. ਕੁਲਵੰਤ ਸਿੰਘ, ਸੰਪਾਦਕ, ***ਵਾਰ ਨਾਦਰਸ਼ਾਹ***, ਪੰਨਾ 89

30. ਪਿਆਰਾ ਸਿੰਘ ਪਦਮ, ***ਪੰਜਾਬੀ ਵਾਰਾਂ***, ਪੰਨਾ 370

31. ***ਬਲਜੀਤ ਤੁਲਸੀ ਦੀ ਵਾਰ ਗੋਬਿੰਦ ਸਿੰਘ ਜੀ ਦੀ ਬਾਣੀ***, ਪੰਨਾ 174

32. ***ਗੁਰੂ ਗ੍ਰੰਥ ਸਾਹਿਬ***, ਪੰਨਾ 462

33. ਉਹੀ, ਪੰਨਾ138

34. ਉਹੀ, ਪੰਨਾ 966

35 ਗੁਰੂ ਗੋਬਿੰਦ ਸਿੰਘ, ***ਚੰਡੀ ਦੀ ਵਾਰ***, ਪਾਉੜੀ ਪਹਿਲੀ (ਸੰਪਾ. ਜੀ. ਐਲ. ਸ਼ਰਮਾ), ਪੰਨਾ 93

36. ਡਾ. ਕੁਲਵੰਤ ਸਿੰਘ, ***ਨਜ਼ਾਬਤ ਦੀ ਨਾਦਰਸ਼ਾਹ ਦੀ ਵਾਰ ਅਧਿਐਨ ਤੇ ਸੰਪਾਦਨ***, ਪੰਨਾ 85

37. ਭਾਈ ਗੁਰਦਾਸ ਜੀ ਵਾਰ ਪਹਿਲੀ ਪਾਉੜੀ ਪਹਿਲੀ

38. ਭਾਈ ਗੁਰਦਾਸ ਜੀ ਵਾਰ ਤੀਜੀ ਪਾਉੜੀ ਪਹਿਲੀ, ਉਹੀ, ਪੰਨਾ 81

39. ***ਆਦਿ ਗ੍ਰੰਥ***, ਪੰਨਾ 1280

40. ਉਹੀ, ਪੰਨਾ 515

41. ਡਾ. ਗੁਰਸ਼ਰਨ ਕੌਰ ਜੱਗੀ, ***ਭਾਈ ਗੁਰਦਾਸ ਸੰਪਾਦਨ ਤੇ ਪਾਠ-ਨਿਰਮਾਣ***, ਪੰਨਾ 123

42. ***ਗੁਰੂ ਗ੍ਰੰਥ ਸਾਹਿਬ,*** ਪੰਨਾ 475

43. ਉਹੀ, ਪੰਨਾ 475

44. ਉਹੀ, ਪੰਨਾ 150

45. ਉਹੀ, ਪੰਨਾ 1291

46. ਉਹੀ, ਪੰਨਾ 517

47. ਉਹੀ, ਪੰਨਾ 91

48. ਉਹੀ, ਪੰਨਾ 323

49. ਡਾ. ਕੁਲਵੰਤ ਕੌਰ ਕੋਹਲੀ, ***ਚੰਡੀ ਦੀ ਵਾਰ ਦਾ ਸਾਹਿਤਕ ਅਧਿਐਨ***, ਪੰਨਾ 55

50. ***ਆਦਿ ਗ੍ਰੰਥ***, ਪੰਨਾ 304

51. ਭਾਈ ਗੁਰਦਾਸ ਜੀ ਵਾਰ 10ਵੀਂ, ਪਉੜੀ 21, ਪੰਨਾਂ 191

52. ਡਾ. ਹਰਿਭਜਨ ਸਿੰਘ, ***ਪੰਜਾਬੀ ਸਾਹਿਤ ਦਾ ਇਤਿਹਾਸ,*** ਪੰਨਾ 58

53. ਪ੍ਰੀਤਮ ਕੌਰ, ***ਆਦਿ ਗ੍ਰੰਥ ਦੀਆਂ ਵਾਰਾਂ ਦਾ ਸੰਚਾਰ ਅਧਿਅਨ***, ਪੰਨਾ 49

54. ਡਾ. ਕਾਲਾ ਸਿੰਘ ਬੇਦੀ, ***ਵਾਰਕਾਰ ਗੁਰੂ ਨਾਨਕ***, ਪੰਨਾ 399

55. ਡਾ. ਪਿਆਰਾ ਸਿੰਘ ਪਦਮ, ***ਪੰਜਾਬੀ ਵਾਰਾਂ***, ਪੰਨਾ 55

## ਅਧਿਆਇ ਤੀਜਾ

*

*

*

# ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦਾ ਦਾਰਸ਼ਨਿਕ ਤੇ ਅਧਿਆਤਮਕ ਪੱਖ

(ੳ) ਪੱਛਮੀ ਦਰਸ਼ਨ

(ਅ) ਭਾਰਤੀ ਦਰਸ਼ਨ

(ੲ) ਮਨੁੱਖ ਤੇ ਸ੍ਰਿਸ਼ਟੀ

(ਸ) ਮਨੁੱਖ ਤੇ ਸਮਾਜ

(ਹ) ਮਨੁੱਖ ਤੇ ਸਵੈ

(ਕ) ਮਨੁੱਖ ਤੇ ਮਾਇਆ

(ਖ) ਮਨੁੱਖ ਤੇ ਮੁਕਤੀ

# ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦਾ ਦਾਰਸ਼ਨਿਕ ਤੇ ਅਧਿਆਤਮਕ ਪੱਖ

ਦਰਸ਼ਨ (Philosophy) ਉਹ ਗਿਆਨ ਹੈ ਜੋ ਪਰਮ-ਸੱਤਾ ਅਤੇ ਪ੍ਰਕਿਰਤੀ ਦੇ ਸਿਧਾਂਤਾਂ ਅਤੇ ਉਹਨਾਂ ਦੇ ਕਾਰਨਾ ਦੀ ਵਿਵੇਚਨਾ ਕਰਦਾ ਹੈ। ਦਰਸ਼ਨ ਯਥਾਰਥਿਕਤਾ ਦੀ ਪਰਖ ਲਈ ਇੱਕ ਦ੍ਰਿਸ਼ਟੀਕੋਣ ਹੈ। ਦਾਰਸ਼ਨਿਕ ਚਿੰਤਨ ਮੂਲ ਜੀਵਨ ਦੀ ਅਰਥਤਾ (Meaning) ਦੀ ਖੋਜ ਦਾ ਪ੍ਰਯਤਨ ਹੈ। ਭਾਰਤੀ ਦਰਸ਼ਨ ਅਤੇ ਫਿਲਾਸਫੀ (Philosophy) ਇਕ ਨਹੀ ਕਿਉਂਕਿ ਦਰਸ਼ਨ, ਯਥਾਰਕਤਾ ਦਾ ਤੱਤ ਗਿਆਨ ਹੈ ਜਦੋਂ ਕਿ ਫਿਲਾਸਫੀ ਵਿਭਿੰਨ ਵਿਸ਼ਿਆਂ ਦਾ ਵਿਸ਼ਲੇਸ਼ਣ ਹੈ।

ਮਨੁੱਖੀ ਜੀਵਨ ਦਾ ਮੁੱਖ ਲੱਛਣ ਜਾਂ ਉਦੇਸ਼ ਦੁਖਾਂ ਤੋਂ ਛੁਟਕਾਰਾ ਪ੍ਰਾਪਤ ਕਰਕੇ ਸਥਾਈ ਅਨੰਦ ਦੀ ਪ੍ਰਾਪਤੀ ਹੈ। ਸਾਰੇ ਦਰਸ਼ਨਾਂ (ਭਾਰਤੀ ਦਰਸ਼ਨ ਸਮੇਤ) ਦਾ ਵੀ ਇੱਕ ਮੁੱਖ ਉਦੇਸ਼ ਹੈ; ਦੁੱਖਾਂ ਦੇ ਮੂਲ ਕਾਰਨ ਅਤੇ ਅਗਿਆਨਤਾ ਤੋਂ ਮਨੁੱਖਤਾ ਨੂੰ ਮੁਕਤੀ ਦੀ ਪ੍ਰਾਪਤੀ ਕਰਵਾਉਣਾ। ਕਹਿਣ ਤੋਂ ਭਾਵ ਹੈ ਕਿ ਅਗਿਆਨ ਅਤੇ ਪਰੰਪਰਾਵਾਦੀ ਅਤੇ ਰੂੜੀਵਾਦੀ ਵਿਚਾਰਾਂ ਦਾ ਤਿਆਗ ਕਰਕੇ ਅਤੇ ਸੱਚਾ ਗਿਆਨ ਪ੍ਰਾਪਤ ਕਰਨਾ ਹੀ ਜੀਵਨ ਦਾ ਮੁੱਖ ਉਦੇਸ਼ ਹੈ।

ਦਰਸ਼ਨ ਸ਼ਬਦ ਗਰੀਕ ਸ਼ਬਦ ਫਿਲਾਸਫੀਆ (Philosophia) ਤੋਂ ਭਾਰਤੀ ਸਾਹਿਤ ਵਿੱਚ ਆਇਆ ਹੈ। ਜਿੰਨੀ ਟੈਕਮਾਇਨ ਅਤੇ ਕੈਥਰੀਨ ਸੀ. ਏਵਾਂਸ ਨੇ ਦਰਸ਼ਨ ਦੀ ਪਰਿਭਾਸ਼ਾ ਹੇਠ ਲਿਖੇ ਅਨੁਸਾਰ ਦਿੱਤੀ ਹੈ।

> ਫਿਲਾਸਫੀ ਅਜਿਹੀਆਂ ਸਾਧਾਰਨ ਅਤੇ ਮੂਲ ਸਮੱਸਿਆਵਾਂ ਦਾ ਅਧਿਐਨ ਹੈ ਜਿਹੜੀਆਂ ਗਿਆਨ, ਜੀਵਨ-ਮੁੱਲਾਂ, ਕਾਰਨਾਂ, ਮਨੁੱਖੀ-ਮਨ ਅਤੇ ਭਾਸ਼ਾ ਨਾਲ ਸੰਬੰਧਿਤ ਹਨ।[1]

ਦਰਸ਼ਨ ਦੀਆਂ ਬਹੁਤ ਸਾਰੀਆਂ ਸ਼ਾਖਾਵਾਂ ਹਨ। ਜਿਹੜੀਆਂ ਮੁੱਖ ਤੌਰ ਤੇ ਮੈਟਾਫਿਜਿਕਸ (Metaphysics), ਸਦਾਚਾਰਕ ਦਰਸ਼ਨ (Moral Philosophy), ਮਾਨਸਿਕ ਦਰਸ਼ਨ

(Philosophy of Mind), ਭਾਸ਼ਾ ਦਰਸ਼ਨ, ਧਾਰਮਿਕ ਦਰਸ਼ਨ (Philosophy of Religion) ਅਤੇ ਰਾਜਨੀਤਕ ਦਰਸ਼ਨ (Political Philosophy) ਆਦਿ ਹਨ। ਸਾਡਾ ਅਧਿਐਨ ਖੇਤਰ ਧਾਰਮਿਕ ਦਰਸ਼ਨ ਨਾਲ ਸੰਬੰਧਿਤ ਹੈ। ਉਹ ਵੀ ਸਿੱਖ ਧਰਮ ਦਾ ਦਰਸ਼ਨ। ਪਰੰਤੂ ਸਿੱਖ ਧਰਮ-ਦਰਸ਼ਨ ਬਾਰੇ ਗੱਲ ਕਰਨ ਤੋਂ ਪਹਿਲਾਂ ਸਾਨੂੰ ਭਾਰਤੀ ਅਤੇ ਪੱਛਮੀ ਦਰਸ਼ਨ ਬਾਰੇ ਮੋਟੇ ਤੌਰ ਤੇ ਜਾਣ ਲੈਣਾ ਲਾਹੇਵੰਦ ਹੋਵੇਗਾ।

**ਪੱਛਮੀ ਦਰਸ਼ਨ:**

ਪੱਛਮੀ ਦਰਸ਼ਨ ਨੂੰ ਆਮ ਤੌਰ ਤੇ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਪ੍ਰਾਚੀਨ ਦਰਸ਼ਨ, ਮੱਧਕਾਲੀਨ ਦਰਸ਼ਨ ਅਤੇ ਆਧੁਨਿਕ ਦਰਸ਼ਨ। ਪ੍ਰਾਚੀਨ ਦਰਸ਼ਨ ਮੁੱਖ ਤੌਰ ਤੇ ਯੂਨਾਨੀ ਦਰਸ਼ਨ ਹੈ। ਮੱਧਕਾਲੀਨ ਦਰਸ਼ਨ ਦਾ ਮੁੱਖ ਕਾਰਜ ਵਿਸ਼ਵਾਸ ਅਤੇ ਬੁੱਧੀ ਦੇ ਦਾਅਵਿਆਂ ਦੀ ਜਾਂਚ ਕਰਨਾਂ ਸੀ। ਵਿਸ਼ਵਾਸ ਦਾ ਦਾਅਵਾ ਸੀ ਕਿ ਸੱਚ ਦਾ ਮਹੱਤਵਪੂਰਨ ਭਾਗ ਦੈਵੀ ਖੋਜ ਹੈ ਭਾਵੇਂ ਇਹ ਬੁੱਧੀ ਦੀ ਸਮਝ ਵਿੱਚ ਆਵੇ ਜਾਂ ਨਾਂ ਆਵੇ ਪਰੰਤੂ ਇਸ ਨੂੰ ਤਾਂ ਮੰਨਣਾ ਹੀ ਹੋਵੇਗਾ।

ਦਰਸ਼ਨ ਸ਼ਾਸਤਰ ਦੇ ਖੇਤਰ ਵਿੱਚ ਕਈ ਪੱਛਮੀ ਦਾਰਸ਼ਨਿਕਾਂ ਅਤੇ ਲੇਖਕਾਂ ਨੇ ਵੱਖ-ਵੱਖ ਪ੍ਰਕਾਰ ਤੋਂ ਦਰਸ਼ਨ ਦੀ ਪਰਿਭਾਸ਼ਾਵਾਂ ਦਿੱਤੀਆਂ ਹਨ। ਇਸ ਭਿੰਨਤਾਂ ਦਾ ਕਾਰਨ ਉਨ੍ਹਾਂ ਦੇ ਵੱਖ-ਵੱਖ ਦ੍ਰਿਸ਼ਟੀਕੋਣ ਜਾਂ ਵਿਚਾਰਧਾਰਾਂਵਾਂ ਹਨ। ਦਰਸ਼ਨ ਸ਼ਾਸਤਰ ਦੇ ਇਨ੍ਹਾਂ ਵੱਖ-ਵੱਖ ਪੱਖਾਂ ਨੂੰ ਲੈ ਕੇ ਟਾਈਟਸ[2] ਨੇ ਪੰਜ ਪਰਿਭਾਸ਼ਾਵਾਂ ਤਿਆਰ ਕੀਤੀਆਂ ਹਨ। ਹਰੇਕ ਪਰਿਭਾਸ਼ਾ ਇਕ ਖਾਸ ਦ੍ਰਿਸ਼ਟੀਕੋਣ ਉੱਤੇ ਆਧਾਰਿਤ ਹੈ ਅਤੇ ਇਹ ਦ੍ਰਿਸ਼ਟੀਕੋਣ ਦਰਸ਼ਨ ਦੇ ਸਰੂਪ ਨੂੰ ਨਿਸ਼ਚਿਤ ਕਰਦਾ ਹੈ:

1. ਦਰਸ਼ਨ-ਸ਼ਾਸਤਰ ਜੀਵਨ ਅਤੇ ਦੁਨੀਆਂ ਦੇ ਵਿੱਚ ਵਿਅਕਤੀਗਤ ਦ੍ਰਿਸ਼ਟੀਕੋਣ ਹੈ।
2. ਦਰਸ਼ਨ-ਸ਼ਾਸਤਰ ਵਿਚਾਰ ਕਰਨ ਯੋਗ ਚਿੰਤਨ ਅਤੇ ਦਲੀਲਮਈ ਖੋਜ ਦਾ ਇਕ ਢੰਗ ਹੈ।
3. ਦਰਸ਼ਨ-ਸ਼ਾਸਤਰ ਸੰਪੂਰਨ ਗਿਆਨ ਦਾ ਦਰਸ਼ਨ ਪ੍ਰਾਪਤ ਕਰਨ ਦਾ ਯਤਨ ਹੈ।
4. ਦਰਸ਼ਨ ਸ਼ਾਸਤਰ ਸ਼ਬਦਾਂ ਅਤੇ ਪਦਾਂ ਦੇ ਅਰਥ ਦਾ ਸਪਸ਼ਟੀਕਰਨ ਅਤੇ ਭਾਸ਼ਾ ਦਾ ਦਲੀਲਮਈ ਵਿਸ਼ਲੇਸ਼ਣ ਹੈ।

5. ਦਰਸ਼ਨ ਸ਼ਾਸਤਰ ਸਮਗਿਆਨ ਅਤੇ ਉਨਾਂ ਦੇ ਹੱਲ ਦੇ ਸਿਧਾਂਤਾਂ ਦਾ ਸਮੂਹ ਹੈ।

ਉਪਰੋਕਤ ਪਰਿਭਾਸ਼ਾਵਾਂ ਨੂੰ ਗੰਭੀਰਤਾ ਪੂਰਵਕ ਵੇਖਿਆਂ ਇਹ ਪਤਾ ਲਗਦਾ ਹੈ ਕਿ ਇਹ ਪਰਿਭਾਸ਼ਾਵਾਂ ਇਕ ਦੂਜੀ ਦੀਆਂ ਪੂਰਕ ਹਨ ਅਤੇ ਮਿਲ ਕੇ ਦਰਸ਼ਨ-ਸ਼ਾਸਤਰ ਦੀ ਇਕ ਸਾਰਥਕ ਪਰਿਭਾਸ਼ਾ ਬਣ ਜਾਂਦੀ ਹੈ। ਇਹਨਾਂ ਪਰਿਭਾਸ਼ਾਵਾਂ ਦੀ ਪੂਰਕ ਹੇਠ ਲਿਖੀ ਪਰਿਭਾਸ਼ਾ ਹੋ ਸਕਦੀ ਹੈ: ਦਰਸ਼ਨ ਗਿਆਨ ਜਾਂ ਬੁਧੀਮਾਨਤਾ ਲਈ ਖੋਜ, ਯੂਨੀਵਰਸ (Nataure) ਦੇ ਸੁਭਾਅ ਅਤੇ ਗਿਆਨ, ਵਿਚਾਰ ਤੇ ਕਾਰਜ ਦੇ ਸਿਧਾਤਾਂ ਦੀ ਥਿਊਰੀ ਹੈ।

**ਭਾਰਤੀ ਦਰਸ਼ਨ:**

ਭਾਰਤੀ ਰਿਸ਼ੀਆਂ ਮੁਨੀਆਂ, ਭਗਤਾਂ ਅਤੇ ਬੁਧੀਜੀਵੀਆਂ ਦੇ ਸ਼ੁੱਧ ਮਨ, ਬੁੱਧੀ ਤੋਂ ਜਿਸ ਕਰਮ, ਗਿਆਨ ਅਤੇ ਭਗਤੀ ਜਾਂ ਨਾਮ ਸਿਮਰਨ ਨੁਮਾ ਤ੍ਰਿਕੋਣੇ ਚਸ਼ਮੇ ਦਾ ਪ੍ਰਵਾਹ ਹੋਇਆ, ਉਸ ਨੇ ਦੂਰ-ਦੁਰਾਡੀ ਮਾਨਵਤਾ ਦੇ ਅਧਿਆਤਮਕ ਵਿਚਾਰਾਂ ਨੂੰ ਨਿਖਾਰ ਕੇ ਪਵਿੱਤਰ, ਸੁਧ-ਬੁਧ ਅਤੇ ਸਦਾ-ਸਵੱਛ ਬਣਾ ਕੇ ਮਾਨਵਤਾ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਭਾਰਤੀ ਸਾਹਿਤ ਵਿੱਚ ਇਸ ਨੂੰ ਹੀ ਦਰਸ਼ਨ ਕਿਹਾ ਗਿਆ ਹੈ। ਦਰਸ਼ਨ ਸ਼ਬਦ ਦਾ ਅਰਥ ਦ੍ਰਿਸ਼ਟੀ ਜਾਂ ਦੇਖਣਾ ਹੈ। ਪਰੰਤੂ ਇਹ ਦ੍ਰਿਸ਼ਟੀ ਆਮ ਦ੍ਰਿਸ਼ਟੀ ਨਹੀਂ ਸਗੋਂ ਇਹ ਅੰਤਰ ਦ੍ਰਿਸ਼ਟੀ ਦੁਆਰਾ ਦੇਖ-ਪਰਖ ਕਰਕੇ ਕਿਸੇ ਨਿਸ਼ਕਰਸ਼ ਤੇ ਪਹੁੰਚਣਾ ਹੀ ਦਰਸ਼ਨ ਹੈ। ਇਸ ਕਰਕੇ ਕਈ ਪ੍ਰਾਚੀਨ ਭਾਰਤੀ ਗ੍ਰੰਥਾਂ ਨੂੰ ਵੀ ਨਿਆਂ-ਦਰਸ਼ਨ, ਵੈਸਾਸਿਕ-ਦਰਸ਼ਨ ਅਤੇ ਮੀਮਾਂਸਾ ਦਰਸ਼ਨ ਆਦਿ ਦਰਸ਼ਨ ਸ਼ਾਸਤਰਾਂ ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ। ਅਸਲ ਵਿੱਚ ਦਰਸ਼ਨ ਸ਼ਾਸਤਰ ਹੀ ਸਾਨੂੰ ਪਰਿਣਾਮ ਅਤੇ ਤਰਕ ਦੇ ਸਹਾਰੇ ਅਗਿਆਨ-ਰੂਪੀ ਹਨੇਰੇ ਚੋਂ ਗਿਆਨ-ਰੂਪੀ ਚਾਨਣ ਪ੍ਰਦਾਨ ਕਰਕੇ ਲੌਕਿਕ ਅਤੇ ਅਲੌਕਿਕ, ਭੌਤਿਕ ਅਤੇ ਅਧਿਆਤਮਕ ਖੇਤਰ ਵਿੱਚ ਸਾਡਾ ਮਾਰਗ ਦਰਸ਼ਨ ਕਰਨ ਵਿੱਚ ਸਹਾਈ ਹੋ ਸਕਦਾ ਹੈ।

ਭਾਰਤੀ ਸੰਦਰਭ ਵਿੱਚ ਫਿਲਾਸਫੀ ਨੂੰ ਵਿਚਾਰਦਿਆਂ ਇਕ ਗਲ ਨਿਸ਼ਚਿਤ ਹੁੰਦੀ ਹੈ ਕਿ ਦਰਸ਼ਨ ਗਿਆਨ ਦਾ ਇਕ ਅਜਿਹਾ ਸਿਸਟਮ (ਪ੍ਰਬੰਧ) ਹੈ ਜਿਸ ਵਿੱਚ ਸੱਚਾਈ ਨੂੰ ਹਰ ਪ੍ਰਕਾਰ ਦੇ

ਤਜ਼ਰਬਿਆਂ (Experience), ਜਿਹੜੇ ਕਾਰਨ ਦੀ ਕਾਰਜਕਤਾ ਤੇ ਉਚਿੱਤ ਹੋਣ, ਰਾਹੀ ਸੰਚਿਤ ਕੀਤਾ ਜਾਂਦਾ ਹੈ, ਦਰਸ਼ਨ ਗਿਆਨ ਦੀ ਤਰਕਪੂਰਨ ਤਲਾਸ਼ ਹੈ। ਭਾਰਤੀ ਦਰਸ਼ਨ ਪਰੰਪਰਾਂ ਵੇਦਾਂ ਤੋਂ ਸ਼ੁਰੂ ਹੁੰਦੀ ਹੈ। ਉਪਨਿਸ਼ਦਾਂ ਦੇ ਰਿਸ਼ੀਆਂ ਨੇ ਅਸਲ ਵਿੱਚ ਆਪਣੇ ਅਧਿਆਤਮਕ ਤਜ਼ਰਬਿਆਂ ਦੀ ਗਹਿਰਾਈਆਂ ਤੋਂ ਜੋ ਉਚਾਰਣ ਕੀਤੇ, ਅਸਲ ਵਿਚ ਦਰਸ਼ਨ ਦਾ ਬੀਜ ਉਸੇ ਅਨੁਭਵ ਵਿੱਚੋਂ ਪੁੰਗਰਿਆ। ਵੇਦਾਂ ਵਿੱਚ ਅਧਿਆਤਮਕਤਾ ਦੇ ਨਾਲ ਨਾਲ ਪਦਾਰਥਕਤਾ ਦੇ ਸੰਕੇਤ ਵੀ ਮਿਲਦੇ ਹਨ, ਜਿਸ ਨੇ ਭਾਰਤੀ ਵਿਚਾਰਧਾਰਾ ਵਿੱਚ ਦੁਚਿੱਤੀ ਦੀ ਭਾਵਨਾ ਪੈਦਾ ਕਰ ਦਿੱਤੀ। ਇਕ ਵਿਚਾਰਧਾਰਾ ਅੰਤਰਮੁਖੀ ਤੇ ਦੂਜੀ ਬਾਹਰਮੁਖੀ ਹੈ। ਅਸਲ ਵਿੱਚ ਭਾਰਤੀ ਚਿੰਤਕਾਂ ਨੂੰ ਵੇਦਾਂ ਤੋ ਹੀ ਉਤਸ਼ਾਹ ਮਿਲਿਆ। ਪਰੰਤੂ ਕੁਝ ਚਿੰਤਕ ਅਜਿਹੇ ਵੀ ਹਨ ਜੋ ਵੇਦਾਂ ਨੂੰ ਨਹੀਂ ਸਵੀਕਾਰਦੇ। ਇਸ ਤਰਾਂ ਭਾਰਤ ਵਿੱਚ ਦੋ ਵੱਖਰੀਆਂ ਪਰੰਪਰਾਵਾਂ ਬਣ ਗਈਆਂ। ਇਕ ਸਨਾਤਨੀ ਜੋ ਵੇਦਾਂ ਵਿੱਚ ਵਿਸ਼ਵਾਸ ਰਖਦੇ ਹਨ ਅਤੇ ਦੂਜੀ ਇਸ ਤੋਂ ਉਲਟ ਜੋ ਵੇਦ ਸੱਤਾ ਨੂੰ ਨਹੀ ਮੰਨਦੇ। ਸਨਾਤਨੀ ਪਰੰਪਰਾ ਵਿੱਚ ਭਾਰਤੀ ਚਿੰਤਨ ਦੇ ਛੇ ਪ੍ਰਬੰਧਾ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ ਅਤੇ ਦੂਜੀ ਪਰੰਪਰਾ ਵਿੱਚ ਚਾਰਵਾਕ, ਜੈਨ, ਬੁੱਧੀਜ਼ਮ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਕੁਲ ਮਿਲਾ ਕੇ ਭਾਰਤੀ ਦਰਸ਼ਨ ਨੂੰ ਹੇਠ ਲਿਖੇ ਪ੍ਰੰਬਧਾ ਵਿੱਚ ਵੰਡਿਆ ਜਾ ਸਕਦਾ ਹੈ:

(ੳ) 1. ਉਪਨਿਸ਼ਦ ਦਰਸ਼ਨ

2. ਭਗਵਤ ਗੀਤਾ

3. ਸੰਖਿਆ ਜੋਗ

4. ਨਿਯਾਇ ਵਿਸ਼ੇਸਕਾ

5. ਪੂਰਵ ਮੀਮਾਂਸਾ

6. ਉਤਰ ਮੀਮਾਂਸਾ

(ਅ) 1. ਚਾਰਵਾਕ ਦਰਸ਼ਨ

2. ਜੈਨ ਦਰਸ਼ਨ

3. ਬੁੱਧ ਦਰਸ਼ਨ

ਵੇਦਾਂ ਵਿੱਚ ਦਰਸ਼ਨ ਦੇ ਜੋ ਆਧਾਰ-ਤੱਤ ਬੀਜ ਰੂਪ ਵਿੱਚ ਬਿਖਰੇ ਪਏ ਸਨ, ਬ੍ਰਾਹਮਣਾ ਨੇ ਸ਼ੁਰੂ ਵਿੱਚ ਕਿਸੇ ਹੱਦ ਤੱਕ ਉਹਨਾਂ ਨੂੰ ਉਭਾਰਿਆ ਪਰੰਤੂ ਬਾਅਦ ਵਿਚ ਉਹ ਕਰਮ-ਕਾਂਡਾ ਦੀ ਰੀਤਾਂ ਵਿੱਚ ਪੈਣ ਕਾਰਨ ਸ਼ੁਧ ਰੂਪ ਵਿੱਚ ਸਾਡੇ ਤਕ ਨਹੀ ਪਹੁੰਚ ਸਕੇ। ਵੈਦਿਕ-ਸਭਿਅਤਾ ਦੀ ਸਥਾਪਤੀ ਤੋਂ ਬਾਅਦ ਭਾਰਤੀ ਇਤਿਹਾਸ ਵਿੱਚ ਦਰਸ਼ਨ ਅਤੇ ਧਾਰਮਿਕ ਵਿਚਾਰਾਂ ਦੇ ਉਗਮਨ ਨੂੰ ਭਾਰਤੀ ਜਾਂ ਹਿੰਦੂ ਦਰਸ਼ਨ ਦੇ ਉਪਰੋਕਤ ਵਿਚਾਰਤ ਛੇ ਆਸਤਿਕ ਜਾਂ ਸਨਾਤਨੀ ਸਕੂਲਾਂ ਕਰਕੇ ਵੀ ਜਾਣਿਆ ਜਾਂਦਾ ਹੈ। ਇਹਨਾਂ ਵਿੱਚੋ ਕੁਝ ਤਾਂ ਜਿਵੇਂ ਨਿਆਂ, ਯੋਗ, ਮੀਮਾਂਸਾ ਅਤੇ ਵੇਦਾਂਤ ਆਦਿ ਤਾਂ ਜੀਵਤ ਰਹੇ ਪਰੰਤੂ ਦੂਜੇ ਜੀਵਤ ਨਾ ਰਹਿ ਸਕੇ। ਭਾਰਤੀ ਦਰਸ਼ਨ ਦੇ ਉਪਰੋਕਤ ਛੇ ਪ੍ਰਬੰਧਾ ਨੂੰ ਕੇਵਲ ਸਨਾਤਨੀ ਕਰਕੇ ਹੀ ਨਹੀ ਜਾਣਿਆ ਜਾਂਦਾ ਸੀ ਸਗੋਂ ਇਹ ਮੁੱਖ ਵੀ ਸਨ। ਇਹ ਛੇ ਸਕੂਲ ਵੇਦਾਂ ਦੀ ਸੱਤਾ ਨੂੰ ਮੰਨਦੇ ਸਨ ਅਤੇ ਹਿੰਦੂ ਦਰਸ਼ਨ ਦੇ ਛੇ ਮੁੱਖ ਸਕੂਲਾਂ ਵਜੋਂ ਜਾਣੇ ਜਾਂਦੇ ਹਨ। ਇਹਨਾਂ ਤੋਂ ਇਲਾਵਾ ਜੈਨ-ਧਰਮ ਦਰਸ਼ਨ ਅਤੇ ਬੁੱਧ ਧਰਮ ਦਰਸ਼ਨ ਵੀ ਮੁੱਖ ਦਰਸ਼ਨ ਹਨ। ਹਿੰਦੂ ਧਰਮ, ਜੈਨ ਧਰਮ, ਅਤੇ ਬੁੱਧ ਧਰਮ ਵਿੱਚ ਕੁਝ ਰੀਤਾਂ ਸਾਂਝੀਆਂ ਹਨ। ਜਿਵੇਂ ਕਿ ਮੁੰਡਨ ਜਾਂ ਸਿਰ-ਮੁੰਡਨ ਦੀ ਰੀਤ, ਪਰੰਤੂ ਸਿੱਖ-ਧਰਮ ਜੋ ਇਹਨਾਂ ਵਿੱਚੋਂ ਸਭ ਤੋਂ ਘੱਟ ਉਮਰ ਦਾ ਜਾਂ ਨਵਾਂ ਧਰਮ ਹੈ, ਵਿੱਚ ਇਹ ਰਸਮ ਨਹੀ ਕੀਤੀ ਜਾਂਦੀ। ਭਾਰਤੀ ਹਿੰਦੂ ਧਰਮ ਵਿੱਚ ਭਾਵੇਂ ਰੱਬ ਦੀ ਹੋਂਦ (ਬੁੱਧ ਧਰਮ ਤੋਂ ਇਲਾਵਾ) ਨੂੰ ਮੰਨਿਆ ਜਾਂਦਾ ਹੈ, ਪਰੰਤੂ ਵਿਭਿੰਨ ਦੇਵੀ ਦੇਵਤਿਆਂ ਦੀ ਮੂਰਤੀ ਪੂਜਾ ਵੀ ਸ਼ਰਧਾ ਪੂਰਵਕ ਕੀਤੀ ਜਾਂਦੀ ਹੈ।

ਸਾਡੇ ਖੋਜ ਪ੍ਰਬੰਧ ਦਾ ਵਿਸ਼ਾ ਇਹਨਾਂ ਧਰਮਾਂ ਦੇ ਧਰਮ ਦਰਸ਼ਨਾਂ ਦਾ ਵਿਖਿਆਨ ਕਰਨਾ ਨਹੀਂ ਸਗੋਂ ਭਾਰਤੀ ਦਰਸ਼ਨ ਦੀ ਸਾਧਾਰਣ ਜਾਣ-ਪਛਾਣ ਦੇ ਅਧਿਐਨ ਮਗਰੋਂ ਗੁਰਮਤਿ ਦਰਸ਼ਨ ਦਾ ਅਧਿਐਨ ਕਰਨਾ ਹੈ। ਕਿਉਂਕਿ ਗੁਰਮਤਿ ਵਿਚਾਰਧਾਰਾ ਦੀ ਫਿਲਾਸਫੀ ਬਾਕੀ ਭਾਰਤੀ ਧਰਮਾਂ ਤੋਂ ਕਾਫੀ ਵੱਖਰਤਾ ਰੱਖਦੀ ਹੈ।

ਗੁਰਬਾਣੀ (ਵਾਰਾਂ ਸਮੇਤ) ਦਾ ਦਰਸ਼ਨ ਸਿੱਖ ਧਰਮ ਦਾ ਦਰਸ਼ਨ ਹੈ। ਇਹ ਦਰਸ਼ਨ ਇੱਕ

ਮੌਲਿਕ, ਸੁਤੰਤਰ ਅਤੇ ਵਿਲੱਖਣਤਾ ਵਾਲਾ ਦਰਸ਼ਨ ਹੈ। ਇਸ ਦਾ ਕਾਰਣ ਇਹ ਹੈ ਕਿ ਗੁਰੂ ਨਾਨਕ ਨੇ ਇਕ ਅਜਿਹੀ ਨਵੀਂ ਦਾਰਸ਼ਨਿਕ ਪੱਧਤੀ ਦੀ ਸਿਰਜਣਾ ਕੀਤੀ ਜਿਹੜੀ ਪਹਿਲਾਂ ਤੋਂ ਮੌਜੂਦ ਸਾਮੀ ਅਤੇ ਭਾਰਤੀ ਵਿਚਾਰਧਾਰਾ ਤੋਂ ਵੱਖਰੀ ਹੈ। ਗੁਰਬਾਣੀ ਦਾ ਇਹ ਫਲਸਫਾ (ਦਰਸ਼ਨ) ਕੋਈ ਫੋਕਾ ਫਲਸਫਾ ਨਹੀਂ ਸਗੋਂ ਇਹ ਵਿਵਹਾਰਕਤਾ ਦਾ ਦਰਸ਼ਨ ਹੈ। ਇਸ ਦਰਸ਼ਨ ਵਿੱਚ ਰੱਬ ਦਾ ਸਿਧਾਂਤ (ਇਕ ਈਸ਼ਰਵਾਦ) ਸ੍ਰਿਸ਼ਟੀ ਅਤੇ ਕਾਸਮਿਕ (Cosmic) ਦਾ ਸਿਧਾਂਤ ਇਸ ਦਾ ਨੈਤਿਕ ਫਲਸਫਾ, ਸਿੱਖ ਮੱਤ ਦਾ ਗਿਆਨ ਸਿਧਾਂਤ, ਇਸ ਦਾ ਸਮਾਜਿਕ ਤੇ ਰਾਜਨੀਤੀ ਦਾ ਦਰਸ਼ਨ ਤੇ ਮੁਕਤੀ ਦਾ ਦਰਸ਼ਨ ਆਦਿ ਦੀ ਪਰਮ-ਹਕੀਕਤ, ਅਕਾਲ-ਪੁਰਖ, ਸ੍ਰਿਸ਼ਟੀ ਅਤੇ ਜੀਵ ਆਤਮਾਂ ਦੇ ਅੰਤਰ-ਸਬੰਧਾਂ ਉੱਤੇ ਆਧਾਰਿਤ ਹੈ, ਜਿਸ ਦੇ ਫਲਸਰੂਪ ਸਿੱਖ ਜੀਵਨ ਜੁਗਤ ਅਤਿਅੰਤ ਪ੍ਰਭਾਵਿਤ ਹੋਈ ਹੈ। ਸਿੱਖ ਮਤ ਦਰਸ਼ਨ ਅਨੁਸਾਰ ਸਿੱਖ ਜੀਵਨ ਜਾਚ ਵਿੱਚ 'ਹੁਕਮ' ਉੱਤੇ ਵੀ ਬਲ ਦੇ ਨਾਲ ਜੀਵਨ ਦੀਆਂ ਸਮੱਸਿਆਵਾਂ ਪ੍ਰਤਿ ਕਿਰਿਆਸ਼ੀਲ ਪਹੁੰਚ ਅਪਣਾਈ ਗਈ ਹੈ। ਰੱਬ ਦੇ ਭਾਣੇ, ਰਜ਼ਾ ਜਾਂ ਹੁਕਮ ਵਿੱਚ ਰਾਜ਼ੀ ਰਹਿਣ ਦਾ ਅਰਥ ਨਾ ਤਾਂ ਭਾਵੀਵਾਦ ਅਤੇ ਨਾ ਹੀ ਸਮਾਜ ਤੋਂ ਭਾਜਵਾਦ ਦੇ ਸ਼ਬਦਾਂ ਵਿੱਚੋਂ ਹੋਇਆ ਹੈ। ਗੁਰਬਾਣੀ ਵਿੱਚ ਖ਼ਾਸ ਕਰਕੇ ਇਹਨਾਂ ਅਧਿਆਤਮਕ ਵਾਰਾਂ ਵਿੱਚ ਇਕ ਸਿੱਖ ਪਾਸੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਜੀਵਨ ਨੂੰ ਬਾਣੀ ਅਤੇ ਪਰੰਪਰਾ ਰਾਹੀ ਵਿਕਸਤ ਹੋਏ ਸਮਾਜਿਕ ਸੰਜਮ ਅਤੇ ਸਦਾਚਾਰਕ ਜਾਬਤੇ ਅਨੁਸਾਰ ਢਾਲੇਗਾ। ਮਨੁੱਖ ਨੇ ਆਪਣੇ ਨਿੱਜੀ ਕਲਿਆਣ ਜਾਂ ਨਿੱਜ ਮੁਕਤੀ ਹਿੱਤ ਅਤੇ ਸਰਬ ਸਾਂਝੀ ਸਮਾਜਿਕ-ਮੁਕਤੀ ਜਾਂ ਸਮਾਜਿਕ ਕਲਿਆਣ ਹਿੱਤ ਯਤਨਸ਼ੀਲ ਹੋਣਾ ਹੈ।

ਵਿਚਾਰ ਅਧੀਨ ਅਧਿਆਤਮਕ ਵਾਰਾਂ ਦੇ ਅਧਿਆਤਮਕ ਪੱਖ ਬਾਰੇ ਗੱਲ ਕਰਨ ਤੋਂ ਪਹਿਲਾਂ ਅਧਿਆਤਮਕਤਾ ਕੀ ਹੈ? ਬਾਰੇ ਸਾਨੂੰ ਸੰਖੇਪ ਵਿਚਾਰ ਕਰਨੀ ਮੁਨਾਸਬ ਹੋਵੇਗੀ। ਅਧਿਆਤਮਕਤਾ (Sprituality) ਅੰਤਰ-ਅਨੁਭਵ ਜਾਂ ਅੰਤਰ ਸੂਝ ਨਾਲ ਸਬੰਧ ਰਖਦੀ ਹੈ। ਅਸਲ ਵਿੱਚ ਰਹਸਵਾਦ ਅਤੇ ਅਧਿਆਮਕਤਾ ਦਾ ਆਪਸ ਵਿੱਚ ਗੂੜਾ ਸੰਬੰਧ ਹੈ। ਮਾਰਗਰੇਟ ਸਮਿਥ ਨੇ ਰਹੱਸਵਾਦ ਦੀ ਕੁਝ ਬੁਨਿਆਦੀ ਧਾਰਨਾਵਾਂ ਤੇ ਵਿਚਾਰ ਕਰਦਿਆਂ ਕਿਹਾ ਹੈ ਕਿ "ਰਹੱਸਵਾਦ ਦੀ

ਪਹਿਲੀ ਧਾਰਨਾ ਇਹ ਪ੍ਰਵਾਨ ਕਰਨਾ ਹੈ ਕਿ ਆਤਮਾ, ਅਧਿਆਮਕ ਇੰਦਰੀ ਰਾਹੀ ਦੇਖ ਅਤੇ ਜਾਣ ਸਕਦੀ ਹੈ” ਜਿਸ ਇੰਦਰੀ ਬਾਰੇ ਸੰਤ 'ਅਗਸਤੀਨ' ਕਹਿੰਦਾ ਹੈ ਕਿ ਇਹ ਪਦਾਰਥਕ ਪਰਦਿਆ ਵਿੱਚੋਂ ਪਾਰ ਹੋ ਜਾਂਦੀ ਅਤੇ ਅਪ੍ਰੀਵਰਤਨਸ਼ੀਲ ਪ੍ਰਕਾਸ਼ ਦੇਖ ਸਕਦੀ ਹੈ। ਇਹ ਉਹ ਅੰਤਰੀਵੀ ਇੰਦਰੀ ਹੈ। ਜਿਸ ਨੂੰ ਅੰਤਰ ਸੂਝ (intution) ਕਿਹਾ ਜਾਂਦਾ ਹੈ ਜਿਸ ਦੇ ਰਾਹੀ ਮਨੁੱਖ ਪਰਮਾਤਮਾ ਦਾ ਸਿੱਧਾ ਗਿਆਨ ਅਤੇ ਅਲਹਾਮ ਪ੍ਰਾਪਤ ਕਰ ਸਕਦਾ ਹੈ ਜਿਸ ਦੇ ਰਾਹੀ ਉਹ ਬੁੱਧੀ ਦੇ ਛੁਪੇ ਮੰਡਲ ਦੇਖ ਸਕਦਾ ਹੈ, ਜਿਸ ਰਾਹੀ ਉਹ ਪਰਮਾਤਮਾ ਨਾਲ ਜੀਵੰਤ ਸੰਗਤ ਤੇ ਮੇਲ ਹਾਸਲ ਕਰਦਾ ਹੈ। ਇਹ ਅਧਿਆਤਮਕ ਇੰਦਰੀ ਹੈ ਜੋ ਅੰਤਰਮੁਖੀ ਹੈ। ਅਧਿਆਤਮਕ ਸੋਝੀ ਦੀ ਪ੍ਰਾਪਤੀ ਦੀ ਸਾਰੀ ਸੰਭਾਵਨਾ ਆਤਮਾ ਦੀ ਅਜਿਹੀ ਇੰਦਰੀ ਤੇ ਹੀ ਨਿਰਭਰ ਕਰਦੀ ਹੈ।[4] ਇਸ ਵਿਚਾਰ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਰਹੱਸਵਾਦ ਅਸਲ ਵਿੱਚ ਇੱਕ ਅੰਤਰੀਵੀ ਅਮਲ ਘੱਟ ਅਤੇ ਅਧਿਆਤਮਕ ਵੱਧ ਹੁੰਦਾ ਹੈ।

ਅਸਲ ਵਿਚ ਗੁਰਬਾਣੀ ਵਿੱਚ ਤਿੰਨ ਪ੍ਰਕਾਰ ਦਾ ਗਿਆਨ ਸਵੀਕਾਰਿਆ ਗਿਆ ਹੈ। ਅਧਿਆਤਮਕ ਜੀਵਨ ਲਈ ਇਹ ਗਿਆਨ ਗੁਰਬਾਣੀ ਦਾ ਕੇਂਦਰ ਬਿੰਦੂ ਹੈ। ਪਹਿਲਾ ਹੈ ਅਨੁਭੂਤੀ ਗਿਆਨ,ਦੂਜਾ ਸ਼ਕਤੀਪੂਰਣ ਜਾਂ ਤਰਕਪੂਰਣ ਗਿਆਨ ਅਤੇ ਤੀਜਾ ਹੈ ਅੰਤਰ ਗਿਆਨ। ਗੁਰਬਾਣੀ ਇਕ ਜਗਿਆਸੂ ਨੂੰ ਪੂਰਨ ਅਧਿਆਤਮਕ ਜੀਵਨ ਜੀਊਣ ਲਈ ਇਹਨਾਂ ਤਿੰਨਾਂ ਦੀ ਏਕਤਾ ਨੂੰ ਗ੍ਰਹਿਣ ਕਰਨ ਲਈ ਜ਼ੋਰ ਦਿੰਦੀ ਹੈ। ਅਸਲ ਵਿਚ ਅਧਿਆਤਮਕਤਾ ਦੇ ਵਿਸ਼ੇ ਨੂੰ ਪੂਰਨ ਤੌਰ ਤੇ ਸਪਸ਼ਟ ਕਰਨਾ ਅਤਿ ਕਠਿਨ ਕਾਰਜ ਹੈ। ਆਮ ਤੌਰ ਤੇ ਜਦੋਂ ਕੋਈ ਜਗਿਆਸੂ ਆਪਣਾ ਆਤਮਕ ਸੰਬੰਧ, ਪਰਮਾਤਮਾ ਨਾਲ (ਅਕਾਲ-ਪੁਰਖ) ਨਾਲ ਜੋੜਦਾ ਹੈ ਤਾਂ ਇਸ ਕਿਰਿਆ ਨੂੰ ਅਧਿਆਤਮਕਤਾ ਕਿਹਾ ਜਾ ਸਕਦਾ ਹੈ। ਗੁਰਬਾਣੀ ਅਨੁਸਾਰ ਇਹ ਕਿਰਿਆ ਪਰਮਾਤਮਾ ਦਾ ਨਾਮ ਸਿਮਰਨ, ਗੁਣ ਗਾਇਣ ਕਰਨ ਜਾਂ ਉਸ ਨੂੰ ਪੂਰਨ ਤੌਰ ਤੇ ਮੰਨਣ ਨਾਲ ਕੀਤੀ ਜਾ ਸਕਦੀ ਹੈ। ਹਰ ਧਰਮ ਦੀਆਂ ਮਨੌਤਾਂ, ਵਿਸ਼ਵਾਸ ਅਤੇ ਨੈਤਿਕ/ਸਦਾਚਾਰਕ ਮੁਲ ਪ੍ਰਬੰਧ ਵੱਖੋ-ਵੱਖਰਾ ਹੁੰਦਾ ਹੈ। ਇਸ ਲਈ ਕਿਸੇ ਇਕ ਧਰਮ ਦਾ ਅਧਿਆਤਮਕ ਪ੍ਰਬੰਧ ਉਸ ਧਰਮ ਦੀ ਬੁਨਿਆਦੀ ਮਨੌਤਾਂ ਨਾਲ ਸਬੰਧ

ਰਖਦਾ ਹੈ। ਪਰੰਤੂ ਸਾਰੇ ਧਰਮਾਂ ਦੇ ਅਧਿਆਤਮਕ ਚਿੰਤਨ ਵਿੱਚ ਇਕ ਵੱਡੀ ਬੁਨਿਆਦੀ ਸਾਂਝ ਹੈ ਉਹ ਇਕ ਈਸ਼ਵਰਵਾਦ ਜਾਂ ਧਰਮ-ਮੀਮਾਂਸਾ (Theology) ਦੀ ਹੈ। ਗੁਰਬਾਣੀ ਅਧਿਆਤਮਕ ਵਿਚਾਰਧਾਰਾ ਜਾਂ ਸਿੱਖ ਚਿੰਤਨ ਨੇ ਮਨੁੱਖ ਦੇ ਸਮਾਜਿਕ ਜੀਵਨ ਲਈ ਜੋ ਮਾਰਗ ਨਿਸ਼ਚਿਤ ਕੀਤਾ ਹੈ, ਉਸ ਮਾਰਗ-ਚਿੰਤਨ ਵਿਚ ਭਾਵੇਂ ਪ੍ਰਤੀਕ ਤੇ ਸ਼ਬਦਾਵਲੀ, ਸਾਮੀ ਤੇ ਭਾਰਤੀ ਪਰੰਪਰਾਈ ਚਿੰਤਨ ਵਿੱਚੋਂ ਵਰਤੇ ਗਏ ਹਨ ਪਰੰਤੂ ਇਸ ਦੀ ਸਮੁੱਚੀ-ਸੇਧ ਤੇ ਸਾਰਥਿਕਤਾ ਨਿਰੋਲ ਨਵੀਂ ਹੈ। ਸਿੱਖ ਅਧਿਆਤਮਕ ਚਿੰਤਨ ਜਾਂ ਗੁਰਬਾਣੀ ਦੇ ਫਲਸਫੇ ਉੱਤੇ ਆਧਾਰਿਤ ਸਿੱਖ ਅਧਿਆਤਮਕਤਾ ਸਿੱਖ-ਜੀਵਨ ਜਾਚ ਦੀ ਭਰਪੂਰ ਜੀਵਨ ਰੇਖਾ ਉਲੀਕਦੀ ਹੈ। ਸਿੱਖ ਅਧਿਆਤਮਕ ਜੀਵਨ ਵਿੱਚ ਭੇਖਾਂ, ਅਡੰਬਰਾਂ, ਪਖੰਡਾਂ, ਗੁੰਝਲਦਾਰ ਕਰਮ-ਕਾਂਡਾ ਆਦਿ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਗਈ। ਗੁਰਬਾਣੀ ਦੇ ਇਹਨਾਂ ਸਪਸ਼ਟ ਵਿਚਾਰਾਂ ਅਧੀਨ ਹੀ ਅਸੀ ਗੁਰੂ ਗ੍ਰੰਥ ਵਿਚਲੀ ਅਧਿਆਤਮਕ ਵਾਰਾਂ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕਰਾਂਗੇ।

**ਵਾਰਾਂ ਦਾ ਦਾਰਸ਼ਨਿਕ ਅਤੇ ਅਧਿਆਤਮ ਪੱਖ**

ਪੰਜਾਬੀ ਵਾਰ ਖੇਤਰ ਵਿਚ ਗੁਰੂ ਸਾਹਿਬਾਨ ਦੁਆਰਾ ਰਚੀਆਂ ਇਹਨਾਂ ਅਧਿਆਤਮਕ ਵਾਰਾਂ ਨਾਲ ਇਕ ਅਤਿ ਹੀ ਮਹੱਤਵਪੂਰਨ ਪਰਿਵਰਤਨ ਆਉਂਦਾ ਹੈ। ਜਿਵੇਂ ਗੁਰੂ ਨਾਨਕ ਦੀ ਸਮੁੱਚੀ ਰਚਨਾ ਅਧਿਆਤਮਕਤਾ ਦੀ ਗੂੜੀ ਰੰਗਤ ਵਿੱਚ ਰੰਗੀ ਹੋਈ ਹੈ। ਇਸ ਤਰਾਂ ਸਮੂਹ ਗੁਰੂ ਹਸਤੀਆਂ ਦੀ ਰਚਨਾਵਾਂ ਵੀ ਇਕੋ ਕੇਂਦਰੀ ਵਿਸ਼ੇ ਨੂੰ ਆਪਣੇ ਕਲੇਵਰ ਵਿੱਚ ਲੈਂਦੀਆਂ ਹਨ। ਇਹਨਾਂ ਵਾਰਾਂ ਨੇ ਪੂਰਵ ਵਾਰਾਂ ਦੇ ਸੰਕਲਪ ਨੂੰ ਮੂਲੋਂ ਹੀ ਬਦਲ ਕੇ ਰੱਖ ਦਿੱਤਾ ਹੈ। ਇਸ ਬਦਲਾਵ ਦਾ ਮੁੱਖ ਕਾਰਨ ਲੋਕ-ਵਾਰਾਂ ਨਾਲੋਂ ਭਿੰਨ ਰਚਨਾਤਮਕ ਵਸਤੂ ਦਾ ਹੋਣਾ ਹੈ। ਇਹਨਾਂ ਅਧਿਆਤਮਕ ਵਾਰਾਂ ਵਿੱਚ ਗੁਰੂ ਬਾਣੀਕਾਰ ਕਵੀਆਂ ਦੁਆਰਾ ਰਚਨਾਤਮਕ ਵਸਤੂ ਦੀ ਪੇਸ਼ਕਾਰੀ ਦੀ ਪੱਧਰ ਲੋਕ-ਹਿੱਤ ਵਾਲੀ ਅਤੇ ਲੋਕ-ਪੱਖੀ ਵਿਚਾਰਧਾਰਾ ਵਾਲੀ ਹੈ। ਗੁਰੂ ਬਾਣੀਕਾਰ ਕਵੀਆਂ ਦੇ ਸਮੇਂ ਆਮ ਜਨਤਾ ਰਜਵਾੜਾ ਸ਼ਾਹੀ ਜਾਂ ਜਗੀਰਦਾਰੀ ਪ੍ਰਬੰਧ ਅਧੀਨ, ਹਰ ਪੱਖੋਂ ਲੁੱਟ ਦਾ ਸ਼ਿਕਾਰ ਹੋ ਰਹੀ ਸੀ। ਅਜਿਹੇ ਲੁੱਟ ਦੇ ਮਹੌਲ ਵਿੱਚ ਆਮ ਲੋਕਾਂ ਦਾ ਜਿਊਣਾ ਬਹੁਤ ਮੁਸ਼ਕਿਲ ਹੋ ਰਿਹਾ ਸੀ। ਹਿੰਦੂ ਸਮਾਜ ਵਿੱਚ

ਆਮ ਜਨਤਾ ਜਾਤ-ਪਾਤ ਪ੍ਰਬੰਧ ਵਿੱਚ ਸਿਮਟ ਕੇ ਰਹਿ ਗਈ। ਬ੍ਰਾਹਮਣਵਾਦ ਦੀਆਂ ਧਾਰਮਿਕ ਵਿਚਾਰਾਂ, ਪੰਜਾਬੀ ਸਮਾਜ ਵਿੱਚ ਮਨੁੱਖ ਅਤੇ ਮਨੁੱਖ ਵਿਚਕਾਰਲੀ ਵਿੱਥ ਨੂੰ ਘਟਾ ਨਹੀਂ ਸਕੀਆਂ। ਇਸ ਵਿੱਥ ਨੂੰ ਪੂਰਨ ਰੂਪ ਵਿੱਚ ਮਿਟਾਉਣ ਵਾਲੀ ਚੇਤਨਾ ਗੁਰਮਤਿ ਚੇਤਨਾ ਜਾਂ ਵਿਚਾਰਧਾਰਾ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਈ। ਗੁਰੂ ਨਾਨਕ ਦਾ ਫਲਸਫਾ ਸਭ ਤੋਂ ਪਹਿਲੀ ਸੱਟ, ਜਾਤ-ਪਾਤੀ ਪ੍ਰਬੰਧ ਤੇ ਮਾਰਦਾ ਹੈ। ਉਹਨਾਂ ਨੇ ਸਾਂਝੇ ਲੰਗਰ ਦੀ ਪ੍ਰਥਾ ਜਾਂ 'ਕਿਰਤ ਕਰੋ ਨਾਮ ਜਪੋ ਤੇ ਵੰਡ ਕੇ ਛਕੋ' ਦੇ ਸਿਧਾਂਤ ਰਾਹੀਂ ਜਾਤ-ਪਾਤ ਦੇ ਪਿਛਾਂਹ ਖਿੱਚੂ ਪ੍ਰਬੰਧ ਤੇ ਕਰਾਰਾ ਵਾਰ ਹੀ ਨਹੀਂ ਕੀਤਾ ਸਗੋਂ ਉਸ ਨੂੰ ਮੂਲੋਂ ਖ਼ਤਮ ਕਰਨ ਤੇ ਸਮਾਜਿਕ ਬਰਾਬਰੀ ਸਥਾਪਤ ਕਰਨ ਲਈ ਇਕ ਅਗਾਂਹ ਵਧੂ ਤੇ ਸਵਸਥ ਵਿਚਾਰਧਾਰਾ ਦਿੱਤੀ ਜਿਹੜੀ ਵਿਚਾਰਧਾਰਾ ਗੁਰਮਤਿ ਵਿਚਾਰਧਾਰਾ ਕਰਕੇ ਜਾਣੀ ਜਾਂਦੀ ਹੈ ਅਤੇ ਇਹ ਵਿਚਾਰਧਾਰਾ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਰਾਹੀਂ ਅੱਜ ਵੀ ਸਮਾਜ ਦੀ ਪੂਰਨ ਅਗਵਾਈ ਕਰਨ ਯੋਗ ਹੈ। ਇਸ ਵਿਚਾਰਧਾਰਾ ਦਾ ਗੁਰਬਾਣੀ-ਫਲਸਫਾ ਮਨੁੱਖ ਨੂੰ ਪੂਰਨ ਤੌਰ ਤੇ ਸਮਾਜ ਨਾਲ ਵੀ ਜੋੜਦਾ ਹੈ ਤੇ ਦੂਜੇ ਪਾਸੇ ਅਧਿਆਤਮਕ ਚਿੰਤਨ ਲਈ ਵੀ ਪੂਰਨ ਪ੍ਰੇਰਨਾ ਦਿੰਦਾ ਹੈ। ਵਾਰਾਂ ਵਿਚਲੇ ਫਲਸਫੇ ਅਤੇ ਅਧਿਆਤਮਕ ਵਿਚਾਰਧਾਰਾ ਨੂੰ ਵਿਚਾਰਨ ਤੋਂ ਪਹਿਲਾਂ ਗੁਰਬਾਣੀ ਦੇ ਦਰਸ਼ਨ ਅਤੇ ਅਧਿਆਤਮਕ ਚਿੰਤਨ ਬਾਰੇ ਵਿਚਾਰ ਕਰਨੀ ਮੁਨਾਸਬ ਹੋਵੇਗੀ।

**ਅਧਿਆਤਮਕ ਪੱਖ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਲਿਤ ਵਾਰਾਂ ਵਿੱਚ ਪਰਮਾਤਮਾ ਤੇ ਉਸ ਦੇ ਨਾਮ ਜਪਣ ਵਾਲੇ ਮਹਾਂਪੁਰਸ਼ਾਂ ਦੀ ਵਡਿਆਈ ਕੀਤੀ ਗਈ ਹੈ ਜਿਨ੍ਹਾਂ ਨੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਵਿਸ਼ਿਆਂ ਨਾਲ ਯੁੱਧ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਦਾ ਜਸ ਗਾਇਨ ਕੀਤਾ ਗਿਆ ਹੈ ਪਰੰਤੂ ਇਸ ਦੇ ਨਾਲ ਹੀ ਜੀਵਨ ਸੰਬੰਧੀ ਅਨੇਕਾਂ ਸਿੱਖਿਆਵਾਂ ਦੇ ਕੇ ਜੀਵਨ ਨੂੰ ਸਫਲ ਤੇ ਕਾਮਯਾਬ ਬਣਾਉਣ ਦਾ ਮਾਰਗ ਦਰਸਾਇਆ ਗਿਆ ਹੈ। ਵਾਰਾਂ ਵਿਚ ਪੇਸ਼ ਜਜ਼ਬੇ ਦਾ ਸਮਾਜਿਕ ਪੱਖ, ਮਨੁੱਖੀ ਜੱਦੋ-ਜਹਿਦ, ਆਜ਼ਾਦ ਮਨੁੱਖ ਦੀ ਉਸਾਰੀ ਦੇ ਅਮਲ ਅਤੇ ਆਪਣੀ ਆਜ਼ਾਦ ਮਨੁੱਖੀ ਹਸਤੀ ਲਈ ਸੰਘਰਸ਼ ਤੇ ਦੁਸ਼ਮਣ ਨੂੰ ਲਤਾੜਦੇ ਹੋਏ ਯੋਧੇ ਤੇ ਕ੍ਰਾਂਤੀਕਾਰੀ ਮਨੁੱਖ ਦਾ ਭਰਪੂਰ

ਚਿੱਤਰ ਪੇਸ਼ ਕਰਦਾ ਹੈ। ਸਮੁੱਚਾ ਗੁਰਮਤਿ ਉਦੇਸ਼ ਅੰਤਮ ਲਕਸ਼ ਲਈ ਆਪਣੇ ਮਾਰਗ ਦਰਸ਼ਨ ਨੂੰ ਸਫਲਤਾ ਪੂਰਵਕ ਸਰ ਕਰਨ ਲਈ ਕਿਤੇ ਵੀ ਮਾਰ ਨਹੀਂ ਖਾਂਦਾ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਧਰਮ-ਦਰਸ਼ਨ ਦੀ ਬੁਨਿਆਦ ਅਤੇ ਗੁਰਮਤਿ ਜਾਂ ਅਧਿਆਤਮਕ ਸਿਧਾਂਤਾ ਦਾ ਪ੍ਰਮਾਣਿਕ ਸੋਮਾ ਪ੍ਰਵਾਨ ਕੀਤਾ ਗਿਆ ਹੈ। ਦਾਰਸ਼ਨਿਕ ਪਹਿਲੂ ਨਾਲ ਸੰਬੰਧਿਤ ਸੰਕਲਪ, ਅਕਾਲ ਪੁਰਖ, ਸ੍ਰਿਸਟੀ ਅਤੇ ਜੀਵ ਆਤਮਾ, ਇਹ ਤਿੰਨ ਸੰਕਲਪ ਮੁੱਖ ਹਨ ਜੋ ਧਰਮ ਦਰਸ਼ਨ ਦੀ ਤੱਤ-ਮੀਮਾਂਸਕ (Meta Physical) ਸ਼ਾਖ ਨਾਲ ਸੰਬੰਧਿਤ ਹਨ। ਅਸੀਂ ਵੀ ਇਸ ਅਧਿਆਇ ਵਿਚ ਗੁਰੂ ਗ੍ਰੰਥ ਸਾਹਿਬ ਵਿਚਲੀ ਇਨ੍ਹਾਂ ਅਧਿਆਤਮਕ ਵਾਰਾਂ ਵਿਚੋਂ ਸੰਕੇਤਾਂ ਦੀ ਸੇਧ ਲੈ ਕੇ ਆਪਣੇ ਵਿਸ਼ੇ ਪੱਖੀ, ਇਨ੍ਹਾਂ ਬਾਰੇ ਸੰਖੇਪ ਵਿਚਾਰ ਕਰਾਂਗੇ। ਇਨ੍ਹਾਂ ਵਾਰਾਂ ਬਾਰੇ ਇਕ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਇਨ੍ਹਾਂ ਵਿਚ ਨਾ ਕਿਸੇ ਦੁਨਿਆਵੀ ਯੁਧ ਦੀ ਵਾਰਤਾ ਹੈ ਨਾ ਕਿਸੇ ਯੋਧੇ, ਰਾਜੇ, ਰਾਣੇ ਜਾਂ ਸਰਦਾਰ ਦੀ ਜੰਗੀ ਬਹਾਦਰੀ ਦੇ ਜੌਹਰ ਜਾਂ ਜੱਸ ਗਾਇਣ ਹੈ। ਪਹਿਲੀ ਗੱਲ ਇਹ ਹੈ ਕਿ ਇਨ੍ਹਾਂ ਵਾਰਾਂ ਵਿਚ ਜੱਸ ਹੈ - ਕਰਤਾ ਅਕਾਲ ਪੁਰਖ ਦਾ, ਗੁਰੂ ਦਾ, ਗੁਰਮੁਖਾਂ ਦਾ, ਸੰਤਾਂ ਤੇ ਭਲੇ ਪੁਰਸ਼ਾਂ ਦਾ, ਸਤਿਸੰਗ ਦਾ ਤੇ ਸ਼ੁਭ ਗੁਣਾਂ ਦਾ। ਇਨ੍ਹਾਂ ਵਾਰਾਂ ਦਾ ਨਾਇਕ ਸਰਬ ਸ਼ਕਤੀਮਾਨ ਵਾਹਿਗੁਰੂ ਆਪ ਹੈ ਜਾਂ ਉਸ ਨੂੰ ਮਿਲਾਉਣ ਵਾਲਾ ਸਤਿਗੁਰੂ। ਇਨ੍ਹਾਂ ਵਾਰਾਂ ਵਿਚ ਕਿਤੇ ਕਿਤੇ ਸੰਕੇਤ ਮਿਲਦੇ ਹਨ ਜਿਥੇ ਵਾਹਿਗੁਰੂ ਦੇ ਭਗਤਾਂ ਜਾਂ ਮਨੁੱਖੀ ਆਤਮਾ ਦਾ ਜਿਹਨਾਂ ਨੂੰ ਨਾਇਕ ਮਿਥਿਆ ਗਿਆ ਹੈ। ਇਨ੍ਹਾਂ ਵਾਰਾਂ ਵਿਚ ਟੱਕਰ ਹੈ, ਇਹ ਟੱਕਰਾ ਹੈ:- ਗੁਰਮੁਖਾਂ ਤੇ ਮਨਮੁੱਖਾਂ ਦਾ, ਨੇਕੀ ਤੇ ਬਦੀ ਦਾ, ਸੱਚ ਤੇ ਝੂਠ ਦਾ ਅਤੇ ਵਿਸ਼ੇਸ਼ ਕਰਕੇ ਮਨੁੱਖੀ ਆਤਮਾ ਦਾ, ਪੰਜਾ ਮਹਾਂਬਲੀਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨਾਲ। ਆਤਮਾ ਇਨ੍ਹਾਂ ਵਾਰਾਂ ਵਿਚ ਮੁੱਖ ਪਾਤਰ ਹੈ ਤੇ ਉਸ ਦੀਆਂ ਮਾਨਸਿਕ ਰੁਚੀਆਂ ਦੀ ਪ੍ਰਸਪਰ ਲੜਾਈ ਤੇ ਦੁਬਿਧਾ ਪੂਰਣ ਖਿਚੋਤਾਣ? ਇਸ ਤਰ੍ਹਾਂ ਇਹ ਅਧਿਆਤਮਕ ਵਾਰਾਂ ਗੁਰੂਆਂ ਦੀਆਂ ਨਵੀਨ ਸਿਰਜਤ ਰੂਪਾਕਾਰਕ ਵਾਰਾਂ ਹਨ ਪਰੰਤੂ ਇਨ੍ਹਾਂ ਦੀਆਂ ਜੜਾਂ ਪ੍ਰੰਪਰਾਗਤ ਲੋਕ ਵਾਰਾਂ ਵਿਚੋਂ ਹੀ ਨਿਹਿਤ ਹਨ। ਬਾਣੀਕਾਰ ਗੁਰੂ ਕਵੀਆਂ ਨੇ ਇਸ ਲੋਕ-ਕਾਵਿ ਰੂਪਾਕਾਰ ਨੂੰ ਵਰਤਦਿਆਂ ਹੋਇਆਂ ਆਪਣੇ ਲੋਕ-ਪੱਖੀ ਸੰਦੇਸ਼ ਨੂੰ ਜਨ-ਸਮੂਹ ਵਿਚ

ਪ੍ਰਵਾਹਿਤ ਕੀਤਾ ਹੈ। ਉਪਰੋਕਤ ਵਿਚਾਰ-ਹਿੱਤ ਹੀ ਅਸੀਂ ਹੁਣ ਇਨ੍ਹਾਂ ਵਾਰਾਂ ਦੇ ਦਾਰਸ਼ਨਿਕ ਅਤੇ ਅਧਿਆਤਮਕ ਪੱਖ ਬਾਰੇ ਵਿਚਾਰ ਕਰਾਂਗੇ।

**ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ**

**ਮਾਝ ਦੀ ਵਾਰ** :- ਮਾਝ ਦੀ ਵਾਰ ਦਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਵਿਸ਼ੇਸ਼ ਸਥਾਨ ਹੈ। ਇਹ ਮਾਝ ਰਾਗ ਵਿੱਚ ਲਿਖੀ ਗਈ ਹੈ। ਇਸ ਵਿੱਚ 27 ਪਉੜੀਆਂ ਅਤੇ 63 ਸਲੋਕ ਹਨ ਅਤੇ ਹਰ ਇੱਕ ਪਉੜੀ ਵਿੱਚ ਅੱਠ-ਅੱਠ ਤੁੱਕਾਂ ਹਨ। ਗੁਰੂ ਨਾਨਕ ਦੇਵ ਜੀ ਦਾ ਮੂਲ ਮਨੋਰਥ ਮਨੁੱਖ ਨੂੰ ਸਹੀ ਅਰਥਾਂ ਵਿੱਚ ਸ਼੍ਰੇਸਟ ਅਤੇ ਸਭਿਆਚਾਰਕ ਮਨੁੱਖ ਬਣਾਉਣਾ ਸੀ। ਇਸ ਵਾਰ ਦਾ ਵਸਤੂਗਤ ਅਧਾਰ ਅਧਿਆਤਮਕ ਹੈ। ਪਰਮਾਤਮਾ ਜਗਤ ਅਤੇ ਜੀਵ ਦੇ ਸੰਕਲਪਗਤ ਸਰੂਪ ਅਤੇ ਉਨਾਂ ਦੇ ਪ੍ਰਸਪਰ ਦੁਵੱਲੇ ਸਬੰਧਾਂ ਦਾ ਉਲੇਖ ਬੜੇ ਸੂਖਮ-ਪੱਧਰ ਤੇ ਇਸ ਵਾਰ ਵਿੱਚ ਕੀਤਾ ਗਿਆ ਹੈ। ਜਿੱਥੇ ਮਾਝ ਦੀ ਵਾਰ ਵਿੱਚ ਜੀਵਨ ਦੇ ਰਹੱਸ ਅਤੇ ਆਦਰਸ਼ ਨੂੰ ਭਰਪੂਰ ਰੂਪ ਵਿੱਚ ਸਪਸ਼ਟ ਕੀਤਾ ਗਿਆ ਹੈ ਉਥੇ ਇਸ ਵਿੱਚ ਗੁਰੁ ਜੀ ਨੇ ਆਪਣੇ ਸਮੇਂ ਦੀ ਸਮਾਜਿਕ ਰਾਜਨੀਤਕ ਧਾਰਮਿਕ ਅਤੇ ਸਾਂਸਕ੍ਰਿਤਕ ਸਥਿਤੀ ਉੱਤੇ ਸਖਤ ਆਲੋਚਨਾ ਵੀ ਕੀਤੀ ਹੈ।

ਮਾਝ ਦੀ ਵਾਰ ਵਿਚ ਮਨੁੱਖੀ ਜੀਵਨ ਦੀ ਵਿਆਖਿਆ ਬਹੁਤ ਹੀ ਸੁਚੱਜੇ ਅਤੇ ਵਿਆਪਕ ਅਰਥਾਂ ਵਿਚ ਕੀਤੀ ਗਈ ਹੈ। ਗੁਰਮੁੱਖ ਤੇ ਮਨਮੁੱਖ ਸਮਾਜ ਦੇ ਦੋ ਉੱਘੇ ਅੰਗ ਹਨ। ਗੁਰਮੁਖ ਸਮਾਜ ਵਿਚ ਮਾਨਵਤਾ ਭਰਪੂਰ ਜੀਵਨ ਬਤੀਤ ਕਰਦਾ ਹੈ ਅਤੇ ਮਨਮੁੱਖ ਮਨ ਅਧੀਨ ਵਿਚਰਦਾ ਮਾਨਵੀ ਧਰਮ ਤੋਂ ਦੂਰ ਹੋ ਜਾਂਦਾ ਹੈ ਤੇ ਸਦਾ ਆਵਾਗਵਣ ਦੇ ਚੱਕਰਾਂ ਵਿਚ ਫਸਿਆ ਰਹਿੰਦਾ ਹੈ। ਪ੍ਰਮਾਤਮਾ ਵਲੋ ਸਭ ਮਨੁੱਖ ਬਰਾਬਰ ਹਨ। ਜਨਮ ਤੋਂ ਨਾ ਕੋਈ ਹਿੰਦੂ ਹੈ ਨਾ ਮੁਸਲਮਾਨ। ਹਿੰਦੂ ਬਣਨਾ ਜਾਂ ਮੁਸਲਮਾਨ ਬਣਨਾ ਵਾਸਤਵ ਵਿਚ ਸਦਾਚਾਰਕ ਨੇਮਾਂ ਦਾ ਪਾਲਣ ਕਰਨਾ ਹੈ। ਗੁਰੂ ਨਾਨਕ ਬਾਣੀ ਰਚਨਾ (ਤੇ ਹੋਰ ਸਾਰੀ ਬਾਣੀ) ਦੀ ਇਹ ਨੀਂਹ ਸਮਾਜਿਕ ਪੱਧਰ ਤੇ ਟਿਕੀ ਹੋਈ ਹੈ ਅਤੇ ਇਸਦਾ ਖਾਸਾ ਅਧਿਆਤਮਕਤਾ ਦੇ ਪੱਧਰ ਤੇ ਪਹੁੰਚਦਾ ਹੋਇਆ ਮਨੁੱਖੀ ਜੀਵਨ ਦੀ ਮਾਰਗ ਦਿਸ਼ਾ ਨਿਰਧਾਰਤ ਕਰਦਾ ਹੈ।

ਮੁਸਲਿਮ ਸਮਾਜ ਦੀ ਇਕ ਅਜਿਹੀ ਧਾਰਨਾ ਹੈ ਕਿ ਜੇਕਰ ਨਮਾਜ਼ ਪੜ੍ਹਨ ਵਾਲੇ ਬਸਤ੍ਰ ਨੂੰ ਲਹੂ ਲਗ ਜਾਵੇ ਤਾਂ ਉਹ ਅਪਵਿੱਤਰ ਹੋ ਜਾਂਦਾ ਹੈ। ਗੁਰੂ ਨਾਨਕ, ਵੇਲੇ ਦੇ ਜਾਬਰ ਮੁਸਲਮ ਸ਼ਾਸਕ ਨੂੰ ਅਜਿਹੀ ਧਾਰਨਾ ਪ੍ਰਤੀ ਕਰਾਰੀ ਤਾੜਨਾ ਕਰਦਿਆਂ, ਇਸ ਪ੍ਰਸੰਗ ਨੂੰ ਕਿਵੇਂ ਭੌਤਿਕਤਾ ਤੋਂ ਪਰਾਭੌਤਿਕਤਾ ਵਲ ਮੋੜਦੇ ਹਨਃ-

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥

ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥[5]

ਜਿਹੜਾ ਸ਼ਾਸਕ ਆਪਣੇ ਜ਼ੋਰ-ਜ਼ੁਲਮ ਨਾਲ ਗਰੀਬਾਂ ਦਾ ਧਨ ਲੁੱਟਦਾ ਹੈ, ਉਹਦਾ ਮਨ ਕਿਵੇਂ ਪਵਿੱਤਰ ਰਹਿ ਸਕਦਾ ਹੈ ਅਤੇ ਉਸਦੀ ਪੜ੍ਹੀ ਨਮਾਜ਼ ਰੱਬੀ ਦਰਗਾਹ ਵਿਚ ਕਿਵੇਂ ਕਬੂਲ ਹੋ ਸਕਦੀ ਹੈ? ਹੇਠ ਲਿਖੀ ਬਾਣੀ ਤੁੱਕਾਂ ਵਿਚ ਗੁਰੂ ਜੀ ਮਨੁੱਖੀ ਜੀਵਨ ਦੀਆਂ ਵਿਭਿੰਨ ਅਵਸਥਾਵਾਂ ਦਾ ਬਿਆਨ ਕਰਦੇ ਹਨ ਪਰੰਤੂ ਇਹ ਬਿਆਨ ਇਕ ਸੰਦੇਸ਼ਕ ਕੋਡ ਹੈ। ਜੇਕਰ ਇਸ ਸੰਦੇਸ਼ਕ-ਕੋਡ ਨੂੰ ਖੋਲੀਏ ਤਾਂ ਇਸ ਦੇ ਅਧਿਆਤਮਕ ਸੰਦੇਸ਼ ਨੂੰ ਜਾਣਿਆ ਜਾ ਸਕਦਾ ਹੈ।

ਪਹਿਲੈ ਪਿਆਰਿ ਲਗਾ ਥਣ ਦੁਧਿ॥ ਦੂਜੈ ਮਾਇ ਬਾਪ ਕੀ ਸੁਧਿ॥

ਤੀਜੈ ਭਯਾ ਭਾਭੀ ਬੇਬ॥ ਚਉਥੈ ਪਿਆਰਿ ਉਪੰਨੀ ਖੇਡ॥

ਪੰਜਵੈ ਖਾਣ ਪੀਅਣ ਕੀ ਧਾਤੁ॥ ਛਿਵੈ ਕਾਮੁ ਨ ਪੁਛੈ ਜਾਤਿ॥

ਸਤਵੈ ਸੰਜਿ ਕੀਆਂ ਘਰ ਵਾਸੁ॥ ਅਠਵੈ ਕ੍ਰੋਧ ਹੋਆ ਤਨ ਨਾਸੁ॥

ਨਾਵੈ ਧਉਲੇ ਉਭੇ ਸਾਹ॥ ਦਸਵੈ ਦਧਾ ਹੋਆ ਸੁਆਹ॥[6]

ਨਵ ਜੰਮਿਆ ਬੱਚਾ ਕੇਵਲ ਮਹਿਸੂਸ ਕਰਦਾ ਹੈ, ਜਾਣਦਾ-ਪਛਾਣਦਾ ਨਹੀਂ। ਇਹ ਸ਼ਕਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਉਸ ਦਾ ਆਪਣੇ ਚੁਗਿਰਦੇ ਨਾਲ ਵਾਹ ਪੈਂਦਾ ਹੈ। ਚੇਤਨਤਾ ਦੇ ਵਿਕਾਸ ਨਾਲ ਉਹ ਵਖਰੇਵੇਂ ਤੇ ਆਪਣੇ ਅੱਡਰੇਪਣ ਨੂੰ ਪਛਾਨਣ ਲਗਦਾ ਹੈ। ਪਰਮਾਤਮਾ ਦਾ ਜਗਿਆਸੂ ਮਨੁੱਖ ਆਤਮਿਕ ਮੰਡਲਾਂ ਵਿਚ ਮੁੜ ਇਸ ਅਵਸਥਾ ਦੀ ਪ੍ਰਾਪਤੀ ਦਾ ਯਤਨ ਕਰਦਾ ਹੈ। ਇਥੇ ਚੇਤਨ-ਵਿਭਿੰਨਤਾ ਇਹ ਹੈ ਕਿ ਬਾਲ ਤਾਂ ਕੇਵਲ ਮਹਿਸੂਸ ਕਰਦਾ ਹੈ ਜਾਣਦਾ-ਪਛਾਣਦਾ ਕੁਝ

ਨਹੀਂ ਪਰੰਤੂ ਆਤਮਿਕ ਜੀਵਨ ਵਿਚ ਨਵੇਂ ਸਿਰਿਉਂ ਜਨਮ ਲੈਣ ਵਾਲਾ ਗੁਰਮੁੱਖ ਜਗਿਆਸੂ ਇਹ ਗੱਲ ਜਾਣਦਾ ਹੈ ਕਿ ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ ਤੇ ਉਹ ਆਪਣੀ ਮਰਜ਼ੀ ਨੂੰ ਇਸ਼ਵਰੀ ਭਾਣੇ ਅਰਪਣ ਕਰਕੇ ਸੰਸਾਰਕ ਕਾਰ ਵਿਹਾਰ ਵਿਚ ਪ੍ਰਵੇਸ਼ ਕਰਦਾ ਹੈ। ਮਾਨੋ ਉਹ ਉਸ ਪ੍ਰਮਾਤਮਾ ਦੇ ਅੰਗ-ਸੰਗ ਹੋ ਜਾਂਦਾ ਹੈ ਜਿੱਥੋਂ ਉਹ ਬਿਨਸਨਹਾਰ ਮਨੁੱਖ ਦੇ ਰੂਪ ਵਿਚ ਪ੍ਰਗਟ ਹੋਇਆ ਸੀ। ਇਵੇਂ ਹੀ ਜਿਵੇਂ ਸਾਗਰ ਤੋਂ ਪਾਣੀ ਦੀ ਲਹਿਰ ਨਿਕਲ ਕੇ ਨੱਚ-ਟੱਪ ਕੇ ਫਿਰ ਤੋਂ ਸਾਗਰ ਵਿਚ ਸਮਾ ਜਾਂਦੀ ਹੈ।

ਗੁਰੂ ਸਾਹਿਬ ਵਾਹਿਗੁਰੂ ਜਾਂ ਕਰਤਾ-ਪੁਰਖ ਨੂੰ ਸਾਰੀ ਦੁਨਿਆਵੀ ਖੇਡ ਦਾ ਕਰਤਾ ਤੇ ਪ੍ਰੇਰਕ ਦਰਸਾ ਕੇ ਉਸ 'ਸਤਿ ਨਿਰੰਜਨ' ਨੂੰ ਸਿਮਰਨ ਦਾ ਉਪਦੇਸ਼ ਦੇਂਦੇ ਹਨ ਤੇ ਉਹਨਾਂ ਪੁਰਸ਼ਾਂ ਤੋਂ ਬਲਿਹਾਰ ਜਾਂਦੇ ਹਨ ਜੋ ਇਕਾਗਰ ਮਨ ਨਾਲ ਉਸ ਦੀ ਸਿਫ਼ਤ-ਸਲਾਹ ਕਰਦੇ ਹਨ ਤੇ ਇਹੀ ਆਧਾਰ ਉਹਨਾਂ ਦੀ ਜ਼ਿੰਦਗੀ ਦਾ ਮਨੋਰਥ ਤੇ ਸੁੱਖ-ਸ਼ਾਂਤੀ ਦਾ ਸਾਧਨ ਬਣਦਾ ਹੈ।

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥
ਰੰਗ ਪਰੰਗ ਉਪਰਾਜਨਾ ਬਹੁ ਬਹੁ ਬਿਧਿ ਭਾਤੀ॥
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ॥
ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ॥
ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ॥[7]

ਉਪਰੋਕਤ ਪਉੜੀ ਵਿਚ ਅਕਾਲ ਪੁਰਖ ਦੀ ਹੋਂਦ ਅਤੇ ਉਸ ਦੁਆਰਾ ਉਪਾਈ ਸ੍ਰਿਸ਼ਟੀ ਤੇ ਗੁਰਮੁੱਖਾਂ ਦੁਆਰਾ ਉਸ ਦੇ ਨਾਮ ਵਿਚ ਰੰਗਿਆ ਜਾਣਾ ਆਦਿ ਦੀ, ਗੂੜੀ ਦਾਰਸ਼ਨਿਕ ਪ੍ਰਤਿਧੁਨੀ ਦੀ ਗੂੰਜ ਮੌਜੂਦ ਹੈ।

ਇਸ ਵਾਰ ਦੇ ਸਾਰੇ ਜੁੱਸੇ ਵਿਚ ਅਧਿਆਤਮਕਤਾ ਦੀ ਪ੍ਰਤਿਧੁਨੀ ਦੀ ਮੌਜੂਦਗੀ ਲਗਾਤਾਰ ਰਹਿੰਦੀ ਹੈ। ਇਸ ਵਿਚ ਦਸਿਆ ਹੈ ਕਿ ਤ੍ਰਿਸ਼ਨਾ ਦੀ ਅੱਗ ਤੇ ਮੋਹ ਮਾਇਆ ਦੇ ਮੋਹ ਤੋਂ ਬਚਣ ਦਾ ਸਹੀ ਤਰੀਕਾ ਆਪਾ ਭਾਵ ਨੂੰ ਤਿਆਗ ਕੇ ਸੱਚੇ ਗੁਰੂ ਦੀ ਸ਼ਰਨ ਵਿਚ ਪੈਣਾ ਹੈ। ਗੁਰੂ ਦੀ ਮੱਤ ਦੁਆਰਾ ਹੰਕਾਰ ਹਟਾ ਕੇ ਸੱਚੇ ਹਰੀ ਨੂੰ ਪਛਾਣ ਲਈਦਾ ਹੈ ਤੇ ਉਸ ਨਾਲ ਇਕਮਿਕ ਹੋ ਜਾਈਦਾ ਹੈ।

(ੳ) ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ।।[8]

(ਅ) ਗੁਰਮਤੀ ਆਪੁ ਗਵਾਇ ਨਾਮੁ ਧਿਆਈਐ ।।[9]

(ੲ) ਗੁਰ ਪਰਸਾਦੀ ਬੁਝਿ ਸਚਿ ਸਮਾਈਐ ।।[10]

ਉਪਰੋਕਤ ਅਧਿਆਤਮਕ ਵਿਚਾਰਾਂ ਦੀ ਫੁਹਾਰ ਦੇ ਸਰਬ-ਵਿਆਪਕ ਸੰਦੇਸ਼ ਦੀ ਝਰਨਾਹਟ ਵਿਚੋਂ ਇਕ ਸਾਂਝੀਵਾਲਤਾ ਦੇ ਸੰਦੇਸ਼ ਦੀ ਧੁਨੀ ਸਪਸ਼ਟ ਤੌਰ ਤੇ ਸੁਣੀ ਜਾ ਸਕਦੀ ਹੈ। ਇਹ ਇਕ ਸਾਂਝੀਵਾਲਤਾ ਵਾਲੇ ਸਮਾਜ ਦੀ ਉਸਾਰੀ ਵਲ ਮਾਰਗ ਦਰਸ਼ਨ ਕਰਦੀ ਹੈ। ਭਾਵ ਸਮਾਜਿਕ ਤਬਦੀਲੀ ਲਈ ਇਹ ਵਿਚਾਰਧਾਰਾ ਮਨੁੱਖੀ ਆਚਰਣ ਵਿਚ ਤਬਦੀਲੀ ਨੂੰ ਤਰਜੀਹ ਦਿੰਦੀ ਹੈ। ਗੁਰੂ ਸਾਹਿਬ ਦਾ ਇਹ ਆਸ਼ਾ, ਵਾਰ ਵਿਚਲੇ ਅਧਿਆਤਮਕ ਬੀਰ-ਉਤਸ਼ਾਹ ਰਾਹੀਂ ਪੂਰਾ ਹੁੰਦਾ ਹੈ।

**ਮਲਾਰ ਦੀ ਵਾਰ:**- ਇਸ ਵਾਰ ਦੀਆਂ 28 ਪਉੜੀਆਂ ਅਤੇ 58 ਸਲੋਕ ਹਨ। ਇਸ ਵਾਰ ਦਾ ਆਧਾਰ ਅਧਿਆਤਮਕ ਖੇਤਰ ਹੈ। ਇਸ ਵਾਰ ਵਿਚ ਗੁਰੂ ਨਾਨਕ ਦੀ ਇਹ ਵਿਚਾਰਧਾਰਾ ਅਭਿਵਿਅਕਤ ਹੋਈ ਹੈ ਕਿ ਜਗਿਆਸੂ ਦੀ ਆਤਮਿਕ ਉਨਤੀ ਦਾ ਮੂਲ ਆਧਾਰ ਰੱਬੀ-ਮਿਹਰ ਹੈ। ਰੱਬੀ ਮਿਹਰ ਜੀਵ ਦੇ ਹਰੇਕ ਖੇਤਰ ਦੀ ਸਫਲਤਾ ਲਈ ਜ਼ਰੂਰੀ ਹੈ। ਇਸ ਵਾਰ ਵਿਚ ਪਰਮਾਤਮਾ, ਜਗਤ ਅਤੇ ਮਨੁੱਖ ਦੇ ਸੰਕਲਪਗਤ ਸਰੂਪ ਅਤੇ ਇਹਨਾਂ ਦੇ ਪ੍ਰਸਪਰ ਦੁਵੱਲੇ ਸੰਬੰਧਾਂ ਦਾ ਦਾਰਸ਼ਨਿਕ ਉਲੇਖ ਬੜੇ ਸੂਖਮ ਪੱਧਰ ਤੇ ਹੋਇਆ ਹੈ:

ਆਪੇ ਜਗਤੁ ਉਪਾਇ ਕੈ ਗੁਣ ਅਉਗਣ ਕਰੇ ਬੀਚਾਰੁ।।
ਤ੍ਰੈ ਗੁਣ ਸਰਬ ਜੰਜਾਲੁ ਹੈ ਨਾਮਿ ਨ ਧਰੇ ਪਿਆਰੁ।।
ਗੁਣ ਛੋਡਿ ਅਉਗਣ ਕਮਾਵਦੇ ਦਰਗਹ ਹੋਹਿ ਖੁਆਰੁ।।[11]

ਇਸ ਵਾਰ ਵਿਚ ਦਾਰਸ਼ਨਿਕ ਅਤੇ ਅਧਿਆਤਮਕ ਵਿਚਾਰਾਂ ਦੀ ਅਭਿਵਿਅੰਜਨਾ ਹੋਈ ਹੈ। ਪਰਮਾਤਮਾ ਸਦੀਵੀ ਹੈ। ਸਰਬਸ਼ਕਤੀਮਾਨ ਹੈ। ਪ੍ਰਭੂ ਦੀ ਸਰਬ ਵਿਆਪਕਤਾ ਨੂੰ ਗੁਰੂ ਜੀ ਨੇ ਵਿਭਿੰਨ ਤਰ੍ਹਾਂ ਦੇ ਸੰਕੇਤਾਂ ਰਾਹੀਂ ਪ੍ਰਗਟਾਇਆ ਹੈ। ਉਹ ਅਗੰਮ, ਅਗੋਚਰ, ਅਲਖ, ਅਪਾਰ ਹੈ। ਗੁਰੂ ਸਾਹਿਬ ਨੇ ਇਸ ਵਾਰ ਵਿੱਚ ਪਰਮਾਤਮਾ ਦਾ ਜੱਸ ਗਾਇਨ ਕਰਦਿਆਂ ਹੋਇਆਂ ਨਾਲ ਹੀ ਮਨਮੁੱਖ ਦੇ ਜੀਵਨ

ਬਾਰੇ ਵੀ ਝਾਤ ਪੁਆਈ ਹੈ। ਪਰਮਾਤਮਾ ਨੇ ਇਸ ਸੰਸਾਰ ਦੀ ਰਚਨਾ ਇਕ ਅਖ਼ਾੜੇ ਦੀ ਤਰ੍ਹਾਂ ਕੀਤੀ ਹੈ ਜਿਸ ਵਿਚ ਚੰਗਿਆਈ ਤੇ ਬੁਰਾਈ ਦਾ ਘੋਲ ਹੁੰਦਾ ਹੈ। ਇਸ ਘੋਲ ਵਿਚ ਗੁਰੂ ਕਿਰਪਾ ਨਾਲ ਗੁਰਮੁਖ ਰੂਪੀ ਚੰਗਿਆਈ ਪ੍ਰਾਪਤ ਹੁੰਦੀ ਹੈ। ਇਸ ਵਾਰ ਦਾ ਅਧਿਆਤਮਕ ਪੱਖ ਗੁਰਮੁਖ ਤੇ ਮਨਮੁਖ ਦੇ ਘੋਲ ਰਾਹੀਂ ਸਪਸ਼ਟ ਹੁੰਦਾ ਹੈ। ਇਸ ਘੋਲ ਵਿਚ ਮਨਮੁਖ ਦਾ ਸੰਘਰਸ਼, ਮਨ ਨਾਲ ਹੁੰਦਾ ਹੈ। ਇਸ ਵਾਰ ਦਾ ਨਾਇਕ ਜਾਂ ਗੁਰਮੁਖ ਉਹੀ ਹੈ ਜਿਸ ਨੇ ਮਨ ਅੰਦਰਲੀਆਂ ਪੰਜ ਬਦੀਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉੱਤੇ ਕਾਬੂ ਪਾ ਲਿਆ ਹੈ।

ਆਪੇ ਛਿੰਝ ਪਵਾਇ ਮਲਾਖੜਾ ਰਚਿਆ॥
ਲਥੇ ਭੜਥੂ ਪਾਇ ਗੁਰਮੁਖਿ ਮਚਿਆ॥
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ॥
ਆਪਿ ਭਿੜੈ ਮਾਰਿ ਆਪਿ ਆਪਿ ਕਾਰਜੁ ਰਚਿਆ॥
ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ॥[12]

ਵਿਚਾਰ ਅਧੀਨ ਵਾਰ ਅਨੁਸਾਰ ਜਿਥੇ ਜੀਵ ਦੀਆਂ ਸੰਸਾਰਕ ਤੇ ਪਦਾਰਥਕ ਲੋੜਾਂ ਪ੍ਰਭੂ ਦੀ ਅਪਾਰ ਕਿਰਪਾ ਦੁਆਰਾ ਪੂਰਨ ਹੁੰਦੀਆਂ ਹਲ, ਉਥੇ ਉਸ ਦਾ ਸਦਾਚਾਰਕ ਬੌਧਿਕ ਤੇ ਅਧਿਆਤਮਕ ਵਿਕਾਸ ਵੀ ਪ੍ਰਭੂ ਦੀ ਕਿਰਪਾ ਤੇ ਨਿਰਭਰ ਕਰਦਾ ਹੈ। ਜਿਸ ਜੀਵ ਤੇ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਹੋ ਜਾਂਦੀ ਹੈ ਉਹ ਵਡਭਾਗਾ ਹੈ। ਉਸ ਨੂੰ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਜਨ ਸਧਾਰਣ ਨੂੰ ਜਾਗਰੂਕ ਕੀਤਾ ਹੈ ਕਿ ਕਈ ਚਲਾਕ ਲੋਕ ਆਪਣੇ ਵਿਅਕਤੀਗਤ ਹਿੱਤਾਂ ਤੇ ਸਵਾਰਥ ਲਈ ਭੋਲੇ ਭਾਲੇ ਲੋਕਾਂ ਨੂੰ ਵਿਅਰਥ ਦੇ ਕਰਮਕਾਂਡਾਂ, ਵਹਿਮਾਂ, ਭਰਮਾਂ, ਵਰਤਾਂ ਆਦਿ ਵਿਚ ਉਲਝਾਈ ਰੱਖਦੇ ਹਨ। ਉਹਨਾਂ ਤੋਂ ਸੁਚੇਤ ਹੋਣਾ ਜ਼ਰੂਰੀ ਹੈ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਮਲ੍ਹਾਰ ਦੀ ਵਾਰ ਅਨੁਸਾਰ ਪਰਮਾਤਮਾ ਨੇ ਜੀਵਾਂ ਲਈ ਸੰਸਾਰ ਇਕ ਕਰਮ ਖੇਤਰ ਬਣਾਇਆ ਹੈ। ਜਿੱਥੇ ਜਿਹੜੇ ਜੀਵ ਗੁਰੂ ਦੀ ਸ਼ਰਨ ਪੈ ਕੇ ਉਤਮ ਕਰਮ ਕਰਦੇ ਹਨ ਉਹ ਗੁਰਮੁਖ ਅਖਵਾਉਂਦੇ ਹਨ ਅਤੇ ਇਸ ਕਰਮ ਖੇਤਰ ਵਿਚ ਸਫਲਤਾ ਹਾਸਿਲ ਕਰਦੇ ਹਨ ਪਰ ਜਿਹੜੇ ਜੀਵ ਆਪਣੇ ਮੰਦੇ ਕਰਮਾਂ

ਕਰਕੇ ਮਨ ਦੇ ਮਗਰ ਲੱਗ ਕੇ ਮਾਇਆ ਦੇ ਨਸ਼ੇ ਵਿਚ ਚੂਰ ਹੋ ਜਾਂਦੇ ਹਨ ਉਹ ਮਨਮੁੱਖ ਹਨ ਤੇ ਜੀਵਨ ਦੀ ਬਾਜੀ ਹਾਰ ਹੰਭ ਕੇ ਬੈਠ ਜਾਂਦੇ ਹਨ।

ਤੱਤਕਾਲੀਨ ਸਮਾਜ ਦੇ ਬਹੁ-ਪੱਖੀ ਨਿਘਾਰ ਤੋਂ ਆਮ ਲੋਕਾਈ ਨੂੰ ਛੁਟਕਾਰਾ ਪਵਾਉਣ ਲਈ ਗੁਰੂ ਨਾਨਕ ਦੁਆਰਾ ਇਹ ਅਧਿਆਤਮਕ ਸੰਦੇਸ਼ ਲੋਕਾਈ ਨੂੰ ਮੁਖ਼ਾਤਬ ਹੈ ਕਿ ਮਨੁੱਖੀ ਜੀਵਨ ਇਕ ਸੰਘਰਸ਼ ਹੈ ਤੇ ਸੰਸਾਰ ਇਸ ਘੋਲ ਘੁਲਣ ਦਾ ਮੱਲ ਅਖਾੜਾ ਹੈ। ਮਨੁੱਖ ਦਾ ਧਰਮ ਹੈ ਕਿ ਉਹ ਆਪਣੇ ਮਾਲਕ ਦੀ ਪ੍ਰਾਪਤੀ ਲਈ ਇਸ ਅਖਾੜੇ ਵਿਚ ਉਤਰ ਕੇ ਮਨਮੁੱਖ (ਵੇਲੇ ਦਾ ਲੋਟੂ ਸ਼ਾਸਕ ਵਰਗ) ਨੂੰ ਨੇਕੀ ਦੇ ਬਲ ਨਾਲ ਹਰਾਏ ਅਤੇ ਇਕ ਆਦਰਸ਼ ਸਮਾਜ ਦੀ ਸਥਾਪਨਾ ਕਰੇ। ਅਸਲ ਵਿਚ ਗੁਰੂ ਸਾਹਿਬ ਅਜਿਹੇ ਅਧਿਆਤਮਕ ਸੰਦੇਸ਼ ਰਾਹੀਂ ਮਨੁੱਖ ਨੂੰ ਮਨੁੱਖਤਾ ਦੇ ਮਾਰਗ ਤਕ ਲੈ ਜਾਂਦੇ ਹਨ।

**ਆਸਾ ਦੀ ਵਾਰ:-** ਆਸਾ ਦੀ ਵਾਰ ਦਾ ਆਰੰਭ ਪਰਮਾਤਮਾ ਦੇ ਸਰੂਪ ਦੇ ਵਰਨਣ ਨਾਲ ਹੁੰਦਾ ਹੈ। ਇਸ ਵਾਰ ਦੀਆਂ ਕੁਲ 24 ਪਉੜੀਆਂ ਹਨ ਅਤੇ ਇਨਾਂ ਨਾਲ 59 ਸਲੋਕ ਹਨ। ਇਸ ਵਾਰ ਵਿਚ ਗੁਰੂ ਨਾਨਕ ਦੀ ਦਾਰਸ਼ਨਿਕ ਅਤੇ ਅਧਿਆਤਮਕ ਵਿਚਾਰਧਾਰਾ ਦਾ ਪ੍ਰਗਟਾ ਤੱਤਕਾਲੀਨ ਸਮਾਜਿਕ ਤੇ ਰਾਜਨੀਤਕ ਪ੍ਰਸੰਗਕਤਾ ਵਿਚ ਹੋਇਆ ਹੈ। ਆਸਾ ਦੀ ਵਾਰ ਬਾਰੇ ਡਾ. ਸੁਖਵਿੰਦਰ ਕੌਰ ਬਾਜਵਾ ਨੇ ਬਹੁਤ ਹੀ ਭਾਵਪੂਰਤ ਵਿਚਾਰ ਇਉਂ ਪੇਸ਼ ਕੀਤੇ ਹਨ:

> ਗੁਰੂ ਨਾਨਕ ਫਲਸਫੇ ਤੋਂ ਇਕ ਗੱਲ ਜ਼ਾਹਿਰ ਹੁੰਦੀ ਹੈ ਕਿ ਉਹਨਾਂ ਦਾ ਫਲਸਫਾ ਤੱਤਕਾਲੀਨ ਦਮਨਕਾਰੀ ਪ੍ਰਬੰਧ ਤੋਂ ਆਮ ਜਨਤਾ ਨੂੰ ਜਾਗਰੂਕ ਕਰਕੇ ਇਕ ਸੁਤੰਤਰ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਵਲ ਰੁਚਿਤ ਹੈ। ਅਧਿਆਤਮਕ ਵਾਰ ਕਾਵਿ ਦਾ ਕਾਵਿ-ਪ੍ਰਵਚਨ ਵੀ ਇਕੋ ਵੇਲੇ ਰਾਜਸੀ ਅਧੋਗਤੀਆਂ ਜਾਂ ਦਮਨਕਾਰੀ ਰਾਜ ਪ੍ਰਬੰਧ ਦੇ ਵਿਰੋਧ ਵਿਚ ਲੋਕ-ਮਾਨਸਿਕਤਾ ਵਿਚ ਸੰਜਮ ਸਿਰਜਣ ਦੀ ਕੋਸ਼ਿਸ਼ ਕਰਦਾ ਹੈ।[13]

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੀ ਦਾਰਸ਼ਨਿਕ ਵਿਚਾਰਧਾਰਾ ਦਾ 'ਗੁਰੂ' ਕੇਂਦਰੀ ਚਿਨ੍ਹ ਹੈ। 'ਗੁਰੂ' ਹੀ ਮਨੁੱਖ ਨੂੰ ਪੂਰਨ ਅਧਿਆਤਮਕਤਾ ਦੇ ਰਾਹ ਤੇ ਤੋਰਦਾ ਹੈ। ਗੁਰੂ ਨਾਨਕ ਦੇਵ ਦਾ ਫਲਸਫਾ ਹੈ ਕਿ 'ਗੁਰੂ' ਜੀਵ ਅਤੇ ਪਰਮਾਤਮਾ ਵਿਚਕਾਰ ਵਿਚੋਲਾ ਹੀ ਨਹੀਂ ਸਗੋਂ ਉਹ ਪਰਮਾਤਮਾ ਦੇ ਸਮਾਨਰਥੀ ਗੁਣਾਂ ਦਾ ਧਾਰਨੀ ਵੀ ਹੈ:

ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥
ਸਤਿਗੁਰਿ ਮਿਲਿਐ ਸਚੁ ਪਾਇਆ ਜਿਨੀ ਵਿਚਹੁ ਆਪੁ ਗਵਾਇਆ॥
ਜਿਨਿ ਸਚੋ ਸਚੁ ਬੁਝਾਇਆ।[14]

ਆਸਾ ਦੀ ਵਾਰ ਸਮਾਜ ਸੁਧਾਰਿਕ ਤੇ ਇਨਸਾਫੀ ਰਚਨਾ ਹੈ। ਇਸ ਵਾਰ ਵਿਚ ਗੁਰੂ ਸਾਹਿਬ ਦੇ ਦਾਰਸ਼ਨਿਕ ਤੇ ਧਾਰਮਿਕ ਵਿਚਾਰ ਤਾਂ ਲਗਭਗ ਉਹੀ ਹਨ ਜੋ ਉਨ੍ਹਾਂ ਦੀਆਂ ਬਾਕੀ ਰਚਨਾਵਾਂ ਵਿਚ ਪੇਸ਼ ਕੀਤੇ ਗਏ ਹਨ। ਪ੍ਰੰਤੂ ਰਾਜਨੀਤਕ ਤੇ ਸਭਿਆਚਾਰਕ, ਖ਼ਾਸ ਕਰਕੇ ਰਸਮਾਂ ਤੇ ਕਰਮ ਕਾਂਡਾਂ ਬਾਰੇ ਉਨ੍ਹਾਂ ਦੇ ਵਿਚਾਰ ਇਥੇ ਵਧੇਰੇ ਵਿਸਥਾਰ ਤੇ ਬੱਝਵੇਂ ਰੂਪ ਵਿਚ ਪ੍ਰਗਟ ਹੋਏ ਹਨ। ਇਸ ਵਾਰ ਵਿਚ ਜਿਥੇ ਗੁਰੂ ਸਾਹਿਬ ਨੇ ਉਸ ਸਮੇਂ ਦੀ ਧਾਰਮਿਕ, ਰਾਜਨੀਤਕ, ਆਰਥਿਕ ਤੇ ਸਮਾਜਿਕ ਹਾਲਤ 'ਤੇ ਚਾਨਣਾ ਪਾਇਆ ਹੈ ਉਥੇ ਭੁਲੀ ਭਟਕੀ ਲੋਕਾਈ ਨੂੰ ਠੀਕ ਮਾਰਗ ਤੇ ਚਲਣ ਦੀ ਸੇਧ ਵੀ ਦਿੱਤੀ ਹੈ।

ਗੁਰੂ ਨਾਨਕ ਦੇਵ ਜੀ ਨੇ ਇਸ ਵਾਰ ਵਿਚ ਯੁਧ ਕਥਾ ਦੀ ਥਾਂ ਮਾਨਵੀ ਜੀਵਨ ਨੂੰ ਅਧਿਆਤਮਕ ਕਰਮ ਖੇਤਰ ਵਿਚ ਜੂਝਦਿਆਂ ਪ੍ਰਸਤੁਤ ਕੀਤਾ ਹੈ। ਉਦੇਸ਼ ਪੱਖੋਂ ਇਹ ਵਾਰ ਜਗਿਆਸੂ ਦੀ ਉਸ ਤੜਪ ਦਾ ਬਿੰਬਾਤਮਕ ਪ੍ਰਗਟਾ ਹੈ ਜਿਸ ਨੇ ਆਪਣੇ ਕਰਮਾਂ ਵਸ ਪ੍ਰਭੂ ਨਾਲੋਂ ਵਿਥ ਪਾ ਲਈ ਹੈ ਤੇ ਹੁਣ ਉਸ ਦਾ ਉਦੇਸ਼ ਫਿਰ ਪ੍ਰਭੂ ਨਾਲ ਮਿਲਾਪ ਕਰਨਾਂ ਹੈ। ਪ੍ਰਭੂ ਨਾਲ ਪੁਨਰ ਮਿਲਾਪ ਇਤਨਾ ਸੁਖਾਲਾ ਨਹੀਂ ਸਗੋਂ ਜੀਵ ਦੇ ਰਾਹ ਵਿਚ ਅਨੇਕ ਰੁਕਾਵਟਾਂ ਹਨ। ਵਿਕਾਰਾਂ ਦਾ ਜਾਲ ਹੈ। ਮਾਇਆਵੀ ਪਦਾਰਥਾਂ ਦੀ ਸੁੰਦਰਤਾ ਵਿਸ਼ੇ-ਵਿਕਾਰਾਂ ਵਿਚ ਗਲਤਾਨ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਆਪਣਾ ਬਹੁਮੁੱਲਾ ਜਨਮ ਗਵਾ ਬੈਠਦਾ ਹੈ।

ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੁਆਇਆ॥
ਮਨਿ ਅੰਧੈ ਜਨਮੁ ਗਵਾਇਆ॥[15]

ਇਸ ਵਾਰ ਵਿਚ ਗੁਰੂ ਸਾਹਿਬ ਨੇ ਮਨੁੱਖ ਦੇ ਸਖਸ਼ੀ ਤੇ ਸਮਾਜਿਕ ਗੁਣਾਂ-ਔਗੁਣਾਂ ਦਾ ਵੀ ਜ਼ਿਕਰ ਕੀਤਾ ਹੈ। ਤੱਤਕਾਲੀ ਧਾਰਮਿਕ ਵਿਚਾਰਾਂ ਅਤੇ ਪ੍ਰਭੂ ਪ੍ਰਾਪਤੀ ਲਈ ਕੀਤੇ ਜਾ ਰਹੇ ਸਾਧਨਾਂ ਤੇ ਨਿਖਰਵੀਂ ਪੜਚੋਲ ਕਰਕੇ ਧਾਰਮਿਕ ਵਹਿਮਾਂ ਤੇ ਪਾਖੰਡਾਂ ਦਾ ਖੰਡਨ ਕਰਦਿਆਂ ਕਈ ਗਲਤ-ਫਹਿਮੀਆਂ ਵਲ ਜ਼ੋਰਦਾਰ ਆਵਾਜ਼ ਉਠਾਈ ਹੈ। ਇਸ ਵਾਰ ਵਿਚਲੀ ਗੁਰੂ ਨਾਨਕ ਦੀ ਵਿਚਾਰਧਾਰਾ ਆਤਮਿਕ, ਸਦਾਚਾਰਕ ਅਤੇ ਸਮਾਜਿਕ ਧਰਾਤਲ ਤੇ ਮਨੁੱਖ ਦੀ ਪੂਰਨ ਅਗਵਾਈ ਕਰਦੀ ਹੈ ਤੇ ਮਨੁੱਖ ਲਈ ਸਹੀ ਰਵੱਈਏ ਦਾ ਨਿਰਣਾ ਕਰਦੀ ਹੈ ਕਿ ਸਾਨੂੰ ਹੋਰ ਮਨੁੱਖਾਂ ਨਾਲ ਕਿਵੇਂ ਵਰਤਣਾ ਹੈ ਤੇ ਜੀਵਨ ਨੂੰ ਸਫਲ ਬਣਾਉਣ ਲਈ ਕਿਹੜੇ ਗੁਣਾਂ ਦਾ ਧਾਰਨੀ ਹੋਣਾ ਹੈ ਤੇ ਕਿਹੜੇ ਔਗੁਣ ਤਿਆਗਣੇ ਹਨ।

ਗੁਰੂ ਨਾਨਕ ਨੇ ਆਪਣੀ ਹੋਰ ਬਾਣੀ-ਰਚਨਾ ਵਾਂਗ 'ਆਸਾ ਦੀ ਵਾਰ' ਵਿਚ ਵੀ ਬਹੁਤ ਸੰਜਮ ਤੇ ਸੰਕੋਚ ਤੋਂ ਕੰਮ ਲਿਆ ਹੈ। ਮਨੁੱਖੀ ਜੀਵਨ ਵਿਚ ਕੰਮ ਆਉਣ ਵਾਲੇ ਬਹੁਮੱਲੇ ਗੁਰੂ ਅਧਿਆਤਮਕ ਗੁਰ ਮੰਤ੍ਰ ਸੰਖੇਪ ਵਿਚ ਬਿਆਨ ਕੀਤੇ ਹਨ। ਕਈ ਅਧਿਆਤਮਕ ਤੁਕਾਂ ਤਾਂ ਅਖਾਣਾਂ ਵਾਂਗ ਸੁਤੇ-ਸਿਧ ਮੂੰਹ ਚੜ੍ਹ ਜਾਂਦੀਆਂ ਹਨ ਅਤੇ ਕਿਸੇ ਅਟਲ ਸਦਾਚਾਰਕ ਜਾਂ ਸਮਾਜਿਕ ਸਚਾਈ ਦਾ ਬਿਆਨ ਕਰਦੀਆ ਹਨ:

(ੳ) ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥[16]

(ਅ) ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥[17]

(ੲ) ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥[18]

(ਸ) ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥ ਕਿਛੁ ਲਾਹੇ ਉਪਰ ਘਾਲੀਐ॥[19]

(ਹ) ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥ ਮੂਰਖੈ ਨਾਲਿ ਨ ਲੁਝੀਐ॥[20]

ਇਸ ਵਾਰ ਦਾ ਦਾਰਸ਼ਨਿਕ ਪਹਿਲੂ ਜਾਂ ਪਰਾਭੌਤਿਕੀ ਗਿਆਨ ਪੱਖ, ਰੱਬੀ-ਹੁਕਮ, ਰੱਬੀ ਮਿਹਰ, ਕੁਦਰਤ ਦਾ ਪਸਾਰਾ ਅਤੇ ਸਾਰੀ ਰੱਬੀ ਸਾਜਨਾ ਵਿਚ ਰੱਬੀ ਜੋਤ ਹੋਣ ਬਾਰੇ ਚਾਨਣਾ ਪਾਉਂਦਾ ਹੈ।

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥[21]

**ਗੁਰੂ ਅਮਰਦਾਸ**

ਗੂਜਰੀ ਦੀ ਵਾਰ :- ਇਸ ਵਾਰ ਵਿਚ ਕੁਲ 22 ਪਉੜੀਆਂ ਅਤੇ 44 ਸਲੋਕ ਹਨ। ਇਸ ਵਾਰ ਵਿਚਲੇ ਦਾਰਸ਼ਨਿਕ ਚਿੰਤਨ ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਗੁਰੂ ਸਾਹਿਬ ਨੇ ਪਰਮਾਤਮਾ ਦੀ ਨਿਰਗੁਣ ਭਾਵ ਸੁੰਨਹੇ ਅਵਸਥਾ ਦਾ ਗਿਆਨ ਕਰਵਾਇਆ ਹੈ। ਸ੍ਰਿਸ਼ਟੀ ਰਚਨਾ ਤੋਂ ਪਹਿਲਾਂ 'ਪਰਮਾਤਮਾ' ਤੋਂ ਇਲਾਵਾ ਕੋਈ ਚੀਜ਼ ਵਜੂਦ ਵਿਚ ਨਹੀਂ ਸੀ। ਉਸ ਵੇਲੇ ਨਾ ਅਸਮਾਨ, ਨਾ ਪਾਤਾਲ, ਨਾ ਮਾਤ ਲੋਕ ਸੀ। ਉਸ ਤੋਂ ਬਿਨਾਂ ਹੋਰ ਕੁਝ ਨਹੀਂ ਸੀ:

ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ॥
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ॥
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ॥
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ॥
ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨਾ ਕੋਈ॥[22]

ਗੁਰੂ ਸਾਹਿਬ ਦੀ ਦਾਰਸ਼ਨਿਕ ਵਿਚਾਰਧਾਰਾ ਦਾ ਦੂਜਾ ਨੁਕਤਾ ਸੰਸਾਰ ਰਚਨਾ ਬਾਰੇ ਹੈ:

ਪ੍ਰਭਿ ਸੰਸਾਰੁ ਉਪਾਇ ਕੈ ਵਸਿ ਆਪਣੈ ਕੀਤਾ॥

ਗਣਤੈ ਪ੍ਰਭੂ ਨ ਪਾਈਐ ਦੂਜੈ ਭਰਮੀਤਾ॥

ਸਤਿਗੁਰ ਮਿਲਿਐ ਜੀਵਤੁ ਮਰੈ ਬੁਝਿ ਸਚਿ ਸਮੀਤਾ॥

ਸਬਦੇ ਹਉਮੈ ਖੋਈਐ ਹਰਿ ਮੇਲਿ ਮਿਲੀਤਾ॥

ਸਭ ਕਿਛੁ ਜਾਣੈ ਕਰੇ ਆਪਿ ਆਪੇ ਵਿਗਸੀਤਾ॥[23]

ਪ੍ਰਭੂ ਨੇ ਸੰਸਾਰ/ਦੁਨੀਆਂ ਪੈਦਾ ਕਰਕੇ ਇਸ ਨੂੰ ਆਪਣੇ ਕੰਟਰੋਲ ਵਿਚ ਰੱਖਿਆ ਹੋਇਆ ਹੈ। ਗੁਰੂ ਸਾਹਿਬ ਮਨੁੱਖ ਨੂੰ ਅਧਿਆਤਮਕਤਾ ਦੇ ਰਸਤੇ ਤੋਰਨ ਲਈ ਇਹ ਸੁਝਾਉਣੀ ਵੀ ਕਰਦੇ ਹਨ ਕਿ ਗੁਰੂ ਦੇ ਸ਼ਬਦ ਦੁਆਰਾ ਹਉਮੈ ਨਾਸ ਕਰਕੇ ਗੁਰੂ ਨਾਲ ਮਿਲਾਪ ਕਰ।

ਵਾਰ ਦਾ ਸਮੁੱਚਾ ਭਾਵ ਮਨੁੱਖ ਦੀ ਆਜ਼ਾਦੀ ਪ੍ਰਤੀ ਇਹ ਹੈ ਕਿ ਗੁਰੂ ਦੇ ਉਪਦੇਸ਼ ਰਾਹੀਂ ਹਉਮੈ ਛੱਡ ਕੇ ਪ੍ਰਭੂ-ਭਾਣੇ ਵਿਚ ਰਹਿ ਕੇ ਰੱਬੀ ਪਿਆਰ ਵਿਚ ਮਸਤ ਹੋ ਕੇ ਰਹਿ। ਇਸ ਤਰ੍ਹਾਂ ਕਰਨ ਨਾਲ ਮਨੁੱਖ ਅੰਦਰੋਂ ਬੁਰੇ ਖ਼ਿਆਲ ਤੇ ਅਗਿਆਨ ਦੂਰ ਹੋਵੇਗਾ ਤੇ ਮਨੁੱਖ ਦਾ ਮਨੁੱਖ ਪ੍ਰਤੀ ਪਿਆਰ ਹੀ, ਇਕ ਆਦਰਸ਼ ਸਮਾਜ ਦੀ ਸਿਰਜਣਾ ਕਰ ਸਕੇਗਾ। ਇਸ ਆਦਰਸ਼ ਤੇ ਗਿਆਨ-ਸੰਦਰਭੀ ਆਧਾਰ ਤੇ ਨਿਆਂਸ਼ੀਲ ਪ੍ਰਬੰਧ ਉਸਰ ਸਕੇਗਾ ਜੋ ਮਨੁੱਖੀ ਆਜ਼ਾਦੀ ਪ੍ਰਤਿ ਸੁਚੇਤ ਹੋਵੇਗਾ।

**ਸੂਹੀ ਦੀ ਵਾਰ:-**

ਇਸ ਵਾਰ ਵਿਚ 20 ਪਉੜੀਆਂ ਅਤੇ 47 ਸਲੋਕ ਹਨ। ਗੁਰਬਾਣੀ ਵਿਚ ਆਏ ਮੂਲ ਦਾਰਸ਼ਨਿਕ ਵਿਚਾਰਾਂ ਅਨੁਸਾਰ ਇਸ ਵਾਰ ਵਿਚ ਵੀ ਗੁਰੂ ਸਾਹਿਬ ਨੇ ਰੱਬ ਤੇ ਰੱਬੀ ਹੁਕਮ ਨੂੰ ਹੀ ਇਸ ਸ੍ਰਿਸ਼ਟੀ ਰਚਨਾ ਦਾ ਮੂਲ ਦਰਸਾਇਆ ਹੈ:

(ੳ) ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ॥

ਹੁਕਮੇ ਧਰਤੀ ਸਾਜੀਅਨੁ ਸਚੀ ਧਰਮ ਸਾਲਾ॥[24]

(ਅ) ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ॥

ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ॥[25]

ਉਪਰੋਕਤ ਤੋਂ ਇਲਾਵਾ ਗੁਰੂ ਸਾਹਿਬ ਨੇ ਇਸ ਵਾਰ ਵਿੱਚ ਕੁਝ ਸਮਾਜਿਕ ਬੁਰਾਈਆਂ (ਸਤੀ ਪ੍ਰਥਾ) ਤੇ ਮਨਮੁੱਖਾਂ ਨੂੰ ਸੱਚੇ ਮਾਰਗ ਪਾਉਣ ਲਈ ਅਧਿਆਤਮਕ ਸੇਧ ਪ੍ਰਦਾਨ ਕੀਤੀ ਹੈ। ਅਸਲ ਵਿਚ ਮਨੁੱਖੀ ਮਾਨਸਿਕਤਾ ਹੀ ਸਮਾਜਿਕ ਆਧਾਰ ਬਣਦੀ ਹੈ। ਗੁਰੂ ਦੀ ਅਧਿਆਤਮਕ ਸੇਧ ਹੀ ਮਾਨਵੀ ਮਾਨਸਿਕਤਾ ਨੂੰ ਸਮਾਜਿਕ ਪ੍ਰਸੰਗਾਂ ਨਾਲ ਜੋੜ ਕੇ ਗੁਰੂ ਦੁਆਰਾ ਦਰਸਾਏ ਅਧਿਆਤਮਕ ਮਾਰਗ ਤੇ ਤੁਰਦਿਆਂ ਇਉਂ ਸਥਾਪਿਤ ਕੀਤੀਆਂ ਜਾ ਸਕਦੀਆਂ ਹਨ।

ਹਰਿ ਹਰਿ ਨਾਮੁ ਸਲਾਹੀਐ ਸਚੁ ਕਾਰ ਕਮਾਵੈ॥
ਦੂਜੀ ਕਾਰੈ ਲਗਿਆ ਫਿਰਿ ਜੋਨੀ ਪਾਵੈ।[26]

**ਰਾਮਕਲੀ ਦੀ ਵਾਰ :-**

ਇਸ ਵਾਰ ਦੀਆਂ 21 ਪਉੜੀਆਂ ਅਤੇ 52 ਸਲੋਕ ਦਰਜ ਹਨ। ਇਸ ਵਾਰ ਵਿਚ ਵੀ ਗੁਰੂ ਸਾਹਿਬ ਦੇ ਦਾਰਸ਼ਨਿਕ ਵਿਚਾਰ ਅਤੇ ਅਧਿਆਤਮਕ ਅਨੁਭਵ ਪਹਿਲਾਂ ਆਈਆਂ ਵਾਰਾਂ ਨਾਲ ਮਿਲਦੇ ਹਨ। ਪਰਮਾਤਮਾ ਆਪ ਹੀ ਇਸ ਬਹੁ-ਰੰਗੀ ਸ੍ਰਿਸ਼ਟੀ ਦੀ ਸਿਰਜਣਾ ਕਰਦਾ ਹੈ:

(ੳ) ਵੇਕੀ ਸ੍ਰਿਸਟਿ ਉਪਾਇਅਨੁ ਸਭ ਹੁਕਮਿ ਆਵੈ ਜਾਇ ਸਮਾਹੀ॥
ਆਪੇ ਵੇਖਿ ਵਿਗਸਦਾ ਦੂਜਾ ਕੋ ਨਾਹੀ॥[27]

(ਅ) ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ॥
ਆਪੇ ਸ੍ਰਿਸਟਿ ਸਭ ਸਾਜੀਅਨੁ ਆਪਿ ਮਤਿ ਦੀਨੀ ।[28]

ਗੁਰੂ ਸਾਹਿਬ ਦਾ ਅਧਿਆਤਮਕ ਅਨੁਭਵ ਸਮਾਜਿਕ ਸੰਦਰਭਾਂ ਨਾਲ ਜੁੜਿਆ ਹੈ। ਵਾਰ ਦਾ ਅਧਿਆਤਮਕ ਕਲੇਵਰ 'ਮਾਇਆ ਨਿਜ਼ਾਮ' ਨੂੰ ਖ਼ਤਮ ਕਰਨ ਵਲ ਰੁਚਿਤ ਹੈ। 'ਮਨਮੁੱਖ' ਜੋ ਤੱਤਕਾਲੀਨ ਸ਼ਾਸਕੀ ਵਰਗ ਦਾ ਪ੍ਰਤੀਕ ਹੈ, ਨੂੰ 'ਦੁੱਖ ਕਾ ਖੇਤ' ਦੇ ਪ੍ਰਤੀਕ ਰਾਹੀਂ ਪੇਸ਼ ਕੀਤਾ ਹੈ:

ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ॥[29]

ਮਨਮੁੱਖ ਦੀ ਇਸ ਮਾਨਸਿਕਤਾ ਨੂੰ ਤੋੜਨਾ ਦਾ ਹੀ ਇਸ ਅਧਿਆਤਮਕ ਵਾਰ ਵਿਚ ਘੋਲ ਚਲਦਾ ਹੈ। ਇਸ ਨੁਕਤੇ ਨੂੰ ਸਮਝਣ ਨਾਲ ਹੀ ਇਸ ਵਾਰ ਦੇ ਅਧਿਆਤਮਕ ਸਰੂਪ ਨੂੰ ਪਹਿਚਾਣਿਆ

ਜਾ ਸਕਦਾ ਹੈ।

**ਮਾਰੂ ਦੀ ਵਾਰ:-**

ਇਸ ਵਾਰ ਦੀਆਂ ਕੁਲ 22 ਪਉੜੀਆਂ ਹਨ ਤੇ 47 ਸਲੋਕ ਹਨ।ਇਸ ਵਾਰ ਵਿਚ ਗੁਰੂ ਸਾਹਿਬ ਨੇ ਇਸ ਵਾਰ ਵਿਚਲੇ ਅਧਿਆਤਮਕ ਘੋਲ ਨੂੰ ਬਹੁਤ ਹੀ ਸਾਰਥਿਕ ਸ਼ਬਦਾਵਲੀ ਰਾਹੀਂ ਇਉਂ ਪੇਸ਼ ਕੀਤਾ ਹੈ:

ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ॥
ਦੂਜਾ ਭ੍ਰਮ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ॥
ਹਰਿ ਕਾ ਨਾਮੁ ਮਨਿ ਵਸਿਆ .ਗੁਰ ਸਬਦਿ ਵੀਚਾਰਾ॥
ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ॥
ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ॥[30]

ਗੁਰੂ ਤੋਂ ਗਿਆਨ ਰੂਪੀ ਤੇਜ ਧਾਰ ਖੜਗ ਲੈ ਕੇ ਦਵੈਤ ਤੇ ਭਰਮ ਦਾ ਕਿਲਾ ਤੋੜਿਆ ਤੇ ਲੋਭ ਮੋਹ ਹੰਕਾਰ ਨੂੰ ਛੱਡ ਦਿੱਤਾ। ਇਸ ਸਰੀਰ ਰੂਪੀ ਕਿਲੇ ਵਿਚ ਹੁਣ ਸੱਚ ਦਾ ਵਾਸਾ ਹੋ ਗਿਆ ਹੈ। ਗੁਰੂ ਸਾਹਿਬ ਦੀ ਉਪਰੋਕਤ ਅਧਿਆਤਮਕ ਵਿਚਾਰਧਾਰਾ ਦੇ ਪਿਛੋਕੜ ਵਿਚ ਤੱਤਕਾਲੀਨ ਪ੍ਰਸਥਿਤੀਆਂ, ਪੱਖਪਾਤੀ ਰਵੱਈਆ, ਵੱਢੀ-ਖੋਰੀ, ਲਾਲਚ, ਪਾਖੰਡ ਜਾਂ ਦੰਭ ਤੇ ਸ਼ਾਸਕਾਂ ਦੇ ਜ਼ੁਲਮਾਂ ਪ੍ਰਤਿ ਵਿਦਰੋਹ ਦੀ ਭਾਵਨਾ ਨੂੰ ਧਾਰਮਿਕ-ਪ੍ਰਸਥਿਤੀਆਂ ਨਾਲ ਜੋੜ ਕੇ ਸਿਰਜਣਾਤਮਕਤਾ ਦਾ ਕੇਂਦਰ ਬਣਾਇਆ ਹੈ। ਵਾਰ ਦਾ ਅਸਲ ਮਸਲਾ ਸਮਾਜਿਕ ਗਿਆਨ ਹੈ ਜਿਸ ਰਾਹੀਂ ਮਨੁੱਖ ਨੂੰ ਉਸ ਦੀ ਨਿੱਜੀ ਆਜ਼ਾਦੀ ਦੇ ਮਹੱਤਵ ਤੋਂ ਜਾਣੂ ਕਰਵਾ ਕੇ ਸ਼ਾਸਕ ਵਰਗ ਦੀ ਦਮਨਕਾਰੀ ਨੀਤੀਆਂ ਵਿਰੁੱਧ ਡਟ ਜਾਣ ਦਾ ਆਦਰਸ਼ ਪ੍ਰਗਟ ਕੀਤਾ ਹੈ।

**ਗੁਰੂ ਰਮਾਦਾਸ ਜੀ ਦੀਆਂ ਵਾਰਾਂ**

**ਸਿਰੀ ਰਾਗ ਦੀ ਵਾਰ:-**

ਇਸ ਵਾਰ ਨੂੰ ਚੌਥੇ ਗੁਰੂ ਰਾਮਦਾਸ ਜੀ ਨੇ ਰਚਿਆ ਹੈ। ਗੁਰਮਤਿ ਸੰਗੀਤ ਪੱਧਤੀ ਵਿਚ ਸਭ

ਤੋਂ ਪ੍ਰਮੁੱਖ ਸਥਾਨ ਸਿਰੀ ਰਾਗ ਨੂੰ ਦਿੱਤਾ ਗਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਇਸ ਰਾਗ ਬਾਰੇ ਫੁਰਮਾਨ ਹੈ : "ਰਾਗਾਂ ਵਿਚ ਸ੍ਰੀ ਰਾਗ ਹੈ ਜੇ ਸਚਿ ਧਰੈ ਪਿਆਰ" ਇਸ ਵਾਰ ਦਾ ਦਾਰਸ਼ਨਿਕ ਵਿਚਾਰ ਇਹ ਹੈ ਕਿ ਪਰਮਾਤਮਾ ਇਕ ਹੈ। ਪਰਮਾਤਮਾ ਸਰਵ ਵਿਆਪਕ ਹੈ ਅਤੇ ਹਰੇਕ ਜੀਵ ਦੇ ਅੰਦਰ ਵਸ ਰਿਹਾ ਹੈ।

ਉਹ ਜੀਵਾਂ ਨੂੰ ਪੈਦਾ ਕਰਦਾ ਹੈ, ਪਾਲਦਾ ਤੇ ਕੰਮ ਕਾਜਾਂ ਵਿਚ ਲਾਉਂਦਾ ਹੈ ਤੇ ਦੁਨੀਆਂ ਚਲਾਉਂਦਾ ਹੈ। ਦੁਨਿਆਵੀ ਤੇ ਰੂਹਾਨੀ ਸਭ ਦਾਤਾਂ ਉਸ ਪਾਸੋਂ ਪ੍ਰਾਪਤ ਹੁੰਦੀਆਂ ਹਨ:-

(ੳ) ਹਰਿ ਤੁਧਹੁ ਬਾਹਰਿ ਕਿਛੁ ਨਾਹੀ ਤੂੰ ਸਚਾ ਸਾਈ।।
ਤੂੰ ਆਪੇ ਆਪਿ ਵਰਤਦਾ ਸਭਨਾ ਹੀ ਥਾਈਂ।।[31]

(ਅ) ਸਿਸਟਿ ਉਪਾਈ ਸਭ ਤੁਧੁ ਆਪੇ ਰਿਜਕੁ ਸੰਬਾਹਿਆ।।[32]

ਇਸ ਵਾਰ ਦਾ ਅਧਿਆਤਮਕਤਾ ਵਾਲਾ ਕੇਂਦਰੀ ਭਾਵ ਇਹ ਹੈ ਕਿ ਮਨੁੱਖੀ ਜੀਵਨ ਦਾ ਮਨੋਰਥ ਵਾਹਿਗੁਰੂ ਦੀ ਸਿਫ਼ਤ ਸਲਾਹ ਕਰਨਾ ਹੈ, ਜਿਸ ਦਾ ਵਸੀਲਾ ਸਤਿਗੁਰੂ ਹੈ।

ਮਾਇਆ ਦੀ ਤ੍ਰਿਸ਼ਨਾ ਇਨਸਾਨ ਦੇ ਅੰਦਰ ਡਰ ਤੇ ਤੌਖਲਾ ਪੈਦਾ ਕਰਦੀ ਹੈ। ਇਸੇ ਕਾਰਣ ਹੀ ਉਸ ਦੇ ਅੰਦਰ ਮੌਤ ਦਾ ਡਰ ਪੈਦਾ ਹੁੰਦਾ ਹੈ। ਮਾਇਆ ਦਾ ਮੋਹ ਸੰਸਾਰਕ ਜੀਵਾਂ ਨੂੰ ਪਰਮਾਤਮਾ ਤੋਂ ਦੂਰ ਕਰ ਦਿੰਦਾ ਹੈ। ਵਿਕਾਰੀ ਜੀਵ ਦਾ ਮਨ ਭਟਕਦਾ ਰਹਿੰਦਾ ਹੈ। ਜਦੋਂ ਜੀਵ ਇਨ੍ਹਾਂ ਵਿਕਾਰਾਂ ਤੋਂ ਥੱਕ ਜਾਂਦਾ ਹੈ ਤਾਂ ਉਹ ਮੁੜ ਪਰਮਾਤਮਾ ਨਾਲ ਜੁੜਦਾ ਹੈ ਤੇ ਉਹ ਦੁਨਿਆਵੀ ਝੰਜਟਾਂ ਤੋਂ ਮੁਕਤ ਹੋ ਜਾਂਦਾ ਹੈ:

ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ।।
ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ।।
ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਤਰੇ।।
ਨਾਨਕ ਸਹਜਿ ਸਮਾਇਅਨੁ ਹਰਿ ਆਪਣੀ ਕ੍ਰਿਪਾ ਕਰੇ।।[33]

**ਗਉੜੀ ਦੀ ਵਾਰ:**

ਇਸ ਵਾਰ ਦੀਆਂ 33 ਪਉੜੀਆਂ ਹਨ। ਪਹਿਲੀਆਂ 26 ਪਉੜੀਆਂ ਗੁਰੂ ਰਾਮਦਾਸ ਜੀ ਦੀਆਂ ਹਨ। ਪਉੜੀ 27 ਤੋਂ 31 ਤੱਕ ਪੰਜ ਪਉੜੀਅ ਗੁਰੂ ਅਰਜਨ ਦੇਵ ਜੀ ਦੀਆਂ ਹਨ। ਅਖੀਰਲੀਆਂ ਦੋ ਪਉੜੀਆਂ ਫਿਰ ਗੁਰੂ ਰਮਾਦਾਸ ਜੀ ਦੀਆਂ ਹਨ। ਇਸ ਵਾਰ ਦਾ ਵਿਸ਼ਾ ਪਰਮਾਤਮਾ ਦੀ ਉਸਤਤ ਕਰਨ ਦੇ ਨਾਲ-ਨਾਲ ਜੀਵ ਨੂੰ ਮਨਮੁੱਖਤਾ ਦਾ ਰਾਹ ਤਿਆਗ ਕੇ ਗੁਰਮੁਖ ਦਾ ਰਾਹ ਅਪਨਾਉਣ ਤੇ ਜ਼ੋਰ ਦਿੱਤਾ ਹੈ। ਇਸ ਵਾਰ ਦਾ ਦਾਰਸ਼ਨਿਕ ਪੱਖ ਵੀ ਪਰਮਾਤਮਾ ਦੀ ਹੋਂਦ ਨੂੰ ਮੰਨ ਕੇ ਮਨੁੱਖ ਨੂੰ ਅਧਿਆਤਮਕਤਾ ਦੇ ਰਾਹ ਤੇ ਤੋਰਨਾ ਹੈ। ਸਰਬ-ਸ਼ਕਤੀਮਾਨ ਪ੍ਰਮਾਤਮਾ ਦੀ ਉਸਤਤ ਕਰਨ ਤੇ ਮਨੁੱਖ, ਗੁਰਮੁਖ ਬਣਦਾ ਹੈ:

ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ॥
ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ॥
ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ॥
ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ॥[34]

ਜੀਵਨ ਵਿਚ ਮਨੁੱਖ ਨੂੰ ਕਈ ਕਿਸਮ ਦੇ ਦੁਖਾਂ, ਤਕਲੀਫਾਂ, ਚਿੰਤਾਵਾਂ ਆਦਿ ਨਾਲ ਵਾਹ ਪੈਂਦਾ ਹੈ। ਮੌਤ ਦਾ ਡਰ ਹਰ ਸਮੇਂ ਉਸਦੇ ਨਾਲ ਰਹਿੰਦਾ ਹੈ ਪਰ ਜੋ ਮਨੁੱਖ ਪ੍ਰਭੂ ਦੀ ਸ਼ਰਨ ਪੈ ਜਾਂਦਾ ਹੈ, ਉਸ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਪਰਮਾਤਮਾ ਦੇ ਹੁਕਮ ਵਿਚ ਹੀ ਸਭ ਕੁਝ ਚਲ ਰਿਹਾ ਹੈ। ਮਨ ਦੇ ਪਿੱਛੇ ਲੱਗਣ ਵਾਲੇ ਜੀਵ ਅਹੰਕਾਰ ਤੇ ਈਰਖਾ ਦੀ ਅੱਗ ਵਿਚ ਸੜਦੇ ਹਨ, ਜਿਸ ਕਾਰਣ ਉਸ ਦੇ ਅੰਦਰ ਕੋਈ ਗੁਣ ਪੈਦਾ ਨਹੀਂ ਹੁੰਦਾ। ਜੋ ਮਨੁੱਖ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ ਉਸ ਦੇ ਅੰਦਰ ਅਨੰਦ ਤੇ ਖੇੜਾ ਪੈਦਾ ਹੁੰਦਾ ਹੈ। ਉਸ ਦੀ ਹਉਮੈ ਖਤਮ ਹੋ ਜਾਂਦੀ ਹੈ, ਮੋਹ ਮਾਇਆ ਦੇ ਵਿਕਾਰਾਂ ਤੋਂ ਮੁਕਤੀ ਮਿਲ ਜਾਂਦੀ ਹੈ। ਇਸ ਤਰ੍ਹਾਂ ਇਸ .ਵਾਰ ਦਾ ਅਧਿਆਤਮਕ ਪੱਖ ਇਹ ਹੈ ਕਿ ਸੰਸਾਰ ਦੇ ਦੁੱਖਾਂ ਕਲੇਸ਼ਾਂ ਤੋਂ ਛੁਟਕਾਰਾ ਪਾਉਣ ਲਈ ਮਨ ਦੀ ਮੱਤ ਤਿਆਗ ਕੇ ਗੁਰੂ ਦੀ ਮੱਤ ਗ੍ਰਹਿਣ ਕਰਨ ਨਾਲ ਗੁਰਮੁਖਿ ਦੀ ਜਿੱਤ ਹੁੰਦੀ ਹੈ।

ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ॥

ਜਾ ਡਿਠਾ ਪੂਰਾ ਸਤਿਗੁਰੂ ਤਾਂ ਅੰਦਰਹੁ ਮਨੁ ਸਾਧਾਰਿਆ॥

ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਿ ਵਾਰਿਆ॥

ਗੁਰਮੁਖਿ ਜਿਤਾ ਮਨਮੁਖਿ ਹਾਰਿਆ॥[35]

**ਬਿਹਾਗੜੇ ਦੀ ਵਾਰ:**

ਇਸ ਵਾਰ ਵਿਚ 21 ਪਉੜੀਆਂ ਅਤੇ 43 ਸਲੋਕ ਹਨ। ਇਸ ਵਾਰ ਵਿਚ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਸੇਵਾ ਦਾ ਫਲ ਜ਼ਰੂਰ ਮਿਲਦਾ ਹੈ। ਇਹ ਸੰਸਾਰ ਸਮੁੰਦਰ ਦੀ ਨਿਆਈਂ ਹੈ ਜਿਸ ਵਿਚ ਵਿਕਾਰ ਠਾਠਾਂ ਮਾਰਦੇ ਹਨ। ਧਾਰਮਿਕ ਵਿਚਾਰ ਜਾਂ ਪੁੰਨ ਪਾਪ ਦੀਆਂ ਗੱਲਾਂ ਨਾਲ ਹੀ ਇਸ ਭਵ ਸਾਗਰ ਨੂੰ ਤਰਿਆ ਨਹੀਂ ਜਾ ਸਕਦਾ ਸਗੋਂ ਸਤਿਗੁਰੂ ਦੀ ਸ਼ਰਨ ਪੈਣਾ ਪੈਂਦਾ ਹੈ। ਜਿਵੇਂ ਪਾਰਸ ਹਰੇਕ ਧਾਤ ਨੂੰ ਸੋਨਾ ਬਣਾ ਦਿੰਦਾ ਹੈ ਉਵੇਂ ਹੀ ਗੁਰੂ ਸਿੱਖ ਦੇ ਮਨ ਨੂੰ ਪ੍ਰਮਾਤਮਾ ਨਾਲ ਜੋੜ ਕੇ ਸੋਨਾ ਬਣਾ ਦਿੰਦਾ ਹੈ। ਉਸ ਨੂੰ ਆਤਮਿਕ ਤੌਰ ਤੇ ਇੰਨਾ ਉੱਚਾ ਬਣਾ ਦਿੰਦਾ ਹੈ ਕਿ ਉਹ ਮਾਇਆ ਦੀ ਮਾਰ ਤੋਂ ਬਚ ਜਾਂਦਾ ਹੈ। ਇਸ ਵਾਰ ਦਾ ਦਾਰਸ਼ਨਿਕ ਪੱਖ ਇਹ ਹੈ ਕਿ ਗੁਰੂ ਸਾਹਿਬ ਨੇ ਉਸ ਸਰਬ ਸ਼ਕਤੀਮਾਨ ਪ੍ਰਮਾਤਮਾ ਦੀ ਹੋਂਦ ਬਾਰੇ ਵਿਚਾਰ ਕਰਦਿਆਂ ਕਿਹਾ ਹੈ ਕਿ ਪ੍ਰਮਾਤਮਾ ਬੇਮੁਥਾਜ ਹੈ, ਉਹ ਕਿੰਨਾ ਵੱਡਾ ਹੈ ਇਸ ਬਾਰੇ ਮਨੁੱਖ ਨੂੰ ਕੋਈ ਸੋਝੀ ਨਹੀਂ। ਇਹ ਸਭ ਗੱਲਾਂ ਉਸ ਦੀ ਸੂਝ ਤੇ ਸਿਆਣਪ ਤੋਂ ਪਰੇ ਦੀਆਂ ਹਨ।

ਤੇਰੀ ਵਡਿਆਈ ਤੂਹੈ ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ॥

ਤੁਧੁ ਜੇਵਡ ਹੋਰੁ ਸਰੀਕੁ ਹੋਵੈ ਤਾ ਆਖੀਐ ਤੁਧੁ ਜੇਵਡ ਤੂਹੈ ਹੋਈ॥

ਜਿਨਿ ਤੂੰ ਸੇਵਿਆ ਤਿਨਿ ਸੁਖੁ ਪਾਇਆ ਹੋਰੁ ਤਿਸ ਦੀ ਰੀਸ ਕਰੇ ਕਿਆ ਕੋਈ॥[36]

ਪ੍ਰਮਾਤਮਾ ਦਾ ਸਿਮਰਨ ਹੀ ਜ਼ਿੰਦਗੀ ਦਾ ਅਸਲ ਮਨੋਰਥ ਹੈ ਜੋ ਮਨੁੱਖ ਉਸ ਪ੍ਰਮਾਤਮਾ ਦੀ ਸਿਫ਼ਤ ਸਲਾਹ ਜਾਂ ਉਸ ਦੇ ਗੁਣ ਗਾਉਂਦਾ ਹੈ, ਉਸ ਦੇ ਦੁੱਖ ,ਕਲੇਸ਼, ਚਿੰਤਾ ਤੇ ਝੋਰੇ ਸਭ ਮੁੱਕ ਜਾਂਦੇ ਹਨ।

ਸਤਿਗੁਰੁ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥

ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ।।[37]

ਇਸ ਵਾਰ ਦਾ ਮੂਲ ਦਾਰਸ਼ਨਿਕ ਵਿਚਾਰ ਇਹ ਹੈ ਕਿ ਪ੍ਰਮਾਤਮਾ ਹੀ ਇਸ ਸੰਸਾਰ ਦੀ ਉਤਪਤੀ ਕਰਦਾ ਹੈ ਤੇ ਜੀਵਾਂ ਨੂੰ ਪੈਦਾ ਕਰਕੇ ਆਪ ਹੀ ਉਹਨਾਂ ਦਾ ਆਸਰਾ ਬਣਦਾ ਹੈ।

ਆਪੇ ਜੰਤ ਉਪਾਇਅਨੁ ਆਪੇ ਆਧਾਰੁ।।

ਆਪੇ ਸੂਖਮੁ ਭਾਲੀਐ ਆਪੇ ਪਾਸਾਰੁ।।[38]

ਉਪਰੋਕਤ ਵਾਰ ਵਿਚ ਧਰਮ ਦੇ ਪ੍ਰਵਚਨ ਦੀ ਸਿਰਜਣਾ ਵਿਚ ਦਾਰਸ਼ਨਿਕ ਤੇ ਅਧਿਆਤਮਕ ਵਿਚਾਰ ਸ਼ਕਤੀ (ਸਰਵ ਸ਼ਕਤੀਮਾਨ) ਗਿਆਨ, ਸੱਚ ਅਤੇ ਮਨੁੱਖ ਜਾਂ ਮਨੁੱਖੀ ਕਲਿਆਣ ਨਾਲ ਜੁੜੇ ਹੋਏ ਹਨ। ਧਾਰਮਿਕ ਸੰਵੇਦਨਾ ਨਾਲ ਮਨੁੱਖ ਦੀ ਆਤਮਕ ਪ੍ਰਕਿਰਿਆ ਨੂੰ ਸਿਰਜਣਾਤਮਕਤਾ ਵੱਲ ਵਿਕਸਿਤ ਕਰਨ ਦੀ ਰੁਚੀ ਪ੍ਰਬਲ ਰੂਪ ਵਿਚ ਅਭਿਿਅਕਤ ਹੋਈ ਹੈ।

**ਵਡਹੰਸ ਦੀ ਵਾਰ:**

ਇਸ ਵਾਰ ਵਿਚ 21 ਪਉੜੀਆਂ ਤੇ 43 ਸਲੋਕ ਹਨ। ਵਡਹੰਸ ਦੀ ਵਾਰ ਜਿੱਥੇ ਵਡਹੰਸ ਰਾਗ ਦੀ ਵਾਰ ਹੈ, ਉਥੇ ਵਡਹੰਸ ਅਰਥਾਤ ਵੱਡੇ ਸੰਤ ਜਾਂ ਗੁਰੂ ਦੀ ਵਾਰ ਹੈ। ਇਸ ਵਾਰ ਦਾ ਮੁੱਖ ਨਾਇਕ ਗੁਰੂ ਹੈ। ਹੋਰ ਵਾਰਾਂ ਵਾਂਗ ਇਹ ਵੀ ਅਕਾਲ ਪੁਰਖ ਦੀ ਉਸਤਤ ਨਾਲ ਛਚਗਓ ਹੁੰਦੀ ਹੈ। ਸੰਸਾਰ ਦੇ ਹੋਰ ਧਰਮਾਂ ਵਾਂਗ, ਗੁਰਬਾਣੀ ਦਾ ਦਰਸ਼ਨ ਇਸ ਵਿਸ਼ਵਾਸ ਤੇ ਆਧਾਰਤ ਹੈ ਕਿ ਪਰਮ ਹਸਤੀ ਭਾਵ ਪ੍ਰਮਾਤਮਾ ਜੋ ਅਪਰੰਪਰ, ਸੁਤੰਤਰ, ਸਰਬ ਸਮਰੱਥ ਹਸਤੀ ਹੈ, ਉਹੀ ਸਾਡੇ ਬ੍ਰਹਿਮੰਡ ਦਾ ਸਿਰਜਣਹਾਰ ਹੈ:

ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ।।

ਤੂ ਆਪੇ ਆਪਿ ਨਿਰੰਕਾਰ ਹੈ ਕੋ ਅਵਰੁ ਨ ਬੀਆ।।

ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ।।

ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ।।[39]

ਇਸ ਵਾਰ ਦਾ ਅਧਿਆਤਮਕ ਪੱਖ ਗੁਰੂ ਤੇ ਆਧਾਰਿਤ ਹੈ। ਦੁੱਖ ਹਰਤਾ ਤੇ ਸੁੱਖਦਾਤੇ, ਗੁਰੂ

ਦੀ ਤਕਰੀਬਨ ਸਾਰੀ ਵਾਰ ਵਿਚ ਉਸਤਤ ਕੀਤੀ ਗਈ ਹੈ। ਗੁਰੂ ਦੀ ਸਿੱਖਿਆ ਨਾਲ ਗੁਰਮਤਿ ਤੇ ਚਲਦਿਆਂ ਇਨਸਾਨ ਗੁਰਮੁੱਖ ਬਣਦਾ ਹੈ। ਇਸ ਤਰ੍ਹਾਂ ਮਨੁੱਖੀ ਅਧਿਆਤਮਕ ਪੱਧਰ ਤੇ ਇਹ ਵਾਰਾਂ ਮਨਮੁੱਖ ਦੇ ਮੁਕਾਬਲੇ ਤੇ ਗੁਰਮੁੱਖ ਦਾ ਜਸ ਗਾਉਂਦੀਆਂ ਹਨ। ਮਨਮੁੱਖ ਨਾ ਪੱਖੀ ਜਾਂ ਬਦ ਹੋਈ ਜ਼ਿੰਦਗੀ ਦਾ ਪਾਤਰ ਹੈ ਜਦੋਂ ਕਿ ਇਸ ਦੇ ਉਲਟ ਗੁਰਮੁੱਖ ਹਾਂ-ਪੱਖੀ ਜਾਂ ਸੰਤੁਲਿਤ ਤੇ ਸੰਜਮੀ ਇਨਸਾਨੀ ਜ਼ਿੰਦਗੀ  ਦੀ ਨੁਮਾਇੰਦਗੀ ਕਰਦਾ ਹੈ। ਵਾਰ ਦਾ ਇਹ ਅਧਿਆਤਮਕ ਪੱਖ ਮਨੁੱਖ ਨੂੰ ਮਨੁੱਖੀ ਆਜ਼ਾਦੀ ਦਾ ਤੇ ਇਕ ਆਦਰਸ਼ਕ ਸਮਾਜੀ ਬਣਤਰ ਵਾਲਾ ਸਮਾਜ ਸਥਾਪਿਤ ਕਰਨ ਦਾ ਪੁਰਜ਼ੋਰ ਸਮਰਥਨ ਕਰਦਾ ਹੈ। ਇਸ ਲਈ ਇਸ ਵਾਰ ਵਿਚ ਗੁਰਮੁਖ ਦੀ ਥਾਂ-ਥਾਂ ਉਸਤਤ ਕੀਤੀ ਗਈ ਹੈ।

ਗੁਰਮੁਖਿ ਸਦਾ ਦਰਿ ਸੋਹਣੇ ਗੁਰ ਕਾ ਸਬਦੁ ਕਮਾਹਿ॥
ਅੰਤਰਿ ਸਾਂਤਿ ਸਦਾ ਸੁਖੁ ਦਰਿ ਸਚੈ ਸੋਭਾ ਪਾਹਿ॥
ਨਾਨਕ ਗੁਰਮੁਖਿ ਹਰ ਨਾਮੁ ਪਾਇਆ ਸਹਜੇ ਸਚਿ ਸਮਾਹਿ॥[40]

ਇਸ ਸਾਰੀ ਵਾਰ ਦਾ ਅਧਿਆਤਮਕ ਪੱਖ ਇਹ ਹੈ ਕਿ ਗੁਰੂ ਤੋਂ ਬਿਨਾਂ ਗੁਰਮੁਖ ਨਹੀਂ ਬਣਿਆ ਜਾ ਸਕਦਾ। ਗੁਰਮੁੱਖ ਸਮਾਜ ਵਿਚ ਰੱਬੀ ਹੁਕਮ ਦੀ ਪਾਲਣਾ ਕਰਦਾ ਹੈ ਜਿਸ ਤਹਿਤ ਸਾਰਾ ਸੰਸਾਰੀ ਕਾਰਜ ਹੋ ਜਾਂ ਚਲ ਰਿਹਾ ਹੈ। ਮਨਮੁੱਖ ਦੀ ਹਾਰ ਤੇ ਗੁਰਮੁੱਖ ਦੀ ਜਿੱਤ ਇਸ ਵਾਰ ਦਾ ਮੁੱਖ ਵਿਸ਼ਾ ਹੈ।

**ਸੋਰਠ ਦੀ ਵਾਰ :**

ਇਸ ਵਾਰ ਵਿਚ 29 ਪਉੜੀਆਂ ਤੇ 58 ਸਲੋਕ ਹਨ। ਇਸ ਵਾਰ ਵਿਚ ਵੀ ਇਹ ਦਾਰਸ਼ਨਿਕ ਵਿਚਾਰ ਅਭਿਵਿਅਕਤ ਕੀਤੇ ਗਏ ਹਨ ਕਿ ਇਹ ਸਾਰੀ ਰਚਨਾ ਪ੍ਰਭੂ ਨੇ ਬਣਾਈ ਹੈ। ਸਭ ਕੁਝ ਉਸ ਦੇ ਹੁਕਮ ਵਿਚ ਵਰਤ ਰਿਹਾ ਹੈ। ਪ੍ਰਭੂ ਹੈ ਤਾਂ ਸਰਬ ਵਿਆਪਕ, ਘਟ ਘਟ ਵਿਚ ਵਸਿਆ ਹੋਇਆ, ਪਰ ਅਗ਼ਮ-ਅਗੋਚਰ, ਅਲਖ, ਅਥਾਹ ਬੇਅੰਤ ਤੇ ਨਿਰਾਕਾਰ ਹੈ। ਉਸ ਦਾ ਰੰਗ, ਰੂਪ, ਸ਼ਕਲ ਆਦਿ ਕੁਝ ਨਹੀਂ। ਇਸ ਲਈ ਉਸ ਨੂੰ ਸਮਝਣਾ ਤੇ ਪ੍ਰਤੀਤ ਕਰਨਾ ਅਤਿ ਔਖਾ ਹੈ ਪਰੰਤੂ ਗੁਰੂ  ਹੀ ਉਸ ਦੀ

ਸੂਝ ਬਖਸ਼ਦਾ ਹੈ:

ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ।।

ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ।।

ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ।।

ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ।।

ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ।।[41]

ਇਸ ਵਾਰ ਵਿਚ ਮਨੁੱਖ ਨੂੰ ਅਧਿਆਤਮਕਤਾ ਦੇ ਮਾਰਗ ਪਾਉਣ ਲਈ ਮਨੁੱਖੀ ਸਮਾਜ ਵਿਚੋਂ ਮਨੁੱਖ ਦੇ ਪਰਿਵਾਰਕ ਜੀਵ ਨਾਲ ਸੰਬੰਧਿਤ ਮਨੁੱਖੀ ਹਿੱਤ ਲਈ ਬਹੁਤ ਹੀ ਪ੍ਰਭਾਵ ਪੂਰਨ ਦ੍ਰਿਸ਼ਟਾਂਤ ਸੁਹਾਗਣ ਤੇ ਦੁਹਾਗਣ (ਛੁਟੜ ਇਸਤਰੀ) ਇਸਤਰੀ ਦੇ ਦਿੱਤੇ ਹਨ:

ਜੋ ਸਤਿਗੁਰੁ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ।।

ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ।।[42]

ਪਰਿਵਾਰਕ ਜੀਵਨ ਵਿਚੋਂ ਦਿੱਤੇ ਉਪਰੋਕਤ ਦ੍ਰਿਸ਼ਟਾਂਤ ਦੇ ਪਿਛੋਕੜ ਵਿਚ ਇਹ ਭਾਵ ਲੁਪਤ ਹੈ ਕਿ ਮਨਮੁੱਖ ਤੋਂ ਉਲਟ ਗੁਰਮੁਖ ਜਿਸ ਜੀਵਨ ਜਾਂਚ ਦਾ ਨਿਰਧਾਰਣ ਕਰਦਾ ਹੈ, ਉਸ ਚੇਤਨਾ ਦੀਆਂ ਉਚੇਰੀਆਂ ਪੱਧਰਾਂ ਉੱਤੇ ਵਿਚਰਨ ਨਾਲ ਮਨੁੱਖ ਅਤੇ ਮਨੁੱਖੀ ਸਮਾਜ ਵਿਚ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਦਾ ਬਲ ਮਿਲਦਾ ਹੈ।

**ਬਿਲਾਵਲ ਦੀ ਵਾਰ:**

ਇਸ ਵਾਰ ਦੀਆਂ 13 ਪਉੜੀਆਂ ਅਤੇ 27 ਸਲੋਕ ਹਨ। ਇਸ ਵਾਰ ਦਾ ਦਾਰਸ਼ਨਿਕ ਅਤੇ ਅਧਿਆਤਮਕ ਆਧਾਰ ਇਕ ਈਸ਼ਵਰਵਾਦ ਅਤੇ ਗੁਰੂ ਉੱਤੇ ਆਧਾਰਤ ਹੈ। ਗੁਰੂ ਰਾਮ ਦਾਸ ਜੀ ਦੀਆਂ ਦੂਜੀਆਂ ਵਾਰਾਂ ਵਾਂਗ ਇਸ ਵਾਰ ਵਿਚ ਵੀ ਪ੍ਰਭੂ ਤੇ ਗੁਰੂ ਪ੍ਰਤਿ ਪ੍ਰੇਮ ਵਲਵਲਾ ਪ੍ਰਧਾਨ ਹੈ। ਗੁਰੂ ਵੱਲ ਅਤੁੱਟ ਸ਼ਰਧਾ ਤੇ ਪ੍ਰੇਮ ਦੇ ਵਲਵਲੇ ਨੂੰ ਗੁਰੂ ਸਾਹਿਬ ਨੇ ਡਾਢੀ ਮਿੱਠੀ ਤੇ ਰਸੀਲੀ ਪਿਆਰ ਭਰੀ ਬੋਲੀ ਰਾਹੀਂ ਦਰਸਾਇਆ ਹੈ।

ਇਸ ਵਾਰ ਵਿਚ ਵੀ ਗੁਰੂ ਸਾਹਿਬ ਨੇ ਜੋ ਦਾਰਸ਼ਨਿਕ ਵਿਚਾਰ ਪੇਸ਼ ਕੀਤੇ ਹਨ, ਉਹਨਾਂ ਦਾ ਆਧਾਰ ਇਕ ਪ੍ਰਭੂ ਤੇ ਉਸ ਦੀ ਅਨੰਤਤਾ, ਸਦੀਵਤਾ, ਵਿਆਪਕਤਾ, ਅਗੋਚਰਤਾ, ਏਕਤਾ ਤੇ ਸਿਰਜਨਾਤਮਕ ਸ਼ਕਤੀ ਦਾ ਅੰਤਰਬੋਧੀ ਗਿਆਨ ਹੈ:

ਤੂ ਹਰਿ ਪ੍ਰਭੁ ਆਪਿ ਅਗੰਮੁ ਹੈ ਸਭਿ ਤੁਧੁ ਉਪਾਇਆ॥
ਤੂ ਆਪੇ ਆਪਿ ਵਰਤਦਾ ਸਭੁ ਜਗਤੁ ਸਬਾਇਆ॥
ਤੁਧੁ ਆਪੇ ਤਾੜੀ ਲਾਈਐ ਆਪੇ ਗੁਣ ਗਾਇਆ॥[43]

ਇਸ ਵਾਰ ਵਿਚ ਜਿੱਥੇ ਗੁਰੂ ਸਾਹਿਬ ਨੇ ਮਨਮੁੱਖ ਜਾਂ ਨਿੰਦਕ, ਕੁਰੀਤੀਆਂ ਤੇ ਅਡੰਬਰਾ ਦੀ ਨਿਖੇਧੀ ਕੀਤੀ ਹੈ ਉਥੇ ਮਨੁੱਖ ਨੂੰ ਅਧਿਆਤਮਕਤਾ ਦੇ ਮਾਰਗ ਤੁਰਨ ਲਈ ਉਸ ਦੇ ਸਮੁੱਚੇ ਜੀਵਨ ਢੰਗ ਲਈ ਉਸਾਰੂ ਸੇਧਾਂ ਵੀ ਪ੍ਰਦਾਨ ਕੀਤੀਆਂ ਹਨ।

ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ॥
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ॥
ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ
ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰ ਪਾਵਨੁ ਹੋਇ ਜਾਵੈ॥
ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ
ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ॥[44]

ਇਸ ਤਰ੍ਹਾਂ ਮਨੁੱਖ ਦੇ ਸੰਬੰਧ ਵਿਚ ਇਹ ਵਾਰ ਕਾਵਿ ਦਾ ਚਿੱਤਰ-ਪਟ ਏਨਾ ਵਿਸ਼ਾਲ ਹੈ ਜਿੰਨਾ ਮਨੁੱਖ ਦਾ ਸਮੁੱਚਾ ਜੀਵਨ। ਗੁਰੂ ਸਾਹਿਬ ਨੇ ਮਨੁੱਖ ਨੂੰ ਦਾਰਸ਼ਨਿਕ ਤੇ ਅਧਿਆਤਮਕ ਸੇਧਾਂ ਰਾਹੀਂ ਮਨਮੁੱਖਤਾ ਤੋਂ ਗੁਰਮੁੱਖਤਾ ਦੇ ਰਾਹ ਤੋਰਿਆ ਹੈ।

**ਸਾਰੰਗ ਦੀ ਵਾਰ**

ਇਸ ਵਾਰ ਦੀਆਂ ਕੁੱਲ 36 ਪਉੜੀਆਂ ਅਤੇ 74 ਸਲੋਕ ਹਨ। ਇਸ ਵਾਰ ਵਿਚ ਵੀ ਪ੍ਰਮਾਤਮਾ ਦੇ ਨਾਮ ਸੁਣਨ ਤੇ ਗਾਉਣ ਦੀ ਮਹਿਮਾ ਦੱਸੀ ਗਈ ਹੈ। ਇਕ ਈਸ਼ਵਰਵਾਦ ਤੇ ਉਸ ਦੇ

ਨਾਮ ਦੀ ਉਤਪਤੀ, ਇਸ ਵਾਰ ਦੇ ਦਾਰਸ਼ਨਿਕ ਅਤੇ ਅਧਿਆਤਮਕ ਆਧਾਰ ਨੂੰ ਦ੍ਰਿੜ ਕਰਾਉਂਦੀ ਹੈ। ਹੋਰ ਅਧਿਆਤਮ ਵਾਰਾਂ ਵਾਂਗ ਇਸ ਵਾਰ ਵਿਚ ਵੀ ਬਾਰ-ਬਾਰ ਇਹ ਚਿਤਾਵਨੀ ਕੀਤੀ ਗਈ ਹੈ ਕਿ ਸੰਸਾਰ ਦੇ ਮੋਹ ਬੰਧਨਾਂ ਤੋਂ ਉੱਪਰ ਉੱਠ ਕੇ ਇਸ ਦੀ ਅਸਲੀਅਤ ਨੂੰ ਪਛਾਨਣ ਤੇ ਗੁਰੂ ਦੀ ਮਤਿ ਰਾਹੀਂ ਆਤਮਿਕ ਕਲਿਆਣ ਦਾ ਪਾਂਧੀ ਬਣਿਆ ਜਾਵੇ। ਹੱਥੀਂ ਕੀਤੀ ਕਿਰਤ ਤੇ ਉਸ ਵਿਚੋਂ ਆਪਣੇ ਹੱਥੋਂ ਦਾਨ ਦੇਣ ਦਾ ਵਿਚਾਰ ਇਸ ਵਾਰ ਦੀ ਵਿਸ਼ੇਸ਼ਤਾ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥[45]

**ਕਾਨੜੇ ਦੀ ਵਾਰ:**

ਇਸ ਵਾਰ ਦੀਆਂ 15 ਪਉੜੀਆਂ ਅਤੇ 30 ਸਲੋਕ ਹਨ। ਇਸ ਵਾਰ ਦਾ ਮੁੱਖ ਨਾਇਕ ਗੁਰੂ ਹੈ ਜੋ ਰੱਬੀ ਨਾਮ ਦੇ ਸਿਮਰਨ ਦੀ ਦਾਤ ਦੇ ਕੇ ਮਨੁੱਖ ਨੂੰ ਉਸ ਨਾਲ ਮਿਲਾਉਣ ਤੇ ਜੀਵਨ ਦਾ ਸਹੀ ਮਾਰਗ ਨਿਰਦੇਸ਼ਨ ਕਰਦਾ ਹੈ। ਪ੍ਰਮਾਤਮਾ ਨੂੰ ਅਗ਼ਮ ਅਗੋਚਰ, ਸੱਚਾ ਸਾਹਿਬ, ਰੂਪ ਰੰਗ ਤੋਂ ਰਹਿਤ ਤੇ ਦਿਆਲੂ ਦੱਸਿਆ ਹੈ:

ਹਰਿ ਅਗਮੁ ਅਗੋਚਰ ਅਗਮੁ ਹਰਿ ਕਿਉ ਕਰਿ ਹਰਿ ਦਰਸਨ ਪਿਖਾ॥
ਕਿਛੁ ਵਖਰੁ ਹੋਇ ਸੁ ਵਰਨੀਐ ਤਿਸੁ ਰੂਪੁ ਨ ਰਿਖਾ॥
ਜਿਸ ਬੁਝਾਏ ਆਪ ਬੁਝਾਇ ਦੇਇ ਸੋਈ ਜਨੁ ਦਿਖਾ॥[46]

ਇਸ ਤਰ੍ਹਾਂ ਗੁਰੂ ਸਾਹਿਬ ਦੇ ਅਜਿਹੇ ਦਾਰਸ਼ਨਿਕ ਵਿਚਾਰ ਸਮੁੱਚੀ ਵਾਰ ਦੇ ਕਲੇਵਰ ਵਿਚ ਸਮੋਏ ਹੋਏ ਹਨ। ਇਸ ਦਾ ਅਧਿਆਤਮਕ ਪੱਖ ਮਨੁੱਖ ਨੂੰ ਪੂਰਨਤਾ ਦਾ ਦ੍ਰਿਸ਼ਟੀਕੋਣ ਮੁਹੱਈਆ ਕਰਵਾ ਕੇ ਉਸ ਨੂੰ ਗੁਰਮੁੱਖ ਦੇ ਪੈਂਤੜੇ ਰਾਹੀਂ ਮਨਮੁੱਖਤਾ ਨੂੰ ਜਾਂ ਮਨੁੱਖ ਪ੍ਰਤਿ ਨਾਂਹ-ਪੱਖੀ ਰਵੱਈਏ ਨੂੰ ਪਛਾੜਨਾ ਹੈ।

**ਗੁਰੂ ਅਰਜਨ ਦੇਵ ਜੀ ਦੀਆਂ ਵਾਰਾਂ:**

**ਗਉੜੀ ਦੀ ਵਾਰ :**

ਹੋਰਨਾਂ ਵਾਰਾਂ ਵਾਂਗ ਇਸ ਵਾਰ ਵਿਚ ਵੀ ਗੁਰਮਤਿ ਫਲਸਫੇ ਅਨੁਸਾਰ ਪ੍ਰਮਾਤਮਾ ਨੂੰ ਹੀ ਕੇਂਦਰ ਬਿੰਦੂ ਥਾਪ ਕੇ ਆਪਣੇ ਅਧਿਆਤਮਕ ਵਿਚਾਰਾਂ ਨੂੰ ਅਭਿਵਿਅਕਤ ਕੀਤਾ ਹੈ। ਪ੍ਰਭੂ ਦੀ ਸਿਫ਼ਤ ਸਲਾਹ ਕੀਤੀ ਹੈ ਤੇ ਜਸ ਗਾਉਣ ਦੀ ਸਾਰਥਕ ਕਾਰਜਸ਼ੀਲਤਾ ਦਰਸਾਈ ਹੈ। ਪ੍ਰਮਾਤਮਾ ਨੂੰ ਸਰਬ ਵਿਆਪਕ, ਪਾਪੀਆਂ ਨੂੰ ਤਾਰਨ ਵਾਲਾ, ਭਗਤਾਂ ਨੂੰ ਪਿਆਰ ਕਰਨ ਵਾਲਾ, ਬੇਅੰਤ ਪਹੁੰਚ ਤੋਂ ਪਰੇ, ਜੀਵਾਂ ਦਾ ਮਾਲਕ ਤੇ ਉਹਨਾਂ ਦਾ ਆਸਰਾ, ਅਬਿਨਾਸੀ, ਮਿਹਰਬਾਨ ਤੇ ਬਖਸ਼ਿੰਦ ਦੱਸਿਆ ਹੈ। ਪ੍ਰਮਾਤਮਾ ਦੇ ਨਾਮ ਸਿਮਰਨ ਨੂੰ ਸੱਚੀ ਰਾਸ, ਅੰਮ੍ਰਿਤ, ਸੁੱਖਾਂ ਦਾ ਖਜ਼ਾਨਾ, ਬੁਰਿਆਈ ਦੂਰ ਕਰਨ ਵਾਲਾ, ਮਨੁੱਖ ਦੇ ਸਾਰੇ ਮਨੋਰਥ ਪੂਰੇ ਕਰਨ ਵਾਲਾ ਦੱਸਿਆ ਹੈ। ਗੁਰਮੁਖ ਰਾਹੀਂ ਮਨਮੁੱਖਾਂ ਨੂੰ ਗੁਰਮਤਿ ਦੇ ਰਸਤੇ ਚੱਲਣ ਦਾ ਰਾਹ ਦਰਸਾਇਆ ਹੈ। ਸਾਰੀਆਂ ਅਧਿਆਤਮਕ ਵਾਰਾਂ ਵਾਂਗ ਇਸ ਵਾਰ ਦਾ ਨਾਇਕ ਵੀ ਗੁਰਮੁੱਖ ਹੈ ਜੋ ਸਮਾਜ ਵਿਚ ਲੋਕ ਹਿੱਤ ਤੇ ਪਰਉਪਕਾਰ ਦੇ ਪੈਂਤੜੇ ਤੇ ਖੜ੍ਹਾ ਹੈ। ਗੁਰੂ ਸਾਹਿਬ ਨੇ ਇਸ ਵਾਰ ਵਿਚ ਲਗਭਗ ਹਰੇਕ ਪਉੜੀ ਵਿਚ ਰੱਬੀ ਨਾਮ ਸਿਮਰਨ ਤੇ ਜ਼ੋਰ ਦਿੱਤਾ ਹੈ। ਇਸ ਸਿਮਰਨ ਦੇ ਪਿਛੋਕੜ ਵਿਚ ਇਨਸਾਨੀਅਤ ਦਾ ਨਿੱਗਰ ਸੰਕਲਪ ਭਾਵ ਮਨਮੁੱਖਾਂ ਦਾ ਮਨੁੱਖੀ ਹਿਤ ਦੇ ਨਾਂਹ-ਪੱਖੀ ਅਮਲਾਂ ਤੇ ਗੁਰਮੁੱਖਾਂ ਦੁਆਰਾ ਜਿੱਤ ਦਾ ਅਮਲ ਜਿਸ ਦੇ ਕੇਂਦਰ ਵਿਚ ਸਮਾਜ ਨੂੰ ਇਕ ਵਿਸ਼ਵੀ ਆਦਰਸ਼ ਸਮਾਜ ਦੇ ਰੂਪ ਵਿਚ ਬਦਲਣ ਦੇ ਅਮਲ ਦਾ ਸਿਧਾਂਤ ਹੈ:

(ੳ) ਗੁਣ ਗਾਵੈ ਅਬਿਨਾਸੀਐ ਜੋਨਿ ਗਰਭਿ ਨ ਦਧਾ।[47]

(ਅ) ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ।[48]

(ੲ) ਕਿਲਵਿਖ ਸਭਿ ਬਿਨਾਸੁ ਹੋਨਿ ਸਿਮਰਤ ਗੋਬਿੰਦੁ।।
ਧਿਆਇ ਨਾਨਕ ਪਰਮੇਸਰੈ ਜਿਨਿ ਦਿਤੀ ਜਿੰਦੁ।।[49]

(ਸ) ਜੰਮਣੁ ਮਰਣੁ ਨ ਤਿਨ ਕਉ ਜੋ ਹਰਿ ਲੜਿ ਲਾਗੇ।।
ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ।।[50]

(ਹ) ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ।।[51]

(ਕ) ਮਿਹਰਵਾਨੁ ਬਖਸਿੰਦੁ ਆਪਿ ਜਪਿ ਸਚੇ ਤਰਣਾ।[52]

ਉਪਰੋਕਤ ਤੋਂ ਉਲਟ ਮਨਮੁੱਖਾਂ ਨੂੰ ਜੋ ਦੁਨਿਆਵੀ ਪਦਾਰਥਾਂ 'ਤੇ ਵਿਸ਼ੇ ਵਿਕਾਰਾਂ ਵਿਚ ਫਸ ਕੇ ਸਮਾਜ ਦੇ ਨਾਂਹ-ਪੱਖੀ ਕਾਰਜਾਂ ਪ੍ਰਤਿ ਭੂਮਿਕਾ ਨਿਭਾਉਂਦੇ ਹਨ, ਤਾੜਨਾ ਵੀ ਕੀਤੀ ਗਈ ਹੈ ਤੇ ਫਿਟਕਾਰਾਂ ਪਾਈਆਂ ਹਨ:

(ੳ) ਨਾਨਕ ਨਾਇ ਵਿਸਾਰੀਐ ਸਭ ਮੰਦੀ ਰੁਤੇ॥[53]

(ਅ) ਪਾਰਬ੍ਰਹਮੁ ਜਿਸੁ ਵਿਸਰੈ ਤਿਸੁ ਬਿਰਥਾ ਸਾਸੁ॥[54]

(ੲ) ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ॥[55]

ਜਿਹੜੇ ਮਨੁੱਖ ਨਾਮ ਜਪਦੇ ਹਨ, ਉਨ੍ਹਾਂ ਵਿਚ ਸਾਰੇ ਸ਼ਖਸੀ ਤੇ ਸਮਾਜਕ ਗੁਣ ਆ ਜਾਂਦੇ ਹਨ। ਇਸ ਵਿਚ ਹੋਰਨਾ ਵਾਰਾਂ ਵਾਂਗ ਇਸ ਵਾਰ ਵਿਚ ਵੀ ਮਨਮੁੱਖਾਂ ਤੇ ਗੁਰਮੁੱਖਾਂ ਵਿਚਕਾਰ ਇਕ ਤਿੱਖਾ ਅਧਿਆਤਮਕ ਵਾਦ ਛਿੜਦਾ ਹੈ ਤੇ ਅੰਤ ਜਿੱਤ ਗੁਰਮੁੱਖ ਦੀ ਹੁੰਦੀ ਹੈ। ਮਨਮੁੱਖ ਮਾਇਆਵਾਦੀ ਹੈ ਭਾਵ ਉਸਦਾ ਸਮਾਜ ਪ੍ਰਤਿ ਨਾਂਹ-ਪੱਖੀ ਹੁੰਗਾਰਾ ਹੈ ਪਰੰਤੂ ਗੁਰਮੁੱਖ ਗਿਆਨੀ ਹੈ ਤੇ ਉਸਦਾ ਸਮਾਜ ਪ੍ਰਤੀ ਹਾਂ-ਪੱਖੀ ਹੁੰਗਾਰਾ ਹੈ। ਇਸ ਤਰ੍ਹਾਂ ਇਸ ਵਾਰ ਵਿਚ ਵੀ ਸਿੱਖ ਧਾਰਮਿਕਤਾ ਦਾ ਰੱਬੀ ਤੇ ਅਧਿਆਤਮਕ ਫਲਸਫਾ ਇਨਸਾਨੀਅਤ ਦੇ ਨਿੱਗਰ ਸੰਕਲਪਾਂ ਦੀ ਸਿਰਜਨਾ ਕਰਦਾ ਹੋਇਆ ਇਕ ਕਾਰਜਸ਼ੀਲ ਤੇ ਗਤੀਸ਼ੀਲ ਨਿੱਗਰ ਸਮਾਜ ਦੀ ਸਿਰਜਣਾ ਵਲ ਇਕ ਨਿਵੇਕਲੀ ਧਾਰਨੀ ਪੇਸ਼ ਕਰਦਾ ਹੈ।

**ਗੂਜਰੀ ਦੀ ਵਾਰ**

ਇਸ ਵਾਰ ਦੀਆਂ 21 ਪਉੜੀਆਂ ਤੇ 42 ਸਲੋਕ ਹਨ। ਇਸ ਵਾਰ ਵਿਚ ਗੁਰੂ ਸਾਹਿਬ ਨੇ ਸਿੱਖ ਮੱਤ ਦੇ ਰੱਬੀ ਸ੍ਰਿਸ਼ਟੀ ਤੇ ਜੀਵ ਦੇ ਦਾਰਸ਼ਨਿਕ ਫਲਸਫੇ ਨੂੰ ਅਧਿਆਤਮਿਕਤਾ ਦੇ ਸੁਮੇਲ ਰਾਹੀਂ ਸਹਿਜ ਸੁਭਾਅ ਪ੍ਰਗਟ ਕੀਤਾ ਹੈ। ਗੁਰੂ ਸਾਹਿਬ ਦੀ ਵਿਕਾਸਵਾਦੀ ਤੇ ਮਾਨਵਵਾਦੀ ਵਿਚਾਰਧਾਰਾ ਮਨੁੱਖਤਾ ਦੀ ਭਲਾਈ ਪ੍ਰਤਿ ਕਾਰਜਸ਼ੀਲ ਭੂਮਿਕਾ ਨਿਭਾਉਂਦੀ ਹੈ।

ਸਿੱਖ ਧਰਮ ਵਿਚ ਇਕ ਪ੍ਰਭੂ ਦੀ ਸਕਾਰਾਤਮਕ ਹੋਂਦ ਨੂੰ ਸਵੀਕਾਰਿਆ ਗਿਆ ਹੈ। ਪਰਮਾਤਮਾ ਦੀ ਕੋਈ ਕੁਲ ਨਹੀਂ, ਉਹ ਪ੍ਰਕਾਸ਼ ਹੈ, ਉਹ ਸਰਵ ਵਿਆਪਕ,ਪਹੁੰਚ ਤੋਂ ਪਰੇ ਤੇ ਬੇਅੰਤ

ਹੈ ਉਹ ਸਦਾ ਕਾਇਮ ਰਹਿਣ ਵਾਲਾ ਹੈ, ਉਸ ਦੀ ਸਿਰਜੀ ਸ੍ਰਿਸ਼ਟੀ ਫਰਜੀ ਨਹੀਂ, ਸ੍ਰਿਸ਼ਟੀ ਸਾਜਨਾ ਕਰਕੇ ਉਹ ਸਭ ਨੂੰ ਰਿਜ਼ਕ (ਦਾਤਾ) ਦੇਂਦਾ ਹੈ:

ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ॥
ਸਚੋ ਸਚਾ ਸਚੁ ਸਚੁ ਨਿਹਾਰੀਐ॥
ਕੂੜੁ ਨ ਜਾਪੈ ਕਿਛੁ ਤੇਰੀ ਧਾਰੀਐ॥
ਸਭਸੈ ਦੇ ਦਾਤਾਰੁ ਜੇਤ ਉਪਾਰੀਐ॥
ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ॥[56]

ਉਪਰੋਕਤ ਤੋਂ ਉਲਟ ਦੁਨੀਆਂ ਦੇ ਸਾਰੇ ਦੁੱਖ ਕਲੇਸ਼, ਚਿੰਤਾਵਾ ਤੇ ਝੋਰੇ, ਤਕਲੀਫਾਂ ਤੇ ਰੁਕਾਵਟਾਂ ਮਨਮੁੱਖਾਂ ਲਈ ਹਨ ਜੋ ਪਰਮਾਤਮਾ ਨੂੰ ਭੁਲਾ ਦੇਂਦੇ ਹਨ:

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥
ਕੋਟਿ ਕਲੇਸਾ ਊਪਜਹਿ, ਨਾਨਕ ਬਿਸਰੈ ਨਾਉ॥[57]

ਗੁਰ ਸਾਹਿਬ ਸਮਾਜ ਦੀ ਸਮੁੱਚੀ ਵਿਵਸਥਾ ਅੰਦਰ ਬੇਹੱਦ ਬੇ-ਤਰਤੀਬੀਆਂ ਵੇਖਦੇ ਹਨ, ਜਿਸ ਕਾਰਨ ਰੱਬ ਨੂੰ ਭੁਲਾਉਣ ਵਾਲੇ ਦੁਨਿਆਵੀ, ਮਾਇਆਵਾਦੀ, ਪਦਾਰਥਵਾਦੀ ਰੁਚੀਆਂ ਵਿਚ ਗਲਤਾਨ ਮੁਨੱਖਾਂ ਦੀ ਦੁਰਗਤੀ ਹੁੰਦੀ ਵਿਖਾਉਂਦੇ ਹਨ।ਇਸ ਤਰ੍ਹਾਂ ਇਸ ਵਾਰ ਵਿਚ ਵੀ ਗੁਰੂ ਸਾਹਿਬਾਂ ਨੇ ਗੁਰਮੁੱਖਾਂ ਤੇ ਮਨਮੁੱਖਾਂ ਵਿਚਕਾਰ ਇਕ ਆਤਮਕ ਘੋਲ ਦਿਖਾਇਆ ਹੈ। ਪਰਮਾਤਮਾ ਅਜਿਹੀ ਹਸਤੀ ਹੈ ਜੋ ਗੁਰਮੁੱਖਾਂ ਨੂੰ ਹਾਰ ਦਾ ਮੂੰਹ ਨਹੀਂ ਵੇਖਣ ਦੇਂਦੀ। ਦੂਜੇ ਪਾਸੇ ਸਮਾਜਕ ਪਹਿਲੂਆਂ ਜੋ ਮਨਮੁੱਖਾਂ ਦੇ ਰੂਪ ਵਿਚ ਸਮਾਜ ਵਿਚ ਵਿਚਰਦੇ ਹਨ ਉਹਨਾਂ ਨੂੰ ਜ਼ਿੰਦਗੀ ਵਿਚ ਹਾਰ ਦਾ ਮੂੰਹ ਵੇਖਦਾ ਪੈਂਦਾ ਹੈ। ਇਸ ਸਾਰੇ ਪ੍ਰਵਚਨ ਦੇ ਪਿਛੋਕੜ ਵਿਚੋਂ ਇਕ ਮਾਨਵਵਾਦੀ ਧਾਰਨਾ ਉਗਮਦੀ ਦ੍ਰਿਸ਼ਟੀਗੋਚਰ ਹੁੰਦੀ ਹੈ।

**ਜੈਤਸਰੀ ਦੀ ਵਾਰ**

ਇਸ ਵਾਰ ਦੀਆਂ 20 ਪਉੜੀਆਂ ਅਤੇ 40 ਸਲੋਕ ਹਨ। ਸਾਰੇ ਸਲੋਕ ਗੁਰੂ ਅਰਜਨ ਦੇਵ

ਜੀ ਦੇ ਹੀ ਰਚੇ ਹੋਏ ਹਨ। ਅਧਿਆਤਮਕ ਵਾਰਾਂ ਵਿਚ ਸਮੁੱਚਾ ਜਗਤ ਹੀ ਇਕ ਯੁੱਧ ਖੇਤਰ ਹੈ। ਅਧਿਆਤਮਵਾਦੀਆਂ ਦੀ ਦ੍ਰਿਸ਼ਟੀ ਵਿਚ ਦੋ ਹੀ ਸ਼੍ਰੇਣੀਆਂ ਹਨ, ਇਕ ਗੁਰਮੁੱਖਾਂ ਦੀ ਅਤੇ ਦੂਜੇ ਮਨਮੁੱਖਾਂ ਦੀ (ਨੇਕੀ ਤੇ ਬਦੀ) ਦੋਹਾਂ ਵਿਚ ਨਿਰੰਤਰ ਲੜਾਈ ਇਕ ਸੁਭਾਵਕ ਸਚਾਈ ਹੈ।

ਇਸ ਵਾਰ ਦਾ ਸੂਖ਼ਮ ਅਧਿਐਨ ਕਰਦਿਆਂ ਮਨੁੱਖੀ ਸਮਾਜ ਦੀਆਂ ਅਨੇਕਾਂ ਪਰਤਾਂ ਸਨਮੁੱਖ ਹੁੰਦੀਆਂ ਹਨ, ਜਿਨ੍ਹਾਂ ਦੇ ਕੇਂਦਰ ਵਿਚ ਇੱਕ ਸਮੁੱਚੀ ਮਾਨਵਤਾ ਦਾ ਕਾਰਜਸ਼ੀਲ ਸੰਕਲਪ ਉਪਸਥਿਤ ਹੈ। ਗੁਰੂ ਸਾਹਿਬ ਦਾ ਪਰਮਾਤਮਾ ਬਾਰੇ ਦਾਰਸ਼ਨਿਕ ਮੱਤ ਹੈ ਕਿ ਪਰਮਾਤਮਾ ਆਦਿ ਜੁਗਾਦਿ, ਸਰਬ-ਵਿਆਪਕ ਅਤੇ ਸਮੂਹ ਪਾਪਾਂ ਦਾ ਨਾਸ਼ਕ ਹੈ। ਅਜਿਹੇ ਕਰਣ ਕਾਰਣ ਸਮਰੱਥ ਪ੍ਰਭੂ ਦਾ ਹਰ ਸਮੇਂ ਸਿਮਰਨ ਕਰਨਾ ਬਣਦਾ ਹੈ:

> ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥
> ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ॥[59]

ਇਸ ਵਾਰ ਵਿਚ ਗੁਰੂ ਸਾਹਿਬਾਂ ਦਾ ਅਧਿਆਤਮਕ ਫਲਸਫ਼ਾ ਛੇਵੀਂ ਤੇ ਸੱਤਵੀਂ ਪਉੜੀ ਵਿਚ ਉਘੜਦਾ ਹੈ। ਗੁਰੂ ਸਾਹਿਬ ਨੇ ਮਨਮੁੱਖਾਂ ਤੇ ਗੁਰਮੁੱਖਾਂ ਵਿਚ ਟਾਕਰਾ ਕਰਕੇ ਇਕ ਸਮਾਜਿਕ ਆਦਰਸ਼ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਇਹਨਾਂ ਪਉੜੀਆਂ ਵਿਚ ਦੋ ਮਨੁੱਖਾਂ ਦੀ ਜੀਵਨ ਸਮੱਗਰੀ ਦਾ ਪਰਸਪਰ ਟਾਕਰਾ ਕਰਕੇ (ਨੇਕੀ ਤੇ ਬਦੀ ਦਾ ਟਾਕਰਾ) ਇਸ ਵਾਰ ਦੇ ਥੀਮ ਅਤੇ ਦ੍ਰਿਸ਼ਟੀਮੂਲਕ ਪਸਾਰਾ ਦੀ ਵਿਚਾਰਆਤਮਕ ਸੁਰ ਨੂੰ ਅਗਰਭੂਮਿਤ ਕੀਤਾ ਹੈ:

> ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥
> ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥
> ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥
> ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥[60]

ਉਪਰੋਕਤ ਤੋਂ ਉਲਟ ਗੁਰਮੁੱਖ ਮਨੁੱਖ, ਜੋ ਇਕ ਆਦਰਸ਼ ਸਮਾਜ ਦੀ ਚੂਲ੍ਹ ਹੁੰਦੀ ਹੈ, ਦਾ ਚਿੱਤਰ ਇਸ ਤਰ੍ਹਾਂ ਖਿੱਚਿਆ ਹੈ:

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥
ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥[61]

ਇਸ ਵਾਰ ਵਿਚ ਗੁਰੂ ਸਾਹਿਬ ਦੇ ਮੱਤ ਦੀ ਅਧਿਆਤਮਕਤਾ ਮਨੁੱਖ ਦੀ ਸਥਿਤੀ ਦਾ ਵਿਸ਼ਲੇਸ਼ਣ ਕਰਕੇ ਹੀ ਗੱਲ ਸਮਾਪਤ ਨਹੀਂ ਕਰ ਦਿੰਦੀ ਸਗੋਂ ਇਹ ਮਨੁੱਖ ਦੀ ਆਦਰਸ਼ਕ ਸੇਧ ਵੀ ਨਿਰਧਾਰਿਤ ਕਰਦੀ ਹੈ, ਉਸ ਦੇ ਪਰਮ ਸੁੱਖ ਦੀ, ਜੀਵਨ ਮੁਕਤ ਦੀ ਪ੍ਰਾਪਤੀ ਦਾ ਮਾਰਗ ਰੁਸ਼ਨਾਂਦੀ ਹੈ:

ਪ੍ਰਭ ਦਇਆਲ ਬੇਅੰਤ ਪੂਰਨ ਇਕੁ ਏਹੁ॥
ਸਭੁ ਕਿਛੁ ਆਪੇ ਆਪਿ ਦੂਜਾ ਕਹਾ ਕੇਹੁ॥
ਆਪਿ ਕਰਹੁ ਪ੍ਰਭ ਦਾਨੁ ਆਪੇ ਆਪ ਲੇਹੁ॥
ਆਵਣ ਜਾਣਾ ਹੁਕਮੁ ਸਭੁ ਨਿਹਚਲੁ ਤੁਧੁ ਥੇਹੁ॥
ਨਾਨਕੁ ਮੰਗੈ ਦਾਨੁ ਕਰਿ ਕਿਰਪਾ ਨਾਮੁ ਦੇਹੁ॥[62]

ਇਸ ਤਰ੍ਹਾਂ ਗੁਰੂ ਸਾਹਿਬ ਦਾ ਦਾਰਸ਼ਨਿਕ ਤੇ ਅਧਿਆਤਮਕ ਫਲਸਫ਼ਾ ਪ੍ਰਭੂ ਨੂੰ ਹੀ ਦਇਆ ਦਾ ਘਰ, ਬੇਅੰਤ ਤੇ ਸਰਬ ਵਿਆਪਕ ਮੰਨਦਾ ਹੋਇਆ ਉਸ ਦੇ ਹੁਕਮ ਨੂੰ ਅਟਲ ਦੱਸਦਾ ਹੈ ਤੇ ਪ੍ਰਭੂ ਦੇ ਨਾਮ ਸਿਮਰਨ ਨਾਲ ਭਾਵ ਉੱਚ ਆਤਮਕ ਗੁਣ ਗ੍ਰਹਿਣ ਕਰਕੇ ਆਪਣੀ ਅਤੇ ਸਮੂਹ ਸਮਾਜਿਕ ਮੁਕਤੀ ਵਲ, ਭਾਵ ਇਕ ਇਖ਼ਲਾਕੀ ਮਨੁੱਖ ਹੀ ਆਦਰਸ਼ਕ ਸਮਾਜ ਦੀ ਸਥਾਪਨਾ ਵੱਲ ਅਗਰਸਰ ਹੋ ਸਕਦਾ ਹੈ।

**ਰਾਮਕਲੀ ਦੀ ਵਾਰ**

ਇਸ ਵਾਰ ਦੀਆਂ 22 ਪਉੜੀਆ ਤੇ 44 ਸਲੋਕ (ਗੁਰੂ ਅਰਜਨ ਦੇਵ ਜੀ ਦੇ) ਹਨ। ਇਸ ਵਾਰ ਦੇ ਵਿਸ਼ੇ ਦਾ ਕੇਂਦਰੀ ਧੁਰਾ ਵੀ ਪ੍ਰਭੂ ਨਾਮ ਦਾ ਸਿਮਰਨ ਤੇ ਉਸ ਦੀ ਸਿਫ਼ਤ ਸਲਾਹ ਹੈ। ਸਾਰਿਆਂ

ਸਲੋਕਾਂ ਅਤੇ ਪਉੜੀਆਂ ਵਿਚ ਇਹ ਧੁਨੀ ਬਾਰ-ਬਾਰ ਗੂੰਜਦੀ ਹੈ। ਅਧਿਆਤਮਕਤਾ ਦਾ ਇਹ ਰੰਗ ਬਾਕੀ ਵਾਰਾਂ ਵਾਂਗ ਇਸ ਵਾਰ ਵਿਚ ਵੀ ਗੂੜ੍ਹੀ ਤਰ੍ਹਾਂ ਸਮਾਇਆ ਹੋਇਆ ਹੈ ਅਤੇ ਇਹ ਰੰਗ ਮਨੁੱਖ ਅੰਦਰ ਆਦਰਸ਼ਵਾਦੀ ਤੇ ਸੰਤੁਲਤ ਮਨੁੱਖ ਦਾ ਇਕ ਮਾਡਲ ਉਘਾੜਦਾ ਹੈ ਜਿਸ ਤਹਿਤ ਉਹ ਆਪਣੀ ਵਿਹਾਰਕ ਜ਼ਿੰਦਗੀ ਵਿਚ ਸੁਚੇਤ ਪੱਧਰ ਤੇ ਇਕ ਅਜਿਹਾ ਹੀ ਮਾਨਵਵਾਦੀ ਮਾਡਲ ਸਿਰਜਣ ਵੱਲ ਅਗਰਸਰ ਹੁੰਦਾ ਹੈ। ਪ੍ਰਭੂ ਪ੍ਰਤਿ ਗੁਰੂ ਸਾਹਿਬ ਦਾ ਦਾਰਸ਼ਨਿਕ ਵਿਚਾਰ ਇਸ ਤਰ੍ਹਾਂ ਉੱਘੜਦਾ ਹੈ:

ਥਟਣਹਾਰੈ ਥਾਟੁ ਆਪੇ ਹੀ ਥਟਿਆ॥
ਆਪੇ ਪੂਰਾ ਸਾਹੁ ਆਪੇ ਹੀ ਖਟਿਆ॥
ਆਪੇ ਕਰਿ ਪਾਸਾਰੁ ਆਪੇ ਰੰਗ ਰਟਿਆ॥
ਕੁਦਰਤਿ ਕੀਮ ਨ ਪਾਇ ਅਲਖ ਬ੍ਰਹਮਟਿਆ।
ਅਗਮ ਅਥਾਹ ਬੇਅੰਤ ਪਰੈ ਪਰਟਿਆ॥
ਆਪੇ ਵਡ ਪਾਤਿਸਾਹੁ ਆਪਿ ਵਜੀਰਟਿਆ॥
ਕੋਇ ਨ ਜਾਣੈ ਕੀਮ ਕੇਵਡੁ ਮਟਿਆ॥
ਸਚਾ ਸਾਹਿਬੁ ਆਪਿ ਗੁਰਮੁਖਿ ਪਰਗਟਿਆ॥[63]

ਪਰਮਾਤਮਾ ਸੰਸਾਰ ਦਾ ਰਚਨਹਾਰਾ ਹੈ, ਉਹ ਇਸ ਦਾ ਪਸਾਰਾ ਕਰਕੇ ਆਪ ਇਸਦੇ ਰੰਗ ਵਿਚ ਰਚਿਆ ਹੈ, ਉਸ ਦੀ ਕੁਦਰਤਿ ਅਸੀਮਤ ਹੈ, ਉਹ ਅਗਮ, ਅਥਾਹ, ਬੇਅੰਤ ਹੈ। ਆਪੇ ਹੀ ਪਾਤਸ਼ਾਹ, ਆਪੇ ਵਜੀਰ ਹੈ। ਗੁਰਮੁੱਖਾਂ ਦੇ ਹਿਰਦੇ ਵਿਚ ਆਪ ਹੀ ਪ੍ਰਗਟ ਹੁੰਦਾ ਹੈ।

ਉਪਰੋਕਤ ਵਿਚਾਰਾਂ ਦੇ ਪਿਛੋਕੜ ਵਿਚ ਤੱਤਕਾਲੀ ਸਮਾਜ ਦੇ ਤਾਨਾਸ਼ਾਹੀ ਰਾਜਨੀਤੀ ਦਾ ਸੰਦਰਭ ਵੀ ਉਜਾਗਰ ਹੁੰਦਾ ਜਾਪਦਾ ਹੈ। ਨਿਘਰੇ ਰਾਜਨੀਤਕ ਪ੍ਰਬੰਧ ਵਿਚ ਵਿਚਰ ਰਹੀ ਲੋਕਾਈ ਨੂੰ ਰਾਜਿਆਂ ਜਾਂ ਰਜਵਾੜਾਸ਼ਾਹੀ ਦੀ ਗ਼ੁਲਾਮੀ ਤੋਂ ਮੁਕਤ ਹੋਣ ਲਈ ਗੁਰੂ ਸਾਹਿਬ ਇਕ ਨਵੀਨ ਆਦਰਸ਼ਕ ਸਮਾਜ ਦੀ ਸਥਾਪਨਾ ਦਾ ਸੰਕਲਪ "ਆਪੇ ਵੰਡ ਪਾਤਿਸ਼ਾਹੂ ਆਪਿ ਵਜੀਰਟਿਆ" ਦੇ

ਥੀਮ ਰਾਹੀਂ ਪ੍ਰਗਟ ਕਰਦੇ ਹਨ। ਗੁਰੂ ਸਾਹਿਬ ਮਨੁੱਖਾਂ ਵਿਚ ਰੱਬੀ ਗੁਣ (ਗੁਰਮੁੱਖ) ਪੈਦਾ ਕਰਨ ਦੀ ਲੋਚਨਾ ਕਰਦੇ ਹੋਏ, ਇਕ ਵਿਸ਼ਵ-ਵਿਆਪੀ ਮਾਨਵਤਾ (ਗੁਰਮੁੱਖਾਂ) ਦੇ ਸਮਾਜ ਸਥਾਪਨਾ ਕਰਨ ਦਾ ਸੰਕਲਪ ਪ੍ਰਗਟ ਕਰਦੇ ਹਨ। ਇਸ ਸਾਰੀ ਵਾਰ ਦੀ ਪ੍ਰਤਿਧੁਨੀ ਵਿਚੋਂ ਅਜਿਹੇ ਹੀ ਸਮਭਾਵੀ ਵਿਚਾਰਾਂ ਦੀ ਗੂੰਜ ਸੁਣਾਈ ਦੇਂਦੀ ਜਾਪਦੀ ਹੈ।

**ਮਾਰੂ ਦੀ ਵਾਰ :**

ਇਸ ਵਾਰ ਦੀਆਂ 23 ਪਉੜੀਆ ਅਤੇ 64 ਸਲੋਕ ਹਨ। ਹੋਰਨਾਂ ਵਾਰਾਂ ਵਾਂਗ ਇਸ ਵਾਰ ਵਿਚ ਵੀ ਪਰਮਾਤਮਾ ਦੀ ਸਿਫ਼ਤ-ਸਲਾਹ, ਸਿਮਰਨ ਤੇ ਜੱਸ ਕਰਨ ਦੇ ਮਾਨਵਤਾ ਪ੍ਰਤਿ-ਹਾਂ-ਪੱਖੀ ਲਾਭ ਦੱਸੇ ਹਨ। ਪਰਮਾਤਮਾ ਨੂੰ ਸਰਬ ਵਿਆਪਕ, ਬੇਅੰਤ ਜੀਵਾਂ ਦਾ ਪਾਲਕ ਦੱਸਿਆ ਹੈ। ਸਿੱਖ ਧਰਮ ਦੇ ਅਧਿਆਤਮਕ ਚਿੰਤਨ ਅਨੁਸਾਰ ਗੁਰੂ ਸਾਹਿਬ ਦੇ ਪ੍ਰਭੂ ਪ੍ਰਤੀ ਦਾਰਸ਼ਨਿਕ ਅਤੇ ਅਧਿਆਤਮਕ ਚਿੰਤਨ ਦਾ ਆਦਿ-ਬਿੰਦੂ, ਇਸ਼ਟ ਪ੍ਰਮਾਤਮਾ ਵਿਚ ਅਟੱਲ ਵਿਸ਼ਵਾਸ ਹੈ। ਉਦਾਹਰਣ ਵਜੋਂ:

ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ॥
ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ॥[64]

ਗੁਰੂ ਸਾਹਿਬ ਦੇ ਪ੍ਰਮਾਤਮਾ ਸੰਬੰਧੀ ਉਪਰੋਕਤ ਵਿਚਾਰ ਇਸ ਵਾਰ ਦੀ ਤਕਰੀਬਨ ਸਾਰੀਆਂ ਪਉੜੀਆਂ ਵਿਚ ਵਿਦਮਾਨ ਹਨ। ਗੁਰੂ ਸਾਹਿਬ ਨੇ ਬਾਰ-ਬਾਰ ਇਹ ਚਿਤਾਵਨੀ ਕੀਤੀ ਹੈ ਕਿ ਸੰਸਾਰ ਦੇ ਮੋਹ ਬੰਧਨਾਂ ਭਾਵ ਪਦਾਰਥਵਾਦੀ ਰੁਚੀ ਤੋਂ ਉੱਪਰ ਉੱਠ ਕੇ ਇਸ ਦੀ ਅਸਲੀਅਤ ਨੂੰ ਪਛਾਣ ਕੇ ਆਤਮਿਕ ਕਲਿਆਣ ਦਾ ਪਾਂਧੀ ਬਣਿਆ ਜਾਵੇ:

ਜਿਨਿ ਜਨਿ ਗੁਰਮੁਖਿ ਸੇਵਿਆ ਤਿਨਿ ਸਭਿ ਸੁਖ ਪਾਈ॥

ਓਹੁ ਆਪਿ ਤਰਿਆ ਕੁਟੰਬ ਸਿਉ ਸਭੁ ਜਗਤੁ ਤਰਾਈ॥

ਉਨਿ ਹਰਿ ਨਾਮਾ ਧਨੁ ਸੰਚਿਆ ਸਭ ਤਿਖਾ ਬੁਝਾਈ॥

ਉਨਿ ਛਡੇ ਲਾਲਚ ਦੁਨੀ   ਕੇ ਅੰਤਰਿ ਲਿਵ ਲਾਈ॥

ਓਤ ਸਦਾ ਸਦਾ ਘਰਿ ਅਨੰਦੁ ਹੈ ਹਰਿ ਸਖਾ ਸਹਾਈ॥[65]

ਗੁਰੂ ਸਾਹਿਬ ਦੇ ਅਧਿਆਤਮਕ ਚਿੰਤਨ ਵਿਚ ਆਪਣੇ ਧਾਰਮਿਕ ਇਸ਼ਟ ਲਈ ਗੁਰੂ ਅਤੇ ਸਤਿਗੁਰੂ ਸ਼ਬਦ ਵਰਤੇ ਹਨ। ਸਤਿਗੁਰੂ ਪਦ ਪਰਮਸੱਤਾ ਪ੍ਰਮਾਤਮਾ ਦਾ ਸੰਕੇਤ ਵੀ ਹੈ। ਪ੍ਰਮਾਤਮਾ ਤੋਂ ਬਾਅਦ ਚਿੰਤਨ ਦੇ ਦਾਰਸ਼ਨਿਕ ਅਧਿਆਤਮਵਾਦ ਵਿਚ ਸੰਸਾਰ ਰਚਨਾ ਸੰਬੰਧੀ ਫਲਸਫਾ ਸਪਸ਼ਟ ਹੁੰਦਾ ਹੈ। ਇਹ ਧਰਤੀ ਜਿੱਥੇ ਮਨੁੱਖ ਦਾ ਨਿਵਾਸ ਹੈ, ਅਨੰਤ ਵਿਸ਼ਵ ਰਚਨਾ ਦਾ ਇਕ ਭਾਗ ਹੈ। ਜਗਤ ਰਚਨਾ ਕਰਤਾ-ਪੁਰਖ ਦੀ ਕ੍ਰਿਤ ਹੈ। ਹੇਠ ਲਿਖੀ ਪਉੜੀ ਵਿਚ ਪ੍ਰਮਾਤਮਾ ਤੇ ਜਗਤ ਰਚਨਾ ਸੰਬੰਧੀ ਗੁਰੂ ਸਾਹਿਬ ਦੇ ਦਾਰਸ਼ਨਿਕ ਅਧਿਆਤਮਵਾਦ ਦਾ ਪ੍ਰਗਟਾਵਾ ਹੋਇਆ ਹੈ:

ਤੂ ਅਗਮ ਦਇਆਲੁ ਬੇਅੰਤੁ ਤੇਰੀ ਕੀਮਤਿ ਕਹੈ ਕਉਣੁ॥

ਤੁਧੁ ਸਿਰਜਿਆ ਸਭੁ ਸੰਸਾਰੁ ਤੂ ਨਾਇਕੁ ਸਗਲ ਭਉਣ॥

ਜਿਸੁ ਹੋਵਹਿ ਆਪਿ ਦਇਆਲੁ ਤਿਸੁ ਲਾਵਹਿ ਸਤਿਗੁਰ ਚਰਣ॥

ਤੂ ਹੋਰਤੁ ਉਪਾਇ ਨ ਲਭਹੀ ਅਬਿਨਾਸੀ ਸ੍ਰਿਸਟਿ ਕਰਣ॥[66]

ਇਸ ਵਾਰ ਦੀਆਂ ਪਉੜੀਆਂ ਨਾਲ ਗੁਰੂ ਸਾਹਿਬ ਨੇ ਜੋ ਸਲੋਕ ਵਰਤੇ ਹਨ, ਉਹਨਾਂ ਨੂੰ (ਡਖਣੇ ਮ:5) ਕਰਕੇ ਲਿਖਿਆ ਹੈ। ਪੰਡਤ ਨਰਾਇਣ ਸਿੰਘ ਜੀ ਗਿਆਨੀ ਅਨੁਸਾਰ "ਡੱਖਣਾ ਕੋਈ ਖਾਸ ਛੰਦ ਨਹੀਂ ਕੇਵਲ ਮੁਲਤਾਨ ਤੋਂ ਸਿੰਧ ਤੀਕਰ ਬਹਾਵਲਪੁਰ ਇਲਾਕੇ ਦੀ ਬੋਲੀ ਵਿਚ ਜੋ ਦੋਹਰੇ ਜਾਂ ਸੋਰਠੇ ਰਚੇ ਜਾਂਦੇ ਹਨ, ਉਹਨਾਂ ਦਾ ਨਾਮ ਡੱਖਣੇ ਹੈ।"[67] ਗੁਰੂ ਸਾਹਿਬ ਨੇ ਇਹਨਾਂ ਡੱਖਣਿਆਂ ਰਾਹੀਂ ਬਹੁਤ ਹੀ ਮਿੱਠੀ ਬੋਲੀ ਵਿਚ ਪ੍ਰਮਾਤਮਾ ਪ੍ਰਤਿ ਆਪਣੇ ਅਧਿਆਤਮਕ ਚਿੰਤਨ ਨੂੰ ਪ੍ਰਗਟ ਕੀਤਾ ਹੈ। ਉਹਨਾਂ ਨੇ ਗੁਰਮੁੱਖ ਪੁਰਸ਼ਾਂ ਪ੍ਰਤਿ ਜੋ ਸਮਾਜ ਵਿਚ ਵਿਰਲੇ-ਵਿਰਲੇ ਹੀ ਹੁੰਦੇ ਹਨ, ਆਪਣੇ ਵਿਚਾਰ ਇਉਂ ਪੇਸ਼ ਕੀਤੇ ਹਨ:

ਸਚੁ ਸੁਹਾਵਾ ਕਾਢੀਐ ਕੂੜੈ ਕੂੜੀ ਸੋਇ॥

ਨਾਨਕ ਵਿਰਲੇ ਜਾਣੀਅਹਿ ਜਿਨ ਸਚੁ ਪਲੈ ਹੋਇ॥[68]

ਗੁਰੂ ਸਾਹਿਬ ਆਪਣੇ ਅਧਿਆਤਮਕ ਚਿੰਤਨ ਰਾਹੀਂ ਸਮਾਜ ਅੱਗੇ ਇਕ ਸਪਸ਼ਟ ਉਦੇਸ਼ ਪ੍ਰਗਟ ਕਰਦੇ ਹਨ ਕਿ ਜਿਹੜੀ ਸੋਚ 'ਸਭੈ ਸਾਂਝੀਵਾਲ ਸਦਾਇਨ' ਦੇ ਅਸੂਲ ਤਹਿਤ ਮਨੁਖਤਾ ਪ੍ਰਤਿ ਪਿਆਰ ਰੱਖਦੀ ਹੈ ਉਹ ਸੋਚ ਦੇ ਧਾਰਨੀ ਲੋਕਾਂ ਦੀ ਇਕ ਸਾਂਝੀ ਧਿਰ ਉਸਾਰਨੀ ਕੋਈ ਸੌਖੀ ਗੱਲ ਨਹੀਂ। ਸੱਚ ਤੇ ਤੁਰਨ ਵਾਲਾ ਤੇ ਸੱਚ ਤੇ ਖੜਨ ਵਾਲਾ ਗੁਰਮੁਖ ਕੋਈ ਵਿਰਲਾ ਹੀ ਹੁੰਦਾ ਹੈ। ਅਜਿਹੀ ਅਧਿਆਤਮਕ ਸੋਚ ਇਸ ਵਾਰ ਦੇ ਸਮੁੱਚੇ ਕਲੇਵਰ ਵਿਚੋਂ ਦ੍ਰਿਸ਼ਟੀਗੋਚਰ ਹੁੰਦੀ ਹੈ।

**ਬਸੰਤ ਦੀ ਵਾਰ :**

ਇਹ ਵਾਰ ਕੇਵਲ ਤਿੰਨ ਪਉੜੀਆਂ ਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਧਿਆਤਮਕ ਵਾਰਾਂ ਵਿਚੋਂ ਇਹ ਸਭ ਤੋਂ ਛੋਟੀ ਵਾਰ ਰਚਨਾ ਹੈ। ਦੂਜੀਆਂ ਵਾਰਾਂ ਦੀ ਤਰ੍ਹਾਂ ਇਸ ਵਾਰ ਦਾ ਨਾਇਕ ਵੀ ਪ੍ਰਮਾਤਮਾ ਹੈ। ਭਾਰਤੀ ਸੰਗੀਤ ਪਰੰਪਰਾ ਅਨੁਸਾਰ ਬਸੰਤ ਰੁੱਤ ਦੇ ਕੁਦਰਤੀ ਚਿੱਤ੍ਰਣ ਦੇ ਉਮਾਹ ਨੂੰ ਪ੍ਰਗਟਾਉਣ ਲਈ ਇਸ ਰਾਗ ਨੂੰ ਮਾਧਿਅਮ ਬਣਾਇਆ ਜਾਂਦਾ ਹੈ। ਇਸ ਵਾਰ ਵਿਚ ਗੁਰੂ ਸਾਹਿਬ ਦੇ ਦਾਰਸ਼ਨਿਕ ਚਿਤਰਨ ਵਿਚ ਪ੍ਰਮਾਤਮਾ ਦੀ ਸਰਬ ਵਿਆਪਕਤਾ ਦਾ ਫਲਸਫਾ ਤੇ ਮਨੁੱਖ ਨੂੰ ਉਸ ਦੇ ਅਧਿਆਤਮਕ ਰੰਗਤ ਵਿਚ ਰੰਗਣ ਦਾ ਫਲਸਫ਼ਾ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਵਾਰ ਵਿਚ ਪ੍ਰਭੂ ਨਾਲ ਇਕਸੁਰਤਾ, ਏਕਤਾ ਅਤੇ ਸਿਰਜਨਾਤਮਕ ਸ਼ਕਤੀ ਦਾ ਅੰਤਰ ਬੋਧੀ ਖਿਆਲ ਹੈ:

ਹਰਿ ਕਾ ਨਾਮ ਧਿਆਇ ਕੈ ਹੋਹੁ ਹਰਿਆ ਭਾਈ॥

ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ॥

ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ॥

ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ॥

ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ॥[69]

ਪ੍ਰਮਾਤਮਾ ਦੇ ਨਾਮ ਵਿਚ ਲੀਨ ਭਾਵ ਸਦਭਾਵੀ ਸਦਾਚਾਰ ਗੁਣ ਗ੍ਰਹਿਣ ਕਰਕੇ, ਗੁਰਮੁਖਿ

ਮਨੁੱਖ ਬਣ ਕੇ, ਵਿਕਾਸਵਾਦੀ ਤੇ ਪ੍ਰਗਤੀਵਾਦੀ ਰਾਹਾਂ ਦਾ ਪਾਂਧੀ ਬਣਕੇ, ਸਮੁੱਚੀ ਮਾਨਵਤਾ ਲਈ ਇਕ ਮਾਡਲ ਦੀ ਭੂਮਿਕਾ ਨਿਭਾਕੇ, ਇਕ ਸਰਬ ਸਾਂਝੀਵਾਲਤਾ ਵਾਲੇ ਮਨੁੱਖੀ ਸਮਾਜ ਦੇ ਨਿਰਮਾਣ ਵੱਲ ਅਗਰਸਰ ਹੈ। ਗੁਰੂ ਸਾਹਿਬ ਦਾ ਇਹ ਅਧਿਆਤਮਕ ਸੁਨੇਹਾ ਇਸ ਵਾਰ ਦੇ ਸਮੁੱਚ ਵਿਚੋਂ ਠਾਠਾਂ ਮਾਰਦਾ ਨਜਰ ਆਉਂਦਾ ਹੈ।

**ਰਾਮਕਲੀ ਦੀ ਵਾਰ ਰਾਇ ਬਲਵੰਡ ਤਥੈ ਸਤੇ ਡੂਮਿਆਖੀ:**

ਇਸ ਵਾਰ ਦੀਆਂ ਕੁੱਲ 8 ਪਉੜੀਆਂ ਹਨ। ਇਹ ਵਾਰ ਦੋ ਵਜੰਤ੍ਰੀ ਤੇ ਗਵਈਏ ਬਲਵੰਡ ਤੇ ਸੱਤੇ ਦੁਆਰਾ ਸਾਂਝੇ ਤੌਰ ਤੇ ਉਚਾਰੀ ਹੋਈ ਹੈ (ਜਿਵੇਂ ਕਿ ਸਿਰਲੇਖ ਤੋਂ ਮਾਲੂਮ ਹੁੰਦਾ ਹੈ) ਇਹ ਦੋਵੇਂ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਦੇ ਸਨ। ਇਸ ਵਾਰ ਨੂੰ ਪਹਿਲੇ ਪੰਜ ਗੁਰੂਆਂ ਦੀ ਵਡਿਆਈ ਜਾਂ ਉਸਤਤ ਵਿਚ ਲਿਖੀ ਦੱਸਦੇ ਹਨ। ਡਾਕਟਰ ਮਲਕੀਤ ਸਿੰਘ ਬਾਜਵਾ ਨੇ ਭੱਟਾਂ ਤੇ ਸਵੱਈਆਂ ਤੇ ਵਿਚਾਰ ਕਰਦਿਆਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਹੈ ਕਿ "ਪਰੰਤੂ ਗੁਰੂਆਂ ਦੇ ਅਮਲੀ ਤੇ ਵਿਵਹਾਰਕ ਜੀਵਨ ਤੇ ਝਾਤੀ ਮਾਰਦਿਆਂ ਇਹ ਗੱਲ ਦਰੁਸਤ ਨਹੀਂ ਲੱਗਦੀ ਕਿਉਂਕਿ ਕਿਸੇ ਵੀ ਗੁਰੂ ਨੇ ਆਪਣੀ ਵਿਅਕਤੀਗਤ ਪੂਜਾ ਦੀ ਆਗਿਆ ਨਹੀਂ ਦਿੱਤੀ। ਇਸ ਗੱਲ ਦੀ ਪੁਸ਼ਟੀ ਉਹਨਾਂ ਦੇ ਅਮਲੀ ਜੀਵਨ ਦਰਪਣ ਤੋਂ ਸਹਿਜੇ ਹੀ ਸਮਝੀ ਜਾ ਸਕਦੀ ਹੈ"[70]:

> ਜੋ ਹਮ ਕੋ ਪਰਮੇਸ਼ਰ ਉਚਰਿਹੈ।
>
> ਤੈ ਸਭ ਨਰਕਿ ਕੁੰਡ ਮਹਿ ਪਰਿਹੈ।[71]

ਇਸ ਵਾਰ ਦੀ ਅੰਦਰਲੀ ਗਵਾਹੀ ਤੋਂ ਵੀ ਇਹ ਗੱਲ ਨੂੰ ਸਮਝਿਆ ਜਾ ਸਕਦਾ ਹੈ।

> ਜੋਤਿ ਉਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।[72]

ਉਪਰੋਕਤ ਨੂੰ ਧਿਆਨ ਨਾਲ ਸਮਝਿਆਂ ਇਹ ਗੱਲ ਸਹਿਜੇ ਹੀ ਸਮਝ ਵਿਚ ਆ ਜਾਂਦੀ ਹੈ ਕਿ ਇਹ ਰਚਨਾ ਵੀ ਗੁਰੂ ਵਿਅਕਤੀ ਉਸਤਤ ਵਿਚ ਨਹੀਂ ਸਗੋਂ ਗੁਰੂ ਪਦ ਉਸਤਤੀ ਵਿਚ ਹੈ। ਇਸ ਵਾਰ ਵਿਚ ਆਏ ਗੁਰੂ ਪਦ ਦੀ ਉਸਤਤੀ ਵਿਚ ਵਿਚਾਰ ਗੁਰਮਤਿ ਨਾਲ ਮੇਲ ਖਾਂਦੇ ਹਨ। ਗੁਰਮਤਿ ਦੇ ਇਕ ਈਸ਼ਵਰਵਾਦ ਦੇ ਦਾਰਸ਼ਨਿਕ ਆਧਾਰ ਨੂੰ ਇਸ ਵਾਰ ਵਿਚ ਬਾਰ-ਬਾਰ ਦੁਹਰਾਇਆ ਗਿਆ

ਹੈ:

(ੳ) ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ।।[73]

(ਅ) ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ।।[74]

(ੲ) ਸਤਿਗੁਰੁ ਆਖੈ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ।।[75]

(ਸ) ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ।।[76]

ਉਪਰੋਕਤ ਤੋਂ ਇਲਾਵਾ ਇਸ ਵਾਰ ਤੇ ਸਮੁੱਚੇ ਕਲੇਵਰ ਵਿਚ ਉਸ ਪਰਮ ਸ਼ਕਤੀ ਪ੍ਰਮਾਤਮਾ ਦੀ ਥਾਂ ਥਾਂ ਉਸਤਤ ਕੀਤੀ ਗਈ ਹੈ। ਇਸ ਤੋਂ ਇਲਾਵਾ ਸਿੱਖ ਧਰਮ ਦੀ ਅਧਿਆਤਮਕਤਾ ਦੀ ਫੁਹਾਰ ਨੂੰ ਵੀ ਇਸ ਵਾਰ ਦੇ ਸਮੁੱਚ ਵਿਚੋਂ ਸਮਝਿਆ ਜਾ ਸਕਦਾ ਹੈ:

(ੳ) ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ।।
ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ।।[77]

(ਅ) ਜਿਨੀ ਗੁਰੂ ਨਾ ਸੇਵਿਓ ਮਨਮੁਖਾ ਪਾਇਆ ਮੋਆ।।[78]

ਸਾਰੀ ਵਿਚਾਰ ਤੋਂ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਾਰ ਦੇ ਸਮੁੱਚ ਵਿਚੋਂ ਗੁਰਮਤਿ ਦੇ ਦਾਰਸ਼ਨਿਕ ਤੇ ਅਧਿਆਤਮਕ ਵਿਚਾਰਾਂ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ।

ਉਪਰੋਕਤ ਸਾਰੇ ਅਧਿਐਨ ਉਪਰੰਤ ਅਸੀਂ ਇਹ ਨਿਰਨਾ ਲੈ ਸਕਦੇ ਹਾਂ ਕਿ ਗੁਰਬਾਣੀ ਅਤੇ ਇਹਨਾਂ ਵਾਰਾਂ ਵਿਚ ਪੇਸ਼ ਹੋਇਆ ਫਲਸਫਾ ਜਾਂ ਦਾਰਸ਼ਨਿਕਤਾ ਮੂਲੋਂ ਅਮਲੀ ਵਰਤੋਂ ਵਿਚ ਆਉਣ ਵਾਲਾ ਫਲਸਫਾ ਹੈ। ਇਹ ਦਾਰਸ਼ਨਿਕਤਾ ਕਲਪਨਾਤਮਕ ਜਾਂ ਕਲਪਨਾ ਅਧਾਰਤ ਦਾਰਸ਼ਨਿਕਤਾ ਨਹੀਂ ਹੈ। ਇਹਨਾਂ ਵਾਰਾਂ ਵਿਚ ਤੱਤਕਾਲੀਨ ਸਮਾਜਿਕ, ਧਾਰਮਿਕ, ਰਾਜਨੀਤਿਕ ਤੇ ਸਭਿਆਚਾਰਕ ਪ੍ਰਸਥਿਤੀਆਂ ਤੇ ਘੋਖ ਦੀ ਦ੍ਰਿਸ਼ਟੀ ਦੁਆਰਾ ਮਨੁੱਖੀ ਜੀਵਨ ਦੀ ਸਮੱਸਿਆਵਾਂ ਨੂੰ ਭਾਂਪਿਆ ਗਿਆ ਹੈ ਅਤੇ ਮਨੁੱਖ ਨੂੰ ਇਹ ਸਿਖਾਇਆ ਹੈ ਕਿ ਅਸੀਂ ਉੱਤਮ ਜੀਵਨ ਕਿਵੇਂ ਬਤੀਤ ਕਰਨਾ ਹੈ। ਉਹ ਸੱਤਾ, ਸਭਿਆਚਾਰ, ਸਚਿਆਰ ਪ੍ਰਮਾਤਮਾ ਬਾਰੇ ਵਹਿਮਾਂ ਵਿਚ ਨਹੀਂ ਪੈਂਦੇ ਸਗੋਂ ਗੁਰਬਾਣੀ ਦੇ ਆਸ਼ੇ ਅਨੁਸਾਰ ਇਹ ਦ੍ਰਿੜ ਕਰਵਾਇਆ ਕਿ ਮਨੁੱਖ ਆਪਣੇ ਜੀਵਨ ਵਿਚ ਸੱਚਿਆਰ ਜਾਂ ਗੁਰਮੁੱਖ ਦੀ

ਪਦਵੀ ਪ੍ਰਾਪਤ ਕਰੇ। ਇਹਨਾਂ ਵਾਰਾਂ ਵਿਚ ਮਨੁੱਖ ਆਪਣੇ ਆਪ ਨਾਲ ਦਾਰਸ਼ਨਿਕ ਪੱਧਰ ਤੇ ਅੰਤਰ-ਆਤਮ ਘੋਲ ਘੁਲਦਾ ਹੈ ਅਤੇ ਆਤਮਿਕ ਵਿਚਾਰ ਅਤੇ ਬੁੱਧੀ ਨਾਲ ਸੋਚਦਾ ਹੈ ਅਤੇ ਹੋਰ ਚੰਗਾ ਬਣਨ ਦਾ ਉਪਰਾਲਾ ਕਰਦਾ ਹੈ। ਇਹਨਾਂ ਵਾਰਾਂ ਵਿਚਲਾ ਦਾਰਸ਼ਨਿਕ ਫਲਸਫਾ ਨਿਮਰਤਾ ਦਾ ਧਾਰਣੀ ਹੈ। ਇਹਨਾਂ ਵਾਰਾਂ ਵਿਚਲੇ ਦਾਰਸ਼ਨਿਕ ਅਤੇ ਅਧਿਆਤਮਕ ਤੱਤਾਂ ਦਾ ਪ੍ਰਮੁੱਖ ਪ੍ਰਕਾਰਜ ਮਾਨਵੀ ਜੀਵਨ ਦਾ ਆਵਾਗੌਣ ਦੇ ਚਿਹਨ ਚੱਕਰ ਤੋਂ ਮੁਕਤ ਹੋਣਾ ਅਤੇ ਮਾਇਆਵਾਦੀ ਪਸਾਰ ਤੋਂ ਪਾਰਗਾਮੀ ਹੋ ਕੇ ਅਧਿਆਤਮਕ ਜੀਵਨ ਦੀ ਪ੍ਰਾਪਤੀ ਕਰਨਾ ਹੈ।

ਧਰਮ ਮੀਮਾਂਸਾ (Theology) ਤੇ ਦਰਸ਼ਨ ਸ਼ਾਸਤਰ ਦਾ ਆਪਸ ਵਿਚ ਗੂੜਾ ਸਬੰਧ ਹੈ। ਵਾਰਾਂ ਦਾ ਉਦੇਸ਼ ਵੇਲੇ ਦੀ ਲਤਾੜੀ ਤੇ ਦਮਨਿਤ ਲੋਕਾਈ ਨੂੰ ਧਾਰਮਿਕਤਾ ਭਰਪੂਰ ਵੀਰ ਰਸੀ ਵਾਰਾਂ ਰਚ ਕੇ ਉਹਨਾਂ ਵਿਚ ਉਤਸ਼ਾਹ ਭਾਵ ਪੈਦਾ ਕਰਨਾ ਸੀ। ਮਨੁੱਖੀ ਆਜ਼ਾਦੀ ਦਾ ਮੁੱਖ ਉਦੇਸ਼ ਗੁਰੂ ਸਾਹਿਬਾਨ ਸਾਮਹਣੇ ਸੀ। ਜਦੋਂ ਮਨੁੱਖ ਧਾਰਮਿਕ ਤੌਰ ਤੇ ਮਜ਼ਬੂਤ ਹੋ ਜਾਂਦਾ ਹੈ ਤਾਂ ਫਿਰ ਕੋਈ ਤਾਕਤ ਉਸ ਨੂੰ ਦਬਾ ਨਹੀਂ ਸਕਦੀ। ਉਦਾਹਰਣ ਵਜੋਂ ਜਿਵੇਂ ਸਿੱਖ ਧਰਮ ਵਿਚ ਗੁਰੂ ਅਰਜਨ ਦੇਵ ਸਾਹਿਬ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੇ ਗੁਰੂ ਗੋਬਿੰਦ ਸਿੰਘ ਦੇ ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ, ਜਿਨ੍ਹਾਂ ਨੂੰ ਧਾਰਮਿਕਤਾ ਦੀ ਪਰਪਕ ਗੁੜਤੀ ਮਾਂ-ਦੁੱਧ ਵਿਚੋਂ ਅਤੇ ਪਿਤਾ-ਪਿਆਰ ਦੇ ਅਮਲੀ ਵਿਹਾਰ ਵਿਚੋਂ ਮਿਲੀ ਸੀ। ਉਹਨਾਂ ਵੇਲੇ ਦੀ ਰਾਜਨੀਤਕ ਤਾਕਤ ਤੇ ਦਮਨ ਅਗੇ ਝੁਕਾ ਨਹੀਂ ਸਕਦੀ।

ਇਨ੍ਹਾਂ ਵਾਰਾਂ ਦਾ ਦਾਰਸ਼ਨਿਕ ਪੱਖ ਇਹ ਹੈ ਕਿ ਇਨ੍ਹਾਂ ਵਿਚ ਪ੍ਰਮਾਤਮਾ ਜਾਂ ਅਕਾਲ ਪੁਰਖ ਨੂੰ ਸ੍ਰਿਸ਼ਟੀ ਰਚਨਹਾਰ ਤੇ ਸ੍ਰਿਸ਼ਟੀ ਨੂੰ ਇਕ ਹੁਕਮ ਮੁਤਾਬਕ ਚਲਾਉਣ ਵਾਲਾ ਦਰਸਾਇਆ ਹੈ। ਗੁਰਬਾਣੀ ਪ੍ਰਮਾਤਮਾ ਦੇ ਸਰੂਪ ਨੂੰ ਨਿਸ਼ਚਿਤ ਵੀ ਕਰਦੀ ਹੈ ਤੇ ਇਸ ਨੂੰ ਮੰਨਦੀ ਵੀ ਹੈ। ਸਾਰੀਆਂ ਵਾਰਾਂ ਵਿਚ ਉਸ ਅਕਾਲਪੁਰਖ ਦੀ ਹੋਂਦ ਤੇ ਉਸ ਦੇ ਨਾਮ ਦੀ ਮਹਿਮਾਂ ਦੀ ਪ੍ਰਤਿਧੁਨੀ ਦੀ ਗੂੰਜ ਲਗਾਤਾਰ ਮੌਜੂਦ ਰਹਿੰਦੀ ਹੈ।

ਸਮੁੱਚੇ ਰੂਪ ਵਿਚ ਸਿੱਖ ਅਧਿਆਤਮਕਤਾ ਇਕ ਈਸ਼ਵਰਵਾਦ ਉੱਤੇ ਅਧਾਰਿਤ ਹੈ ਅਤੇ

ਵਿਸ਼ੇਸ਼ ਆਤਮਿਕ ਅਨੁਭਵ ਦਾ ਸਾਧਨ ਹੈ। ਸਿੱਖ ਜਗਤ ਇਕ ਵਿਸ਼ਵ ਵਿਆਪੀ ਸੋਚ ਦਾ ਧਾਰਣੀ ਹੈ। ਇਸ ਦੀ ਸਦਗੁਣ ਸੋਚ, ਸਦਾਚਾਰਕ ਜੀਵਨ ਜਾਂਚ ਦਾ ਅਧਾਰ ਗੁਰਮੁੱਖ ਹੈ ਜਿਸ ਦੀ ਅਗਵਾਈ ਵਿਚ ਮਨੁੱਖ ਦੀ ਨਿੱਜੀ ਤੇ ਸਰਬ ਸਾਂਝੇ ਸਮਾਜਿਕ ਕਲਿਆਣ ਦੀ ਸਮਰੱਥਾ ਮੌਜੂਦ ਹੈ। ਇਹਨਾਂ ਸਮੁੱਚੀਆਂ ਵਾਰਾਂ ਦਾ ਦਾਰਸ਼ਨਿਕ ਤੇ ਅਧਿਆਤਮਕ ਆਧਾਰ ਇਕ ਈਸ਼ਵਰਵਾਦ ਦੀ ਮਾਨਤਾ ਤੇ ਆਧਾਰਿਤ ਹੈ। ਇਹ ਆਧਾਰ ਗੁਰੂ ਦੀ ਮਤਿ ਤੇ ਅਧਾਰਤ ਹੁੰਦਾ ਹੋਇਆ ਸ਼ੁੱਭ ਕਰਮਾਂ ਦੀ ਮਰਿਯਾਦਾ ਅਤੇ ਸਰਬੱਤ ਦੇ ਭਲੇ ਦੀ ਦੂਰ ਦ੍ਰਿਸ਼ਟੀ ਨਾਲ ਓਤਪੋਤ ਹੈ।

**ਮਨੁੱਖ ਤੇ ਸ੍ਰਿਸ਼ਟੀ:**

ਸ੍ਰਿਸ਼ਟੀ ਰਚਨਾ ਇਕ ਅਜਿਹਾ ਰਹੱਸ ਹੈ ਜਿਸ ਨੂੰ ਅਜੇ ਤੱਕ ਕੋਈ ਨਹੀ ਜਾਣ ਸਕਿਆ ਕਿ ਇਸ ਰਚਨਾ ਤੋਂ ਪਹਿਲਾਂ ਕੀ ਸੀ? ਰਚਨਾਂ ਕਿਉਂ ਹੋਈ? ਇਸਦੀ ਸਮੱਗਰੀ ਕਿਥੋਂ, ਕਿਵੇਂ ਤੇ ਕਦੋਂ ਆਈ? ਇਹ ਸਾਰੇ ਪ੍ਰਸ਼ਨ ਸਾਡੇ ਸਾਹਮਣੇ ਹਨ। ਸਮੇਂ ਸਮੇਂ ਤੇ ਵਿਦਵਾਨ ਅਤੇ ਵਿਚਾਰਵਾਨ ਇਸ ਦੇ ਉੱਤਰ ਲੱਭਦੇ ਰਹੇ, ਪਰ ਕੋਈ ਇਸ ਰਹੱਸ ਨੂੰ ਜਾਣ ਨਹੀ ਸਕਿਆ। ਸ੍ਰਿਸ਼ਟੀ ਪ੍ਰਕਿਰਿਆ ਆਦਿ ਕਾਲ ਤੋਂ ਹੀ ਮਨੁੱਖ ਦੀ ਜਗਿਆਸਾ ਦਾ ਇਕ ਮੁੱਖ ਵਿਸ਼ਾ ਬਣਿਆ ਰਿਹਾ ਹੈ। ਸੰਸਾਰ ਸਾਡੇ ਜੀਵਨ ਦੇ ਵਿਚਾਰਾਂ ਅਤੇ ਖ਼ਿਆਲਾਂ ਅਨੁਸਾਰ ਰਚਿਆ ਹੋਇਆ ਨਹੀਂ ਹੈ, ਮਨੁੱਖੀ ਬੁੱਧੀ ਇਨਾਂ ਗੱਲਾਂ ਨੂੰ ਸਮਝਣੋਂ ਅਸਮਰਥ ਹੈ ਜੋ ਇਸ ਦੀ ਹੱਦ ਤੋਂ ਬਾਹਰੇ ਹਨ, ਜੋ ਇਸ ਦੇ ਵਿਚਾਰ ਮੰਡਲ ਤੋਂ ਬਿਲਕੁਲ ਓਪਰੇ ਹਨ। ਇਸ ਲਈ ਇਨਾਂ ਨੂੰ ਸਮਝਣ ਦਾ ਜਤਨ ਕਰਨਾ ਇਵੇਂ ਹੀ ਹੈ ਜਿਵੇਂ ਗੁੰਗੇ ਦਾ ਮਠਿਆਈ ਖਾਣ ਤੋਂ ਬਾਅਦ ਉਸ ਦਾ ਸਵਾਦ ਦੱਸਣਾ। ਇਸ ਪ੍ਰਕਾਰ ਦਾ ਜਤਨ ਨਿਸਫਲ ਹੈ। ਅਸੀ ਸਿਰਫ ਇਹੀ ਕਹਿ ਸਕਦੇ ਹਾਂ ਕਿ ਸੰਸਾਰ ਤੇ ਉਸ ਦੀ ਰਚਨਾ ਇਕ ਬੜਾ ਅਚੰਭਾ ਹੈ। ਅਸੀ ਨਹੀਂ ਜਾਣਦੇ ਕਿ ਰਚਨਾ ਕਿਉਂ ਰਚੀ ਗਈ ਤੇ ਰਚਨਾ ਦਾ ਪ੍ਰਯੋਜਨ ਕੀ ਹੈ? ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਜ਼ਿਕਰ ਬਾਰ ਬਾਰ ਆਉਂਦਾ ਹੈ:

ਆਤਮ ਰਾਮੁ ਸੰਸਾਰਾ।। ਸਾਚਾ ਖੇਲੁ ਤੁਮਾਰਾ।।

ਸਚੁ ਖੇਲੁ ਤੁਮਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ।।

ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ।।[79]

ਵਿਗਿਆਨ ਦੀ ਨਵੀਂ ਖੋਜ ਇਹ ਸਿਧ ਕਰਦੀ ਹੈ ਕਿ ਸਾਡਾ ਸੂਰਜ, ਇਸ ਦੇ ਨੌ ਗ੍ਰਹਿ ਅਤੇ ਕਈ ਚੰਨ, ਅੱਜ ਤੋਂ ਕੋਈ ਸਾਢੇ ਚਾਰ ਅਰਬ ਸਾਲ ਪਹਿਲਾਂ ਗੈਸ ਧੂੜ ਦੇ ਇੱਕ ਬੱਦਲ ਤੋਂ ਸੁੰਗੜ ਕੇ ਬਣੇ ਸਨ। ਇਹ ਵਿਸ਼ਾਲ ਧੰਦੂਕਾਰੀ ਬੱਦਲ ਅਰਬਾਂ ਸਾਲਾਂ ਤੋਂ ਹੌਲੀ ਹੌਲੀ ਆਪਣੇ ਧੁਰੇ ਦੁਆਲੇ ਘੁੰਮ ਰਿਹਾ ਸੀ ਜੋ ਕਿ ਸਾਡੇ ਸੂਰਜ ਮੰਡਲ ਦਾ ਪਿੱਤਰੀ ਬਦਲ ਸੀ। ਇਸ ਤੋਂ ਵੀ ਕੋਈ ਪੰਦਰਾਂ ਕੁ ਅਰਬ ਸਾਲ ਪਹਿਲਾਂ ਸਾਰਾ ਬ੍ਰਹਿਮੰਡ ਹੀ ਇੱਕ ਧੁੰਧਕਾਰਾ ਸੀ, ਗੈਸ ਸੀ, ਮੁੱਢਲੇ ਕਣ ਸਨ, ਅਤੇ ਪ੍ਰਕਾਸ਼ ਰੂਪੀ ਉਰਜਾ ਸੀ। ਇੱਕ ਸੁੰਨ ਦੀ ਸਥਿਤੀ ਸੀ।

ਅਸਲ ਵਿੱਚ ਇਸ ਬ੍ਰਹਿਮੰਡ ਦੇ ਆਰੰਭ ਹੋਣ ਬਾਰੇ ਵਿਗਿਆਨੀਆਂ ਦੀ ਇਹ ਧਾਰਨਾ ਬਣ ਰਹੀ ਹੈ ਕਿ ਬ੍ਰਹਿਮੰਡ ਅਤਿ ਲਘੂ ਅਕਾਰ ਤੋਂ ਆਰੰਭ ਹੁੰਦਾ ਹੈ ਅਤੇ ਕਈ ਅਰਬਾਂ ਸਾਲਾਂ ਤੱਕ ਫੈਲਦਾ ਹੈ। ਫੈਲ ਰਹੇ ਪਦਾਰਥ ਵਿੱਚ ਤਾਰੇ, ਤਾਰਾ ਸਮੂਹ, ਗਲੈਕਸੀਆ ਅਤੇ ਗਲੈਕਸੀ ਸਮੂਹ ਬਣੀ ਜਾ ਰਹੇ ਹਨ ਅਤੇ ਇਹ ਪਸਾਰਾ ਪਸਰਦਾ ਜਾਂਦਾ ਹੈ, ਫੈਲਦਾ ਜਾਂਦਾ ਹੈ। ਅੰਤ ਵਿੱਚ ਜਦੋਂ ਦੂਰ ਭੱਜ ਰਹੇ ਗਲੈਕਸੀ ਸਮੂਹਾਂ ਦੀ ਗਤੀ ਘਟਦੀ ਹੈ ਤਾਂ ਖਿੱਚ ਸ਼ਕਤੀ ਪ੍ਰਬਲ ਹੋ ਜਾਂਦੀ ਹੈ ਬ੍ਰਹਿਮੰਡ ਸੁੰਗੜਨ ਲੱਗਦਾ ਹੈ। ਫਿਰ ਅਰਬਾਂ ਸਾਲ ਸੁੰਗੜਦਾ ਹੈ ਉਸੇ ਲਘੂ ਅਕਾਰ ਵਿੱਚ ਸਮਾ ਜਾਂਦਾ ਹੈ। ਜੀਵ ਵਿਗਿਆਨ ਵਿੱਚ ਡਾਰਵਿਨ ਦੇ ਸਹਿਜ ਵਿਕਾਸ ਸਿਧਾਂਤ ਨੂੰ ਕਾਫੀ ਮਾਨਤਾ ਪ੍ਰਾਪਤ ਹੋ ਚੁੱਕੀ ਹੈ। ਇਸ ਅਨੁਸਾਰ ਜੀਵਨ ਮੁੱਢਲੇ ਅਮੀਬੇ ਤੋਂ ਲੱਖਾਂ ਕਰੋੜਾਂ ਵਰਿਆ ਬਾਅਦ ਪ੍ਰਫੁਲ ਹੋ ਕੇ ਮਨੁੱਖੀ ਜਾਮੇ ਤੱਕ ਪਹੁੰਚਦਾ ਹੈ। ਗੁਰਮਤਿ ਕਾਵਿ ਵਿੱਚ ਬ੍ਰਹਿਮੰਡੀ ਪਸਾਰੇ ਦੇ ਆਦਿ ਜੁਗਾਦਿ ਅਤੇ ਵਿਸਥਾਰ ਬਾਰੇ ਬੜੇ ਅਲੌਕਿਕ ਤੱਥ ਉਪਲਬਧ ਹੁੰਦੇ ਹਨ ਜੋ ਨਾ ਸਿਰਫ ਆਧੁਨਿਕ ਵਿਗਿਆਨ ਦੀ ਧਾਰਨਾ ਉਪਰ ਪੂਰੇ ਉਤਰਦੇ ਹਨ ਸਗੋਂ ਇਸ ਲਈ ਪੱਥ ਪ੍ਰਦਰਸ਼ਕ ਸਿੱਧ ਹੋ ਸਕਦੇ ਹਨ।

ਸ੍ਰਿਸ਼ਟੀ ਦੀ ਰਚਨਾ ਸਬੰਧੀ ਵਿਗਿਆਨਕ ਪੱਧਰ ਤੇ ਵਿਚਾਰ ਕਰਦੇ ਹੋਏ ਡਾ: ਜੋਧ ਸਿੰਘ ਦਾ ਮੱਤ ਹੈ-

ਸਾਇੰਸਦਾਨ ਇਸ ਸਾਰੀ ਸ੍ਰਿਸ਼ਟੀ ਰਚਨਾ ਅਤੇ ਪਸਾਰ ਦੇ ਮੂਲ ਵਿੱਚ ਇਕ

ਸ਼ਕਤੀ ਦੇ ਰੂਪ ਵਿੱਚ ਇਕ ਸੁਪਰਫਲੂਡ ਦੀ ਹੋਂਦ ਮੰਨਦੇ ਹਨ। ਇਹ ਸੁਪਰ ਦ੍ਰਵ ਅਤਿਅੰਤ ਵਿਰਲ ਰੂਪ ਵਿੱਚ ਸਾਰੇ ਖ਼ਲਾਅ ਅੰਦਰ ਭਰਿਆ ਹੋਇਆ ਹੈ ਅਤੇ ਇਹ ਸੁਪਰਫਲੂਡ ਦੇ ਕੁਆਰਕਸ ਬੱਦਲ ਧੂਲ ਦੇ ਰੂਪ ਵਿੱਚ ਹਮੇਸ਼ਾ ਬਣੇ ਰਹਿੰਦੇ ਹਨ ਅਤੇ ਖ਼ਲਾਅ ਵਿੱਚ ਤਰਦੇ ਰਹਿੰਦੇ ਹਨ। ਇਹਨਾਂ ਤੋਂ ਅੱਗੋਂ ਹਾਈਡਰਾਸ ਅਤੇ ਹਾਈਡਰਾਮ ਦਾ ਸਥੂਲ਼ ਰੂਪ ਵਿੱਚ ਇਲੈਕਟ੍ਰੋਨਿਕ, ਨਿਯੂਟ੍ਰਾਨ ਅਤੇ ਪ੍ਰੋਟਾਨ ਬਣਦੇ ਹਨ ਜੋ ਕਿ ਹਰ ਪਰਮਾਣੂ ਦੀ ਰਚਨਾ ਦਾ ਮੂਲ ਹਨ। ਪਰਮਾਣੂ ਮਿਲ ਕੇ ਅਣੂ ਅਤੇ ਅਣੂ ਤੋਂ ਭਿੰਨ ਭਿੰਨ ਪਰਿਮਾਣਾਂ ਵਿੱਚ ਸਜੁਗਤੀ ਕਰਣ ਕਿਰਿਆ ਨਾਲ ਭਿੰਨ ਭਿੰਨ ਯੋਗਿਕ ਬਣਦੇ ਹਨ।[80]

ਆਧੁਨਿਕ ਵਿਗਿਆਨ ਇਹ ਵੀ ਕਲਪਣਾ ਕਰਦਾ ਹੈ ਕਿ ਆਰੰਭ ਵਿੱਚ ਸਾਰੇ ਪਾਸੇ ਧੁੰਦ ਹੀ ਧੁੰਦ ਸੀ। ਇਸੇ ਧੁੰਦ ਦੀ ਗਰਮੀ ਜਾਂ ਆਪਸੀ ਰਗੜਾ ਨਾਲ ਜਲ ਪ੍ਰਿਥਵੀ ਆਦਿ ਦੀ ਉਤਪਤੀ ਹੋਈ। ਜਲ ਤੋਂ ਅੱਗੇ ਅਮੀਬਾ ਅਤੇ ਉਸ ਤੋਂ ਅੱਗੇ ਮਨੁੱਖ ਤੱਕ ਦਾ ਵਿਕਾਸ ਹੋਇਆ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਹ ਮੰਨਿਆ ਗਿਆ ਹੈ ਕਿ ਸ੍ਰਿਸ਼ਟੀ ਦੇ ਪੂਰਬਲੇ ਤੱਤ ਦੇ ਰੂਪ ਵਿਚ ਕਰੋੜਾਂ ਸਾਲਾਂ ਤੱਕ ਕੇਵਲ ਗਹਿਰੀ ਧੁੰਦ ਹੀ ਵਿਆਪਤ ਸੀ ਅਤੇ ਨਾ ਹੀ ਅਕਾਸ਼ ਸੀ, ਨਾ ਹੀ ਪਤਾਲ ਸੀ, ਬ੍ਰਹਮ ਸੁੰਨ ਸਮਾਧੀ ਵਿਚ ਸਭ ਪਾਸੇ ਸਮਾਇਆ ਹੋਇਆ ਸੀ।[80]

ਸੰਯੋਗੁ ਵਿਯੋਗੁ ਉਪਾਇਓਨ ਸ੍ਰਿਸਟੀ ਦਾ ਮੂਲੁ ਰਚਾਇਆ।।
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ।।
ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ।।
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ।।
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ।।[81]

ਭਾਰਤੀ ਪਰੰਪਰਾ ਅਨੁਸਾਰ ਵੈਦਿਕ ਰਿਸ਼ੀਆਂ ਦੇ ਮਨ ਵਿੱਚ ਵੀ ਸ੍ਰਿਸ਼ਟੀ ਰਚਨ ਬਾਰੇ ਅਨੇਕਾਂ ਸਵਾਲ ਉੱਠਦੇ ਸਨ ਜਿਵੇਂ-ਪ੍ਰਿਥਵੀ ਦਾ ਪ੍ਰਾਣ, ਰਕਤ ਅਤੇ ਆਤਮਾ, ਸਭ ਕਿਥੇ ਰਹਿੰਦੇ ਹਨ ?

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੇ ਹਾਲਾਤ ਸੰਬੰਧੀ ਹੋਰਨਾ ਮੱਤਾਂ ਵਿੱਚ ਵੀ ਅਜਿਹੇ ਖ਼ਿਆਲ ਆਏ ਹਨ। ਰਿਗਵੇਦ ਵਿਚ ਲਿਖਿਆ ਗਿਆ ਹੈ ਕਿ ਜਿਵੇਂ ਲੁਹਾਰ ਵਸਤੂਆਂ ਨੂੰ ਤਿਆਰ ਕਰਦਾ ਹੈ, ਉਸੇ ਤਰਾਂ ਬ੍ਰਹਮ ਨੇ ਅਕਾਸ਼ ਪ੍ਰਿਥਵੀ ਆਦਿ ਦੀ ਰਚਨਾ ਕੀਤੀ। ਉਪਨਿਸ਼ਦਾਂ ਵਿਚ ਵੀ ਸ੍ਰਿਸ਼ਟੀ ਸੰਬੰਧੀ ਅਨੇਕਾਂ ਮੱਤ ਦ੍ਰਿਸ਼ਟੀਗੋਚਰ ਹੁੰਦੇ ਹਨ। ਉਪਨਿਸ਼ਦਾਂ ਵਿਚ ਵੀ ਅਸੱਤ ਤੋਂ ਸੱਤ ਦੀ ਉਤਪਤੀ ਮੰਨੀ ਗਈ ਹੈ। ਬ੍ਰਹਮ ਨੂੰ ਸ੍ਰਿਸ਼ਟੀ ਦਾ ਇਕ ਮਾਤਰ ਅਧਾਰ ਸਵੀਕਾਰ ਕੀਤਾ ਗਿਆ ਹੈ। ਇਹੀ ਜਗਤ ਦਾ ਮੂਲ਼ ਕਾਰਣ ਤੱਤ ਹੈ।[82]

ਉਪਨਿਸ਼ਦਾਂ ਵਾਂਗ ਭਗਵਦ ਗੀਤਾ ਵਿਚ ਵੀ ਜਗਤ ਦੀ ਉਤਪਤੀ ਬ੍ਰਹਮ ਤੋ ਹੀ ਦਰਸਾਈ ਗਈ ਹੈ। ਗੀਤਾ ਅਨੁਸਾਰ:

> ਸੰਪੂਰਨ ਜਗਤ ਬ੍ਰਹਮਈ ਹੈ ਅਤੇ ਇਹ ਧਾਗੇ ਵਿਚ ਮਣਕਿਆ ਦੀ ਨਿਆਈ ਬ੍ਰਹਮ ਵਿੱਚ ਪਰੋਤਾ ਪਿਆ ਹੈ। ਇਹ ਬ੍ਰਹਮ ਤੋਂ ਛੁਟ ਹੋਰ ਕੋਈ ਵਸਤੂ ਨਹੀਂ ਹੈ।[83]

ਸਾਂਖ ਦਰਸ਼ਨ ਅਨੁਸਾਰ:

> ਪ੍ਰਾਕਿਰਤੀ ਹੀ ਜਗਤ ਦਾ ਆਦਿ ਅਤੇ ਮੂਲ ਕਾਰਣ ਹੈ। ਪਰ ਪ੍ਰਾਕਿਰਤੀ ਦਾ ਆਪਣਾ ਕੋਈ ਕਾਰਣ ਨਹੀਂ। ਜੇਕਰ ਪ੍ਰਾਕਿਰਤੀ ਦਾ ਕੋਈ ਕਾਰਣ ਮੰਨ ਲਈਏ ਤਾਂ ਉਸ ਕਾਰਣ ਦਾ ਵੀ ਕੋਈ ਕਾਰਣ ਜ਼ਰੂਰ ਹੋਵੇਗਾ। ਜਗਤ ਜਾਂ ਸ੍ਰਿਸ਼ਟੀ ਦਾ ਮੂਲ ਕਾਰਣ ਸਤ, ਰਜ ਅਤੇ ਤਮ ਆਦਿ ਗੁਣਾਂ ਦੀ ਸਮ ਅਵਸਥਾ ਹੈ। ਅਰਥਾਤ ਜਦੋਂ ਤ੍ਰੈਗੁਣ ਸਮ-ਸ਼ਕਤੀ ਸੰਪੰਨ ਹੁੰਦੇ, ਜਦੋਂ ਇਕ ਦੂਜੇ ਦੇ ਗੁਣਾਂ ਉੱਪਰ ਪ੍ਰਭਾਵੀ ਨਹੀਂ ਹੁੰਦੇ ਤਦੋਂ ਇਕ ਵਿਕਾਰਹੀਣ, ਨਿਰ-ਵਿਸ਼ੇਸ਼ ਅਵਸਥਾ ਦੀ ਸ੍ਰਿਸ਼ਟੀ ਹੁੰਦੇ ਹੈ। ਜਿਸ ਨੂੰ ਪ੍ਰਾਕਿਰਤੀ ਦਾ ਨਾਮ ਦਿੱਤਾ ਜਾ ਸਕਦਾ ਹੈ।[84]

ਸ਼ਕਤੀ ਨੂੰ ਨਾਥ ਸੰਪ੍ਰਦਾਇ ਵਿਚ ਜਗਤ-ਪ੍ਰਪੰਚ ਕਾਰਜ ਦਾ ਮੂਲ ਕਾਰਣ ਦਰਸਾਇਆ

ਗਿਆ ਹੈ। ਸ਼ਕਤੀ ਨੂੰ ਨਾਥ ਸੰਪ੍ਰਦਾਇ ਵਿਚੋਂ ਪਰਮ ਸ਼ਿਵ ਦੀ "ਸ੍ਰਿਸ਼ਟੀ ਰਚਨ ਦੀ ਇੱਛਾ ਮੰਨਿਆ ਗਿਆ ਹੈ। ਸ਼ਕਤੀ ਪਰਮ ਸ਼ਿਵ ਤੋਂ ਉਤਪੰਨ ਹੋ ਕੇ ਪੰਜ ਅਵਸਥਾਵਾਂ ਵਿਚੋਂ ਗੁਜ਼ਰਦੀ ਹੋਈ ਪ੍ਰਫੁਲਿਤ ਅਤੇ ਵਿਕਸਿਤ ਹੁੰਦੀ ਹੈ। ਇਹ ਅਵਸਥਾਵਾਂ ਹਨ ਨਿਜ, ਪਰ, ਅਪਰ, ਸੂਖਮ ਅਤੇ ਕੁੰਡਲੀ। ਇਹ ਕੁੰਡਲੀ ਜਾਂ ਕੁੰਡਲਨੀ ਦੇ ਰੂਪ ਵਿਚ ਸਮਸਤ ਵਿਸ਼ਵ ਵਿਚ ਵਿਆਪਕ ਹੈ ਅਤੇ ਸ੍ਰਿਸ਼ਟੀ ਚੱਕਰ ਨੂੰ ਅਗਾਂਹ ਤੋਰਨ ਲਈ ਕ੍ਰਮ ਅਨੁਸਾਰ ਸਥੂਲਤਾ ਵਲ ਵਧਦੀ ਚਲਦੀ ਹੈ।"[85] ਜਗਤ ਇਸੇ ਸ਼ਕਤੀ ਦਾ ਪਰਿਣਾਮ ਹੈ ਕਿਉਂਕਿ ਇਹੀ ਸ਼ਕਤੀ ਜਗਤ ਰੂਪ ਵਿਚ ਪਰਵਰਤਿਤ ਹੁੰਦੀ ਹੈ।

ਗੁਰਬਾਣੀ ਵਿਚ ਜਗਤ ਅਥਵਾ ਸ੍ਰਿਸ਼ਟੀ ਦੀ ਉਤਪਤੀ ਦਾ ਕਾਰਣ ਬ੍ਰਹਮ ਨੂੰ ਹੀ ਸਵੀਕਾਰ ਕੀਤਾ ਗਿਆ ਹੈ। ਡਾਕਟਰ ਰਤਨ ਸਿੰਘ ਜੱਗੀ ਸ੍ਰਿਸ਼ਟੀ ਰਚਨਾ ਦੇ ਤਿੰਨ ਕਾਰਣ ਮੰਨਦੇ ਹਨः

1. ਨਿਮਿਤ ਕਾਰਣ
2. ਉਦੀਪਣ ਕਾਰਣ
3. ਸਾਧਾਰਣ ਕਾਰਣ [86]

ਜਿਵੇਂ ਘੁਮਿਆਰ, ਮਿੱਟੀ ਤੇ ਮਿੱਟੀ ਤੋਂ ਬਣਾਏ ਭਾਂਡੇ, ਤਿੰਨੋ ਇਕੋ ਹੀ ਤਰਤੀਬ ਵਿਚ ਹਨ ਪ੍ਰੰਤੂ ਇਸ ਰਚਨਾ ਦੇ ਸੰਦਰਭ ਵਿਚ ਸਮਝਣ ਵਾਲੀ ਗੱਲ ਇਹ ਹੈ ਕਿ ਮਿੱਟੀ ਤੇ ਇਸ ਤੋਂ ਬਣੇ ਬਰਤਨ ਵੱਖਰੇ ਨਹੀਂ ਹੁੰਦੇ। ਘੁਮਿਆਰ ਜਾਂ ਬ੍ਰਹਮ ਆਪਣੇ ਵਿਚ ਉਤਪਾਦਨ ਕਰਦਾ ਹੈ। ਜੇ ਕਰ ਇਹ ਮੰਨ ਲਈਏ ਕਿ ਮਿੱਟੀ ਪਹਿਲਾਂ ਹੀ ਸੀ ਅਤੇ ਘੁਮਿਆਰ ਰੂਪੀ ਬ੍ਰਹਮ ਨੇ ਇਸ ਨੂੰ ਲ ਕੇ ਸੰਸਾਰ ਰੂਪੀ ਬਣਤਰ ਸਾਜੀ ਹੈ ਤਾਂ ਇਹ ਸਾਬਿਤ ਹੋਵੇਗਾ ਕਿ ਪ੍ਰਭ ਸਮਰਥ ਨਹੀਂ, ਉਸ ਪਾਸ ਮਿੱਟੀ ਹੋਵੇਗੀ ਤਾਂ ਹੀ ਸੰਸਾਰ ਸਾਜੇਗਾ ਪ੍ਰੰਤੂ ਇਥੇ ਇੰਜ ਨਹੀਂ ਹੈ। ਮਿੱਟੀ ਵੀ ਉਸੇ ਦੀ ਹੈ। ਉਹ ਆਪ ਹੀ ਬਿਰਖ ਹੈ। ਉਹ ਆਪ ਹੀ ਉਸ ਦੀਆਂ ਵਿਕਸਤ ਸਾਖਾਵਾਂ ਹਨ। ਉਸ ਨੇ ਆਪਣੇ ਨਿਰਗੁਣ ਅਤੇ ਸੂਖਮ ਰੂਪ ਤੋਂ ਹੀ ਸਥੂਲ ਰੂਪ ਧਾਰਣ ਕੀਤਾ ਹੈ। ਕਿਸੇ ਹੋਰ ਬਾਹਰੀ ਕਾਰਣ ਤੋਂ ਸ੍ਰਿਸ਼ਟੀ ਦੀ ਰਚਨਾ ਨਹੀਂ ਹੋਈ। ਜਿਸ ਤਰ੍ਹਾਂ ਮੱਕੜੀ ਵਿਚੋਂ ਹੀ ਜਾਲਾ ਉਣਦੀ ਹੈ ਤਿਵੇਂ ਹੀ ਪ੍ਰਭੂ ਆਪਣੇ ਚੋਂ ਹੀ ਸ੍ਰਿਸ਼ਟੀ ਨੂੰ ਸਾਜਦਾ ਹੈ। ਬਾਹਰੋਂ ਕੁਝ ਨਹੀਂ ਲੈਂਦਾ ਸਭ ਕੁਝ ਉਸ ਦੇ ਅੰਦਰ ਹੀ ਹੈ।

ਆਪੇ ਧਰਤੀ ਸਾਜੀਅਨੁ ਆਪੇ ਆਕਾਸੁ॥

ਵਿਚਿ ਆਪੇ ਜੰਤ ਉਪਾਇਅਨੁ ਮੁਖਿ ਆਪੇ ਦੇਇ ਗਿਰਾਸੁ॥

ਸਭੁ ਆਪੇ ਆਪਿ ਵਰਤਦਾ ਆਪੇ ਹੀ ਗੁਣਤਾਸੁ॥

ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਟੇ ਤਾਸੁ॥[87]

ਪਰਮਾਤਮਾ ਰੂਪੀ ਹਸਤੀ ਸੰਸਾਰ ਦੀ ਸਿਰਜਕ ਵੀ ਹੈ, ਪਾਲਕ ਵੀ ਹੈ ਅਤੇ ਨਿਯੰਤਰਕ ਵੀ ਹੈ। ਉਹ ਆਪਣੀ ਸਾਜਨਾ-ਸ੍ਰਿਸ਼ਟੀ ਵਿਚ ਰਮਿਆ ਹੋਇਆ ਹੈ।

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥[88]

ਉਹ ਆਪ ਹੀ ਸੂਖਮ ਹੈ ਅਤੇ ਆਪ ਹੀ ਅਸਥੂਲ ਹੈ। ਉਹ ਆਦਿ, ਅੰਤ ਅਤੇ ਮਧ ਵਿਚ ਇਕਸਾਰ, ਇਕੋ ਰੂਪ ਵਿਚ ਰਹਿੰਦਾ ਹੈ। ਸੁੰਨ ਵਿਚ ਵੀ ਉਹ ਆਪ ਹੈ। ਉਸ ਦੀ ਲੀਲਾ ਬਿਆਨ ਨਹੀਂ ਕੀਤੀ ਜਾ ਸਕਦੀ। ਗੁਰਬਾਣੀ ਵਿਚ ਸ੍ਰਿਸ਼ਟੀ ਦੇ ਆਦਿ ਤੱਤ ਨੂੰ ਸੁੰਨ ਦਾ ਨਾਮ ਦਿੱਤਾ ਗਿਆ ਹੈ। ਪਰਮਾਤਮਾ ਸੁੰਨ ਤੋਂ ਹੀ ਸਮਸਤ ਸ੍ਰਿਸ਼ਟੀ ਦੀ ਉਤਪਤੀ ਕਰਦਾ ਹੈ। ਪਾਉਣ ਅਤੇ ਜਲ ਦੀ ਰਚਨਾ ਵੀ ਉਸ ਨੇ ਸੁੰਨ ਤੋਂ ਕੀਤੀ। ਸੁੰਨ ਤੋਂ ਹੀ ਚੰਦ੍ਰਮਾ, ਸੂਰਜ, ਆਕਾਸ਼ ਆਦਿ ਦੀ ਉਤਪਤੀ ਹੋਈ। ਤ੍ਰਿਭਵਣ ਦੀ ਉਤਪਤੀ ਦਾ ਕਾਰਣ ਵੀ ਇਹ ਸੁੰਨ ਹੀ ਸੀ। ਸੁੰਨ ਤੋਂ ਹੀ ਅੰਡਜ, ਜੇਰਜ, ਸੇਤਜ ਅਤੇ ਉਤਭੁਜ ਆਦਿ ਖਾਣੀਆਂ ਪੈਦਾ ਹੋਈਆਂ ਹਨ। ਗਲ ਕੀ ਸਮਸਤ ਦ੍ਰਿਸ਼ਟਾਂਤ ਸ੍ਰਿਸ਼ਟੀ ਇਸੇ ਸੁੰਨ ਤੋਂ ਉਤਪੰਨ ਹੋਈ ਅਤੇ ਇਸੇ ਵਿਚ ਹੀ ਲੀਨ ਹੋ ਗਈ। ਸੁੰਨ ਅਵਸਥਾ ਤੋਂ ਭਾਵ ਉਸ ਸਥਿਤੀ ਤੋਂ ਹੈ ਜਦੋਂ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਸਾਰੀਆਂ ਸ਼ਕਤੀਆਂ ਕੇਵਲ ਇਕ ਪਰਮਾਤਮਾ ਵਿਚ ਕੇਂਦ੍ਰਿਤ ਸਨ ਜਦੋਂ ਨਾ ਰੂਪ ਸੀ, ਨਾ ਰੇਖ ਸੀ, ਪਰਮਾਤਮਾ ਅਫੁਰ ਸਮਾਧੀ ਦੀ ਅਵਸਥਾ ਵਿਚ ਸੀ।

ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨਾ ਕੋਈ॥

ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ॥

ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ॥

ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਉਪਤਿ ਹੋਈ।।

ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨਾ ਕੋਈ।।[89]

ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ।।

ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ।।

ਬੈਠਾ ਤਾੜੀ ਲਾਇ ਆਪਿ ਸਭ ਦੂ ਹੀ ਬਾਹਰਿ।।[90]

ਸ੍ਰਿਸ਼ਟੀ ਰਚਨਾ ਬਾਰੇ ਵੱਖ ਵੱਖ ਧਰਮਾਂ ਦੇ ਸੰਚਾਲਕਾਂ ਨੇ ਵੱਖ ਵੱਖ ਮੱਤ ਦਿੱਤੇ ਹਨ। ਪ੍ਰੰਤੂ ਗੁਰੂ ਸਾਹਿਬਾਨਾ ਨੇ ਇਹ ਸ੍ਰਿਸ਼ਟੀ ਦੀ ਰਚਨਾ ਬਾਰੇ ਕਲਪਨਾ ਕਰਨੀ ਅਤੇ ਅੰਦਾਜੇ ਲਾਉਣ ਨੂੰ ਇਕ ਵੱਡੀ ਭੁਲ ਦੱਸਿਆ ਹੈ। ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿਚ ਲਿਖਦੇ ਹਨ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।।

ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।।

ਵੇਲ ਨ ਪਾਇਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।।

ਵਖਤ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।।

ਥਿਤੀ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।।[91]

ਜਪੁਜੀ ਸਾਹਿਬ ਵਿਚ ਜਿਥੇ ਬ੍ਰਹਿਮੰਡ ਦੀ ਵਿਸ਼ਾਲਤਾ ਦਾ ਸਿਧਾਂਤ ਪੇਸ਼ ਕੀਤਾ ਗਿਆ ਉਥੇ ਆਸਾ ਦੀ ਵਾਰ ਵਿਚ ਕੁਦਰਤ ਦੀ ਅਸਲੀਅਤ, ਵਡਿਆਈ, ਸੁੰਦਰਤਾ, ਸਮਰਥਾ, ਸ਼ਕਤੀ ਤੇ ਪ੍ਰਬੰਧ ਦੇ ਪੱਖ ਨੂੰ ਬੜੇ ਸੁਚੱਜੇ ਢੰਗ ਨਾਲ ਚਿਤ੍ਰਿਆ ਹੈ। ਉਹ ਸ੍ਰਿਸ਼ਟੀ ਨੂੰ ਸੱਚ ਮੰਨਦੇ ਹੋਏ ਲਿਖਦੇ ਹਨ:

ਸਚੇ ਤੇਰੇ ਖੰਡ ਸਚੇ ਬ੍ਰਹਮੰਡ।।

ਸਚੇ ਤੇਰੇ ਲੋਅ ਸਚੇ ਆਕਾਰ।[92]

ਪਰਮਾਤਮਾ ਦੁਆਰਾ ਰਚੀ ਸ੍ਰਿਸ਼ਟੀ ਦੀ ਰਚਨਾ ਨੂੰ ਵੇਖ ਕੇ ਅਸਚਰਜਤਾ ਹੁੰਦੀ ਹੈ ਇਹ ਰਚਨਾ ਇਕ ਅਜਿਹੀ ਪ੍ਰਕਿਰਿਆ ਹੈ ਜੋ ਆਪਣੇ ਭੌਤਿਕ (ਸਮਾਜਿਕ) ਅਤੇ ਪਰਾਭੌਤਿਕ ਦੇ ਅਸੀਮ ਨੈਟਵਰਕ

ਕਾਰਨ ਦ੍ਰਿਸ਼ਟ ਦੇ ਨਾਲ ਨਾਲ ਗੈਰਹਾਜ਼ਰ (ਅਦ੍ਰਿਸ਼ਟ) ਯਥਾਰਥ ਨਾਲ ਵੀ ਜੁੜੀ ਹੋਈ ਹੈ। ਗੁਰਬਾਣੀ ਦੀ ਵਿਚਾਰਧਾਰਾ ਹਾਂ-ਪੱਖੀ ਸਿਰਜਣਾਤਮਕ ਪ੍ਰਕਿਰਿਆ ਦੀ ਤਰਜ਼ਮਾਨੀ ਕਰਦੀ ਹੈ ਇਸ ਅਸਚਰਜਤਾ ਬਾਰੇ ਗੁਰੂ ਸਾਹਿਬ ਲਿਖਦੇ ਹਨ:

ਵਿਸਮਾਦੁ ਨਾਦ ਵਿਸਮਾਦੁ ਵੇਦ॥
ਵਿਸਮਾਦੁ ਜੀਅ ਵਿਸਮਾਦੁ ਭੇਦ॥
ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥[93]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਵਾਰਾਂ ਵਿਚ ਸ੍ਰਿਸ਼ਟੀ ਦੀ ਉਤਪਤੀ ਦੇ ਤਿੰਨ ਸਿਧਾਂਤ ਸਾਹਮਣੇ ਆਉਂਦੇ ਹਨ:

1. ਹੁਕਮ ਦੁਆਰਾ ਸ੍ਰਿਸ਼ਟੀ ਦੀ ਰਚਨਾ
2. ਓਅੰਕਾਰ ਦੁਆਰਾ ਸ੍ਰਿਸ਼ਟੀ ਦੀ ਰਚਨਾ
3. ਹਉਮੈ ਦੁਆਰਾ ਸ੍ਰਿਸ਼ਟੀ ਦੀ ਰਚਨਾ

ਸਾਰੀ ਸ੍ਰਿਸ਼ਟੀ ਉਸ ਦੇ ਹੁਕਮ ਵਿਚ ਹੀ ਕਾਰ ਕਮਾ ਰਹੀ ਹੈ। ਭਾਵੇਂ ਪਾਉਣ ਪਾਣੀ ਬੈਸੰਤਰ ਹਨ ਸਭ ਵਿਚ ਉਸ ਪ੍ਰਭੂ ਦਾ ਸੱਚਾ ਹੁਕਮ ਵਰਤ ਰਿਹਾ ਹੈ-

ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ॥
ਸੋਈ ਵਰਤੈ ਜਗਿ ਜਿ ਕੀਆ ਤੁਧੁ ਧੁਰੇ॥
ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ॥
ਸਰਣਿ ਪਰੇ ਤੇਰੀ ਦਾਸ ਕਰਿ ਗਤਿ ਹੋਈ ਮੇਰੀਆ॥
ਤੇਰੈ ਹਥਿ ਨਿਧਾਨੁ ਭਾਵੈ ਤਿਸੁ ਦੇਹਿ ॥
ਜਿਸ ਨੋ ਹੋਇ ਦਇਆਲੁ ਹਰਿ ਨਾਮੁ ਸੇਇ ਲੇਹਿ॥[94]

ਹੁਕਮ ਅਤੇ ਭਾਣੇ ਵਿਚ ਹੀ ਰਚਨਾ ਦੇ ਪਸਾਰੇ ਦਾ ਵਿਵਰਣ ਉਪਲਬਧ ਹੈ। ਜਦੋਂ ਕਰਤਾ ਪੁਰਖ ਨੇ ਆਪਣਾ ਆਪ ਉਪਾਇਆ ਉਦੋਂ ਕੋਈ ਉਸ ਦਾ ਸਾਖੀ ਨਹੀਂ ਸੀ। ਨਾ ਸ਼ਿਵ ਸ਼ਕਤੀ ਸੀ ਨਾ ਦੇਵੀ

ਦੇਵਤੇ ਸੀ। ਜੀਵ ਜੰਤੂ, ਨਾ ਚੰਦ ਸੂਰਜ, ਨਾ ਧਰਤੀ ਅਕਾਸ਼ ਨਾ ਪਤਾਲ, ਨਾ ਤਿੰਨ ਲੋਕ, ਨਾ ਚੌਦਾਂ ਰਤਨ, ਗਲ ਕਿ ਕੇਵਲ ਆਪਿ ਹੀ ਆਪ ਸੀ। ਛਤੀਹ ਜੁਗਤ ਗੁਬਾਰ ਵਾਲੇ ਕਥਨ ਤੋਂ ਸਾਨੂੰ ਇਹ ਸੇਧ ਮਿਲਦੀ ਹੈ। ਕਾਦਰ ਦੀ ਇਸ ਅਦਭੁਤ ਕ੍ਰਿਆ ਨੂੰ ਦੇਖ ਕੇ ਸ੍ਰੀ ਗੁਰੂ ਅਮਰ ਦਾਸ ਜੀ ਉਸ ਸਚੈ ਪਾਤਸ਼ਾਹ ਦੀ ਪਰਤੱਖ ਰੂਪ ਵਿਚ ਵਡਿਆਈ ਕਰ ਰਹੇ ਹਨ। ਪਰਮ ਸੱਤਾ ਤੋਂ ਪਹਿਲਾਂ ਦੇ ਹਲਾਤ ਬਾਰੇ ਰਾਮਕਲੀ ਵਾਰ ਵਿਚ ਉਹਨਾਂ ਨੇ ਇਸ ਤਰ੍ਹਾਂ ਦ੍ਰਿਸ਼ਟਮਾਨ ਕੀਤਾ ਹੈ:

> ਸਚੈ ਤਖਤੁ ਰਚਾਇਆ ਬੈਸਣ ਕਉ ਜਾਈ॥
> ਸਭੁ ਕਿਛੁ ਆਪੇ ਆਪਿ ਹੈ ਗੁਰ ਸਬਦਿ ਸੁਣਾਈ॥
> ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ॥
> ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ॥
> ਆਪੇ ਵੇਖੈ ਸੁਣੇ ਆਪਿ ਗੁਰ ਸਬਦਿ ਧਿਆਈ॥[95]

ਸ੍ਰਿਸ਼ਟੀ ਨਿਰੋਲ ਭਰਮ ਨਹੀਂ ਹੈ, ਜੋ ਬੌਧਿਕ ਗਿਆਨ ਦੀ ਪ੍ਰਾਪਤੀ ਨਾਲ ਦੂਰ ਹੋ ਜਾਵੇ। ਇਹ ਈਸ਼ਵਰ ਦੀ ਰਚਨਾ ਹੈ ਜੋ ਉਸ ਦੇ ਹੁਕਮ ਅਨੁਸਾਰ ਉਪਜੀ ਹੈ ਅਤੇ ਉਸ ਦੇ ਅਨੁਸਾਰ ਹੀ ਚਲਦੀ ਹੈ -

> ਹੁਕਮੁ ਸਾਜਿ ਹੁਕਮੈ ਵਿਚਿ ਰਖੈ
> ਨਾਨਕ ਸਚਾ ਆਪਿ॥[96]

ਬ੍ਰਹਮ ਨੇ ਕਰਣ ਕਾਰਣ ਸਮਰਥ ਹੋਣ ਦੇ ਨਾਤੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਅਤੇ ਇਸ ਨੂੰ ਹੁਕਮ ਦੇ ਅਧੀਨ ਹੀ ਰੱਖਣ ਦੀ ਬਣਤ ਬਣਾਈ ਹੈ। ਜੀਵ ਅਸਲ ਵਿਚ ਬ੍ਰਹਮ ਹੀ ਹੈ। ਉਹ ਅਗਿਆਨਤਾ ਕਾਰਣ ਆਪਣੇ ਆਪ ਨੂੰ ਅਤੇ ਜਗਤ ਨੂੰ ਸੱਚ ਮੰਨਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਾਰੇ ਸੰਸਾਰ ਨੂੰ ਕਰਤਾ ਪੁਰਖ ਆਖ ਕੇ ਜਗਤ ਦੇ ਸਿਰਜਨ ਉੱਤੇ ਜ਼ੋਰ ਦਿੱਤਾ।

> ਤੂੰ ਕਰਤਾ ਪੁਰਖੁ ਅਗੰਮੁ ਹੈ
> ਆਪਿ ਸ੍ਰਿਸਟਿ ਉਪਾਤੀ॥
> ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥[97]

ਇਹ ਸ੍ਰਿਸ਼ਟੀ ਉਸ ਪ੍ਰਭੂ ਦੀ ਰਚਨਾ ਹੈ ਜੋ ਉਸ ਦੇ ਹੁਕਮ ਨਾਲ ਹੀ ਉਤਪੰਨ ਹੋਈ ਹੈ ਅਤੇ ਉਸ ਦੇ ਅਟਲ ਹੁਕਮ ਵਿਚ ਹੀ ਵਿਚਰਦੀ ਹੈ। ਡਾ. ਜਗਬੀਰ ਸਿੰਘ ਦੇ ਮੱਤ ਅਨੁਸਾਰ:

> ਈਸ਼ਵਰਵਾਦੀ ਧਰਮਾਂ ਵਿਚ ਈਸ਼ਵਰ ਅਤੇ ਸ੍ਰਿਸ਼ਟੀ ਦੇ ਪਰਸਪਰ ਸੰਬੰਧਾਂ ਨੂੰ ਮੋਟੇ ਤੌਰ ਤੇ ਤਿੰਨ ਢੰਗਾਂ ਨਾਲ ਸਮਝਾਇਆ ਗਿਆ ਹੈ। ਇਹ ਈਸ਼ਵਰ ਸ੍ਰਿਸ਼ਟੀ ਦਾ ਕਰਤਾ ਹੈ, ਪਰ ਬਾਹਰ ਕਿਸੇ ਉਚੇਚੇ ਮੰਡਲ ਵਿਚ ਰਹਿੰਦਾ ਹੈ। ਜਿਥੇ ਮਨੁੱਖ ਦੀ ਪਹੁੰਚ ਨਹੀਂ ਹੋ ਸਕਦੀ। ਇਹ ਈਸ਼ਵਰ ਸ੍ਰਿਸ਼ਟੀ ਨੂੰ ਸਾਜ ਕੇ ਉਸ ਨੂੰ ਆਪਣੇ ਰਹਿਮ ਕਰਮ ਤੇ ਛੱਡ ਦਿੰਦਾ ਹੈ। ਅਰਥਾਤ ਉਸ ਨਾਲ ਹੋਰ ਕੋਈ ਵਾਸਤਾ ਨਹੀਂ ਰੱਖਦਾ। ਦੂਸਰੀ ਭਾਂਤ ਦੇ ਮੱਤ ਅਨੁਸਾਰ ਈਸ਼ਵਰ ਸ੍ਰਿਸ਼ਟੀ ਦਾ ਕਰਤਾ ਹੈ, ਅਤੇ ਇਸ ਵਿਚ ਵਿਆਪਕ ਹੈ। ਇਸਤੋਂ ਬਾਹਰ ਇਸ ਦੀ ਹੋਂਦ ਨਹੀਂ ਹੈ। ਤੀਸਰਾ ਮੱਤ ਹੈ ਕਿ ਈਸ਼ਵਰ ਸ੍ਰਿਸ਼ਟੀ ਦਾ ਕਰਤਾ ਹੈ, ਇਸ ਵਿਚ ਵਸਦਾ ਹੈ, ਪਰ ਇਸ ਤੱਕ ਸੀਮਤ ਨਹੀਂ। ਇਹ ਇਕੋ ਵੇਲੇ ਵਿਆਪਕ ਅਤੇ ਅਤੀਤ ਹੈ।[98]

ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਦੀ ਸਾਜਨਾ ਬ੍ਰਹਮ ਨੇ ਆਪਣੇ ਚਾਉ ਲਈ ਕੀਤੀ ਹੈ। ਇਹ ਗਲ ਵਾਰ ਮਾਰੂ ਵਿਚੋਂ ਪ੍ਰਤੱਖ ਉਘੜਦੀ ਹੈ। ਉਨ੍ਹਾਂ ਅਨੁਸਾਰ ਸ੍ਰਿਸ਼ਟੀ ਪਰਮਾਤਮਾ ਦਾ ਇਕ ਚੋਜ ਹੈ ਖੇਲ ਹੈ!

> ਸਭੁ ਬ੍ਰਹਮ ਪਸਾਰੁ ਪਸਾਰਿਓਂ ਆਪੇ ਖੇਲੰਤਾ॥
> ਇਹੁ ਆਵਾ ਗਵਣੁ ਰਚਾਇਓਂ ਕਰ ਚੋਜ ਦੇਖੰਤਾ॥[99]

ਪ੍ਰਭੂ ਨੇ ਸ੍ਰਿਸ਼ਟੀ ਦੀ ਰਚਨਾ ਬੇਸ਼ਕ ਆਪਣੇ ਚਾਉ ਲਈ ਕੀਤੀ ਹੈ ਪਰ ਮਨੁੱਖ ਦੇ ਸੰਦਰਭ ਵਿਚ ਇਹ ਖੇਲ ਨਾ ਹੋ ਕੇ ਇਕ ਗੰਭੀਰ ਕਾਰਜ ਖੇਤਰ ਹੈ ਜਿਥੇ ਮਨੁੱਖ ਆਪਣੇ ਚੰਗੇ ਮੰਦੇ ਕੰਮਾਂ ਲਈ ਜਵਾਬ-ਦੇਹ ਹੈ। ਉਹ ਕਰਮ ਕਮਾਉਣ ਲਈ ਅਜ਼ਾਦ ਹੈ ਪਰ ਉਸ ਨੂੰ ਆਪਣੇ ਕੀਤੇ ਦੀ ਸਜ਼ਾ ਭੁਗਤਣ ਲਈ ਵੀ ਤਿਆਰ ਰਹਿਣਾ ਪੈਂਦਾ ਹੈ-

ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨਾ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥
ਲਿਖਿ ਨਾਵੈ ਧਰਮੁ ਬਹਾਲਿਆ॥[100]

ਜਗਤ ਤੇ ਇਸ ਵਿਚਲੀ ਸਗਲ ਸਮਗਰੀ ਦੀ ਹੋਂਦ ਵਿਧੀ ਅਸਥਾਈ ਮੰਨੀ ਗਈ ਹੈ। ਵਿਹਾਰਕ ਦ੍ਰਿਸ਼ਟੀ ਤੋਂ ਇਹ ਵਾਸਤਵਿਕ ਜਾਪਦੀ ਹੈ ਪਰ ਪਰਮਾਰਥਕ ਦ੍ਰਿਸ਼ਟੀ ਤੋਂ ਇਸ ਦਾ ਦਰਜਾ ਸੁਪਨੇ ਨਾਲੋਂ ਵਧ ਨਹੀਂ।

ਜਗੁ ਸੁਪਨਾ ਬਾਜੀ ਬਨੀ
ਖਿਨ ਮਹਿ ਖੇਲੁ ਖੇਲਾਇ॥[101]

ਹਰ ਦਾਰਸ਼ਨਿਕ ਕਵੀ, ਸ੍ਰਿਸ਼ਟੀ ਰਚਨਾ ਦੇ ਰਹੱਸ ਬਾਰੇ ਆਪਣੇ ਵਿਚਾਰ ਵਿਅਕਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਦੇ ਰਚੈਤਾ ਗੁਰੂ ਸਾਹਿਬਾਨ ਪਰਮਾਤਮਾ ਨੂੰ ਹੀ ਸ੍ਰਿਸ਼ਟੀ ਦਾ ਮੂਲ ਰਚਣਹਾਰ ਮੰਨਦੇ ਹਨ। ਆਪ ਜੀ ਅਨੁਸਾਰ ਪਰਮਾਤਮਾ ਨੇ ਹੀ ਸਾਰੀ ਸ੍ਰਿਸ਼ਟੀ ਰਚਾਈ ਹੈ। ਵੱਖ-ਵੱਖ ਤਰ੍ਹਾਂ ਦੇ ਜੀਵ ਉਸੇ ਦੀ ਰਚਨਾਤਮਕ ਸ਼ਕਤੀ ਦਾ ਪ੍ਰਮਾਣ ਹਨ। ਸ੍ਰਿਸ਼ਟੀ ਦਾ ਜਨਮਦਾਤਾ ਹੋਣ ਦੇ ਨਾਲ ਨਾਲ ਉਹ ਇਸ ਦਾ ਵਿਨਾਸ਼ਕ ਵੀ ਹੈ, ਜਨਮ ਅਤੇ ਮੌਤ ਉਸੇ ਪ੍ਰਭੂ ਦੀ ਲੀਲਾ ਦਾ ਇਕ ਚਮਤਕਾਰ ਹਨ। ਜਦੋਂ ਉਹ ਚਾਹੁੰਦਾ ਹੈ ਜੀਵਾਂ ਨੂੰ ਇਸ ਜਗਤ ਤੇ ਭੇਜ ਦਿੰਦਾ ਹੈ ਅਤੇ ਜਦੋਂ ਉਸ ਦੀ ਇੱਛਾ ਹੁੰਦੀ ਹੈ ਉਹ ਉਸ ਨੂੰ ਵਾਪਸ ਬੁਲਾ ਲੈਂਦਾ ਹੈ।

**ਮਨੁੱਖ ਤੇ ਸਮਾਜ:**

ਮਨੁੱਖ ਸੁਭਾਅ ਤੋਂ ਹੀ ਇਕ ਸਮਾਜਿਕ ਪ੍ਰਾਣੀ ਹੈ। ਟੱਬਰ, ਕੋੜਮੇ ਅਤੇ ਸਮਾਜਿਕ ਭਾਈਚਾਰੇ ਵਿਚ ਰਹਿਣ-ਸਹਿਣ ਨਾਲ ਹੀ ਉਸ ਦੇ ਜੀਵਨ ਦਾ ਸਹੀ ਵਿਕਾਸ ਹੋ ਸਕਦਾ ਹੈ। ਇਸੇ ਚਿੰਤਨ ਧਾਰਾ ਨੇ ਸ੍ਰਿਸ਼ਟੀ ਦੇ ਸ਼ੁਰੂ ਵਿਚ ਵਣ ਮਨੁੱਖ ਅਖਵਾਉਣ ਵਾਲੇ ਮਨੁੱਖ ਨੇ ਪਸ਼ੂ ਪੰਛੀਆਂ ਤੋਂ ਵੱਖਰੀ

ਮਨੁੱਖੀ ਹੋਂਦ ਦਾ ਮੁੱਢ ਬੰਨਿਆ। ਜੀਵਨ ਦੀ ਇਸ ਅਤਿ ਜਰੂਰੀ ਲੋੜ ਨੂੰ ਧਿਆਨ ਵਿੱਚ ਰੱਖ ਕੇ ਭਾਰਤ ਦੇ ਬਹੁਤ ਸਾਰੇ ਜਪੀਆਂ, ਤਪੀਆਂ, ਰਿਸ਼ੀਆਂ, ਸੰਤਾਂ ਤੇ ਭਗਤਾਂ ਨੇ ਗ੍ਰਹਿਸਥ ਧਰਮ ਵਿਚ ਪ੍ਰਵੇਸ਼ ਕੀਤਾ। ਅੰਗਾਂ-ਸਾਕਾਂ ਅਤੇ ਮਿੱਤਰ ਪਿਆਰਿਆਂ ਨਾਲ ਰਲ ਕੇ, ਦੁਖ-ਸੁਖ ਸਾਂਝਾ ਕਰਦੇ ਹੋਏ ਇਹਨਾਂ ਅਨੇਕ ਅਮੋਲ ਅਨੁਭਵ ਵਿਕਤਰਿਤ ਕੀਤੇ।

ਮਨੁੱਖ ਦਾ ਵਿਅਕਤੀਤਵ ਇਕ ਸਮਾਜਿਕ ਉਤਪਾਦਨ ਹੈ। ਸਮਾਜ ਜਾਂ ਸਮਾਜਿਕ ਵਾਤਾਵਰਣ ਅਤੇ ਧਰਮ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਜੀਵਨ ਧਰਮ ਦੀ ਪਹਿਚਾਣ ਉਸ ਦੇ ਸਮਾਜਿਕ ਜੀਵਨ ਵਿਚਲੇ ਮਹੱਤਵ ਕਰਕੇ ਹੁੰਦੀ ਹੈ ਕਿਉਂ ਕਿ ਧਰਮ ਤੇ ਸਮਾਜ ਦਾ ਅਟੁੱਟ ਰਿਸ਼ਤਾ ਹੁੰਦਾ ਹੈ। ਧਰਮ ਤੇ ਸਮਾਜ ਦੋਵੇਂ ਇਕ ਦੂਜੇ ਤੇ ਨਿਰਭਰ ਕਰਦੇ ਹਨ। ਧਰਮ ਦੀ ਸੋਝੀ ਸਮਾਜ ਨੂੰ ਉਚੇਰਾ ਚੁੱਕਦੀ ਹੈ। ਉਸ ਦੀ ਜੀਵਨ ਜੁਗਤੀ ਨੂੰ ਸੱਚਾ ਸੁੱਚਾ ਬਣਾਉਂਦੀ ਹੈ ਅਤੇ ਵਿਅਕਤੀ ਨੂੰ ਇਕ ਦੂਸਰੇ ਪ੍ਰਤੀ ਜਿੰਮੇਵਾਰੀ ਦੀ ਭਾਵਨਾ ਦਾ ਅਹਿਸਾਸ ਕਰਵਾਉਂਦੀ ਹੈ। ਜਦੋਂ ਕਿਸੇ ਸਮਾਜ ਦਾ ਆਧਾਰ ਨਿਰਮਲ ਨਾ ਰਹਿ ਕੇ ਕਰਮਕਾਂਡ ਜਾਂ ਪ੍ਰਪੰਚ ਬਣ ਜਾਂਦਾ ਹੈ ਤਾਂ ਉਹ ਸਮਾਜ ਖ਼ੋਖਲਾ ਹੋ ਜਾਂਦਾ ਹੈ।

ਸਾਧਾਰਣ ਪਰਿਭਾਸ਼ਾ ਵਿਚ ਮਨੁੱਖੀ ਸਮਾਜ ਅਜਿਹੇ ਵਿਅਕਤੀਆਂ ਦੇ ਇਕੱਠ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦਾ ਮਾਨਸਿਕ ਪੱਧਰ ਲਗਭਗ ਇਕੋ ਜਿਹਾ ਹੋਵੇ। ਜਿਨ੍ਹਾਂ ਨੇ ਆਪਣੇ ਅਮਲੀ ਜੀਵਨ ਵਿੱਚ ਕੁਝ ਸਾਂਝੇ ਰਸਮ-ਰਿਵਾਜਾਂ ਤੇ ਸਾਝੇਂ ਜੀਵਨ ਪੱਧਰ ਨੂੰ ਅਪਨਾ ਲਿਆ ਹੋਵੇ। ਅਜਿਹੇ ਵਿਅਕਤੀਆਂ ਦੇ ਸਮਾਜ ਦੀ ਸਮਾਜਿਕ ਕੀਮਤਾਂ ਤੇ ਰਹਿਣ ਸਹਿਣ ਹੀ ਇਕੋ ਜਿਹਾ ਨਹੀਂ ਹੁੰਦਾ ਸਗੋਂ ਉਨਾਂ ਦੇ ਵਿਚਾਰ ਵੀ ਇਕ ਦੂਜੇ ਨਾਲ ਸਾਂਝੇ ਹੁੰਦੇ ਹਨ। ਸੰਰਚਨਾਤਮਕ ਪੱਖ ਤੋਂ ਸਮਾਜ ਇਕ ਬਹੁਤ ਜਟਿਲ ਪ੍ਰਬੰਧ ਹੈ ਅਤੇ ਇਹ ਪ੍ਰਬੰਧ ਸਦਾ ਇਕ ਗਤੀਸ਼ੀਲ ਵਹਾਉ ਵਿਚ ਰਹਿੰਦਾ ਹੈ। ਜਟਿਲਤਾ ਦਾ ਕਾਰਣ ਇਹ ਕਿ ਹਰ ਵਿਅਕਤੀ ਆਪਣੇ ਆਪ ਵਿਚ ਇਕ ਵੱਖਰੀ ਦੁਨੀਆਂ ਹੈ। ਪਰ ਇਹ ਵਿਅਕਤੀ ਆਪਣੇ ਭੌਤਿਕ, ਮਾਨਸਿਕ ਅਤੇ ਆਤਮਿਕ ਵਾਤਾਵਰਣ ਦੀ ਹੀ ਉਪਜ ਹੁੰਦਾ ਹੈ। ਉਸ ਨੂੰ ਆਪਣੇ ਆਪ ਦੀ ਸੋਝੀ ਦੂਜਿਆਂ ਦੇ ਪ੍ਰਸੰਗ ਵਿੱਚੋਂ ਹੀ ਹੁੰਦੀ ਹੈ। ਇਸ ਲਈ ਵਿਅਕਤੀ ਦੀ

ਸਖਸ਼ੀਅਤ ਕਿਸੇ ਸਮਾਜਿਕ ਪ੍ਰਕਰਣ ਵਿੱਚ ਹੀ ਸੰਪੂਰਣ ਬਣਦੀ ਹੈ। ਇਸੇ ਲਈ ਸਮਾਜ ਨੂੰ ਵਿਅਕਤੀ ਨਾਲੋਂ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ। ਸਮਾਜ ਵਿਗਿਆਨ ਦੇ ਅਧਿਅਨ ਤੋਂ ਸਮਾਜ ਦੀ ਪਰਿਭਾਸ਼ਾ ਇਸ ਤਰ੍ਹਾਂ ਦ੍ਰਿਸ਼ਟੀਗੋਚਰ ਹੁੰਦੀ ਹੈ:

> ਸਮਾਜ ਇਕ ਅਜਿਹਾ ਸਥਾਈ ਵਿਰਾਟ ਮਾਨਵ ਸਮੂਹਾਂ ਦੇ ਸਮਾਜਕ ਸੰਬੰਧਾਂ ਤੇ ਰਿਸ਼ਤਿਆਂ ਦਾ ਪ੍ਰਬੰਧ ਹੁੰਦਾ ਹੈ। ਜਿਸ ਦੇ ਪਿਛੇ ਇਤਿਹਾਸਕ ਵਿਕਾਸ ਦੁਆਰਾ ਬਣੀਆਂ ਪਰੰਪਰਾਵਾਂ ਰੀਤਾਂ ਤੇ ਕਾਨੂੰਨ ਦੀ ਸ਼ਕਤੀ ਹੁੰਦੀ ਹੈ। ਜਿਸ ਦਾ ਆਧਾਰ ਉਸ ਸਮੇਂ ਦਾ ਵਿਸ਼ੇਸ਼ ਪੈਦਾਵਾਰੀ ਮੁਹਾਣ ਹੁੰਦਾ ਹੈ ਅਤੇ ਇਹ ਸਮਾਜ ਮਨੁੱਖ ਦੇ ਅਗਾਂਹ ਵਧੂ ਵਿਕਾਸ ਵਿਚ ਇਕ ਪੜਾਅ ਵਜੋ ਹੋਂਦ ਵਿਚ ਆਉਂਦਾ ਹੈ।[102]

> ਇਕ ਹੋਰ ਚਿੰਤਕ ਸ੍ਰੀ ਅਯੁਧਿਆ ਪ੍ਰਸਾਦਿ ਨੇ ਸਮਾਜ ਦੇ ਅੰਗਾ ਦਾ ਉਲੇਖ ਕੀਤਾ ਹੈ। ਪਰਿਵਾਰ, ਭਾਸ਼ਾ, ਸਾਂਝੀ ਸੁਰੱਖਿਆ, ਧਾਰਮਿਕ ਵਿਸ਼ਵਾਸ, ਹਥਿਆਰ, ਸੰਦ, ਮਨੋਰੰਜਨ ਤੇ ਸਾਧਨ। ਸਮਾਜ ਦੀ ਸਿਰਜਣਾ ਵਿੱਚ ਜਿਨ੍ਹਾਂ ਤੱਤਾਂ ਦਾ ਵਧੇਰੇ ਯੋਗਦਾਨ ਹੁੰਦਾ ਹੈ ਉਨ੍ਹਾਂ ਬਾਰੇ ਸਧਾਰਨ ਤੋਂ ਸਧਾਰਨ ਵਿਅਕਤੀ ਵੀ ਆਮ ਸੋਝੀ ਰੱਖਦਾ ਹੈ।[103]

> ਸ੍ਰੀ ਭਟਨਾਗਰ ਨੇ ਸਮਾਜ-ਵਿਗਿਆਨਕ ਦ੍ਰਿਸ਼ਟੀਕੋਣ ਤੋਂ ਥੋੜੇ ਜਿਹੇ ਵਿਸਥਾਰ ਨਾਲ ਇਸ ਤਰਾਂ ਲਿਖਿਆ, "ਮਾਨਵ ਵਿਅਕਤੀ ਪਰਿਵਾਰ ਮਾਨਵੀ ਵਾਤਾਵਰਣ, ਕੌਮ, ਅਨੁਸ਼ਾਸਨ, ਮਾਨਸਿਕ ਤੇ ਆਤਮਿਕ ਵਿਰਸਾ ਸਾਂਝੀ ਮੰਤਵ, ਸਾਂਝੀ ਚੇਤਨਾ, ਨੈਤਿਕ ਦ੍ਰਿਸ਼ਟੀਂ।"[104]

ਸਮਾਜ ਸ਼ਾਸਤਰੀ ਗਿਡਿੰਗੇਜ਼ (Giddinnges) ਦੇ ਅਨੁਸਾਰ Society is the Union

itself the organization the sum of formal relations in which individuals are bound together (ਭਾਵ ਸਮਾਜ ਆਪਣੇ ਆਪ ਵਿੱਚ ਇਕ ਸੰਘ ਹੁੰਦਾ ਹੈ, ਇਕ ਸੰਗਠਨ ਹੁੰਦਾ ਹੈ, ਇਹ ਰਸਮੀ ਸੰਬੰਧਾਂ ਦਾ ਸਮੂਹ ਹੁੰਦਾ ਹੈ, ਜਿਸ ਵਿੱਚ ਵਿਅਕਤੀ ਇੱਕ ਦੂਜੇ ਤੇ ਨਿਰਭਰ ਹੁੰਦੇ ਹਨ।[105]

ਸਮਾਜ ਦੇ ਇਨਾਂ ਤੱਤਾਂ ਵਿੱਚੋਂ ਸਮਾਜ ਵਿਗਿਆਨੀਆਂ ਨੇ ਸਭ ਤੋਂ ਵੱਧ ਮਹੱਤਤਾ ਮਾਨਵ ਵਿਅਕਤੀ ਨੂੰ ਦਿੱਤੀ ਹੈ। ਮਾਨਵ ਤੱਤ ਅਤੇ ਮਾਨਵ ਦੀਆਂ ਕਰਤਾਰੀ ਸ਼ਕਤੀਆਂ ਹੀ ਸਮਾਜਿਕ ਗਤੀ ਤੇ ਪੀੜੀ ਦਰ ਪੀੜੀ ਵਸਤਾਂ ਅਤੇ ਵਿਚਾਰਾਂ ਦੇ ਪਰਸਾਰ ਦਾ ਇਕ ਮਾਤਰ ਸਾਧਨ ਹਨ।

ਗੁਰੂ ਕਵੀਆਂ ਦੁਆਰਾ ਰਚੀਆਂ ਵਾਰਾਂ ਦਾ ਅਧਿਐਨ ਕਰਨ ਉਪਰੰਤ ਇਹ ਦੇਖਿਆ ਜਾ ਸਕਦਾ ਹੈ ਕਿ ਇਨ੍ਹਾਂ ਦਾ ਸਮਾਜ ਨਾਲ ਬਹੁਤ ਡੂੰਘਾ ਸੰਬੰਧ ਹੈ। ਇਹ ਕਾਵਿ ਪੰਜਾਬੀ ਜੀਵਨ ਦੀਆਂ ਤਤਕਾਲੀਨ ਸਮਾਜਿਕ ਪ੍ਰਸਥਿਤੀਆਂ ਦੀ ਉਪਜ ਹੈ। ਗੁਰੂ ਕਵੀਆਂ ਨੇ ਰਾਜਨੀਤਕ, ਸਭਿਆਚਾਰਕ, ਆਰਥਿਕ ਅਤੇ ਧਾਰਮਿਕ ਅਧੋਗਤੀ ਦਾ ਯਥਾਰਥਕ ਚਿੱਤਰਣ ਪੇਸ਼ ਕੀਤਾ ਹੈ। ਅਸਲ ਵਿਚ ਗੁਰੂ ਕਵੀਆਂ ਦੁਆਰਾ ਰਚੀਆਂ ਵਾਰਾਂ ਵਿਚ ਤਤਕਾਲੀਨ ਸਮਾਜ ਦਾ ਸਹੀ ਪ੍ਰਤੀਬਿੰਬ ਹੈ। ਡਾ. ਮੋਹਨ ਸਿੰਘ ਦੀਵਾਨਾਂ ਦੇ ਕਥਨ ਅਨੁਸਾਰ:

> ਗੁਰੂ ਘਰ ਨੇ ਸਮਾਜਿਕ ਅਧੋਗਤੀ ਦੇ ਵਾਤਾਵਰਣ ਵਿਚ ਰਾਜਸੀ ਪਤਨ ਨਾਲ ਸਾਹਿਤ ਦਾ ਸੋਨ ਸੁਨਹਿਰੀ ਕਾਲ ਲਿਆਂਦਾ ਕਿਉਂਕਿ ਸਾਰੇ ਗੁਰੂਆ ਨੇ ਉੱਚ ਆਦਰਸ਼ ਨੂੰ ਹਮੇਸ਼ਾਂ ਆਪਣੇ ਸਾਹਮਣੇ ਰੱਖਿਆ ਸੀ। ਉਹੀ ਮਨੁੱਖੀ ਆਤਮਾਵਾਂ ਦੇ ਉਸਰੀਏ ਸਨ। ਉਹ ਨਾਂ ਕੇਵਲ ਯਥਾਰਥ ਦੇ ਦਰਸ਼ਕ ਸਨ ਸਗੋਂ ਅਜਿਹੇ ਘਾੜੇ ਸਨ ਜਿਸ ਨੇ ਮਨੁੱਖਤਾ ਨੂੰ ਜੀਵਨ ਦਾ ਨਵਾਂ ਰੂਪ ਦਿੱਤਾ।[106]

ਮਨੁੱਖ ਜਨਮ ਤੋਂ ਹੀ ਅਜਿਹੀਆਂ ਮੂਲ ਪਰਵਿਰਤੀਆਂ ਅਤੇ ਲੋੜਾਂ ਨੂੰ ਲੈ ਆਉਂਦਾ ਹੈ, ਜਿਨ੍ਹਾਂ ਦੀ ਸੰਤੁਸ਼ਟੀ ਲਈ ਉਸ ਨੂੰ ਸਮਾਜਿਕ ਰਿਸ਼ਤਿਆਂ ਵਿਚੋਂ ਵਿਚਰਨਾ ਪੈਂਦਾ ਹੈ। ਪਰਿਵਾਰ, ਸਮਾਜਿਕ

ਸੰਸਥਾ ਦੀ ਪਹਿਲੀ ਤੇ ਸਭ ਤੋਂ ਛੋਟੀ ਇਕਾਈ ਹੈ ਜਿਸ ਨਾਲ ਮਨੁੱਖ ਦਾ ਸਭ ਤੋਂ ਪਹਿਲਾਂ ਬਾਵਸਤਾ ਹੁੰਦਾ ਹੈ। ਮਨੁੱਖ ਦੇ ਸੰਸਕਾਰਾਂ, ਆਦਤਾਂ, ਰੁਚੀਆਂ, ਬਿਰਤੀਆਂ, ਪੂਰਵ ਧਾਰਨਾਵਾਂ ਅਤੇ ਭਾਸ਼ਾ ਆਦਿ ਵੀ ਸਿਰਜਣਾ ਦੀ ਸਭ ਤੋਂ ਪਹਿਲਾਂ ਪਰਿਵਾਰ ਵਿਚ ਹੀ ਆਰੰਭ ਹੁੰਦੀ ਹੈ।

ਇਨਸਾਨ ਦੇ ਸਮੁੱਚੇ ਵਿਅਕਤੀਤਵ ਦੀ ਉਸਾਰੀ ਵਿਚ ਉਸ ਦੇ ਪਰਿਵਾਰ ਦੀ ਸਮਾਜਿਕ ਤੇ ਬੌਧਿਕ ਪੱਧਰ ਤੇ ਫੈਸਲਾ-ਕੁੰਨ ਭੂਮਿਕਾ ਹੁੰਦੀ ਹੈ। ਸਮਾਜ ਵਿਚ ਭਿੰਨ-ਭਿੰਨ ਪ੍ਰਕਾਰ ਦੇ ਸੰਸਕਾਰ ਪ੍ਰਚਲਤ ਹੁੰਦੇ ਹਨ ਜਿਹੜੇ ਵਿਅਕਤੀ ਨੂੰ ਉਸ ਦੇ ਬਚਪਨ ਤੋਂ ਹੀ ਪ੍ਰਭਾਵਿਤ ਕਰਦੇ ਹਨ। ਸਮਾਜ ਮਨੁੱਖ ਦਾ ਸਮੂਹ ਹੀ ਨਹੀਂ ਸਗੋਂ ਮਨੁੱਖਾਂ ਦੇ ਸੰਬੰਧਾਂ ਦਾ ਪ੍ਰਬੰਧ ਹੈ। ਸਮਾਜ ਵਿਚ ਮਨੁੱਖ ਦੀਆਂ ਸਾਰੀਆਂ ਕਿਰਿਆਵਾਂ, ਵਤੀਰੇ ਅਤੇ ਸੰਬੰਧ ਸ਼ਾਮਿਲ ਹਨ। ਇਸ ਦਾ ਹਰ ਅੰਗ ਇਕ ਬੁਨਿਆਦੀ ਵਿਸ਼ਵ ਦਰਸ਼ਨ ਦੇ ਪੈਟਰਨ ਨਾਲੋਂ ਵੱਡਾ ਹੁੰਦਾ ਹੈ। ਸਮਾਜਿਕ ਪ੍ਰਤੀਮਾਨ ਵਿਅਕਤੀ ਦੇ ਵਿਵਹਾਰ ਨੂੰ ਨਿਸ਼ਚਤ ਕਰਦੇ ਹਨ। ਇਹ ਸਮਾਜ ਦੇ ਉਹ ਨਿਯਮ ਹਨ ਜੋ, ਸਮਾਜਿਕ ਮੁੱਲਾਂ ਅਤੇ ਸਮਾਜ ਦੁਆਰਾ ਪ੍ਰਵਾਨਿਤ ਵਿਧੀਆਂ ਅਨੁਸਾਰ ਕਿਸੇ ਵਿਸ਼ੇਸ਼ ਪਰਸਥਿਤੀ ਤਹਿਤ ਵਿਅਕਤੀ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਵਿਵਹਾਰ ਕਰਨ ਦਾ ਆਦੇਸ਼ ਦਿੰਦੇ ਹਨ। ਵਾਰਕਾਰ ਗੁਰੂ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਿਫ਼ ਸਨ ਕਿ ਸਮਾਜ ਨੂੰ ਬਦਲਣ ਲਈ ਆਰਥਿਕ ਤੇ ਸਭਿਆਚਾਰਕ ਢਾਂਚੇ ਦਾ ਬਦਲਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਖੇਤਰਾਂ ਵਿਚ ਤਬਦੀਲੀ ਲਿਆਉਣ ਲਈ ਰਾਜਨੀਤਿਕ ਸੱਤਾ, ਲੋਕ ਵਿਰੋਧੀ ਰਾਜਿਆਂ ਦੇ ਅਧਿਕਾਰ ਹੇਠੋਂ ਨਿਕਲ ਕੇ, ਲੋਕ ਹਿੱਤੀ ਰਾਜਿਆਂ ਦੇ ਹੱਥਾਂ ਵਿਚ ਜਾਣੀ ਜ਼ਰੂਰੀ ਹੈ। ਕੇ. ਡੇਵਿਸ ਅਨੁਸਾਰ:

> "ਸਮਾਜਿਕ ਪ੍ਰਤੀਮਾਨ ਉਹ ਨਿਯਮ ਹਨ ਜਿਸ ਦੁਆਰਾ ਮਨੁੱਖੀ ਸਮਾਜ ਆਪਣੇ ਮੈਂਬਰਾਂ ਦੇ ਵਿਵਹਾਰ ਨੂੰ ਨਿਯਮਿਤ ਕਰਦਾ ਹੈ। ਇਸ ਪਰਿਭਾਸ਼ਾ ਤੋਂ ਇਹ ਪਤਾ ਲੱਗਦਾ ਹੈ ਕਿ ਸਮਾਜਿਕ ਪ੍ਰਤੀਮਾਨ ਮਨੁੱਖੀ ਵਿਵਹਾਰ ਤੇ ਨਿਯੰਤਰਣ ਰੱਖਣ ਵਾਲੇ ਅਜਿਹੇ ਤਰੀਕੇ ਹਨ ਜੋ ਸਾਨੂੰ ਆਪਣੀਆਂ ਮੂਲ ਪ੍ਰਵਿਰਤੀਆਂ ਤੇ ਕਾਬੂ ਰੱਖਣ ਅਤੇ

ਸਮਾਜ ਦੁਆਰਾ ਪਰਵਾਨਿਤ ਵਿਵਹਾਰਾਂ ਨੂੰ ਪੂਰਾ ਕਰਨ ਤੇ ਜ਼ੋਰ ਦਿੰਦਾ ਹੈ। ਸਮਾਜਿਕ ਮੁੱਲ ਦੇ ਅਨੁਸਾਰ ਮਨੁੱਖ ਆਪਣਾ ਜੀਵਨ ਬਤੀਤ ਕਰਦਾ ਹੈ। ਮਨੁੱਖੀ ਸਮਾਜ ਵਿਚ ਇਕ ਆਦਰਸ਼ ਵਿਵਸਥਾ ਦੀ ਵਿਦਮਾਨਤਾ ਹਜ਼ਾਰਾਂ ਸਾਲਾਂ ਤੋਂ ਚਲੀ ਆ ਰਹੀ ਹੈ।"[107]

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਵਾਰਾਂ ਵਿਚ ਸਮਾਜ ਤੇ ਧਰਮ ਦਾ ਬਹੁਤ ਕਰੀਬੀ ਸੰਬੰਧ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਆਦਿ ਕਾਲੀਨ ਸਮਾਜ ਅਤੇ ਅਜੋਕੇ ਸਮਾਜ ਦਾ ਜ਼ਰੂਰੀ ਲੱਛਣ ਧਰਮ ਹੈ। ਸਮਾਜ ਵਿਗਿਆਨੀ ਇਸੇ ਗੱਲ ਨੂੰ ਉਲਟਾਅ ਕੇ ਲਿਖਦੇ ਹਨ ਕਿ ਧਰਮ ਇਕ ਸਮਾਜਕ ਵਰਤਾਰਾ ਹੈ। ਧਰਮ ਅਤੇ ਸਮਾਜ ਦੋਵੇਂ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਕਈ ਵਾਰ ਤਾਂ ਧਰਮ ਦਾ ਇਤਿਹਾਸ ਵਾਚੀਏ ਤਾਂ ਸਮਝ ਆਉਂਦੀ ਹੈ ਕਿ ਧਰਮ ਦਾ ਉਦੇਸ਼ ਸਮਾਜਕ ਪਰਿਵਰਤਨ ਨਾਲ ਜੁੜਿਆ ਹੁੰਦਾ ਹੈ। ਧਰਮ ਕਿਸੇ ਵਿਸ਼ੇਸ਼ ਸਮੇਂ ਦੀ ਸਮਾਜਿਕ ਵਿਵਸਥਾ ਦੇ ਵਿਰੋਧ ਵਿਚ ਪੈਦਾ ਹੋਇਆ ਇਕ ਜਨ ਅੰਦੋਲਨ ਹੈ।

ਗੁਰੂ ਸਾਹਿਬਾਨਾਂ ਦੁਆਰਾ ਰਚਿਤ ਵਾਰਾਂ ਦੇ ਸਮਾਜਿਕ ਪੱਖ ਵਿਚ ਅਸੀਂ ਉਸ ਸਮੇਂ ਦੇ ਸਮਾਜ ਦੀ ਸਮਕਾਲੀ ਰਾਜਨੀਤਕ, ਆਰਥਿਕ, ਸਮਾਜਕ ਦਸ਼ਾ ਅਤੇ ਮਨੁੱਖੀ ਅਧਿਕਾਰਾਂ ਬਾਰੇ ਅਲੱਗ ਅਲੱਗ ਚਰਚਾ ਕਰਾਂਗੇ।

**ਰਾਜਨੀਤਿਕ ਅਵਸਥਾ** :- ਗੁਰਮਤਿ ਕਾਵਿ ਦੇ ਰਚਣ ਕਾਲ ਸਮੇਂ ਦਿੱਲੀ ਦੇ ਸਿੰਘਾਸਨ ਤੇ ਲੋਧੀ, ਸੂਰੀ ਅਤੇ ਮੁਗਲ ਵੰਸ਼ ਦੇ ਸ਼ਾਸਕਾਂ ਨੇ ਰਾਜ ਕੀਤਾ। ਇਹਨਾਂ ਦੇ ਰਾਜ ਕਾਲ ਦੇ ਦੌਰਾਨ ਭਾਰਤ ਅਤੇ ਵਿਸ਼ੇਸ਼ ਤੌਰ ਤੇ ਪੰਜਾਬ ਵਿਚ ਰਾਜਨੀਤਿਕ ਅਸਥਿਰਤਾ ਕਾਰਨ ਬਹੁਤਾ ਸਮਾਂ ਅਰਾਜਕਤਾ ਅਤੇ ਅਸ਼ਾਂਤੀ ਦਾ ਬੋਲਬਾਲਾ ਰਿਹਾ। ਵਾਰਾਂ ਸਮੁੱਚੀ ਗੁਰਬਾਣੀ ਵਾਂਗ ਮਨੁੱਖ ਦੇ ਸਮਾਜਕ ਅਮਲ ਅਨੁਸਾਰ ਉਸ ਦੀ ਵੰਡ ਕਰਦੀਆਂ ਹਨ। ਬਾਹਰੀ ਤੌਰ ਤੇ ਮਨੁੱਖ ਪੰਜਾਂ ਤੱਤਾਂ ਦਾ ਪੁਤਲਾ ਹੀ ਹੈ। ਬਾਹਰੋਂ ਇਕੋ ਜਿਹਾ ਹੀ ਦਿੱਸਦਾ ਹੈ। ਪਰ ਸ਼ਖਸ਼ੀਅਤ ਅਤੇ ਆਚਰਣ ਦੇ ਪੱਖ ਤੋਂ ਉਸ ਵਿਚ ਬਹੁਤ ਫ਼ਰਕ ਹੁੰਦਾ ਹੈ।

ਵਾਰਾਂ ਵਿਚ ਗੁਰੂ ਸਾਹਿਬਾਨ ਨੇ ਸਮਕਾਲੀਨ ਅਵਸਥਾ ਦਾ ਵਰਨਣ ਬੜੇ ਹੀ ਸੂਖਮ ਢੰਗ

ਨਾਲ ਕੀਤਾ ਹੈ। ਉਸ ਸਮੇਂ ਨੂੰ ਭਾਰਤ ਦੇ ਇਤਿਹਾਸ ਵਿਚ ਅਰਾਜਕਤਾ ਦਾ ਯੁਗ ਕਿਹਾ ਜਾਂਦਾ ਹੈ। ਮੁਸਲਮਾਨ ਧਾੜਵੀਆਂ ਨੇ ਬਾਰ ਬਾਰ ਹਮਲੇ ਕਰਕੇ ਦੇਸ਼ ਦੀ ਆਰਥਿਕ ਵਿਵਸਥਾ ਨੂੰ ਖੋਖਲਾ ਕਰ ਦਿੱਤਾ ਸੀ। ਇਸ ਤਰ੍ਹਾਂ ਉਸ ਵੇਲੇ ਇਕ ਤਰ੍ਹਾਂ ਨਾਲ ਸਮਾਜ ਦਾ ਆਰਥਿਕ, ਰਾਜਨੀਤਿਕ ਤੇ ਬੌਧਿਕ ਪਤਨ ਹੋ ਚੁੱਕਾ ਸੀ। ਉਸ ਵੇਲੇ ਦੀ ਹਕੂਮਤ ਸ਼ਖ਼ਸੀ ਹਕੂਮਤ ਸੀ ਤੇ ਬਹੁਤਾ ਕਰਕੇ ਇਸਲਾਮੀ ਸ਼ਰਾਅ ਦੇ ਅਨੁਸਾਰ ਸ਼ਾਸਨ ਪ੍ਰਬੰਧ ਚਲਦਾ ਸੀ। ਜਾਗੀਰਦਾਰੀ ਆਪਣੇ ਸਿਖ਼ਰ ਤੇ ਸੀ। ਭਾਰਤ ਦੇ ਮੁਸਲਮਾਨ ਸ਼ਾਸਕ ਸਾਰਾ ਜ਼ੋਰ ਇਸਲਾਮ ਦੇ ਪ੍ਰਚਾਰ ਤੇ ਵਿਕਾਸ ਉੱਤੇ ਲਾ ਰਹੇ ਸਨ। ਅਜਿਹੀ ਰਾਜਨੀਤਕ ਸਥਿਤੀ ਵਿਚ ਮੌਲਵੀਆਂ ਤੇ ਕਾਜ਼ੀਆਂ ਨੂੰ ਉੱਚਾ ਸਥਾਨ ਹੋਣਾ ਸੁਭਾਵਕ ਸੀ। ਉਹ ਲੋਕ ਕੁਰਾਨ ਤੇ ਹਦੀਸ ਦੇ ਅਨੁਸਾਰ ਸਾਰੀਆਂ ਸਮਸਿਆਵਾਂ ਨੂੰ ਹਲ ਕਰਦੇ ਸਨ। ਗੁਰੂ ਸਾਹਿਬਾਨਾਂ ਨੇ ਉਸ ਸਮੇਂ ਦਾ ਰਾਜਸੀ ਚਿੱਤਰ ਖਿੱਚਦੇ ਹੋਏ ਰਾਜਿਆਂ, ਜਾਗੀਰਦਾਰਾਂ ਤੇ ਹਾਕਮਾਂ ਨੂੰ ਕਸਾਈ, ਸੀਂਹ, ਬਘਿਆੜ, ਕੁੱਤੇ, ਰੱਤ ਪੀਣੇ ਤੇ ਮਾਣਸ ਖਾਣੇ ਆਦਿ ਕਰੜੇ ਸ਼ਬਦਾਂ ਵਿਚ ਬਿਆਨ ਕੀਤਾ ਹੈ। ਕਾਜ਼ੀ ਤੇ ਮੌਲਾਣੇ ਰਿਸ਼ਵਤਾਂ ਲੈ ਕੇ ਫੈਸਲੇ ਕਰਦੇ ਸਨ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥[108]

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥

ਚਾਕਰ ਨਹਦਾ ਪਾਇਨਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥[109]

ਕਾਜੀ ਮੁੱਲਾਂ ਅਤੇ ਉਸ ਸਮੇਂ ਦੇ ਸ਼ਾਸਕ ਹਿੰਦੂਆਂ ਉਤੇ ਬਹੁਤ ਜ਼ਬਰ ਕਰਦੇ ਸਨ। ਉਨ੍ਹਾਂ ਨੂੰ ਕਈ ਤਰ੍ਹਾਂ ਦੇ ਟੈਕਸ ਦੇਣ ਲਈ ਮਜ਼ਬੂਰ ਕਰਦੇ ਸਨ। ਹਿੰਦੂਆਂ ਜਾਂ ਮੂਰਤੀ ਪੂਜਕਾਂ ਲਈ ਦੋ ਹੀ ਰਾਹ ਸਨ। ਪਹਿਲਾ ਇਹ ਕਿ ਉਹ ਇਸਲਾਮ ਕਬੂਲ ਕਰ ਲੈਣ, ਦੂਸਰਾ ਮੌਤ, ਪ੍ਰੰਤੂ ਫਿਰ ਵੀ ਜੇ ਉਹ ਜਿੰਦਾ ਰਹਿਣਾ ਚਾਹੁਣ ਤਾਂ ਉਨ੍ਹਾਂ ਨੂੰ ਜ਼ਜੀਏ ਜਿਹੇ ਟੈਕਸ ਦੇਣ ਨਾਲ ਹੀ ਇਹ ਸਹੂਲਤ ਪ੍ਰਾਪਤ ਹੋ ਸਕਦੀ ਸੀ। ਉਹ ਆਪਣੀ ਬੋਲੀ ਛੱਡ ਕੇ ਤੁਰਕਾਂ ਦੀ ਬੋਲੀ ਬੋਲ ਰਹੇ ਸਨ। ਉਨ੍ਹਾਂ ਦੇ ਪਹਿਰਾਵੇ ਪਾ ਰਹੇ ਸਨ। ਉਨ੍ਹਾਂ ਨੂੰ ਇਕ ਖਾਸ ਤਰ੍ਹਾਂ ਦੇ ਬਸਤਰ ਪਹਿਨ ਕੇ ਦਰਬਾਰ ਵਿਚ ਹਾਜ਼ਰ ਹੋਣਾ ਪੈਂਦਾ ਸੀ।

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥[110]

ਗਊਆਂ ਅਤੇ ਬ੍ਰਾਹਮਣਾਂ ਉੱਤੇ ਸਮਕਾਲੀਨ ਸ਼ਾਸਕਾਂ ਨੇ ਟੈਕਸ ਲਾਏ ਹੋਏ ਸਨ। ਹਿੰਦੂ ਲੋਕ ਮੁਸਲਮਾਨ ਸ਼ਾਸਕਾਂ ਤੋਂ ਬਹੁਤ ਡਰਦੇ ਸਨ। ਉਨ੍ਹਾਂ ਨੂੰ ਖੁਸ਼ ਕਰਨ ਲਈ ਉਹ ਕੁਰਾਨ ਤੱਕ ਵੀ ਪੜ੍ਹਦੇ ਸਨ। ਇਸ ਅਵਸਥਾ ਨੂੰ 'ਆਸਾ ਦੀ ਵਾਰ' ਵਿਚ ਇੰਜ ਚਿਤਰਿਆ ਹੈ।

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥

ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥[111]

ਇਸ ਤਰ੍ਹਾਂ ਹਿੰਦੂ ਲੋਕ ਦੋ ਤਰ੍ਹਾਂ ਦਾ ਜੀਵਨ ਬਤੀਤ ਕਰ ਰਹੇ ਸਨ। ਉਹ ਬਾਹਰ ਤਾਂ ਮੁਸਲਮਾਨ ਹਾਕਮਾਂ ਨੂੰ ਖੁਸ਼ ਕਰਨ ਲਈ ਕੁਰਾਨ ਤੱਕ ਪੜ੍ਹਦੇ ਸਨ ਅਤੇ ਆਪਣੇ ਘਰ ਲੁਕ ਛਿਪ ਕੇ ਪੁਰਾਣਾਂ ਦੀ ਪੂਜਾ ਵੀ ਕਰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਹਾਲਾਤ ਤੇ ਵਿਅੰਗ ਕਰਦਿਆਂ ਲਿਖਿਆ ਹੈ:

ਛੋਡੀਲੇ ਪਾਖੰਡਾਂ॥ ਨਾਮਿ ਲਇਐ ਜਾਹਿ ਤਰੰਦਾ॥[112]

**ਸਮਕਾਲੀ ਸਮਾਜ ਦੀ ਆਰਥਿਕ ਵਿਵਸਥਾ** :- ਆਰਥਿਕ ਵਿਵਸਥਾ ਕਿਸੇ ਵੀ ਸਮਾਜ ਦੀ ਰੀੜ ਦੀ ਹੱਡੀ ਵਾਂਗ ਹੁੰਦੀ ਹੈ। ਇਸ ਤੋਂ ਬਿਨਾਂ ਸਮਾਜ ਦਾ ਵਿਕਾਸ ਅਤੇ ਕੰਮ-ਕਾਜ਼ ਚਲਣਾ ਅਸੰਭਵ ਹੁੰਦਾ ਹੈ। ਗੁਰੂ ਕਵੀਆਂ ਨੇ ਅਰਥ ਵਿਵਸਥਾ ਦੀ ਮਹਾਨਤਾ ਨੂੰ ਭਲੀਭਾਂਤ ਪਛਾਣਿਆ ਹੈ ਅਤੇ ਗੁਰਬਾਣੀ ਵਿਚ ਥਾਂ ਥਾਂ ਉਸ ਸਮੇਂ ਦੀ ਆਰਥਿਕ ਵਿਵਸਥਾ ਦੇ ਚਿੱਤਰ ਖਿੱਚੇ ਦੇਖੇ ਜਾ ਸਕਦੇ ਹਨ। ਗੁਰੂਆਂ ਦੇ ਸਮੇਂ ਦੌਰਾਨ ਭਾਰਤ ਦੀ ਆਰਥਿਕ ਵਿਵਸਥਾ ਤਸੱਲੀਬਖਸ਼ ਨਹੀਂ ਸੀ। ਸ਼ਾਸ਼ਕਾਂ ਦੁਆਰਾ ਲਾਏ ਗਏ ਬੋਝਲ ਕਰ, ਜ਼ਿਮੀਦਾਰਾਂ ਦੁਆਰਾ ਛੋਟੇ ਕਿਸਾਨਾਂ ਦਾ ਸ਼ੋਸ਼ਣ, ਹੁਕਮਰਾਨਾਂ ਦੁਆਰਾ ਜਨਤਾ ਦੇ ਸ਼ੋਸ਼ਣ ਨੇ ਉਸ ਸਮੇਂ ਦੀ ਆਰਥਿਕ ਵਿਵਸਥਾ ਨੂੰ ਦੂਸ਼ਿਤ ਕਰ ਦਿੱਤਾ ਸੀ। ਗੁਰਬਾਣੀ ਸਮੁੱਚੇ ਸਮਾਜਕ ਮਸਲਿਆਂ ਨੂੰ ਆਰਥਿਕ ਦ੍ਰਿਸ਼ਟੀਕੋਣ ਤੋਂ ਵੇਖਦੀ ਤੇ ਸਮਝਦੀ ਹੋਈ ਇਹ ਸਪਸ਼ਟ ਕਰਦੀ ਹੈ ਕਿ ਮਾਇਆ ਇਕ ਐਸੀ ਚੀਜ਼ ਹੈ ਜਿਹੜੀ ਪਾਪਾਂ ਤੋਂ ਬਿਨਾ ਇਕੱਤਰ ਨਹੀਂ ਹੁੰਦੀ ਅਤੇ ਮਰਨ ਉਪਰੰਤ ਬੰਦੇ ਦੇ ਨਾਲ ਨਹੀਂ ਜਾਂਦੀ। ਗੁਰੂ ਸਾਹਿਬਾਨਾਂ ਨੇ ਗ੍ਰਿਹਸਥ ਦਾ ਮਾਰਗ ਧਾਰਨ ਕਰਨ ਲਈ ਅਤੇ ਕਰੜੀ ਮਿਹਨਤ ਲਈ ਬਹੁਤ ਹੀ ਕਲਾਤਮਕ ਢੰਗ ਨਾਲ ਪ੍ਰੇਰਤ ਕੀਤਾ:

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥

ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥[113]

ਸਿਰਫ਼ ਮਿਹਨਤ ਕਰਨਾ ਹੀ ਨਹੀਂ ਬਲਕਿ ਵੰਡ ਕੇ ਖਾਣ ਦੀ ਹਦਾਇਤ ਵੀ ਕੀਤੀ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ॥[114]

ਉਸ ਸਮੇਂ ਜਦ ਹਿੰਦੂਆਂ ਕੋਲੋਂ ਵਪਾਰ ਆਦਿ ਖੁਸ ਗਏ ਤਾਂ ਉਹ ਪੇਟ ਭਰਨ ਦੀ ਖਾਤਿਰ ਜਾਂ ਰੋਟੀਆਂ ਤੋਰਨ ਦੀ ਖਾਤਰ ਝੂਠੇ-ਪਾਖੰਡਾਂ ਰਾਹੀਂ ਧਨ ਕਮਾ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਅਜਿਹੇ ਪਾਖੰਡੀ ਲੋਕਾਂ ਤੇ ਜ਼ੋਰਦਾਰ ਵਿਅੰਗ ਕਰਦਿਆਂ ਲਿਖਿਆ ਹੈ:

ਵਾਇਨਿ ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨਿ ਸਿਰ॥

ਉਡਿ ਉਡਿ ਰਾਵਾ ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥

ਰੋਟੀਆ ਕਾਰਣਿ ਪੂਰਹਿ ਤਾਲ॥ ਆਪੁ ਪਛਾੜਹਿ ਧਰਤੀ ਨਾਲਿ।[115]

ਆਰਥਿਕਤਾ ਦੇ ਸਮਾਜਿਕ ਪ੍ਰਭਾਵ ਨੂੰ ਪਛਾਣਦੇ ਹੋਏ ਗਰੀਬੀ ਦੀ ਹਾਲਤ ਵਿਚ ਰਹਿੰਦੇ ਮਨੁੱਖ ਦੀ ਸਥਿਤੀ ਦੱਸਦੇ ਹੋਏ ਗੁਰੂ ਸਾਹਿਬਾਂ ਨੇ ਸਪਸ਼ਟ ਕੀਤਾ ਕਿ ਮਿੱਤਰਤਾ, ਰਿਸ਼ਤੇਦਾਰੀਆਂ ਤੇ ਹੋਰ ਸਬੰਧ ਬਹੁਤ ਹੱਦ ਤੀਕ ਮਨੁੱਖ ਦੀ ਆਰਥਿਕ ਹਾਲਤ ਨਾਲ ਜੁੜੇ ਹੋਏ ਹਨ। ਆਰਥਿਕਤਾ ਹੀ ਸਮਾਜ ਵਿਚ ਕਿਸੇ ਮਨੁੱਖ ਦੀ ਥਾਂ ਨਿਰਧਾਰਤ ਕਰਦੀ ਹੈ। ਗੁਰੂ ਸਾਹਿਬਾਨ ਮਿਹਨਤ ਤੇ ਉਦਮ ਕਰਨ ਲਈ ਪ੍ਰੇਰਦੇ ਹਨ ਅਤੇ ਵਿਹਲੜ ਹੋਣ ਤੋਂ ਵਰਜਦੇ ਹਨ। ਮਨੁੱਖ ਨੂੰ ਸਮਾਜਿਕ ਭਾਈਚਾਰੇ ਵਿਚ ਸਬਰ ਸੰਤੋਖ ਨਾਲ ਰਹਿਣਾ ਸਿਖਾਉਂਦੇ ਹਨ।

**ਸਮਕਾਲੀ ਧਾਰਮਿਕ ਸਥਿਤੀ** :- ਧਰਮ ਇਕ ਸਾਧਨ ਹੈ, ਪਦਾਰਥਕ ਜੀਵਨ ਤੋਂ ਉੱਪਰ ਉਠਣ ਦਾ। ਧਰਮ ਨੂੰ ਮਨੁੱਖ, ਸਮਾਜ ਅਤੇ ਵਿਸ਼ਵ, ਤਿੰਨਾਂ ਨੂੰ ਕੇਂਦਰਤ ਰੱਖਣ ਵਾਲੀ ਸ਼ਕਤੀ ਮੰਨਿਆ ਗਿਆ ਹੈ। ਧਰਮ ਨੇ ਹੀ ਨੈਤਿਕ ਮੁੱਲਾਂ ਨੂੰ ਅਮਲ ਵਿਚ ਲਿਆਉਣਾ ਹੁੰਦਾ ਹੈ। ਇਸ ਲਈ ਧਰਮ ਤੋਂ ਬਿਨਾਂ ਸਭ ਦੁਨਿਆਵੀ ਲੋੜਾਂ ਜਾਂ ਪਦਾਰਥਕ ਪ੍ਰਾਪਤੀਆਂ ਬੋਝ ਬਣ ਜਾਂਦੀਆਂ ਹਨ। ਇਸ ਲਈ ਧਰਮ ਨੂੰ ਸਭਿਆਚਾਰ ਦਾ ਮੁੱਖ ਅੰਗ ਮੰਨਿਆ ਗਿਆ ਹੈ ਕਿਉਂਕਿ ਧਰਮ ਨੇ ਸਾਰੀਆਂ ਸਭਿਆਚਾਰਕ ਕੀਮਤਾਂ

ਨੂੰ ਇਕ ਲੜੀ ਵਿਚ ਪਰੋ ਕੇ ਸਭਿਆਚਾਰਕ ਪ੍ਰਬੰਧ ਦੀ ਸ਼ਕਲ ਦੇਣੀ ਹੁੰਦੀ ਹੈ। ਗੁਰਬਾਣੀ ਦੇ ਰਚਨ ਸਮੇਂ ਹਿੰਦੂ ਧਰਮ ਦਾ ਪਤਨ ਹੋ ਰਿਹਾ ਸੀ। ਹਿੰਦੂ ਧਰਮ ਦੇ ਮੁਕਾਬਲੇ ਵਿਚ ਹਕੂਮਤ ਦੀ ਛਹਿ ਤੇ ਇਸਲਾਮ ਦਾ ਪਰਸਾਰ ਤੇ ਪ੍ਰਭਾਵ ਵਧ ਰਿਹਾ ਸੀ। ਵਾਰਾਂ ਵਿਚ ਬਹੁਤ ਸਾਰੀਆਂ ਸਮਕਾਲੀ ਸੰਪਰਦਾਵਾਂ ਸੰਬੰਧੀ ਜ਼ਿਕਰ ਉਪਲਬਧ ਹਨ ਜੋ ਉਸ ਵੇਲੇ ਦੀਆਂ ਦੋ ਪ੍ਰਮੁੱਖ ਧਾਰਮਿਕ ਧਾਰਾਵਾਂ ਹਿੰਦੂ ਤੇ ਮੁਸਲਮਾਨਾਂ ਨਾਲ ਸੰਬੰਧਿਤ ਹਨ। ਵਾਰਾਂ ਵਿਚ ਇਨ੍ਹਾਂ ਫਿਰਕਿਆਂ, ਧਾਰਮਿਕ ਇਸ਼ਟਾਂ, ਉਨ੍ਹਾਂ ਨਾਲ ਸੰਬੰਧਤ ਕਰਮਕਾਂਡਾਂ, ਧਾਰਮਿਕ ਗ੍ਰੰਥਾਂ ਅਤੇ ਪੂਜਾ, ਇਬਾਦਤ ਦੀਆਂ ਵਿਧੀਆਂ ਦਾ ਵਰਨਣ ਕੀਤਾ ਗਿਆ ਮਿਲਦਾ ਹੈ। ਇਨ੍ਹਾਂ ਫਿਰਕਿਆਂ ਵਿਚ ਵੈਸ਼ਨਵ, ਵੈਸ਼ਨੋ, ਸ਼ਿਵ, ਸਾਕਤ, ਬੋਧੀ, ਜੈਨੀ, ਸੰਨਿਆਸੀ, ਉਦਾਸੀ, ਸਰੱਈ, ਹਾਜ਼ੀ, ਦਰਵੇਸ਼ ਆਦਿ ਦਾ ਜ਼ਿਕਰ ਕੀਤਾ ਗਿਆ ਹੈ। ਲੋਕ ਜਾਦੂ ਟੂਣਿਆਂ ਤੇ ਕਰਾਮਾਤਾਂ ਵਿਚ ਵਿਸ਼ਵਾਸ ਕਰਨ ਲੱਗ ਪਏ ਸਨ। ਹਿੰਦੂ ਧਰਮ ਵਿਚ ਬੁੱਧ ਮਤ, ਜੈਨ ਮਤ ਤੇ ਜੋਗ ਮਤ ਜਿਹੀਆਂ ਸੰਪਰਦਾਵਾਂ ਚਲ ਪਈਆਂ ਸਨ। ਅਵਤਾਰ ਅਤੇ ਦੇਵੀ ਦੇਵਤਿਆਂ ਦੇ ਰੂਪ ਧਾਰ ਕੇ ਰਾਸਾਂ ਪਾਈਆਂ ਜਾਂਦੀਆਂ ਸਨ ਅਤੇ ਇਸ ਦੇ ਬਦਲੇ ਵਿਚ ਲੋਕਾਂ ਕੋਲੋਂ ਪੈਸੇ ਇਕੱਠੇ ਕੀਤੇ ਜਾਂਦੇ ਸਨ। ਗੁਰੂ ਸਾਹਿਬਾਨਾਂ ਨੇ ਅਜਿਹੇ ਭੇਖ-ਪਾਖੰਡ ਉੱਤੇ ਭਰਪੂਰ ਚੋਟ ਲਾਈ ਹੈ। ਇਸ ਸੰਬੰਧ ਵਿਚ ਉਨ੍ਹਾਂ ਕਿਸੇ ਧਰਮ ਜਾਂ ਫ਼ਿਰਕੇ ਦਾ ਲਿਹਾਜ਼ ਨਹੀਂ ਕੀਤਾ। ਮਿਸਾਲ ਵਜੋਂ ਹਿੰਦੂ ਧਰਮ ਵਿਚ ਪ੍ਰਚਲਤ ਮੂਰਤੀ ਪੂਜਾ ਜਾਂ ਪੱਥਰ ਦੀ ਪੂਜਾ ਦੀ ਨਿਰਾਰਥਕਤਾ ਨੂੰ, ਗੁਰੂ ਨਾਨਕ ਦੇਵ ਜੀ ਬੜੇ ਕਾਂਟਵੇਂ ਤਰਕ ਸਹਿਤ ਬਿਆਨ ਕਰਦੇ ਹਨ।

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥
ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰੁ॥
ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥[116]

ਹਿੰਦੂ ਧਰਮ ਵਿਚ ਅਵਤਾਰਵਾਦ ਦੀ ਹੋਂਦ ਜ਼ੋਰਾਂ ਤੇ ਸੀ। ਜੈਨ ਧਰਮ ਅਤੇ ਬੁਧ ਧਰਮ ਦੇ ਵੱਖ ਵੱਖ

ਫਿਰਕਿਆਂ ਵਿਚ ਕਰਮ ਕਾਂਡ ਜ਼ੋਰਾਂ ਤੇ ਸੀ। ਇਸ ਲਈ ਗੁਰਬਾਣੀ ਉਨ੍ਹਾਂ ਦੇ ਫੋਕੇ ਕਰਮ-ਕਾਂਡਾਂ ਪ੍ਰਤੀ ਆਲੋਚਨਾਤਮਕ ਟਿੱਪਣੀਆਂ ਕਰਦੀ ਹੈ। ਮਿਸਾਲ ਵਜੋਂ ਜੈਨੀ ਲੋਕ ਨੰਗੇ ਪੈਰੀਂ ਚਲਦੇ ਤੇ ਨੰਗੇ ਰਹਿੰਦੇ ਸਨ ਤਾਂ ਜੋ ਉਨ੍ਹਾਂ ਦੇ ਹੱਥੋਂ ਕਿਸੇ ਤਰ੍ਹਾਂ ਦਾ ਜੀਵ ਹੱਤਿਆ ਨਾ ਹੋ ਜਾਵੇ। ਇਨ੍ਹਾਂ ਸਾਰੇ ਕਰਮ ਕਾਂਡਾਂ ਨੂੰ ਅਰਥਹੀਣ ਦਰਸਾਉਣ ਲਈ ਗੁਰੂ ਨਾਨਕ ਦੇਵ ਜੀ ਲਿਖਦੇ ਹਨ:

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ॥
ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨਾਇਆ॥
ਹਥੀ ਸਿਰ ਖੋਹਾਇ ਨ ਭਦੁ ਕਰਾਇਆ॥
ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ॥
ਮਨਿ ਜੂਠੈ ਵੇਜਾਤਿ ਜੂਠਾ ਖਾਇਆ॥[117]

ਉਸ ਸਮੇਂ ਜੋਗੀਆਂ, ਸੰਨਿਆਸੀਆਂ ਤੇ ਬੈਰਾਗੀਆਂ ਦੇ ਕਈ ਫ਼ਿਰਕੇ ਮੌਜੂਦ ਸਨ। ਜਿਹੜੇ ਵੱਖ-ਵੱਖ ਢੰਗਾਂ ਨਾਲ ਜੋਗ ਸਾਧਨਾ ਅਤੇ ਪੂਜਾ ਪਾਠ ਵਿਚ ਲੱਗੇ ਹੋਏ ਸਨ।

ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥
ਬਹੁ ਤੀਰਥਿ ਭਵਿਆ॥ ਤੇਤੋ ਲਵਿਆ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ॥
ਸਹੁ ਵੇ ਜੀਅ ਆਪਣਾ ਕੀਆ॥[118]

ਇਸਲਾਮ ਮੱਤ ਦੇ ਪੈਰੋਕਾਰਾਂ ਵਿਚ ਫੈਲੇ ਹੋਏ ਕਰਮਕਾਂਡਾਂ ਅਤੇ ਭੇਖ-ਪਾਖੰਡਾਂ ਬਾਰੇ ਵੀ ਗੁਰਬਾਣੀ ਇਸੇ ਸੁਰ ਵਿਚ ਗੱਲ ਕਰਦੀ ਹੈ। ਗੁਰੂ ਸਾਹਿਬਾਨਾਂ ਦੇ ਸਮੇਂ ਮੁਸਲਮਾਨਾਂ, ਖਾਸ ਕਰਕੇ ਮੁੱਲ੍ਹਾਂ, ਮੁਲਾਣੇ, ਕਾਜ਼ੀ ਅਤੇ ਹਾਕਮ ਜਮਾਤ ਇਸ ਮੂਲ ਭਾਵਨਾ ਤੋਂ ਦੂਰ ਜਾ ਰਹੇ ਸਨ। ਇਨ੍ਹਾਂ ਦਾ ਕਿਰਦਾਰ ਮੂਲ ਸਿਖਿਆ ਦੇ ਬਿਲਕੁਲ ਉਲਟ ਸੀ।

ਕਾਜੀ ਹੋਇ ਕੈ ਬਹੈ ਨਿਆਇ॥
ਫੇਰੇ ਤਸਬੀ ਕਰੇ ਖੁਦਾਇ॥

ਵਢੀ ਲੈ ਕੇ ਹਕੁ ਗਵਾਏ॥

ਜੇ ਕੋ ਪੁਛੈ ਤਾ ਪੜਿ ਸੁਣਾਏ॥[119]

ਹਕੂਮਤ ਦੇ ਨਸ਼ੇ ਵਿਚ ਮੁਸਲਮਾਨ ਹਾਕਮ ਅਤੇ ਉਨ੍ਹਾਂ ਦੇ ਅਹਿਲਕਾਰ ਕਰਿੰਦੇ, ਲੋਕਾਂ ਤੇ ਜ਼ੁਲਮਾਂ ਢਾਹ ਰਹੇ ਸਨ, ਅਤੇ ਦੂਸਰੇ ਧਰਮਾਂ ਦੇ ਅਨੁਯਾਈਆਂ ਨੂੰ ਜਬਰੀ ਮੁਸਲਮਾਨ ਬਣਾ ਰਹੇ ਸਨ। ਇਸ ਸੰਬੰਧੀ ਵੀ ਗੁਰੂ ਕਵੀਆਂ ਨੇ ਬੜੀ ਜ਼ੁਅਰਤ ਭਰੇ ਢੰਗ ਨਾਲ ਟਿੱਪਣੀਆਂ ਕੀਤੀਆਂ ਹਨ।

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥

ਸਰਮ ਸੁਨੰਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥

ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥

ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥[120]

ਵਾਰਾਂ ਹਰ ਤਰ੍ਹਾਂ ਦੀ ਸੰਪਰਦਾਇਕ ਸੰਕੀਰਣਤਾ ਤੋਂ ਮੁਕਤ ਹਨ। ਇਹ ਕਿਸੇ ਵਿਸ਼ੇਸ਼ ਫ਼ਿਰਕੇ ਜਾਂ ਲੋਕਾਂ ਲਈ ਨਹੀਂ ਹਨ। ਇਹ ਸਮੁੱਚੀ ਮਾਨਵਤਾ ਦੇ ਮਾਰਗ ਦਰਸ਼ਨ ਅਤੇ ਕਲਿਆਣ ਦੇ ਮਨੋਰਥ ਨੂੰ ਸਮਰਪਿਤ ਹਨ। ਇਨ੍ਹਾਂ ਦਾ ਮਨੋਰਥ ਅਗਿਆਨ ਦੇ ਹਨੇਰੇ ਵਿਚ ਭਟਕ ਰਹੀ ਅਤੇ ਭੇਖੀ ਪੰਡਿਤਾਂ, ਪਰੋਹਿਤਾਂ, ਮੁਲਾਂ ਕਾਜ਼ੀਆਂ ਦੁਆਰਾ ਗੁੰਮਰਾਹ ਕੀਤੀ ਜਾ ਰਹੀ ਆਮ ਲੋਕਾਈ ਨੂੰ ਸਤਿ ਦਾ ਗਿਆਨ ਕਰਾਉਣ ਅਤੇ ਸਤਿ ਦੇ ਮਾਰਗ ਉਤੇ ਚਲਣ ਦੀ ਪ੍ਰੇਰਨਾਹੈ ਜੋ ਇਕ ਬੜਾ ਸਾਰਥਕ ਤੇ ਸਾਕਾਰਾਤਮਕ ਉੱਦਮ ਹੈ।

ਸੋ ਅਉਧੂਤੀ ਜੋ ਧੂਪੈ ਆਪੁ ॥

ਭਿਖਿਆ ਭੋਜਨੁ ਕਰੈ ਸੰਤਾਪੁ॥

ਅਉਹਠ ਪਟਣ ਮਹਿ ਭੀਖਿਆ ਕਰੈ॥

ਸੋ ਅਉਧੂਤੀ ਸਿਵ ਪੁਰਿ ਚੜੈ॥[121]

ਵਾਰਾਂ ਦੀ ਬਾਣੀ ਕਿਸੇ ਵਿਸ਼ੇਸ਼ ਧਾਰਮਿਕ ਅਨੁਸ਼ਾਸਨ ਦੀ ਪਾਲਣਾ ਨਾ ਕਰਦੇ ਹੋਏ ਕਿਸੇ ਵਿਸ਼ੇਸ਼ ਧਾਰਮਿਕ ਜ਼ਾਬਤੇ ਦਾ ਅਨੁਸਰਣ ਕਰਨ ਦਾ ਉਪਦੇਸ਼ ਨਹੀਂ ਦਿੰਦੀ। ਗੁਰਮਤਿ ਦੀ ਨੀਂਹ ਗੁਰੂ ਨਾਨਕ

ਦੇਵ ਜੀ ਨੇ ਪੰਦਰਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਰੱਖੀ। ਇਤਿਹਾਸਕ ਪੱਖ ਤੋਂ ਮਧਕਾਲੀ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਦੀ ਸਮਾਜਕ ਵਿਵਸਥਾ ਬਿਲਕੁਲ ਸੰਤੋਸ਼ਜਨਕ ਨਹੀਂ ਸੀ। ਪੰਦਰਵੀਂ ਸਦੀ ਦੇ ਪੰਜਾਬ ਦੇ ਹੀ ਨਹੀਂ ਸਗੋਂ ਸਾਰੇ ਭਾਰਤ ਦੀ ਸਮਾਜਕ ਅਤੇ ਇਤਿਹਾਸਕ ਮਹਾਨਤਾ ਵਿਚ ਗੁਰੂ ਸਾਹਿਬਾਨਾਂ ਨੇ ਸਮਾਜ ਸੁਧਾਰ ਦੇ ਕਾਰਜ ਵਿਚ ਮਹੱਤਵਪੂਰਣ ਹਿੱਸਾ ਪਾਇਆ। ਉਸ ਵੇਲੇ ਪੰਜਾਬ ਵਿਚ ਹਿੰਦੂ ਧਰਮ ਤੇ ਮੁਸਲਮਾਨੀ ਧਰਮ ਪ੍ਰਚਲਤ ਸਨ। ਹਿੰਦੂ ਮੱਤ ਦੀਆਂ ਅੱਗੋਂ ਕਈ ਸਾਖਾਵਾਂ ਹੋ ਗਈਆਂ ਜਿਵੇਂ ਜੈਨ ਮਤ, ਬੁਧ ਮਤ, ਨਾਥ, ਸਿੱਧ ਆਦਿ। ਇਨ੍ਹਾਂ ਵੱਖ ਵੱਖ ਮੱਤਾਂ ਦੇ ਧਾਰਮਿਕ ਪਰਚਾਰਕਾਂ ਨੇ ਲੋਕਾਂ ਨੂੰ ਕਈ ਧਾਰਮਿਕ ਤੇ ਸਮਾਜਿਕ ਵਹਿਮਾਂ ਭਰਮਾਂ ਤੇ ਰਸਮਾਂ ਰਿਵਾਜਾਂ ਵਿਚ ਜਕੜਿਆ ਹੋਇਆ ਸੀ। ਬ੍ਰਾਹਮਣਵਾਦ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਦੇ ਪੰਜੇ ਵਿਚ ਗ੍ਰਹਿਸਿਆ ਹੋਇਆ ਸੀ। ਗੱਲ ਕੀ ਜਾਤ-ਪਾਤ ਤੇ ਛੂਤ-ਛਾਤ ਦਾ ਪੂਰਾ ਬੋਲ-ਬਾਲਾ ਸੀ। ਮੜ੍ਹੀ ਮਸਾਣਾਂ ਦੀ ਪੂਜਾ ਹੁੰਦੀ ਸੀ। ਲੋਕ ਹਉਮੈ ਗ੍ਰਸਤ ਸਨ। ਕਰਮ ਕਾਂਡਾਂ ਵਿਚ ਵਿਸ਼ਵਾਸ ਰੱਖਦੇ ਸਨ। ਚੰਗੇ ਅਮਲ ਉਨ੍ਹਾਂ ਤੋਂ ਬਹੁਤ ਦੂਰ ਸਨ। ਗੁਰੂ ਸਾਹਿਬਾਨਾਂ ਨੇ ਅਜਿਹੀ ਹਾਲਤ ਦੇਖ ਕੇ ਇਹਨਾਂ ਵਾਰਾਂ ਰਾਹੀਂ ਇਕ ਨਰੋਏ ਸਮਾਜ ਅਤੇ ਸਿਧੇ ਸਾਦੇ ਧਾਰਮਿਕ ਤੇ ਸਮਾਜਿਕ ਜੀਵਨ ਦੀ ਲੋੜ ਤੇ ਮਹੱਤਵਪੂਰਨ ਪ੍ਰੇਰਨਾ ਦਿੱਤੀ।

### (ੲ) ਮਨੁੱਖ ਤੇ ਸਵੈ

ਸਵੈ 'ਹਉਮੈ' ਦਾ ਪਰਾਇਵਾਚੀ ਸ਼ਬਦ ਹੈ। ਗੁਰੂ ਕਵੀਆਂ ਦੁਆਰਾ ਰਚੀਆਂ ਵਾਰਾਂ ਵਿਚ ਇਸ ਦੀ ਵਰਤੋਂ ਪ੍ਰਭਾਸ਼ਿਕ ਰੂਪ ਵਿਚ ਹੋਈ ਹੈ। ਇਹ ਸ਼ਬਦ ਅਹੰ + ਮਮ ਦੇ ਸੰਯੁਕਤ ਰੂਪ ਤੋਂ ਵਿਕਸਤ ਹੋਇਆ ਹੈ। ਇਸ ਦਾ ਅਰਥ ਹਉਮੈ, ਗਰਵ, ਖੁਦੀ ਆਦਿ ਹੈ। ਸਰੂਪ ਦੀ ਦ੍ਰਿਸ਼ਟੀ ਤੋਂ ਇਹ ਇਕ ਮਨੋ-ਵਿਕਾਰ ਹੈ। ਅਤੇ ਹੋਰਨਾਂ ਮਨੋਵਿਕਾਰਾਂ ਨਾਲੋਂ ਇਸ ਦਾ ਪ੍ਰਭਾਵ ਖੇਤਰ ਬਹੁਤ ਵਿਆਪਕ ਹੈ। ਇਹ ਇੰਨਾਂ ਸੂਖਮ ਮਨੋਵਿਕਾਰ ਹੈ ਕਿ ਹਉਮੈ ਨੂੰ ਤਿਆਗ ਦੇਣ ਵਾਲੇ ਨੂੰ ਇਹ ਅਹਿਸਾਸ ਹੈ ਕਿ ਉਸ ਨੇ ਹਉਮੈ ਤਿਆਗ ਦਿੱਤੀ ਹੈ ਤਾਂ ਵੀ ਉਸ ਦੇ ਮਨ ਵਿਚ ਹਉਮੈ ਵਿਆਪਕ ਹੋ ਜਾਂਦੀ ਹੈ। ਅਸਲ

ਵਿਚ ਜੀਵਾਤਮਾ ਦਾ ਸੰਸਾਰਕ ਯਾਤਰਾ ਦਾ ਇਹ ਇਕ ਮਾਤਰ ਕਾਰਨ ਹੈ। ਹਉਮੈ ਅਸਲ ਵਿਚ ਸੰਸਕ੍ਰਿਤ ਦੇ ਅਹੰਕਾਰ ਸ਼ਬਦ ਦੇ ਭਾਵ ਦਾ ਸੂਚਕ ਪੰਜਾਬੀ ਰੂਪਾਂਤਰ ਹੈ। ਇਹ ਹਉਂ ਅਤੇ ਮੈਂ ਦਾ ਸੰਯੁਕਤ ਸਮਸਤ ਸ਼ਬਦ ਹੈ। ਹਉਮੈ ਇਕ ਅਜਿਹਾ ਰੋਗ ਹੈ ਜਿਸ ਦੀ ਹੋਂਦ ਕਦੀ ਵੀ ਨਹੀਂ ਮਿੱਟ ਸਕਦੀ। ਵੇਦਾਂ ਅਨੁਸਾਰ ਹਉਮੈ ਰੱਬ ਦਾ ਵਿਪਰੀਤਾਰਥ ਸ਼ਬਦ ਹੈ। ਹਉਮੈ ਸਾਰੇ ਦੁਖਾਂ ਦਾ ਘਰ ਹੈ। ਹਉਮੈ ਜਾਂ ਮੈਂ ਭਾਵ ਆਪਣੇ ਆਪ ਨੂੰ ਕੁਝ ਸਮਝਣਾ ਏਨਾ ਆਪੇ ਵਿਚ ਰਹਿਣਾ ਕਿ ਚੁਫੇਰੇ ਦੀ ਹੋਸ਼ ਨਾ ਰਹਿਣੀ। ਜਦੋਂ ਮੈਂ ਦੀ ਭਾਵਨਾ ਮਨ ਵਿਚ ਆ ਜਾਂਦੀ ਹੈ ਤਾਂ ਜੀਵ ਦੀ, ਉਸ ਮੂਲ ਸੋਮੇ ਨਾਲੋਂ ਤੰਦ ਟੁੱਟ ਜਾਂਦੀ ਹੈ। ਜੀਵ ਦੁਖੀ ਹੁੰਦਾ ਹੈ ਅਤੇ ਉਹ ਆਪਣੇ ਮੂਲ ਨਾਲ ਮਿਲਣ ਦੀ ਖਾਹਿਸ਼ ਕਰਦਾ ਹੈ। ਇਹ ਮਿਲਨ ਦੀ ਖਾਹਿਸ਼ ਤੇ ਅਲੱਗ ਰਹਿਣ ਦੀ ਹਉਮੈ, ਦੇ ਵਿਚਕਾਰ ਲਟਕਦਾ ਜੀਵ ਜੀਊਂਦਾ ਰਹਿੰਦਾ ਹੈ। ਜਦੋਂ ਕਿਤੇ ਹਉਮੈ ਦਾ ਤਾਪ ਉਤਰਦਾ ਹੈ ਤਾਂ ਜੀਵ ਨੂੰ ਸਤਿਗੁਰੂ ਦੀ ਸਿਖਿਆ ਲੈ ਕੇ ਹੋਸ਼ ਆਉਂਦੀ ਹੈ ਤੇ ਪ੍ਰਭੂ ਨਾਲ ਮੇਲ ਹੁੰਦਾ ਹੈ। ਹਉਮੈ ਦਾ ਕਾਰਨ ਅਗਿਆਨ ਹੈ। ਪ੍ਰੋ. ਜੀ. ਐਸ. ਤਾਲਿਬ ਲਿਖਦਾ ਹੈ:

> ਵਿਅਕਤੀ ਆਪੇ ਨੂੰ ਸਰਵ -ਉੱਚ ਮਹਾਨਤਾ ਦੇਣ ਦੇ ਭੁਲੇਖੇ ਦਾ ਸਿੱਟਾ ਹੀ ਹਉਮੈ ਹੈ।[122]

ਆਪਣੇ ਆਪ ਨੂੰ ਬੇਲੋੜੀ ਅਹਿਮੀਅਤ ਦੇਣ ਕਾਰਣ ਮਨੁੱਖ ਆਪਣੇ ਧਨ, ਆਪਣੀ ਸਰੀਰਕ ਸੁੰਦਰਤਾ, ਵਿਦਿਆ ਅਤੇ ਕਰਮਕਾਂਡੀ ਜੀਵਨ ਦਾ ਅਭਿਮਾਨ ਕਰਦਾ ਹੈ ਅਤੇ ਇਸ ਅਗਿਆਨ ਅਤੇ ਅਭਿਮਾਨ ਕਾਰਨ ਹੀ ਸਭ ਦੇ ਅੰਦਰ ਇਕ ਆਤਮਾ ਨਹੀਂ ਦੇਖ ਸਕਦਾ। ਗੁਰਮਤਿ ਅਨੁਸਾਰ ਬ੍ਰਹਮ ਨੇ ਜੀਵ ਦੀ ਉਤਪਤੀ ਸਮੇਂ ਹੀ ਇਸ ਵਿਚ ਹਉਮੈ ਦਾ ਸੰਚਾਰ ਕੀਤਾ ਹੈ। ਆਪਣੇ ਤੇ ਜੀਵ ਦੇ ਵਿਚਕਾਰ ਇਕ ਭਰਮ ਦਾ ਪਰਦਾ ਰੱਖਿਆ। ਇਹੀ ਪਰਦਾ ਜੀਵ ਤੇ ਮਨ ਵਿਚ ਮੈਂ ਜਾਂ ਮੇਰੀ ਭਾਵ ਜਗਾਉਂਦਾ ਹੈ। ਇਸ ਬਿਰਤੀ ਅਧੀਨ ਮਨੁੱਖ ਉਸ ਦੇਵੀ ਸਤਾ ਨਾਲੋਂ ਸਵੈ ਨੂੰ ਵੱਖਰੀ ਹੋਂਦ ਅਨੁਭਵ ਕਰਦਾ ਹੈ ਤੇ ਸ੍ਰਿਸ਼ਟੀ ਦੇ ਪਦਾਰਥਾਂ ਦਾ ਸਵਾਮੀ ਬਣਿਆ ਰਹਿਣ ਦਾ ਨਿਰਮੂਲ ਯਤਨ ਕਰਦਾ ਹੈ। ਵੇਦਾਂ ਵਿਚ ਹਉਮੈ ਨੂੰ ਹੰਕਾਰ ਕਿਹਾ ਗਿਆ ਹੈ। ਮੈਕਲੋਡ ਨੇ ਹਉਮੈ ਲਈ ਗਰਬ ਸ਼ਬਦ ਪ੍ਰਯੁਕਤ

ਕੀਤਾ ਹੈ।"[123] ਈਸਾਈ ਮਤ ਵਿਚ ਹਉਮੈ ਨੂੰ Disobedience of god ਕਿਹਾ ਹੈ। ਡਾ. ਜਗਬੀਰ ਸਿੰਘ ਲਿਖਦੇ ਹਨ:

> "ਹਉਮੈ ਨੂੰ ਮਨੁੱਖੀ ਜੀਵਨ ਗਤੀ ਦਾ ਉਹ ਮੁੱਢਲਾ ਰੂਪ ਮੰਨਿਆ ਗਿਆ ਹੈ ਜਿਥੇ ਮਾਨਵ ਆਪਣੇ ਅਵਾਸਤਵਿਕ ਅਤੇ ਸੰਕੀਰਣਤਾ ਤੇ ਆਪੇ ਦੀ ਤੰਗ ਵਲਗਣ ਵਿਚ ਘਿਰਿਆ ਹੁੰਦਾ ਹੈ। ਉਸ ਦਾ ਜੀਵਨ ਪਸ਼ੂ ਪੱਧਰ ਨਾਲੋਂ ਉੱਚਾ ਨਹੀਂ ਹੋ ਸਕਦਾ। ਕਿਉਂਕਿ ਇਸ ਅਵਸਥਾ ਵਿਚ ਰਹਿਣ ਵਾਲਾ ਆਪਣੇ ਨਿੱਜ ਕੇਂਦਰ ਦੀ ਸਥੂਲਤਾ ਵਿਚ ਹੀ ਭਟਕਦਾ ਰਹਿੰਦਾ ਹੈ। ਹਉਮੈ ਦੀ ਭਾਵਨਾ ਨੂੰ ਗੁਆ ਕੇ ਹੀ ਮਨੁੱਖ ਉਸ ਬ੍ਰਹਿਮੰਡ ਚੇਤਨਾ ਨੂੰ ਗ੍ਰਹਿਣ ਕਰ ਸਕਦਾ ਹੈ। ਜਿਸ ਵਿਚ ਸਾਰਾ ਵਿਸ਼ਵ-ਸੁਹਿਰਦਤਾ ਨਾਲ ਸਮਾ ਜਾਂਦਾ ਹੈ। ਜਿਥੇ ਆਪਣੇ ਪਰਾਏ ਦੀ ਸੀਮਾ ਖਤਮ ਹੋ ਜਾਂਦੀ ਹੈ।"[124]

ਇਸ ਸਵੈ ਕੇਂਦਰਤਾ ਨੂੰ ਪ੍ਰੋ. ਸਾਹਿਬ ਸਿੰਘ ਨੇ ਜੀਵਨ ਦੀ ਵੱਖਰੀ ਹੋਂਦ ਦਾ ਨਾ ਦਿੱਤਾ ਹੈ। ਵੱਖਰੀ ਹਸਤੀ ਕਾਰਣ ਹੀ ਅਹੰਕਾਰ, ਗਰਵ ਮਾਣ, ਖੁਦੀ ਦੇ ਭਾਵ ਉਤਪੰਨ ਹੁੰਦੇ ਹਨ। ਪ੍ਰੰਤੂ ਇਹ ਸ਼ਬਦ ਹਉਮੈ ਤੋਂ ਭਿੰਨ ਵੀ ਨਹੀਂ ਹਨ। ਆਮ ਕਰਕੇ ਗੁਰੂਆਂ ਦੀ ਬਾਣੀ ਵਿਚ ਹਉਮੈ ਲਈ, ਹਉ ਜਾਂ ਅਹੰਕਾਰ ਸ਼ਬਦ ਵਰਤੇ ਮਿਲਦੇ ਹਨ।

ਗੁਰੂ ਕਵੀਆਂ ਦੁਆਰਾ ਰਚੀਆਂ ਵਾਰਾਂ ਵਿਚ ਮਨੁੱਖੀ ਸਵੈ (ਹਉਮੈ) ਦਾ ਵਿਸ਼ਾਲ ਰੂਪ ਪ੍ਰਸਤੁਤ ਕੀਤਾ ਗਿਆ ਹੈ। ਗੁਰੂ ਕਵੀਆਂ ਦਾ ਵਿਚਾਰ ਹੈ ਕਿ ਜਿੰਨੀ ਦੇਰ ਜੀਵ ਬ੍ਰਹਮ ਨਾਲੋਂ ਵੱਖਰੀ ਹਸਤੀ ਦੇ ਅਹਿਸਾਸ ਵਿਚ ਰਹਿੰਦਾ ਹੈ, ਉਨੀ ਦੇਰ ਉਹ ਆਵਾਗਵਣ ਦੇ ਚੱਕਰ ਤੋਂ ਵਿਮੁਕਤ ਨਹੀਂ ਹੋ ਸਕਦਾ। ਕਦੇ ਕਿਸੇ ਜੀਵ ਨੂੰ ਉਸ ਦੀ ਵਿਦਵਤਾ ਦਾ ਅਭਿਮਾਨ ਲੈ ਡੁੱਬਦਾ ਹੈ ਤੇ ਕਦੀ ਉੱਚੀ ਜਾਤੀ ਦਾ ਗਰਬ। ਇਸ ਤਰ੍ਹਾਂ ਗਰਬ ਅਭਿਮਾਨ ਵਿਚ ਬੁਰੀ ਤਰ੍ਹਾਂ ਗ੍ਰਸਤ ਵਿਅਕਤੀ ਸੱਚ ਦੀ ਸਾਰ ਨਹੀਂ ਜਾਣਦਾ। ਡਾ. ਹਰਭਜਨ ਸਿੰਘ ਅਨੁਸਾਰ :

"ਸੱਚ ਨੂੰ ਸਮਝਣ ਲਈ ਹਉਮੈ ਦਾ ਨਾਸ਼ ਹੋਣਾ ਜ਼ਰੂਰੀ ਹੈ। ਪਰ ਹਉਮੈ ਦੇ ਨਾਸ਼ ਲਈ ਜ਼ਰੂਰੀ ਹੈ ਕਿ ਉਸ ਨੂੰ ਆਪਣੀ ਸੀਮਾ ਪਛਾਣਨ ਦੀ ਆਗਿਆ ਦਿੱਤੀ ਜਾਵੇ। ਨਿੱਜੀ ਹਉਮੈ ਨਾਲੋਂ ਸਮਾਜਕ ਹਉਮੈ ਤਾਂ ਵਧੇਰੇ ਪ੍ਰਚੰਡ ਹੈ। ਇਸ ਤੋਂ ਮੁਕਤ ਹੋਏ ਬਿਨਾਂ ਕਿਸੇ ਵੀ ਸਤਿ ਦਾ ਧਰਮ ਸਾਡੇ ਹੱਥ ਵਿਚ ਨਹੀਂ ਆ ਸਕਦਾ।[125] ਬ੍ਰਹਮ ਨੇ ਹਉਮੈ ਰਾਹੀਂ ਹੀ ਜਗਤ ਦੀ ਸਿਰਜਨਾ ਕੀਤੀ ਹੈ। ਹਉਮੈ ਹੀ ਜੀਵ ਦੇ ਜੰਮਣ ਮਰਨ ਦਾ ਅਧਾਰ ਕਾਰਣ ਹੈ। ਪ੍ਰੰਤੂ ਇਹ ਹਉਮੈ ਵੱਖਰੀ ਹਸਤੀ ਦੀ ਹੋਂਦ ਵੀ ਦੈਵੀ ਆਗਿਆ ਅਨੁਸਾਰ ਹੀ ਬਣਦੀ ਹੈ।" ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਲਿਖਦੇ ਹਨ:

ਹਉਮੈ ਕਰਿ ਕਰਿ ਜੰਤ ਉਪਾਇਆ॥[126]

ਬੇਸ਼ਕ ਹਉਮੈ ਕਾਰਣ ਹੀ ਜੀਵ ਜੰਤ ਦੀ ਉਤਪਤੀ ਹੁੰਦੀ ਹੈ। ਪਰ ਹਉਮੈ ਦੀ ਉਤਪਤੀ ਨਾਮ ਨੂੰ ਵਿਸਾਰਦੀ ਹੈ। ਨਾਮ ਤੇ ਹਉਮੈ ਪਰਸਪਰ ਵਿਰੋਧੀ ਹਨ। ਇਨ੍ਹਾਂ ਦਾ ਇਕ ਥਾਂ ਟਿਕਣਾ ਸੰਭਵ ਨਹੀਂ ਹੈ। ਗੁਰੂ ਅਮਰਦਾਸ ਜੀ ਲਿਖਦੇ ਹਨ। "ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥"[127]

ਸੋ ਸਪਸ਼ਟ ਹੈ ਕਿ ਹਉਮੈ ਕਾਰਣ ਹੀ ਜੀਵ ਦੀ ਉਤਪਤੀ ਹੁੰਦੀ ਹੈ। ਇਹ ਦੈਵੀ ਵਿਧਾਨ ਦਾ ਅਟਲ ਨਿਯਮ ਹੈ। ਹਰ ਜੀਵ ਉਤੇਂ ਉਸ ਦੇ ਕੀਤੇ ਸੰਸਕਾਰਾਂ ਦਾ ਜਾਲ ਤਾਣਿਆ ਜਾਂਦਾ ਹੈ ਤੇ ਰੱਬੀ ਅਸੂਲ ਅਨੁਸਾਰ ਉਸ ਦੀ ਆਪਣੀ ਇਕ ਵੱਖਰੀ ਹੋਂਦ ਬਣ ਜਾਂਦੀ ਹੈ। ਜੀਵ ਇਸ ਵਖਰੇਵੇਂ ਕਾਰਣ ਉਹੀ ਕਰਮ ਕਰਦਾ ਹੈ, ਜਿਸ ਨਾਲ ਉਸਦਾ ਵੱਖਰਾ ਅਸਤਿਤਵ ਜਿਉਂ ਦਾ ਤਿਉਂ ਕਾਇਮ ਰਹੇ। ਇਹੀ ਹਉਮੈ ਦਾ ਸੁਭਾਅ ਹੈ। ਡਾ. ਜਗਬੀਰ ਸਿੰਘ ਹਉਮੈ ਨੂੰ ਹੀ ਮਨੁੱਖੀ ਬੰਧਨਾ ਦਾ ਬੁਨਿਆਦੀ ਲੱਛਣ ਜਾਂ ਕਾਰਣ ਮੰਨਦਾ ਹੈ। ਉਹ ਲਿਖਦੇ ਹਨ:

> "ਬੰਧਨ ਕੀ ਹੈ? ਗੁਰੂ ਨਾਨਕ ਬਾਣੀ ਵਿਚ ਜਗਤ ਦੇ ਸਰੂਪ ਲੌਕਿਕ, ਪਸਾਰ ਨੂੰ ਬੰਧਨ ਮੰਨਿਆ ਗਿਆ ਹੈ। ਇਸ ਬੰਧਨ ਦਾ ਕਾਰਣ ਮਨੁੱਖ ਦੀ ਸੰਸਾਰਕ ਬਿਰਤੀ ਹੈ ਜੋ ਕਿ ਅਹੰ ਕੇਂਦ੍ਰਿਤ

ਜੀਵਨ ਤੱਕ ਸੀਮਤ ਰਹਿੰਦੀ ਹੈ। ਆਪਣੇ ਆਪ ਨੂੰ ਸੰਸਾਰ ਦਾ ਕੇਂਦਰ ਮੰਨ ਲੈਣਾ ਸਾਡੀ ਦ੍ਰਿਸ਼ਟੀ ਨੂੰ ਉਪਯੋਗਿਤਾਵਾਦ ਦੇ ਤੰਗ ਦਾਇਰੇ ਵਿਚ ਕੈਦ ਕਰਕੇ ਰੱਖ ਦਿੰਦਾ ਹੈ।" ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਹਉਮੈ ਨੂੰ ਮਨੁੱਖ ਦੇ ਬੰਧਨ ਦਾ ਮੂਲ ਕਾਰਨ ਮੰਨਿਆ ਹੈ। ਹਉਮੈਧਾਰੀ ਮਨੁੱਖ ਆਪਣੀ ਨੇੜੇ ਦ੍ਰਿਸ਼ਟੀ ਨਿੱਜੀ ਹਿੱਤਾਂ ਦੀਆਂ ਤੰਗ ਵਲਗਣਾਂ ਵਿਚ ਜੀਵ ਬੰਧਨ ਦਾ ਜੀਵਨ ਬਤਾਉਂਦਾ ਹੈ।"[128]

ਜੈ ਰਾਮ ਮਿਸ਼ਰ ਨੇ ਆਪਣੀ ਪੁਸਤਕ 'ਨਾਨਕ ਬਾਣੀ' ਵਿਚ ਹਉਮੈ ਦੇ ਪ੍ਰਮੁੱਖ ਸੱਤ ਸਰੂਪ ਸਵੀਕਾਰ ਕੀਤੇ ਹਨ। ਧਾਰਮਿਕ ਜਾਂ ਅਧਿਆਤਮਕ ਹਉਮੈ, ਵਿਦਿਆ ਸੰਬੰਧੀ ਹਉਮੈ, ਕਰਮ ਕਾਂਡ ਤੇ ਭੇਖ ਆਦਿ ਦੀ ਹਉਮੈ, ਪਰਿਵਾਰ ਸੰਬੰਧੀ ਹਉਮੈ, ਰੂਪ ਜੋਬਨ ਸੰਬੰਧੀ ਹਉਮੈ।[129]

ਡਾ. ਪ੍ਰੇਮ ਪ੍ਰਕਾਸ਼ ਅਨੁਸਾਰ "ਜਿਸ ਤਰ੍ਹਾਂ ਮਨੁੱਖ ਦੀਆਂ ਸੰਕਲਪ ਵਾਸ਼ਨਾਵਾਂ ਅਨੰਤ ਹਨ, ਉਸੇ ਤਰ੍ਹਾਂ ਹਉਮੈ ਭੇਦ ਵੀ ਅਨੰਤ ਹਨ।"[130]

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਵਾਰਾਂ ਵਿਚ ਹਉਮੈ ਦਾ ਬਹੁਤ ਹੀ ਵਿਸਤਰਿਤ ਵਰਨਣ ਮਿਲਦਾ ਹੈ। ਹਉਮੈ ਨੂੰ ਭਿਆਨਕ ਰੋਗ ਮੰਨਿਆ ਜ਼ਰੂਰ ਹੈ ਪਰ ਇਹ ਲਾਇਲਾਜ ਨਹੀਂ ਹੈ। ਗੁਰੂ ਕਵੀਆਂ ਨੇ ਧਾਰਮਿਕ ਹਉਮੈ ਦਾ ਜ਼ਿਕਰ ਵਾਰਾਂ ਵਿਚ ਬਹੁਤ ਵਾਰ ਕੀਤਾ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਹਉਮੈ ਹੀ ਇਨਸਾਨ ਨੂੰ ਪਰਮਾਤਮਾ ਤੋਂ ਵੱਖ ਕਰਦੀ ਹੈ ਜਿਸ ਕਾਰਣ ਉਹ ਬਾਰ ਬਾਰ ਜਨਮ ਮਰਨ ਦੇ ਚੱਕਰ ਵਿਚ ਪੈਂਦਾ ਹੈ। ਇਸ ਵਿਚ ਫਸਿਆ ਮਨੁੱਖ ਸਾਧਾਰਣ ਮਨੁੱਖ ਤੋਂ ਵਧੇਰੇ ਪਾਪਾਂ ਦਾ ਭਾਗੀ ਹੋ ਜਾਂਦਾ ਹੈ।

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥[131]

ਭਾਵੇਂ ਇਹ ਇਕ ਭਿਆਨਕ ਰੋਗ ਹੈ ਪ੍ਰੰਤੂ ਦਾਰੂ ਵੀ ਇਸ ਵਿਚ ਹੀ ਹੈ। ਧਾਰਮਿਕ ਹਉਮੈ ਨੂੰ ਸਭ ਤੋਂ ਭਿਆਨਕ ਦੱਸਿਆ ਗਿਆ ਹੈ। ਇਸ ਵਿਚ ਫਸਿਆ ਮਨੁੱਖ ਸਧਾਰਣ ਮਨੁੱਖ ਤੋਂ ਵਧੇਰੇ ਪਾਪਾਂ ਦਾ ਭਾਗੀ ਹੋ ਜਾਂਦਾ ਹੈ।

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ।।

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ।।[132]

ਵਿਦਵਤਾ ਦਾ ਹੰਕਾਰ ਮਨੁੱਖ ਨੂੰ ਬਾਕੀਆਂ ਤੋਂ ਤੋੜਦਾ ਹੈ। ਇਨਸਾਨ ਆਪਣੀ ਵਿਦਵਤਾ ਦੇ ਹੰਕਾਰ ਵਿਚ ਹੀ ਫਿਰਦਾ ਹੈ ਕਿ ਉਸ ਜਿੰਨਾ ਕੋਈ ਸਿਆਣਾ ਜਾਂ ਵਿਦਵਾਨ ਨਹੀਂ। ਪਰ ਇਹ ਰੁਚੀ ਮਨੁੱਖ ਨੂੰ ਤਬਾਹੀ ਵਲ ਖੜਦੀ ਹੈ। ਬਿਲਾਵਲ ਦੀ ਵਾਰ ਵਿਚ ਇਸ ਦਾ ਜ਼ਿਕਰ ਹੈ:

ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ।।

ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ।।

ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨੀ ਬਿਰਥਾ ਜਨਮੁ ਗਵਾਇਆ।।[133]

ਕਈ ਵਾਰ ਇਨਸਾਨ ਆਪਣੇ ਆਪ ਨੂੰ ਤਪੀ ਜੋਗੀ ਜਾਂ ਬ੍ਰਹਮ ਗਿਆਨੀ ਸਮਝ ਬੈਠਦਾ ਹੈ ਤੇ ਉਹ ਹਉਮੈ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਵਿਚ ਫਸਿਆ ਮਨੁੱਖ ਸਧਾਰਨ ਮਨੁੱਖ ਤੋਂ ਵੀ ਵਧੇਰੇ ਪਾਪਾਂ ਦਾ ਭਾਗੀ ਹੋ ਜਾਂਦਾ ਹੈ। ਹਉਮੈ ਮਨੁੱਖ ਨੂੰ ਪ੍ਰਭੂ ਦੇ ਨੇੜੇ ਨਹੀਂ ਹੋਣ ਦਿੰਦੀ। ਮਨੁੱਖੀ ਜੀਵ ਤੇਰੇ ਮੇਰੇ ਵਿਚ ਪਿਆ ਰਹੇਗਾ ਤਾਂ ਇਸ ਤੋਂ ਛੁਟਕਾਰਾ ਨਹੀਂ ਪਾ ਸਕਦਾ। ਮਨੁੱਖ ਆਵਾਗਵਣ ਦੇ ਚੱਕਰ ਵਿਚ ਹੀ ਫਸਿਆ ਰਹੇਗਾ। ਸੰਸਾਰ ਦੇ ਸਾਰੇ ਝਗੜੇ ਇਸ ਖੁਦੀ ਤੇ ਹਉਮੈ ਕਾਰਣ ਹਨ-

ਹਉ ਵਿਚਿ ਆਇਆ ਹਉ ਵਿਚਿ ਗਇਆ।।

ਹਉ ਵਿਚਿ ਨਰਕਿ ਸੁਰਗਿ ਅਵਤਾਰੁ।।

ਹਉ ਵਿਚਿ ਜਾਤੀ ਜਿਨਸੀ ਖੋਵੈ।।

ਹਉਮੈ ਬੁਝੈ ਤਾਂ ਦਰੁ ਸੂਝੈ ।।[134]

ਗੁਰੂ ਬਾਣੀਕਾਰਾਂ ਅਨੁਸਾਰ ਮਨੁੱਖ ਜਦ ਤਕ ਪਰਮਾਤਮਾ ਨਾਲੋਂ ਵੱਖਰੀ ਹੋਂਦ ਵਿਚ ਬੱਝਿਆ ਹੋਇਆ

ਹੈ ਤਦ ਤਕ ਕਦੇ ਹੱਸਦਾ ਹੈ, ਕਦੇ ਰੋਂਦਾ ਹੈ। ਭਾਵ ਆਪਣੇ ਆਪ ਨੂੰ ਕਦੇ ਸੁਖੀ ਸਮਝਦਾ ਹੈ ਅਤੇ ਕਦੀ ਦੁਖੀ। ਰੱਬ ਨਾਲੋਂ ਵੱਖਰੀ ਹਸਤੀ ਰੱਖਣ ਕਰਕੇ ਕਦੇ ਉਸ ਦਾ ਮਨ ਪਾਪਾਂ ਦੀ ਮੈਲ ਨਾਲ ਭਰ ਜਾਂਦਾ ਹੈ ਅਤੇ ਕਦੇ ਉਹ ਆਪਣੇ ਹੀ ਉਦਮ ਆਸਰੇ ਉਸ ਮੈਲ ਨੂੰ ਧੋਂਦਾ ਹੈ। ਇਸ ਵੱਖਰੀ ਹੋਂਦ ਵਿਚ ਗ੍ਰਸਿਆ ਹੋਇਆ ਜੀਵ ਕਦੇ ਜਾਤ ਪਾਤ ਦੇ ਖਿਆਲ ਵਿਚ ਪੈ ਕੇ ਭਾਵ ਇਹ ਖਿਆਲ ਕਰਕੇ ਕਿ ਮੈਂ ਉੱਚੀ ਜਾਤ ਦਾ ਹਾਂ। ਆਪਣਾ ਆਪ ਗਵਾ ਲੈਂਦਾ ਹੈ। ਜਿੰਨਾ ਚਿਰ ਜੀਵ ਆਪਣੀ ਵੱਖਰੀ ਹੋਂਦ ਦੀ ਚਾਰ ਦੀਵਾਰੀ ਦੇ ਅੰਦਰ ਹੈ ਇਹ ਲੋਕਾਂ ਦੀ ਨਜ਼ਰ ਵਿਚ ਕਦੇ ਮੂਰਖ ਗਿਣਿਆ ਜਾਂਦਾ ਹੈ, ਕਦੇ ਸਿਆਣਾ। ਜਦ ਤਕ ਇਸ ਹੱਦ ਬੰਦੀ ਦੇ ਵਿਚ ਬੱਝਿਆ ਹੋਇਆ ਹੈ ਇਸ ਹੱਦ ਬੰਦੀ ਤੋਂ ਬਾਹਰ ਹੋਣ ਦੀ, ਭਾਵ ਮੋਖ, ਮੁਕਤੀ ਦੀ ਸਮਝ ਇਸ ਨੂੰ ਨਹੀਂ ਆ ਸਕਦੀ।

ਹਉ ਵਿਚਿ ਮੂਰਖ ਹਉ ਵਿਚਿ ਸਿਆਣਾ
ਮੋਖ ਮੁਕਤਿ ਕੀ ਸਾਰ ਨਾ ਜਾਣਾ।[135]

ਮਾਇਆ ਇਸ ਦੁਨਿਆਵੀ ਜਗਤ ਦਾ ਉਹ ਰੂਪ ਹੈ ਜੋ ਮਨੁੱਖ ਨੂੰ ਹਮੇਸ਼ਾਂ ਭਰਮਾਉਂਦਾ ਰਹਿੰਦਾ ਹੈ। ਮਾਇਆ ਦੇ ਪ੍ਰਭਾਵ ਕਾਰਣ ਹੀ ਮਨੁੱਖ ਦੇ ਮਨ ਵਿਚ ਦਵੈਤ ਭਾਵ ਪ੍ਰਗਟ ਹੁੰਦਾ ਹੈ। ਮਨੁੱਖ ਤਦ ਤਕ ਰੱਬ ਤੋਂ ਵਿਛੋੜੇ ਦੀ ਹਾਲਤ ਵਿਚ ਰਹਿੰਦਾ ਹੈ ਤਦ ਤਾਈਂ ਉਹ ਮਾਇਆ ਮਾਇਆ ਕੂਕਦਾ ਹੈ। ਰੱਬ ਤੋਂ ਵਿਛੜਿਆ ਰਹਿ ਕੇ ਜੀਵ ਆਵਾ-ਗਵਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ।

ਹਉ ਵਿਚਿ ਮਾਇਆ ਹਉ ਵਿਚਿ ਛਾਇਆ॥
ਹਉਮੈ ਕਰਿ ਕਰਿ ਜੰਤ ਉਪਾਇਆ॥[136]

ਮਾਇਆ ਦੇ ਪ੍ਰਭਾਵ ਕਾਰਣ ਹੀ ਵਿਅਕਤੀ ਨੂੰ ਆਪਣੇ ਅਤੇ ਪਰਮਾਤਮਾ ਦੇ ਨਾਲ ਨਾਲ ਆਪਣੇ ਅਤੇ ਦੂਜੇ ਮਨੁੱਖਾਂ ਵਿਚਕਾਰ ਫ਼ਰਕ ਆਉਂਦਾ ਹੈ। ਗੁਰੂ ਸਾਹਿਬਾਨਾਂ ਅਨੁਸਾਰ ਮਨੁੱਖ ਦਾ ਅਭਿਮਾਨ ਥੋਥਾ ਹੈ। ਅਸਲ ਵਿਚ ਸਾਰੇ ਜੀਵਾਂ ਦੀ ਹੀ ਇਕੋ ਨੁਹਾਰ ਹੁੰਦੀ ਹੈ। ਆਤਮਾ ਸਭ ਦੀ ਇੱਕ ਹੈ।

ਫਕੜ ਜਾਤੀ ਫਕੜੁ ਨਾਉ॥
ਸਭਨਾ ਜੀਆ ਇਕਾ ਛਾਉ॥[137]

ਹਉਮੈ ਨੂੰ ਗੁਰੂ ਅੰਗਦ ਦੇਵ ਜੀ ਨੇ ਆਪਣੇ ਇਕ ਸਲੋਕ ਵਿਚ ਜੋ ਕਿ ਵਾਰ ਆਸਾ ਵਿਚ ਦਰਜ ਹੈ, ਵਿਚ ਦੀਰਘ ਰੋਗ ਦੇ ਚਿੰਨ੍ਹ ਰਾਹੀਂ ਪ੍ਰਗਟਾਇਆ ਹੈ। ਇਹ ਹਉਮੈ ਇਕ ਲੰਮਾ ਤੇ ਵੱਡਾ ਰੋਗ ਹੈ। ਪਰ ਇਹ ਲਾਇਲਾਜ ਨਹੀਂ। ਜੇਕਰ ਪ੍ਰਭੂ ਆਪਣੀ ਮਿਹਰ ਕਰੇ ਤਾਂ ਜੀਵ ਜੋ ਗੁਰੂ ਦਾ ਸ਼ਬਦ ਕਮਾਉਂਦੇ ਹਨ ਉਹਨਾਂ ਦਾ ਹਉਮੈ ਰੂਪੀ ਦੀਰਘ ਰੋਗ ਤੋਂ ਛੁਟਕਾਰਾ ਹੋ ਜਾਂਦਾ ਹੈ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥[138]

ਮਨੁੱਖ ਹੈ ਤਾਂ ਆਪਣੇ ਕਰਤੇ ਦਾ ਅੰਗ ਤੇ ਉਸਦਾ ਅੰਸ਼, ਪਰ ਉਸ ਤੋਂ ਵਿਛੜ ਕੇ ਉਹ ਆਪਣੀ ਵੱਖਰੀ ਹਸਤੀ ਜਾਂ ਹੋਂਦ ਜਾਂ ਸਵੈ ਨੂੰ ਮੰਨ ਬੈਠਦਾ ਹੈ। ਇਸ ਹਉਮੈ ਕਾਰਨ ਉਹ ਚੰਗੇ-ਮੰਦੇ ਕੰਮ ਕਰਦਾ ਹੈ ਅਤੇ ਜਦੋਂ ਤਕ ਉਹ ਇਸ ਮੈਂ-ਮੈਂ (ਸਵੈ) ਵਿਚ ਕੈਦ ਹੈ ਉਦੋਂ ਤਕ ਚਉਰਾਸੀ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਗੁਰੂ ਸਾਹਿਬਾਨਾਂ ਦੇ ਵਿਚਾਰ ਮਨੁੱਖ ਨੂੰ ਸਵੈ ਜਾਂ ਹਉਮੈ ਤਿਆਗਣ ਦਾ ਉਪਦੇਸ਼ ਦੇ ਕੇ ਇਕ ਸੁਖਾਤਮਕ ਜੀਵਨ ਦੀ ਟੋਹ ਦਿੰਦੇ ਹਨ:

ਹਉਮੈ ਬੂਝੈ ਤਾ ਦਰੁ ਸੂਝੈ ॥
ਗਿਆਨ ਵਿਹੂਣਾ ਕਥਿ ਕਥਿ ਲੂਝੈ।[139]

**(ਸ) ਮਨੁੱਖ ਤੇ ਮਾਇਆ** :

ਮਾਇਆ ਦਾ ਸੰਕਲਪ ਲਗਭਗ ਹਰ ਧਰਮ ਸ਼ਾਸਤਰ ਦਾ ਅੰਗ ਬਣਿਆ ਰਿਹਾ ਹੈ। ਮਾਇਆ ਜੀਵ ਦਾ ਜਗਤ ਨਾਲ ਇਕ ਰਿਸ਼ਤਾ ਨਿਰਧਾਰਤ ਕਰਦੀ ਹੈ। ਇਸ ਜਗਤ ਵਿਚ ਮਨੁੱਖ ਜੋ ਕੁਝ ਦੇਖਦਾ ਹੈ ਅਤੇ ਜਿਨ੍ਹਾਂ ਵਸਤਾਂ ਦੀ ਕਾਮਨਾ ਕਰਦਾ ਹੈ, ਉਹ ਸਭ ਮਾਇਆ ਦਾ ਹੀ ਪਰਪੰਚ ਹੈ। ਇਨ੍ਹਾਂ ਦੀ ਵਾਸਤਵਿਕਤਾ, ਹਕੀਕਤ ਕੁਝ ਵੀ ਨਹੀਂ। ਜੇ ਵਿਅਕਤੀ ਮਾਇਆ ਦੇ ਪਰਦੇ ਪਰੇ ਹਟਾ ਕੇ ਆਪਣੀਆਂ ਮਨਇੱਛਤ ਵਸਤਾਂ ਅਤੇ ਰਿਸ਼ਤਿਆਂ ਨੂੰ ਦੇਖ ਸਕੇ, ਉਸ ਨੂੰ ਬੋਧ ਹੋ ਜਾਵੇਗਾ ਕਿ ਇਹ ਵਸਤਾਂ ਨਾਸ਼ਮਾਨ ਹਨ। ਇਹ ਮਰਨ ਉਪਰੰਤ ਮਨੁੱਖ ਦੇ ਨਾਲ ਨਹੀਂ ਜਾਣਗੀਆਂ ਅਤੇ ਇਨ੍ਹਾਂ ਦੀ

ਪ੍ਰਾਪਤੀ ਲਈ ਆਪਣੇ ਆਪ ਨੂੰ ਸਮਰਪਿਤ ਕਰ ਦੇਣਾ ਮਨੁੱਖ ਦੀ ਮੂਰਖਤਾ ਤੋਂ ਵਧ ਕੁਝ ਨਹੀਂ।

ਮਾਇਆ ਕੀ ਹੈ? ਇਸ ਦੀ ਚਰਚਾ ਭਾਰਤ ਦੇ ਪ੍ਰਾਚੀਨ ਮਧ ਅਤੇ ਆਧੁਨਿਕ ਧਾਰਮਿਕ ਇਤਿਹਾਸ ਵਿਚ ਅਨੇਕਾਂ ਥਾਵਾਂ ਤੇ ਕੀਤੀ ਗਈ ਹੈ। ਇਸ ਦੇ ਅਰਥ ਸਮੇਂ ਸਮੇਂ ਬਦਲਦੇ ਰਹੇ ਹਨ। ਇਸ ਦੇ ਅਰਥਾਂ ਅਤੇ ਸਿਧਾਂਤਾਂ ਨੂੰ ਸਮੇਂ ਸਮੇਂ ਅਨੁਸਾਰ ਜਿਸ ਦ੍ਰਿਸ਼ਟੀਕੋਣ ਤੋਂ ਅਪਣਾਇਆ ਗਿਆ ਹੈ, ਉਸ ਦਾ ਆਪਣਾ ਇਤਿਹਾਸ ਹੈ। ਵੇਦਾਂ ਵਿਚ ਮਾਇਆ ਦਾ ਜੋ ਅਰਥ ਮਿਲਦਾ ਹੈ ਉਹ ਅੱਜ ਦੀ ਮਾਇਆ ਦੇ ਅਰਥਾਂ ਤੋਂ ਭਿੰਨ ਹੈ। ਇਸ ਦੀ ਵਰਤੋਂ ਸਹਜ ਸ਼ਕਤੀ, ਅਦਭੁਤ ਸ਼ਕਤੀ, ਦੈਵੀ ਸ਼ਕਤੀ, ਅਨੁਭਵ ਸ਼ਕਤੀ, ਅਕਥ ਸ਼ਕਤੀ, ਨਿਰਮਾਣ ਸ਼ਕਤੀ ਆਦਿ ਅਰਥਾਂ ਵਿਚ ਮਿਲਦੀ ਹੈ। ਵੇਦਾਂਤ ਵਿਚ ਮਾਇਆ ਦਾ ਦਾਰਸ਼ਨਿਕ ਅਧਿਐਨ ਹੋਇਆ ਹੈ। ਇਸ ਨੂੰ ਮਾਇਆਵਾਦ ਦਾ ਨਾਂ ਪ੍ਰਦਾਨ ਕੀਤਾ ਗਿਆ ਹੈ।

ਗੁਰਬਾਣੀ ਵਿਚ ਮਾਇਆ ਦਾ ਜ਼ਿਕਰ ਭਰਪੂਰ ਰੂਪ ਵਿਚ ਮਿਲਦਾ ਹੈ। ਗੁਰਬਾਣੀ ਵਿਚ ਮਨੁੱਖ ਮਾਇਆ ਦੇ ਆਪਸੀ ਸੰਬੰਧਾਂ ਦੇ ਪ੍ਰਭਾਵ ਦਾ ਵਿਸਥਾਰ ਸਹਿਤ ਵਰਨਣ ਹੀ ਨਹੀਂ ਕੀਤਾ, ਸਗੋਂ ਗੁਰਮਤਿ ਸਿਧਾਂਤਾਂ ਦੀ ਵਿਲਖਣਤਾ ਦਰਸਾ ਕੇ ਇਸ ਤੋਂ ਬਚਣ ਦੇ ਉਪਾਅ ਦਾ ਜ਼ਿਕਰ ਵੀ ਕੀਤਾ ਹੈ। ਡਾ. ਰਤਨ ਸਿੰਘ ਜੱਗੀ ਨੇ ਗੁਰਮਤਿ ਵਿਚ ਮਾਇਆ ਦੇ ਦੋ ਰੂਪ ਮੁੱਖ ਤੌਰ ਤੇ ਦੱਸੇ ਹਨ। ਵਿਅਸ਼ਟੀ ਰੂਪ, ਸਮਸਟੀ ਰੂਪ, ਵਿਅਸ਼ਟੀ ਰੂਪ ਵਿਅਕਤੀਗਤ ਅਵਿਦਿਆ ਵਾਲਾ ਹੈ ਅਤੇ ਸਮਸ਼ਟੀ ਰੂਪ ਸਮੁੱਚਾ ਜਗਤ ਹੈ।[140]

ਗੁਰਬਾਣੀ ਦੀ ਗਹਿਰ ਗੰਭੀਰ ਅਧਿਆਤਮਕ ਪਰੰਪਰਾ ਦੇ ਅੰਤਰਗਤ 'ਮਾਇਆ' ਦੇ ਜ਼ਿਕਰ ਦੇ ਦੋ ਧਰਾਤਲ ਹਨ - ਅਧਿਆਤਮਕ ਅਤੇ ਸਮਾਜਿਕ। ਬ੍ਰਹਮ ਦੀ ਅਨੰਤ ਸ਼ਕਤੀ ਨੂੰ ਵੀ ਮਾਇਆ ਆਖਿਆ ਗਿਆ ਹੈ ਜਿਸ ਦੁਆਰਾ ਉਹ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਸਮਾਜਿਕ ਪ੍ਰਸੰਗ ਵਿਚ ਮਾਇਅਲਾ ਦੇ ਹੋਰ ਅਰਥ ਹਨ।

ਮਾਇਆ ਬਾਰੇ ਆਪਣੇ ਵਿਚਾਰ ਡਾ. ਮਹਿੰਦਰ ਕੌਰ ਗਿੱਲ ਇਸ ਤਰ੍ਹਾਂ ਪੇਸ਼ ਕਰਦੇ ਹਨ।

ਮਾਇਆ ਦਾ ਸਰੂਪ ਬੜਾ ਹੀ ਪਿਆਰਾ ਤੇ ਮੋਹਣਾ ਹੈ। ਇਸ ਕਰਕੇ

> ਅਮੀਰ ਗਰੀਬ, ਸੰਤ ਸੇਵਕ, ਰਾਜਾ ਰੰਕ ਆਦਿ ਇਸ ਦੀ ਲਪੇਟ ਵਿਚ ਆ ਜਾਂਦੇ ਹਨ। ਇਹ ਜੱਗ ਮੋਹਣੀ ਮਾਇਆ ਜਿਤਨੀ ਅਧਿਕ ਮਾਤਰਾ ਵਿਚ ਪ੍ਰਾਪਤ ਹੁੰਦੀ ਹੈ। ਪਿਆਸ ਹੋਰ ਤਿਖੇਰੀ ਹੁੰਦੀ ਜਾਂਦੀ ਹੈ।[141]

ਇਹ ਸ਼ਕਤੀ ਦਿਆਲ ਵੀ ਹੋ ਸਕਦੀ ਹੈ ਅਤੇ ਨੁਕਸਾਨਦਾਇਕ ਵੀ ਹੋ ਸਕਦੀ ਹੈ। ਸ਼ਾਸਤਰਾਂ ਵਿਚ ਮਾਇਆ ਦੇ ਲਈ ਪ੍ਰਾਕਿਰਤੀ ਅਤੇ ਵੇਦਾਂ ਵਿਚ ਇਸ ਲਈ ਅਜਾ ਸ਼ਬਦ ਦਾ ਨਾਂ ਦਿੱਤਾ ਗਿਆ ਹੈ ਜਿਸ ਤੋਂ ਭਾਵ ਇਸ ਦੀ ਰਚਨਾਤਮਕ ਸ਼ਕਤੀ ਤੋਂ ਹੈ। ਡਾ. ਰਾਧਾ ਕ੍ਰਿਸ਼ਨਨ ਨੇ ਇਸ ਸਿਧਾਂਤ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦਾ ਵਿਚਾਰ ਹੈ:

> ਮਾਇਆ ਸ਼ਬਦ ਮਾ ਧਾਤੂ ਤੋਂ ਆਇਆ ਹੈ। ਜਿਸਦਾ ਭਾਵ ਹੈ ਸਿਰਜਨ ਸ਼ਕਤੀ।[142]

ਗੁਰੂ ਨਾਨਕ ਦੇਵ ਜੀ ਨੇ। ਤਾਂ ਸਾਰੀ ਕੁਦਰਤ ਨੂੰ ਹੀ ਮਾਇਆ ਆਖਿਆ ਹੈ। ਇਹ ਸਾਰਾ ਸੰਸਾਰ ਉਸ ਦੀ ਕੁਦਰਤ ਤੇ ਉਹ ਕਾਦਰ ਹੈ। ਪਰਮਾਤਮਾ ਖੁਦ ਮੁਖਤਾਰ ਹੈ, ਮਾਇਆ ਨੂੰ ਉਸ ਨੇ ਖੁਦ ਹੀ ਪੈਦਾ ਕੀਤਾਹੈ। ਇਸ ਤਸਵੀਰ ਨੂੰ ਗੁਰੂ ਸਾਹਿਬ ਨੇ ਬਿੰਬਾਂ ਰਾਹੀਂ ਪੇਸ਼ ਕੀਤਾ ਹੈ:

> ਆਪੀਨੈ ਆਪੁ ਸਾਜਿਓ ਅਪੀਨੈ ਰਚਿਓ ਨਾਉ॥
> ਦੁਧੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ [143]

ਵਾਰਾਂ ਵਿਚ ਗੁਰੂ ਸਾਹਿਬਾਨਾਂ ਨੇ ਮਾਇਆ ਨੂੰ ਝੂਠੀ ਤੇ ਆਣੀ ਜਾਣੀ ਕਿਹਾ ਹੈ। ਮਾਇਆ ਕਾਰਣ ਮਨੁੱਖ ਹਉਮੈ ਦਾ ਸ਼ਿਕਾਰ ਬਣਿਆ ਰਹਿੰਦਾ ਹੈ ਅਤੇ ਉਸ ਨੂੰ ਅਸਲੀਅਤ ਭੁੱਲ ਜਾਂਦੀ ਹੈ। ਮਨ ਵਿਚ ਦੁਬਿਧਾ ਛਾਈ ਰਹਿੰਦੀ ਹੈ। ਮਨੁੱਖ ਸਰੀਰਕ ਸੁਖ ਅਧੀਨ ਮਾਇਕ ਪਦਾਰਥਾਂ ਦੀ ਖਿੱਚ ਕਾਰਨ ਕਈ ਜਨਮ ਭੋਗਦਾ ਹੈ। ਇਸ ਮਾਇਆ ਨੇ ਸਾਰੀ ਕਾਇਨਾਤ ਨੂੰ ਆਪਣੀ ਜਾਦੂ ਦੀ ਰੱਸੀ ਨਾਲ ਬੰਨਿਆ ਹੋਇਆ ਹੈ। ਇਹ ਮਾਇਆ ਦੁਆਰਾ ਪੈਦਾ ਕੀਤਾ ਮੋਹ ਹੀ ਆਵਾਗਵਣ ਦਾ ਕਾਰਣ ਬਣਦਾ ਹੈ। ਇਸ ਮਾਇਆ ਦੇ ਪ੍ਰਭਾਵ ਅਧੀਨ ਹੀ ਮਨੁੱਖ ਪ੍ਰਭੂ ਨੂੰ ਵਿਸਾਰ ਦਿੰਦਾ ਹੈ। ਝੂਠੇ ਤੇ ਮੋਹ ਭਰੇ ਰਸਤੇ

ਉਤੇ ਤੁਰ ਕੇ ਮਨੁੱਖ ਜੀਵਨ ਆਦਰਸ਼ ਭੁਲ ਜਾਂਦਾ ਹੈ:

(ੳ) ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ।[144]

(ਅ) ਹਉ ਤਾ ਮਾਇਆ ਮੋਹਿਆ ਫਿਰਿ ਫਿਰਿ ਆਵਾ ਜਾਇ।।[145]

(ੲ) ਏ ਮਨਾ ਅਤਿ ਲੋਭੀਆ ਨਿਤ ਲੋਭੇ ਰਾਤਾ।।

ਮਾਇਆ ਮਨਸਾ ਮੋਹਣੀ ਦਹ ਦਿਸ ਫਿਰਾਤਾ।[146]

ਗੁਰਬਾਣੀ ਅਨੁਸਾਰ ਮਾਇਆ ਕੇਵਲ ਅਭਿਮਾਨ ਦੀ ਜਨਨੀ ਹੀ ਨਹੀਂ ਸਗੋਂ ਬੁਧੀ ਨਾਸ਼ਕ ਸ਼ਕਤੀ ਵੀ ਹੈ। ਮਾਇਆ ਦੇ ਮੋਹ ਕਾਰਣ ਮਨੁੱਖ ਤੇ ਭਰਮ ਦੀ ਸੰਘਣੀ ਕਾਈ ਜੰਮ ਜਾਂਦੀ ਹੈ। ਮਨੁੱਖ ਇਸ ਭਰਮ ਕਾਰਣ ਸੱਚ ਅਤੇ ਝੂਠ ਦਾ ਨਿਸਤਾਰਾ ਕਰਨ ਤੋਂ ਅਸਮਰਥ ਹੋ ਜਾਂਦਾ ਹੈ।

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ।।

ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ।।

ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ।।

ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ।।[147]

ਮਾਇਆ ਦੇ ਪੰਜਾਂ ਵਿਕਾਰਾਂ ਵਿਚੋਂ ਮੋਹ ਨੂੰ ਵਾਰਾਂ ਵਿਚ ਬੜੇ ਜ਼ੋਰਦਾਰ ਸ਼ਬਦਾਂ ਵਿਚ ਚਿੱਤਰਿਆ ਹੈ। ਮੋਹ ਮਾਇਆ ਵਿਚ ਸਾਰਾ ਸੰਸਾਰ ਭਟਕ ਰਿਹਾ ਹੈ। ਅਧਿਆਤਮਕਤਾ ਵਲੋਂ ਮੂੰਹ ਮੋੜ ਰਿਹਾ ਹੈ।

ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ।।

ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ।।

ਕਾਮ ਕ੍ਰੋਧ ਅਹੰਕਾਰਿ ਫਿਰਹਿ ਦੇਵਾਨਿਆ।।

ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ।।

ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ।।[148]

ਕਈ ਵਾਰ ਇਕੱਠੀ ਕਰਨ ਮਾਇਆ ਕਾਰਨ ਮਨੁੱਖ ਦੁਖੀ ਹੁੰਦਾ ਹੈ। ਫਿਰ ਵੀ ਮਨੁੱਖ ਇਸ ਦੀ ਪਕੜ

ਵਿਚੋਂ ਨਿਕਲਣਾ ਨਹੀਂ ਚਾਹੁੰਦਾ।

ਮਨਮੁਖ ਮਾਇਆ ਮੋਹਿ ਵਿਆਪੇ

ਦੂਜੇ ਭਾਇ ਮਨੂਆ ਥਿਰੁ ਨਾਹਿ॥

ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ॥[149]

ਅਗਿਆਨਤਾ ਕਾਰਨ ਮਨੁੱਖ ਜਨਮ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਮੋਹ ਨਾ ਮਿਟਣ ਕਰਕੇ ਮਨੁੱਖ ਹਉਮੈ ਵਿਚ ਫਸ ਕੇ ਮੁਕਤ ਨਹੀਂ ਹੁੰਦਾ। ਉਹ ਆਪਣੀ ਪੱਤ ਗੁਆ ਬੈਠਦਾ ਹੈ। ਗੁਰੂ ਜੀ ਇਸ ਮੋਹ ਮਾਇਆ ਨੂੰ ਸਭ ਤੋਂ ਵੱਡਾ ਦੁਖ ਮੰਨਦੇ ਹਨ।

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥

ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨਿ ਸਚਿ ਨਾਮਿ ਚਿਤੁ ਲਾਇਆ॥[150]

ਗੁਰੂ ਜੀ ਨੇ ਮਾਇਆ ਨੂੰ ਨਾਗਨੀ, ਭੁਅੰਗਮ ਸੱਪ ਆਦਿ ਜ਼ਹਿਰੀਲੇ ਨਾਮ ਦਿੱਤੇ ਹਨ। ਇਸ ਤੋਂ ਬਚਣ ਦਾ ਇਕੋ ਇਕ ਰਸਤਾ ਪ੍ਰਭੂ ਦਾ ਨਾਮ ਹੈ। ਜੋ ਮਨੁੱਖ ਦੇ ਮਨ ਵਿਚ ਵੈਰਾਗ ਤੇ ਤਿਆਗ ਦੀ ਭਾਵਨਾ ਪੈਦਾ ਕਰਕੇ ਮਨੁੱਖ ਨੂੰ ਇਸ ਤੋਂ ਬਚਾ ਸਕਦਾ ਹੈ।

ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ॥

ਸਤਿਗੁਰੁ ਮਿਲੈ ਤ ਨਦਰਿ ਹੋਇ ਮਨਮੁਖ ਅੰਧ ਅੰਧਿਆਰ॥

ਨਾਨਕ ਆਪੇ ਮੇਲਿ ਲਏ ਜਿਸ ਨੋ ਸਬਦਿ ਲਾਏ ਪਿਆਰੁ॥[151]

ਮਾਇਆ ਤੋਂ ਬਚਣ ਲਈ ਗੁਰੂ ਸਾਹਿਬਾਨ ਨੇ ਸ਼ਬਦ ਨੂੰ ਅਧਾਰ ਦੱਸਿਆ ਹੈ। ਇਹ ਅਵਸਥਾ ਨਾਮ ਅਭਿਆਸ ਨਾਲ ਹੀ ਆਉਂਦੀ ਹੈ। ਨਾਮ ਦਾ ਰਸ ਆਉਣ ਤੇ ਸੰਸਾਰਕ ਪਦਾਰਥਾਂ ਦਾ ਰਸ ਫਿੱਕਾ ਲਗਣ ਲੱਗ ਪੈਂਦਾ ਹੈ। ਗੁਰੂ ਸ਼ਬਦ ਦਾ ਅਭਿਆਸ ਹੀ ਮਾਇਆ-ਮੋਹ ਨੂੰ ਤੋੜਦਾ ਹੈ। ਸ਼ਬਦ ਵਿਚਾਰ ਹੀ ਮਨੁੱਖ ਵਿਚ ਸਦਗੁਣਾਂ ਦਾ ਵਿਕਾਸ ਕਰਦਾ ਹੈ ਅਤੇ ਅਵਗੁਣ ਦਾ ਨਾਸ਼ ਕਰਦਾ ਹੈ।

ਮਨੁ ਰਤਾ ਗੋਵਿੰਦ ਸੰਗਿ ਸਚੁ ਭੋਜਨੁ ਜੋੜੇ॥

ਪ੍ਰੀਤਿ ਲਗੀ ਹਰਿ ਨਾਮ ਸਿਉ ਏ ਹਸਤੀ ਘੋੜੇ॥

ਰਾਜ ਮਿਲਖ ਖੁਸੀਆ ਘਣੀ ਧਿਆਇ ਮੁਖੁ ਨਾ ਮੋੜੇ॥

ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ॥[152]

ਵਾਰਾਂ ਵਿਚ ਕਿਰਪਾ ਤੇ ਨਦਰਿ ਤੇ ਬਖ਼ਸ਼ਿਸ਼ ਸ਼ਬਦ ਮਿਲਦੇ ਹਨ। ਸਾਧਕ ਜਦੋਂ ਆਪਣੇ ਸਾਰੇ ਕਰਮ ਗੁਰੂ ਨੂੰ ਸਮਰਪਿਤ ਕਰ ਦਿੰਦਾ ਹੈ, ਤਾਂ 'ਮੈਂ -ਮੇਰੀ' ਦੀ ਥਾਂ 'ਤੂੰ -ਤੇਰਾ' ਹੀ ਰਹਿ ਜਾਂਦਾ ਹੈ, ਤਦ ਮਨੁੱਖ ਮਾਇਆ ਦੇ ਜਾਲ ਵਿਚੋਂ ਮੁਕਤ ਹੋ ਕੇ ਸਮਾਜ ਪ੍ਰਤਿ ਕਾਰਜਸ਼ੀਲ ਭੂਮਿਕਾ ਨਿਭਾਉਂਦਾ ਹੈ:

ਮਾਇਆਧਾਰੀ ਅਤਿ ਅੰਨਾ ਬੋਲਾ॥

ਸਬਦੁ ਨ ਸੁਣਈ ਬਹੁ ਰੋਲ ਘਚੋਲਾ॥

ਗੁਰਮੁਖਿ ਜਾਪੈ ਸਬਦਿ ਲਿਵ ਲਾਇ॥

ਹਰਿ ਨਾਮੁ ਸੁਣਿ ਮੰਨੇ ਹਰਿ ਨਾਮਿ ਸਮਾਇ॥[153]

ਮਨੁੱਖੀ ਮਨ ਮੰਗਣ ਵਾਲਾ ਸੁਭਾਅ, ਮਾਇਆ ਬਿਰਤੀ ਤੇ ਪ੍ਰਭਾਵ ਕਰਕੇ ਹੈ। ਗੁਰਬਾਣੀ ਇਸ ਮਨ ਦੀ ਚੰਚਲਤਾ ਤੋਂ ਡੋਲਣ ਤੇ ਬਚਾਉਣ ਦਾ ਜੋ ਰਸਤਾ ਦੱਸਦੀ ਹੈ ਉਹ ਮਨ ਦਾ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋਣਾ ਹੈ।

ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ॥

ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ॥

ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ॥[154]

ਮਾਇਆ ਮਨੁੱਖ ਦੇ ਮਨ ਵਿਚ ਭਰਮ ਅਗਿਆਨ ਅਤੇ ਦੁਬਿਧਾ ਦੀ ਜਨਨੀ ਹੈ। ਇਹ ਮੁਖ ਰੂਪ ਵਿਚ ਦੋ ਕਾਰਜ ਕਰਦੀ ਹੈ, ਇਕ ਤਾਂ ਗਿਆਨ ਦੇ ਅਸਲ ਰੂਪ ਨੂੰ ਢੱਕ ਲੈਂਦੀ ਹੈ, ਦੂਸਰਾ ਇਹ ਵਸਤੂ ਬਾਰੇ ਜੋ ਸੂਚਨਾ ਦਿੰਦੀ ਹੈ, ਉਹ ਯਥਾਰਥਕ ਨਹੀਂ ਹੁੰਦੀ। ਜਿਵੇਂ ਆਮ ਕਿਹਾ ਜਾਂਦਾ ਹੈ ਕਿ ਰੱਸੀ ਸੱਪ ਪ੍ਰਤੀਤ ਹੁੰਦੀ ਹੈ ਜਾਂ ਮਾਰੂਥਲ ਦੀ ਰੇਤ ਦੂਰੋਂ ਪਾਣੀ ਨਜ਼ਰ ਆਉਂਦੀ ਹੈ। ਤਿੰਨ ਗੁਣ ਰਜੋ, ਤਮੋ, ਸਤੋ ਅਤੇ ਪੰਜ ਵਿਕਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸਭ ਮਾਇਆ ਦਾ ਪਸਾਰਾ ਹਨ। ਮਾਇਆ ਰੂਪੀ ਗਫ਼ਲਤ ਦੀ ਨੀਂਦ ਵਿਚ ਮਨੁੱਖ ਦੀ ਜ਼ਿੰਦਗੀ ਰੂਪੀ ਰਾਤ ਲੰਘਦੀ ਜਾ ਰਹੀ ਹੈ। ਉਸ ਦਾ ਜੀਵਨ

ਦੁਬਿਧਾ ਵਿਚ ਪਿਆ ਹੋਇਆ ਹੈ। ਗੁਰੂ ਅਮਰਦਾਸ ਜੀ ਦਾ ਕਥਨ ਹੈ:

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ।[155]

ਉਪਰੋਕਤ ਅਧਿਐਨ ਅਨੁਸਾਰ ਮਾਇਆ ਮਨੁੱਖ ਦੇ ਜੀਵਨ ਮਨੋਰਥ ਪ੍ਰਾਪਤੀ ਦੇ ਰਾਹ ਵਿਚ ਰੁਕਾਵਟ ਹੈ। ਪ੍ਰੰਤੂ ਇਹ ਹੈ ਪ੍ਰਭੂ ਦੇ ਹੁਕਮ ਵਿਚ ਹੈ ਅਤੇ ਪ੍ਰਭੂ ਦਾ ਇਹ ਹੁਕਮ ਮਨੁੱਖ ਨੂੰ ਕਿਰਿਆਹੀਣ ਨਹੀਂ ਬਣਾਉਂਦਾ ਸਗੋਂ ਕਿਰਿਆਸ਼ੀਲ ਬਣਾਉਂਦਾ ਹੈ ਤਾਂ ਕਿ ਉਹ ਆਪਣਾ ਜੀਵਨ ਸੰਘਰਸ਼ਮਈ ਬਣਾ ਕੇ ਆਤਮਕ ਉੱਚਤਾ ਨੂੰ ਪ੍ਰਾਪਤ ਕਰ ਸਕੇ।

### (ਹ) ਮਨੁੱਖ ਤੇ ਮੁਕਤੀ

ਮੁਕਤੀ ਸ਼ਬਦ ਸੰਸਕ੍ਰਿਤ ਦੇ ਮੁਚ ਸ਼ਬਦ ਤੋਂ ਬਣਿਆ ਹੈ ਜਿਸਦਾ ਅਰਥ ਹੈ, ਛੁਟਕਾਰੇ ਦੀ ਅਵਸਥਾ। ਇਸਦੇ ਕੋਸ਼ੀ ਅਰਥ ਛੁਟਕਾਰਾ ਪਾਉਣਾ, ਛੱਡ ਦੇਣਾ, ਰਿਹਾ ਕਰਨਾ, ਅਵਿਦਿਆ ਦੇ ਬੰਧਨਾਂ ਤੋਂ ਛੁਟਕਾਰਾ, ਕਲੇਸ਼ਾਂ ਤੋਂ ਰਿਹਾਈ ਆਦਿ ਕੀਤੇ ਗਏ ਹਨ। ਧਰਮ, ਸਾਧਨਾ ਦੇ ਅੰਤਰਗਤ ਮਾਨਵ ਜੀਵਨ ਦਾ ਉਦੇਸ਼ ਮੁਕਤੀ ਮੰਨਿਆ ਗਿਆ ਹੈ। ਧਰਮ ਅਚਾਰੀਆਂ ਵਲੋਂ ਮਨੁੱਖ ਲਈ ਧਰਮ, ਅਰਥ, ਕਾਮ ਅਤੇ ਮੋਖ, ਚਾਰ ਪੁਰਸ਼ਾਰਥਾਂ ਦਾ ਸੰਕਲਪ ਸਥਾਪਿਤ ਕੀਤਾ ਹੈ। ਪਹਿਲੇ ਤਿੰਨਾਂ ਪੁਰਸ਼ਾਰਥ ਵਿਚ ਗਿਆਨ ਅਤੇ ਕਰਮ ਸਾਧਨਾ ਦੁਆਰਾ ਮੋਖ ਦੀ ਤਿਆਰੀ ਹੁੰਦੀ ਹੈ। ਅੰਤਿਮ ਪੁਰਸ਼ਾਰਥਾਂ ਮੁਕਤੀ ਤੇ ਦ੍ਰਿੜ ਕਰਵਾਉਂਦਾ ਹੈ। ਵੱਖ-ਵੱਖ ਧਰਮ ਦਰਸ਼ਨਾਂ ਵਿਚ ਮੁਕਤੀ ਦੇ ਸਿਧਾਂਤ ਅਤੇ ਸਾਧਨਾ ਬਾਰੇ ਵੱਖ-ਵੱਖ ਵਿਚਾਰ ਦਿੱਤੇ ਗਏ ਹਨ। ਬੁੱਧ ਮੱਤ ਵਿਚ ਮੁਕਤੀ ਲਈ ਨਿਰਵਾਣ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਬੁਧ ਮੱਤ ਵਿਚ ਵਿਸ਼ੇਸ਼ ਗਿਆਨ ਦੁਆਰਾ ਦੇਹ ਦੀਆਂ ਤ੍ਰਿਸ਼ਨਾਵਾਂ, ਇੱਛਾ ਅਤੇ ਕਲੇਸ਼ ਦੇ ਸ਼ਾਂਤ ਹੋਣ ਤੇ ਜੋ ਪਰਮ-ਸੁਖ ਦੀ ਅਵਸਥਾ ਪ੍ਰਾਪਤ ਹੁੰਦੀ ਹੈ ਉਹ ਨਿਰਵਾਣ ਹੈ। ਇਹ ਜੀਵਨ ਵਿਚ ਹੋਣ ਵਾਲੀਆਂ ਅਵਸਥਾਵਾਂ ਹਨ ਜੋ ਵਿਸ਼ੇਸ਼ ਗਿਆਨ ਦੇ ਅੱਠ ਗੁਣਾਂ ਦੇ ਅਸ਼ਟਾਂਗ ਮਾਰਗ ਧਾਰਨ ਕਰਨ ਤੋਂ ਪ੍ਰਾਪਤ ਹੁੰਦੀ ਹੈ। ਇਸ ਮੁਕਤੀ ਲਈ ਜਿਹੜੇ ਸਰੀਰਕ ਤਪ ਤਿਆਗ ਨੂੰ ਮੰਨਿਆ ਗਿਆ ਹੈ, ਉਸ ਵਿਚ ਪਰਵਾਰਿਕ ਜੀਵਨ ਦੀ ਥਾਵੇਂ ਮੱਠ ਸੰਘ ਦੇ

ਜੀਵਨ ਦੀ ਸ਼ਰਨ ਨੂੰ ਮੰਨਿਆ ਗਿਆ ਹੈ।[156]

ਜੈਨ ਧਰਮ ਵਿਚ ਮੁਕਤੀ ਲਈ ਮੋਖਸ਼ ਅਤੇ ਕੈਵਲਯ ਪਦਾਂ ਨੂੰ ਵਰਤਿਆ ਗਿਆ ਹੈ। ਤਪ ਅਹਿੰਸਾ ਆਦਿ ਸਰੀਰਕ ਕਿਰਿਆਵਾਂ ਦੁਆਰਾ ਸਰੀਰਕ ਕਰਮਾਂ ਦੇ ਬੰਧਨਾਂ ਤੋਂ ਛੁਟਕਾਰਾ ਮੋਖਸ਼ ਮੰਨਿਆ ਜਾਂਦਾ ਹੈ। ਜਿਸ ਵਿਚ ਜੀਵ ਦਾ ਉੱਚੀ ਅਵਸਥਾ ਵਿਚ ਚਲੇ ਜਾਣਾ ਅਤੇ ਮੁੜ ਹੇਠਾਂ ਨਾ ਆਉਣਾ ਮੋਖਸ਼ ਪ੍ਰਾਪਤੀ ਹੈ। ਸ਼ਾਸਤਰਕਾਰਾਂ ਨੇ ਸਰੀਰ ਦੇ ਦੁਖਾਂ ਦੇ ਅਭਾਵ ਨੂੰ ਮੁਕਤੀ ਮੰਨਿਆ ਹੈ।[157]

ਭਗਵਤ ਗੀਤਾ ਅਨੁਸਾਰ ਜਿਨ੍ਹਾਂ ਸਾਧਕਾਂ ਦਾ ਮਨ ਸਮ ਅਵਸਥਾ ਵਿਚ ਸਥਿਰ ਹੋ ਜਾਂਦਾ ਹੈ, ਉਹ ਇਸੇ ਲੋਕ ਵਿਚ ਰਹਿੰਦਿਆਂ ਹੋਇਆਂ ਮ੍ਰਿਤੂ ਲੋਕ ਨੂੰ ਜਿੱਤ ਲੈਂਦੇ ਹਨ। ਗੀਤਾ ਦੀ ਜੀਵਨ ਮੁਕਤੀ ਦੀ ਧਾਰਨਾ ਉਪਨਿਸ਼ਦਾਂ ਵਾਂਗ ਹੀ ਗਿਆਨ ਤੇ ਅਧਾਰਤ ਹੈ।[158]

ਚਾਰ ਵਾਕ ਦਰਸ਼ਨ ਅਨੁਸਾਰ ਚਾਰ ਪਦਾਰਥ ਹਨ ਪ੍ਰਿਥਵੀ, ਜਲ, ਤੇਜ ਤੇ ਵਾਯੂ। ਇਨ੍ਹਾਂ ਤੋਂ ਹੀ ਸਰੀਰ, ਇੰਦਰੀ ਆਦਿ ਬਣਦੇ ਹਨ ਅਤੇ ਇਨ੍ਹਾਂ ਤੋਂ ਹੀ ਚੇਤੰਨ ਉਤਪੰਨ ਹੁੰਦਾ ਹੈ। ਇਸ ਤੋਂ ਛੁਟ ਆਤਮਾ ਨਾਮ ਦੀ ਕੋਈ ਵਸਤੂ ਨਹੀਂ ਹੈ। ਕਹਿਣ ਦਾ ਭਾਵ ਇਹ ਹੈ ਕਿ ਚਾਰਵਾਕ ਦਰਸ਼ਨ ਅਨੁਸਾਰ ਆਤਮਾ ਕੋਈ ਨਹੀਂ ਹੁੰਦੀ ਸਰੀਰ ਮੁਕਤੀ ਹੀ ਸਭ ਕੁਝ ਹੈ। ਸ਼ੰਕਰਾਚਾਰੀਆ ਦਾ ਵਾਸਤਵਿਕ ਮੋਖਸ਼ ਸਿਧਾਂਤ ਜੀਵਨ ਮੁਕਤੀ ਹੈ ਵਿਦੇਹ ਮੁਕਤੀ ਨਹੀਂ। ਸ਼ੰਕਰ ਅਨੁਸਾਰ "ਮੌਤ ਇਕ ਪ੍ਰਾਕਿਰਤਕ ਪ੍ਰਕਿਰਿਆ ਹੈ ਪਰ ਆਤਮਾ ਕਿਉਂਕਿ ਅਮਰ ਹੈ ਇਸ ਲਈ ਇਸ ਉੱਪਰ ਮੌਤ ਦਾ ਕੋਈ ਅਸਰ ਨਹੀਂ ਹੁੰਦਾ। ਮੌਤ ਦਾ ਪ੍ਰਭਾਵ ਕੇਵਲ ਸਾਡੀ ਭੌਤਿਕ ਸਤਾ ਉਤੇ ਹੀ ਪੈਂਦਾ ਹੈ। ਸਾਡੇ ਅਧਿਆਤਮਕ ਸਰੂਪ ਉਪਰ ਨਹੀਂ। ਇਸੇ ਲਈ ਸ਼ੰਕਰਾਚਾਰੀਆ ਅਨੁਸਾਰ ਮੋਖਸ਼ ਇਸ ਜਗਤ ਵਿਚ ਹੀ ਇਸੇ ਜੀਵਨ ਦੇ ਅੰਤਰਗਤ ਪ੍ਰਾਪਤ ਹੁੰਦਾ ਹੈ ਅਤੇ ਮੋਖ਼ ਵਿਚ ਪ੍ਰਾਪਤ ਅਧਿਆਤਮਕ ਸੱਤਾ ਮੌਤ ਤੋਂ ਬਾਅਦ ਵੀ ਵਿਦਮਾਨ ਰਹਿੰਦੀ ਹੈ।"[159]

ਚੈਤੰਨਯ ਮੱਤ ਅਨੁਸਾਰ "ਭਗਤੀ ਹੀ ਮੁਕਤੀ ਦਾ ਸਾਧਨ ਹੈ। ਮੁਕਤੀ ਪੰਜ ਪ੍ਰਕਾਰ ਦੀ ਮੰਨੀ ਗਈ ਹੈ - ਸ਼ਾਰਸ਼ਟੀ, ਸਾਰੂਪ, ਸਾਲੋਕ, ਸਾਮੀਪ ਤੇ ਸਾਯੁਜ। ਇਨ੍ਹਾਂ ਵਿਚੋਂ ਪਹਿਲੇ ਚਾਰ ਤਰ੍ਹਾਂ ਦੀ

ਮੁਕਤੀ ਦੀ ਕਾਮਨਾ ਭਗਤ ਕਰ ਸਕਦੇ ਹਨ ਕਿਉਂਕਿ ਇਨ੍ਹਾਂ ਵਿਚ ਉਨ੍ਹਾਂ ਨੂੰ ਭਗਵਦ ਸੇਵਾ ਦਾ ਪਰਮ ਆਨੰਦ ਪ੍ਰਾਪਤ ਕਰਨ ਦਾ ਸੁਅਵਸਰ ਮਿਲਦਾ ਹੈ।"[160]

ਨਾਥ ਸੰਪ੍ਰਦਾਇ ਵਿਚ ਵੀ ਮੋਖਸ਼ ਦੇ ਜੀਵਨ ਮੁਕਤੀ ਵਾਲੇ ਸਰੂਪ ਨੂੰ ਮਾਣਤਾ ਪ੍ਰਾਪਤ ਹੋਈ ਹੈ। ਯੋਗੀ ਜਦੋਂ ਨਾਥ ਸਰੂਪ ਵਿਚ ਸਥਿਤ ਹੋ ਜਾਂਦਾ ਹੈ, ਉਦੋਂ ਉਸ ਨੂੰ ਜੀਵਨ ਮੁਕਤ ਕਹਿੰਦੇ ਹਨ। ਇਸ ਅਵਸਥਾ ਤੱਕ ਪਹੁੰਚਣ ਲਈ ਯੋਗੀ ਨੂੰ ਦੇਹ ਤਿਆਗ ਦੀ ਲੋੜ ਨਹੀਂ ਹੁੰਦੀ। ਚਿੱਤ ਦੀ ਸਮ ਅਵਸਥਾ ਨਾਲ ਹੀ ਉਹ ਜੀਵਨ ਮੁਕਤ ਹੋ ਨਿਬੜਦਾ ਹੈ। ਨਾਥ ਸੰਪ੍ਰਦਾਇ ਦੀ ਜੀਵਨ ਮੁਕਤੀ ਦੀ ਧਾਰਣਾ ਨੂੰ ਸਹਿਜ ਦੀ ਅਵਸਥਾ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ।[161]

ਮੁਕਤੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ; ਆਵਾਗਵਨ ਦਾ ਨਾਸ਼, ਇੰਦਰੀਆਂ ਦਾ ਮਨ ਚਿੱਤ ਵਿਚ, ਪ੍ਰਾਣ ਦਾ ਆਤਮਾ ਵਿਚ ਲੀਨ ਹੋਣਾ, ਬ੍ਰਹਮਾ ਨੰਦ ਦੀ ਪ੍ਰਾਪਤੀ ਹੋਣਾ ਤੇ ਪੂਰਨ ਅਦਵੈਤ ਅਵਸਥਾ ਵਿਚ ਹੋਣਾ। ਡਾ. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮੁਕਤੀ ਦੇ ਅਰਥ ਹਨ:-

> "ਅਹੰਕਾਰ ਤਿਆਗਣਾ, ਦੁਨੀਆਂ ਨੂੰ ਸਰਾਇ ਸਮਝ ਕੇ ਆਪਣੇ ਆਪ ਨੂੰ ਮੁਸਾਫ਼ਿਰ ਸਮਝਣਾ, ਭਾਣਾ ਮੰਨਣਾ, ਖਿਮਾ ਔਰ ਧੀਰਜ ਨੂੰ ਦ੍ਰਿੜ ਕਰਕੇ ਧਾਰਨਾ, ਪਰਉਪਕਾਰ ਲਈ ਤਨ ਮਨ ਧਨ ਕੁਰਬਾਨ ਕਰ ਮੋਹ ਦੇ ਵਿਚ ਨਾ ਫਸਣਾ, ਇਸ ਦਸ਼ਾ ਦਾ ਨਾਉ ਜੀਵਤ ਮਰਨਾ ਹੈ।"[162]

ਗੁਰਮਤਿ ਅਨੁਸਾਰ, ਸਿੱਖ ਧਾਰਮਿਕ ਸਭਿਆਚਾਰ ਦੇ ਸਦਾਚਾਰਕ ਪ੍ਰਤੀਕ ਇਹ ਦਸਦੇ ਹਨ ਕਿ ਸਿੱਖ ਲਈ ਤਿਆਗ ਅਤੇ ਸੰਨਿਆਸ ਦੇ ਇਹਅਰਥ ਨਹੀਂ ਕਿ ਉਹ ਸੰਸਾਰ ਤੇ ਉਸਦੇ ਕਾਰ ਵਿਹਾਰ ਨੂੰ ਤਿਆਗ ਦੇਵੇ। ਸੰਸਾਰ ਵਿਚ ਰਹਿਣ ਤੇ ਪਰਸੁਆਰਥ ਦੀ ਕਾਰ ਕਮਾਉਣ ਵਿਚ ਹੀ ਉਸਦੀ ਮੁਕਤੀ ਹੈ। ਸੁਆਰਥ ਨੂੰ ਤਿਆਗ ਕੇ ਦਸਾਂ ਨਹੁੰਆਂ ਦੀ ਕਿਰਤ ਕਰੇ। ਸਿੱਖ ਲਈ ਕਾਰ ਵਿਹਾਰ, ਸਾਕ ਸੰਬੰਧੀ ਤੇ ਪਰਿਵਾਰ ਨੂੰ ਛੱਡ ਕੇ ਬਾਹਰ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ ਸਗੋਂ ਸਿੱਖ ਨੂੰ ਸੰਸਾਰ ਪ੍ਰਤਿ ਆਪਣਾ ਦ੍ਰਿਸ਼ਟੀਕੋਣ ਬਦਲਣ ਦੀ ਲੋੜ ਹੈ:

ਹਸੰਦਿਆਂ, ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚ ਹੋਵੈ ਮੁਕਤਿ।।

ਗੁਰਬਾਣੀ ਦਾ ਫਲਸਫਾ ਇਨ੍ਹਾਂ ਸਾਰੀਆਂ ਫਿਲਾਸਫੀਆਂ ਤੋਂ ਵੱਖਰਾ ਹੈ। ਗੁਰਬਾਣੀ ਫਿਲਾਸਫ਼ੀ ਵਿਚ ਅਭਾਵਾਤਮਕ ਪਹਿਲੂ ਦਾ ਜ਼ਿਆਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਸਾਹਿਬਾਨਾਂ ਨੇ ਕੁਝ ਗੱਲਾਂ ਤਿਆਗਣ ਯੋਗ ਦੱਸੀਆਂ ਹਨ ਜਿਨ੍ਹਾਂ ਦੇ ਤਿਆਗਣ ਨਾਲ ਮੁਕਤੀ ਮਿਲ ਜਾਂਦੀ ਹੈ। ਜਿਵੇਂ ਦੁਖ ਸੁਖ ਦਾ ਫ਼ਰਕ, ਜਨਮ ਮਰਨ ਦਾ ਭੈਅ, ਚੁਰਾਸੀ ਲੱਖ ਜੂਨਾਂ, ਨਰਕ, ਮਾਇਆ ਜਾਲ, ਭਰਮ, ਹਉਮੈ ਦੀ ਕੰਧ, ਮਮਤਾ, ਦਵੈਤਵਾਦ, ਜਮ ਕੀ ਫਾਸ਼, ਅਗਿਆਨਤਾ, ਭਉ, ਵਿਕਾਰ, ਕਿਲ -ਵਿਖ ਆਦਿ।

ਗੁਰਬਾਣੀ ਵਿਚ ਮੁਕਤੀ ਨੂੰ ਕਈ ਨਾਵਾਂ ਨਾਲ ਦ੍ਰਿਸ਼ਟਾਇਆ ਗਿਆ ਹੈ ਜਿਵੇਂ ਮੁਕਤੀ, ਮੋਖ਼, ਪਰਮ ਪਦ, ਚਉਥ ਪਦ, ਅਮਰ ਪਦ, ਨਿਰਬਾਣ ਪਦ, ਤੁਰੀਆਂ ਅਵਸਥਾ, ਮਹਾਂਮੁਖ ਤੇ ਬੰਦ ਖਲਾਸੀ ਆਦਿ। ਗੁਰਬਾਣੀ ਅਨੁਸਾਰ ਮੁਕਤੀ ਦਾ ਅਰਥ ਹੈ ਆਪਣੀ ਹਉਮੈ ਨੂੰ ਮਾਰਨਾ, ਆਪਣੇ ਅਸਲੀ ਸਰੂਪ ਨੂੰ ਪਛਾਣਨਾ, ਮਾਇਕ ਦੁੱਖਾਂ ਤੋਂ ਛੁਟਕਾਰਾ ਪਾਉਣਾ, ਵਿਅਕਤੀਗਤ ਤੇ ਸਮੂਹਿਕ ਖ਼ਲਾਸੀ ਹਾਸਿਲ ਕਰਨਾ ਤੇ ਆਵਾ-ਗਵਣ ਤੋਂ ਸੁਤੰਤਰਤਾ ਪ੍ਰਾਪਤੀ ਕਰਨੀ। ਆਤਮਾ ਮਨੁੱਖੀ ਸਰੀਰ ਧਾਰਨ ਕਰਨ ਤੋਂ ਪਹਿਲਾਂ ਅਤੇ ਸਰੀਰ ਤਿਆਗਣ ਤੋਂ ਪਿਛੋਂ ਵੀ ਅਨੇਕਾਂ ਜੂਨਾਂ ਵਿਚ ਭਾਂਤ ਭਾਂਤ ਦੀਆਂ ਦੇਹੀਆਂ ਵਿਚ ਭਰਮਨ ਕਰਦੀ ਹੈ। ਕਰਮਾਂ ਦੇ ਫਲ ਵਜੋਂ ਜੂਨਾਂ ਵਿਚ ਪੈਣਾ ਆਵਾਗੌਣ ਹੈ। ਇਸ ਦੇ ਸਰੂਪ ਦਾ ਬਿਆਨ ਗੁਰੂ ਕਵੀਆਂ ਨੇ ਆਪਣੀਆਂ ਵਾਰਾਂ ਵਿਚ ਬਹੁਤ ਹੀ ਸੁੰਦਰ ਰੂਪ ਵਿਚ ਕੀਤਾ ਹੈ।

ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ।।
ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ।।
ਆਵਣੁ ਜਾਣੁ ਨ ਸੁਝਈ ਅੰਧਾ ਅੰਧੁ ਕਮਾਇ।।
ਜੋ ਦੇਵੈ ਤਿਸੈ ਨ ਜਾਣਈ ਦਿਤੇ ਕਉ ਲਪਟਾਇ।।
ਨਾਨਕ ਪੂਰਬਿ ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ।।[163]

ਆਵਾਗਵਣ ਦਾ ਕਾਰਨ ਮੋਹ ਹੈ, ਜੋ ਜੀਵ ਇਸ ਤੱਤ ਨੂੰ ਸਮਝ ਲੈਂਦਾ ਹੈ ਉਸ ਦਾ ਆਵਾਗਵਣ ਤੋਂ ਛੁਟਕਾਰਾ ਹੋ ਜਾਂਦਾ ਹੈ। ਇਹੀ ਮੁਕਤੀ ਹੈ। ਗੁਰੂ ਕਵੀਆ ਨੇ ਆਪਣੀਆਂ ਵਾਰਾਂ ਵਿਚ ਜੀਵ ਨੂੰ ਗੁਰਮੁਖਾਂ ਦੀ ਸੰਗਤ ਵਿਚ ਰਹਿ ਕੇ, ਨਾਮ ਰਾਹੀਂ ਸਿਰਜਣਹਾਰ ਨਾਲ ਲਿਵ ਜੋੜ ਕੇ ਹਉਮੈ ਤਿਆਗ ਕੇ ਪਰੋਪਕਾਰ ਕਰਨ, ਨਿਸ਼ਕਾਮ ਸੇਵਾ ਕਰਨ ਦਾ ਮਾਰਗ ਸੁਝਾਇਆ ਹੈ। ਗੁਰਬਾਣੀ ਦਾ ਟੀਚਾ ਗੁਰੂ ਦੁਆਰਾ ਦਰਸਾਏ ਮਾਰਗ ਦਾ ਅਨੁਸਾਰੀ ਹੋਣਾ ਹੈ।

ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ॥
ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ॥
ਤਿਸ ਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ॥
ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ॥[164]

ਗੁਰਬਾਣੀ ਵਾਰ-ਕਾਵਿ ਰੂਪ ਅਨੁਸਾਰ ਸੰਸਾਰਕ ਬੰਧਨਾਂ ਤੋਂ ਨਵਿਰਤੀ ਹੀ ਮੁਕਤੀ ਹੈ। ਇਨ੍ਹਾਂ ਬੰਧਨਾਂ ਨੂੰ ਕੂੜ ਦੀ ਦੀਵਾਰ ਅਤੇ ਸੰਸਾਰਕ ਪਰਪੰਚਾਂ ਦੇ ਭਰਮਾਂ ਦਾ ਨਾਮ ਦਿੱਤਾ ਗਿਆ ਹੈ। ਗੁਰੂ ਦੇ ਮੇਲ ਦੁਆਰਾ ਪਰਮਾਤਮਾ ਦੀ ਪਛਾਣ ਹੀ ਮੋਖ ਦੁਆਰ ਹੈ।

ਗੁਰਬਾਣੀ ਅਨੁਸਾਰ ਮੁਕਤੀ (ਸਾਚੈ ਸਬਦਿ ਮੁਕਤਿ ਗਤ ਪਾਏ) (ਮੋਖ ਮੰਨੇ ਪਾਵਹਿ ਮੋਖ ਦੁਆਰ) ਪਰਮਪਦ (ਹਉਮੈ ਜਾਇ ਪਰਮਪਦ ਪਾਈਐ) ਚੌਥਾਪਦ (ਤੀਨਿ ਸਮਾਵੈ ਚਉਥੈ ਵਾਸਾ), ਅਮਰਪਦ (ਨਿਜ ਘਰਿ ਵਾਸੁ ਅਮਰ ਪਦੁ ਪਾਵੈ) ਨਿਰਵਾਣ ਪਦ (ਸਬਦ ਜਪੈ ਘਰ ਪਾਈਐ ਨਿਰਵਾਣੀ ਪਦੁ ਨੀਤਿ), ਤੁਰੀਆਵਸਥਾ (ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ) ਨਿਰਭਉਪਦ, ਬੰਦ ਖਲਾਸਿ ਆਦਿ ਸ਼ਬਦ ਵਰਤੇ ਗਏ ਹਨ। ਗੁਰਬਾਣੀ ਅਨੁਸਾਰ ਮੁਕਤੀ ਪ੍ਰਾਪਤੀ ਲਈ ਸਭ ਤੋਂ ਪਹਿਲੀ ਜ਼ਰੂਰਤ ਪਰਮਾਤਮਾ ਦੇ ਹੁਕਮ, ਰਜ਼ਾ ਜਾਂ ਭਾਣੇ ਵਿਚ ਰਹਿਣਾ ਮੰਨੀ ਗਈ ਹੈ। ਬੰਧਨ ਵਿਚ ਫਸਿਆ ਜੀਵ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਮੁਕਤ ਹੁੰਦਾ ਹੈ।

ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ॥
ਗੁਰਮਤੀ ਆਪੁ ਗਵਾਇ ਸਚੁ ਪਛਾਣਿਆ॥

ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ॥

ਸਚਾ ਸਬਦੁ ਵੀਚਾਰਿ ਸਚਿ ਸਮਾਣਿਆ॥[165]

ਮੁਕਤੀ ਪ੍ਰਾਪਤੀ ਲਈ ਪ੍ਰਮਾਤਮਾ ਦੀ ਨਦਰਿ ਵੀ ਅਤਿ ਲੋੜੀਂਦੀ ਹੈ। ਜਦੋਂ ਪ੍ਰਮਾਤਮਾ ਦੀ ਨਦਰਿ ਹੁੰਦੀ ਹੈ ਤਾਂ ਆਤਮਾ ਪ੍ਰਕਾਸ਼ਿਤ ਹੋ ਕੇ ਨਿੱਜ ਸਰੂਪ ਵਿਚ ਸਮਾ ਜਾਂਦੀ ਹੈ ਤੇ ਮਨ ਵਿਚਲੀ ਅਸਾਂਤੀ ਅਤੇ ਵਿਸ਼ੈ ਵਿਕਾਰਾਂ ਦੀ ਅਗਨੀ ਦੀ ਤਪਸ਼ ਖਤਮ ਹੋ ਜਾਂਦੀ ਹੈ। ਪਰਮਾਤਮਾ ਦੀ ਨਦਰਿ ਹੋਣ ਤੇ ਪਰਮ-ਪਦਵੀ ਦੀ ਪ੍ਰਾਪਤੀ ਹੁੰਦੀ ਹੈ।

ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ॥

ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ॥[166]

ਮੁਕਤੀ ਪ੍ਰਾਪਤੀ ਲਈ ਗੁਰੂ ਦੀ ਵੀ ਅਹਿਮ ਭੂਮਿਕਾ ਹੈ। ਗੁਰੂ ਤੋਂ ਬਿਨਾਂ ਅਸਲੀ ਮੁਕਤੀ ਦਾ ਮਾਰਗ ਨਹੀਂ ਲਭਦਾ। ਗੁਰੂ ਰੱਬ ਤੇ ਮਨੁੱਖ ਵਿਚਕਾਰ ਪੁਲ ਦਾ ਕੰਮ ਕਰਦਾ ਹੈ। ਗੁਰੂ ਆਤਮਕ ਰਹੱਸ ਖੋਲਣ ਦੀ ਸਮਰਥਾ ਰੱਖਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸ਼ਬਦ ਗੁਰੂ ਤੇ ਸੁਰਤਿ ਨੂੰ ਚੇਲਾ ਕਿਹਾ ਹੈ। ਸਿੱਖ ਆਪਣਾ ਜੀਵਨ ਇਸ ਸ਼ਬਦ ਜਾਂ ਬਾਣੀ ਅਨੁਸਾਰ ਢਾਲਦਾ ਹੈ। ਇਸ ਤਰ੍ਹਾਂ ਇਹ ਸ਼ਬਦ ਹੀ ਉਸ ਦਾ ਗੁਰੂ ਬਣ ਜਾਂਦਾ ਹੈ। ਸਿੱਖ ਧਰਮ ਵਿਚ ਗੁਰੂ ਸ਼ਬਦ ਉਨ੍ਹਾਂ ਪਾਸ ਪਰਮ ਮਨੁੱਖਾਂ ਲਈ ਵਰਤਿਆ ਗਿਆ ਹੈ ਜੋ ਆਪਣੀ ਹਉਮੈ ਨੂੰ ਮਾਰ ਕੇ ਪਰਮਾਤਮਾ ਨਾਲ ਅਭੇਦ ਹੋ ਜਾਂਦੇ ਹਨ। ਪ੍ਰਿੰ. ਤੇਜਾ ਸਿੰਘ ਗੁਰੂ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ ਹੋਇਆਂ ਲਿਖਦੇ ਹਨ, "ਬਿਨਾਂ ਗੁਰੂ ਦੇ ਮਹਾਨ ਸਖਸ਼ੀਅਤ ਦੇ ਨਾ ਤਾਂ ਜੀਵਨ ਵਿਚ ਇਕਸੁਰਤਾ ਪੈਦਾ ਹੋ ਸਕਦੀ ਹੈ ਨਾ ਹੀ ਸਮਾਜ ਦੀਆਂ ਸਦਾਚਾਰਕ ਸ਼ਕਤੀਆਂ ਨੂੰ ਸੇਧ ਮਿਲ ਸਕਦੀ ਹੈ।"[167]

ਸਤਿਗੁਰ ਸਿਉ ਚਿਤੁ ਨ ਲਾਇਓ ਨਾਮੁ ਨ ਵਸਿਓ ਮਨਿ ਆਇ॥

ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ ਪਾਇਆ ਆਇ॥

ਮਾਇਆ ਖੋਟੀ ਰਾਸਿ ਹੈ ਏਕ ਚਸੇ ਮਹਿ ਪਾਜੁ ਲਹਿ ਜਾਇ॥

ਜਿਨ ਸਤਿਗੁਰੁ ਸਿਉ ਚਿਤੁ ਲਾਇਆ ਤਿਨ ਸੁਖੁ ਵਸਿਆ ਮਨਿ ਆਇ॥[168]

ਗੁਰੂ ਗ੍ਰੰਥ ਸਾਹਿਬ ਵਿਚਲੀ ਵਾਰਾਂ ਵਿਚ ਮੁਕਤੀ ਦੇ ਬਾਕੀ ਸਾਧਨਾਂ ਨਾਲੋਂ ਪ੍ਰੇਮ ਭਗਤੀ ਨੂੰ ਵਧੇਰੇ ਮਹੱਤਤਾ ਦਿੱਤੀ ਗਈ ਹੈ। ਸਹਿਜ ਨਾਲ ਨਾਮ ਸਿਮਰ ਕੇ ਤੇ ਨਾਮ ਦੇ ਜ਼ਰੀਏ ਪ੍ਰਮਾਤਮਾ ਨਾਲ ਜੁੜਨਾ। ਭਗਤੀ ਉਹ ਸਾਧਨ ਹੈ ਜਿਹੜੀ ਮਨੁੱਖ ਨੂੰ ਦੇਵਤਾ ਬਣਾਉਂਦੀ ਹੈ।

ਸਿਮਰਿ ਸਿਮਰਿ ਦਾਤਾਰੁ ਮਨੋਰਥ ਪੂਰਿਆ॥

ਇਛ ਪੁੰਨੀ ਮਨਿ ਆਸ ਗਏ ਵਿਸੂਰਿਆ॥[169]

ਗੁਰਬਾਣੀ (ਵਾਰ ਕਾਵਿ) ਵਿਚ ਕਰਮ ਕਾਂਡਾਂ ਲਈ ਕੋਈ ਸਥਾਨ ਨਹੀਂ। ਇਹ ਭਗਤੀ ਸਹਿਜ ਭਗਤੀ ਹੈ। ਇਸ ਦਾ ਸਰੂਪ ਵਾਰਕਾਰਾਂ ਨੇ ਚੱਕਵੀ ਤੇ ਸੂਰਜ, ਦੁਧ ਤੇ ਪਾਣੀ, ਚਾਤ੍ਰਿਕ ਤੇ ਮੇਘ, ਮੱਛਲੀ ਤੇ ਨੀਰ, ਜਲ ਤੇ ਕਮਲ ਦੀ ਪ੍ਰੀਤ ਦੁਆਰਾ ਚਿਤ੍ਰਿਤ ਕੀਤਾ ਹੈ। ਗੁਰੂ ਕਵੀਆਂ ਨੇ ਨਾਮ ਦੀ ਮਹੱਤਤਾ ਦਾ ਵਰਨਣ ਕਰਦਿਆਂ ਇਹ ਕਿਹਾ ਹੈ ਕਿ ਨਾਮ ਤੋਂ ਬਿਨਾਂ ਸਭ ਕੁਝ ਬੇਕਾਰ ਹੈ। ਨਾਮ ਬਿਨਾ ਗਿਆਨ ਤੇ ਧਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਨਾਮ ਦਾ ਜਾਪ ਗੁਰਬਾਣੀ ਅਨੁਸਾਰ ਜੰਗਲਾਂ ਵਿਚ ਜਾ ਕੇ, ਸੰਨਿਆਸ ਧਾਰਣ ਕਰਕੇ ਨਹੀਂ ਬਲਕਿ ਸੰਸਾਰ ਵਿਚ ਵਿਚਰਦਿਆਂ ਜੀਵਨ ਦੇ ਕਾਰ ਵਿਹਾਰ ਕਰਦਿਆਂ ਕਰਨਾ ਹੈ। ਗੁਰਬਾਣੀ ਸੰਸਾਰ ਤੋਂ ਭਾਂਜਵਾਦ ਨਹੀਂ ਸਿਖਾਉਂਦੀ। ਗ੍ਰਹਿਸਥ ਜੀਵਨ ਨੂੰ ਮਹੱਤਤਾ ਦਿੰਦੀ ਹੈ। ਗੁਰਬਾਣੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਪੂਰਨ ਤਿਆਗ ਨਹੀਂ ਕਰਾਉਂਦੀ ਸਗੋਂ ਸੰਜਮ ਦੀ ਗਲ ਕਰਦੀ ਹੈ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥

ਹਸੰਦਿਆ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ॥[170]

ਡਾ. ਮਹਿੰਦਰ ਕੌਰ ਗਿੱਲ ਦਾ ਵਿਚਾਰ ਹੈ, "ਸਤਿਗੁਰੂ ਦੀ ਅਪਾਰ ਕਿਰਪਾ ਕਰਕੇ ਹੀ ਸਾਨੂੰ ਮੋਹ ਨੀਂਦ ਤੋਂ ਮੁਕਤੀ ਮਿਲਦੀ ਹੈ। ਹੁਣ ਇਸ ਮਹਾਂ-ਮੋਹਣੀ ਦਾ ਕੋਈ ਖਤਰਾ ਨਹੀਂ। ਇਸ ਤੋਂ ਛੁੱਟ ਸਤਿਗੁਰੂ ਨੇ ਜੀਵ ਨੂੰ ਸਭ ਤੋਂ ਵਧੀਕ ਦੁਖੀ ਕਰਨ ਵਾਲੇ ਕਾਮ, ਕ੍ਰੋਧ ਅਤੇ ਹੰਕਾਰ ਦਾ ਖਾਸ ਕਰਕੇ ਸੰਜਮ ਪ੍ਰਦਾਨ ਕੀਤਾ ਹੈ। ਇਨ੍ਹਾਂ ਤਿੰਨਾਂ ਨੇ ਤ੍ਰੈਗੁਣੀ ਜੀਵਾਂ ਦਾ ਆਤਮਕ ਖਜ਼ਾਨਾ ਲੁਟ ਲਿਆ ਹੈ, ਪਰ ਸਤਿਗੁਰੂ ਦੀ ਮਿਹਰ ਸਦਕਾ ਆਪਣੇ ਪਿਆਰਿਆਂ ਨੂੰ ਕੋਈ ਹਰਿਆ ਬੂਟ ਰਹਿਓ ਰੀ ਵਾਂਗ ਬਚਾ ਲਿਆ ਹੈ।

ਉਨ੍ਹਾਂ ਨੇ ਉਹ ਆਤਮਕ ਬਲ ਦਿੱਤਾ ਹੈ ਜਿਨ੍ਹਾਂ ਨਾਲ ਉਹ ਵਿਕਾਰਾਂ ਦੀ ਅੱਗ ਤੋਂ ਬਚ ਗਏ ਹਨ।"[171]

ਉਪਰੋਕਤ ਵਿਵੇਚਨ ਉਪਰੰਤ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚਲੀ ਅਧਿਆਤਮਕ ਵਾਰਾਂ ਵਿਚਲੇ ਪ੍ਰਵਚਨਾਂ ਵਿਚੋਂ ਜਾਂ ਇਹਨਾਂ ਦੀ ਵਿਉਂਤ-ਰਚਨਾ ਵਿਚੋਂ ਮਨੁੱਖੀ-ਜੀਵਨ ਦੀ ਘਾੜਤ ਲਈ ਤਿੰਨ ਮਹੱਤਵਪੂਰਨ ਤੇ ਕਾਰਜਸ਼ੀਲ ਪੱਖ ਉਘੜਦੇ ਹਨ; ਨੈਤਿਕਤਾ ਦਾ ਗਿਆਨ, ਮਨੁੱਖ ਨੂੰ ਸਮਾਜਿਕ ਗਿਆਨ ਅਤੇ ਪਰਾਭੌਤਿਕ ਗਿਆਨ ਜਾਂ ਸਿਖਿਆਵਾਂ। ਇਹਨਾਂ ਸਿਖਿਆਵਾਂ ਨੂੰ ਗ੍ਰਹਿਣ ਕਰਕੇ ਮਨੁੱਖ, ਸਚਿਆਰਾ ਜਾਂ ਗੁਰਮੁਖ ਮਨੁੱਖ ਬਣ ਕੇ ਪਰਿਵਾਰ ਪ੍ਰਤਿ, ਸਮਾਜ ਪ੍ਰਤਿ ਅਤੇ ਦੇਸ਼ ਪ੍ਰਤਿ ਕਾਰਜਸ਼ੀਲ ਭੂਮਿਕਾ ਨਿਭਾ ਸਕਦਾ ਹੈ।

# ਹਵਾਲੇ ਅਤੇ ਟਿੱਪਣੀਆਂ


1. Jenny Teichmann and Kaheriane Evans Philosy. ***A Beginers guide***, Black well publishing 1999, page 1
2. ***Webster's New Word Dictionary 2000***, page 463
3. ***Indian Philosophy*** –Wikipedia, the Free Encyclopaedia (Internet)
4. ਡਾ. ਦਰਸ਼ਨ ਸਿੰਘ ਦੁਆਰਾ ਉਦਰਿਤ, ***ਧਰਮ ਅਧਿਐਨ ਅਤੇ ਸਿੱਖ ਅਧਿਐਨ***, ਪੰਨਾ 14
5. ***ਗੁਰੂ ਗ੍ਰੰਥ ਸਾਹਿਬ***, ਪੰਨਾ 140
6. ਉਹੀ, ਪੰਨਾ 137
7. ਉਹੀ, ਪੰਨਾ 138
8. ਉਹੀ, ਪੰਨਾ 143
9. ਉਹੀ, ਪੰਨਾ 144
10. ਉਹੀ, ਪੰਨਾ 147
11. ਉਹੀ, ਪੰਨਾ 1284
12. ਉਹੀ, ਪੰਨਾ 1280
13. ਸੁਖਵਿੰਦਰ ਕੌਰ ਬਾਜਵਾ, ***ਉੱਤਰ ਆਧੁਨਿਕਤਾ ਅਤੇ ਗੁਰਬਾਣੀ***, ਪੰਨਾ 49
14. ***ਗੁਰੂ ਗ੍ਰੰਥ ਸਾਹਿਬ***, ਪੰਨਾ 465
15. ਉਹੀ, ਪੰਨਾ 464
16. ਉਹੀ, ਪੰਨਾ 474
17. ਉਹੀ, ਪੰਨਾ 465

18. ਉਹੀ, ਪੰਨਾ 472

19. ਉਹੀ, ਪੰਨਾ 474

20. ਉਹੀ, ਪੰਨਾ 473

21. ਉਹੀ, ਪੰਨਾ 463

22. ਉਹੀ, ਪੰਨਾ 509

23. ਉਹੀ, ਪੰਨਾ 510

24. ਉਹੀ, ਪੰਨਾ 785

25. ਉਹੀ, ਪੰਨਾ 786

26. ਉਹੀ, ਪੰਨਾ 791

27. ਉਹੀ, ਪੰਨਾ 947

28. ਉਹੀ, ਪੰਨਾ 949

29. ਉਹੀ, ਪੰਨਾ 947

30. ਉਹੀ, ਪੰਨਾ 1087

31. ਉਹੀ, ਪੰਨਾ 83

32. ਉਹੀ, ਪੰਨਾ 85

33. ਉਹੀ, ਪੰਨਾ 90

34. ਉਹੀ, ਪੰਨਾ 301

35. ਉਹੀ, ਪੰਨਾ 310

36. ਉਹੀ, ਪੰਨਾ 549

37. ਉਹੀ, ਪੰਨਾ 552

38. ਉਹੀ, ਪੰਨਾ 556

39. ਉਹੀ, ਪੰਨਾ 585

40. ਉਹੀ, ਪੰਨਾ 591

41. ਉਹੀ, ਪੰਨਾ 644

42. ਉਹੀ, ਪੰਨਾ 645

43. ਉਹੀ, ਪੰਨਾ 849

44. ਉਹੀ, ਪੰਨਾ 855

45. ਉਹੀ, ਪੰਨਾ 1245

46. ਉਹੀ, ਪੰਨਾ 1316

47. ਉਹੀ, ਪੰਨਾ 320

48. ਉਹੀ, ਪੰਨਾ 320

49. ਉਹੀ, ਪੰਨਾ 321

50. ਉਹੀ, ਪੰਨਾ 322

51. ਉਹੀ, ਪੰਨਾ 322

52. ਉਹੀ, ਪੰਨਾ 323

53. ਉਹੀ, ਪੰਨਾ 321

54. ਉਹੀ, ਪੰਨਾ 321

55. ਉਹੀ, ਪੰਨਾ 322

56. ਉਹੀ, ਪੰਨਾ 518

57. ਉਹੀ, ਪੰਨਾ 522

58. ਉਹੀ, ਪੰਨਾ 524

59. ਉਹੀ, ਪੰਨਾ 705

60. ਉਹੀ, ਪੰਨਾ 707

61. ਉਹੀ, ਪੰਨਾ 707

62. ਉਹੀ, ਪੰਨਾ 710

63. ਉਹੀ, ਪੰਨਾ 957

64. ਉਹੀ, ਪੰਨਾ 1094

65. ਉਹੀ, ਪੰਨਾ 1100

66. ਉਹੀ, ਪੰਨਾ 1094

67. ਪੰਡਤ ਨਰਾਇਣ ਸਿੰਘ ਜੀ ਗਿਆਨੀ, ***ਪੋਥੀ ਬਾਈ ਵਾਰਾਂ ਸਟੀਕ***, ਪੰਨਾ 512

68. ***ਗੁਰੂ ਗ੍ਰੰਥ ਸਾਹਿਬ***, ਪੰਨਾ 1100

69. ਉਹੀ, ਪੰਨਾ 1193

70. ਡਾ. ਮਲਕੀਤ ਸਿੰਘ ਬਾਜਵਾ, ***ਮੱਧਕਾਲੀ ਪੰਜਾਬੀ ਕਾਵਿ***, ਪੰਨਾ 103

*71.* ***ਗੁਰੂ ਗੋਬਿੰਦ ਸਿੰਘ ਬਚਿਤ੍ਰ ਨਾਟਕ***

72. ***ਗੁਰੂ ਗ੍ਰੰਥ ਸਾਹਿਬ***, ਪੰਨਾ 966

73. ਉਹੀ, ਪੰਨਾ 966

74. ਉਹੀ, ਪੰਨਾ 967

75. ਉਹੀ, ਪੰਨਾ 967

76. ਉਹੀ, ਪੰਨਾ 968

77. ਉਹੀ, ਪੰਨਾ 968

78. ਉਹੀ, ਪੰਨਾ 968

79. ਉਹੀ, ਪੰਨਾ 764

80. ਡਾ. ਜੋਧ ਸਿੰਘ, 'ਗੁਰੂ ਗ੍ਰੰਥ ਸਾਹਿਬ ਵਿਚ ਸ੍ਰਿਸ਼ਟੀ ਦਾ ਸੰਕਲਪ', ***ਗੁਰੂ ਨਾਨਕ ਪ੍ਰਕਾਸ਼ ਪਤ੍ਰਿਕਾ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 109-111

81. ***ਗੁਰੂ ਗ੍ਰੰਥ ਸਾਹਿਬ***, ਪੰਨਾ 509

82. ਡਾ. ਮਨਮੋਹਨ ਸਿੰਘ, ***ਭਾਈ ਵੀਰ ਸਿੰਘ ਦਾ ਦਾਰਸ਼ਨਿਕ ਵਿਸ਼ਲੇਸ਼ਣ***, ਪੰਨਾ 39

83. ਉਹੀ, ਪੰਨਾ 40

84. ਉਹੀ, ਪੰਨਾ 41

85. ਉਹੀ, ਪੰਨਾ 41

86. ਡਾ. ਰਤਨ ਸਿੰਘ ਜੱਗੀ, ***ਸ੍ਰੀ ਗੁਰੂ ਗ੍ਰੰਥ ਵਿਸ਼ਵਕੋਸ਼***, ਪੰਨਾ 13

87. ***ਗੁਰੂ ਗ੍ਰੰਥ ਸਾਹਿਬ***, ਪੰਨਾ 302

88. ਉਹੀ, ਪੰਨਾ 463

89. ਉਹੀ, ਪੰਨਾ 509

90. ਉਹੀ, ਪੰਨਾ 555

91. ਉਹੀ, ਪੰਨਾ 4

92. ਉਹੀ, ਪੰਨਾ 463

93. ਉਹੀ, ਪੰਨਾ 463

94. ਉਹੀ, ਪੰਨਾ 521

95. ਉਹੀ, ਪੰਨਾ 947

96. ਉਹੀ, ਪੰਨਾ 145

97. ਉਹੀ, ਪੰਨਾ 138

98. ਡਾ. ਜਗਬੀਰ ਸਿੰਘ, ***ਬਾਣੀ ਸੰਸਾਰ***, ਪੰਨਾ 43

99. ***ਗੁਰੂ ਗ੍ਰੰਥ ਸਾਹਿਬ***, ਪੰਨਾ 1095

100. ਉਹੀ, ਪੰਨਾ 463

101. ਉਹੀ, ਪੰਨਾ 18

102. G.Osipov, ***Soc ology*** Msow 1989, page 111

103. Ayudhia Parsad, ***The Ba s of Soc ety***, Bombay, 1967, page 24

104. C.P. Bhatnagar, ***The Cr ses n Ind an Soc ety***, page 11-21

105. S.K. Arora, ***Ind an Soc ety***, Sonia Publication, page 19

106. Dr. Mohan Singh Diwana, ***H story of Punjab L terature***, page 24

107. K. Devis, ***Human Soc ety***, page 52

108. ***ਗੁਰੂ ਗ੍ਰੰਥ ਸਾਹਿਬ***, ਪੰਨਾ 145

109. ਉਹੀ, ਪੰਨਾ 1288

110. ਉਹੀ, ਪੰਨਾ 470

111. ਉਹੀ, ਪੰਨਾ 471

112. ਉਹੀ, ਪੰਨਾ 471

113. ਉਹੀ, ਪੰਨਾ 522

114. ਉਹੀ, ਪੰਨਾ 1245

115. ਉਹੀ, ਪੰਨਾ 465

116. ਉਹੀ, ਪੰਨਾ 556

117. ਉਹੀ, ਪੰਨਾ 1285

118. ਉਹੀ, ਪੰਨਾ 467

119. ਉਹੀ, ਪੰਨਾ 951

120. ਉਹੀ, ਪੰਨਾ 140

121. ਉਹੀ, ਪੰਨਾ 952

122. ਡਾ. ਸ੍ਰੀਮਤੀ ਵਿਦਿਆਵਤੀ, ***ਗੁਰੂ ਨਾਨਕ ਦੇਵ ਜੀ ਦੀ ਜੀਵਨ ਤੇ ਰਚਨਾ***, ਪੰਨਾ 149

123. Mcleod W.H., ***Guru Nanak and the Sikh Religion,*** page 67

124. ਡਾ. ਜਗਬੀਰ ਸਿੰਘ, ***ਬਾਣੀ ਸੰਸਾਰ***, ਪੰਨਾ 63

125. ਡਾ. ਹਰਭਜਨ ਸਿੰਘ, ***ਅਧਿਐਨ ਤੇ ਅਧਿਆਪਨ***, ਪੰਨਾ 17

126. ***ਗੁਰੂ ਗ੍ਰੰਥ ਸਾਹਿਬ***, ਪੰਨਾ 466

127. ਉਹੀ, ਪੰਨਾ 560

128. ਡਾ. ਜਗਬੀਰ ਸਿੰਘ, ***ਬਾਣੀ ਸੰਸਾਰ***, ਪੰਨਾ 45

129. ਡਾ. ਜੈ ਰਾਮਮਿਸ਼ਰ, ***ਨਾਨਕ ਬਾਣੀ***, ਪੰਨਾ 98

130. ਡਾ. ਪ੍ਰੇਮ ਪ੍ਰਕਾਸ਼ ਸਿੰਘ, ***ਗੁਰੂ ਨਾਨਕ ਤੇ ਨਿਰਗੁਣ ਧਾਰਾ***, ਪੰਨਾ 120

131. ***ਗੁਰੂ ਗ੍ਰੰਥ ਸਾਹਿਬ***, ਪੰਨਾ 466

132. ਉਹੀ, ਪੰਨਾ 467

133. ਉਹੀ, ਪੰਨਾ 852

134. ਉਹੀ, ਪੰਨਾ 466

135. ਉਹੀ, ਪੰਨਾ 466

136. ਉਹੀ, ਪੰਨਾ 466

137. ਉਹੀ, ਪੰਨਾ 83

138. ਉਹੀ, ਪੰਨਾ 466

139. ਉਹੀ, ਪੰਨਾ 466

140. ਡਾ. ਰਤਨ ਸਿੰਘ ਜੱਗੀ, ***ਗੁਰੂ ਨਾਨਕ ਦੀ ਵਿਚਾਰਧਾਰਾ***, ਪੰਨਾ 207

141. ਡਾ. ਮਹਿੰਦਰ ਕੌਰ ਗਿੱਲ, ***ਗੁਰੂ ਅਰਜਨ ਦੇਵ ਜੀਵਨ ਤੇ ਰਚਨਾ***, ਪੰਨਾ 223

142. ਡਾ. ਰਾਧਾ ਕ੍ਰਿਸ਼ਨ, ***ਭਗਵਤ ਗੀਤਾ***, ਪੰਨਾ 41

143. ***ਗੁਰੂ ਗ੍ਰੰਥ ਸਾਹਿਬ***, ਪੰਨਾ 463

144. ਉਹੀ, ਪੰਨਾ 921

145. ਉਹੀ, ਪੰਨਾ 511

146. ਉਹੀ, ਪੰਨਾ 514

147. ਉਹੀ, ਪੰਨਾ 510

148. ਉਹੀ, ਪੰਨਾ 707

149. ਉਹੀ, ਪੰਨਾ 652

150. ਉਹੀ, ਪੰਨਾ 643

151. ਉਹੀ, ਪੰਨਾ 312

152. ਉਹੀ, ਪੰਨਾ 323

153. ਉਹੀ, ਪੰਨਾ 313

154. ਉਹੀ, ਪੰਨਾ 300

155. ਉਹੀ, ਪੰਨਾ 920

156. ਡਾ. ਮਨਮੋਹਨ ਸਿੰਘ, ***ਭਾਈ ਵੀਰ ਸਿੰਘ ਦਾ ਦਾਰਸ਼ਨਿਕ ਵਿਸ਼ਲੇਸ਼ਣ***, ਪੰਨਾ 155

157. ਉਹੀ, ਪੰਨਾ 156

158. ਲੋਕਮਾਨ ਬਾਲ ਗੰਗਾਧਰ ਤਿਲਕ, ***ਗੀਤਾ ਰਹੱਸ***, ਪੰਨਾ 314

159. ਡਾ. ਮਨਮੋਹਨ ਸਿੰਘ, ***ਭਾਈ ਵੀਰ ਸਿੰਘ ਦਾ ਦਾਰਸ਼ਨਿਕ ਵਿਸ਼ਲੇਸ਼ਣ***, ਪੰਨਾ 158

160. ਉਹੀ, ਪੰਨਾ 41

161. ਉਹੀ, ਪੰਨਾ 41

162. ਭਾਈ ਕਾਨ੍ਹ ਸਿੰਘ ਨਾਭਾ, ***ਗੁਰਮਤਿ ਪ੍ਰਭਾਕਰ ਅੰਕ 552***, ਪੰਨਾ 399

163. ***ਗੁਰੂ ਗ੍ਰੰਥ ਸਾਹਿਬ***, ਪੰਨਾ 947

164. ਉਹੀ, ਪੰਨਾ 519

165. ਉਹੀ, ਪੰਨਾ 144

166. ਉਹੀ, ਪੰਨਾ 86

167. ਪ੍ਰਿੰ. ਤੇਜਾ ਸਿੰਘ, ***ਏ ਹਿਸਟਰੀ ਆਫ ਸਿਖਸ,*** ਪੰਨਾ 19

168. ***ਗੁਰੂ ਗ੍ਰੰਥ ਸਾਹਿਬ***, ਪੰਨਾ 510

169. ਉਹੀ, ਪੰਨਾ 524

170. ਉਹੀ, ਪੰਨਾ 522

171. ਡਾ. ਮਹਿੰਦਰ ਕੌਰ ਗਿੱਲ, ***ਗੁਰੂ ਅਰਜਨ ਦੇਵ ਜੀਵਨ ਤੇ ਰਚਨਾ***, ਪੰਨਾ 126

## ਅਧਿਆਇ ਚੌਥਾ

*

*

*

# ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦਾ ਸਭਿਆਚਾਰਕ ਅਤੇ ਲੋਕਧਾਰਕ ਪੱਖ

(ੳ) ਲੋਕਧਾਰਕ ਪੱਖ (ਲੋਕਯਾਨ ਸੰਬੰਧੀ ਤੱਤ)

(ਅ) ਸਭਿਆਚਾਰਕ ਰੂੜੀਆਂ ਤੇ ਸਾਂਝਾਂ ਸਭਿਆਚਾਰ

(ੲ) ਧਰਮ ਨਿਰਪੱਖਤਾ

(ਸ) ਸਭਿਆਚਾਰਕ ਤੇ ਆਦਰਸ਼ ਮਨੁੱਖ ਦੀ ਸਿਰਜਣਾ

(ਹ) ਨੈਤਿਕ ਤੇ ਸਦਾਚਾਰਕ ਜੀਵਨ-ਜਿੱਤ

# ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦਾ ਸਭਿਆਚਾਰਕ ਅਤੇ ਲੋਕਧਾਰਕ ਪੱਖ

ਸਭਿਆਚਾਰ ਅੰਗਰੇਜ਼ੀ ਸ਼ਬਦ ਕਲਚਰ ਦਾ ਪੰਜਾਬੀ ਅਨੁਵਾਦ ਹੈ, ਜਿਹੜਾ ਦੋ ਸ਼ਬਦਾਂ ਸਭਯ + ਅਚਾਰ ਦੇ ਮੇਲ ਤੋਂ ਬਣਿਆ ਹੈ। ਸਭਿਆ ਸ਼ਬਦ ਸਭਾ ਤੋਂ ਬਣਿਆ ਭਾਵ ਜਿਹੜੀ ਗੱਲ ਸਭਾ ਵਿਚ ਬੈਠ ਕੇ ਕੀਤੀ ਜਾ ਸਕੇ ਅਤੇ ਅਚਾਰ ਤੋਂ ਭਾਵ ਵਿਵਹਾਰ ਜਾਂ ਸਦਾਚਾਰਕ ਗੁਣ ਤੋਂ ਹੈ। ਇਸ ਤਰ੍ਹਾਂ ਸਭਿਆ + ਅਚਾਰ ਇਸ ਦਾ ਭਾਵ ਹੋਇਆ ਸਾਊ, ਸਾਫ ਅਤੇ ਸੁਥਰਾ ਵਿਹਾਰ। ਸਭਿਆਚਾਰ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਮਨੁੱਖ ਦੇ ਛੋਟੇ ਤੋਂ ਛੋਟੇ ਤੱਤਾਂ ਨਾਲ ਸਬੰਧ ਰਖੱਦਾ ਹੈ। ਇਹ ਉਨ੍ਹਾਂ ਦੇ ਆਦਰਸ਼ਾਂ ਦਾ ਸੰਗਠਨ ਹੈ ਜੋ ਜ਼ਿੰਦਗੀ ਵਿੱਚ ਅਸਲੀਅਤ ਬਣਕੇ ਵਿਚਰਦੇ ਹਨ ਅਤੇ ਜੀਵਨ ਨੂੰ ਸੇਧ ਦਿੰਦੇ ਹਨ। ਇਹ ਇਕ ਅਜਿਹੀ ਸ਼ਕਤੀ ਹੈ ਜਿਸ ਨੂੰ ਮਨੁੱਖ ਆਪਣੇ ਸੰਸਕਾਰ ਅਤੇ ਵਾਤਾਵਰਣ ਤੋਂ ਪ੍ਰਾਪਤ ਕਰਦਾ ਹੈ। ਅੰਗਰੇਜ਼ੀ ਵਿਚ ਕਲਚਰ ਸ਼ਬਦ ਪਾਲਣ ਪੋਸ਼ਣ ਨਾਲ ਸੰਬੰਧਤ ਹੈ। ਇਸ ਤਰ੍ਹਾਂ ਇਹ ਕਿਸੇ ਦੇਸ਼ ਜਾਂ ਸਮਾਜ ਦੀ ਸੰਸਕ੍ਰਿਤੀ ਜਾਂ ਸਭਿਆਚਾਰ ਹੈ। ਉੱਨਤੀ ਦਾ ਕਾਰਜ ਨਿਰੰਤਰ ਚਲਦਾ ਰਹਿੰਦਾ ਹੈ। ਸੰਸਕ੍ਰਿਤੀ ਸ਼ਬਦ ਵੀ ਲਗਭਗ ਇਸੇ ਭਾਵ ਦਾ ਸ਼ਬਦ ਹੈ। ਸਭਿਆਚਾਰ ਮਨੁੱਖ ਦੀ ਸਮਾਜਿਕ ਵਿਰਾਸਤ ਅਤੇ ਲੋੜਾਂ ਦਾ ਮਨੁੱਖ ਵਲੋਂ ਸਿਰਜਤ ਭਾਗ ਹੈ, ਜਿਸ ਵਿਚ ਵਿਹਾਰ ਦੇ ਸਾਰੇ ਰੂਪ ਸ਼ਾਮਿਲ ਹੁੰਦੇ ਹਨ, ਜੋ ਮਨੁੱਖ ਸਿਖਲਾਈ ਰਾਹੀਂ ਗ੍ਰਹਿਣ ਕਰਦਾ ਹੈ। ਕਈ ਵਿਦਵਾਨਾਂ ਨੇ ਤਾਂ ਥੋੜ੍ਹੇ ਵਿਚ ਹੀ ਗੱਲ ਮੁਕਾਈ ਹੈ ਕਿ ਸਭਿਆਚਾਰ ਵਿਅਕਤੀ ਅਤੇ ਸਮਾਜਕ ਦਾ ਪਰਸਪਰ ਅਧਾਰਤ ਸੰਬੰਧ ਹੈ। ਦੂਜੇ ਸ਼ਬਦਾਂ ਵਿਚ ਇਹ ਕਿਸੇ ਇਕ ਸਮਾਜਿਕ ਸਮੂਹ ਜਾਂ ਦੂਜਿਆਂ ਸਮਾਜਿਕ ਸਮੂਹਾਂ ਦੀ ਤੁਲਨਾ ਵਿਚ ਵੱਖਰਾ ਸਮਾਜਿਕ ਵਿਅਕਤੀਤਵ ਹੈ। ਸਭਿਆਚਾਰ ਕਿਸੇ ਮਾਨਵ ਸਮੂਹ ਦਾ ਉਹ ਰਾਹ ਦਾ ਢੰਗ ਹੈ ਅਰਥਾਤ ਜੀਵਨ ਮਾਰਗ ਹੈ, ਜੋ ਸੁਸਿਖਿਅਤ ਤੇ ਪ੍ਰਮਾਣਿਕ ਬਣ ਚੁੱਕਾ ਹੁੰਦਾ ਹੈ। ਉਸ ਨੂੰ ਹੋਰ ਲੋਕ ਪਛਾਣਦੇ ਤੇ ਪ੍ਰਵਾਨਦੇ ਹਨ। ਜੋ ਲਿਖਤਾਂ, ਕੋਮਲ ਕਲਾ,

ਸੰਗੀਤ, ਨ੍ਰਿਤ, ਨਾਟਕ ਅਤੇ ਬੁਤਕਾਰੀ, ਰਾਜਸੀ ਪ੍ਰਬੰਧ ਤੇ ਸਭਾਵਾਂ ਆਦਿ ਵਿਚ ਉਜਾਗਰ ਹੁੰਦਾ ਹੈ। ਅਠਾਰਵੀਂ ਸਦੀ ਤੋਂ ਇਕ ਵਿਚਾਰ ਹੋਰ ਪ੍ਰਚਲਤ ਹੋ ਗਿਆ ਹੈ ਕਿ ਕੋਈ ਸਮਾਜਿਕ ਸਮੂਹ ਜੋ ਅਧੀਨ ਜਾਂ ਸਵਤੰਤਰ ਹੋਵੇ, ਆਪਣਾ ਨਿਖੜਵਾਂ ਸਭਿਆਚਾਰ ਰੱਖਦਾ ਹੈ। ਸਭਿਆਚਾਰ ਆਪਣੇ ਆਪ ਵਿਚ ਇਕ ਜਟਿਲ ਸੰਕਲਪ ਹੈ। ਜਿਸ ਵਿਚ ਕਿਸੇ ਜਨ ਸਮੂਹ ਜਾਂ ਮਨੁੱਖੀ ਸਮਾਜ ਦੇ ਜੀਵਨ ਦੇ ਹਰ ਖੇਤਰ ਵਿਚਲੀਆਂ ਕਿਰਿਆਵਾਂ ਅਤੇ ਉਨ੍ਹਾਂ ਨੂੰ ਕਰਨ ਦੇ ਢੰਗ ਆ ਜਾਂਦੇ ਹਨ। ਸਭਿਆਚਾਰ ਦੇ ਕਲਾਵੇ ਵਿਚ ਜੀਵਨ ਦੇ ਸਾਰੇ ਖੇਤਰ ਆ ਜਾਂਦੇ ਹਨ। ਵਿਸ਼ਾਲ ਘੇਰੇ ਕਰਕੇ ਸਭਿਆਚਾਰ ਬਹੁਅਰਥਕ ਵੀ ਹੈ।

ਸਧਾਰਨ ਸ਼ਬਦਾਂ ਵਿਚ ਸਭਿਆਚਾਰ ਨੂੰ ਅੰਗਰੇਜ਼ੀ ਦੇ (calture) ਸ਼ਬਦ ਦਾ ਅਨੁਵਾਦ ਮੰਨਿਆ ਗਿਆ ਹੈ। ਇਸ ਨੂੰ ਆਮ ਭਾਰਤੀ ਬੋਲ-ਚਾਲ ਦੀ ਭਾਸ਼ਾ ਵਿਚ ਸੰਸਕ੍ਰਿਤੀ ਕਰਕੇ ਵੀ ਜਾਣਿਆ ਜਾਂਦਾ ਹੈ ਅਤੇ ਅਧਿਐਨ ਕੀਤਾ ਜਾਂਦਾ ਹੈ। ਸੰਸਕ੍ਰਿਤੀ ਦੇ ਕੌਸ਼ਿਕ ਅਰਥ ਹਨ ਪਰਿਸ਼ਕਾਰ, ਤਿਆਰੀ, ਪੂਰਨਤਾ, ਮਨੋਵਿਕਾਸ ਆਦਿ। ਪ੍ਰਸਿਧ ਮਾਨਵ ਵਿਗਿਆਨੀ ਬੀ. ਟਾਇਲਰ ਨੇ ਸਭਿਆਚਾਰ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ :

> ਸਭਿਆਚਾਰ ਉਹ ਜਟਿਲ ਸਮੂਹ ਹੈ ਜਿਸ ਵਿਚ ਗਿਆਨ, ਵਿਸ਼ਵਾਸ, ਕਲਾ ਨੈਤਿਕਤਾ, ਕਾਨੂੰਨ ਰੀਤੀ ਰਿਵਾਜ ਅਤੇ ਹੋਰ ਸਭ ਸਮਰੱਥਾਵਾਂ ਅਤੇ ਆਦਤਾਂ ਆ ਜਾਂਦੀਆਂ ਹਨ, ਜਿਹੜੀਆਂ ਮਨੁੱਖ, ਸਮਾਜ ਦੇ ਇਕ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ।[1]

ਅਮਰੀਕੀ ਮਾਨਵ ਵਿਗਿਆਨੀ ਕਰੋਬਰ ਤੇ ਕਲਕਹੌਨ ਨੇ ਸਭਿਆਚਾਰ ਦੀ ਪਰਿਭਾਸ਼ਾ ਕਰਦਿਆਂ ਕਿਹਾ ਕਿ "ਸਭਿਆਚਾਰ ਵਿਚ ਵਿਹਾਰ ਦੇ ਅਤੇ ਵਿਹਾਰ ਲਈ ਪ੍ਰਤੱਖ ਤੇ ਪਰੋਖ ਪੈਟਰਨ ਆ ਜਾਂਦੇ ਹਨ। ਜਿਹੜੇ ਪ੍ਰਤੀਕਾਂ ਰਾਹੀਂ ਗ੍ਰਹਿਣ ਕੀਤੇ ਜਾਂਦੇ ਹਨ ਅਤੇ ਦੂਜਿਆਂ ਤੱਕ ਪਹੁੰਚਾਏ ਜਾਂਦੇ ਹਨ। ਇਹ (ਪੈਟਰਨ) ਮਨੁੱਖੀ ਸਮੂਹਾਂ ਦੀ ਵਿਲੱਖਣ ਪ੍ਰਾਪਤੀ ਹੁੰਦੇ ਹਨ ਅਤੇ ਇਨ੍ਹਾਂ ਵਿਚ ਮਨੁੱਖੀ-ਸਿਰਜੀਆਂ ਵਸਤਾਂ ਵੀ ਆ ਜਾਂਦੀਆਂ ਹਨ, ਜਿਹੜੀਆਂ ਉਸ ਨੂੰ ਸਾਕਾਰ ਕਰਦੀਆਂ

ਹਨ।"[2]

ਇਸੇ ਤਰ੍ਹਾਂ ਸਭਿਆਚਾਰ ਬਾਰੇ ਵਰਨਣ ਕਰਦਿਆਂ ਪ੍ਰੋ. ਐਸ. ਪੀ. ਕਨਲ ਲਿਖਦਾ ਹੈ:

> ਉਹ ਕੀਮਤਾਂ ਤੇ ਕਦਰਾਂ ਜਿਨ੍ਹਾਂ ਨੂੰ ਅਸੀਂ ਸਖਸ਼ੀਅਤ ਜਾਂ ਸਮਾਜ ਦੀ ਉਨਤੀ ਤੇ ਪ੍ਰਫੁੱਲਤਾ ਲਈ ਸਭ ਤੋਂ ਉਤਮ ਸਮਝੀਏ ਉਹ ਸਾਡਾ ਸਭਿਆਚਾਰ ਹੈ।[3]

ਇਸੇ ਤਰ੍ਹਾਂ ਸੰਸਕ੍ਰਿਤੀ ਸ਼ਬਦ ਦੀ ਵਿਆਖਿਆ ਕਰਦਿਆਂ ਡਾ. ਹਜਾਰੀ ਪ੍ਰਸਾਦਿ ਦਿਵੇਦੀ ਲਿਖਦੇ ਹਨ:

> ਮਨੁੱਖ ਦੀਆਂ ਸ੍ਰੇਸ਼ਠ ਸਾਧਨਾਵਾਂ ਹੀ ਸੰਸਕ੍ਰਿਤੀ ਹਨ ਕਿਉਂਕਿ ਕਈ ਤਰ੍ਹਾਂ ਦੀਆਂ ਧਾਰਮਿਕ ਧਾਰਨਾਵਾਂ, ਕਲਾਤਮਕ ਯਤਨ ਤੇ ਸੇਵਾ, ਭਗਤੀ ਅਤੇ ਯੋਗਮੂਲਕ ਅਨੁਭੂਤੀਆਂ ਦੇ ਅੰਤਰ ਮਨੁੱਖ ਉਸ ਮਹਾਨ ਸੱਚ ਦੇ ਵਿਆਪਕ ਅਤੇ ਪੂਰਨ ਰੂਪ ਨੂੰ ਪ੍ਰਾਪਤ ਕਰਦਾ ਜਾ ਰਿਹਾ ਹੈ, ਜਿਸ ਨੂੰ ਅਸੀਂ ਸੰਸਕ੍ਰਿਤੀ ਕਹਿੰਦੇ ਹਾਂ। ਸਭਿਆਚਾਰ ਨੂੰ ਕਈ ਵਾਰ ਨਾਚ ਗਾਣਿਆਂ, ਕਲਾ ਤੇ ਨਾਟਕ ਚੇਟਕ ਤੱਕ ਹੀ ਸੀਮਤ ਕਰ ਦਿੱਤਾ ਜਾਂਦਾ ਹੈ। ਅਸਲ ਵਿਚ ਇਹ ਇਕ ਜੀਵਨ ਜਾਂਚ ਹੈ। ਇਸ ਵਿਚ ਬੋਲਣ ਢੰਗ, ਖੁਰਾਕ, ਪੁਸ਼ਾਕ, ਪਿਆਰ ਅਤੇ ਦੋਸਤੀ, ਸੁੰਦਰਤਾ, ਮਨ ਪਰਚਾਵਾ, ਖੇਡਾਂ ਅਤੇ ਰੁਝੇਵੇਂ ਗਿਆਨ ਦੀ ਭੁੱਖ ਅਤੇ ਜੀਵਨ ਦੇ ਅਰਥ ਆ ਜਾਂਦੇ ਹਨ। ਜਿਵੇਂ ਮਨੁੱਖ ਆਪਣਾ ਪ੍ਰਗਟਾਵਾ ਕਰਦਾ ਹੈ ਅਤੇ ਜਿਵੇਂ ਸਮਾਜ ਦੇ ਸਾਰੇ ਮਨੁੱਖ ਆਪੇ ਦਾ ਪ੍ਰਗਟਾਵਾ ਕਰਦੇ ਹਨ, ਉਹ ਸਭਿਆਚਾਰ ਹਨ।[4]

ਸਭਿਆਚਾਰ ਦਾ ਘੇਰਾ ਬਹੁਤ ਵਿਸ਼ਾਲ ਹੈ। ਇਸ ਵਿਚ ਵਿਚਰਦਿਆਂ ਮਨੁੱਖ ਦੀਆਂ ਆਦਤਾਂ, ਪਰਿਵਾਰਿਕ ਜੀਵਨ, ਪਹਿਰਾਵਾ, ਭੋਜਨ, ਰਹਿਣ ਸਹਿਣ, ਜਨਮ, ਵਿਆਹ, ਮਰਨ ਆਦਿ

ਖੁਸ਼ੀ-ਗ਼ਮੀ ਨਾਲ ਸੰਬੰਧਤ ਰੀਤੀ ਰਿਵਾਜ, ਮਨੋਰੰਜਨ ਢੰਗ ਸੁਹਜ ਕਲਾਵਾਂ ਧਾਰਮਿਕ ਜੀਵਨ ਜਾਂਚ ਆਦਿ ਸਭ ਕੁਝ ਆ ਜਾਂਦਾ ਹੈ।

ਸਭਿਆਚਾਰ ਤੇ ਧਰਮ ਦਾ ਆਪਸੀ ਗੂਹੜਾ ਰਿਸ਼ਤਾ ਹੈ। ਧਰਮ ਵਿਅਕਤੀ ਨਾਲ ਸੰਬੰਧਤ ਹੁੰਦਾ ਹੈ। ਵਿਅਕਤੀ ਸਮਾਜ ਵਿਚ ਵਿਚਰਦਾ ਹੈ। ਧਰਮ ਦਾ ਮਨੋਰਥ ਸਦਾ ਕਲਿਆਣਕਾਰੀ ਹੁੰਦਾ ਹੈ। ਇਹ ਕਲਿਆਣ ਵਿਅਕਤੀ ਅਤੇ ਸਮਾਜ ਦੋਨਾਂ ਲਈ ਜ਼ਰਰੀ ਹੁੰਦਾ ਹੈ। ਵਿਅਕਤੀ ਧਰਮ ਦੀਆਂ ਸਿਖਿਆਵਾਂ ਗ੍ਰਹਿਣ ਕਰਕੇ ਜਦੋਂ ਸਮਾਜ ਵਿਚ ਆਪਣਾ ਜੀਵਨ ਜਿਊਂਦਾ ਹੈ ਤਾਂ ਇਕ ਨਵੇਂ ਤਰ੍ਹਾਂ ਦਾ ਵਾਤਾਵਰਣ ਬਣਦਾ ਹੈ। ਇਹ ਚਲਣ ਜਾਂ ਵਾਤਾਵਰਣ ਉਸ ਦਾ ਸਭਿਆਚਾਰ ਬਣ ਜਾਂਦਾ ਹੈ। ਕਿਸੇ ਸਭਿਆਚਾਰ ਨੂੰ ਸਿਰਜਣ ਲਈ ਉਸ ਦੇ ਅੱਗੋਂ ਪ੍ਰਤੀਨਿਧ ਅੰਗ ਜਾਂ ਸੰਸਥਾਵਾਂ ਹੁੰਦੀਆਂ ਹਨ। ਇਹ ਸੰਸਥਾਵਾਂ ਜਾਂ ਅੰਗ ਹੀ ਕਿਸੇ ਚੰਗੇ ਜਾਂ ਮਾੜੇ ਸਭਿਆਚਾਰ ਦਾ ਨਿਰਮਾਣ ਕਰਦੇ ਹਨ। ਇਨ੍ਹਾਂ ਅੰਗਾਂ ਵਿਚ ਭਾਸ਼ਾ, ਕਲਾ, ਧਰਮ, ਜਾਦੂ, ਟੂਣਾ, ਵਿਆਹ, ਪਰਿਵਾਰ ਆਦਿ ਆ ਜਾਂਦੇ ਹਨ।

**ਲੋਕਧਾਰਕ ਪੱਖ (ਭਾਵ ਲੋਕਧਾਰਾ ਜਾਂ ਲੋਕਯਾਨ ਸੰਬੰਧੀ ਤੱਤ)**

**ਲੋਕਧਾਰਕ ਪੱਖ** :- ਲੋਕਧਾਰਾ ਅੰਗਰੇਜ਼ੀ ਦੇ ਸ਼ਬਦ ਫੋਕਲੋਰ (Folklore) ਦਾ ਸਮਾਨਾਰਥਕ ਹੈ। ਡਾ. ਵਣਜਾਰਾ ਬੇਦੀ ਨੇ ਫੋਕਲੋਰ ਦਾ ਪੰਜਾਬੀ ਸਮਾਨਾਰਥਕ ਸ਼ਬਦ ਲੋਕਧਾਰਾ ਵਰਤਿਆ ਹੈ। ਪੰਜਾਬੀ ਸਾਹਿਤ ਵਿਚ ਇਸ ਸ਼ਬਦ ਦੇ ਸਮਾਨਾਰਥਕ ਸ਼ਬਦ ਲੋਕਵੇਦ, ਲੋਕ ਪਰੰਪਰਾ, ਲੋਕ-ਵਿਰਸਾ ਅਤੇ ਲੋਕਯਾਂਨ ਆਦਿ ਵਰਤੇ ਗਏ ਹਨ। ਅਸਲ ਵਿਚ ਲੋਕਧਾਰਾ ਦਾ ਧੁਰਾ ਪਰੰਪਰਾ ਜਾਪਦਾ ਹੈ। ਪਰੰਪਰਾ ਨਾਲ ਮੇਲ ਤੋਂ ਬਿਨਾਂ ਲੋਕਧਾਰਕ ਪੱਖ ਜੀਵਤ ਨਹੀਂ ਰਹਿ ਸਕਦਾ। ਇਸ ਤਰ੍ਹਾਂ ਲੋਕਧਾਰਾ ਮਨੁੱਖ ਦੇ ਸਭਿਆਚਾਰਕ ਵਿਰਸੇ ਦਾ ਉਹ ਪੱਖ ਹੈ ਜਿਸ ਦੀਆਂ ਜੜ੍ਹਾਂ ਪੂਰਵ ਇਤਿਹਾਸਕ ਕਾਲ ਤਕ ਫੈਲੀਆਂ ਹੋਈਆਂ ਹਨ। ਲੋਕਧਾਰਾ ਮਾਨਵ-ਚੇਤਨਾ ਦਾ ਸਹਿਜ ਪ੍ਰਗਟਾਵਾ ਅਤੇ ਸਮਾਜਿਕ ਵਿਰਸੇ ਦਾ ਉਹ ਭਾਗ ਹੈ ਜਿਹੜਾ ਮਨੁੱਖ ਦੇ ਇਤਿਹਾਸ ਦੇ ਸਮਾਨੰਤਰ ਆਪਣੀ ਯਾਤਰਾ ਦਾ ਅਮਲ ਜਾਰੀ ਰੱਖਦਾ ਹੈ। ਲੋਕਧਾਰਾ ਇਕ ਸਹਿਜ ਵਰਤਾਰਾ ਹੈ। ਇਸ ਵਿਚ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਦੇ ਲੋਕ

ਮਨ ਦੇ ਦਰਸ਼ਨ-ਦੀਦਾਰੇ ਹੁੰਦੇ ਹਨ। ਇਹ ਅਨੇਕਾਂ ਪੈਟਰਨਾਂ ਵਿਚ ਪ੍ਰਗਟ ਹੁੰਦਾ ਹੈ। ਲੋਕਧਾਰਾ, ਲੋਕ ਮਾਨਸਿਕਤਾ ਦਾ ਮਹੱਤਵਪੂਰਣ ਸਭਿਆਚਾਰਕ ਵਿਰਸਾ ਹੁੰਦਾ ਹੈ ਤੇ ਇਸ ਵਿਰਸੇ ਵਿਚ ਲੋਕ-ਮਨ ਦੀ ਸਹਿਜ ਅਭਿਵਿਅਕਤੀ ਦੇ ਦਸਤਾਵੇਜ ਸੰਚਿਤ ਹੁੰਦੇ ਹਨ। ਇਹਨਾਂ ਦਸਤਾਵੇਜਾਂ ਵਿਚ ਸਾਡੇ ਮਾਨਸਿਕ ਸਮਾਜਿਕ ਤੇ ਸਭਿਆਚਾਰਕ ਪਾਸਾਰ ਸਮਾਏ ਹੋਏ ਹੁੰਦੇ ਹਨ। ਲੋਕਧਾਰਕ ਪੱਖ ਨੂੰ ਸਪਸ਼ਟ ਕਰਨ ਲਈ ਕੁਝ ਵਿਦਵਾਨਾਂ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਨੂੰ ਵਿਚਾਰਨਾ ਵਧੇਰੇ ਮੁਨਾਸਿਬ ਹੋਵੇਗਾ।

ਇਨਸਾਈਕਲੋਪੀਡੀਆ ਬਰਿਟੇਨਿਕਾ ਵਿਚ ਲੋਕਧਾਰਾ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ:

> ਫੋਕਲੋਰ ਆਮ ਲੋਕਾਂ ਦੇ ਪਰੰਪਰਾਗਤ ਵਿਸ਼ਵਾਸਾਂ, ਵਹਿਮਾਂ-ਭਰਮਾਂ, ਸਿਸ਼ਟਾਚਾਰਾਂ, ਰਸਮਾਂ-ਰੀਤਾਂ ਤੇ ਕਰਮਕਾਂਡਾਂ ਲਈ ਵਰਗਗਤ ਨਾਂ ਦੇ ਰੂਪ ਵਿਚ ਵਰਤਿਆ ਜਾਂਦਾ ਹੈ, ਜੋ ਆਦਿ-ਯੁਗ ਤੋਂ ਚਲੇ ਆ ਰਹੇ ਹਨ ਅਤੇ ਸਮਕਾਲੀ ਗਿਆਨ ਤੇ ਧਰਮ ਦੇ ਸਥਾਪਿਤ ਪੈਟਰਨਾਂ ਤੋਂ ਬਾਹਰ ਅਜੇ ਵੀ ਖੰਡਿਤ, ਸੁਧਰੇ ਪਰ ਨਿਸਬਤਨ ਬਦਲਦੇ ਰੂਪ ਵਿਚ ਆਧੁਨਿਕ ਯੁੱਗ ਤੀਕ ਦੀ ਹੋਂਦ ਕਾਇਮ ਰਖਦੇ ਹਨ।[5]

ਡਾ. ਵਣਜਾਰਾ ਬੇਦੀ ਦੇ ਅਨੁਸਾਰ:

> ਲੋਕਧਾਰਾ ਲੋਕ ਸੰਸਕ੍ਰਿਤੀ ਦਾ ਮੂਲ ਸੱਚ ਹੈ। ਇਸ ਨੂੰ ਪਰੋਖੇ ਰੱਖ ਕੇ ਕਿਸੇ ਵੀ ਸਾਹਿਤ ਦੇ ਬੁਨਿਆਦੀ ਚਰਿਤਰ ਦੀ ਪਛਾਣ ਸੌਖੀ ਨਹੀਂ। ਪੰਜਾਬੀ ਸਾਹਿਤ ਦੇ ਸਹਿਜ ਚਰਿਤਰ ਦੀ ਪਛਾਣ ਲਈ ਲੋਕਧਾਰਾ ਦਾ ਅਧਿਅਨ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ, ਕਿਉਂਕਿ ਪੰਜਾਬੀ ਸਾਹਿਤ ਤਾਂ ਮੌਲਿਆ, ਵਿਗਸਿਆ ਹੀ ਲੋਕਧਾਰਾ ਦੇ ਤੱਤਾਂ ਅਤੇ ਰੂੜ੍ਹੀਆਂ ਉੱਤੇ ਹੈ।[6]

ਡਾ. ਪਿਆਰਾ ਸਿੰਘ ਲਿਖਦੇ ਹਨ:

> ਫੋਕਲੋਕ ਕਿਸੇ ਵੀ ਜਾਤੀ ਦੀ ਸੰਸਕ੍ਰਿਤੀ ਦਾ ਉਹ ਅੰਗ ਹੈ ਜਿਸ ਵਿਚ ਇਸ ਦੇ ਘੜਨਹਾਰਿਆਂ ਦਾ ਅਲਿਖਤ ਇਤਿਹਾਸ, ਉਨ੍ਹਾਂ ਦੀਆਂ ਆਸ਼ਾਵਾਂ, ਨਿਰਾਸ਼ਾਵਾਂ, ਰੁਚੀਆਂ ਕਰੁਚੀਆਂ, ਵਿਸ਼ਵਾਸਾਂ ਭਰਮਾਂ, ਪ੍ਰਾਪਤੀਆਂ ਅਪ੍ਰਾਪਤੀਆਂ, ਰੜਕਾਂ ਅਰੜਕਾਂ, ਘੋਲਾਂ ਸੰਘਰਸ਼ਾਂ ਤੇ ਜ਼ਿੰਦਗੀ ਸੰਬੰਧੀ ਕਦਰਾਂ ਕੀਮਤਾਂ ਦੀ ਕਹਾਣੀ ਪ੍ਰਤਿਬਿੰਬਤ ਹੁੰਦੀ ਹੈ।[7]

ਲੋਕਯਾਨ ਬਾਰੇ ਡਾ. ਕਰਨੈਲ ਸਿੰਘ ਥਿੰਦ ਲਿਖਦੇ ਹਨ:

> ਲੋਕਯਾਨ (Folk lore) ਸਾਡੇ ਜੀਵਨ ਦੇ ਸਾਂਝੇ ਤਜਰਬਿਆਂ ਦਾ ਜ਼ਖ਼ੀਰਾ ਅਤੇ ਮਾਨਵ ਗਿਆਨ ਲਈ ਸੂਚਨਾ ਦਾ ਸਰੋਤ ਹੈ। ਲੋਕ ਸੰਸਕ੍ਰਿਤੀ ਦੇ ਭੰਡਾਰ ਇਥੇ ਉਪਲਬਧ ਹਨ। ਲੋਕਯਾਨ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਸਾਹਿਤ ਅਤੇ ਕਲਾ ਉੱਪਰ ਇਸ ਦਾ ਪ੍ਰਭਾਵ ਹੈ।[8]

ਸਭਿਆਚਾਰ ਅਤੇ ਲੋਕਧਾਰਾ ਦੇ ਉਪਰੋਕਤ ਅਧਿਐਨ ਤੋਂ ਇਕ ਗੱਲ ਇਹ ਦ੍ਰਿਸ਼ਟੀਮਾਨ ਹੁੰਦੀ ਹੈ ਕਿ ਇਹਨਾਂ ਦੋਹਾਂ ਦੀਆਂ ਹੱਦਾਂ ਇਕ ਦੂਜੇ ਵਿਚ ਘੁਲਦੀਆਂ ਮਿਲਦੀਆਂ ਹਨ। ਇਸ ਲਈ ਦੋਹਾਂ ਦਾ ਪਰਸਪਰ ਸੰਬੰਧ ਆਦਾਨ-ਪ੍ਰਦਾਨ ਉਤੇ ਆਧਾਰਿਤ ਹੈ। ਸਮੇਂ ਜਾਂ ਕਾਲ ਦੀ ਦ੍ਰਿਸ਼ਟੀ ਤੋਂ ਵੀ ਦੋਹਾਂ ਨੂੰ ਵੱਖਰਾ ਵੱਖਰਾ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦੋਹਾਂ ਦਾ ਆਪਸੀ ਰਿਸ਼ਤਾ ਗਿਆਨ ਦੇ ਸੰਚਾਰ ਦੀ ਪੱਧਰ ਉੱਪਰ ਵੀ ਇਕ ਦੂਜੇ ਨਾਲ ਬਰਾਬਰੀ ਉਤੇ ਲੈਣ-ਦੇਣ ਰੱਖਣ ਵਾਲੀਆਂ ਦੋ ਮੁਢਲੀਆਂ ਵਿਧੀਆਂ ਵਾਲਾ ਹੈ।

ਸਾਹਿਤ ਆਪਣੇ ਸਮੇਂ ਦੀਆਂ ਸਭਿਆਚਾਰਕ ਅਤੇ ਲੋਕਧਾਰਾਈ ਗਤੀਵਿਧੀਆਂ ਨਾਲ ਅਨਿੱਖੜ ਤੌਰ ਤੇ ਜੁੜਿਆ ਹੁੰਦਾ ਹੈ। ਸਾਹਿਤ ਆਪਣੇ ਪਾਤਰਾਂ ਨੂੰ ਸਮੇਂ ਦੀਆਂ ਸਮਾਜਿਕ, ਸਭਿਆਚਾਰਕ ਅਤੇ ਲੋਕਧਾਰਾਈ ਕੀਮਤਾਂ ਵਿਚੋਂ ਉਸਾਰ ਕੇ ਪੇਸ਼ ਕਰਦਾ ਹੈ। ਗੁਰੂ ਗ੍ਰੰਥ ਸਾਹਿਬ

ਵਿਚਲੀ ਅਧਿਆਤਮਕ ਵਾਰਾਂ ਵਿਚਲਾ ਚਿਤ੍ਰਣ ਲੋਕ-ਜੀਵਨ ਨਾਲ ਇਕ ਰਿਸ਼ਤਾ ਬਣਾਈ ਰੱਖਦਾ ਹੈ। ਇਸ ਅਧਿਆਇ ਵਿਚ ਇਹਨਾਂ ਵਾਰਾਂ ਦੇ ਸਭਿਆਚਾਰਕ ਅਤੇ ਲੋਕ-ਧਾਰਾਈ ਪੱਖ ਦਾ ਅਧਿਐਨ ਕਰਨਾ ਸਾਡਾ ਵਿਸ਼ੈ-ਖੇਤਰ ਹੈ। ਜਿਸ ਨੂੰ ਹੇਠ ਲਿਖੇ ਪੱਖਾਂ ਅਨੁਸਾਰ ਵਿਚਾਰਿਆ ਜਾਵੇਗਾ।

(ੳ) ਸਭਿਆਚਾਰਕ ਰੂੜ੍ਹੀਆਂ ਤੇ ਸਾਂਝਾ ਸਭਿਅਚਾਰ

(ਅ) ਧਰਮ-ਨਿਰਪੱਖਤਾ

(ੲ) ਸਭਿਆਚਾਰਕ ਆਦਰਸ਼ ਮਨੁੱਖ ਦੀ ਸਿਰਜਣਾ

(ਸ) ਨੈਤਿਕ ਤੇ ਸਦਾਚਾਰਕ ਜੀਵਨ-ਜਾਚ

**(ੳ) ਸਭਿਆਚਾਰਕ ਰੂੜ੍ਹੀਆਂ ਤੇ ਸਾਂਝਾ ਸਭਿਆਚਾਰ**

ਸਭਿਆਚਾਰ ਤੇ ਲੋਕਧਾਰਕ ਪੱਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਵਾਰਾਂ ਦਾ ਅਧਿਐਨ ਕਰਦੇ ਹਾਂ ਤਾਂ ਬੜੀਆਂ ਵਿਲੱਖਣ ਲੱਭਤਾਂ ਦ੍ਰਿਸ਼ਟੀਮਾਨ ਹੁੰਦੀਆਂ ਹਨ। ਵਾਰਾਂ ਦੇ ਇਸ ਖੇਤਰ ਵਿਚ ਵੱਖਰੀ ਤੇ ਵਿਲਖਣ ਵਿਸ਼ੇਸ਼ਤਾ ਇਹ ਹੈ ਕਿ ਜਿਥੇ ਇਸ ਵਿਚੋਂ ਸਾਨੂੰ ਸਮਕਾਲੀ ਸਭਿਆਚਾਰ ਦੀਆਂ ਝਲਕੀਆਂ ਮਿਲਦੀਆਂ ਹਨ ਉਥੇ ਇਕ ਚੰਗੇ ਮਨੁੱਖ, ਚੰਗੇ ਸਮਾਜ ਦਾ ਕਿਹੋ ਜਿਹਾ ਸਭਿਆਚਾਰ ਹੋਣਾ ਚਾਹੀਦਾ ਹੈ, ਬਾਰੇ ਵੀ ਸਾਕਾਰਾਤਮਕ ਨਿਰਦੇਸ਼ ਦਿੱਤੇ ਗਏ ਮਿਲਦੇ ਹਨ। ਗੁਰੂ ਵਾਰਕਾਰਾਂ ਦੇ ਸਾਹਮਣੇ ਮਨੁੱਖ ਤੇ ਮਨੁੱਖੀ ਸਮਾਜ ਹੀ ਮੁੱਖ ਚਿੰਤਨ ਤੇ ਚੇਤਨ ਬਿੰਦੂ ਹੈ। ਮਨੁੱਖ ਦਾ ਚੱਜ-ਅਚਾਰ, ਰਹਿਣ-ਸਹਿਣ, ਖਾਣ-ਪੀਣ, ਬੋਲਣ ਸੁਣਨ ਤੇ ਦੇਖਣ, ਮਨੁੱਖ ਦਾ ਸਮਾਜ ਨਾਲ ਸਾਂਝਾ ਸਰੂਪ ਅਤੇ ਮਨੋਰੰਜਕ ਕਲਾਵਾਂ ਭਾਵ ਮਨੁੱਖ ਦੇ ਸਾਰੇ ਪੱਖਾਂ (ਮੌਤ ਤੋਂ ਜਨਮ ਤੱਕ) ਆਦਿ ਸਭ ਕੁਝ ਬਾਰੇ ਇਹਨਾਂ ਵਾਰਾਂ ਵਿਚ ਭਰਪੂਰ ਚਰਚਾ ਤੇ ਵਿਆਖਿਆ ਕੀਤੀ ਗਈ ਹੈ।

ਸਮਕਾਲੀ ਸਭਿਆਚਾਰ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਵਾਰਾਂ ਦਾ ਸੂਖਮ ਅਧਿਐਨ ਕਰਦਿਆਂ ਇਕ ਗੱਲ ਸਹਿਜੇ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਉਸ ਸਮੇਂ ਭਾਰਤ ਵਿਚ ਇਕ ਨਹੀਂ ਸਗੋਂ ਵਿਭਿੰਨ ਸਭਿਆਚਾਰ ਪ੍ਰਚਲਤ ਸਨ। ਇਹ ਸਭਿਆਚਾਰਕ ਵੱਖਰਤਾ ਲੋਕਾਂ ਦੇ ਧਰਮਾਂ ਅਤੇ ਇਲਾਕਿਆਂ ਕਰਕੇ ਸੀ। ਧਰਮ ਦੇ ਨਜ਼ਰੀਏ ਤੋਂ ਹਿੰਦੂ, ਬੋਧੀ, ਜੈਨੀ, ਮੁਸਲਮਾਨ ਆਦਿ

ਵੱਖੋ-ਵੱਖਰੇ ਸਭਿਆਚਾਰ ਪ੍ਰਚਲਤ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਵਾਰਾਂ ਵਿਚੋਂ ਉਸ ਸਮੇਂ ਦੇ ਸਮਾਜਿਕ, ਧਾਰਮਿਕ, ਆਰਥਿਕ ਅਤੇ ਸਭਿਆਚਾਰਕ ਤੱਤਾਂ ਦੀ ਭਰਪੂਰ ਵਿਆਖਿਆ ਹੋਈ ਮਿਲਦੀ ਹੈ, ਜਿਨ੍ਹਾਂ ਵਿਚ ਉਸ ਸਮੇਂ ਦੀ ਰਹਿਣੀ ਬਹਿਣੀ, ਲੋਕਾਂ ਦੇ ਮੂਲ ਸੁਭਾਅ ਅਤੇ ਮਾਨਸਿਕਤਾ, ਉਪਜੀਵਕਾ ਦੇ ਸਾਧਨ, ਅਥਵਾ ਪਦਾਰਥਕ ਵਸੀਲੇ ਤੇ ਕਾਰ ਵਿਹਾਰ, ਧਾਰਮਕ ਤੇ ਸਦਾਚਾਰਕ ਕੀਮਤਾਂ ਵਿਸ਼ਵਾਸ, ਰਸਮੋ ਰਿਵਾਜ ਅਤੇ ਲੋਕ ਧੰਦੇ ਆਦਿ ਸਭ ਸਾਮਿਲ ਹਨ ਜਿਹਨਾਂ ਦਾ ਜ਼ਿਕਰ ਸਮਾਜਿਕ ਧਰਾਤਲ ਤੋਂ ਹੁੰਦਾ ਹੋਇਆ ਪਾਰਲੌਕਿਕ ਪਰਮਾਰਥਕ ਧਰਾਤਲ ਨਾਲ ਜਾ ਜੁੜਦਾ ਹੈ। ਇਹ ਸਮਾਜਿਕ ਰਹਿਤਲ ਵਾਲੀ ਤਾਤਵਿਕ ਸਮੱਗਰੀ ਕਈ ਲੋਕਧਾਰਾਈ ਅੰਸ਼ਾਂ ਤੇ ਵੀ ਅਧਾਰਤ ਹੈ ਜਿਵੇਂ ਪੌਰਾਣਿਕ ਕਥਾਵਾਂ, ਲੋਕ-ਧਰਮ ਅਤੇ ਲੋਕ ਵਿਸ਼ਵਾਸ ਆਦਿ।

ਇਹਨਾਂ ਵਾਰਾਂ ਵਿਚ ਸਾਂਝੇ ਸਭਿਆਚਾਰ ਅਤੇ ਸਭਿਆਚਾਰਕ-ਰੂੜ੍ਹੀਆਂ ਦੇ ਤਿੰਨ ਪੱਖ ਉਭਰਦੇ ਦਿਖਾਈ ਦਿੰਦੇ ਹਨਃ ਪ੍ਰਤਿਮਾਨਕ ਸਭਿਆਚਾਰ, ਪਦਾਰਥਕ ਸਭਿਆਚਾਰ ਤੇ ਬੌਧਿਕ ਸਭਿਆਚਾਰ।

ਪ੍ਰਤਿਮਾਨਕ ਸਭਿਆਚਾਰਃ- ਸਭਿਆਚਾਰ ਦਾ ਉਹ ਅੰਗ ਹੈ ਜਿਸ ਵਿਚ ਮਨੁੱਖੀ ਵਿਵਹਾਰ ਲਈ ਪ੍ਰਤਿਮਾਨ ਸਥਾਪਿਤ ਕੀਤੇ ਗਏ ਹਨ ਅਰਥਾਤ ਮਨੁੱਖੀ ਵਿਵਹਾਰ ਨਿਯਮਿਤ ਕੀਤਾ ਗਿਆ ਹੈ। ਇਸ ਵਿਚ ਇਸਤਰੀ ਦਾ ਸਥਾਨ, ਸਤੀ ਪ੍ਰਥਾ, ਹਾਰ-ਸ਼ਿੰਗਾਰ, ਸੂਤਕ-ਪਾਤਕ ਤੋਂ ਇਲਾਵਾ ਚਾਰ ਵਰਨਾਂ ਦਾ ਵਿਧਾਨ, ਮੂਰਤੀ-ਪੂਜਾ,ਦਾਨ-ਪੁੰਨ, ਤੀਰਥ-ਕਟਕ, ਇਸਨਾਨ-ਸੰਸਕਾਰ, ਨਿਮਾਜ਼, ਕਲਮਾ, ਸੁੰਨਤ, ਹੱਜ, ਕਾਫੀ, ਸੁੱਚ-ਭਿੱਟ ਤੇ ਚੌਕਾਕਾਰ ਆਦਿ ਦੇ ਨਕਾਰਾਤਮਕ ਪੱਖ ਨੂੰ ਵਿਚਾਰਦੇ ਹੋਏ ਸਾਕਾਰਾਤਮਕ ਪੱਖ ਨੂੰ ਦ੍ਰਿੜਾਇਆ ਹੈ ਭਾਵ ਧਰਮ-ਉਪਦੇਸ਼ ਦੇ ਅਰਥ ਤੇ ਕਰਮ-ਕਾਂਡਾਂ ਦੀ ਨਿਖੇਧੀ, ਧਾਰਮਿਕ ਫਲਸਫ਼ੇ ਨੂੰ ਸਭਿਆਚਾਰਕ ਧਰਾਤਲ ਤੇ ਚਿੰਤਨ ਦੇ ਮਾਮਲੇ ਨੂੰ ਸਪਸ਼ਟ ਕਰਦੇ ਹਨ।

ਪਦਾਰਥਕ ਸਭਿਆਚਾਰ :- ਮਨੁੱਖੀ ਸੁਵਿਧਾ, ਖੁਸ਼ੀ, ਤਰੱਕੀ ਅਤੇ ਚੜ੍ਹਦੀ ਕਲਾ ਲਈ

ਲੋੜੀਂਦੀਆਂ ਸਭ ਪਦਾਰਥਕ ਵਸਤਾਂ ਨੂੰ ਇਸ ਵਿਚ ਸ਼ਾਮਿਲ ਕਰ ਸਕਦੇ ਹਾਂ। ਗੁਰੂ ਗ੍ਰੰਥ ਸਾਹਿਬ ਵਿਚਲੀਆਂ ਇਹਨਾਂ ਵਾਰਾਂ ਵਿਚ ਸਮਾਜਿਕ-ਯਥਾਰਥ ਦੇ ਸਭਿਆਚਾਰ ਦੇ ਤਹਿਤ ਮਨੁੱਖ ਦੀ ਨਵੀਂ ਘਾੜਤ ਘੜਨ ਦਾ ਯਤਨ ਕੀਤਾ ਗਿਆ ਹੈ। ਹੱਕ-ਹਲਾਲ ਦੀ ਕਿਰਤ ਕਰਕੇ ਘੱਟ ਤੋਂ ਘੱਟ ਪਦਾਰਥਕ ਖੱਪਤ ਰਾਹੀਂ ਚੰਗੇ ਗੁਣਾਂ ਦੀ ਧਾਰਨੀ ਵਾਲਾ ਜੀਵਨ ਅਪਣਾ ਕੇ ਜੀਵਨ-ਪੱਧਰ ਤੋਂ ਉੱਚਾ ਚੁੱਕਣ ਦੀ ਪ੍ਰੇਰਨਾ ਇਹਨਾਂ ਵਾਰਾਂ ਦੇ ਕਲੇਵਰ ਵਿਚ ਸਮਾਈ ਹੋਈ ਹੈ।

ਬੌਧਿਕ ਸਭਿਆਚਾਰ :- ਇਸ ਵਿਚ ਸਭ ਵਿਚਾਰ, ਵਤੀਰੇ ਤੇ ਵਿਸ਼ਵਾਸ ਆਦਿ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਬੌਧਿਕ-ਸਭਿਆਚਾਰ ਦਾ ਆਧਾਰ ਗਿਆਨ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਵਿਚ ਮਨੁੱਖ ਨੂੰ ਬੌਧਿਕ ਪੱਧਰ ਤੇ ਖੜਾ ਕਰਕੇ ਸਮਾਜਿਕ ਗਤੀਸ਼ੀਲਤਾ ਦੀ ਨਿਰੰਤਰਤਾ ਨੂੰ ਸਾਰਥਕ ਠਹਿਰਾਉਣ ਅਤੇ ਸਮਾਜਮੂਲਕ ਸਾਰਥਕਤਾ ਦੀ ਚੇਤੰਨਤਾ ਨਾਲ ਜੋੜਿਆ ਹੈ।

ਗੁਰਬਾਣੀ ਤਾਂ ਆਤਮ-ਬਾਣੀ ਤੇ ਲੋਕ-ਪ੍ਰਿਯ ਬਾਣੀ ਹੈ ਜੋ ਮਾਨਵ ਜਾਤੀ ਦੇ ਅਨੇਕ-ਰੂਪਾਂ ਵਿਚ ਵਿਤਕਰਾ ਨਹੀਂ ਕਰਦੀ ਸਗੋਂ ਇਕ ਸਾਂਝੇ ਸਭਿਆਚਾਰ ਵਲ ਰੁਚਿਤ ਹੈ। ਇਹ ਵਾਰਾਂ ਵੀ ਗੁਰਬਾਣੀ ਦਾ ਇਕ ਅਮੁੱਲਾ ਅੰਗ ਹਨ ਜਿਹਨਾਂ ਵਿਚ ਸਭਿਆਚਾਰਕ ਧਰਾਤਲ ਤੇ ਕੋਈ ਪੱਖਪਾਤ ਨਹੀਂ, ਕੋਈ ਵਿਤਕਰਾ ਨਹੀਂ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥[੭]

ਧਰਮ ਦੇ ਨਜ਼ਰੀਏ ਤੋਂ ਹਿੰਦੂ, ਬੋਧੀ, ਮੁਸਲਮਾਨ ਆਦਿ ਵੱਖੋ-ਵੱਖਰੇ ਸਭਿਆਚਾਰ ਪ੍ਰਚਲਤ ਸਨ। ਭਾਰਤੀ ਧਰਮਾਂ ਦਾ ਸਭਿਆਚਾਰ ਭਾਵੇਂ ਇਕ ਸੀ, ਪਰ ਸਭਿਆਚਾਰ ਵਿਚ ਪ੍ਰਚਲਤ ਕਾਰਜ ਢੰਗ ਵੱਖੋ ਵੱਖਰੇ ਸਨ। ਮੁਸਲਮਾਨੀ ਸਭਿਆਚਾਰ ਵਿਚ ਭਾਰਤੀ ਪ੍ਰਭਾਵ ਤਾਂ ਸੀ ਪਰ ਫਿਰ ਵੀ ਭਿੰਨਤਾ ਜ਼ਰੂਰ ਸੀ। ਹਿੰਦੂ ਧਰਮ ਦੇ ਸਰੂਪ ਵਾਂਗ ਇਸ ਦੇ ਸਭਿਆਚਾਰ ਦੀਆਂ ਮਾਨਤਾਵਾਂ ਵੀ ਬੜੀਆਂ ਅਸਪਸ਼ਟ ਤੇ ਧੁੰਦਲੀਆਂ ਸਨ। ਹਿੰਦੂ ਸਭਿਆਚਾਰ ਵਿਚ, ਬਹੁਵੇਦ, ਕਈ ਪਰਸਪਰ ਵਿਰੋਧੀ ਕਿਰਿਆਵਾਂ ਸ਼ਾਮਿਲ ਸਨ। ਦੇਵੀ ਦੇਵਤਿਆਂ ਦੀ ਸੰਖਿਆ ਕਰੋੜਾਂ ਵਿਚ ਸੀ। ਪੂਜਾ ਵਿਧੀਆਂ

ਅਣਗਿਣਤ ਸਨ। ਕਰਮ ਕਾਂਡ ਹਿੰਦੂ ਧਰਮ ਦੀ ਰਗ ਰਗ ਵਿਚ ਰਚਿਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਨੇ ਇਹਨਾਂ ਜਟਿਲ ਤੰਦਾਂ ਨੂੰ ਇਉਂ ਸੁਲਝਾਇਆ ਹੈ:

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ॥
ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ॥
ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮੁ ਕਰਤਾਰੁ॥
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ॥[10]

ਮਧਕਾਲੀ ਸਮਾਜ ਵਿਚ ਇਸਤਰੀ ਦੀ ਹਾਲਤ ਬਹੁਤ ਨਿਘਰੀ ਹੋਈ ਸੀ। ਪਰੰਤੂ ਗੁਰੂ ਕਵੀਆਂ ਨੇ ਸਮਾਜ, ਧਰਮ, ਘਰ ਤੇ ਮਨੁੱਖ ਨੂੰ ਖੁਸ਼ੀਆਂ ਦੇਣ ਦਾ ਧੁਰਾ ਭਾਵ ਔਰਤ ਨੂੰ ਆਪਣੇ ਧਾਰਮਿਕ ਪ੍ਰਵਚਨਾਂ ਰਾਹੀਂ ਅਤਿਅੰਤ ਸਤਿਕਾਰ ਦਿੱਤਾ ਤੇ ਉਸ ਦੀ ਵਡਿਆਈ ਕੀਤੀ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ  ਜਿਤੁ ਜੰਮਹਿ ਰਾਜਾਨ॥[11]

ਉਸ ਸਮੇਂ ਦੇ ਸਮਾਜ ਵਿਚ ਸਤੀ ਦੀ ਰਸਮ ਵੀ ਚਰਮ ਸੀਮਾ ਤੇ ਸੀ। ਗੁਰੂ ਸਾਹਿਬਾਨਾਂ ਨੇ ਸਤੀ ਪ੍ਰਥਾ ਜਿਹੀ ਅਪਰਾਧਕ, ਭਿਅੰਕਰ, ਹੌਲਨਾਕ ਅਤੇ ਘਿਨਾਉਣੀ ਪ੍ਰਥਾ ਦਾ ਵਿਰੋਧ ਕੀਤਾ ਤੇ ਇਸ ਸਥਿਤੀ ਨੂੰ ਅਧਿਆਤਮਕ ਪ੍ਰਵਿਰਤੀ ਨਾਲ ਜੋੜ ਕੇ ਇਸ ਨੂੰ ਸੁਧਾਰਨ ਲਈ ਸਾਰਥਿਕ ਵਿਚਾਰ ਪੇਸ਼ ਕੀਤੇ:

ਸਤੀਆ ਏਹਿ ਨ ਆਖੀਅਨਿ  ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ  ਜਿ ਬਿਰਹੇ ਚੋਟ ਮਰੰਨਿ॥[12]

ਸਭਿਆਚਾਰ ਵਿਚ ਵੇਸ-ਭੂਸਾ, ਹਾਰ ਸ਼ਿੰਗਾਰ ਅਤੇ ਖਾਣ-ਪਹਿਣਨ ਦੀ ਇਕ ਆਪਣੀ ਹੀ

ਵਿਲੱਖਣਤਾ ਹੁੰਦੀ ਹੈ। ਵਾਰਾਂ ਵਿਚ ਇਹ ਸਾਡੇ ਅਨੁਭਵ ਪਰੀਚਿਤ ਚਿਹਨ ਹਨ ਜੋ ਸਥਾਨਕਤਾ ਨੂੰ ਮਹੱਤਵ ਦੇਂਦੇ ਹਨ ਪਰੰਤੂ ਇਨ੍ਹਾਂ ਚਿਹਨਾਂ ਦੀ ਵਿਉਂਤ ਸਭਿਆਚਾਰ ਅਤੇ ਪ੍ਰਮਾਤਮਾ ਦੇ ਪਰਸਪਰ ਸੰਬੰਧਾਂ ਵਲ ਅਗਰਸਰ ਹੈ:

ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ।।
ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ।।
ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ।।[13]

ਗੁਰਬਾਣੀ ਅਨੁਸਾਰ ਦੋ ਜੀਵਾਂ ਦੇ ਸਰੀਰਕ ਜੋੜਾਂ ਨੂੰ ਹੀ ਪਤੀ ਪਤਨੀ ਨਹੀਂ ਆਖਿਆ ਜਾ ਸਕਦਾ ਸਗੋਂ ਪਤੀ-ਪਤਨੀ ਦੀ ਆਤਮਕ ਤੌਰ ਤੇ ਇਕਸੁਰਤਾ ਤੇ ਇਕ ਜੋਤ ਹੋਣਾ ਹੀ ਜ਼ਰੂਰੀ ਹੈ।

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।।
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।।[14]

ਵਾਰਾਂ ਵਿਚ ਹਾਰ ਸਿੰਗਾਰ ਦਾ ਜ਼ਿਕਰ ਵੀ ਆਉਂਦਾ ਹੈ ਪਰੰਤੂ ਇਹ ਸਭਿਆਚਾਰ ਤੇ ਨਿਰਾ ਦੁਨਿਆਵੀ ਪੱਧਰ ਦਾ ਨਹੀਂ ਸਗੋਂ ਪਰਮਾਤਮਾ ਦੀ ਖੁਸ਼ੀਆਂ ਪ੍ਰਾਪਤ ਕਰਨ ਦਾ ਰਾਹ ਹੈ:

ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾਂ ਕੰਤੁ ਮਨਾਇ।।
ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ।।[15]

ਵਾਰਾਂ ਵਿਚਲੇ ਬਿੰਬਾਂ ਦਾ ਖੇਤਰ ਇਕ ਪਾਸੇ ਭੌਤਿਕਤਾ ਭਾਵ ਤਤਕਾਲੀ ਸਮਾਜਿਕ ਜੀਵਨ ਦੇ ਪਹਿਰਾਵੇ, ਰਹਿਣ-ਸਹਿਣ, ਖਾਣ-ਪੀਣ, ਬੋਲੀ, ਨੈਤਿਕ ਕਦਰਾਂ-ਕੀਮਤਾਂ ਤੇ ਸਭਿਆਚਾਰ ਨਾਲ ਸਾਡੀ ਪਹਿਚਾਣ ਕਰਵਾਉਂਦਾ ਹੈ ਤੇ ਦੂਜੇ ਪਾਸੇ ਪਰਾਭੌਤਿਕਤਾ ਤਕ ਵਿਆਪਕ ਹੁੰਦਾ ਹੋਇਆ ਵੀ ਸਧਾਰਣ ਗੱਲਾਂ ਬਾਰੇ ਗਿਆਨ ਕਰਵਾ ਦੇਂਦਾ ਹੈ।

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।।[16]

ਗੁਰੂ ਗ੍ਰੰਥ ਸਾਹਿਬ ਵਿਚਲੀ ਵਾਰਾਂ ਵਿਚ ਅਧਿਆਤਮਕਤਾ ਦੇ ਨਾਲ ਮੱਧਕਾਲੀਨ ਭਾਰਤ ਦੇ ਸਮਾਜਿਕ ਅਤੇ ਸਭਿਆਚਾਰਕ ਸਰੋਕਾਰਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਉਸ ਸਮੇਂ ਦੀਆਂ ਅਨੇਕਾਂ

ਸਮਾਜਿਕ ਕੁਰੀਤੀਆਂ ਦਾ ਜ਼ਿਕਰ ਕੀਤਾ ਮਿਲਦਾ ਹੈ। ਸਮਾਜਿਕ ਕੁਰੀਤੀਆਂ ਵਿਚ ਸੂਤਕ ਸੰਬੰਧੀ ਵਹਿਮ ਬਾਰੇ ਗੁਰੂ ਸਾਹਿਬਾਨਾਂ ਨੇ ਤਰਕਾਤਮਕ ਪੱਧਰ ਤੇ ਚਰਚਾ ਕੀਤੀ ਹੈ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥[17]

ਅਸਲ ਵਿਚ ਇਨ੍ਹਾਂ ਪੁਰਾਤਨ ਮਿਸਾਲਾਂ ਨੂੰ ਲੈ ਕੇ ਲੋਕਾਂ ਵਿਚ ਦੁਹਰਾਏ ਜਾਣ ਦਾ ਮੰਤਵ ਹੀ ਨਾਇਕ ਦੇ ਜੀਵਨ ਨੂੰ ਅਪਨਾਉਣ ਅਤੇ ਪ੍ਰਤੀਨਾਇਕ ਦੇ ਜੀਵਨ ਨੂੰ ਤਿਆਗ ਦੇਣ ਦੀ ਵਿਵੇਕ ਪੂਰਣ ਪ੍ਰੇਰਨਾ ਦਿੱਤੀ ਹੈ:

ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ॥
ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥
ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥
ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥
ਰੋਵਹਿ ਪਾਂਡਵ ਭਏ ਮਜੂਰ॥ ਜਿਨ ਕੈ ਸੁਆਮੀ ਰਹਤ ਹਦੂਰਿ॥[18]

ਗੁਰੂ ਕਵੀਆਂ ਅਨੁਸਾਰ ਅਵਤਾਰ ਜਾਂ ਇਹ ਨਾਇਕ ਮਾਨਸ ਜਨਮ ਵਿਚ ਆਕੇ ਅਵਤਾਰ ਧਾਰ ਕੇ ਲੋਕਾਂ ਲਈ ਇਕੋ ਵਿਸ਼ੇਸ਼ ਸੰਦੇਸ਼ ਲਿਆਉਂਦੇ ਹਨ। ਇਹ ਅਵਤਾਰ ਜਾਂ ਨਾਇਕ ਲੋਕਾਂ ਵਾਂਗ ਹੀ ਦੁਖ ਸੁਖ ਵਿਚ ਰਹਿੰਦੇ ਹਨ ਜਾਂ ਜੀਵਨ ਦੀਆਂ ਹਕੀਕਤਾਂ ਦਾ ਸਾਹਮਣਾ ਉਹ ਵੀ ਮਨੁੱਖ ਵਾਂਗ ਹੀ ਕਰਦੇ ਹੋਏ ਵਿਜਈ ਹੁੰਦੇ ਹਨ। ਸ੍ਰੀ ਰਾਮ ਚੰਦਰ ਦੇ ਸੀਤਾ ਤੇ ਲਛਮਣ ਦੇ ਵਿਛੋੜੇ ਵਿਚ ਝੂਰਣ ਦਾ ਉਲੇਖ ਹੈ। ਗੁਰੂ ਸਾਹਿਬਾਨ ਇਨ੍ਹਾਂ ਦੇਵਤਿਆਂ ਜਾਂ ਅਵਤਾਰਾਂ ਦੇ ਉਲੇਖ ਲੋਕਾਂ ਅਤੇ ਅਵਤਾਰਾਂ ਵਿਚਲੀ ਅਸਧਾਰਣਤਾ ਨੂੰ ਮੇਟਦੇ ਹਨ। ਉਨ੍ਹਾਂ ਦਾ ਉਦੇਸ਼ ਕਿਸੇ ਨਾਇਕ ਦੇ ਗੁਣ ਔਗੁਣ ਤੋਂ ਪਰਦਾ

ਫਾਸ਼ ਕਰਨ ਦਾ ਨਹੀਂ ਸਗੋਂ ਸਮੂਹਿਕ ਅਵਚੇਤਨ ਇਸ ਪ੍ਰਤੀ ਸੁਚੇਤ ਕਰਨ ਤੋਂ ਹੈ ਕਿ ਕੋਈ ਨਾਇਕ ਦੇਵੀ ਦੇਵਤਾ, ਅਵਤਾਰ ਜਾਂ ਮਹਾਂਪੁਰਸ ਕਿੰਨਾਂ ਵੀ ਵੱਡਾ ਕਿਉਂ ਨਾ ਹੋ ਜਾਵੇ ਉਸ ਦੀਆਂ ਭਾਵਨਾਵਾਂ ਮਨੁੱਖ ਵਾਂਗ ਹੀ ਅਤ੍ਰਿਪਤ ਰਹਿੰਦੀਆਂ ਹਨ।

ਧਾਰਮਿਕ ਰਹੁ-ਰੀਤਾਂ ਨੂੰ ਨਿਭਾਉਣਾ ਉਸ ਵੇਲੇ ਦੇ ਲੋਕਾਂ ਲਈ ਵੱਡਾ ਧਰਮ ਸਮਝਿਆ ਜਾਂਦਾ ਸੀ। ਗੁਰੂਆਂ ਨੇ ਲੋਕਾਂ ਨੂੰ ਇਨ੍ਹਾਂ ਸਭ ਵਿਖਾਵਿਆਂ ਤੋਂ ਉੱਪਰ ਉੱਠ ਕੇ ਇਨ੍ਹਾਂ ਧਾਰਮਿਕ ਰੀਤਾਂ ਪਿਛਲੇ ਸੱਚ ਨੂੰ ਪਛਾਣਨ ਤੇ ਜ਼ੋਰ ਦਿੱਤਾ ਹੈ। ਲੋਕ, ਪੂਜਾ, ਪਿੱਤਰ ਪੂਜਾ, ਤੀਰਥ ਇਸ਼ਨਾਨ, ਆਰਤੀ ਆਦਿ ਸਭ ਨੂੰ ਹੀ ਸੱਚ ਮੰਨ ਕੇ ਲਕੀਰ ਦੇ ਫਕੀਰ ਹੋਏ ਪਏ ਸਨ। ਗੁਰੂ ਸਾਹਿਬਾਨਾਂ ਨੇ ਲੋਕਾਂ ਨੂੰ ਇਸ ਪ੍ਰਤੀ ਸੁਚੇਤ ਕੀਤਾ ਕਿ ਇਨ੍ਹਾਂ ਸਭ ਦੀ ਪੂਰਤੀ ਬਾਹਰਲੇ ਜਗਤ ਤੱਕ ਹੀ ਰਹਿੰਦੀ ਹੈ। ਅਜਿਹੇ ਵਿਖਾਵਿਆਂ, ਦੰਭਾਂ, ਪਾਖੰਡਾਂ ਦਾ ਪਰਮ ਸਤਿ ਦੀ ਪ੍ਰਾਪਤੀ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਸ ਲਈ ਲੋਕਾਂ ਨੂੰ ਇਨ੍ਹਾਂ ਪਾਖੰਡਾਂ ਨੂੰ ਪੂਰਨ ਦੀ ਥਾਂ ਆਪਣੇ ਅੰਦਰ ਅਜਿਹੇ ਗੁਣ ਪੈਦਾ ਕਰਨੇ ਚਾਹੀਦੇ ਹਨ, ਜਿਥੇ ਦੂਜੇ ਸਾਹਮਣੇ ਚੰਗਾ ਬਣਨ ਦੀ ਥਾਂ ਆਪਣੇ ਆਪ ਅੱਗੇ ਚੰਗਾ ਹੋਇਆ ਜਾ ਸਕੇ। ਗੁਰੂ ਨਾਨਕ ਦੇਵ ਜੀ ਮਨੁੱਖ ਦੀ ਬਾਹਰੀ ਦਿਖਾਵੇ ਵਾਲੀ ਬਿਰਤੀ ਨੂੰ ਇੰਜ ਸਪਸ਼ਟ ਕਰਦੇ ਹਨ:

> ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥
> ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥
> ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥
> ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹਿ॥[19]

ਗੁਰੂ ਸਾਹਿਬਾਨਾਂ ਨੇ ਆਪਣੇ ਮੱਤ ਰਾਹੀਂ ਉਸ ਵੇਲੇ ਦੇ ਸਾਰੇ ਧਰਮਾਂ ਦੀਆਂ ਊਣਤਾਈਆਂ ਤੋਂ ਲੋਕਾਂ ਨੂੰ ਚੇਤੰਨ ਕਰਕੇ ਅੰਧ ਵਿਸ਼ਵਾਸ ਵਿਚੋਂ ਕਢਿਆ। ਗੁਰੂ ਨਾਨਕ ਦੇਵ ਜੀ ਇਕ ਸਫਲ ਧਾਰਮਿਕ ਆਗੂ ਵਾਂਗ ਨੀਚ ਲੋਕਾਂ ਨਾਲ ਰਲ ਕੇ ਉਨ੍ਹਾਂ ਦੀ ਹਮਦਰਦੀ ਦਾ ਪਾਤਰ ਬਣੇ ਹਨ।

> ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥[20]

ਲੋਕ ਜੀਵਨ ਦੀ ਹਰ ਰਸਮ ਦਾ ਆਧਾਰ ਕਿਸੇ ਨਾ ਕਿਸੇ ਰੂਪ ਵਿਚ ਕੋਈ ਧਾਰਮਿਕ ਭਾਵਨਾ ਰਹੀ ਹੈ। ਪਰ ਲੋਕ ਜੀਵਨ ਸੰਬੰਧੀ ਵਿਸ਼ੇਸ਼ਤਾ ਇਹ ਹੈ ਕਿ ਇਹ ਇਕ ਅਜਿਹੀ ਪੱਧਰ ਹੈ ਜਿਥੇ ਵੱਖ-ਵੱਖ ਧਰਮਾਂ ਦੇ ਲੋਕ ਹੁੰਦੇ ਹੋਏ ਵੀ ਇਕੋ ਜਿਹਾ ਜੀਵਨ ਜਿਉਂਦੇ ਹਨ। ਅਜਿਹੇ ਲੋਕਾਂ ਨੂੰ ਇਹ ਭੁਲ ਜਾਂਦਾ ਹੈ ਕਿ ਉਹ ਕਿਸ ਧਰਮ ਨਾਲ ਸੰਬੰਧ ਰੱਖਦੇ ਹਨ। ਉਨ੍ਹਾਂ ਲੋਕਾਂ ਵਿਚਕਾਰ ਕੋਈ ਧਾਰਮਿਕ ਜਾਂ ਬੌਧਿਕ ਵਿਥ ਨਹੀਂ ਸਗੋਂ ਭਾਈਚਾਰਕ ਸਾਂਝ ਵਧੇਰੇ ਪ੍ਰਭਾਵੀ ਰਹੀ ਹੈ। ਗੁਰੂਆਂ ਨੇ ਲੋਕਾਂ ਦੇ ਜੀਵਨ ਵਿਚ ਕ੍ਰਾਂਤੀ ਲਿਆਉਣ ਦੀ ਕੋਸ਼ਿਸ਼ ਕੀਤੀ। ਗੁਰਬਾਣੀ ਦੀ ਸਹਿਜ ਸਾਧਨਾ ਅਸਲ ਵਿਚ ਅੰਤਰ ਸਾਧਨਾ ਹੈ। ਇਹ ਸਾਧਨਾ ਕਿਸੇ ਵਿਸ਼ੇਸ਼ ਵਿਅਕਤੀ ਸਮਾਜ ਸੰਪ੍ਰਦਾਇ, ਧਰਮ ਜਾਂ ਦੇਸ਼ ਤਕ ਸੀਮਤ ਨਹੀਂ ਸਗੋਂ ਇਸ ਦਾ ਮਹਤਵ ਅਤੇ ਸਵੀਕ੍ਰਿਤੀ ਵਿਸ਼ਵ ਪੱਧਰ ਤੇ ਹੈ। ਇਸ ਬਿਰਤੀ ਨੇ ਮਧਕਾਲ ਦੇ ਭਾਰਤੀ ਧਰਮ ਅਤੇ ਸਮਾਜ ਨੂੰ ਪਤਿਤ ਅਤੇ ਖੇਰੂੰ ਖੇਰੂੰ ਹੋਣ ਤੋਂ ਬਚਾ ਲਿਆ।

ਉਪਰੋਕਤ ਵਿਚਾਰੇ ਸਰੋਕਾਰਾਂ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਕਵੀਆਂ ਨੇ ਮਨੁੱਖ ਨੂੰ ਸਭਿਅਕ ਬਣਾਉਣ ਲਈ ਦਿਸ਼ਾ ਨਿਰਦੇਸ਼ ਦਿੱਤੇ। ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਬਾਈ ਵਾਰਾਂ ਵਿਚ ਲੋਕਯਾਨਿਕ ਤੱਤਾਂ ਦੀ ਬਹੁਤ ਸਾਰੀ ਸਮੱਗਰੀ ਮਿਲ ਜਾਂਦੀ ਹੈ। ਗੁਰੂ ਸਾਹਿਬਾਨਾਂ ਨੇ ਲੋਕ ਕਾਵਿ ਰੂਪ ਨੂੰ ਆਪਣੀ ਅਭਿਵਿਅਕਤੀ ਦਾ ਆਧਾਰ ਬਣਾ ਕੇ ਲੋਕ ਸਾਹਿਤ ਨਾਲ ਆਪਣੇ ਆਪ ਨੂੰ ਜੋੜਿਆ ਹੈ। ਉਨ੍ਹਾਂ ਨੇ ਇਨ੍ਹਾਂ ਵਾਰਾਂ ਨੂੰ ਗਾਉਣ ਦੇ ਜਿਹੜੇ ਆਦੇਸ਼ ਦਿੱਤੇ ਹਨ, ਉਹ ਵੀ ਲੋਕ ਸਾਹਿਤ ਦੀਆਂ ਧੁਨੀਆਂ ਹਨ। ਭਾਰਤੀ ਸੰਗੀਤ ਦੀ ਪ੍ਰਚਲਿਤ ਤੇ ਪ੍ਰਵਾਨਤ ਪਰੰਪਰਾ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਸਾਰੀਆਂ ਵਾਰਾਂ ਨੂੰ ਰਾਗਾਂ ਵਿਚ ਵਿਭਾਜਤ ਕਰਕੇ ਹੋਰ ਸੰਗੀਤਕ ਸਰੋਤਾਂ ਤੇ ਧੁਨੀਆਂ ਦੇ ਅਧਾਰ ਤੇ ਗਾਉਣ ਦਾ ਆਦੇਸ਼ ਦਿੱਤਾ। ਤੱਤਕਾਲੀਨ ਸਮੇਂ ਵਿਚ ਲੋਕਾਂ ਦੀ ਬੌਧਿਕ ਪੱਧਰ ਅਨੁਸਾਰ ਉਹਨਾਂ ਤੇ ਮਿਥਿਕ ਕਥਾਵਾਂ, ਅਵਤਾਰਾਂ, ਦੇਵੀ-ਦੇਵਤਿਆਂ, ਕਰਮ ਧਰਮ ਜਾਂ ਆਵਾਗਵਣ ਆਦਿ ਦਾ ਡੂੰਘਾ ਪ੍ਰਭਾਵ ਸੀ। ਗੁਰੂ ਸਾਹਿਬਾਨਾਂ ਨੇ ਸ੍ਰੀ ਰਾਮ ਕਥਾ ਦੇ ਅਨੇਕਾਂ ਉਲੇਖ ਦਿੱਤੇ ਹਨ ਜੋ ਇਤਿਹਾਸਿਕ ਤੱਥਾਂ ਤੱਕ ਪੁੱਜਦੇ ਪੁੱਜਦੇ ਮਿਥਿਕ ਹੋ ਚੁੱਕੇ ਸਨ। ਉਨ੍ਹਾਂ ਦਾ ਵਰਨਣ

ਲੋਕ ਰੁਚੀ ਅਨੁਸਾਰ ਹੀ ਕੀਤਾ ਗਿਆ ਹੈ। ਉਨ੍ਹਾਂ ਅਨੁਸਾਰ ਸ੍ਰੀ ਰਾਮ ਜੋ ਨਾਇਕ ਹੈ ਜਾਂ ਲੋਕਾਂ ਸਾਹਮਣੇ ਇਕ ਆਦਰਸ਼ਕ ਉਦਾਹਰਣ ਹੈ, ਦੇ ਗੁਣ ਪ੍ਰਗਟ ਹੋ ਸਕਣ ਜਾਂ ਰਾਵਣ ਜੋ ਪ੍ਰਤੀਨਾਇਕ ਹੈ, ਉਸਦੇ ਔਗੁਣ ਦਰਸਾਏ ਜਾ ਸਕਣ।

ਇਹਨਾਂ ਵਾਰਾਂ ਦੀ ਵਿਲਖਣ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਵਾਰਾਂ ਵਿਚ ਜਿੱਥੇ ਸਮਕਾਲੀ ਸਭਿਆਚਾਰ ਦੀ ਝਲਕ ਮਿਲਦੀ ਹੈ ਉਥੇ ਇਹਨਾਂ ਰਾਹੀਂ ਵਿਖਾਵੇ ਦੇ ਕਰਮਕਾਂਡਾਂ ਦੀ ਥਾਂ, ਧਾਰਮਿਕ, ਸਮਾਜਿਕ ਕਦਰਾਂ-ਕੀਮਤਾਂ ਵਾਲੇ ਇਕ ਨਵੀਨ ਸਭਿਆਚਾਰ ਦੀ ਸਥਾਪਨਾ ਕੀਤੀ ਗਈ ਹੈ। ਗੁਰੂ ਗ੍ਰੰਥ ਵਿਚਲੀਆਂ ਵਾਰਾਂ ਇਹ ਦ੍ਰਿੜ ਕਰਵਾਉਂਦੀਆਂ ਹਨ ਕਿ ਸੰਸਾਰ ਵਿਚ ਵਿਚਰਦਿਆਂ ਇਕ ਮਨੁੱਖ ਕਿਹੋ ਜਿਹਾ ਚੱਜ ਆਚਾਰ ਅਪਣਾਏ, ਉਚ ਅਚਾਰ ਕਿਹੋ ਜਿਹਾ ਹੋਵੇ। ਉਸ ਲਈ ਸਮਾਜਿਕ, ਧਾਰਮਿਕ, ਆਰਥਿਕ ਤੌਰ ਤੇ ਸਭਿਆਚਾਰ ਜਾਂ ਵਾਤਾਵਰਣ ਕਿੰਜ ਦਾ ਹੋਵੇ ਜਿਸ ਵਿਚ ਉਹ ਸਭਿਅਕ ਮਨੁੱਖ ਬਣ ਸਕੇ। ਇਹ ਮਾਡਲ ਸਾਨੂੰ ਵਾਰਾਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ।

**(ਅ) ਧਰਮ ਨਿਰਪੱਖਤਾ**

ਦੁਨੀਆਂ ਦੀ ਚਿੰਤਨ ਪਰੰਪਰਾਵਾਂ ਵਿਚ ਧਰਮ ਚਿੰਤਨ ਨੂੰ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਇਸ ਤਰ੍ਹਾਂ ਮਨੁੱਖੀ ਸਮਾਜ ਦੇ ਵਿਕਾਸ ਵਿਚ ਧਰਮ ਦੀ ਅਹਿਮ ਭੂਮਿਕਾ ਹੈ। ਧਰਮ ਇਕ ਪਾਸੇ ਮਨੁੱਖ ਦੀਆਂ ਸੰਪੂਰਨ ਨੈਤਿਕ ਕਿਰਿਆਵਾਂ ਦੀ ਵਿਧੀ ਵਜੋਂ ਕਾਰਜਸ਼ੀਲ ਰਿਹਾ ਹੈ ਅਤੇ ਦੂਜੇ ਪਾਸੇ ਇਨ੍ਹਾਂ ਕਿਰਿਆਵਾਂ ਨੂੰ ਪ੍ਰਤੀਬਿੰਬਤ ਕਰਨ ਵਾਲਾ ਸ਼ੀਸ਼ਾ ਵੀ ਹੈ। ਇਤਿਹਾਸ ਦਾ ਕੋਈ ਵੀ ਸਮਾਂ ਅਜਿਹਾ ਨਹੀਂ ਜਿਸ ਵਿਚ ਮਨੁੱਖ ਧਰਮ ਤੋਂ ਬਿਨਾ ਰਿਹਾ ਹੋਵੇ। ਧਰਮ ਇਕ ਪ੍ਰਾਚੀਨ ਆਸਥਾ ਹੈ। ਜਿਸ ਦੇ ਕੋਸ਼ਗਤ ਅਰਥ ਹਨ, ਕਰਤਵ, ਕਾਰਜ, ਡਿਊਟੀ ਅਤੇ ਫਰਜ਼ ਆਦਿ। ਪ੍ਰੰਤੂ ਅਮਲੀ ਤੌਰ ਤੇ ਇਸ ਧਰਮ ਦੇ ਦੁਆਲੇ ਇਕ ਅਜਿਹਾ ਵਾਤਾਵਰਣ ਉਸਾਰਿਆ ਗਿਆ ਜੋ ਕਿ ਇਸ ਦਾ ਪ੍ਰਯੋਗ ਆਮ ਤੌਰ ਮਜ਼ਹਬੀ ਕਿਰਿਆ-ਚਾਰਾਂ ਲਈ ਹੁੰਦਾ ਹੈ। ਵਿਉਂਤਪਤੀ ਦੇ ਪੱਖ ਤੋਂ ਮਹਾਂਭਾਰਤ ਵਿਚ ਧਰਮ ਦੇ ਅਰਥ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਮਨੁੱਖੀ ਆਤਮਾ ਨੂੰ ਵਿਕਾਸ ਵਲ

ਲਿਜਾਣ ਵਾਲਾ ਹਰ ਕਲਿਆਣਕਾਰੀ ਕਰਮ ਧਰਮ ਹੈ। ਇਸ ਵਿਚ ਔਗੁਣਾਂ ਦਾ ਤਿਆਗ ਅਤੇ ਗੁਣਾਂ ਦਾ ਸੰਕਲਨ ਮੁੱਖ ਵਸਤੂ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਧਰਮ ਉਹ ਹੈ:

> ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਜਿਸ ਦੇ ਅਧਾਰ ਵਿਸ਼ਵ ਹੈ, ਉਹ ਪਵਿਤਰ ਨਿਯਮ।। [21]

ਹਿੰਦੀ ਵਿਸ਼ਵ ਕੋਸ਼ ਵਿਚ ਧਰਮ ਦਾ ਅਰਥ ਇਸ ਤਰ੍ਹਾਂ ਪੇਸ਼ ਕੀਤਾ ਹੈ:

ਧਰਮ ਦਾ ਅਰਥ ਅਸਲ ਵਿਚ ਉਹ ਸੂਤਰ ਹੈ ਜਿਸ ਦੁਆਰਾ ਲੋਕਾਂ ਨੂੰ ਕਿਸੇ ਵਿਸ਼ਵਾਸ ਦੇ ਅੰਤਰਗਤ ਆਪਸ ਵਿਚ ਇਕਮਿਕ ਕਰਨਾ ਹੈ। 'ਧਰਮ' ਕੁਝ ਲੋਕਾਂ ਦੀ ਵਸਤੂ ਨਹੀਂ ਹੈ ਉਸ ਵਿਚ ਸਰਵ ਲੋਕਿਕ ਅਤੇ ਸਰਵਕਾਲੀ ਵਿਸ਼ੇਸ਼ਤਾਵਾਂ ਮੌਜੂਦ ਹਨ। ਭਾਰਤੀ ਲੌਕਿਕ ਧਾਰਨਾਂਵਾਂ ਅਧੀਨ ਅਖੰਡ ਚਾਲ ਨਾਲ ਵਹਿਣ ਵਾਲੀ ਫਰਜ਼ ਦੀ ਧਾਰਾ ਧਰਮ ਹੈ। ਭਾਰਤ ਵਿਚ ਵਿਕਸਤ ਹੋਣ ਵਾਲੇ ਸਾਰੇ ਦਾਰਸ਼ਨਿਕ ਮੱਤ ਅਤੇ ਫ਼ਿਰਕੇ ਧਰਮ ਦੀ ਇਸ ਮੂਲ ਅਵਸਥਾ ਨੂੰ ਮੰਨਦੇ ਹਨ। ਧਰਮ ਜਿਹੋ ਜਿਹਾ ਹਿੰਦੂਆਂ ਲਈ ਹੈ, ਉਹੋ ਜਿਹਾ ਬੋਧੀਆਂ, ਵੈਸ਼ਨਵਾਂ, ਜੈਨੀਆਂ ਅਤੇ ਭਾਰਤੀ ਦਰਸ਼ਨ ਅਧੀਨ ਆਉਣ ਵਾਲੇ ਵਰਗਾਂ ਲਈ ਹੈ। ਜੈਨ ਚਿੰਤਨ ਵਿਚ ਇਹ ਪ੍ਰਵਾਨ ਕੀਤਾ ਗਿਆ ਹੈ ਕਿ ਹਰ ਆਤਮਾ ਬੰਧਨ ਵਿਚ ਹੀ ਆਉਂਦੀ ਹੈ ਪਰੰਤੂ ਆਪਣੇ ਯਤਨਾ ਨਾਲ ਮੁਕਤ ਹੋ ਸਕਦੀ ਹੈ। ਜੈਨ ਧਰਮ ਅਨੁਸਾਰ, "ਧਰਮ ਹੀ ਗਤਿ ਦਾ ਨਿਯਮ ਹੈ। ਜੈਨ ਧਰਮ ਵਿਚ ਮੁਕਤੀ ਲਈ ਜੋ ਉਪਾਅ ਦਸੇ ਹਨ ਉਨ੍ਹਾਂ ਵਿਚ ਧਰਮ ਦੀ ਚਰਚਾ ਹੈ।"[22] ਇਥੇ ਧਰਮ ਸ਼ਬਦ ਦੀ ਵਰਤੋਂ ਨੈਤਿਕ ਅਰਥਾਂ ਵਿਚ ਹੋਈ ਹੈ।

ਬੁਧ ਧਰਮ ਅਨੁਸਾਰ "ਨਿਰਜਣ ਸੰਸਾਰ ਦੇ ਦੁਖਾਂ ਤੋਂ ਛੁਟਕਾਰਾ ਪਾਉਣਾ ਹੈ ਅਤੇ ਮੋਹ, ਰਾਗ ਦਵੈਖ ਆਦਿ ਇਛਾਵਾਂ ਤੋਂ ਮੁਕਤ ਹੋਣਾ। "ਸਾਂਖ ਅਤੇ ਯੋਗ ਦਰਸ਼ਨ ਵਿਚ ਮੋਕਸ਼ ਨੂੰ ਪਰਮ ਉਦੇਸ਼ ਮੰਨਿਆ ਗਿਆ ਹੈ। ਕਰਮ ਬੁੱਧੀ ਦਾ ਧਰਮ ਹੈ। "[23]

ਧਰਮ ਨੇ ਮਾਨਵੀ-ਕੀਮਤਾਂ ਨੂੰ ਸਿਰਜਨ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ। ਮਾਨਵੀ-ਕੀਮਤਾਂ ਤੋਂ ਸੱਖਣੇ ਧਰਮ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।

ਮਨੁੱਖੀ ਆਤਮਾ ਨੂੰ ਵਿਕਾਸ ਵਲ ਲਿਜਾਣ ਵਾਲਾ ਹਰ ਕਲਿਆਣਕਾਰੀ ਕਰਮ ਧਰਮ ਹੈ।

ਇਸ ਵਿਚ ਔਗੁਣਾਂ ਦਾ ਤਿਆਗ ਅਤੇ ਗੁਣਾਂ ਨੂੰ ਅਪਣਾਉਣਾ ਮੁੱਖ ਉਦੇਸ਼ ਹੈ। ਧਰਮ ਕੁਝ ਲੋਕਾਂ ਦੀ ਵਸਤ ਨਹੀਂ। ਇਸ ਵਿਚ ਸਰਵ ਲੌਕਿਕ ਅਤੇ ਸਰਵਕਾਲੀ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਧਰਮ ਦੇ ਪ੍ਰਯੋਜਨ ਤੇ ਵਰਤਾਰੇ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਇਕ ਪਾਸੇ ਵਿਅਕਤੀਗਤ ਪੱਧਰ ਦਾ ਧਰਮ ਜਿਸ ਦਾ ਉਦੇਸ਼ ਮੁਕਤੀ ਪ੍ਰਾਪਤੀ ਰਹਿੰਦਾ ਹੈ ਅਤੇ ਧਰਮ ਦਾ ਦੂਸਰਾ ਪੱਖ ਉਹ ਹੈ ਜਿਸ ਵਿਚ ਵਿਅਕਤੀ ਦਾ ਸਮਾਜ, ਭਾਈਚਾਰੇ, ਦੁਨੀਆਂ, ਕੁਦਰਤ, ਰਾਜਨੀਤੀ, ਗੈਰ ਮਜ਼ਹਬਾਂ ਪ੍ਰਤੀ ਕੀ ਕਰਤਵ ਹੈ, ਇਨ੍ਹਾਂ ਗੱਲਾਂ ਨੂੰ ਸ਼ਾਮਿਲ ਸਮਝਿਆ ਜਾਂਦਾ ਹੈ। ਇਸ ਵਿਚ ਵਿਅਕਤੀ, ਭਾਈਚਾਰੇ, ਸਮਾਜ ਆਦਿ ਤੋਂ ਕੀ ਮੰਗ ਕਰਦਾ ਹੈ, ਉਹ ਵੀ ਸ਼ਾਮਿਲ ਹੁੰਦਾ ਹੈ। ਇਹ ਧਰਮ ਦਾ ਬਾਹਰਮੁਖੀ ਪਹਿਲੂ ਹੈ। ਧਰਮ ਵਿਚ ਇਸੇ ਪਹਿਲੂ ਨੂੰ ਮੁੱਖ ਰੱਖ ਕੇ ਅਚਾਰ, ਨੈਤਿਕਤਾ, ਇਖਲਾਕ, ਆਚਰਣ ਆਦਿ ਸ਼ਬਦਾਂ ਨੂੰ ਵਰਤਿਆ ਜਾਂਦਾ ਹੈ। ਧਰਮ ਨੇ ਇਨ੍ਹਾਂ ਦੋਹਾਂ ਪੱਖਾਂ ਦੀ ਪੁਸ਼ਟੀ ਵੀ ਕੀਤੀ ਹੈ। ਗੁਰੂ ਕਵੀਆਂ ਦੁਆਰਾ ਰਚੀਆਂ ਵਾਰਾਂ ਵਿਚ ਧਰਮ ਦੇ ਬਾਹਰਮੁਖੀ ਤੇ ਅੰਤਰਮੁਖੀ ਦੋਨਾਂ ਤਰ੍ਹਾਂ ਦੇ ਪਹਿਲੂ ਮਿਲਦੇ ਹਨ। ਗੁਰੂ ਸਾਹਿਬਾਨ ਵਲੋਂ ਵਿਸ਼ਵਾਰਥੀ ਤੱਤਾਂ ਤੇ ਆਧਾਰਿਤ ਧਰਮ ਪ੍ਰਸਤੁਤ ਕੀਤਾ ਗਿਆ ਹੈ। ਇਹ ਧਰਮ ਸੁਭਾਅ ਅਤੇ ਪ੍ਰਭਾਵ ਵਿਚ ਵਿਸ਼ਵ-ਧਰਮ ਅਖਵਾਉਣ ਦੀ ਸਮਰਥਾ ਰੱਖਦਾ ਹੈ। ਅਸਲ ਵਿਚ ਧਰਮ ਆਪਣੇ ਸ਼ੁਧ ਸਰੂਪ ਵਿਚ ਕਿਸੇ ਕਿਸਮ ਦੀ ਸੰਕੀਰਣਤਾ ਨੂੰ ਬਰਦਾਸ਼ਤ ਨਹੀਂ ਕਰਦਾ। ਅਧਿਆਤਮਕ ਵਾਰਾਂ ਸ੍ਰੇਸ਼ਟ ਧਰਮ ਦੇ ਅੰਗ ਵਜੋਂ ਹੀ ਸਥਾਪਿਤ ਹੁੰਦੀਆਂ ਹਨ। ਮਨੁੱਖ ਦੀਆਂ ਬੌਧਿਕ, ਨੈਤਿਕ, ਆਰਥਿਕ ਅਤੇ ਭਾਵੁਕ ਸਮੱਸਿਆਵਾਂ ਦਾ ਹੱਲ ਕਰਨ ਦੀ ਇਸ ਧਰਮ ਵਿਚ ਸਮਰੱਥਾ ਹੈ। ਧਾਰਮਿਕ ਕਾਵਿ ਹੋਣ ਕਰਕੇ ਇਸ ਦਾ ਕੇਂਦਰੀ ਗੁਣ ਜਾਂ ਲੱਛਣ ਪ੍ਰਾਲੌਕਿਕ ਵਿਚ ਦ੍ਰਿੜ ਨਿਸ਼ਚਾ ਹੈ। ਵਾਰਾਂ ਵਿਚ ਪੇਸ਼ ਧਾਰਮਿਕ ਚਿੰਤਨ ਗੁਰੂ ਕਵੀਆਂ ਦੀ ਮੌਲਿਕ ਦੇਣ ਹੈ। ਪਰ ਇਹ ਪੂਰਵਲੀ ਤੇ ਸਮਕਾਲੀ ਧਰਮ ਪ੍ਰੰਪਰਾ ਦੁਆਰਾ ਪੇਸ਼ ਕੀਤੇ ਗਏ ਚਿੰਤਨ ਤੋਂ ਬਿਲਕੁਲ ਨਿਰਪੱਖ ਤੇ ਵੱਖਰਾ ਹੈ। ਗੁਰੂ ਸਾਹਿਬਾਨ ਉਨ੍ਹਾਂ ਦੇ ਚਿੰਤਨ ਤੋਂ ਵੀ ਜਾਣੂ ਸਨ ਅਤੇ ਉਨ੍ਹਾਂ ਦੇ ਪਿਛੋਕੜ ਵਿਚ ਉਨ੍ਹਾਂ ਨੇ ਆਪਣਾ ਚਿੰਤਨ ਪੇਸ਼ ਕੀਤਾ ਹੈ। ਵਾਰਾਂ ਵਿਚ ਪੇਸ਼ ਅਧਿਆਤਮਕ ਚਿੰਤਨ ਸਰਵ-ਵਿਆਪੀ ਹੈ। ਇਸ ਕਰਕੇ ਇਹ ਸਾਰੀ ਸ੍ਰਿਸ਼ਟੀ ਵਿਚ ਰਮਿਆ ਹੋਇਆ ਹੈ। ਪਰਮਾਤਮਾ ਇਕ ਹੈ ਬ੍ਰਹਮ ਦੀ ਨਿਰਗੁਣਤਾ ਹੀ ਉਸ

ਦੇ ਸਰਗੁਣ ਹੋਣ ਦੀ ਵਿਸ਼ੇਸ਼ਤਾ ਵਿਚ ਸ਼ਾਮਿਲ ਹੈ।

ੴ ਸਤਿਗੁਰੂ ਪ੍ਰਸਾਦਿ

ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ॥
ਏਕ ਦ੍ਰਿਸਟਿ ਕਰ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ॥ [24]

ਵਾਰਾਂ ਵਿਚ ਬਹੁਤ ਸਾਰੀਆਂ ਸਮਕਾਲੀ ਸੰਪ੍ਰਦਾਵਾਂ ਸੰਬੰਧੀ ਜ਼ਿਕਰ ਉਪਲਬਧ ਹੈ ਜੋ ਉਸ ਵੇਲੇ ਦੀਆਂ ਦੋ ਮੁੱਖ ਧਾਰਮਿਕ ਧਾਰਾਵਾਂ ਹਿੰਦੂ ਤੇ ਮੁਸਲਮਾਨ ਨਾਲ ਸੰਬੰਧਿਤ ਹਨ। ਗੁਰਬਾਣੀ ਵਿਚ ਫਿਰਕਿਆਂ ਦੇ ਧਾਰਮਿਕ ਇਸ਼ਟਾ, ਉਨ੍ਹਾਂ ਨਾਲ ਸੰਬੰਧਿਤ ਧਾਰਮਿਕ ਸਥਾਨਾਂ, ਧਰਮ ਗ੍ਰੰਥਾਂ, ਇਬਾਦਤ ਦੀਆਂ ਵਿਧੀਆਂ ਦਾ ਵਰਨਣ ਉਨ੍ਹਾਂ ਦੀ ਪ੍ਰਵਾਨਤ ਧਾਰਮਿਕ ਸ਼ਬਦਾਵਲੀ ਵਿਚ ਕੀਤਾ ਗਿਆ ਮਿਲਦਾ ਹੈ। ਇਨ੍ਹਾਂ ਫ਼ਿਰਕਿਆਂ ਵਿਚ ਵੈਸ਼ਨਵ, ਵੈਸਨੋ, ਸਾਕਤ, ਬੋਧੀ, ਜੈਨੀ, ਸੰਨਿਆਸੀ, ਬੈਰਾਗੀ, ਉਦਾਸੀ ਅਵਧੂਤ, ਕਾਪੜੀਆ, ਸ਼ਰਈ, ਕਾਜ਼ੀ, ਦਰਵੇਸ਼ ਆਦਿ ਦਾ ਜ਼ਿਕਰ ਵਿਸ਼ੇਸ਼ ਤੌਰ ਤੇ ਮਿਲਦਾ ਹੈ। ਇਨ੍ਹਾਂ ਦੇ ਧਰਮ ਗ੍ਰੰਥਾਂ ਵਿਚ ਵੇਦ ਪੁਰਾਣ ਸਿਮਰਿਤ, ਸ਼ਾਸਤਰ, ਕੁਰਾਨ, ਕੁਤੇਬਾ ਆਦਿ ਅਤੇ ਪੂਜਨ ਵਿਧੀਆਂ ਪੂਜਾ ਪਾਠ, ਸੰਖਿਆ-ਆਰਤੀ, ਮੌਨ ਬਰਤ, ਹਵਨ, ਪੂਜਾ ਪਾਠ, ਸੰਧਿਆ, ਆਰਤੀ, ਸਿੰਗੀ, ਆਸਨ, ਮੁੰਦਾ, ਬਿਭੂਤਿ ਨਿਮਾਜ਼, ਰੋਜ਼ਾ, ਸੁੰਨਤ ਆਦਿ ਦਾ ਜ਼ਿਕਰ ਆਉਂਦਾ ਹੈ।

ਗੁਰੂ ਸਾਹਿਬਾਨਾਂ ਨੇ ਤੱਤਕਾਲੀਨ ਧਰਮਾਂ ਦੇ ਅਨੁਯਾਈਆਂ ਨੂੰ, ਫੈਲ ਚੁੱਕੇ ਫੋਕੇ ਕਰਮ ਕਾਂਡ ਦੇ ਵਿਵਹਾਰ ਨੂੰ ਰੱਦ ਕਰਦੇ ਹੋਏ, ਧਾਰਮਿਕ ਅਨੁਕਿਰਿਆਵਾਂ ਦੀ ਸਾਰਥਕਤਾ ਤੋਂ ਜਾਣੂ ਕਰਾਇਆ ਹੈ। ਬੇਸ਼ਕ ਧਾਰਮਿਕ ਅਨੁਸ਼ਠਾਨਾ ਜਾਂ ਕਰਮ ਕਾਂਡਾਂ ਦਾ ਜਨਮ ਪਰਾਭੌਤਿਕ ਸੱਤਾ ਪ੍ਰਤਿ ਮਨੁੱਖ ਦੇ ਵਿਸ਼ਵਾਸ ਅਤੇ ਭਾਵਨਾਤਮਕ ਵਿਵਹਾਰ ਵਿਚ ਹੀ ਹੁੰਦਾ ਹੈ ਮੱਥਾ ਟੇਕਣਾ, ਪ੍ਰਸਾਦਿ ਚੜ੍ਹਾਉਣਾ, ਸੁਖਣਾ ਸੁਖਣੀ ਆਦਿ ਸਾਰੇ ਧਾਰਮਿਕ ਇਸ਼ਟ ਪ੍ਰਤੀ ਸ਼ਰਧਾ ਭਾਵਨਾ ਦਾ ਹੀ ਵਿਹਾਰਕ ਪ੍ਰਗਟਾਵਾ ਹੈ। ਪਰ ਇਸ ਪ੍ਰਗਟਾਵੇ ਦੀ ਸਾਰਥਕਤਾ ਤਦ ਹੀ ਕਾਇਮ ਰਹਿ ਸਕਦੀ ਹੈ, ਜੇ ਕਰ ਉਸ ਇਸ਼ਟ ਨਾਲ ਭਾਵਨਾਤਮਕ ਰਿਸ਼ਤਾ ਕਾਇਮ ਰੱਖਣ ਵਿਚ ਸਹਾਇਕ ਹੋਵੇ। ਜੇਕਰ ਇਹ ਪ੍ਰਗਟਾਵਾ ਨਿਰਾ ਦਿਖਾਵਾ ਜਾਂ ਕਰਮ-ਕਾਂਡੀ ਦੁਹਰਾਓ ਬਣ ਕੇ ਰਹਿ ਜਾਵੇ ਤਾਂ ਇਹ ਆਪਣੀ ਸਾਰਥਕਤਾ ਗਵਾ ਬੈਠਦਾ ਹੈ।

ਇਸ ਸਥਿਤੀ ਵਿਚ ਕਰਮਕਾਂਡੀ ਵਿਵਹਾਰ, ਮਨੁੱਖੀ ਵਿਕਾਸ ਵਿਚ ਰੁਕਾਵਟ ਪੈਦਾ ਕਰਦਾ ਹੈ। ਜਿਸ ਦਾ ਤਿਆਗ ਲਾਜ਼ਮੀ ਹੈ। ਧਰਮ ਨੂੰ ਇਸ ਪ੍ਰਸੰਗ ਵਿਚ ਵਿਚਾਰਨ ਅਤੇ ਸਮਝਣ ਦੀ ਲੋੜ ਹੈ। ਗੁਰੂ ਕਵੀਆਂ ਨੇ ਆਪਣੀਆਂ ਵਾਰਾਂ ਵਿਚ ਭੇਖ ਤੇ ਪਾਖੰਡ ਉੱਤੇ ਕਰਾਰੀ ਚੋਟ ਕੀਤੀ ਹੈ ਅਤੇ ਇਸ ਸੰਬੰਧ ਵਿਚ ਉਨ੍ਹਾਂ ਕਿਸੇ ਵੀ ਧਰਮ ਜਾਂ ਫਿਰਕੇ ਦਾ ਲਿਹਾਜ਼ ਨਹੀਂ ਕੀਤਾ ਕਿਉਂਕਿ ਗੁਰੂ ਸਾਹਿਬ ਅਜਿਹੀ ਵਿਸ਼ਵ-ਵਿਆਪੀ ਧਾਰਮਿਕ ਬਿਰਤੀ ਵਾਲੇ ਪੁਰਸ਼ ਸਨ ਜਿਨ੍ਹਾਂ ਨੂੰ ਸੱਚ ਦੀ ਬੜੀ ਬੇ-ਤਾਬੀ ਨਾਲ ਭਾਲ ਸੀ। ਧਾਰਮਿਕ ਬੇਤਰਤੀਬੀਆਂ ਦਾ ਪਾਜ਼ ਉਧੇੜਨ ਲਈ ਉਹਨਾਂ ਨੇ ਕਿਸੇ ਵੀ ਧਰਮ ਦੇ ਧਾਰਮਿਕ-ਭੇਖ-ਧਾਰੀਆਂ ਨੂੰ ਨਹੀਂ ਬਖਸਿਆ। ਹਿੰਦੂ ਧਰਮ ਵਿਚ ਪ੍ਰਚਲਤ ਮੂਰਤੀ ਪੂਜਾ ਜਾਂ ਪੱਥਰ ਦੀ ਪੂਜਾ ਦੀ ਨਿਰਾਰਥਕਤਾ ਨੂੰ ਗੁਰੂ ਨਾਨਕ ਦੇਵ ਜੀ ਨੇ ਬੜੇ ਕਾਟਵੇਂ ਤਰਕ ਸਹਿਤ ਇਸ ਤਰ੍ਹਾਂ ਬਿਆਨ ਕੀਤਾ ਹੈ:

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥
ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰੁ॥
ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥[25]

ਹਿੰਦੂ ਧਰਮ ਵਿਚ ਅਵਤਾਰ, ਪੂਜਾ ਜ਼ੋਰਾਂ ਤੇ ਸੀ। ਵਿਸ਼ੇਸ਼ ਕਰਕੇ ਵੈਸ਼ਨਵ ਮੱਤ ਦੇ ਅਨੁਯਾਈ ਇਸ ਦੀ ਚੌਵੀ ਅਵਤਾਰਾਂ ਦੇ ਸਰਗੁਣ ਰੂਪ ਵਿਚ ਪੂਜਾ ਕਰਦੇ ਸਨ। ਇਨ੍ਹਾਂ ਵਿਚੋਂ ਸਭ ਤੋਂ ਵਧ ਸ੍ਰੀ ਰਾਮ ਚੰਦਰ ਤੇ ਕ੍ਰਿਸ਼ਨ ਦੀ ਪੂਜਾ ਕੀਤੀ ਜਾਂਦੀ ਸੀ। ਰਾਮ-ਭਗਤ, ਰਾਮ ਲੀਲਾ, ਕ੍ਰਿਸ਼ਨ ਭਗਤ, ਰਾਸ ਲੀਲਾ ਰਚਾ ਕੇ ਕਈ ਤਰ੍ਹਾਂ ਦੇ ਸਵਾਂਗ ਧਾਰਨ ਕਰਦੇ ਸਨ ਅਤੇ ਨੱਚ ਗਾ ਕੇ ਆਪਣੇ ਇਸ਼ਟ ਪ੍ਰਤੀ ਆਪਣੀ ਭਾਵਨਾ ਦਾ ਪ੍ਰਗਟਾਵਾ ਕਰਦੇ ਸਨ। ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਇਕ ਪਾਸੇ ਅਜਿਹੀ ਵਿਵੇਕਹੀਨ ਅਤੇ ਮਰਯਾਦਾਵਾਦੀ ਰੀਤੀਆਂ ਨੂੰ ਨਕਾਰਦੇ ਹਨ ਅਤੇ ਦੂਜੇ ਪਾਸੇ ਮਾਨਵਵਾਦੀ ਅਤੇ ਸੋਚ ਅਧਾਰਤ ਪ੍ਰਸੰਗ ਸਿਰਜਦੇ ਹਨ:

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥
ਕੇਤੀਆ ਕੰਨ ਕਹਾਣੀਆਂ ਕੇਤੇ ਬੇਦ ਬੀਚਾਰ॥
ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ॥
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ॥
ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ॥
ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ॥
ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ॥
ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ॥[26]

ਵੈਸ਼ਨਵਾਂ ਵਾਂਗ ਸ਼ਿਵ ਭਗਤਾਂ ਵਿਚ ਵੀ ਕਈ ਤਰ੍ਹਾਂ ਦੇ ਭੇਖ ਪ੍ਰਚਲਤ ਸਨ। ਸ਼ਕਤੀ ਦੀ ਪੂਜਾ ਕਰਨ ਵਾਲੇ ਸਾਕਤ, ਮੰਤਰ, ਤੰਤਰ, ਮਾਇਆ, ਭੋਗ ਆਦਿ ਵਿਚ ਵਿਸ਼ਵਾਸ ਕਰਦੇ ਸਨ। ਗੁਰੂ ਸਾਹਿਬਾਨ ਇਨ੍ਹਾਂ ਨੂੰ ਹਉਮੈ ਤੋਂ ਪੀੜਤ ਅਤੇ ਮਾਇਆਵਾਦੀ ਮੰਨਦੇ ਸਨ। ਇਸੇ ਤਰ੍ਹਾਂ ਭਗਾਉਤੀ ਦੇ ਪੁਜਾਰੀ ਅਤੇ ਹੋਰ ਪੰਡਿਤ ਪੁਰੋਹਿਤ ਵੀ ਲੋਭ ਹਊਮੈ ਹੰਕਾਰ ਆਦਿ ਵਿਕਾਰਾਂ ਵਿਚ ਗ੍ਰਸਤ ਹੋਣ ਕਰਕੇ ਧਰਮ ਦੇ ਤੱਤ ਸਾਰ ਤੋਂ ਅਣਜਾਣ ਸਨ ਅਤੇ ਫੋਕੇ ਕਰਮ ਕਾਂਡਾਂ ਰਾਹੀਂ ਭੋਲੀ ਭਾਲੀ ਜਨਤਾ ਨੂੰ ਗੁੰਮਰਾਹ ਕਰ ਰਹੇ ਸਨ। ਗੁਰੂ ਸਾਹਿਬਾਨਾਂ ਨੇ ਇਨ੍ਹਾਂ ਦੇ ਪਾਖੰਡੀ ਵਿਵਹਾਰ ਦਾ ਪਾਜ ਉਘਾੜਦੇ ਹੋਏ ਲੋਕਾਂ ਨੂੰ ਇਨ੍ਹਾਂ ਦੇ ਮਗਰ ਲੱਗਣੋਂ ਰੋਕਿਆ ਹੈ। ਧਰਮ ਦੇ ਨਾਂ ਤੇ ਹੋ ਰਹੇ ਕਪਟ ਅਤੇ ਅਨਾਚਾਰ ਨੂੰ ਖਤਮ ਕਰਨ ਦੀ ਪ੍ਰੇਰਨਾ ਦਿੱਤੀ ਹੈ। ਮਿਸਾਲ ਵਜੋਂ ਨਿਮਨ ਅੰਕਿਤ ਤੁੱਕਾਂ ਵਿਚ ਅਜਿਹੇ ਪੰਡਤਾਂ ਨੂੰ ਆਲੋਚਨਾਂ ਦਾ ਵਿਸ਼ਾ ਬਣਾਇਆ ਗਿਆ ਹੈ ਜਿਹੜੇ ਧਰਮ ਗ੍ਰੰਥਾਂ ਦਾ ਕੇਵਲ ਪਾਠ ਕਰਨਾ ਅਤੇ ਹੋਰਨਾਂ ਨੂੰ ਉਪਦੇਸ਼ ਦੇਣਾ ਜਾਣਦੇ ਹਨ, ਪਰ ਆਪ ਉਸ ਪਾਠ ਤੇ ਉਪਦੇਸ਼ਾਂ ਦੇ ਮਰਮ ਤੱਕ ਨਹੀਂ ਪਹੁੰਚਦੇ। ਗੁਰੂ ਸਾਹਿਬ ਪਵਿੱਤਰ ਗ੍ਰੰਥਾਂ ਦਾ ਪਾਠ ਅਤੇ ਪ੍ਰਵਚਨ ਦੇ ਹਵਾਲਿਆਂ ਰਾਹੀਂ ਲੌਕਿਕ ਸਰੋਕਾਰਾਂ ਦੇ ਰੂ-ਬ-ਰੂ ਕਰਵਾਉਂਦੇ ਹੋਏ ਪਾਰਲੌਕਿਕ ਸੰਦਰਭਾਂ ਨੂੰ ਮੁਖਾਤਬ ਹੁੰਦੇ ਹਨ:

ਸਾਸਤੁ ਬੇਦੁ ਨ ਮਾਨੈ ਕੋਇ॥ ਆਪੋ ਆਪੈ ਪੂਜਾ ਹੋਇ॥

ਕਾਜੀ ਹੋਇ ਕੇ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥

ਵਢੀ ਲੈ ਕੇ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥

ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ॥ ਲੋਕ ਮੁਹਾਵਹਿ ਚਾੜੀ ਖਾਇ॥

ਚਉਕਾ ਦੇ ਕੈ ਸੁਚਾ ਹੋਇ॥ ਐਸਾ ਹਿੰਦੂ ਵੇਖਹੁ ਕੋਇ॥

ਜੋਗੀ ਗਿਰਹੀ ਜਟਾ ਬਿਭੂਤ॥ ਆਗੈ ਪਾਛੈ ਰੋਵਹਿ ਪੂਤ॥

ਜੋਗੁ ਨਾ ਪਾਇਆ ਜੁਗਤਿ ਗਵਾਈ॥ ਕਿਤੁ ਕਾਰਣਿ ਸਿਰਿ ਛਾਈ ਪਾਈ॥[27]

ਜੈਨ ਧਰਮ ਤੇ ਬੁਧ ਧਰਮ ਦੇ ਵੱਖ ਵੱਖ ਫ਼ਿਰਕਿਆਂ ਵਿਚ ਵੀ ਕਰਮ ਕਾਂਡ ਜ਼ੋਰਾਂ ਤੇ ਸੀ। ਗੁਰੂ ਵਾਰਕਾਰਾਂ ਨੇ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਵਿਚ ਅਜਿਹੇ ਫੋਕੇ ਕਰਮ ਕਾਂਡਾਂ ਪ੍ਰਤੀ ਵੀ ਆਲੋਚਨਾਤਮਕ ਟਿੱਪਣੀਆਂ ਕੀਤੀਆਂ ਹਨ। ਮਿਸਾਲ ਵਜੋਂ ਜੈਨੀ ਲੋਕ ਨੰਗੇ ਪੈਰੀ ਜਾਂ ਨੰਗੇ ਧੜ ਫਿਰਦੇ ਸਨ ਅਤੇ ਮੂੰਹ ਤੇ ਪੱਟੀ ਬੰਨ੍ਹ ਕੇ ਰੱਖਦੇ ਸਨ। ਇਸ ਤੋਂ ਇਲਾਵਾ ਉਹ ਪੁਣ ਕੇ ਪਾਣੀ ਪੀਂਦੇ ਸਨ। ਜੂਠ ਮੰਗ ਕੇ ਖਾਂਦੇ ਸਨ ਜਾਂ ਹੱਥਾਂ ਨਾਲ ਵਾਲ ਪੁਟਦੇ ਸਨ, ਦੰਦ ਸਾਫ਼ ਨਾ ਕਰਨਾ, ਇਸ਼ਨਾਨ ਨਾ ਕਰਨਾ ਆਦਿ ਦੇ ਕਰਮ ਕਾਂਡ ਵਿਚ ਪਏ ਰਹਿੰਦੇ ਸਨ ਤਾਂ ਕਿ ਉਹਨਾਂ ਦੇ ਹੱਥੋਂ ਕਿਸੇ ਤਰ੍ਹਾਂ ਦੀ ਜੀਵ ਹੱਤਿਆ ਨਾ ਹੋਵੇ। ਇਨ੍ਹਾਂ ਸਾਰੇ ਕਰਮ ਕਾਂਡਾਂ ਨੂੰ ਅਰਥਹੀਣ ਦਰਸਾਉਣ ਲਈ ਅਤੇ ਸੱਚ ਆਧਾਰਤ ਪ੍ਰਸੰਗ ਸਿਰਜਨ ਲਈ ਗੁਰੂ ਨਾਨਕ ਦੇਵ ਦੁਆਰਾ ਇਉਂ ਪ੍ਰਮਾਰਥ ਸਿਰਜਿਆ ਗਿਆ ਹੈ।

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ॥

ਤਿਨ ਮੁਖਿ ਨਾਹੀ ਨਾਮੁ ਨਾ ਤੀਰਥਿ ਨਾਇਆ॥

ਹਥੀ ਸਿਰ ਖੋਹਾਇ ਨ ਭਦੁ ਕਰਾਇਆ॥

ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ॥

ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ॥

ਮਨਿ ਜੂਠੈ ਵੇਜਾਤਿ ਜੂਠਾ ਖਾਇਆ॥

ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ॥

ਗੁਰਮੁਖਿ ਓਅੰਕਾਰਿ ਸਚਿ ਸਮਾਇਆ॥ [28]

ਮੱਧਕਾਲ ਵਿਚ ਜੋਗੀਆਂ, ਸੰਨਿਆਸੀਆਂ ਤੇ ਬੈਰਾਗੀਆਂ ਦੇ ਵੀ ਕਈ ਫ਼ਿਰਕੇ ਮੌਜੂਦ ਸਨ, ਜਿਹੜੇ ਵੱਖਰੇ ਵੱਖਰੇ ਢੰਗਾਂ ਨਾਲ ਯੋਗ ਸਾਧਨਾ ਅਤੇ ਪਾਠ-ਪੂਜਾ ਵਿਚ ਲਗੇ ਹੋਏ ਸਨ। ਬਹੁਤ ਸਾਰੇ ਭੇਖ ਉਨ੍ਹਾਂ ਵਿਚ ਵੀ ਪ੍ਰਚਲਤ ਸਨ ਜਿਵੇਂ ਕੰਨ ਪੜਵਾ ਕੇ ਮੁੰਦਰਾਂ ਪਾਉਣਾ, ਨੰਗੇ ਰਹਿਣਾ ਤੇ ਬਿਭੂਤਿ ਮਲਣਾ ਆਦਿ। ਕਈ ਜਟਾਂ ਰੱਖਦੇ ਤੇ ਕਈ ਧੂਣੀ ਰੁਮਾਉਂਦੇ, ਕਈ ਮੜ੍ਹੀਆਂ ਮਸਾਣਾਂ ਵਿਚ ਰਹਿੰਦੇ, ਕਈ ਵਰਤ ਰੱਖਦੇ ਤੇ ਕਈ ਮੋਨ ਧਾਰਨ ਕਰਦੇ ਸਨ। ਕਈ ਤੀਰਥਾਂ ਤੇ ਜਾਂਦੇ ਕਈ ਜੰਗਲਾਂ ਤੇ ਗੁਫਾਵਾਂ ਵਿਚ ਫਿਰਦੇ ਰਹਿੰਦੇ ਸਨ। ਇਨ੍ਹਾਂ ਸਭ ਭੇਖੀ ਕਰਮਾਂ ਦਾ ਗੁਰੂ ਗ੍ਰੰਥ ਸਾਹਿਬ ਵਿਚਲੀ ਅਧਿਆਤਮਕ ਵਾਰਾਂ ਵਿਚ ਖੰਡਨ ਕੀਤਾ ਗਿਆ ਹੈ:

ਬਹੁ ਭੇਖ ਕੀਆ ਦੇਹੀ ਦੁਖੁ ਦੀਆ॥

ਸਹੁ ਵੇ ਜੀਆ ਆਪਣਾ ਕੀਆ॥

ਅੰਨੁ ਨ ਖਾਇਆ ਸਾਦੁ ਗਵਾਇਆ॥

ਬਹੁ ਦੁਖੁ ਪਾਇਆ ਦੂਜਾ ਭਾਇਆ॥

ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥

ਮੋਨਿ ਵਿਗੂਤਾ॥ ਕਿਉ ਜਾਗੈ ਗੁਰ ਬਿਨੁ ਸੂਤਾ॥

ਪਗ ਉਪੇਤਾਣਾ॥ ਆਪਣਾ ਕੀਆ ਕਮਾਣਾ॥

ਅਲੁ ਮਲੁ ਖਾਈ ਸਿਰਿ ਛਾਈ ਪਾਈ॥

ਮੂਰਖਿ ਅੰਧੈ ਪਤਿ ਗਵਾਈ॥[29]

ਇਸਲਾਮ ਮੱਤ ਦੇ ਪੈਰੋਕਾਰਾਂ ਵਿਚ ਫੈਲੇ ਹੋਏ ਕਰਮਕਾਂਡਾਂ ਅਤੇ ਭੇਖ-ਪਾਖੰਡਾਂ ਬਾਰੇ ਵੀ ਇਹਨਾਂ ਵਾਰਾਂ ਵਿਚ ਗੁਰੂ ਸਾਹਿਬਾਨਾਂ ਨੇ ਵਿਦਰੋਹੀ ਸੁਰ ਰਾਹੀਂ ਇਹਨਾਂ ਨੂੰ ਵਿਖੰਡਤ ਕਰਨ ਦੀ ਰੁਚੀ ਅਪਣਾਈ ਹੈ। ਗੁਰੂ ਸਾਹਿਬਾਨਾਂ ਦੇ ਸਮੇਂ ਮੁਸਲਮਾਨਾਂ ਖਾਸ ਕਰਕੇ ਮੁੱਲਾਂ-ਮੁਲਾਣੇ, ਕਾਜੀ ਤੇ ਹਾਕਮ

ਜਮਾਤ ਇਸਲਾਮੀ ਮੱਤ ਦੀ ਮੂਲ ਭਾਵਨਾ ਤੋਂ ਦੂਰ ਜਾ ਰਹੇ ਸਨ। ਸ਼ਰਾਅ ਦੀ ਚਿੰਨਾਤਮਕ ਪ੍ਰਣਾਲੀ ਨੂੰ ਹੀ ਇਸਲਾਮ ਦਾ ਨਾ ਦਿੱਤਾ ਜਾ ਰਿਹਾ ਸੀ ਅਤੇ ਰੋਜ਼ੇ ਨਮਾਜ਼, ਕਲਾਮਾਂ, ਹੱਜ, ਸੁੰਨਤ, ਜ਼ਕਾਤ ਆਦਿ ਉਤੇ ਕਟੜਤਾ ਨਾਲ ਜ਼ੋਰ ਦਿੱਤਾ ਜਾ ਰਿਹਾ ਸੀ। ਪਰ ਇਨ੍ਹਾਂ ਕਰਮ ਕਾਂਡਾਂ ਦੀ ਪਾਲਣਾ ਕਰਨ ਵਾਲਿਆਂ ਦਾ ਸਮਾਜ ਨੂੰ ਜਾਤੀ ਕਿਰਦਾਰ ਧਰਮ ਦੀ ਮੂਲ ਸਿਖਿਆ ਦੇ ਬਿਲਕੁਲ ਉਲਟ ਸੀ। ਇਸ ਗਿਰਾਵਟ ਨੂੰ ਠਲਣਾ ਅਤੇ ਸਮਾਜ ਨੂੰ ਉਜਾਗਰਤਾ ਵਲ ਮੋੜਨਾ ਗੁਰੂ ਨਾਨਕ ਦਾ ਮਿਸ਼ਨ ਸੀ:

> ਕਾਜੀ ਹੋਇ ਕੈ ਬਹੈ ਨਿਆਇ॥
> ਫੇਰੇ ਤਸਬੀ ਕਰੇ ਖੁਦਾਇ॥
> ਵਢੀ ਲੈ ਕੈ ਹਕੁ ਗਵਾਏ॥
> ਜੇ ਕੋ ਪੁਛੈ ਤਾ ਪੜਿ ਸੁਣਾਏ॥[30]

ਹਕੂਮਤ ਦੇ ਨਸ਼ੇ ਵਿਚ ਚੂਰ, ਮੁਸਲਮਾਨ ਹਾਕਮ ਅਤੇ ਉਸ ਦੇ ਅਹਿਲਕਾਰ ਕਰਿੰਦੇ ਜਿਸ ਤਰ੍ਹਾਂ ਲੋਕਾਂ ਤੇ ਜ਼ੁਲਮ ਢਾਉਂਦੇ ਸਨ ਦੂਸਰੇ ਧਰਮਾਂ ਦੇ ਪੈਰੋਕਾਰ ਨੂੰ ਜ਼ਬਰੀ ਮੁਸਲਮਾਨ ਬਣਾਉਂਦੇ ਸਨ, ਇਸ ਸੰਬੰਧੀ ਵੀ ਗੁਰੂ ਕਵੀਆਂ ਨੇ ਆਪਣੀਆਂ ਵਾਰਾਂ ਵਿਚ ਬੜੇ ਜੁਅਰਤ ਭਰੇ ਢੰਗ ਨਾਲ ਟਿੱਪਣੀਆਂ ਕੀਤੀਆਂ ਹਨ। ਬਿਨਾਂ ਹਉਮੈ ਨੂੰ ਮਾਰਿਆ, ਬਿਨਾਂ ਹਿਰਦਾ ਸ਼ੁਧ ਕੀਤਿਆਂ ਨਮਾਜ਼, ਰੋਜ਼ੇ, ਸੁੰਨਤ, ਹੱਜ, ਆਦਿ ਅਰਥਹੀਣ ਹਨ। ਕਿਸੇ ਵੀ ਧਰਮ ਦਾ ਕਰਮ ਜਾਂ ਮਕਸਦ ਮਨੁੱਖ ਅਤੇ ਸਮਾਜਿਕ ਨਿਆਂ ਦਾ ਰਾਹ ਸਥਾਪਤ ਕਰਨਾ ਹੁੰਦਾ ਹੈ। ਇਹਨਾਂ ਵਾਰਾਂ ਵਿਚ ਕਿਸੇ ਧਰਮ ਦੀ ਨਿੰਦਾ ਨਹੀਂ ਕੀਤੀ ਗਈ ਸਗੋਂ ਧਰਮ-ਨਿਰਪੱਖਤਾ ਦੇ ਨਜ਼ਰੀਏ ਤੋਂ ਧਾਰਮਿਕ ਤੇ ਸਮਾਜਿਕ ਬੇਤਰਤੀਬੀਆਂ ਨੂੰ ਨਕਾਰਦੇ ਹੋਏ ਇਨ੍ਹਾਂ ਕਰਮ ਕਾਂਡਾ ਦਾ ਅਸਲ ਤੱਤ ਸਾਰ ਇਉਂ ਬਿਆਨ ਕਰਦੇ ਹਨ:

> ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
> ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
> ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
> ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥ [31]

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਅਧਿਆਤਮਕ ਵਾਰਾਂ ਵਿਚ ਭਿੰਨ ਭਿੰਨ ਧਰਮਾਂ, ਸੰਪ੍ਰਦਾਵਾਂ ਵਿਚ ਪ੍ਰਚਲਿਤ ਧਾਰਮਿਕ ਕਰਮ ਕਾਂਡਾਂ ਅਤੇ ਭੇਖੀ ਵਿਵਹਾਰ ਦਾ ਖੰਡਨ ਕੋਈ ਨਕਾਰਾਤਮਕ ਭਾਵਨਾ ਉਪਜਾਉਣ ਲਈ ਨਹੀਂ ਕਰਦੇ ਅਤੇ ਨਾ ਹੀ ਇਸ ਦੇ ਪਿੱਛੇ ਦੂਸਰੇ ਧਰਮਾਂ ਨੂੰ ਨੀਵਾਂ ਦਿਖਾਉਣ ਦੀ ਭਾਵਨਾ ਹੈ ਸਗੋਂ ਇਹ ਵਾਰਾਂ ਹਰ ਪ੍ਰਕਾਰ ਦੀ ਸੰਪ੍ਰਦਾਇਕ ਸੰਕੀਰਣਤਾ ਤੋਂ ਮੁਕਤ ਰਚਨਾਵਾਂ ਹਨ। ਇਹ ਕਿਸੇ ਵਿਸ਼ੇਸ਼ ਫ਼ਿਰਕੇ ਲਈ ਨਹੀਂ ਰਚੀਆਂ ਗਈਆਂ ਸਗੋਂ ਇਹ ਸਮੁੱਚੀ ਮਾਨਵਤਾ ਦੇ ਕਲਿਆਣ ਦੇ ਮਨੋਰਥ ਨੂੰ ਸਮਰਪਿਤ ਹਨ। ਗੁਰੂਆਂ ਦੁਆਰਾ ਅਗਿਆਨ ਦੇ ਹਨੇਰੇ ਵਿਚ ਭਟਕ ਰਹੀ ਅਤੇ ਭੇਖੀ ਪੰਡਿਤਾਂ, ਪੁਰੋਹਿਤਾਂ, ਮੁਲਾਂ, ਕਾਜ਼ੀਆਂ, ਸਿੱਧਾਂ, ਜੋਗੀਆਂ ਤੇ ਹੋਰ ਸਾਧੂਆਂ ਮੁਨੀਆਂ ਦੁਆਰਾ ਗੁੰਮਰਾਹ ਕੀਤੀ ਜਾ ਰਹੀ ਆਮ ਲੋਕਾਈ ਨੂੰ ਸਤਿ ਦਾ ਗਿਆਨ ਕਰਾਉਣ ਅਤੇ ਸਚ ਦੇ ਮਾਰਗ ਉਤੇ ਚਲਣ ਦੀ ਪ੍ਰੇਰਨਾ ਦੇਣਾ ਹੈ। ਇਸੇ ਲਈ ਇਹ ਵਾਰਾਂ ਇਕ ਪਾਸੇ ਧਰਮ ਦੇ ਨਾਂ ਤੇ ਹੋ ਰਹੇ ਕੁਕਰਮ ਅਤੇ ਨਿਰੇ ਆਡੰਬਰਾਂ ਵਜੋਂ ਨਿਭਾਏ ਜਾਣ ਵਾਲੇ ਧਾਰਮਿਕ ਕਰਮ ਕਾਂਡਾਂ ਦਾ ਖੰਡਨ ਕਰਦੀਆਂ ਹਨ ਅਤੇ ਦੂਜੇ ਪਾਸੇ ਇਨ੍ਹਾਂ ਕਰਮ ਕਾਂਡਾਂ ਦੀ ਅਧਿਆਤਮਕ ਸਾਰਥਕਤਾ ਸਮਝਾਉਂਦੀਆਂ ਹਨ। ਇਹ ਪੰਡਿਤਾਂ, ਕਾਜ਼ੀਆਂ, ਜੋਗੀਆਂ ਤੇ ਸਿੱਧਾਂ ਦੇ ਭੇਖੀ ਵਿਵਹਾਰ ਦੀ ਆਲੋਚਨਾ ਕਰਦੀਆਂ ਹਨ। ਇਹਨਾਂ ਵਾਰਾਂ ਵਿਚ ਇਹ ਦਰਸਾਇਆ ਗਿਆ ਹੈ ਕਿ ਸਹੀ ਅਰਥਾਂ ਵਿਚ ਪੰਡਿਤ, ਕਾਜ਼ੀ, ਸਿੱਧ, ਜੋਗੀ, ਕੌਣ ਹਨ:

ਸੋ ਅਉਧੂਤੀ ਜੋ ਧੂਪੈ ਆਪੁ॥
ਭਿਖਿਆ ਭੋਜਨੁ ਕਰੇ ਸੰਤਾਪੁ॥
ਅਉਹਠ ਪਟਣ ਮਹਿ ਭੀਖਿਆ ਕਰੈ॥
ਸੋ ਅਉਧੂਤੀ ਸਿਵ ਪੁਰਿ ਚੜੈ॥ [32]

ਗੁਰੂ ਸਾਹਿਬਾਨ ਤਰਕਾਤਮਕ ਆਧਾਰਾਂ ਤੇ ਧਾਰਮਿਕ ਕਰਮ ਕਾਂਡਾਂ ਦਾ ਖੰਡਨ ਕਰਦੇ ਹਨ। ਨਿਰਾ ਖੰਡਨ ਹੀ ਨਹੀਂ ਕਰਦੇ ਸਗੋਂ ਤਿਆਗਣ ਯੋਗ ਦੇ ਨਾਲ-ਨਾਲ ਧਾਰਣਯੋਗ ਦੀ ਸੋਝੀ ਵੀ ਕਰਾਉਂਦੇ ਹਨ। ਗੁਰੂ ਸਾਹਿਬਾਨ ਧਾਰਮਿਕ ਕਰਮ ਕਾਂਡਾਂ ਦੇ ਵਿਰੁੱਧ ਨਹੀਂ ਸਗੋਂ ਉਨ੍ਹਾਂ ਦੇ ਨਾਲ ਜੁੜੇ ਦਿਖਾਵੇ

ਭੇਖ ਅਤੇ ਅਨਾਚਾਰ ਦੇ ਵਿਰੁੱਧ ਸਨ। ਉਹ ਧਾਰਮਿਕ ਕਰਮਕਾਂਡਾਂ ਨੂੰ ਅਜਿਹੇ ਢੰਗ ਨਾਲ ਨਿਭਾਉਣ ਦਾ ਉਪਦੇਸ਼ ਦਿੰਦੇ ਹਨ ਜਿਨ੍ਹਾਂ ਨੂੰ ਨਿਭਾਉਣ ਨਾਲ ਮਨ ਵਿਸ਼ੈ ਵਿਕਾਰਾਂ ਦੀ ਮੈਲ ਤੋਂ ਸਾਫ਼ ਹੋਵੇ ਅਤੇ ਮਨੁੱਖ ਦੈਵੀ ਉੱਚਤਾ ਦੇ ਵਿਕਾਸਸ਼ੀਲ ਮਾਰਗ ਉੱਤੇ ਚਲਣ ਦੇ ਯੋਗ ਬਣੇ। ਗੁਰੂ ਵਾਰਕਾਰਾਂ ਨੇ ਆਪਣੀਆਂ ਵਾਰਾਂ ਵਿਚ ਕਿਸੇ ਇਕ ਵਿਸ਼ੇਸ਼ ਧਾਰਮਿਕ ਅਨੁਸ਼ਾਸਨ ਦੀ ਪਾਲਣਾ ਨਾ ਕਰਕੇ ਕਿਸੇ ਇਕ ਵਿਸ਼ੇਸ਼ ਧਾਰਮਿਕ ਜ਼ਾਬਤੇ ਦਾ ਅਨੁਸਰਣ ਕਰਨ ਦਾ ਉਪਦੇਸ਼ ਨਹੀਂ ਦਿੱਤਾ ਸਗੋਂ ਹਰ ਤਰ੍ਹਾਂ ਦੇ ਧਾਰਮਿਕ ਆਡੰਬਰ ਅਤੇ ਧਾਰਮਿਕ ਤੁਆਸਬ ਤੋਂ ਉਪਰ ਉੱਠ ਕੇ ਉਸ ਇਕ ਪਰਮ ਸਤਾ ਦੀ ਪ੍ਰੇਮ ਭਗਤੀ ਵਿਚ ਲੀਨ ਹੋਣ ਦੀ ਪ੍ਰੇਰਨਾ ਦਿੱਤੀ ਹੈ ਜਿਸ ਦੀ ਮਹਿਮਾ ਸਾਰੇ ਰਿਸ਼ੀ ਮੁਨੀ, ਸਾਰੇ ਸਾਧੂ ਸੰਤ, ਸਾਰੇ ਦੇਵੀ ਦੇਵਤੇ ਤੇ ਪੀਰ ਪੈਗੰਬਰ ਗਾਉਂਦੇ ਹਨ।

ਮਨੁੱਖੀ ਜੀਵਨ ਦਾ ਅੰਤਿਮ ਲਕਸ਼ ਤਾਂ ਪ੍ਰਭੂ ਦੇ ਹੁਕਮ ਨੂੰ ਪਛਾਣਨਾ ਹੈ ਅਤੇ ਆਪਣੇ ਸਵੈ ਨੂੰ ਉਸ ਦੇ ਅਧੀਨ ਕਰਕੇ ਉਸ ਦਾ ਸਿਮਰਨ ਕਰਨਾ ਹੈ ਤਾਂ ਜੋ ਮਨੁੱਖ ਆਪਣੇ ਆਪ ਨੂੰ ਪਛਾਣ ਕੇ ਆਪਣੇ ਅਸਲੇ ਨਾਲ ਅਭੇਦ ਹੋ ਕੇ ਸੱਚੀ ਮੁਕਤੀ ਪ੍ਰਾਪਤ ਕਰ ਸਕੇ।

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥[33]

ਉਪਰੋਕਤ ਵਿਵੇਚਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂਆਂ ਦੁਆਰਾ ਰਚੀਆਂ ਇਹਨਾਂ ਵਾਰਾਂ ਵਿਚ ਸੰਤੁਲਿਤ, ਸੁਲਝੀ ਹੋਈ ਅਤੇ ਉੱਚ ਦ੍ਰਿਸ਼ਟੀ ਦਾ ਪ੍ਰਗਟਾਵਾ ਕੀਤਾ ਗਿਆ ਹੈ ਅਤੇ ਇਹ ਹਰੇਕ ਧਾਰਮਿਕ ਆਡੰਬਰ ਦਾ ਵਿਰੋਧ ਕਰਦੀਆਂ ਹਨ। ਗੁਰੂਆਂ ਦਾ ਦ੍ਰਿਸ਼ਟੀਕੋਣ ਮਾਨਵ ਹਿਤਕਾਰੀ ਹੈ। ਇਸ ਕਰਕੇ ਉਹ ਕਿਸੇ ਪ੍ਰਕਾਰ ਦੀ ਸੰਕੀਰਨਤਾ ਅਤੇ ਦਿਖਾਵੇ ਤੋਂ ਮੁਕਤ ਹੈ। ਅਸਲ ਵਿਚ ਗੁਰੂ ਸਾਹਿਬਾਨਾਂ ਦਾ ਜ਼ੋਰ ਮਨੁੱਖ ਦੀ ਸੋਚ ਤੇ ਕਰਮ ਦੀ ਅਜ਼ਾਦੀ ਉਤੇ ਹੈ, ਅਤੇ ਕਿਸੇ ਵੀ ਪ੍ਰਕਾਰ ਦੇ ਵਹਿਮਾਂ ਭਰਮਾਂ ਅਤੇ ਗੁੰਮਰਾਹਕੁੰਨ ਭੇਖਾਂ ਪਾਖੰਡਾਂ ਦੀ ਅਧੀਨਗੀ ਦੇ ਖਿਲਾਫ ਹੈ। ਗੁਰਬਾਣੀ ਚਿੰਤਨ

ਕੇਵਲ ਇਕੋ ਪਰਮਾਤਮਾ ਦੀ ਪ੍ਰਭੁਤਾ ਤੋਂ ਇਲਾਵਾ ਹੋਰ ਕਿਸੇ ਦੀ ਅਧੀਨਗੀ ਨੂੰ ਰੱਦ ਕਰਦਾ ਹੈ। ਫੋਕੇ ਕਰਮ ਕਾਂਡਾਂ ਅਤੇ ਬਾਹਰੀ ਆਡੰਬਰਾਂ ਦਾ ਵਿਰੋਧ ਵੀ ਇਹਨਾਂ ਵਾਰਾਂ ਵਿਚ ਏਸੇ ਕਰਕੇ ਹੋਇਆ ਹੈ ਕਿਉਂਕਿ ਇਹ ਅਡੰਬਰ ਮਨੁੱਖ ਦੀ ਸੁਤੰਤਰ ਸੋਚ ਤੇ ਕਿਰਿਆਤਮਕਤਾ ਨੂੰ ਰੋਕਦੇ ਹਨ। ਗੁਰਬਾਣੀ ਦਾ ਚਿੰਤਨ ਬੜਾ ਸਾਰਥਿਕ ਚਿੰਤਨ ਹੈ। ਇਸ ਲਈ ਗੁਰੂ ਸਾਹਿਬਾਨਾਂ ਨੇ ਧਰਮ ਨੂੰ ਵਿਅਕਤੀਗਤ ਸਰੋਕਾਰਾਂ ਤੋਂ ਛੁਟਕਾਰਾ ਦੁਆ ਕੇ ਇਸ ਨੂੰ ਸਮਾਜਿਕ ਤਬਦੀਲੀ ਲਈ ਸੰਘਰਸ਼ ਦਾ ਰੂਪ ਦਿੱਤਾ। ਧਰਮ ਵਿਚ ਪਹਿਲਾਂ ਸੰਨਿਆਸ, ਵਰਣ, ਆਸ਼ਰਮ ਆਦਿ ਜੀਵਨ ਤੋਂ ਨਾਂਹ ਪੱਖੀ ਵਿਚਾਰ ਹੀ ਸਨ। ਗੁਰੂ ਸਾਹਿਬਾਨਾਂ ਨੇ ਮਨੁੱਖ ਨੂੰ ਸਮਾਜਿਕ ਜਿੰਮੇਵਾਰੀਆਂ ਪ੍ਰਤੀ ਸੁਚੇਤ ਕੀਤਾ। ਪਹਿਲਾਂ ਮਨੁੱਖ ਨੂੰ ਰੱਬ ਦਾ ਨਿਮਰ ਤੇ ਨਿਮਾਣਾ ਸੇਵਕ ਬਣਨ ਲਈ ਕਿਹਾ ਜਾਂਦਾ ਸੀ। ਹੁਣ ਉਸ ਦੇ ਸਾਹਮਣੇ ਸੰਪੂਰਣ ਸ਼ਕਤੀ-ਸ਼ਾਲੀ ਮਾਨਵੀ ਹਸਤੀ ਦਾ ਸੰਕਲਪ ਰੱਖਿਆ ਗਿਆ। ਜੋਗੀਆਂ ਅਤੇ ਸੂਫ਼ੀਆਂ ਵਲੋਂ ਅਪਣਾਏ ਪੂਰਣ ਸੰਤੋਖਵਾਦ ਤੇ ਨੈਤਿਕ ਸਿਥਲਤਾ ਵਾਲੇ ਵਿਅਕਤੀਗਤ ਮੁਕਤੀ ਦੇ ਸੰਕਲਪ ਤੇ ਬਦਲ ਦੇ ਇਸ ਨੂੰ ਵਿਸ਼ਵਮਈ ਸ਼ਕਤੀ ਦੇ ਸੰਕਲਪ ਨਾਲ ਜੋੜਿਆ ਗਿਆ। ਗੁਰੂ ਸਾਹਿਬਾਨਾਂ ਨੇ ਮਨੁੱਖੀ ਵਿਅਕਤੀਤਵ ਦੇ ਨਿਰਮਾਣ ਲਈ ਪਰਮਾਤਮਾ ਅਤੇ ਧਰਮ ਆਦਿ ਤੇ ਪੁਨਰ ਵਿਚਾਰ ਕੀਤੀ ਅਤੇ ਮਨੁੱਖ ਨੂੰ ਆਪਣੇ ਸਮੁੱਚੇ ਜੀਵਨ ਪ੍ਰਤੀ ਤੀਬਰ ਸੂਝਤਾ ਪ੍ਰਦਾਨ ਕੀਤੀ। ਗੁਰੂ ਨਾਨਕ ਦੇਵ ਜੀ ਨੇ ੴ ਸ਼ਬਦ ਵਰਤ ਕੇ ਮਨੁੱਖ ਨੂੰ ਕਰੋੜਾਂ ਦੇਵੀ, ਦੇਵਤਿਆਂ ਤੇ ਲਘੂ-ਚੱਕਰਾਂ ਤੋਂ ਮੁਕਤ ਕਰ ਦਿੱਤਾ ਤੇ ਉਸ ਲਈ ਅਨੰਤ ਵਿਕਾਸ ਦਾ ਮਾਰਗ ਖੋਲ੍ਹ ਦਿੱਤਾ।

### (ੲ) ਸਭਿਆਚਾਰਕ ਤੇ ਆਦਰਸ਼ ਮਨੁੱਖ ਦੀ ਸਿਰਜਣਾ

ਸਮੇਂ ਦੇ ਨਾਲ ਮਨੁੱਖ ਦੇ ਆਦਰਸ਼ ਵੀ ਬਦਲਦੇ ਰਹਿੰਦੇ ਰਹੇ ਹਨ। ਮਨੁੱਖੀ ਜੀਵਨ ਦਾ ਆਦਰਸ਼ ਜੋ ਗੁਰੂ ਸਾਹਿਬਾਨਾਂ ਨੇ ਦਰਸਾਇਆ ਹੈ ਉਹ ਤੱਤਕਾਲੀ ਪ੍ਰਚਲਤ ਧਾਰਮਿਕ ਪਰੰਪਰਾ ਨਾਲੋਂ ਵੱਖਰਾ ਹੈ। ਪ੍ਰੰਪਰਾਗਤ ਧਰਮ ਵਿਚ ਮੁਕਤੀ ਹੀ ਜੀਵਨ ਦਾ ਆਦਰਸ਼ ਰਿਹਾ ਹੈ। ਪਰੰਤੂ ਗੁਰੂ ਸਾਹਿਬਾਨਾਂ ਨੇ ਪ੍ਰੰਪਰਾਗਤ ਵਿਸ਼ਿਆਂ ਨੂੰ ਵਿਚਾਰ ਤੇ ਸੰਚਾਰ ਕੇ ਹੋਰ ਉੱਨਤ ਕੀਤਾ। ਉਹਨਾਂ ਨੇ

ਵਿਅਕਤੀਗਤ ਪੱਧਰ ਨੂੰ ਤਿਆਗ ਕੇ ਸਮਾਜੀ ਪੱਧਰ ਨੂੰ ਅਹਿਮੀਅਤ ਦਿੱਤੀ। ਗੁਰੂ ਸਾਹਿਬਾਂ ਦੇ ਸੰਦੇਸ਼ ਨੇ ਮਨੁੱਖਤਾ ਨੂੰ ਤੰਗ ਨਜ਼ਰੀਏ, ਤੁਅਸਬ ਤੇ ਰੂਹਾਨੀ ਆਲਸ ਦਾ ਤਿਆਗ ਕਰਕੇ ਇਕ ਨਰੋਈ ਤੇ ਮਨੁੱਖਤਾ ਲਈ ਇਕ ਉਸਾਰੂ ਸੋਚ ਦਾ ਮੁੱਢ ਬੰਨ੍ਹਿਆ। ਗੁਰਬਾਣੀ ਦਾ ਕਾਰਜ ਖੇਤਰ ਕੇਵਲ ਪੂਜਾ-ਪਾਠ ਜਾਂ ਕਰਮ-ਕਾਂਡਾਂ ਤਕ ਸੀਮਤ ਨਹੀਂ ਸਗੋਂ ਉਚਾ ਸਦਾਚਾਰੀ ਤੇ ਇਖਲਾਕੀ ਜੀਵਨ ਦਾ ਮਾਰਗ ਦਰਸ਼ਨ ਕਰਵਾਉਣਾ, ਫੋਕੇ ਤੇ ਨਿਰਾਰਥਕ ਰੀਤੀ-ਰਿਵਾਜਾਂ ਦਾ ਖੰਡਨ ਕਰਕੇ ਮਨੁੱਖ ਨੂੰ ਉਸ ਦੇ ਜੀਵਨ ਦੇ ਸਮਾਜਿਕ, ਧਾਰਮਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਕ ਖੇਤਰਾਂ ਵਿਚ ਉਸ ਨੂੰ ਨਰੋਈ ਸੇਧ ਦੇਣਾ ਵੀ ਹੈ। ਗੁਰਬਾਣੀ ਵਿੱਚ ਆਦਰਸ਼ ਮਨੁੱਖ ਨੂੰ ਕਈ ਸ਼ਬਦਾਂ ਰਾਹੀਂ ਨਿਰੂਪਣ ਕੀਤਾ ਗਿਆ ਹੈ। ਜਪੁਜੀ ਸਾਹਿਬ ਵਿਚ ਉਸ ਨੂੰ ਸਚਿਆਰਾ ਕਿਹਾ ਗਿਆ ਹੈ। ਆਸਾ ਦੀ ਵਾਰ ਵਿਚ ਦੇਵਤਾ, ਸਿਧ ਗੋਸਟਿ ਵਿਚ ਗੁਰਮੁਖ, ਅਨੰਦ ਸਾਹਿਬ ਵਿਚ ਭਗਤ ਅਤੇ ਗੁਰੂ ਅਮਰਦਾਸ ਜੀ ਨੇ ਅਜਿਹੀ ਸਖਸ਼ੀਅਤ ਲਈ ਸੇਵਕ ਅਤੇ ਸਿੱਖ ਸ਼ਬਦ ਦੀ ਵੀ ਵਰਤੋਂ ਕੀਤੀ ਹੈ। ਗੁਰੂ ਕਵੀਆਂ ਅਨੁਸਾਰ ਗੁਰਮੁਖ ਜਾਂ ਵੀਰ ਉਹ ਹੈ ਜੋ ਗੁਰੂ ਦੀ ਸਿੱਖਿਆ ਅਨੁਸਾਰ ਆਪਣੇ ਜੀਵਨ ਨੂੰ ਢਾਲਦਾ ਹੈ। ਉਹ ਗੁਰੂ ਦੇ ਆਦੇਸ਼ਾਂ ਦਾ ਪਾਲਣ ਕਰਦਾ ਹੋਇਆ ਆਦਰਸ਼ਕ ਮਨੁੱਖ ਬਣਨ ਦਾ ਯਤਨ ਕਰਦਾ ਹੈ। ਅਜਿਹੇ ਪੁਰਸਾਂ ਬਾਰੇ ਡਾਕਟਰ ਬਲਦੇਵ ਸਿੰਘ ਬਦਨ ਨੇ ਆਪਣੀ ਪੁਸਤਕ ਗੁਰਬਾਣੀ ਚਿੰਤਨ ਵਿਚ ਕੁਝ ਕੁ ਵਿਦਵਾਨਾਂ ਦੇ ਵਿਚਾਰਾਂ ਨੂੰ ਹੇਠ ਲਿਖੇ ਅਨੁਸਾਰ ਦਰਸਾਇਆ ਹੈ। ਡਾ. ਜੀ. ਐਸ ਅਨੰਦ ਅਨੁਸਾਰ:

> ਗੁਰਮੁਖ ਇਕ ਆਦਰਸ਼ ਵਿਅਕਤੀ ਹੈ ਜੋ ਜਾਤ ਪਾਤ ਦੀ ਵੰਡ ਤੋਂ ਉੱਪਰ ਉੱਠ ਕੇ ਜਨ ਦੀ ਭਲਾਈ ਦੇ ਕਾਰਜਾਂ ਲਈ ਸਦਾ ਤਤਪਰ ਰਹਿੰਦਾ ਹੈ। ਉਸ ਦਾ ਧਰਮ ਪ੍ਰੇਮ ਹੈ ਅਤੇ ਉਸ ਦੀ ਕਰਮਭੂਮੀ ਸਾਰਾ ਸੰਸਾਰ ਹੈ।[34]

ਦਰਸ਼ਨ ਸਿੰਘ ਦੇ ਅਨੁਸਾਰ:

> ਗੁਰੂ ਦਾ ਸਿੱਖ ਜਦੋਂ ਆਪਣੀ ਘਾਲ ਕਮਾਈ ਅਤੇ ਬਹੁਪੱਖੀ ਸੇਵਾ

ਸਦਕਾ ਗੁਰੂ ਦੀ ਪ੍ਰਸੰਨਤਾ ਦਾ ਪਾਤਰ ਬਣ ਜਾਂਦਾ ਹੈ ਤਾਂ ਉਸ ਨੂੰ ਗੁਰਮੁਖ ਕਿਹਾ ਜਾਂਦਾ ਹੈ। ਗੁਰਮੁਖ ਸਦਾ ਹੀ ਪਾਰਖੂ ਦ੍ਰਿਸ਼ਟੀ ਦਾ ਸੁਆਮੀ ਹੈ ਅਤੇ ਇਸ ਬਿਬੇਕ ਸਦਕਾ ਉਹ ਪ੍ਰਭੂ ਵਿਚ ਲਿਵ ਦੀ ਪ੍ਰਾਪਤੀ ਕਰਦਾ ਹੋਇਆ ਉਸ ਦੀ ਪਹਿਚਾਣ ਕਰ ਲੈਂਦਾ ਹੈ।[35]

ਡਾ. ਜੋਧ ਸਿੰਘ ਅਨੁਸਾਰ :

ਦਰਅਸਲ ਜਿਹੜਾ ਸਮਾਜ ਸੱਚ ਤੇ ਸਾਖਿਆਤਕਾਰ ਦੇ ਲਾਇਕ ਆਪਣੇ ਆਪ ਨੂੰ ਬਣਾ ਲੈਂਦਾ ਹੈ, ਉਹ ਭਵਿੱਖਮੁਖੀ ਹੋ ਕੇ ਸਦੈਵ ਵਧਦਾ ਫੁਲਦਾ ਹੈ ਅਤੇ ਆਪਣੇ ਸਵੈ ਪੜਚੋਲ ਤੋਂ ਕਦੀ ਕੰਨੀ ਨਹੀਂ ਕਤਰਾਉਂਦਾ। ਅਜਿਹੇ ਸੱਚ ਦੇ ਮੁਤਲਾਸ਼ੀ ਨੂੰ ਗੁਰੂ ਨਾਨਕ ਨੇ ਗੁਰਮੁਖਿ ਨਾਂ ਨਾਲ ਜਾਣਿਆ ਅਤੇ ਬਾਅਦ ਵਿਚ ਇਸੇ ਗੁਰਮੁਖ ਨੂੰ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨਾਂ ਨਾਲ ਸੰਬੋਧਨ ਕੀਤਾ।[36]

ਡਾ. ਜਗਬੀਰ ਸਿੰਘ ਅਨੁਸਾਰ :

ਨੈਤਿਕਤਾ ਮਨੁੱਖ-ਮਨੁੱਖ ਵਿਚਕਾਰ ਰਿਸ਼ਤੇ ਨੂੰ ਇਕਸੁਰਤਾ ਪ੍ਰਦਾਨ ਕਰਦੀ ਹੈ। ਸਮਾਜਿਕ ਜੀਵਨ ਵਿਚ ਨੈਤਿਕਤਾ ਨੂੰ ਧਾਰਨ ਕਰਨਾ ਵਿਅਕਤੀਗਤ ਸ਼ਾਂਤੀ ਅਤੇ ਸਮੂਹਿਕ ਅਮਨ ਦੀ ਲਾਜ਼ਮੀ ਸ਼ਰਤ ਹੈ। ਇਸ ਤੋਂ ਕਲਾਹ ਕਲੇਸ਼ ਵਿਚ ਪੈ ਕੇ ਮਨੁੱਖ ਆਪਣੀ ਸ਼ਕਤੀ ਨਸ਼ਟ ਕਰਦਾ ਹੈ। ਸਦਾਚਾਰਕ ਪੂਰਨਤਾ ਦਾ ਧਾਰਨੀ ਗੁਰਮੁਖਿ ਵਿਅਕਤੀ ਸਚਿਆਰ ਹੈ। ਗੁਰਮਤਿ ਦੇ ਅਚਾਰ ਵਿਧਾਨ ਵਿਚ ਇਸ ਸੱਚ ਨੂੰ ਸਰਵੋਤਮ ਸਥਾਨ ਪ੍ਰਾਪਤ ਹੈ। [37]

ਉਪਰੋਕਤ ਪਰਿਭਾਸ਼ਾਵਾਂ ਅਨੁਸਾਰ ਗੁਰਮੁਖ ਉਹ ਹੈ ਜਿਹੜਾ ਆਦਰਸ਼ ਵਿਅਕਤੀ

ਜਾਤ-ਪਾਤ ਦੀ ਵੰਡ ਤੋਂ ਉੱਪਰ ਉੱਠ ਕੇ ਜਨ ਭਲਾਈ ਲਈ ਤਤਪਰ ਰਹਿੰਦਾ ਹੈ, ਜਾਂ ਉਹ ਗੁਰੂ ਦੀ ਬਹੁ-ਪੱਖੀ ਸੇਵਾ ਦੁਆਰਾ ਉਸਦੀ ਪਰਸੰਨਤਾ ਦਾ ਪਾਤਰ ਬਣ ਜਾਂਦਾ ਹੈ ਜਾਂ ਜਿਹੜਾ ਸਮਾਜ ਸੱਚ ਤੇ ਸਾਖਿਆਕਾਰ ਦੇ ਨਾਇਕ ਆਪਣੇ ਆਪ ਨੂੰ ਬਣਾ ਲੈਂਦਾ ਹੈ ਜਾਂ ਨੈਤਿਕਤਾ ਦਾ ਧਾਰਨੀ ਆਦਿ, ਉਹ ਗੁਰਮੁਖ ਹੈ। ਉਪਰੋਕਤ ਪਰਿਭਾਸ਼ਾਵਾਂ ਗੁਰਮੁਖ ਬਾਰੇ ਪੂਰਨ ਤੌਰ ਤੇ ਦੱਸਣ ਤੋਂ ਅਸਮਰਥ ਜਾਪਦੀਆ ਹਨ। ਅਸਲ ਵਿੱਚ ਇਹ ਦੱਸਣਾ ਕਿ ਗੁਰਮੁਖ ਕੌਣ ਹੈ? ਇਤਨਾ ਹੀ ਔਖਾ ਹੈ ਜਿਤਨਾ ਰਹੱਸਵਾਦੀ ਅਨੁਭੂਤੀ ਨੂੰ ਅਭਿਵਿਅਕਤ ਕਰਨਾ ਮੁਸ਼ਕਲ ਹੈ। ਅਸਲ ਵਿਚ ਗੁਰਮੁਖ ਇਕ ਅਧਿਆਤਮਕ ਪਦਵੀ ਹੈ ਅਤੇ ਇਸ ਪਦਵੀ ਨਾਲ ਉਹ ਵਿਅਕਤੀ ਸੁਸ਼ੋਭਿਤ ਹੁੰਦਾ ਹੈ ਜੋ ਆਪਣਾ ਜੀਵਨ ਗੁਰੂ ਦੀ ਸਿੱਖਿਆ ਦੇ ਅਨੁਕੂਲ ਗੁਜ਼ਾਰਦਾ ਹੈ। ਗੁਰੂ ਦਾ ਵੀ ਸਭ ਤੋਂ ਵੱਡਾ ਪ੍ਰਮੁੱਖ ਕਰਤਵ ਮਨੁੱਖ ਨੂੰ ਦੇਵਤਾ ਤੱਕ ਵੀ ਬਣਾਉਣਾ ਹੈ। ਇਹੋ ਜਿਹਾ ਮਨੁੱਖ ਹੀ ਗੁਰਮੁਖਤਾ ਦਾ ਪਾਤਰ ਹੈ। ਗੁਰੂ ਨਾਨਕ ਅਨੁਸਾਰ:

> ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
> ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥[38]

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਵਾਰਾਂ ਅਨੁਸਾਰ ਆਦਰਸ਼ ਮਨੁੱਖ ਜੀਵਨ ਪ੍ਰਤੀ ਨਰੋਆ ਦ੍ਰਿਸ਼ਟੀਕੋਣ ਅਪਣਾਉਂਦਾ ਹੈ। ਫਜ਼ੂਲ ਕਰਮ ਕਾਂਡਾਂ, ਪਾਖੰਡਾਂ, ਰੀਤਾਂ, ਰਸਮਾਂ ਦਾ ਤਿਆਗ ਕਰਕੇ ਸਿੱਧਾ ਜੀਵਨ ਨਿਸ਼ਾਨੇ ਵਲ ਸੇਧਿਤ ਹੋਣ ਦੀ ਪ੍ਰੇਰਨਾ ਦਿੰਦਾ ਹੈ। ਗੁਰਮੁਖ ਦਾ ਹਲਤ ਪਲਤ ਵਾਲਾ ਜੀਵਨ ਸਾਰਥਕ ਤੇ ਆਸ਼ਾਵਾਦੀ ਹੁੰਦਾ ਹੈ। ਗੁਰਬਾਣੀ ਵਿਚ ਆਦਰਸ਼ ਮਨੁੱਖ ਦੀ ਬਹੁਤ ਪ੍ਰਸੰਸਾ ਕੀਤੀ ਗਈ ਹੈ। ਜਪੁਜੀ ਸਾਹਿਬ ਵਿਚ ਉਸ ਨੂੰ ਪੰਚ ਪਰਵਾਨ, ਭਗਤ, ਸੂਰਾ, ਯੋਧਾ ਸਚਿਆਰ ਆਦਿ ਸ਼ਬਦਾਂ ਰਾਹੀਂ ਸੰਬੋਧਨ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਅਜਿਹੀ ਪੁੱਜੀ ਹੋਈ ਸਖਸ਼ੀਅਤ ਲਈ ਸੰਤ ਸਾਧ, ਬ੍ਰਹਮ ਗਿਆਨੀ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਆਦਰਸ਼ ਮਨੁੱਖ ਬਹੁਪੱਖੀ ਗੁਣਾਂ ਨਾਲ ਭਰਪੂਰ ਹੁੰਦਾ ਹੈ ਉਹ ਸਮਾਜ ਵਿਚ ਪ੍ਰਧਾਨ ਅਤੇ ਪ੍ਰਭੂ ਦੇ ਦਰ ਤੇ ਪ੍ਰਵਾਨ ਹੁੰਦਾ ਹੈ। ਆਦਰਸ਼ ਮਨੁੱਖ ਦੀ ਖ਼ੂਬੀ ਇਹ ਹੁੰਦੀ ਹੈ ਕਿ ਉਹ ਚੰਗਾ ਤੇ ਉਚੇਰਾ ਹੁੰਦਾ

ਹੋਇਆ ਵੀ ਆਪਣੇ ਮਨ ਵਿਚ ਨਿਮਰਤਾ ਧਾਰਨ ਕਰੀ ਰੱਖਦਾ ਹੈ। ਆਦਰਸ਼ ਮਨੁੱਖ ਦਾ ਵਰਨਣ ਕਰਦਿਆਂ ਹੋਇਆਂ ਗੁਰਬਾਣੀ ਵਿਚ ਗੁਰਮੁਖ ਤੇ ਬ੍ਰਹਮ ਗਿਆਨੀ ਦੇ ਚਰਿਤਰ ਨੂੰ ਰੂਪਮਾਨ ਕਰਨ ਦਾ ਵਧੇਰੇ ਯਤਨ ਕੀਤਾ ਗਿਆ ਹੈ। ਅਜਿਹਾ ਮਨੁੱਖ ਜੀਵਨ ਮੁਕਤ ਹੋ ਕੇ ਸੰਸਾਰ ਵਿਚ ਸਮੂਹ ਲੋਕਾਈ ਦੇ ਕਲਿਆਣ ਹਿੱਤ ਵਿਚਰਦਾ ਹੈ। ਉਹ ਸਤਿ, ਸੰਤੋਖ, ਦਇਆ, ਧਰਮ ਅਤੇ ਧੀਰਜ ਪੰਜਾਂ ਗੁਣਾਂ ਦਾ ਧਾਰਨੀ ਹੁੰਦਾ ਹੈ। ਵਾਰਾਂ ਅਨੁਸਾਰ ਵੀਰ, ਸੂਰਮਾ ਜਾਂ ਗੁਰਮੁਖ ਜਾਂ ਸੱਚਾ ਮਨੁੱਖ ਉਹੀ ਹੈ ਜੋ ਆਪਣੇ ਮਨ ਅੰਦਰਲੀਆਂ ਬੁਰਾਈਆਂ ਤੇ ਕਾਬੂ ਪਾ ਲੈਂਦਾ ਹੈ। ਇਨ੍ਹਾਂ ਬੁਰਾਈਆਂ ਨਾਲ ਟਾਕਰੇ ਵੇਲੇ ਪਰਮਾਤਮਾ ਦੀ ਮਿਹਰ ਹੀ ਇਕੋ ਇਕ ਹਥਿਆਰ ਹੈ। ਪਰਮਾਤਮਾ ਦੀ ਮਿਹਰ ਤੋਂ ਬਿਨਾਂ ਇਨ੍ਹਾਂ ਬੁਰਾਈਆਂ ਉਤੇ ਕਾਬੂ ਨਹੀਂ ਪਾਇਆ ਜਾ ਸਕਦਾ। ਪਰਮਾਤਮਾ ਆਪਣੀ ਮਿਹਰ ਕਰਕੇ ਮਨੁੱਖ ਨੂੰ ਸੱਚੇ ਗੁਰੂ ਨਾਲ ਮਿਲਾਉਂਦਾ ਹੈ। ਉਸ ਤੋਂ ਅਗਵਾਈ ਅਤੇ ਸਿਖਿਆ ਲੈ ਕੇ ਮਨੁੱਖ ਬੁਰਾਈਆਂ ਦਾ ਟਾਕਰਾ ਕਰਦਾ ਹੋਇਆ ਉਨ੍ਹਾਂ ਉੱਤੇ ਕਾਬੂ ਪਾ ਕੇ ਗੁਰਮੁਖ ਦੀ ਪਦਵੀ ਦਾ ਧਾਰਨੀ ਬਣਦਾ ਹੈ। ਪਰਮਾਤਮਾ ਦੇ ਹੁਕਮ ਵਿਚ ਰਹਿ ਕੇ ਮਨੁੱਖ, ਗੁਰਮੁਖ ਬਣਨ ਵਲ ਅਗਰਸਰ ਹੋ ਸਕਦਾ ਹੈ। ਗੁਰਮੁਖਿ ਜਾਂ ਆਦਰਸ਼ ਮਨੁੱਖ ਜੀਵਨ ਵਿਕਾਸ ਦੀ ਸਿਖਰ ਤੇ ਪਹੁੰਚਿਆ ਹੋਇਆ ਹੁੰਦਾ ਹੈ। ਉਹ ਰੱਬੀ ਹੁਕਮ ਦੇ ਅਧੀਨ ਰਹਿੰਦਾ ਹੋਇਆ ਆਪਣਾ ਜੀਵਨ ਸਫ਼ਲ ਕਰਦਾ ਹੈ। ਆਦਰਸ਼ ਮਨੁੱਖ ਕਿਸੇ ਸੰਸਥਾਗਤ ਧਰਮ ਨਾਲ ਨਹੀਂ ਜੁੜਿਆ ਹੁੰਦਾ। ਉਹ ਮੂਲਰੂਪ ਵਿਚ ਸੁਤੰਤਰ ਵਿਅਕਤੀ ਹੈ ਇਸੇ ਕਰਕੇ ਉਹ ਸੰਪਰਦਾਇਕ ਭਾਵਾ ਤੋਂ ਮੁਕਤ ਹੋ ਕੇ ਸਮਾਜ ਵਿਚ ਵਿਚਰਦਾ ਹੈ। ਆਦਰਸ਼ ਮਨੁੱਖ ਸ਼ਬਦ ਦੁਆਰਾ ਆਤਮਾ ਨੂੰ ਪਛਾਣਦਾ ਹੈ ਅਤੇ ਇਸ ਤਰ੍ਹਾਂ ਆਪਣੇ ਹਿਰਦੇ ਵਿਚ ਪਰਮਾਤਮਾ ਨੂੰ ਵਸਾ ਲੈਂਦਾ ਹੈ। ਉਸ ਦਾ ਮਨ ਅਡੋਲ ਹੈ। ਉਹ ਪਾਖੰਡ ਨਹੀਂ ਕਰਦਾ। ਉਹ ਮੋਹ ਮਾਇਆ ਦੇ ਜਾਲ ਵਿਚ ਨਹੀਂ ਫਸਦਾ। ਗੁਰੂ ਨਾਨਕ ਦੇਵ ਜੀ ਨੇ ਮਾਝ ਦੀ ਵਾਰ ਵਿਚ ਅਜਿਹੇ ਮਨੁੱਖ ਬਾਰੇ ਇਉਂ ਜਾਣਕਾਰੀ ਦਿੱਤੀ ਹੈ:

> ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ॥
>
> ਗੁਰਮਤੀ ਆਪੁ ਗਵਾਇ ਸਚੁ ਪਛਾਣਿਆ॥

ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ॥

ਸਚਾ ਸਬਦੁ ਵੀਚਾਰਿ ਸਚਿ ਸਮਾਣਿਆ॥

ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ॥[39]

ਇਸ ਪ੍ਰਾਕਿਰਤੀ ਦੇ ਮਨੁੱਖ ਨੂੰ ਕਿਨ੍ਹਾਂ ਕਿਨ੍ਹਾਂ ਵਸਤਾਂ ਨਾਲ ਟੱਕਰ ਲੈਣੀ ਪੈਂਦੀ ਹੈ ਜੋ ਮਨੁੱਖ ਨੂੰ ਗਲਤ ਪਾਸੇ ਲਾਉਂਦੀਆਂ ਹਨ ਪਰੰਤੂ ਮਨਮੁੱਖ ਤੋਂ ਉਲਟ ਗੁਰਮਖ ਪਦਾਰਥਵਾਦੀ ਸੋਚ ਨੂੰ ਤਿਆਗਦਾ ਹੋਇਆ ਅਧਿਆਤਮਕ ਆਦਰਸ਼ਵਾਦੀ ਸੋਚ-ਵਿਧੀ ਨੂੰ ਅਪਣਾਉਂਦਾ ਹੈ:

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥

ਏਹ ਜਮ ਕੀ ਸਿਰਕਾਰ ਹੈ ਏਨਾ ਉਪਰਿ ਜਮ ਕਾ ਡੰਡੁ ਕਰਾਰਾ॥

ਮਨਮੁਖ ਜਮ ਮਗਿ ਪਾਈਅਨਿ ਜਿਨ੍ ਦੂਜਾ ਭਾਉ ਪਿਆਰਾ॥

ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ॥

ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਗੁਰਮੁਖਿ ਨਿਸਤਾਰਾ॥[40]

ਇਸ ਤਰ੍ਹਾਂ ਮਨਮੁਖਿ ਦੀ ਹਾਰ ਹੁੰਦੀ ਹੈ ਅਤੇ ਸੱਚੇ ਮਨੁੱਖ ਦੀ ਜਿੱਤ ਹੁੰਦੀ ਹੈ ਤੇ ਗੁਰਮੁਖ ਸਿਖ ਫਲਸਫੇ ਉਪਰ ਆਪਣੀ ਸੋਚ-ਵਿਧੀ ਨੂੰ ਢਾਲਦਾ ਹੈ ਜਿਸ ਨਾਲ ਉਹ ਸਵੈ-ਵਿਕਾਸਮਈ ਕਿਰਦਾਰ ਨੂੰ ਬਰਕਰਾਰ ਰੱਖਦਾ ਹੈ।

(ੳ) ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ॥[41]

(ਅ) ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ॥

ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ॥

ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ॥

ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ॥

ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ॥

ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ॥[42]

ਉਪਰੋਕਤ  ਬਾਣੀ ਤੁਕਾਂ ਤੋਂ ਸਪਸ਼ਟ ਹੁੰਦਾ ਹੈ ਕਿ ਮਨਮੁੱਖ ਅਤੇ ਗੁਰਮੁਖ ਦੋ ਵਿਰੋਧੀ ਬ੍ਰਿਤੀਆਂ ਦੇ ਮਨੁੱਖ ਹਨ। ਮਨਮੁੱਖ ਜੀਵਨ ਪ੍ਰਤਿ ਨਾ-ਪੱਖੀ ਮਨੋਬ੍ਰਿਤੀਆਂ ਦਾ ਧਾਰਨੀ ਹੈ ਜਿਹੜੀਆਂ ਉਸ ਦੀ ਸਮਾਜਿਕ ਪੱਧਰ ਤੇ ਬਰਾਬਰੀ  ਦੇ ਧਰਾਤਲ ਤੇ ਸਹਿ-ਹੋਂਦ ਨੂੰ ਕਬੂਲਣ ਯੋਗ ਨਹੀਂ ਬਣਾਂਦੀਆਂ ਦੂਜੇ ਪੱਧਰ ਤੇ ਗੁਰਮੁਖ ਖੜਾ ਹੈ ਜੋ ਸਤਿ ਦਾ ਧਾਰਨੀ ਹੈ। ਉਹ ਸਦ-ਗੁਣ ਕਿਰਦਾਰ ਦਾ ਮਾਲਕ ਇਕ ਆਦਰਸ਼ਕ ਮਨੁੱਖ ਹੈ ਜੋ ਨਰੋਏ ਸਮਾਜਿਕ-ਸੰਗਠਨ ਦੇ ਮਾਰਗ ਤੇ ਚਲਦਿਆਂ ਸਮਾਜ ਲਈ ਇਕ 'ਮਾਡਲ' ਦੀ ਭੂਮਿਕਾ ਨਿਭਾਉਂਦਾ ਹੈ। ਉਹ ਆਦਰਸ਼ਕ ਮਨੁੱਖ ਕਾਮ, ਕ੍ਰੋਧ, ਲੋਭ ਆਦਿ ਨਾਲ ਮਾਨਸਿਕ ਪੱਧਰ ਤੇ ਜੋ ਯੁਧ ਕਰਦਾ ਹੈ, ਅਤੇ ਇਨ੍ਹਾਂ ਬੁਰਾਈਆਂ ਤੇ ਕਾਬੂ ਪਾ ਕੇ ਵੀਰ ਸੂਰਮਾ ਬਣ ਨਿੱਤਰਦਾ ਹੈ।

ਸੇਈ ਉਬਰੇ ਜਗੈ ਵਿਚਿ ਜੋ ਸਚੈ ਰਖੇ॥
ਮੁਹਿ ਡਿਠੈ ਤਿਨ ਕੈ ਜੀਵੀਐ ਹਰਿ ਅੰਮ੍ਰਿਤੁ ਚਖੇ॥
ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ॥
ਕਰਿ ਕਿਰਪਾ ਪ੍ਰਭਿ ਆਪਣੀ ਹਰਿ ਆਪਿ ਪਰਖੇ॥
ਨਾਨਕ ਚਲਤ ਨ ਜਾਪਨੀ ਕੋ ਸਕੈ ਨ ਲਖੇ॥[43]

ਇਸੇ ਤਰ੍ਹਾਂ 'ਬਸੰਤ ਕੀ ਵਾਰ' ਵਿਚ ਇਕ ਪਾਸੇ ਮਨੁੱਖ ਹੈ ਤੇ ਦੂਜੇ ਪਾਸੇ ਪਰਮਾਤਮਾ। ਜਿਸ ਤਰ੍ਹਾਂ ਬਸੰਤ ਰੁਤ ਵਿਚ ਫੁੱਲ ਬੂਟੇ ਮੌਲਦੇ ਹਨ ਬਿਲਕੁਲ ਉਸੇ ਤਰ੍ਹਾਂ ਹੀ ਨਾਮ ਜਪਣ ਦੀ ਰੁੱਤ ਮਨੁੱਖਾ ਜਨਮ ਹੈ।

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨਾ ਮੋਆ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥[44]

ਗੁਰੂ ਸਾਹਿਬਾਨਾ ਨੇ ਜੀਵਨ ਦੇ ਵਿਕਾਸ ਲਈ ਆਸ਼ਾਵਾਦ ਨੂੰ ਇਕ ਸੂਤਰ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਹ ਜਜ਼ਬਾ ਮਨੁੱਖੀ ਜੀਵਨ ਲਈ ਇਕ ਉਸਾਰੂ ਜਜ਼ਬੇ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਜੋ ਜੀਵਨ ਦੇ ਸਫ਼ਰ ਨੂੰ ਸਾਰਥਿਕ ਬਣਾਉਂਦਾ ਹੈ। ਗੁਰੂਆਂ ਅਨੁਸਾਰ ਮਨੁੱਖ ਪ੍ਰਾਕਿਰਤੀ ਦੀ ਰੱਬ ਸਬੱਬੀ ਰਚਨਾ ਨਹੀਂ, ਨਾ ਹੀ ਇਹ ਸਦੈਵੀ ਇਛਾਵਾਂ ਦਾ ਪਲੰਦਾ ਹੈ। ਇਹ ਸਜੀਵ ਵਿਅਕਤੀ ਹੈ, ਜਿਸ ਦਾ ਜੀਵਨ ਮਾਰਗ ਰੱਬ ਦੁਆਰਾ ਧਰਤੀ ਤੇ ਨਿਸ਼ਚਤ ਹੈ। ਮਨੁੱਖ ਸੰਵੇਦਨਸ਼ੀਲ ਤੇ ਰੂਹਾਨੀ ਸੰਸਾਰ ਦਾ ਮਿਲਨ ਬਿੰਦੂ ਹੈ, ਜਿੱਥੇ ਬ੍ਰਹਿਮੰਡੀ ਤਨਾਵ ਦੇ ਦੋ ਵੰਡ ਪ੍ਰਵਾਹ ਮਿਲਦੇ ਹਨ। ਗੁਰੂ ਸਾਹਿਬਾਨਾਂ ਨੇ ਮਨੁੱਖ ਨੂੰ ਉਸ ਦੇ ਬਹੁਪਰਤੀ ਸੰਕਲਪ ਅਨੁਸਾਰ ਸੰਪੂਰਣ ਜੀਵਨ ਜੁਗਤੀ ਪ੍ਰਦਾਨ ਕੀਤੀ। ਮਨੁੱਖ ਦਾ ਜਿਥੇ ਆਪੇ ਨਾਲ ਸੰਬੰਧ ਹੈ ਉਥੇ ਸਮਾਜ, ਦੇਸ ਸੰਸਾਰ ਤੇ ਪੂਰੇ ਬ੍ਰਹਿਮੰਡ ਨਾਲ ਵੀ ਸੰਬੰਧ ਹੈ। ਗੁਰਮਤਿ ਵਿਚਾਰਧਾਰਾ ਸਮੁੱਚੇ ਜੀਵਨ ਨੂੰ ਇਕ ਇਕਾਈ ਮੰਨ ਕੇ ਇਸ ਦੀ ਨਵਉਸਾਰੀ ਪ੍ਰਤੀ ਸਮਰਪਿਤ ਹੈ। ਮਨੁੱਖੀ ਜੀਵਨ ਦਾ ਮੂਲ ਮਨੋਰਥ ਆਪਣੇ ਅੰਦਰ ਵਸਦੀ ਬ੍ਰਹਮ ਰੂਪੀ ਆਤਮਾ ਨੂੰ ਪਛਾਣ ਕੇ ਜੀਵਨ ਮੁਕਤੀ ਦੀ ਅਵਸਥਾ ਨੂੰ ਪ੍ਰਾਪਤ ਕਰਨਾ ਹੈ। ਇਹ ਅਵਸਥਾ ਆਤਮਿਕ ਵਿਕਾਸ ਦੀ ਅਵਸਥਾ ਹੈ। ਇਸ ਅਵਸਥਾ ਵਿਚ ਪਹੁੰਚ ਕੇ ਵਿਅਕਤੀ ਦਾ ਜੀਵਨ ਅਡੋਲ ਅਤੇ ਸ਼ਾਂਤ ਹੋ ਜਾਂਦਾ ਹੈ। ਮਨੁੱਖ ਰੱਬੀ ਹੁਕਮ ਦੇ ਅਧੀਨ ਚਲ ਕੇ ਪਿਆਰ ਦੀ ਮੂਰਤ ਬਣ ਜਾਂਦਾ ਹੈ। ਅਜਿਹੀ ਸਥਿਤੀ ਤੱਕ ਪਹੁੰਚਦਿਆਂ ਹੋਇਆਂ ਵਿਅਕਤੀ ਆਦਰਸ਼ ਮਨੁੱਖ ਦਾ ਰੂਪ ਧਾਰਨ ਕਰ ਲੈਂਦਾ ਹੈ। ਗੁਰਬਾਣੀ ਦੀ ਵਿਚਾਰਧਾਰਕ ਚੇਤਨਾ ਮਨੁੱਖ ਨੂੰ ਨੈਤਿਕਤਾ ਦਾ ਸਬਕ ਸਿਖਾਉਂਦਿਆਂ ਉਹਨਾਂ ਨੂੰ ਇਕ ਚੰਗਾ ਮਨੁੱਖ ਜਾਂ ਆਦਰਸ਼ਕ ਮਨੁੱਖ ਬਣਾਉਣ ਵਲ ਅਗਰਸਰ ਹੁੰਦੀ ਹੈ ਜਿਹੜਾ ਨਿੱਜੀ ਜੀਵਨ ਦੇ ਨਾਲ ਨਾਲ ਭਾਈਚਾਰਕ ਸੰਬੰਧਾਂ ਨੂੰ ਵੀ ਉਤਮਤਾ ਨਾਲ ਨਿਭਾਉਂਦਾ ਹੈ। ਸਵਾਰਥ ਦਾ ਤਿਆਗ ਉਸਦਾ ਵਿਸ਼ੇਸ਼ ਲੱਛਣ ਹੁੰਦਾ ਹੈ। ਨੈਤਿਕ ਜੀਵਨ ਜਦੋਂ ਸਮਾਜਕ ਧਰਾਤਲ ਉਤੇ ਸਥਿਤ ਹੁੰਦਾ ਹੈ ਤਾਂ ਉਹ ਅਧਿਆਤਮਕ ਜੀਵਨ ਹੀ ਹੁੰਦਾ ਹੈ। ਬਾਈ ਵਾਰਾਂ ਵਿਚ ਮਨੁੱਖ ਨੂੰ ਦੇਵਤਾ ਬਣਾਉਣ ਦੀ ਕਲਪਨਾ ਕੀਤੀ ਗਈ ਹੈ। ਅਸਲ ਵਿਚ ਮਨੁੱਖ ਸਰੀਰਕ ਬਣਤਰ ਕਰਕੇ ਮਨੁੱਖ ਹੁੰਦਾ ਹੈ ਪਰੰਤੂ ਜੀਵਨ ਪ੍ਰਤਿ ਨਾਂ-ਪੱਖੀ ਮਨੋਬਿਰਤੀਆਂ ਕਾਰਣ ਪਸ਼ੂ ਜੀਵਨ ਦੇ ਨੇੜੇ ਜਾ ਅਪੜਦਾ ਹੈ। ਗੁਰਬਾਣੀ ਵਿਚਲਾ

ਮਨੁੱਖ, ਵਾਰ-ਕਾਵਿ ਰਾਹੀਂ ਭਾਰਤੀ ਨੈਤਿਕ-ਪਰਵਾਰਾਂ ਵਿਚ ਇਕ ਨਵਾਂ ਪਰਿਵਰਤਨ ਲਿਆਉਣ ਲਈ ਸਾਰਥਕ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਮਨੁੱਖ ਇਕ ਸਥਿਤੀ ਤੋਂ ਉੱਪਰ ਉੱਠ ਕੇ ਦੇਵਤਾ ਜਾਂ ਚੰਗਾ ਮਨੁੱਖ ਬਣਨ ਦੀ ਸਮਰਥਾ ਤਾਂ ਰੱਖਦਾ ਹੈ, ਪਰ ਇਸ ਸਮਰਥਾ ਦਾ ਬੋਧ ਉਸ ਨੂੰ ਗੁਰਬਾਣੀ ਫਲਸਫਾ ਕਰਵਾਉਂਦਾ ਹੈ ਤੇ ਸ਼ਬਦ ਰੂਪੀ ਗੁਰੂ ਉਸ ਵਿਚ ਦੈਵੀ ਕਲਾ ਦੇ ਗੁਣ ਪੈਦਾ ਕਰਦਾ ਹੈ।

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰ॥[45]

ਗੁਰਬਾਣੀ ਵਿਧੀ ਜਾਂ ਵਾਰ-ਕਾਵਿ ਚਿੰਤਨ ਮਨੁੱਖ ਨੂੰ ਜ਼ੋਰ-ਜਬਰ ਨਾਲ ਨੈਤਿਕ ਗੁਣ ਨਹੀਂ ਸਿਖਾਉਂਦਾ ਸਗੋਂ ਉਹ ਪਰਮਾਰਥਕ ਪ੍ਰਵਚਨਾਂ ਰਾਹੀਂ ਮਨੁੱਖ ਨੂੰ ਸੱਚ ਦੇ ਮਾਰਗ ਤੇ ਚਲਣ ਦੀ ਪ੍ਰੇਰਨਾ ਦੇਂਦਾ ਹੈ:

ਸਤਿਗੁਰਿ ਮਿਲਿਐ ਸਚੁ ਪਾਇਆ ਜਿਨੀ ਵਿਚਹੁ ਆਪ ਗਵਾਇਆ॥

ਜਿਨਿ ਸਚੋ ਸਚੁ ਬੁਝਾਇਆ॥[46]

ਮਾਇਆ ਦੇ ਨਾ-ਪੱਖੀ ਵਰਤਾਰੇ ਤੋਂ ਮੁਕਤ, ਆਦਰਸ਼ ਮਨੁੱਖ ਦਾ ਜੀਵਨ-ਸੰਤੁਲਨ, ਸਹਿਜ ਬਿਰਤੀ ਵਾਲਾ ਹੁੰਦਾ ਹੈ। ਉਸਦਾ ਵਿਵਹਾਰਕ ਜੀਵਨ ਨਿਰਲੇਪਤਾ ਵਾਲਾ ਹੁੰਦਾ ਹੈ ਅਤੇ ਉਹ ਕਾਰਜਸ਼ੀਲ ਹੁੰਦਾ ਹੋਇਆ ਵੀ ਅੰਤਰਮੁਖੀ ਰਹਿੰਦਾ ਹੈ:

ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥[47]

ਜਿਹੜਾ ਮਨੁੱਖ ਬੁੱਧੀ ਤੋਂ ਕੰਮ ਲੈਂਦਾ ਹੈ, ਮਨ ਨੂੰ ਕਾਬੂ ਵਿਚ ਰੱਖਦਾ ਹੈ ਅਤੇ ਉਹਨਾਂ ਸਾਰੇ ਗੁਣਾਂ ਨੂੰ ਗ੍ਰਹਿਣ ਕਰਨ ਨੂੰ ਤਰਜੀਹ ਦੇਂਦਾ ਹੈ ਜਿਨ੍ਹਾਂ ਨੂੰ ਲੰਮੇ ਜੀਵਨ ਅਨੁਭਵ ਅਤੇ ਤਜਰਬੇ ਦੀ ਬੁਨਿਆਦ ਕਿਹਾ ਜਾਂਦਾ ਹੈ, ਤਦ ਉਹ ਅਸਲੀ ਮਨੁੱਖ ਜਾਂ ਇਕ ਆਦਰਸ਼ ਮਨੁੱਖ ਬਣਨ ਦਾ ਹੱਕਦਾਰ ਹੁੰਦਾ ਹੈ। ਗੁਰਬਾਣੀ ਵਿੱਚ ਅਤੇ ਇਹਨਾਂ ਅਧਿਆਤਮਕ ਵਾਰਾਂ ਵਿਚ ਅਜਿਹੇ ਮਨੁੱਖ ਨੂੰ ਗੁਰਮੁਖ ਕਹਿ ਕੇ ਵਡਿਆਇਆ ਗਿਆ ਹੈ। ਗੁਰੂ ਗ੍ਰੰਥ ਵਿਚਲੀਆਂ ਵਾਰਾਂ ਵਿਚ ਗੁਰੂ-ਵਿਅਕਤੀਆਂ ਨੇ ਆਪਣੇ ਭਾਵਾਂ ਨੂੰ ਕਾਵਿ-ਮਈ ਰੰਗੀਨ ਸ਼ਾਬਦਿਕ ਤਸਵੀਰਾਂ ਰਾਹੀਂ ਦ੍ਰਿਸ਼ਟੀਗੋਚਰ ਕੀਤਾ ਹੈ।

ਗੁਰੂ-ਵਿਅਕਤੀਆਂ ਨੇ ਸਦਾਚਾਰਕ ਬਿੰਬਾਂ ਦਾ ਨਿਰਮਾਣ ਕੀਤਾ ਅਤੇ ਇਹਨਾਂ ਸ਼ਾਬਦਿਕ ਤਸਵੀਰਾਂ ਰਾਹੀਂ ਮਨੁੱਖ ਨੂੰ ਮਾਨਵਤਾ ਦੀ ਪ੍ਰੇਰਣਾ ਦਿੱਤੀ ਅਤੇ ਮਨੁੱਖ ਨੂੰ ਇਕ ਗੁਰਮੁਖ ਜਾਂ ਆਦਰਸ਼ਕ ਮਨੁੱਖ ਦੇ ਸਾਂਚੇ ਵਿਚ ਢਾਲਣ ਦਾ ਮਾਰਗ ਨਿਰਦੇਸ਼ ਸੁਝਾਇਆ। ਜੀਵਨ ਮੁਕਤ ਹੋ ਕੇ ਵਿਚਰਨਾ ਗੁਰਬਾਣੀ ਅਨੁਸਾਰ ਆਦਰਸ਼ਕ ਜੀਵਨ ਹੈ। ਸਰੀਰਕ ਹੱਦਾਂ ਤੋਂ ਉੱਪਰ ਉੱਠ ਕੇ ਵਿਚਰਨ ਵਾਲਾ ਗੁਰਮੁਖ ਜਨਮ-ਮਰਨ ਦੇ ਬੰਧਨਾਂ ਤੋਂ ਮੁਕਤ ਹੈ। ਉਹ ਸੰਸਾਰ ਵਿਚ ਅਲਪਿਤ ਰਹਿੰਦਾ ਹੋਇਆ ਸਹਿਜ ਤੇ ਅਡੋਲ ਅਵਸਥਾ ਵਿਚ ਵਿਚਰਦਾ ਹੈ। ਬਿਬੇਕ ਬੁੱਧੀ ਦਾ ਮਾਲਕ ਆਦਰਸ਼ ਮਨੁੱਖ ਖੰਡ-ਬ੍ਰਹਿਮੰਡ ਦੇ ਰਹੱਸ ਨੂੰ ਜਾਣਦਾ ਹੈ। ਉਹ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿੰਦਾ ਹੈ:

ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ॥
ਸਹਿ ਤੁਠੈ ਨਉ ਨਿਧਿ ਪਾਈਆ॥[48]

ਆਦਰਸ਼ ਮਨੁੱਖ ਦੈਵੀ ਗੁਣ ਸੰਪੰਨ ਹੁੰਦਾ ਹੈ। ਉਹ ਆਪਣੇ ਜੀਵਨ ਦਾ ਪਲ-ਪਲ ਕੀਮਤੀ ਜਾਣ ਕੇ ਦੁਨਿਆਵੀ ਮੋਹ ਮਾਇਆ ਦੇ ਬੰਧਨਾਂ ਦੀ ਲਪੇਟ ਵਿਚ ਨਹੀਂ ਆਉਂਦੇ ਜਿਸ ਕਰਕੇ ਉਹ ਸਹਿਜ ਪਦ ਨੂੰ ਪ੍ਰਾਪਤ ਕਰ ਲੈਂਦੇ ਹਨ। ਉਹ ਇਕੋ ਸਮੇਂ ਕਿਰਤੀ ਵੀ ਹੁੰਦਾ ਹੈ ਤੇ ਭਗਤ ਵੀ। ਗ੍ਰਹਿਸਤੀ ਵੀ ਹੁੰਦਾ ਹੈ ਅਤੇ ਆਤਮ ਗਿਆਨੀ ਵੀ। ਇਹ ਜੁਗਤੀ ਉਸ ਨੇ ਸਹਿਜ ਜੀਵਨ ਜਾਂਚ ਪੱਧਤੀ ਅਨੁਸਾਰ ਆਪਣੇ ਆਪ ਨੂੰ ਢਾਲਣ ਨਾਲ ਸਿਖੀ ਹੈ। ਗੁਰੂ ਸਾਹਿਬਾਨਾਂ ਦੁਆਰਾ ਰਚੀਆਂ ਵਾਰਾਂ ਮਨੁੱਖ ਨੂੰ ਇਕ ਅਜਿਹਾ ਮਾਰਗ ਦਰਸ਼ਨ ਪ੍ਰਦਾਨ ਕਰਦੀਆਂ ਹਨ ਜੋ ਉਸ ਨੂੰ ਅੰਦਰੂਨੀ ਅਤੇ ਬਾਹਰੀ ਸੰਘਰਸ਼ ਲਈ ਤਿਆਰ ਕਰਦੀਆਂ ਹਨ। ਬਾਹਰੀ ਸੰਘਰਸ਼ ਵਿਚ ਦੁਸ਼ਮਣ ਸਭ ਦੇ ਸਾਹਮਣੇ ਹੈ ਅਤੇ ਉਸ ਦਾ ਮੁਕਾਬਲਾ ਕਰਨਾ ਅਸਾਨ ਹੈ। ਪਰ ਅੰਦਰਲਾ ਸੰਘਰਸ਼ ਇੰਨਾਂ ਸੌਖਾ ਨਹੀਂ ਕਿਉਂਕਿ ਬਹੁਤ ਸਾਰੀਆਂ ਸੂਖਮ ਬਿਰਤੀਆਂ ਕਦੇ ਸੱਚ ਨੂੰ ਝੂਠ ਤੇ ਕਦੇ ਝੂਠ ਨੂੰ ਸੱਚ ਸਮਝਣ ਵਿਚ ਵਿਤਕਰਾ ਕਰ ਸਕਦੀਆਂ ਹਨ। ਇਨ੍ਹਾਂ ਬਿਰਤੀਆਂ ਨੂੰ ਸਹੀ ਦਿਸ਼ਾ ਵਿਚ ਕੰਮ ਕਰਨ ਲਈ ਵਾਰ ਕਾਵਿ ਵਿਚਲੀ ਵਿਚਾਰਧਾਰਾ ਅਤਿਅੰਤ ਸਹਾਇਕ ਹੁੰਦੀ ਹੈ ਪਰ ਯਤਨ ਮਨੁੱਖ ਨੇ ਹੀ ਕਰਨੇ ਹਨ। ਮਨੁੱਖ ਦੁਆਰਾ ਕੀਤੇ ਸਹੀ ਯਤਨ ਹੀ ਉਸ ਨੂੰ ਵੀਰ-ਪਦ ਪ੍ਰਦਾਨ ਕਰਦੇ ਹਨ। ਗੁਰੂ ਕਵੀਆਂ ਦੀਆਂ ਵਾਰਾਂ ਅਜਿਹੇ ਹੀ ਆਦਰਸ਼

ਮਨੁੱਖ ਦੀ ਕਲਪਨਾ ਨੂੰ ਸਾਕਾਰ ਰੂਪ ਵਿਚ ਪੇਸ਼ ਕਰਦੀਆਂ ਹਨ।

ਆਦਰਸ਼ਕ ਮਨੁੱਖ ਕਿਸੇ ਵਿਅਕਤੀ ਵਿਸ਼ੇਸ਼ ਜਾਂ ਵੱਖਰੀ ਰੂਪਕ ਦ੍ਰਿਸ਼ਟੀ ਵਾਲਾ ਨਹੀਂ ਸਗੋਂ ਉਹ ਆਮ ਮਨੁੱਖਾਂ ਵਾਂਗ ਹੀ ਜਾਪਦਾ ਹੈ ਪਰ ਉਸ ਦੇ ਆਦਰਸ਼, ਉਸ ਨੂੰ ਉੱਚ ਆਤਮਿਕ ਅਵਸਥਾ ਵਿਚ ਪੂਰਨ ਸੰਸਾਰਿਕ ਜ਼ਿੰਦਗੀ ਜਿਉਣ ਤੇ ਦੁਨੀਆਵੀ ਰਸਾਂ ਤੋਂ ਨਿਰਲੇਪ ਰਹਿਣ ਵਿਚ ਸਹਾਈਹੁੰਦੇ ਹਨ:

ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ
ਜਿਉ ਮੁਰਗਾਈ ਪੰਕੁ ਨ ਭੀਜੈ।[49]

ਉਸ ਦੇ ਇਖ਼ਲਾਕ ਦਾ ਆਧਾਰ ਮੁਕਤ ਨਾ ਹੋ ਕੇ ਚੰਗੇ ਜੀਵਨ ਦਾ ਸਿਧਾਂਤ ਹੈ। ਉਸ ਦੀ ਕਰਨੀ ਤੇ ਕਥਨੀ ਵਿਚ ਭਿੰਨਤਾ ਨਹੀਂ। 'ਨਾਮ ਜਪੋ ਤੇ ਕਿਰਤ ਕਰੋ, ਵੰਡ ਛਕੋ' ਦਾ ਸਿਧਾਂਤ ਉਸ ਦੇ ਸਾਹਮਣੇ ਹੁੰਦਾ ਹੈ।

ਸਾਰ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਭਿਆਚਾਰਕ ਤੇ ਆਦਰਸ਼ ਮਨੁੱਖ, ਗੁਰੂਆਂ ਦੀ ਬਾਣੀ ਤੇ ਪੂਰਾ-ਸੂਰਾ ਤੇ ਸਿੱਦਕ ਤੇ ਡੱਟਿਆ ਰਹਿਣ ਵਾਲਾ ਮਾਨਵ ਹੈ। ਉਹ ਸ਼ਰਨ ਆਏ ਦੀ ਸੀਸ ਦੇ ਕੇ ਵੀ ਰੱਖਿਆ ਕਰਨਾ ਜਾਣਦਾ ਹੈ। ਅਸਲ ਵਿਚ ਸਿੱਖ ਸਭਿਆਚਾਰ ਹੈ ਹੀ ਭਗਤ, ਪ੍ਰੇਮੀ ਅਤੇ ਸੂਰਮੇ ਦਾ ਸਭਿਆਚਾਰ। ਸਿੱਖਾਂ ਦੇ ਇਸ ਮੀਰੀ ਗੁਣ ਦੀ ਦ੍ਰਿੜਤਾ ਕਰਾਉਂਦੇ ਹੋਏ ਡਾ. ਭਾਈ ਜੋਧ ਸਿੰਘ ਲਿਖਦੇ ਹਨ "ਦੀਵੇ ਉੱਤੇ ਪਤੰਗਿਆ ਦੀਆਂ ਕੁਲਾਂ ਨਾਸ ਹੋ ਜਾਂਦੀਆਂ ਹਨ, ਪਰ ਦੀਵੇ ਦਾ ਪ੍ਰੇਮ ਪਤੰਗੇ ਨਹੀਂ ਛੱਡਦੇ, ਇਸ ਤਰ੍ਹਾਂ ਸਿੱਖ ਵੀ ਭਾਵੇਂ ਕਿੰਨਾ ਵੀ ਔਖਾ ਕਿਉਂ ਨਾ ਹੋਵੇ, ਜਾਨ ਗਵਾ ਦੇਣਗੇ, ਪਰ ਸਿਦਕ ਨਹੀਂ ਛੱਡਦੇ।"[50]

ਸੋ ਸਪਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਬਾਣੀ ਦੇ ਨਿਯਮਾਂ ਦਾ ਧਾਰਨੀ ਉਹ ਮਨੁੱਖ ਸਭਿਆਚਾਰਕ ਮਾਨਵ ਅਤੇ ਆਦਰਸ਼ ਮਨੁੱਖ ਹੈ ਜੋ ਇਕ ਪ੍ਰਭੂ ਦਾ ਭਗਤ ਹੈ, ਸ਼ਰਨ ਆਏ ਦੀ ਲਾਜ ਰੱਖਣ ਵਾਲਾ ਦਾਤਾ ਹੈ। ਦੁਨੀਆਂ ਨੂੰ ਪ੍ਰੇਮ ਦੀ ਨਜ਼ਰ ਨਾਲ ਤੱਕਣ ਵਾਲਾ ਪ੍ਰੇਮੀ ਹੈ। ਪਿਆਰ ਖਾਤਰ ਜਾਨ ਦੀ ਕੁਰਬਾਨੀ ਦੇ ਦੇਣ ਵਾਲਾ ਸੂਰਮਾ ਹੈ ਜੋ ਪ੍ਰਮਾਤਮਾ ਦੀ ਰਜ਼ਾ ਵਿਚ

ਰਹਿੰਦਿਆਂ ਖ਼ੁਦ ਵੀ ਖ਼ੁਸ਼ਹਾਲ ਜੀਵਨ ਜਿਉਂਦਾ ਹੈ ਅਤੇ ਆਪਣੇ ਆਲੇ-ਦੁਆਲੇ ਨੂੰ ਵੀ ਭਰਪੂਰ ਜ਼ਿੰਦਗੀ ਬਖਸ਼ਦਾ ਹੋਇਆ ਗੌਰਵਸ਼ਾਲੀ ਹੋਂਦ ਦਾ ਧਾਰਨੀ ਹੋ ਨਿੱਬੜਦਾ ਹੈ। ਗੁਰਬਾਣੀ ਦਾ ਖ਼ਜ਼ਾਨਾ ਸਾਡੀ ਕੀਮਤੀ ਪੂੰਜੀ ਹੈ। ਇਹ ਰੋਸ਼ਨ ਜ਼ਮੀਰ ਮਹਾਂਪੁਰਸ਼ਾਂ, ਗੁਰੂਆਂ ਦੀਆਂ ਸਦੀਆਂ ਦੀ ਘਾਲੀ-ਘਾਲਣਾ ਹੈ ਜਿਸ ਦੇ ਅਸੂਲਾਂ 'ਤੇ ਚੱਲ ਕੇ ਅਸੀਂ ਸਿੱਖ ਸਭਿਆਚਾਰ ਦੇ ਆਦਰਸ਼ ਮਨੁੱਖ ਬਣ ਸਕਦੇ ਹਾਂ।

## (ਸ) ਨੈਤਿਕ ਤੇ ਸਦਾਚਾਰਕ ਜੀਵਨ ਜਿੱਤ

ਹਰ ਸਮਾਜ ਦੇ ਕੁਝ ਨੈਤਿਕ ਮਾਪਦੰਡ ਹੁੰਦੇ ਹਨ। ਦ੍ਰਿੜ ਇਰਾਦੇ ਵਾਲੇ ਵਿਅਕਤੀ ਇਨ੍ਹਾਂ ਨੈਤਿਕ ਮਾਪਦੰਡਾਂ ਤੇ ਆਧਾਰਿਤ ਸਦਾਚਾਰਕ ਕਦਰਾਂ-ਕੀਮਤਾਂ ਦੀ ਬਹਾਲੀ ਲਈ ਅਗਰਸਰ ਰਹਿੰਦੇ ਹਨ। ਸਦਾਚਾਰਕਤਾ ਅਤੇ ਨੈਤਿਕਤਾ ਮਨੁੱਖ ਦੀ ਮਾਨਵਤਾ ਦੇ, ਮਹੱਤਪੂਰਨ ਪਛਾਣ-ਚਿੰਨ੍ਹ ਹਨ। ਮਨੁੱਖ ਨੂੰ ਅਰਥ-ਭਰਪੂਰ ਅਤੇ ਕਾਰਜਸ਼ੀਲ ਜੀਵਨ ਜਿਊਣ ਲਈ ਜਿਨ੍ਹਾਂ ਚੀਜ਼ਾਂ ਦੀ ਲੋੜ ਪੈਂਦੀ ਹੈ, ਧਰਮ ਉਨ੍ਹਾਂ ਵਿਚੋਂ ਸਭ ਤੋਂ ਵਧ ਜ਼ਰੂਰੀ ਹੈ। ਮਨੁੱਖ ਦਾ ਮਨੁੱਖ ਪ੍ਰਤਿ ਕੀ ਫਰਜ਼ ਹੈ ਇਹ ਸਾਰਾ ਕੁਝ ਧਰਮ ਹੀ ਤੈਅ ਕਰਦਾ ਹੈ।

ਧਰਮ ਮਨੁੱਖੀ ਜੀਵਨ ਦਾ ਅਨਿਖੜਵਾਂ ਅੰਗ ਹੈ। ਇਹ ਮਨੁੱਖ ਦੇ ਜੀਵਨ ਦਾ ਕੇਂਦਰ ਬਿੰਦੂ ਹੈ। ਮਨੁੱਖ ਦੇ ਜੀਵਨ ਤੋਂ ਲੈ ਕੇ ਮੌਤ ਤੋਂ ਪਿਛੋਂ ਵੀ ਧਰਮ ਦਾ ਸੰਬੰਧ ਮਨੁੱਖ ਨਾਲ ਜੁੜਿਆ ਰਹਿੰਦਾ ਹੈ। ਧਰਮ ਤੇ ਨੈਤਿਕਤਾ ਭਾਵੇਂ ਸੁਤੰਤਰ ਵਿਸ਼ੇ ਹਨ ਪ੍ਰੰਤੂ ਫਿਰ ਵੀ ਇਨ੍ਹਾਂ ਦੀ ਅਟੁਟ ਸਾਂਝ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਧਰਮ ਦਾ ਖੇਤਰ ਜ਼ਿਆਦਾ ਵਿਸ਼ਾਲ ਹੈ ਜਿਸ ਦੇ ਦੁਆਲੇ ਨੈਤਿਕਤਾ, ਧਰਮ ਸ਼ਾਸਤਰ ਤੇ ਧਰਮ ਦਰਸ਼ਨ ਘੁੰਮਦੇ ਹਨ। ਕਿਸੇ ਵੀ ਧਰਮ ਦਾ ਅਨੁਸਾਰੀ ਮਨੁੱਖ ਸੁੱਤੇ ਸਿੱਧ ਹੀ ਨੈਤਿਕ ਮੁੱਲਾਂ ਨੂੰ ਅਪਣਾ ਲੈਂਦਾ ਹੈ। ਡਾਕਟਰ ਵਜ਼ੀਰ ਸਿੰਘ ਨੇ ਧਰਮ ਤੇ ਨੈਤਿਕਤਾ ਨੂੰ ਇਕ ਦੂਜੇ ਦਾ ਪੂਰਕ ਮੰਨਿਆ ਹੈ:

> ਧਰਮ ਨੂੰ ਸਦਾਚਾਰ ਦੀ ਲੋੜ ਹੈ ਤੇ ਬਹੁਤ ਹੱਦ ਤੱਕ ਨੈਤਿਕ

ਪ੍ਰਣਾਲੀਆਂ ਨੇ ਧਰਮ ਨੂੰ ਕਬੂਲਿਆ ਹੈ।[51]

ਡਾਕਟਰ ਗੁਰਬਚਨ ਸਿੰਘ ਤਾਲਿਬ ਨੇ ਧਰਮ ਨੂੰ ਇਕ ਭਾਵੁਕ ਅਨੁਭਵ ਕਿਹਾ ਹੈ ਤੇ ਨੀਤੀ ਨੂੰ ਇਕ ਅਮਲ ਮੰਨਿਆ ਹੈ:

> ਧਰਮ ਬਾਹਰਲੇ ਆਚਰਨ ਦੀ ਨਿਯਮਾਵਲੀ ਨਾਲੋਂ ਵਧੇਰੇ ਉੱਤਮ ਮਾਨਵੀ ਸਚਾਈ ਪਰਮਾਤਮਾ ਦੇ ਭਾਵੁਕ ਅਨੁਭਵਾਂ ਤੋਂ ਬਣਿਆ ਹੋਇਆ ਹੈ। ਧਰਮ ਦਾ ਉੱਤਮ ਨਿਸ਼ਾਨਾ ਸ਼ਰਧਾ ਦਾ ਜੀਵਨ ਤੇ ਅਨੰਦ ਦਾ ਅਨੁਭਵ ਹੈ। ਸਦਾਚਾਰ ਜਾਂ ਨੀਤੀ ਦਾ ਸੰਬੰਧ ਮਨੁੱਖੀ ਆਚਰਨਤਾ ਹੈ।[52]

ਡੀ. ਬਰਗ ਨੇ ਆਪਣੀ ਪੁਸਤਕ 'ਦੀ ਰਿਲੀਜ਼ਨ ਆਫ ਮੌਰੇਲਟੀ' ਵਿਚ ਕਿਹਾ ਹੈ ਕਿ "ਧਰਮ ਦਾ ਭਾਵ ਆਚਰਨ ਤੇ ਗਿਆਨ ਹੈ। ਧਰਮ ਲਈ ਜ਼ਰੂਰੀ ਤੱਤ ਗਿਆਨ ਹੈ।"[53]

ਅਸਲ ਵਿਚ ਨੈਤਿਕਤਾ ਦਾ ਸਿੱਧਾ ਸੰਬੰਧ ਆਚਰਨ ਨਾਲ ਹੈ। ਲਗਭਗ ਹਰ ਧਰਮ ਮਨੁੱਖ ਨੂੰ ਨੈਤਿਕ ਗੁਣ ਗ੍ਰਹਿਣ ਕਰਨ ਅਤੇ ਉਸ ਦੇ ਰਾਹ ਉਤੇ ਚਲਣ ਦਾ ਉਪਦੇਸ਼ ਦਿੰਦਾ ਹੈ। ਇਸ ਤਰ੍ਹਾਂ ਧਾਰਮਿਕ ਪੁਸਤਕਾਂ ਨਾ ਕੇਵਲ ਮਨੁੱਖ ਨੂੰ ਅਧਿਆਤਮਕ ਸੇਧ ਹੀ ਦਿੰਦੀਆਂ ਹਨ, ਸਗੋਂ ਰਹੱਸਵਾਦੀ ਅਨੁਭਵ ਕਰਵਾਉਣ ਵਿਚ ਵੀ ਸਹਾਈ ਹੁੰਦੀਆਂ ਹਨ। ਉਹ ਮਨੁੱਖ ਨੂੰ ਸਹੀ ਜੀਵਨ ਜਾਂਚ ਦੀ ਪ੍ਰੇਰਣਾ ਵੀ ਦਿੰਦੀਆਂ ਹਨ। ਕਿਸੇ ਧਰਮ ਦਾ ਵਿਹਾਰਕ ਮਹੱਤਵ ਤਾਂ ਹੀ ਹੈ ਜੇ ਉਹ ਮਨੁੱਖਤਾ ਨੂੰ ਉਸ ਦੇ ਰੋਜ਼ਾਨਾ ਜੀਵਨ ਲਈ ਨੈਤਿਕ ਅਤੇ ਸਦਾਚਾਰਕ ਸੇਧ ਦਿੰਦਾ ਹੈ। ਜੇਕਰ ਮਨੁੱਖ ਧਰਮ ਦੇ ਦਰਸਾਏ ਨੈਤਿਕ ਤੇ ਸਦਾਚਾਰਕ ਮਾਰਗ ਤੇ ਨਹੀਂ ਚਲਦਾ ਤਾਂ ਉਹ ਪਸ਼ੂ ਸਮਾਨ ਹੈ। ਜਰਮਨ ਦਾ ਦਾਰਸ਼ਨਿਕ ਕਾਂਤ "ਸਦਾਚਾਰ ਨੂੰ ਨਿਹਕੇਵਲ ਇਕ ਆਦੇਸ਼ ਕਹਿੰਦਾ ਹੈ।"[54] ਸਾਰੇ ਧਰਮ ਖੁਸ਼ੀ ਭਰਪੂਰ ਜੀਵਨ ਪ੍ਰਾਪਤ ਕਰਨ ਵਾਸਤੇ ਸਦਾਚਾਰਕ ਨੇਮਾਂ ਉੱਪਰ ਜ਼ੋਰ ਦਿੰਦੇ ਹਨ। ਇਸ ਤਰ੍ਹਾਂ ਸਦਾਚਾਰ ਜਾਂ ਨੈਤਿਕਤਾ ਇਕ ਅਜਿਹਾ ਸਰੋਕਾਰ ਹੈ, ਜਿਹੜਾ ਕਿਸੇ ਧਰਮ ਅਤੇ ਮਨੁੱਖ ਦੇ ਵਿਹਾਰਕ ਮਹੱਤਵ ਨੂੰ ਨਿਸ਼ਚਤ ਕਰਦਾ ਹੈ। ਜੀਵ ਦਾ ਮੁਕਤ ਹੋਣ ਦਾ ਰਾਹ ਅਸਾਨ ਨੈਤਿਕ ਵਿਚਾਰਧਾਰਾ ਨੂੰ ਸੌਝੀ ਸੋਚ ਤੇ

ਖੁਦਗਰਜ਼ ਭਾਵਾਂ ਤੋਂ ਮੁਕਤ ਹੋਕੇ ਪ੍ਰਭੂ ਹਿੱਤਾਂ ਲਈ ਜੀਉਣ ਦੀ ਪ੍ਰੇਰਨਾ ਦਿੰਦੀ ਹੈ। ਅਜਿਹੀ ਸਦਾਚਾਰਕ ਦ੍ਰਿਸ਼ਟੀ ਅਨੁਸਾਰ ਜੀਵ ਉਚੇਰੇ ਮਕਸਦ ਦੀ ਪ੍ਰਾਪਤੀ ਲਈ ਸਦਾ ਯਤਨਸ਼ੀਲ ਰਹਿੰਦਾ ਹੈ। ਅਜਿਹਾ ਕਰਦਿਆਂ ਹੋਇਆਂ ਉਹ ਮਨੁੱਖ ਦੀ ਸ੍ਰੇਸ਼ਟਤਾ ਨੂੰ ਕਦੇ ਵੀ ਅਣਗੌਲਿਆ ਨਹੀਂ ਕਰਦਾ। ਉੱਚੀਆਂ ਸੁੱਚੀਆਂ ਕੀਮਤਾਂ ਨੂੰ ਆਪਣੀ ਸੋਚ ਦਾ ਆਧਾਰ ਬਣਾਉਂਦਾ ਹੈ। ਕਪੂਰ ਸਿੰਘ ਅਨੁਸਾਰ :

> ਮਨੁੱਖ ਦਾ ਅਸਲ ਉਦੇਸ਼ ਪਰਮਾਤਮਾ ਬਾਰੇ ਅਜਿਹੀ ਦ੍ਰਿਸ਼ਟੀ ਪ੍ਰਾਪਤ ਕਰਨਾ ਨਹੀਂ, ਜਿਸ ਦਾ ਅੰਤ ਵਿਅਕਤੀ ਦੇ ਪਰਮਸੱਤ ਵਿਚ ਮਿਲ ਜਾਣ ਨਾਲ ਹੈ। ਸਗੋਂ ਪਰਮਾਤਮਾ ਬਾਰੇ ਸੁਚੇਤ ਹੋਏ ਮਨੁੱਖਾਂ ਦੀ ਇਕ ਅਜੇਹੀ ਨਸਲਾਂ ਦਾ ਕਰਨਾ ਹੈ ਜਿਹੜੀ ਧਰਤੀ ਬਾਰੇ ਵੀ ਸੁਚੇਤ ਹੋਵੇ ਅਤੇ ਇਸ ਪ੍ਰਕਾਰ ਲੌਕਿਕ ਵਰਤਾਰੇ ਵਿਚ ਕਾਰਜਸ਼ੀਲ ਹੋਏ ਜਿਸ ਦਾ ਮੰਤਵ ਇਸ ਦੀ ਹੋਂਦ ਨੂੰ ਉਚੇਰੇ ਅਤੇ ਭਰਪੂਰ ਪੱਧਰ ਤੀਕ ਬਦਲਣਾ ਅਤੇ ਇਸ ਦਾ ਅਧਿਆਤਮੀਕਰਣ ਹੋਏ।[55]

ਧਰਮ ਅਤੇ ਨੈਤਿਕਤਾ ਵਿਚ ਇਕ ਵਿਸ਼ੇਸ਼ ਸਾਂਝ ਹੈ ਉਹ ਹੈ ਮਨੁੱਖ ਦੀ ਉੱਤਮਤਾ ਦਾ ਉਦੇਸ਼। ਧਰਮ ਇਸ ਉਦੇਸ਼ ਦੀ ਪੂਰਤੀ ਲਈ ਸ਼ਰਧਾ ਦਾ ਰਸਤਾ ਅਪਣਾਉਂਦਾ ਹੈ। ਜਦ ਕਿ ਨੀਤੀ ਗਿਆਨ ਮਨੁੱਖ ਦੀ ਸਮਝ ਅਤੇ ਸੂਝ ਨੂੰ ਸੰਬੋਧਨ ਕਰਕੇ ਉਸ ਨੂੰ ਜੀਵਨ ਦੀਆਂ ਕਦਰਾਂ-ਕੀਮਤਾਂ ਦੀ ਸੋਧ ਦੇਣ ਦਾ ਯਤਨ ਕਰਦਾ ਹੈ। ਸੰਸਾਰ ਦੇ ਸਾਰੇ ਧਰਮ ਅਚਾਰੀਆਂ ਨੇ ਮਾਨਵ ਜੀਵਨ ਦੇ ਚਾਰ ਮਨੋਰਥ ਦੱਸੇ ਹਨ। ਧਰਮ, ਅਰਥ, ਕਾਮ, ਮੋਕਸ਼, ਭਾਵ ਮਨੁੱਖ ਨੂੰ ਸਦਾਚਾਰਕ ਤੇ ਨੈਤਿਕ ਜੀਵਨ ਗੁਜ਼ਾਰਦੇ ਹੋਏ ਨਿੱਜੀ ਤੇ ਸਮਾਜਿਕ ਲੋੜਾਂ ਪੂਰੀਆਂ ਕਰਨ ਲਈ ਧਨ ਕਮਾਉਣਾ ਚਾਹੀਦਾ ਹੈ। ਇੰਦ੍ਰਿਆਵੀ ਲੋੜਾਂ ਦੀ ਪੂਰਤੀ ਪਿਛੋਂ ਮੌਤ ਤੇ ਜੀਵਨ ਚੱਕਰ ਵਿਚ ਮੁਕਤੀ ਪ੍ਰਾਪਤੀ ਕਰਨੀ ਚਾਹੀਦੀ ਹੈ। ਧਰਮ ਸ਼ਬਦ ਦੀ ਵਿਆਖਿਆ ਆਮ ਤੌਰ ਤੇ ਧਰਮ ਦੇ ਸਦਾਚਾਰਕ ਕਾਨੂੰਨ ਵਜੋਂ ਕੀਤੀ ਜਾਂਦੀ ਹੈ। ਜਿੰਮਰ ਦੇ ਸ਼ਬਦਾਂ ਵਿਚ:

ਆਦਰਸ਼ ਸਮਾਜ ਵਿਚ ਹਰ ਇਕ ਦੇ ਫਰਜ਼ਾਂ ਅਤੇ ਅਧਿਕਾਰਾਂ ਦਾ ਸਿਧਾਂਤ ਹੈ ਅਤੇ ਆਪਣੇ ਆਪ ਵਿਚ ਸਦਾਚਾਰਕ ਕਾਰਜਾਂ ਦਾ ਨਿਯਮ ਜਾਂ ਦਰਪਣ ਹੈ।[56]

ਡਾਕਟਰ ਰਾਧਾ ਕ੍ਰਿਸ਼ਨਨ ਧਰਮ ਨੂੰ ਨਿਰਾ ਧਾਰਮਿਕ ਸਿਧਾਂਤ ਹੀ ਨਹੀਂ ਮੰਨਦੇ ਸਗੋਂ ਉਨ੍ਹਾਂ ਅਨੁਸਾਰ "ਇਹ ਜੀਵਨ ਦਾ ਮੁਕੰਮਲ ਦਸਤੂਰ ਹੈ ਤੇ ਸਮੁੱਚੀ ਮਨੁੱਖਤਾ ਦੀ ਇਕਸੁਰਤਾ ਹੈ ਅਤੇ ਜਿਹੜਾ ਜੀਵਨ ਦੇ ਠੀਕ ਰਸਤੇ ਉਚਿਤ ਕਾਨੂੰਨ ਦੀ ਭਾਲ ਕਰਦਾ ਹੈ, ਹਰ ਇਕ ਮਨੁੱਖ ਅਤੇ ਗੁੱਟ ਦਾ, ਆਤਮਾ, ਮਨ ਜੀਵਨ ਅਤੇ ਸਰੀਰ ਦੀ ਹਰ ਇਕ ਸਰਗਰਮੀ ਦਾ ਆਪਣਾ ਇਕ ਧਰਮ ਹੈ।"[57] ਉਪਨਿਸ਼ਦ, ਵੇਦਾਂਤ ਅਤੇ ਭਗਵਤ ਗੀਤਾ ਵੈਦਿਕ ਚਿੰਤਨ ਦੇ ਤਿੰਨ ਮੁੱਖ ਥੰਮ੍ਹ ਮੰਨੇ ਗਏ ਹਨ। ਜਿਨ੍ਹਾਂ ਨੇ ਅਧਿਆਤਮਕ ਅਗਵਾਈ ਦੇਣ ਦੇ ਨਾਲ ਨਾਲ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ ਦੀ ਸੋਝੀ ਵੀ ਬਖਸ਼ੀ ਹੈ। ਉਪਨਿਸ਼ਦਾਂ ਦਾ ਇਹ ਅੰਤਰ ਸਾਡੀ ਧਾਰਨਾ ਨੂੰ ਸਾਰਥਕ ਕਰਦਾ ਹੈ:

ਅਸਤੋ ਮਾ ਸਦ੍ਗਮਯ ਤਸਮੋਮਾ।[58]

ਜਿਸ ਦਾ ਅਰਥ ਹੈ ਅਗਤਿ ਤੋਂ ਮੈਨੂੰ ਸਤ ਵਲ ਲੈ ਜਾ ਅੰਧਕਾਰ ਤੋ ਅਕਾਸ਼ ਅਤੇ ਮ੍ਰਿਤੂ ਤੋਂ ਅਮ੍ਰਿਤ ਵਲ ਲੈ ਜਾ। ਭਗਵਤ ਗੀਤਾ ਵਿਚ ਭਗਵਾਨ ਕ੍ਰਿਸ਼ਨ ਨੇ ਅਰਜਨ ਨੂੰ ਜਿਸ ਵਿਸਥਾਰ ਨਾਲ ਧਰਮ ਦੀ ਪਾਲਣਾ ਦਾ ਉਪਦੇਸ਼ ਦਿੱਤਾ ਹੈ ਅਤੇ ਸਦਾਚਾਰਕ ਕਰਤਵਾਂ ਨੂੰ ਦਰਸਾਇਆ ਹੈ, ਭਾਰਤੀ ਚਿੰਤਨ ਦੇ ਇਤਿਹਾਸ ਵਿਚ ਇਸ ਦਾ ਆਪਣਾ ਅਹਿਮ ਸਥਾਨ ਹੈ। ਰਣਭੂਮੀ ਨੂੰ ਧਰਮ ਦਾ ਖੇਤਰ ਕਹਿ ਕੇ ਕਰਤਵਾਂ ਦੀ ਪਾਲਣਾ ਕਰਨ ਹਿੱਤ ਸ਼ਾਸਤਰ ਉਠਾਉਣਾ। ਕਿਸੇ ਫ਼ਲ ਦੀ ਇੱਛਾ ਬਗੈਰ ਨਿਸਕਾਮ ਕਰਮ ਕਰਨ ਦਾ ਵਿਚਾਰ ਵੀ ਗੀਤਾ ਵਿਚ ਬਾਖੂਬੀ ਬਿਆਨਿਆ ਗਿਆ ਹੈ। ਗੀਤਾ ਦੇ ਬਾਰਵੇਂ ਅਧਿਆਇ ਵਿਚ ਇਕ ਸਦਾਚਾਰਕ ਵਿਅਕਤੀ ਦੇ ਜੋ ਗੁਣ ਦਰਸਾਏ ਗਏ ਹਨ, ਉਨ੍ਹਾਂ ਦਾ ਭਾਵ ਇਸ ਪ੍ਰਕਾਰ ਹੈ:

ਵੈਰ ਨਾ ਕਾਹੂੰ ਸੰਗ ਕਰੇ ਮ੍ਰਿਤ ਭਾਇ ਕਰੁਣਾ ਜੋ।

ਅਹੰਕਾਰ ਮਮਤਾ ਤਜੇ ਦੁਖ ਸੁਖ ਛਿਮਤਾ ਜੋ।[59]

ਬੁਧ ਧਰਮ ਅਨੁਸਾਰ ਨੈਤਿਕਤਾ ਦੀ ਅੰਤਿਮ ਪਾਉੜੀ ਨਿਰਵਾਣ ਹੈ ਜਿਸ ਤੱਕ ਪਹੁੰਚਣ ਲਈ ਅਸ਼ਟ-ਮਾਰਗ ਦਰਸਾਇਆ ਗਿਆ ਹੈ, ਜੋ ਇਸ ਪ੍ਰਕਾਰ ਹੈ:

ਸਹੀ ਵਿਸ਼ਵਾਸ : ਅਵਿਦਿਆ ਜੋ ਸਾਰੇ ਦੁੱਖਾਂ ਦਾ ਮੂਲ ਹੈ ਦੂਰਕਰਨ ਲਈ ਚਾਰ ਸਚਾਈਆਂ ਦਾ ਗਿਆਨ।

ਬੇਸ਼ਕ ਬੁਧ ਮੱਤ ਵਿਚ ਦੁਖ ਤੇ ਸੰਤਾਪ ਦੀ ਚਰਚਾ ਵਧੇਰੇ ਹੈ ਪਰ ਫਿਰ ਵੀ ਮਹਾਤਮਾ ਬੁਧ ਨੇ ਦੁੱਖਾਂ ਦੀ ਨਵਿਰਤੀ ਲਈ ਨੈਤਿਕ ਮੁੱਲਾਂ ਉੱਤੇ ਜ਼ੋਰ ਦਿੰਦੇ ਹੋਏ ਨਿਰਵਾਣ ਪ੍ਰਾਪਤੀ ਦਾ ਜਿਹੜਾ ਮਾਰਗ ਉਲੀਕਿਆ ਹੈ, ਉਹ ਇਸ ਧਰਮ ਦਾ ਆਸ਼ਾਵਾਦੀ ਪੱਖ ਹੈ। ਡਾਕਟਰ ਮਨਮੋਹਨ ਸਿੰਘ ਵੀ "ਬੁੱਧ ਧਰਮ ਨੂੰ ਨੈਤਿਕ ਧਰਮ ਕਹਿੰਦੇ ਹਨ। ਭਾਵ ਉਹ ਧਰਮ ਜੋ ਕੇਵਲ ਸਦਾਚਾਰ ਨੂੰ ਹੀ ਸਭ ਤੋਂ ਵਧ ਮਹਤਵ ਪ੍ਰਦਾਨ ਕਰਦਾ ਹੈ।"[60] ਡਾ. ਤਾਰਨ ਸਿੰਘ ਅਨੁਸਾਰ ਯੋਗ ਮੱਤ ਦੇ ਆਚਾਰੀਆ ਗੋਰਖ ਨਾਥ ਦੀ ਰਚਨਾ ਵਿਚ ਵੀ ਨੈਤਿਕ ਗੁਣਾਂ ਦੀ ਵਿਸਥਾਰ ਸਹਿਤ ਚਰਚਾ ਮਿਲਦੀ ਹੈ।

ਛਾਟੈ ਤਜੋ ਗੁਰੂ ਛਾਂਟੈ ਤਜੋ ਲੋਭ ਮੋਹ ਮਾਯੋ।[61]

ਨੈਤਿਕ ਮੁੱਲਾਂ ਦੇ ਪ੍ਰਕਰਣ ਵਿਚ ਇਸਲਾਮ ਧਰਮ ਦੀ ਵੀ ਅਹਿਮ ਭੂਮਿਕਾ ਹੈ। ਹਜ਼ਰਤ ਮੁਹੰਮਦ ਸਾਹਿਬ ਦੀਆਂ ਨੈਤਿਕ ਸਿਖਿਆਵਾਂ, ਕੁਰਾਨ ਸ਼ਰੀਫ਼ ਵਿਚ ਦਰਜ ਮਿਲਦੀਆਂ ਹਨ। ਇਕ ਅਲਾਹ ਦੀ ਪੂਜਾ ਤੋਂ ਬਿਨਾ ਮੁਹੰਮਦ ਸਾਹਿਬ ਨੇ ਭਰਾਤਰੀ ਭਾਵ ਦੀ ਅਹਿਮੀਅਤ ਉਤੇ ਜ਼ੋਰ ਦਿੱਤਾ। ਸਭ ਜੀਵਾਂ ਨੂੰ ਉਸ ਦੀ ਕਿਰਤ ਕਿਹਾ ਹੈ। ਜੂਆ, ਚੋਰੀ, ਯਾਰੀ, ਸੂਦ-ਖੋਰੀ, ਬੇਇਮਾਨੀ, ਹਰਾਮਖੋਰੀ ਆਦਿ ਕਰਮਾਂ ਦੀ ਇਸਲਾਮੀ ਕਰਮਾਂ ਵਿਚ ਕਰੜੀ ਮਨਾਹੀ ਹੈ। ਜਦੋਂ ਕਿ ਪੰਜ ਵਕਤ ਨਿਮਾਜ਼, ਰੋਜ਼ੇ, ਹੱਜ ਆਦਿ ਦੀ ਪਾਬੰਦੀ ਦੀ ਮਹੱਤਤਾ ਉਤੇ ਜ਼ੋਰ ਦਿੱਤਾ। ਈਸਾਈ ਧਰਮ ਵਿਚ ਵੀ ਮਨੁੱਖ ਨੂੰ ਚੰਗੇ ਅਮਲ ਕਰਨ ਅਤੇ ਨੈਤਿਕ ਗੁਣਾਂ ਨੂੰ ਧਾਰਨ ਕਰਨ ਦੀ ਸਿੱਖਿਆ ਦਿੱਤੀ ਗਈ ਹੈ। ਯਸੂ ਮਸੀਹ ਦੇ ਦਰਸਾਏ ਨੈਤਿਕ ਨਿਯਮਾਂ ਅਨੁਸਾਰ ਕਿਸੇ ਦੇ ਦੋਸ਼ਾਂ ਤੇ ਝਾਤੀ ਮਾਰਨ ਤੋਂ ਪਹਿਲਾਂ ਮਨੁੱਖ ਨੂੰ ਆਪਣੇ ਗਿਰੀਵਾਨ ਵਲ ਦੇਖਣਾ ਚਾਹੀਦਾ ਹੈ। ਰੱਬ ਤੋਂ ਬੇਮੁੱਖ ਹੋਏ ਧਨਾਢ ਲੋਕਾਂ ਲਈ ਸਵਰਗ ਵਿਚ

ਜਾਣਾ ਸੂਈ ਦੇ ਨੱਕੇ ਵਿਚੋਂ ਲੰਘਣ ਦੇ ਸਮਾਨ ਹੈ। ਬੁਰਾਈ ਦਾ ਟਾਕਰਾ ਬੁਰਾਈ ਨਾਲ ਨਹੀਂ ਸਗੋਂ ਖ਼ਿਮਾ ਨਾਲ ਕਰਨਾ ਚਾਹੀਦਾ ਹੈ। ਸਭ ਧਰਮਾਂ ਦੇ ਗ੍ਰੰਥ ਅਤੇ ਅਚਾਰੀਆ ਦੇ ਮਹਾਨ ਵਿਚਾਰਾਂ ਨੂੰ ਦ੍ਰਿਸ਼ਟੀਗੋਚਰ ਕਰੀਏ ਤਾਂ ਇਹ ਗੱਲ ਨਿਰਸੰਦੇਹ ਆਖੀ ਜਾ ਸਕਦੀ ਹੈ, ਕਿ ਮਨੁੱਖੀ ਜੀਵਨ ਸਭ ਤੋਂ ਉੱਤਮ ਤੇ ਸ੍ਰੇਸ਼ਟ ਹੈ, ਜਿਸ ਨੂੰ ਧਾਰਨ ਕਰਨ ਲਈ ਦੇਵਤੇ ਵੀ ਤਰਸਦੇ ਹਨ। ਇਸੇ ਜੂਨ ਵਿਚ ਹੀ ਮੋਕਸ਼ ਪਦ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ ਲੇਕਿਨ ਇਹ ਤਾਂ ਸੰਭਵ ਹੈ ਜੇਕਰ ਸਦਾਚਾਰਕ ਮੁੱਲਾਂ ਨੂੰ ਆਪਣੀ ਜੀਵਨ ਜਾਂਚ ਦਾ ਅੰਗ ਬਣਾ ਕੇ ਮਨ, ਬਚਨ, ਕਰਮ ਨਾਲ ਉੱਚੇ ਸੁੱਚੇ ਅਸੂਲਾਂ ਉੱਤੇ ਪਹਿਰਾ ਦੇਵੇ।

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਿਸੇ ਸਮਾਜ ਦੇ ਲੋਕਾਂ ਵਿਚ ਮਨੁੱਖੀ ਕਦਰਾਂ-ਕੀਮਤਾਂ ਵਿਚ ਗਿਰਾਵਟ ਆਉਂਦੀ ਹੈ ਤਾਂ ਉਹ ਸਮਾਜ ਜਾਂ ਕੌਮ ਵੀ ਗਿਰਾਵਟ ਵਿਚ ਆ ਜਾਂਦੀ ਹੈ। ਗੁਰੂ ਨਾਨਕ ਆਗਮਨ ਤੋਂ ਪਹਿਲਾਂ ਵੀ ਪੰਜਾਬ ਦੀ ਸਥਿਤੀ ਬਾਰੇ ਭਾਈ ਗੁਰਦਾਸ ਨੇ ਇਉਂ ਕਿਹਾ ਹੈ:

ਕਾਜ਼ੀ ਹੋਏ ਰਿਸਵਤੀ ਵੱਢੀ ਲੈ ਕੇ ਹਕੁ ਗਵਾਈ,
ਇਸਤ੍ਰੀ ਪੁਰਖੇ ਦਾਮਿ ਹਿੱਤੁ ਭਾਵੈ ਆਇ ਨਿਥਾਊ ਜਾਈ।।
ਵਰਤਿਆ ਪਾਪੁ ਸਭਨਿ ਜਗ ਮਾਂਹੀ।।[62]

ਅੰਤ ਪੰਦਰਵੀਂ ਸਦੀ ਵਿਚ ਗੁਰੂ ਨਾਨਕ ਸਾਹਿਬ ਨੇ ਪੰਜਾਬ ਦੀ ਸੁੱਤੀ ਵੀਰਤਾ ਨੂੰ ਜਗਾਇਆ। ਗੁਰੂ ਨਾਨਕ ਦੇਵ ਜੀ ਇਕ ਨਿਰਭੈ ਸੂਰਮਾ ਸੀ। ਭਾਵੇਂ ਉਹਨਾਂ ਨੇ ਤਲਵਾਰ ਹੱਥ ਵਿਚ ਨਹੀਂ ਉਠਾਈ ਪਰੰਤੂ ਉਹਨਾਂ ਨੇ ਆਪਣੇ ਵਿਚਾਰਾਂ ਨਾਲ ਪੰਜਾਬੀ ਸਮਾਜ ਵਿਚ ਮਾਨਸਿਕ ਇਨਕਲਾਬ ਦੀ ਬਹਾਲੀ ਲਈ ਸਦਾਚਾਰਕ ਕੀਮਤਾਂ ਦਾ ਆਰੰਭ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਨਾਲ ਕੀਤਾ।

ਇਨਸਾਨ ਨੇ ਸੇਵਾ ਸਿਮਰਨ, ਸੇਵਾ ਸਚਾਈ, ਸਬਰ ਸੰਤੋਖ, ਸਹਿਨਸ਼ੀਲਤਾ, ਦਇਆ, ਧਰਮ, ਨੇਕੀ ਪਰਉਪਕਾਰ, ਧੀਰਜ, ਖ਼ਿਮਾ, ਹਲੀਮੀ, ਆਦਿ ਨੈਤਿਕ ਗੁਣਾਂ ਨੂੰ ਅਪਣਾਉਣਾ ਹੈ ਤੇ ਝੂਠ, ਫਰੇਬ, ਚੁਗਲੀ, ਨਿੰਦਾ, ਈਰਖਾ, ਚੋਰੀ, ਯਾਰੀ, ਕਪਟ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ

ਵਿਕਾਰਾਂ ਤੋਂ ਬਚਣਾ ਹੈ। ਜੀਵਾਂ ਨੇ ਜੀਵਨ ਤਾਂ ਜ਼ਰੂਰ ਲਿਆ ਹੈ ਪ੍ਰੰਤੂ ਜੀਵਨ ਜਿਊਣ ਦੀ ਜਾਂਚ ਨਾ ਸਿਖਣ ਕਾਰਨ ਅਧੂਰੇ ਰਹਿ ਗਏ ਹਨ। ਮੋਕਸ਼ ਪਦ ਦੀ ਪ੍ਰਾਪਤੀ ਲਈ ਵੀ ਨੈਤਿਕ ਮੁੱਲਾਂ ਦੀ ਹੋਂਦ ਦਾ ਹੀ ਮਹਤਵ ਹੈ। ਗੁਰਬਾਣੀ ਵਿਚ ਵੀ ਬੰਧਨਾਂ ਵਿਚ ਗ੍ਰਸੇ ਜੀਵ ਨੂੰ ਮੁਕਤ ਹੋਣ ਲਈ ਨੈਤਿਕ ਕਦਰਾਂ-ਕੀਮਤਾਂ ਨੂੰ ਧਾਰਨ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ। ਅਜਿਹਾ ਸਦਾਚਾਰੀ ਜੀਵ ਦੁਨਿਆਵੀ ਕਾਰ-ਵਿਹਾਰ ਕਰਦੇ ਹੋਏ ਵੀ ਮੁਕਤ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥

ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ।[63]

ਸੂਫ਼ੀ ਫ਼ਕੀਰਾਂ ਨੇ ਵੀ ਤਰ੍ਹਾਂ-ਤਰ੍ਹਾਂ ਦੇ ਉਦਾਹਰਣ ਦੇ ਕੇ ਮਨੁੱਖ ਨੂੰ ਸਦਾਚਾਰਕ ਤੇ ਨੈਤਿਕ ਜੀਵਨ ਜੀਣ ਦੀ ਜਾਂਚ ਦੱਸੀ ਹੈ। ਸਾਦਾ ਖਾਣਾ, ਨਿਮਰ ਰਹਿਣਾ, ਦੁਨਿਆਵੀ ਨਾਸ਼ਵਾਨਤਾ, ਸੱਚ ਬੋਲਣਾ, ਗੁਰੂ ਦੀ ਅਹਿਮੀਅਤ, ਰੱਬ ਦੀ ਭਗਤੀ ਨਾਲ ਦੂਜਿਆਂ ਦਾ ਭਲਾ ਕਰਨਾ। ਬਾਬਾ ਫਰੀਦ ਦਾ ਕਹਿਣਾ ਹੈ:

ਫ਼ਰੀਦਾ ਬੁਰੇ ਦਾ ਭਲਾ ਕਰ

ਗੁਸਾ ਮਨ ਨ ਹਢਾਇ।[64]

ਨੈਤਿਕ ਨੀਤੀ ਧਰਮ ਤੋਂ ਸ਼ਕਤੀ ਗ੍ਰਹਿਣ ਕਰਦੀ ਹੈ। ਧਰਮ ਨੇ ਮਨੁੱਖ ਨੂੰ ਆਤਮਿਕ ਬਲ ਪ੍ਰਦਾਨ ਕੀਤਾ ਹੈ ਤਾਂ ਕਿ ਦੂਜੇ ਪਾਸੇ ਸਦਾਚਾਰਕ ਆਦਰਸ਼ ਜਾਂ ਨੈਤਿਕ ਕੀਮਤਾਂ ਦੀ ਪੈਰਵੀ ਵੀ ਕੀਤੀ ਜਾ ਸਕੇ। ਨੈਤਿਕਤਾ ਧਰਮ ਦੇ ਸਮਾਜਿਕ ਮਨੋਰਥਾਂ ਨੂੰ ਹੱਲ ਕਰਨ ਵਿਚ ਵਿਸ਼ੇਸ਼ ਰੋਲ ਅਦਾ ਕਰਦੀ ਹੈ। ਨੈਤਿਕ ਮੁੱਲਾਂ ਦੀ ਅਣਹੋਂਦ ਵਿਚ ਧਰਮ ਦਾ ਦਾਇਰਾ ਤੰਗ ਵਲਗਣ ਤਕ ਸੀਮਤ ਹੋ ਕੇ ਰਹਿ ਜਾਂਦਾ ਹੈ।

ਇਕ ਤਰ੍ਹਾਂ ਨਾਲ ਨੈਤਿਕ ਸ਼ਾਸਤਰ ਜੀਵਨ ਜਾਚ ਦਾ ਉਹ ਵਿਗਿਆਨ ਹੈ ਜੋ ਮਨੁੱਖ ਲਈ ਚੰਗੇ, ਮੰਦੇ, ਉਚਿਤ ਤੇ ਅਣਉਚਿਤ ਕੰਮਾਂ ਦਾ ਨਿਰਣਾ ਕਰਦਾ ਹੈ। ਨੈਤਿਕ ਸ਼ਾਸਤਰ ਵਿਚ ਦੋ ਹੀ ਗੱਲਾਂ ਮੁੱਖ ਹਨ। ਕੀ ਕਰਨ ਯੋਗ ਹੈ ਅਤੇ ਕੀ ਨਾ ਕਰਨ ਯੋਗ ਹੈ। ਜਾਂ ਕੀ ਉਚਿਤ ਹੈ ਅਤੇ ਕੀ

ਅਣਉਚਿਤ ਹੈ। ਗੁਰੂ ਕਵੀਆ ਦੁਆਰਾ ਰਚੀਆਂ ਵਾਰਾਂ ਵਿਚ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ ਧਾਰਨ ਕਰਨ ਦੀ ਬਾਰ-ਬਾਰ ਪ੍ਰੇਰਨਾ ਕੀਤੀ ਗਈ ਹੈ। ਵਾਰਾਂ ਵਿਚ ਨੈਤਿਕ ਗੁਣਾਂ ਦੀਆਂ ਨੀਹਾਂ ਪੱਕੀਆਂ ਕਰਨ ਲਈ ਔਗੁਣਾਂ ਦੇ ਤਿਆਗਣ ਤੇ ਬਲ ਦਿੱਤਾ ਗਿਆ ਹੈ। ਭਾਰਤੀ ਦਰਸ਼ਨ ਵਿਚ ਪੰਜ ਵਿਕਾਰ ਹੀ ਮੁੱਖ ਔਗੁਣ ਮੰਨੇ ਗਏ ਹਨ। ਜਿਨ੍ਹਾਂ ਤੋਂ ਜੀਵ ਨੂੰ ਵਾਰ ਵਾਰ ਬਚਣ ਦੀ ਤਾਕੀਦ ਕੀਤੀ ਗਈ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਜਿਹੇ ਔਗੁਣ ਹਨ  ਜਿਨ੍ਹਾਂ ਤੋਂ ਛੁਟਾਕਰਾ ਪਾਉਣ ਲਈ ਗੁਰੂ ਦੀ ਸ਼ਰਨ ਵਿਚ ਜਾਣਾ ਤੇ ਗੁਰੂ ਦੀ ਕਿਰਪਾ ਪ੍ਰਾਪਤ ਕਰਨੀ ਹੁੰਦੀ ਹੈ। ਵਾਰਾਂ ਦਾ ਆਦਰਸ਼ ਮਨੁੱਖ, ਗੁਰਮੁਖ, ਭਗਤ, ਸਾਧ, ਸੰਤ ਤੇ ਬ੍ਰਹਮ ਗਿਆਨੀ ਹੈ ਜੋ ਨੈਤਿਕਤਾ ਤੇ ਸਦਾਚਾਰਕ ਦੇ ਮਾਰਗ ਤੇ ਤੁਰਦਾ ਹੋਇਆ ਔਗੁਣਾਂ ਤੇ ਕਾਬੂ  ਪਾ ਲੈਂਦਾ ਹੈ:

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥
ਦਿਨੁ ਰੈਣਿ ਨਾਮ ਧਿਆਇਦਾ ਫਿਰਿ ਪਾਇ ਨ ਮੋਆ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥[65]

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸਭੇ ਵਿਕਾਰ ਹਨ ਅਤੇ ਇਕ ਦੂਜੇ ਦੇ ਪੂਰਕ ਹਨ। ਇਨ੍ਹਾਂ ਸਭਨਾ ਦੀ ਜੜ੍ਹ ਹਉਮੈ ਹੈ। ਗੁਰੂ ਕਵੀਆਂ ਨੇ ਹਉਮੈ ਨੂੰ ਤਿਆਗ ਕੇ ਮਨ ਸ਼ੁਧ ਕਰਕੇ ਨੈਤਿਕ ਤੇ ਸਦਾਚਾਰਕਤਾ ਵਾਲਾ  ਸੰਤੁਲਤ ਜੀਵਨ ਜੀਣ ਦੀ ਪ੍ਰੇਰਨਾ ਦਿੱਤੀ ਹੈ।

ਮੋਹੁ ਕੂੜੁ ਕੁਟੰਬੁ ਹੈ ਮਨਮੁਖੁ ਮੁਗਧੁ ਰਤਾ॥
ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ॥
ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ॥
ਫਿਰਿ ਵੇਲਾ ਹਥ ਨ ਆਵਈ ਜਮਕਾਲਿ ਵਸਿ ਕਿਤਾ॥
ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ॥[66]

ਜੀਵ ਨੂੰ ਮਾਇਆ ਰੂਪੀ ਸੰਸਾਰ ਵਿਚ ਖਚਿਤ ਹੋਣ ਤੋਂ ਵਰਜਿਆ ਹੈ ਤੇ ਨੈਤਿਕ ਮੁੱਲਾਂ ਵਾਲਾ ਅਨੁਭਵਸ਼ੀਲਤਾ ਵਾਲਾ ਮਾਰਗ ਦਰਸਾਇਆ ਹੈ। ਮਾਇਆ ਸਰਪਣੀ ਹੈ ਜਿਸ ਨੇ ਤ੍ਰਿਭਵਣ ਨੂੰ ਡਸਿਆ ਹੋਇਆ ਹੈ ਅਤੇ ਇਸ ਨੇ ਆਪਣੇ ਇਸਤਰੀ ਰੂਪ ਦੁਆਰਾ ਦੇਵਤਿਆਂ ਨੂੰ ਛਲਿਆ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਕ ਸੋਚ ਵਿਚੋਂ ਸਿਰਜੀ ਗਈ ਬਿੰਬਾਵਲੀ ਅਤੇ ਸ਼ਬਦਾਵਲੀ ਪਦਾਰਥਵਾਦੀ ਮਨੁੱਖ ਨੂੰ ਆਪਣੇ ਕਲੇਵਰ ਵਿਚੋਂ ਪਛਾਣਦੀ ਹੈ ਅਤੇ ਇਸ ਦੀ ਪਿੱਠਭੂਮੀ ਵਿਚੋ ਇਕ ਨੈਤਿਕਵਵਾਦੀ ਸੋਚ ਦ੍ਰਿਸ਼ਟੀਗੋਚਰ ਹੁੰਦੀ ਹੈ, ਭਾਵ ਵਾਰਾਂ ਮਾਇਆ ਗ੍ਰਸਤ ਜ਼ਿੰਦਗੀ ਦੇ ਦੁੱਖਾਂ ਤੋਂ ਸੁਚੇਤ ਕਰਦੀਆਂ ਹਨ ਕਿਉਂਕਿ ਇਹ ਮਾਇਆ ਤੇ ਇਸ ਨਾਲ ਪ੍ਰਾਪਤ ਕੀਤੇ ਸੁਖ ਸਾਧਨ ਅਸਲ ਵਿਚ ਮਨੁੱਖ ਦੇ ਦੁਖਾਂ ਦੇ ਕਾਰਨ ਬਣਦੇ ਹਨ।

ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ।।
ਕੂੜੈ ਲਾਲਚਿ ਲਗਿ ਮਹਲੁ ਖੁਆਈਐ।।
ਸਭੁ ਜਗੁ ਠਗਿਓ ਠਗਿ ਆਈਐ ਜਾਈਐ।।[67]

ਮਾਇਆ ਦਾ ਮੋਹ ਸਤਿਗੁਰੂ ਦੀ ਕਿਰਪਾ ਤੋਂ ਬਿਨਾਂ ਨਹੀਂ ਟੁਟ ਸਕਦਾ। ਬਹੁਤ ਸਾਰੇ ਜੀਵ ਹੋਰ ਧਾਰਮਿਕ ਕਰਮ ਕਰ ਰਹੇ ਹਨ ਪਰ ਸਭ ਵਿਅਰਥ ਜਾਂਦੇ ਹਨ।

ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ।।[68]

ਨਾਮ ਸਿਮਰਨ ਤੋਂ ਬਿਨਾਂ ਹੁਕਮ ਵਿਚ ਤੁਰਨ ਵਾਲੇ ਜੀਵ ਦਾ ਲੇਖਾ ਇੱਜਤ ਨਾਲ ਨਿੱਬੜਦਾ ਹੈ ਕਿਉਂਕਿ ਗੁਰੂ ਉਸ ਨੂੰ ਪ੍ਰਭੂ ਦੀ ਸਿਫ਼ਤ ਸਲਾਹ ਦੇ ਖ਼ਜ਼ਾਨੇ ਬਖ਼ਸ਼ਦਾ ਹੈ।

ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨੀ ਮਾਰਿਆ।।
ਸਚੈ ਅੰਦਰਿ ਮਹਲਿ ਸਬਦਿ ਸਵਾਰਿਆ।।[69]

ਗੁਰੂ ਅਮਰਦਾਸ ਜੀ ਅਨੁਸਾਰ ਦਿਲ ਲਾ ਕੇ ਸੇਵਾ ਕਰਨ ਵਾਲਾ ਮਨੁੱਖ ਹਉਮੈ ਤੋਂ ਮੁਕਤ ਹੋ ਜਾਂਦਾ ਹੈ। ਉਹ ਮੁਕਤੀ ਹਾਸਿਲ ਕਰ ਲੈਂਦਾ ਹੈ। ਉਹਨਾਂ ਦਾ ਜੀਣਾ ਸਫ਼ਲ ਹੋ ਜਾਂਦਾ ਹੈ ਜਿਹੜੇ ਦਿਲ ਤੋਂ ਗੁਰੂ ਦੀ ਸੇਵਾ ਕਰਦੇ ਹਨ।

ਸਤਿਗੁਰ ਕੀ ਸੇਵਾ ਸਫਲੁ ਹੈ ਜੋ ਕੋ ਕਰੇ ਚਿਤੁ ਲਾਇ॥

ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥

ਬੰਧਨ ਤੋੜੈ ਮੁਕਤਿ ਹੋਇ ਸਚੈ ਰਹੈ ਸਮਾਇ॥[70]

ਸਿੱਖ ਦੇ ਆਚਰਨ ਵਿਚ ਇਹ ਗੁਣ ਜ਼ਰੂਰੀ ਹਨ ਸਤਿ ਸੰਤੋਖ, ਵਿਹਾਰ, ਦਇਆ, ਧਰਮ, ਦਾਨ, ਸਿਦਕ, ਸਬਰ, ਸੰਜਮ, ਖ਼ਿਮਾ, ਗਰੀਬੀ, ਸੇਵਾ, ਪ੍ਰੇਮ, ਗਿਆਨ, ਕਿਰਤ ਕਰਨੀ ਕਿਉਂਕਿ ਸਦਾਚਾਰ ਦਾ ਮਾਰਗ ਸੁਚੇਤ ਕਰਮ ਅਤੇ ਸਵੈ ਭਰੋਸੇ ਦਾ ਮਾਰਗ ਹੈ। ਇਹ ਵਿਅਕਤੀ ਨੂੰ ਮਨੁੱਖੀ ਜੀਵਨ ਦੀਆਂ ਕਦਰਾਂ-ਕੀਮਤਾਂ ਦੀ ਸੇਧ ਦਿੰਦਾ ਹੈ। ਉਸ ਨੂੰ ਸੁਆਰਥੀ ਹਿੱਤਾਂ ਤੋਂ ਉੱਪਰ ਉੱਠ ਕੇ ਮਨੁੱਖ ਦੇ ਸਾਂਝੇ ਲਾਭ ਹਿੱਤ ਯਤਨਸ਼ੀਲ ਹੋਣ ਲਈ ਪ੍ਰੇਰਦਾ ਹੈ। ਸਦਾਚਾਰਕ ਨੀਤੀ ਆਤਮਿਕ ਭਵਨ ਦਾ ਆਧਾਰ ਹੈ, ਜਦ ਤਕ ਸਦਾਚਾਰਕ ਗੁਣ ਪੈਦਾ ਨਾ ਕੀਤੇ ਜਾਣ ਜਗਿਆਸੂ ਆਤਮਿਕ ਸੱਤਾ ਦੀ ਉਚ ਪੱਧਰ ਤੇ ਨਹੀਂ ਪਹੁੰਚ ਸਕਦਾ। ਕਰਮ, ਗਿਆਨ, ਸ਼ਰਧਾ ਦੇ ਸੰਤੁਲਿਤ ਮੇਲ ਦੀ ਜ਼ਰੂਰਤ ਹੈ। ਪ੍ਰੋ. ਪ੍ਰੀਤਮ ਸਿੰਘ ਅਨੁਸਾਰ :

> ਜੇ ਇਨਸਾਨ ਵਿਚ ਪਿਆਰ, ਪਰਉਪਕਾਰ, ਸ਼ੁਭ ਇੱਛਾ ਤੇ ਕੁਰਬਾਨੀ ਦੇ ਜਜ਼ਬੇ ਪੈਦਾ ਕਰਨੇ ਹਨ ਤਾਂ ਸਦਾਚਾਰ ਦਾ ਅਧਾਰ ਚੰਗਾ ਧਾਰਮਿਕ ਜੀਵਨ ਹੀ ਰੱਖਣਾ ਪਵੇਗਾ। ਨਿਰੀ ਸਮਾਜਿਕ ਲੋੜ ਨੂੰ ਅਧਾਰ ਨਹੀਂ ਬਣਾਇਆ ਜਾ ਸਕਦਾ। ਮਨੁੱਖੀ ਜਾਤੀ ਨਾਲ ਪਿਆਰ ਅਤੇ ਸਮਾਨਤਾ ਦੇ ਜਜ਼ਬੇ ਧਰਮ ਵਿਚੋਂ ਹੀ ਪੈਦਾ ਹੁੰਦੇ ਹਨ ਅਤੇ ਹਉਮੈ ਇਸੇ ਨਾਲ ਖਤਮ ਹੁੰਦੀ ਹੈ।[71]

ਅਚਾਰ ਨੀਤੀ ਅਤੇ ਸਦਾਚਾਰ, ਸਿੱਖ ਧਰਮ ਦੇ ਮੂਲ ਅਧਾਰ ਹਨ। ਸੱਚੇ ਅਚਾਰ ਅਤੇ ਸਮਾਜਿਕ ਸਦਾਚਾਰ ਤੋਂ ਬਗੈਰ ਆਤਮਿਕ ਉੱਨਤੀ ਕਰਨੀ ਮੁਸ਼ਕਲ ਹੈ। ਸਦਾਚਾਰ ਆਪਣੇ ਆਪ ਵਿਚ ਇਕ ਮਨੋਰਥ ਨਹੀਂ ਸਗੋਂ ਆਤਮਿਕ ਜੀਵਨ ਦੇ ਵਿਕਾਸ ਵਿਚ ਸਹਾਈ ਹੁੰਦਾ ਹੈ। ਗੁਰਬਾਣੀ ਮਨੁੱਖ ਨੂੰ ਉਹੀ ਕਾਰਜ ਕਰਨ ਦੀ ਪ੍ਰੇਰਨਾ ਦਿੰਦੀ ਹੈ ਜੋ ਉਸ ਦੇ ਵਿਅਕਤਿਤਵ ਦੇ ਸਹੀ ਵਿਕਾਸ ਵਿਚ ਸਹਾਈ

ਹੋ ਸਕਦੇ ਹਨ। ਡਾ. ਜਗਬੀਰ ਸਿੰਘ ਦੇ ਅਨੁਸਾਰ :

> ਨੈਤਿਕਤਾ ਮਨੁੱਖ - ਮਨੁੱਖ ਵਿਚਕਾਰ ਰਿਸ਼ਤੇ ਨੂੰ ਇਕਸੁਰਤਾ ਪ੍ਰਦਾਨ ਕਰਦੀ ਹੈ। ਸਮਾਜਿਕ ਜੀਵਨ ਵਿਚ ਨੈਤਿਕਤਾ ਨੂੰ ਧਾਰਨ ਕਰਨਾ ਵਿਅਕਤੀਗਤ ਸ਼ਾਂਤੀ ਅਤੇ ਸਮੂਹਿਕ ਅਮਨ ਦੀ ਲਾਜ਼ਮੀ ਸ਼ਰਤ ਹੈ। ਇਸ ਤੋਂ ਕਲਾਹ ਕਲੇਸ਼ ਵਿਚ ਪੈ ਕੇ ਮਨੁੱਖ ਆਪਣੀ ਸ਼ਕਤੀ ਨਸ਼ਟ ਕਰਦਾ ਹੈ। ਸਦਾਚਾਰਕ ਪੂਰਨਤਾ ਦਾ ਧਾਰਨੀ ਵਿਅਕਤੀ ਸਚਿਆਰ ਹੈ।[72]

ਵਾਰਾਂ ਵਿਚ ਗੁਰੂ ਸਾਹਿਬਾਨਾਂ ਨੇ ਮਨੁੱਖ ਨੂੰ ਉਸ ਦੇ ਬਹੁਪਰਤੀ ਸੰਕਲਪ ਅਨੁਸਾਰ ਸੰਪੂਰਣ ਜੀਵਨ ਜੁਗਤਿ ਪ੍ਰਦਾਨ ਕੀਤੀ। ਮਨੁੱਖ ਦਾ ਜਿਥੇ ਆਪੇ ਨਾਲ ਸੰਬੰਧ ਹੈ, ਉਥੇ ਦੇਸ਼, ਸਮਾਜ ਸੰਸਾਰ ਤੇ ਪੂਰੇ ਬ੍ਰਹਿਮੰਡ ਨਾਲ ਸੰਬੰਧ ਹੈ। ਸਦਾਚਾਰਕ ਗੁਣ ਗ੍ਰਹਿਣ ਕਰਕੇ ਮਨੁੱਖ ਆਚਰਣ ਪੱਖੋਂ ਉਚੇਰਾ ਬਣ ਜਾਂਦਾ ਹੈ। ਵਾਰਾਂ ਵਿਚ ਮਨੁੱਖ ਦੀ ਸਖਸ਼ੀਅਤ ਬਾਰੇ ਉਹ ਸਾਰੇ ਗੁਣ ਅਤੇ ਕਰਤਵ ਮਿਲਦੇ ਹਨ ਜੋ ਉਸ ਦੇ ਵਿਅਕਤੀਗਤ ਜੀਵਨ ਵਿਚ ਉੱਤਮ ਗੁਣਾ ਦਾ ਸੰਚਾਰ ਕਰਨ ਦੇ ਨਾਲ ਸਮਾਜ ਦੀ ਭਲਾਈ ਲਈ ਵੀ ਸਾਰਥਕ ਹਨ। ਗੁਰਬਾਣੀ ਸਮੁੱਚੇ ਜੀਵਨ ਨੂੰ ਇਕ ਇਕਾਈ ਮੰਨ ਕੇ ਇਸ ਦੀ ਨਵ-ਉਸਾਰੀ ਪ੍ਰਤੀ ਸਮਰਪਿਤ ਹੈ। ਗੁਰਬਾਣੀ ਅਨੁਸਾਰ ਵਖ ਵਖ ਧਰਮਾਂ ਦੀ ਅਨੇਕਤਾ ਦਾ ਸੋਮਾ ਵੀ ਪ੍ਰਭੂ ਦੀ ਏਕਤਾ ਹੈ। ਇਸ ਵਿਚ ਮਨੁੱਖ ਦੇ ਗ੍ਰਹਿਣ ਕਰਨ ਲਈ ਸਮਾਨਤਾ, ਪ੍ਰੇਮ ਪਰਉਪਕਾਰ ਦੀਆਂ ਕੀਮਤਾਂ ਉਤਪੰਨ ਹੁੰਦੀਆਂ ਹਨ। ਇਹਨਾਂ ਵਾਰਾਂ ਵਿਚ ਪਰਮਾਤਮਾ, ਕੁਦਰਤ, ਸੰਸਾਰ, ਧਰਮ ਤੇ ਮਨੁੱਖ ਦੀ ਆਪਸੀ ਇਕਸੁਰਤਾ ਦਾ ਬਿਆਨ ਕਰਦੀਆਂ ਹਨ ਅਤੇ ਮਨੁੱਖ ਨੂੰ ਵਿਸ਼ਾਲ ਜੀਵਨ ਜੁਗਤੀ ਪ੍ਰਦਾਨ ਕਰਦੀਆਂ ਹਨ।

# ਹਵਾਲੇ ਅਤੇ ਟਿੱਪਣੀਆਂ

1. ਗੁਰਬਖਸ਼ ਸਿੰਘ ਫਰੈਂਕ ਦੁਆਰਾ ਉਦਰਿਤ, ***ਸਭਿਆਚਾਰ ਤੇ ਪੰਜਾਬੀ ਸਭਿਆਚਾਰ,*** ਪੰਨਾ 18
2. ਉਹੀ, ਪੰਨਾ 19
3. ਐਸ. ਪੀ. ਕਨਲ, ***ਹਿੰਦੁਸਤਾਨੀ ਸਭਿਆਚਾਰ ਦੀ ਰੂਪ ਰੇਖਾ***, ਪੰਨਾ 18
4. ਦਵਿੰਦਰ ਦੀਪ ਦੁਆਰਾ ਉਦਰਿਤ, ***ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਨਾਨਕ ਬਾਣੀ ਵਿਚ ਭਾਰਤੀ ਸਭਿਆਚਾਰ ਦਾ ਚਿੰਤਨ***, ਭਾਸ਼ਾ ਵਿਭਾਗ, ਪੰਜਾਬ, ਪੰਨਾ 10
5. ***ਇਨਸਾਈਕਲੋਪੀਡੀਆ ਬਰਿਟੇਨਿਕਾ***, ਪੰਨਾ 513
6. ਡਾ. ਵਣਜਾਰਾ ਬੇਦੀ, ***ਮਧਕਾਲੀਨ ਪੰਜਾਬੀ ਕਥਾ ਤੇ ਰੂਪ ਪਰੰਪਰਾ*** 'ਦੋ ਸ਼ਬਦ', ਪੰਨਾ 3
7. ਡਾ. ਕਰਨੈਲ ਸਿੰਘ ਥਿੰਦ, ***ਲੋਕਯਾਨ ਤੇ ਮਧਕਾਲੀਨ-ਪੰਜਾਬੀ ਸਾਹਿਤ,*** ਲੇਖਕ ਪਿਆਰਾ ਸਿੰਘ-ਸ਼ੁਭ ਆਗਮਨ
8. ਉਹੀ, ਪੰਨਾ 45
9. ***ਗੁਰੂ ਗ੍ਰੰਥ ਸਾਹਿਬ***, ਪੰਨਾ 663
10. ਉਹੀ, ਪੰਨਾ 465
11. ਉਹੀ, ਪੰਨਾ 473
12. ਉਹੀ, ਪੰਨਾ 787
13. ਉਹੀ, ਪੰਨਾ 785
14. ਉਹੀ, ਪੰਨਾ 788
15. ਉਹੀ, ਪੰਨਾ 788

16. ਉਹੀ, ਪੰਨਾ 470

17. ***ਗੁਰੂ ਗ੍ਰੰਥ ਸਾਹਿਬ***, ਪੰਨਾ 472

18. ਉਹੀ, ਪੰਨਾ 953

19. ਉਹੀ, ਪੰਨਾ 85

20. ਉਹੀ, ਪੰਨਾ 15

21. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼,*** ਪੰਨਾ 662

22. ***ਹਿੰਦੀ ਵਿਸ਼ਵ ਕੋਸ਼***, ਖੰਡ 6, ਪੰਨਾ 16

23. ਡਾ. ਭਾਈ ਜੋਧ ਸਿੰਘ ਦੁਆਰਾ ਉਦਰਿਤ, ***ਗੁਰੂ ਨਾਨਕ ਤੇ ਭਾਰਤੀ ਦਰਸ਼ਨ***, ਪੰਨਾ 10

24. ***ਗੁਰੂ ਗ੍ਰੰਥ ਸਾਹਿਬ***, ਪੰਨਾ 300

25. ਉਹੀ, ਪੰਨਾ 556

26. ਉਹੀ, ਪੰਨਾ 464

27. ਉਹੀ, ਪੰਨਾ 951

28. ਉਹੀ, ਪੰਨਾ 1285

29. ਉਹੀ, ਪੰਨਾ 467

30. ਉਹੀ, ਪੰਨਾ 951

31. ਉਹੀ, ਪੰਨਾ 140

32. ਉਹੀ, ਪੰਨਾ 952

33. ਉਹੀ, ਪੰਨਾ 469

34. ਡਾ. ਬਲਦੇਵ ਸਿੰਘ ਬੱਦਨ ਦੁਆਰਾ ਉਦਰਿਤ, ***ਗੁਰਬਾਣੀ ਚਿੰਤਨ***, ਪੰਨਾ 26

35. ਉਹੀ, ਪੰਨਾ 26

36. ਉਹੀ, ਪੰਨਾ 26

37. ਉਹੀ, ਪੰਨਾ 26
38. ***ਗੁਰੂ ਗ੍ਰੰਥ ਸਾਹਿਬ***, ਪੰਨਾ 462
39. ਉਹੀ, ਪੰਨਾ 144
40. ਉਹੀ, ਪੰਨਾ 513
41. ਉਹੀ, ਪੰਨਾ 515
42. ਉਹੀ, ਪੰਨਾ 87
43. ਉਹੀ, ਪੰਨਾ 318
44. ਉਹੀ, ਪੰਨਾ 1193
45. ਉਹੀ, ਪੰਨਾ 462
46. ਉਹੀ, ਪੰਨਾ 465
47. ਉਹੀ, ਪੰਨਾ 468
48. ਉਹੀ, ਪੰਨਾ 473
49. ਉਹੀ, ਪੰਨਾ 1324
50. ਭਾਈ ਜੋਧ ਸਿੰਘ, ***ਗੁਰਮਤਿ ਪ੍ਰਕਾਸ਼***, ਅਕਤੂਬਰ 2011,ਅੰਕ 9, ਪੰਨਾ 28
51. ਡਾ. ਵਜੀਰ ਸਿੰਘ, ***ਧਰਮ ਦਾ ਦਾਰਸ਼ਨਿਕ ਪੱਖ***, ਪੰਨਾ 51
52. ਡਾ. ਗੁਰਬਚਨ ਸਿੰਘ ਤਾਲਿਬ, ***ਧਰਮ ਦੀ ਉਤਪਤੀ ਤੇ ਵਿਕਾਸ,*** ਪੰਨਾ 66
53. Dr. Radha Krishanan (ਦੁਆਰਾ ਉਦਰਿਤ), ***An Idealistic View of Life***, page 64
54. Gopal Singh, (ਦੁਆਰਾ ਉਦਰਿਤ) ***Prepace: Guru Granth Sahib*** (English Translation, Vol. II), page 11
55. ਡਾ. ਬਲਦੇਵ ਸਿੰਘ ਬੱਦਨ ਦੁਆਰਾ ਉਦਰਿਤ, ***ਗੁਰਬਾਣੀ ਚਿੰਤਨ***, ਪੰਨਾ 32

56. H. Zimmer, ***Philosophy of India***, page 41

57. Dr. Radha Krishnan, ***Eastern Religion and Western Thought***, page 353

58. ਰਾਮ ਦਾਸ ਨਿਰੰਕਾਰੀ, ***ਪ੍ਰਧਾਨ ਉਪਨਿਸ਼ਦ***, ਪੰਨਾ 396

59. ਡਾ. ਹਰੀ ਸਿੰਘ, ***ਪਰਚੀਆਂ ਸੇਵਾ ਦਾਸ,*** ਪੰਨਾ 94-95

60. ਡਾ. ਮਨਮੋਹਨ ਸਿੰਘ, ***ਭਾਰਤੀ ਧਰਮ ਤੇ ਨੈਤਿਕਤਾ***, ਪੰਨਾ 188

61. ਡਾ. ਤਾਰਨ ਸਿੰਘ, ***ਗੁਰੂ ਗ੍ਰੰਥ ਸਾਹਿਬ ਅਤੇ ਭਾਰਤੀ ਧਰਮ***, ਪੰਨਾ 23

62. ਵਾਰਾਂ ਭਾਈ ਗੁਰਦਾਸ ਵਾਰ 1 ਪਉੜੀ 30

63. ***ਗੁਰੂ ਗ੍ਰੰਥ ਸਾਹਿਬ,*** ਪੰਨਾ 522

64. ਉਹੀ, ਪੰਨਾ 1381

65. ਉਹੀ, ਪੰਨਾ 1193

66. ਉਹੀ, ਪੰਨਾ 787

67. ਉਹੀ, ਪੰਨਾ 147

68. ਉਹੀ, ਪੰਨਾ 138

69. ਉਹੀ, ਪੰਨਾ 1280

70. ਉਹੀ, ਪੰਨਾ 644

71. ਡਾ. ਬਲਦੇਵ ਸਿੰਘ ਬੱਦਨ ਦੁਆਰਾ ਉਦਰਿਤ, ***ਗੁਰਬਾਣੀ ਚਿੰਤਨ***, ਪੰਨਾ 33

72. ਉਹੀ, ਪੰਨਾ 34

# ਅਧਿਆਇ ਪੰਜਵਾਂ

*

*

*

## ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦਾ ਸਾਹਿਤਕ ਪੱਖ

(ੳ) ਵਾਰਾਂ ਦਾ ਭਾਸ਼ਾ ਪੈਟਰਨ

(ਅ) ਸ਼ਾਬਦਕ ਪੈਟਰਨ

(ੲ) ਪ੍ਰਤੀਕ ਪੈਟਰਨ

(ਸ) ਤੁਲਨਾਤਮਕ ਪੈਟਰਨ

(ਹ) ਸੰਗੀਤ ਪੈਟਰਨ

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦਾ ਸਾਹਿਤਕ ਪੱਖ

ਧਰਮ ਅਤੇ ਸਾਹਿਤ ਮਨੁੱਖੀ ਚੇਤਨਾ ਦੀਆਂ ਦੋ ਮਹੱਤਵਪੂਰਨ ਸਿਰਜਨਾਵਾਂ ਹਨ ਜੋ ਮਨੁੱਖੀ ਸੰਸਕ੍ਰਿਤੀ ਦੇ ਵਿਕਾਸ ਦੌਰਾਨ ਹੋਂਦ ਵਿਚ ਆਈਆਂ ਹਨ। ਧਰਮ ਅਤੇ ਸਾਹਿਤ ਦੋਵੇਂ ਆਪਣੇ ਵਿਕਾਸ ਦੇ ਦੌਰਾਨ ਅੰਤਰ ਸੰਬੰਧਿਤ ਰਹੇ ਹਨ, ਭਾਵੇਂ ਕਿ ਵੱਖ-ਵੱਖ ਵਿਕਾਸ ਪੜਾਵਾਂ ਤੇ ਇਨ੍ਹਾਂ ਦੇ ਆਪਸੀ ਸੰਬੰਧ ਦੇ ਰੂਪ ਵੱਖੋ-ਵੱਖਰੇ ਰਹੇ ਹਨ। ਗੁਰਬਾਣੀ ਮਧਕਾਲੀਨ ਧਰਮ ਪਰੰਪਰਾ ਅਤੇ ਸਾਹਿਤ ਪਰੰਪਰਾ ਵਿਚ ਸਰਬਕਾਲੀ ਅਤੇ ਸਰਬਲੌਕਿਕ ਮਹਤਵ ਰੱਖਣ ਵਾਲੀ ਰਚਨਾ ਹੈ। ਗੁਰਬਾਣੀ ਪ੍ਰਾਥਮਿਕ ਤੌਰ ਤੇ ਇਕ ਧਾਰਮਿਕ ਰਚਨਾ ਹੈ, ਪਰ ਇਹ ਸਾਹਿਤਕ ਰੂਪ ਵਿਚ ਰਚੀ ਹੋਈ ਹੈ ਜਿਸ ਕਰਕੇ ਗੁਰਬਾਣੀ ਸਾਹਿਤਕ ਕਿਰਤ ਵਜੋਂ ਨਿਵੇਕਲੀ ਪਛਾਣ ਰੱਖਦੀ ਹੈ। ਸੰਸਾਰ ਦੇ ਬਹੁਤ ਸਾਰੇ ਧਰਮ ਗ੍ਰੰਥ ਕਾਵਿ ਰੂਪ ਵਿਚ ਹੀ ਰਚੇ ਗਏ ਹਨ। ਕਾਵਿ ਆਪਣੀ ਪ੍ਰਾਕਿਰਤੀ ਵਜੋਂ ਮਨੁੱਖ ਦੇ ਭਾਵਨਾਤਮਕ ਜਗਤ ਦਾ ਬਿੰਬਮਈ ਰੂਪਾਂਤਰਣ ਹੈ। ਧਰਮ ਵੀ ਭਾਵਨਾਤਮਕ ਜਗਤ ਨਾਲ ਸੰਬੰਧਤ ਹੈ ਕਿਉਂਕਿ ਇਹ ਇਕ ਪਰਾਲੌਕਿਕ, ਪਰਾਮਾਨਵੀ ਅਤੇ ਰਹੱਸਵਾਦੀ ਸੱਤਾ ਵਿਚ ਭਾਵਨਾਤਮਕ ਵਿਸ਼ਵਾਸ ਉਤੇ ਹੀ ਉਕਰਿਆ ਹੋਇਆ ਹੈ। ਕਾਵਿ ਰੂਪ ਵਿਚ ਰਚਿਤ ਹੋਣ ਕਰਕੇ ਗੁਰਬਾਣੀ ਮਧਕਾਲੀਨ ਪੰਜਾਬੀ ਸਾਹਿਤ ਪਰੰਪਰਾ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਗੁਰਬਾਣੀ ਦਾ ਸਾਹਿਤਕ ਮੁੱਲ ਇਸ ਦੇ ਧਾਰਮਿਕ ਮੁੱਲ ਦੇ ਮੁਕਾਬਲੇ ਗੌਣ ਹੈ ਪਰੰਤੂ ਸਾਹਿਤ ਦੇ ਚਿੰਤਕਾਂ ਲਈ ਇਸ ਦੀ ਸਾਹਿਤਕ ਮੁਲਵਾਨਤਾ ਵਿਲੱਖਣ ਤੇ ਵਿਸ਼ੇਸ਼ ਹੈ। ਗੁਰੂ ਸਾਹਿਬਾਨਾਂ ਦਾ ਮੂਲ ਮਨੋਰਥ ਇਸ ਲੌਕਿਕ ਜਗਤ ਦੀ ਅਸੀਮਤਾ ਅਤੇ ਨਿਰਲੇਪਤਾ ਨੂੰ ਦ੍ਰਿੜ ਕਰਨਾ ਹੈ। ਇਸ ਦੇ ਨਾਲ ਹੀ ਉਹ ਮਨੁੱਖੀ ਜੀਵਨ ਅਤੇ ਪਦਾਰਥਕ ਹੋਂਦਾਂ ਦੀ ਅਸਥਿਰਤਾ ਤੇ ਨਾਸ਼ਵਾਨਤਾ ਦੇ ਮੁਕਾਬਲੇ ਵਿਚ ਪਰਾਲੌਕਿਕ ਜੀਵਨ ਅਤੇ ਪਰਮਾਰਥਕ ਹੋਂਦਾਂ ਦੀ ਸਦੀਵਤਾ ਵਿਚ ਨਿਸ਼ਠਾ ਵੀ ਕਾਇਮ ਕਰਦੇ ਹਨ। ਇਸ ਤੋਂ ਇਹ ਸਪਸ਼ਟ ਹੈ ਕਿ ਗੁਰਬਾਣੀ ਇਕ ਉਦਾਤ ਪ੍ਰਯੋਜਨ ਵਾਲੀ ਕਿਰਤ ਹੈ। ਇਸ ਦਾ ਪ੍ਰਯੋਜਨ ਮਨੁੱਖ

ਨੂੰ ਅਧਿਆਤਮਕ ਤੌਰ ਤੇ ਜਾਗ੍ਰਿਤ ਕਰਕੇ ਆਪਣੇ ਅਸਲੇ ਨਾਲ ਜੋੜਨਾ ਹੈ ਜਿਸ ਨਾਲ ਉਸ ਨੂੰ ਆਤਮਿਕ ਸ਼ਾਂਤੀ ਮਿਲ ਸਕੇ। ਗੁਰਬਾਣੀ ਦੇ ਸੰਕਲਨ ਆਦਿ ਗ੍ਰੰਥ ਵਿਚ ਬਾਈ ਵਾਰਾਂ ਸੰਮਿਲਿਤ ਹਨ। ਵਾਰ ਇਕ ਲੋਕ ਕਾਵਿ ਰੂਪ ਹੈ ਅਤੇ ਗੁਰੂ ਸਾਹਿਬਾਨਾਂ ਦੇ ਵੇਲੇ ਕਈ ਲੋਕ ਵਾਰਾਂ ਪ੍ਰਚਲਿਤ ਸਨ ਜਿਸ ਦਾ ਪ੍ਰਮਾਣ ਇਸ ਗੱਲ ਤੋਂ ਮਿਲਦਾ ਹੈ ਕਿ ਆਦਿ ਗ੍ਰੰਥ ਵਿਚ ਦਰਜ ਵਾਰਾਂ ਵਿਚੋਂ ਨੌ ਵਾਰਾਂ ਦੇ ਉੱਪਰ ਅੰਕਿਤ ਧੁਨੀ ਸੰਕੇਤਾਂ ਵਿਚ ਇਨ੍ਹਾਂ ਨੂੰ ਪ੍ਰਚਲਿਤ ਵਿਸ਼ੇਸ਼ ਲੋਕ ਵਾਰਾਂ ਦੀ ਧੁਨੀਆਂ ਉੱਪਰ ਗਾਉਣ ਦਾ ਆਦੇਸ਼ ਦਿੱਤਾ ਗਿਆ ਹੈ। ਗੁਰੂ ਸਾਹਿਬਾਨਾਂ ਨੇ ਇਸ ਲੋਕ ਕਾਵਿ ਰੂਪ ਨੂੰ ਅਧਿਆਤਮਕ ਵਿਚਾਰਾਂ ਦੀ ਅਭਿਵਿਅਕਤੀ ਲਈ ਅਪਨਾਇਆਂ ਅਤੇ ਇਸ ਨੂੰ ਅਧਿਆਤਮਕ ਬੁਣਤੀ ਪ੍ਰਦਾਨ ਕਰਨ ਲਈ ਇਸ ਦੀ ਬਣਤਰ ਵਿਚ ਤਬਦੀਲੀਆਂ ਵੀ ਕੀਤੀਆਂ ਹਨ। ਉਦਾਹਰਣ ਵਜੋਂ ਉਨ੍ਹਾਂ ਨੇ ਵਾਰਾਂ ਵਿਚ ਪਾਉੜੀਆਂ ਦੇ ਨਾਲ ਸਲੋਕ ਜੋੜੇ ਹਨ ਜਿਸ ਕਰਕੇ ਲੋਕ ਵਾਰਾਂ ਨਾਲੋਂ ਉਨ੍ਹਾਂ ਦੀ ਵੱਖਰਤਾ ਹੈ। ਪਾਉੜੀਆਂ ਦੇ ਛੰਦਾਂ ਵਿਚ ਵੀ ਵੰਨ ਸੁਵੰਨਤਾ ਹੈ। ਇਸ ਤੋਂ ਇਲਾਵਾ ਜਿਥੇ ਲੋਕ ਵਾਰਾਂ ਆਪਣੀ ਪ੍ਰਕਿਰਤੀ ਵਜੋਂ ਬਿਰਤਾਂਤਕ ਹਨ ਉਥੇ ਗੁਰੂ ਸਾਹਿਬਾਨਾਂ ਦੁਆਰਾ ਰਚਿਤ ਵਾਰਾਂ ਵਿਚਾਰ ਪ੍ਰਧਾਨ ਅਤੇ ਵਰਨਾਤਮਕ ਪ੍ਰਕਿਰਤੀ ਵਾਲੀਆਂ ਹਨ। ਅਸਲ ਵਿਚ ਗੁਰੂ ਕਵੀਆਂ ਨੇ ਲੋਕ ਵਾਰਾਂ ਦੇ ਅਧਾਰ ਭੂਤ ਪੈਟਰਨ ਨੂੰ ਸਾਹਮਣੇ ਰੱਖ ਕੇ ਅਧਿਆਤਮਕ ਵਾਰਾਂ ਦੇ ਰੂਪ ਵਿਚ ਇਕ ਨਵਾਂ ਪੈਟਰਨ ਸਿਰਜਿਆ, ਜਿਸ ਵਿਚ ਨਾਇਕ ਤੇ ਖਲਨਾਇਕ, ਪ੍ਰਤੀ ਨਾਇਕ, ਲੜਾਈ, ਵਿਰੋਧ ਤੇ ਟੱਕਰ ਆਦਿ ਸੰਕਲਪਾਂ ਦੇ ਅਰਥ ਹੀ ਬਦਲ ਕੇ ਰੱਖ ਦਿੱਤੇ ਗਏ ਹਨ। ਇਸ ਪ੍ਰਕਾਰ ਬਣਤਰ ਦੇ ਨਾਲ ਨਾਲ ਇਨ੍ਹਾਂ ਵਾਰਾਂ ਦੀ ਬੁਣਤੀ ਵੀ ਲੋਕ ਵਾਰਾਂ ਨਾਲੋਂ ਵੱਖਰੀ ਤੇ ਵਿਲੱਖਣ ਹੈ।

ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਸਿਰਜਿਤ ਪ੍ਰਵਚਨ ਨੂੰ ਮੱਧਕਾਲੀਨ ਭਾਰਤ ਦੇ ਸਮਾਜਿਕ, ਇਤਿਹਾਸਕ ਅਤੇ ਸਭਿਆਚਾਰਕ ਸੰਦਰਭ ਵਿਚ ਰੱਖ ਕੇ ਵਾਚਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਇਹ ਇਕ ਅਜਿਹੀ ਕ੍ਰਾਂਤੀਕਾਰੀ ਟੈਕਸਟ ਹੈ, ਜਿਸ ਨੇ ਆਪਣੇ ਵੇਲੇ ਦੇ ਮਨੁੱਖ ਨੂੰ ਹਰ ਕਿਸਮ ਦੇ ਦਮਨ ਅਤੇ ਸ਼ੋਸ਼ਣ ਦੇ ਖ਼ਿਲਾਫ਼ ਜੂਝਣ ਲਈ ਪ੍ਰੇਰਿਤ ਕੀਤਾ ਹੈ। ਇਸ ਵਿਚ ਪੇਸ਼ ਹੋਈ ਵਿਚਾਰਧਾਰਾ, ਜੇ ਇਕ ਪਾਸੇ ਸਥਾਪਿਤ ਵਿਵਸਥਾ ਦੇ ਦਮਨਕਾਰੀ ਤੰਤਰ ਦਾ ਵਿਰੋਧ ਕਰਦੀ ਹੈ ਤਾਂ ਦੂਸਰੇ ਪਾਸੇ

ਭਾਰਤੀ ਸਮਾਜ ਵਿਚ ਪ੍ਰਚਲਿਤ ਬੇਲੋੜੀਆਂ ਰਸਮਾਂ, ਕਰਮ-ਕਾਂਡੀ ਅਡੰਬਰ ਅਤੇ ਜਾਤੀ-ਪ੍ਰਥਾ ਦੇ ਮਾਨਵ ਦੋਖੀ ਕਿਰਦਾਰ ਨੂੰ ਵੀ ਉਘਾੜਦੀ ਹੈ। ਇਸ ਤਰ੍ਹਾਂ ਇਹ ਗ੍ਰੰਥ ਮੱਧਕਾਲੀਨ ਭਾਰਤ ਵਿਚ ਉਸ ਨਵ-ਜਾਗ੍ਰਿਤੀ ਦੀ ਲਹਿਰ ਦੀ ਪ੍ਰਤਿਨਿਧਤਾ ਕਰਦਾ ਹੈ, ਜੋ ਭਿੰਨ-ਭਿੰਨ ਧਰਮਾਂ ਅਤੇ ਸੰਪ੍ਰਦਾਵਾਂ ਵਿਚਕਾਰ, ਸਮਨਵੈ ਅਤੇ ਸੁਮੇਲ ਸਥਾਪਿਤ ਕਰਨ ਵੱਲ ਰੁਚਿਤ ਹੁੰਦੀ ਹੈ।

ਸਭ ਤੋਂ ਪਹਿਲਾਂ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਤੇ ਸੰਪਾਦਨਾ ਵੱਲ ਨਜ਼ਰ ਮਾਰਦੇ ਹਾਂ। ਇਸ ਗ੍ਰੰਥ ਦੀ ਸੰਕਲਪਨਾ ਦੇ ਪਿਛੋਕੜ ਵਿਚ ਇਕ ਡੂੰਘੀ ਸਿਧਾਂਤਕ ਚੇਤਨਾ ਅਤੇ ਵਿਚਾਰਧਾਰਾਈ ਪ੍ਰਤਿਬੱਧਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰੂ ਅਰਜਨ ਦੇਵ ਨੇ ਮਨੁੱਖੀ ਭਾਈਚਾਰੇ ਦੀ ਰੂਹਾਨੀ ਤੇ ਨੈਤਿਕ ਅਗਵਾਈ ਲਈ ਲਿਖਤੀ ਪਾਠ ਦੇ ਮਹੱਤਵ ਨੂੰ ਪਛਾਣਦਿਆਂ ਇਕ ਵੱਡ-ਅਕਾਰੀ ਪਾਠ-ਸੰਗ੍ਰਹਿ ਤਿਆਰ ਕਰਨ ਦਾ ਉਪਰਾਲਾ ਕੀਤਾ ਹੈ। ਇਸ ਮੰਤਵ ਦੀ ਪੂਰਤੀ ਲਈ ਉਨ੍ਹਾਂ ਨੇ ਇਸ ਪਾਵਨ ਗ੍ਰੰਥ ਵਿਚ ਆਪਣੀ ਬਾਣੀ ਅਤੇ ਆਪਣੇ ਪੂਰਬ-ਵਰਤੀ ਗੁਰੂ ਵਿਅਕਤੀਆਂ ਦੀ ਬਾਣੀ ਦੇ ਨਾਲ-ਨਾਲ ਮੱਧਕਾਲੀਨ ਭਾਰਤ ਦੇ ਪ੍ਰਮੁੱਖ ਸੰਤਾਂ, ਭਗਤਾਂ ਅਤੇ ਸੂਫ਼ੀਆਂ ਦੀ ਬਾਣੀ ਨੂੰ ਵੀ ਸ਼ਾਮਿਲ ਕਰ ਲਿਆ, ਜਿਸ ਵਿਚ ਵਿਸ਼ਵ-ਦ੍ਰਿਸ਼ਟੀ ਅਤੇ ਜੀਵਨ-ਜਾਚ ਦੀ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਸ ਵਿਚ ਧਰਮ, ਕੌਮ, ਜ਼ਾਤ-ਬਰਾਦਰੀ, ਫਿਰਕੇ, ਭਾਸ਼ਾ ਜਾਂ ਖਿੱਤੇ ਦੇ ਆਧਾਰ ਉਤੇ ਕੋਈ ਵਿਤਕਰਾ ਨਹੀਂ ਕੀਤਾ ਗਿਆ, ਸਗੋਂ ਉਦਾਰ ਭਾਵਨਾ ਨਾਲ ਸਭ ਨੂੰ ਬਰਾਬਰ ਮੰਨਿਆ ਗਿਆ ਹੈ। ਇਸ ਤਰ੍ਹਾਂ ਇਹ ਮਹਾਂ-ਗ੍ਰੰਥ ਮੱਧਕਾਲੀਨ ਭਾਰਤ ਦੇ ਕ੍ਰਾਂਤੀਕਾਰੀ ਸ਼ਬਦ-ਸਭਿਆਚਾਰ ਦੀ ਪ੍ਰਤਿਨਿਧਤਾ ਕਰਨ ਵਾਲਾ ਅਤੇ ਸਮੁੱਚੀ ਮਾਨਵ ਜਾਤੀ ਨੂੰ ਸਾਂਝੀਵਾਲਤਾ ਦੇ ਸੂਤਰ ਵਿਚ ਪ੍ਰੋਣ ਵਾਲਾ ਗ੍ਰੰਥ ਹੋ ਨਿਬੜਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਭਾਸ਼ਾ, ਸ਼ਬਦ, ਪ੍ਰਤੀਕ ਵਿਧਾਨ ਅਤੇ ਬਿੰਬਾਵਲੀ ਆਦਿ ਅਜਿਹੀਆ ਸਾਹਿਤਕ ਵਿਧੀਆਂ ਹਨ ਜੋ ਸੰਕਲਪਾਂ ਤੋਂ ਅੱਗੇ ਜਾ ਕੇ ਅੰਤਰੀਵ ਨੂੰ ਛੋਂਹਦੀਆਂ ਅਤੇ ਬਦਲਦੀਆਂ ਹਨ। ਗੁਰੂ ਵਾਰ-ਕਾਵਿ ਰੂਪਾਕਾਰ ਦਾ ਚਰਿੱਤਰ ਏਨਾ ਬਹੁ-ਪਾਸਾਰੀ ਹੈ ਕਿ ਅਰਸ਼ ਅਤੇ ਫ਼ਰਸ਼ ਦੋਵੇਂ ਆਪਣੇ ਸਰੋਕਾਰਾਂ ਸਮੇਤ ਪ੍ਰਗਟ ਹੋਏ ਹਨ।ਇਹੀ

ਕਾਰਣ ਹੈ ਕਿ ਇਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦਾ ਅਧਿਐਨ ਕਰਦਿਆਂ ਜਿਥੇ ਬਾਣੀ ਦਾ ਗਗਨੀ ਪਾਸਾਰ ਵਿਚਾਰਿਆ ਜਾਣਾ ਹੈ, ਉਥੇ ਨਾਲ ਹੀ ਧਰਤੀ ਨਾਲ ਜੁੜੇ ਮਸਲੇ ਅਤੇ ਸਮਾਜਿਕ ਪ੍ਰਤਿਮਾਨਾਂ ਨੂੰ ਵੀ ਕੇਂਦਰ ਵਿਚ ਰੱਖ ਕੇ ਵਿਚਾਰਨਾ ਜ਼ਿਆਦਾ ਮੁਨਾਸਬ ਹੋਵੇਗਾ।

ਵਾਰਾਂ ਦੀ ਸੰਰਚਨਾ ਵਿਚ ਪਉੜੀਆਂ ਅਤੇ ਸਲੋਕ ਇਸੇ ਵਿਚਾਰ ਦੀ ਪੁਸ਼ਟੀ ਕਰਦੇ ਹਨ। ਪਉੜੀਆਂ ਦੇ ਚਰਿੱਤਰ ਤੋਂ ਇਲਾਵਾ ਸਲੋਕਾਂ ਵਿਚ ਵਧੇਰੇ ਕਰਕੇ ਧਰਤੀ ਨਾਲ ਜੁੜੇ ਮਸਲੇ ਸਾਕਾਰ ਹੋਏ ਹਨ। ਇਕ ਧਰਾਤਲ ਅਧਿਆਤਮੀ ਮੰਡਲ ਦੀ ਹੈ ਅਤੇ ਦੂਜੀ ਧਰਾਤਲ ਸਮਾਜਕ ਪ੍ਰਤਿਮਾਨਾਂ ਨਾਲ ਜੁੜੀ ਹੋਈ ਹੈ। ਇਹ ਇਸ ਕਰਕੇ ਹੋਇਆ ਹੈ ਕਿਉਂਕਿ ਬਾਣੀਕਾਰ ਪਾਰਲੌਕਿਕ ਅਤੇ ਲੌਕਿਕ ਸਰੋਕਾਰਾਂ ਨੂੰ ਇਕ ਦੂਜੇ ਦੀ ਪਿੱਠਭੂਮੀ ਵਿਚ ਉਸਾਰਦੇ ਹਨ। ਬਾਣੀਕਾਰਾਂ ਦਾ ਤਾਂ ਝਰੋਖਾ ਹੀ ਅਜਿਹਾ ਹੈ ਕਿ ਉਸ ਵਿਚੋਂ ਬ੍ਰਹਮ ਅਤੇ ਧਰਤ ਦੋਵੇਂ ਝਲਕਾਰੇ ਮਾਰਦੇ ਹਨ। ਇਕ ਦੂਜੇ ਨੂੰ ਅਰਥ ਦੇਣ ਵਾਲਾ ਇਹ ਬਾਣੀ ਚਿੰਤਨ ਅਧਿਆਤਮਕ ਵਾਰਾਂ ਵਿਚੋਂ ਬੜੀ ਦੀਰਘ ਦ੍ਰਿਸ਼ਟੀ ਰਾਹੀਂ ਪ੍ਰਗਟ ਹੋਇਆ ਹੈ। ਅਧਿਆਤਮਕ ਵਾਰਾਂ ਵਿਚ ਪਉੜੀਆਂ ਦਾ ਕਰਤਾਰੀ ਬਿੰਬ ਬੜਾ ਉਘੜਵਾਂ ਹੈ ਅਤੇ ਇਸ ਕਰਤਾਰੀ ਬਿੰਬ ਦੇ ਆਰ ਪਾਰ ਜ਼ਿੰਦਗੀ ਦੀ ਲੀਲ੍ਹਾ ਉਸਰੀ ਹੋਈ ਹੈ। ਪ੍ਰਮਾਣ ਵਜੋਂ 'ਆਸਾ ਦੀ ਵਾਰ' ਵਿਚ ਪਉੜੀਆਂ ਦੇ ਨਾਲ ਜੋ ਸਲੋਕ ਦਿੱਤੇ ਗਏ ਹਨ, ਉਨ੍ਹਾਂ ਵਿਚ ਸਾਹਿਤਕਤਾ ਨਾਲ ਸਮਾਜਕ ਚਿੰਤਨ ਵੀ ਬੜਾ ਸਪੱਸ਼ਟ ਹੈ। ਅਧਿਆਤਮਕ ਵਾਰਾਂ ਦੇ ਸੰਬੰਧ ਵਿਚ ਇਹ ਗੱਲ ਕਹਿਣੀ ਉਚਿਤ ਹੈ ਕਿ ਭਾਵੇਂ ਇਨ੍ਹਾਂ ਵਾਰਾਂ ਦਾ ਮੂਲ ਰੂਪ ਅਧਿਆਤਮੀ ਹੀ ਸੀ ਪਰੰਤੂ ਜਦੋਂ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਵਾਰਾਂ ਵਿਚ ਪਉੜੀਆਂ ਦੇ ਨਾਲ ਨਾਲ ਗੁਰੂ ਸਾਹਿਬਾਨ ਦੇ ਸਲੋਕ ਸ਼ਾਮਲ ਕਰ ਦਿੱਤੇ ਤਾਂ ਇਨ੍ਹਾਂ ਵਾਰਾਂ ਦਾ ਪ੍ਰਭਾਵ ਅਨੇਕ ਪਰਤੀ ਹੋ ਗਿਆ। ਹੁਣ ਜਦੋਂ ਇਨ੍ਹਾਂ ਵਾਰਾਂ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਉਦੋਂ ਇਨ੍ਹਾਂ ਦਾ ਸੰਯੁਕਤ ਰੂਪ ਭਾਵ ਪਉੜੀਆਂ ਅਤੇ ਸਲੋਕਾਂ ਦੋਹਾਂ ਨੂੰ ਆਧਾਰ ਬਣਾ ਕੇ ਕੀਤਾ ਜਾਂਦਾ ਹੈ। ਸੋ ਸਪੱਸ਼ਟ ਹੈ ਕਿ ਅਧਿਆਤਮਕ ਵਾਰਾਂ ਦੀ ਰਚਨਾ ਸੰਰਚਨਾ ਪਉੜੀਆਂ ਅਤੇ ਸਲੋਕਾਂ ਦੇ ਰੂਪ ਵਿਚ ਹੈ। ਅਧਿਆਤਮਕ ਵਾਰਾਂ ਦਾ ਇਹ ਵਚਿੱਤਰ ਬਾਣੀ ਸੰਸਾਰ, ਉਸ ਧਰਮ ਦੀ ਪੁਸ਼ਟੀ ਕਰਦਾ ਹੈ ਜੋ ਪਾਰਲੌਕਿਕਤਾ ਅਤੇ ਲੌਕਿਕਤਾ ਉਪਰ ਉਸਰਿਆ ਹੋਇਆ ਹੈ।

ਇਹੀ ਕਾਰਨ ਹੈ ਕਿ ਬਾਣੀਕਾਰਾਂ ਦੀ ਸਮਕਾਲੀ ਪ੍ਰਸੰਗਿਕਤਾ ਹਰ ਕਾਲ ਵਿਚ ਬਣੀ ਰਹੀ ਹੈ। ਜੋ ਚਿੰਤਨ ਮਨੁੱਖੀ ਜੀਵਨ ਦੇ ਮਸਲਿਆਂ ਉਪਰ ਕੇਂਦਰਿਤ ਨਹੀਂ, ਉਹ ਚਿੰਤਨ ਆਪਣੇ ਸ਼ੁੱਧ ਅਧਿਆਤਮੀ ਮੰਡਲ ਨੂੰ ਮਾਨਵੀ ਜਗਤ ਨਾਲ ਨਹੀਂ ਜੋੜ ਸਕਦਾ। ਬਾਣੀਕਾਰ ਇਸੇ ਆਧਾਰ ਕਾਰਨ ਹਰ ਕਾਲ ਵਿਚ ਮਨੁੱਖ ਲਈ ਪ੍ਰੇਰਣਾ ਦਾ ਸੋਮਾ ਬਣੇ ਹਨ। ਉਨ੍ਹਾਂ ਨੇ ਵਾਰ ਕਾਵਿ ਰੂਪ ਦੀ ਚੋਣ ਵੀ ਬੜੇ ਸੁਚੇਤ ਰੂਪ ਵਿਚ ਕੀਤੀ ਹੈ ਇਹ ਕਾਵਿ ਰੂਪ ਪੰਜਾਬੀਆਂ ਦੇ ਉਸ ਚਰਿੱਤਰ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਸੂਰਮਗਤੀ ਅਤੇ ਭਗਤੀ ਦੋਵੇਂ ਇਕ ਦੂਜੇ ਦੇ ਸਮਵਿੱਥ ਚੱਲਦੇ ਹਨ। ਭਗਤੀ ਅਤੇ ਭਗੌਤੀ ਪੰਜਾਬੀਆਂ ਦੇ ਚਰਿੱਤਰ ਦਾ ਸੱਚ ਹੈ ਅਤੇ ਇਸ ਚਰਿੱਤਰ ਦੀ ਰਚਨਾਤਮਕ ਪ੍ਰਦਰਸ਼ਨੀ ਵਾਰ ਕਾਵਿ ਰੂਪ ਰਾਹੀਂ ਹੀ ਹੋ ਸਕਦੀ ਹੈ।

ਇਹ ਤੱਥ ਤਾਂ ਸਪਸ਼ਟ ਹੀ ਹੈ ਕਿ ਪੰਜਾਬ ਦੀ ਧਰਤੀ ਸੀਮਾਵਰਤੀ ਪ੍ਰਾਂਤ ਹੈ। ਸੀਮਾਵਰਤੀ ਪ੍ਰਾਂਤ ਹੋਣ ਕਰਕੇ ਹੀ ਇਥੋਂ ਦੇ ਵਾਸੀਆਂ ਦੀ ਜੀਵਨ-ਸ਼ੈਲੀ ਸੰਘਰਸ਼ ਨਾਲ ਜੁੜੀ ਹੋਈ ਹੈ। 'ਪੰਜਾਬ ਦੇ ਜੰਮਿਆਂ ਨੂੰ ਨਿੱਤ-ਮੁਹਿੰਮਾਂ' ਇਸੇ ਸੰਘਰਸ਼ ਵਿਚੋਂ ਪੈਦਾ ਹੋਇਆ ਕਥਨ ਹੈ। ਸੰਘਰਸ਼ਸ਼ੀਲ ਰਹਿਣ ਵਾਲੀਆਂ ਕੌਮਾਂ ਦੀ ਜ਼ਿੰਦਗੀ ਦੀ ਪਛਾਣ ਬੀਰ ਤੱਤਾਂ ਰਾਹੀਂ ਹੀ ਹੁੰਦੀ ਹੈ। ਪੰਜਾਬ ਦਾ ਨਾਇਕ ਜਾਂ ਤਾਂ ਸੂਰਮਾ ਹੈ ਜਾਂ ਭਗਤ ਹੈ। ਮਹਾਂਕਵੀ ਤੁਲਸੀਦਾਸ ਦਾ ਮਹਾਂਵਾਕ ਹੈ ਕਿ "ਜਨਨੀ ਜਨੇ ਤਾਂ ਭਗਤ ਜਨਿ ਕੈ ਦਾਤਾ ਕੈ ਸੂਰ, ਨਹੀਂ ਤਾਂ ਜਨਣੀ ਬਾਝ ਰਹੇ, ਕਾਹੇ ਗਵਾਇ ਨੂਰ।"[1] ਇਸ ਬਾਣੀਕਾਰ ਦੇ ਇਸ ਸਲੋਕ ਵਿਚੋਂ ਹੀ ਉਹ ਧਰਾਤਲ ਸਪਸ਼ਟ ਹੋ ਜਾਂਦੀ ਹੈ, ਜਿਸ ਵਿਚੋਂ ਵਾਰ ਕਾਵਿ ਰੂਪਾਕਾਰ ਪੈਦਾ ਹੋਇਆ ਹੈ। ਬੀਰ ਰਸੀ ਵਾਰਾਂ ਅਸਲ ਵਿਚ ਪੰਜਾਬੀਆਂ ਦੇ ਜੁਝਾਰੂ ਚਰਿੱਤਰ ਨੂੰ ਪ੍ਰਗਟਾਉਣ ਲਈ ਲਿਖੀਆਂ ਗਈਆਂ ਸਨ। ਅਧਿਆਤਮਕ ਵਾਰਾਂ ਦਾ ਅਸਲ ਸੋਮਾ ਇਹੀ ਬੀਰ ਰਸੀ ਵਾਰਾਂ ਹਨ ਜੋ ਪੰਜਾਬ ਦੇ ਸੂਰਮਗਤੀ ਦੇ ਚਰਿੱਤਰ ਨੂੰ ਸਾਕਾਰ ਕਰਦੀਆਂ ਹਨ। ਬੁਨਿਆਦੀ ਅੰਤਰ ਭਗਤੀ ਅਤੇ ਭਗੌਤੀ ਵਿਚਕਾਰ ਹੈ। ਬੀਰ ਰਸੀ ਵਾਰਾਂ ਵਿਚ ਸੰਘਰਸ਼ ਅਤੇ ਟੱਕਰ ਮੈਦਾਨੇ-ਜੰਗ ਹੈ ਜਦ ਕਿ ਅਧਿਆਤਮਕ ਵਾਰਾਂ ਵਿਚ ਟੱਕਰ ਸੰਸਾਰ ਅਤੇ ਭਗਤੀ ਵਿਚਕਾਰ ਹੈ। ਇਹ ਟੱਕਰ ਅੰਤਰਮੁਖੀ ਹੈ ਜਦ ਕਿ ਬੀਰ ਰਸੀ ਵਾਰਾਂ ਵਿਚ ਟੱਕਰ ਬਾਹਰਮੁਖੀ ਹੈ। ਸਾਂਝਾ ਤੱਤ ਤਨਾਓ, ਟਕਰਾਓ ਅਤੇ ਸੰਘਰਸ਼

ਹੈ। ਅਧਿਆਤਮਕ ਵਾਰਾਂ ਵਿਚ ਟੱਕਰ ਗੁਰਮੁਖਤਾ ਅਤੇ ਮਨਮੁਖਤਾ ਵਿਚਕਾਰ ਹੈ, ਗਿਆਨ ਅਤੇ ਅਗਿਆਨ ਵਿਚਕਾਰ ਹੈ, ਸੱਚ ਅਤੇ ਕੂੜ ਵਿਚਕਾਰ ਹੈ। ਧਿਆਨ ਨਾਲ ਵਿਚਾਰੀਏ ਤਾਂ ਇਹ ਟੱਕਰ ਮਨੁੱਖ ਦੇ ਅੰਦਰ ਨਿਰੰਤਰ ਚੱਲ ਰਹੀ ਹੈ। ਅਧਿਆਤਮਕ ਵਾਰਾਂ ਦਾ ਨਾਇਕ ਬ੍ਰਹਮ ਹੈ। ਬ੍ਰਹਮ ਹੀ ਉਹ ਧਿਰ/ਨਾਇਕ ਹੈ ਜੋ ਅਧਿਆਤਮਕ ਵਾਰ ਦਾ ਪ੍ਰਾਣ ਤੱਤ ਹੈ। ਅਧਿਆਤਮਕ ਵਾਰਾਂ ਦਾ ਹੀ ਨਹੀਂ ਬਲਕਿ ਬ੍ਰਹਮ ਤਾਂ ਸਾਰੀ ਬਾਣੀ ਦਾ ਕੇਂਦਰ ਬਿੰਦੂ ਹੈ। ਸਾਰੀ ਵਿਚਾਰਧਾਰਾ ਇਸੇ ਨਾਇਕ ਦੇ ਆਲੇ-ਦੁਆਲੇ ਫੈਲੀ ਹੋਈ ਹੈ। ਅਧਿਆਤਮਕ ਵਾਰਾਂ ਵਿਚ ਇਸ ਨਾਇਕ ਦੀ ਵਡਿਆਈ ਹੀ ਵਾਰ ਨੂੰ ਗਹਿਰਾਈ ਦੇਂਦੀ ਹੈ। ਉਹੀ ਧਿਰ ਜਿੱਤਦੀ ਹੈ ਜੋ ਇਸ ਨਾਇਕ ਨਾਲ ਜੁੜਦੀ ਹੈ। ਇਸੇ ਕਰਕੇ ਇਹ ਕਿਹਾ ਗਿਆ ਹੈ ਕਿ ਗੁਰਮੁਖਤਾ ਅਤੇ ਮਨਮੁਖਤਾ ਦੀ ਟੱਕਰ ਵਿਚ ਉਹੀ ਧਿਰ ਵਿਜੱਈ ਹੈ ਜੋ ਇਸ ਨਾਇਕ ਨਾਲ ਜੁੜਦੀ ਹੈ। ਵਾਰਾਂ ਵਿਚ ਵਡਿਆਈ ਉਸ ਬ੍ਰਹਮ ਦੀ ਹੈ ਜੋ ਸੱਚ ਦਾ ਪ੍ਰਤੀਕ ਹੈ, ਜੋ ਅਜੂਨੀ ਹੈ, ਅਕਾਲ ਹੈ, ਅਤੇ ਸੈਭੰ ਹੈ, ਨਿਰਭਉ ਹੈ ਅਤੇ ਨਿਰਵੈਰ ਹੈ। ਅਧਿਆਤਮਕ ਵਾਰ ਦਾ ਕੇਂਦਰੀ ਪ੍ਰਯੋਜਨ ਹੀ ਇਸ ਨਾਇਕ ਦੀ ਵਡਿਆਈ ਅਤੇ ਸ਼ਕਤੀਆਂ ਦਾ ਪ੍ਰਗਟਾਵਾ ਕਰਨਾ ਹੈ। ਇਹੀ ਉਹ ਪ੍ਰਤਿਮਾਨ ਹੈ ਜਿਸ ਨਾਲ ਜੁੜ ਕੇ ਕੂੜ ਦੀ ਪਾਲ ਨੇ ਟੁੱਟਣਾ ਹੈ। ਅੰਦਰੋਂ ਬਾਹਰੋਂ ਦੂਈ ਦਵੈਤਾਂ ਦਾ ਨਾਸ਼ ਕਰਨਾ ਹੈ। ਬਾਣੀ ਦੀ ਵਿਚਾਰਧਾਰਾ ਦਾ ਮੂਲ ਪੈਰਾਡਾਇਮ ਵੀ ਇਸੇ ਰਾਹੀਂ ਪ੍ਰਗਟ ਹੋਇਆ ਹੈ। ਬਾਣੀਕਾਰ ਬੜੇ ਸੁਚੇਤ ਸਿਰਜਿਕ ਸਨ। ਉਨ੍ਹਾਂ ਨੂੰ ਪੰਜਾਬ ਦੀ ਮਿੱਟੀ ਦੀ ਖ਼ੁਬਬੂ ਬਾਰੇ ਚਾਨਣ ਸੀ। ਉਨ੍ਹਾਂ ਨੇ ਇੱਕੋ ਵੇਲੇ ਪੰਜਾਬੀਆਂ ਨੂੰ ਭਗਤੀ ਅਤੇ ਭਗੌਤੀ ਨਾਲ ਜੋੜਿਆ। ਅਸਲ ਵਿਚ ਭਗਤੀ ਅਤੇ ਭਗੌਤੀ ਦੋਵੇਂ ਇਕ ਦੂਜੇ ਦਾ ਪੂਰਕ ਹਨ। ਗੁਰੂ ਨਾਨਕ ਵਰਗਾ ਮਹਾਨ ਸੰਤ ਗੁਰੂ ਜੇਕਰ ਬਾਬਰ ਨੂੰ ਚੁਣੌਤੀ ਦੇਂਦਾ ਹੈ ਤਾਂ ਇਸੇ ਵਿਚਾਰ ਦੀ ਪੁਸ਼ਟੀ ਹੁੰਦੀ ਹੈ ਕਿ ਭਗਤ ਬੁਨਿਆਦੀ ਰੂਪ ਵਿਚ ਸੂਰਮਾ ਹੀ ਹੁੰਦਾ ਹੈ। "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥"[2] ਵਿਚ ਇਸੇ ਸੂਰਮਗਤੀ ਦੀ ਗੱਲ ਕੀਤੀ ਹੈ। ਗੁਰੂ ਗੋਬਿੰਦ ਸਿੰਘ ਇਸੇ ਭਗਤੀ ਅਤੇ ਭਗੌਤੀ ਦਾ ਜੀਵੰਤ ਰੂਪ ਹੈ। ਮੂਲ ਭਾਵ ਇਹ ਹੈ ਕਿ ਬੀਰ ਰਸੀ ਵਾਰਾਂ ਪੰਜਾਬ ਦੀ ਧਰਤੀ ਦਾ ਸੱਚ ਹੈ।

ਦਰਅਸਲ ਸ੍ਰੀ ਗੁਰੂ ਗ੍ਰੰਥ ਦੀਆਂ ਵਾਰਾਂ ਦੀ ਨਿਰਦੇਸ਼ਕ ਸ਼ਕਤੀ ਹੀ ਇਹ ਹੈ ਕਿ ਇਸ ਵਿਚੋਂ ਇਕ ਨਵੇਂ ਮਨੁੱਖ ਦੀ ਸਿਰਜਣਾ ਹੁੰਦੀ ਹੈ ਜੋ ਅੰਦਰੋਂ ਰੱਬੀ ਨੂਰ ਤਲਾਸ਼ਦਾ ਹੈ ਅਤੇ ਇਸ ਤਲਾਸ਼ ਦੀ ਪ੍ਰਾਪਤੀ ਵਿਚ ਧਰਤੀ ਨੂੰ ਧਰਮਸਾਲ ਬਣਾਉਂਦਾ ਹੈ। ਇਹ ਵਾਰ ਇਕੋ ਵੇਲੇ ਦੂਹਰਾ ਕਾਰਜ ਕਰਦੀ ਹੈ, ਬ੍ਰਹਿਮੰਡੀ ਧਿਰ ਤੋਂ ਪ੍ਰੇਰਣਾ ਲੈ ਕੇ ਲੌਕਿਕ ਜੀਵਨ ਵਿਚ ਮੁਕਤੀ ਦਾ ਮਾਰਗ ਉਲੀਕਦਾ ਹੈ। ਪ੍ਰਮਾਣ ਵਜੋਂ 'ਵਾਰ ਸਾਰੰਗ' ਵਿਚਲਾ ਇਹ ਮਹਾਂਵਾਕ ਦੇਖੋ:

ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ॥
ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ॥
ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ॥
ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ॥[3]

ਇਨ੍ਹਾਂ ਸਤਰਾਂ ਵਿਚ ਬ੍ਰਹਿਮੰਡ ਅਤੇ ਧਰਤ ਦੋਵੇਂ ਇਕ ਦੂਜੇ ਨਾਲ ਜੋੜ ਦਿੱਤੇ ਹਨ। ਇਸ ਵਿਚਾਰ ਵਿਚ ਕੇਂਦਰੀ ਧਿਰ ਕਰਤਾ ਹੈ ਜੋ ਸਭ ਕਰਮ ਲਿਖਦਾ ਹੈ। ਜੋ ਇਸ ਕਰਤੇ ਤੋਂ ਬੇਮੁਖ ਹੋ ਕੇ ਕੂੜ ਕਪਟ ਕਮਾਂਵਦਾ ਹੈ,ਉਹ ਬਾਰ ਬਾਰ ਜੂਨਾਂ ਵਿਚ ਆਉਂਦਾ ਹੈ, ਇਥੇ ਟਕਰਾਓ ਕਪਟ ਅਤੇ ਕਰਤੇ ਦੇ ਕਰਮ ਵਿਚ ਹੈ। ਕਰਤੇ ਦਾ ਕਰਮ ਸਰਵਉੱਚ ਹੈ। ਜਿਹੜੀ ਧਿਰ ਕਰਤੇ ਦੀ ਇਸ ਸ਼ਕਤੀ ਵਿਚ ਵਿਸ਼ਵਾਸ ਰੱਖਦੀ ਹੈ ਕਿ "ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ", ਉਹ ਧਿਰ ਜੂਨਾਂ ਦੇ ਕਾਲ ਚੱਕਰ ਵਿਚ ਨਹੀਂ ਪੈਂਦੀ। ਕੇਂਦਰੀ ਸ਼ਕਤੀ ਕਰਤਾ ਹੈ ਜੋ ਕੂੜ ਕਪਟ ਅਤੇ ਲਾਲਚਾਂ ਤੋਂ ਮੁਕਤ ਕਰਵਾਉਂਦਾ ਹੈ।

ਰੂਪਕ ਪੱਖ ਅਤੇ ਆਕਾਰ ਦੇ ਦ੍ਰਿਸ਼ਟੀਕੋਣ ਤੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਨੂੰ ਪੰਜਾਬੀ ਸਾਹਿਤ ਵਿਚ ਬੜੀ ਮਹੱਤਤਾ ਪ੍ਰਾਪਤ ਹੈ ਅਤੇ ਇਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਢੇਰ ਸਾਰੀ ਨਵੀਂ ਸ਼ਬਦਾਵਲੀ ਤੇ ਕਈ ਪ੍ਰਕਾਰ ਦੇ ਛੰਦ ਅਤੇ ਨਵੇਂ ਨਵੇਂ ਅਲੰਕਾਰ ਦਿੱਤੇ ਹਨ। ਇਸ ਤਰ੍ਹਾਂ ਇਹ ਭਿੰਨ ਭਿੰਨ ਭਾਸ਼ਾਵਾਂ ਤੇ ਉਪ-ਭਾਸ਼ਾਵਾਂ ਦਾ ਭਾਰੀ ਖ਼ਜ਼ਾਨਾ ਤੇ ਕਈ ਕਾਵਿਕ-ਰੂਪਾਂ ਤੇ ਸ਼ੈਲੀਆਂ ਦਾ ਅਦੁੱਤੀ ਸੰਗ੍ਰਹਿ ਹੈ।

ਸਾਹਿਤਕ ਦ੍ਰਿਸ਼ਟੀਕੋਣ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਇਕ ਅਤਿ ਉੱਤਮ ਰਚਨਾ ਹਨ। ਆਪਣੇ ਬਲਵਾਨ ਤੇ ਨਰੋਏ ਵਿਸ਼ੇ-ਵਸਤੂ ਦੇ ਕਾਰਨ ਇਹ ਅਗਾਂਹਵਧੂ ਤੇ ਉਪਯੋਗੀ ਸਾਹਿਤ ਦਾ ਇਕ ਵਧੀਆ ਨਮੂਨਾ ਹਨ। ਇਹ ਵਾਰਾਂ ਮਨੁੱਖੀ ਆਤਮਾ ਨਾਲ ਸਬੰਧ ਰੱਖਣ ਵਾਲੀ ਸਦੀਵੀ ਪ੍ਰੀਤ, ਦਇਆ, ਪਰਉਪਕਾਰ, ਕੁਰਬਾਨੀ ਤੇ ਹੋਰ ਕੋਮਲ ਭਾਵਾਂ ਦਾ ਵਰਣਨ ਕਰਦੀਆਂ ਹਨ ਅਤੇ ਹਰੇਕ ਸਮੇਂ ਤੇ ਦੇਸ਼-ਵਾਸੀਆਂ ਨੂੰ ਜੀਵਨ ਸੰਗਰਾਮ ਵਿਚ ਸਹੀ ਅਗਵਾਈ ਦੇਂਦੀਆਂ ਹਨ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਨਾ ਕੇਵਲ ਪੰਜਾਬੀ ਦੇ ਲੋਕ-ਸਾਹਿਤ ਵਿਚ, ਸਗੋਂ ਸੰਸਾਰ ਦੇ ਲੋਕ ਸਾਹਿਤ ਵਿਚ ਇਕ ਮਹਾਨ ਪਦਵੀ ਰੱਖਦੀਆਂ ਹਨ।

ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ, ਗੁਰੂ ਕਾਵਿ, ਭੱਟਾ, ਨਾਥਾਂ, ਜੋਗੀਆਂ ਅਤੇ ਸੰਤ ਕਵੀਆਂ ਤੋਂ ਛੁੱਟ ਕੁਝ ਗਿਣਤੀ ਦੇ ਹੀ ਕਵੀਆਂ ਦੀਆਂ ਰਚਨਾਵਾਂ ਦ੍ਰਿਸ਼ਟੀਗੋਚਰ ਹੁੰਦੀਆ ਹਨ। ਸਮੁੱਚਾ ਵਾਤਾਵਰਣ ਯੁੱਧਾਂ ਭਰਪੂਰ ਹੋਣ ਕਾਰਨ ਕੁਝ ਇਤਿਹਾਸਕ ਅਤੇ ਮਿਥਿਹਾਸਕ ਵਾਰਾਂ ਦੀ ਪ੍ਰਾਪਤੀ ਵੀ ਹੁੰਦੀ ਹੈ। ਭਾਵੇਂ ਬਹੁਤ ਸਾਰਾ ਪੰਜਾਬੀ ਵਿਚ ਰਚਿਆ ਗਿਆ ਸਾਹਿਤ ਸਮੇਂ ਦੀ ਲਪੇਟ ਵਿਚ (ਰਾਜਨੀਤਿਕ ਪਰਿਵਰਤਨ ਅਤੇ ਵਿਦੇਸ਼ੀ ਹਮਲਾਵਰਾਂ ਦੀ ਲੁੱਟ-ਖਸੁੱਟ ਕਾਰਣ) ਨਸ਼ਟ ਹੋ ਗਿਆ ਹੋਵੇਗਾ, ਇਸ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ ਪਰੰਤੂ ਸਾਹਿਤਕ ਪਰਵਿਰਤੀਆਂ ਜਾਗਰੂਪ ਹੋ ਜਾਣ ਕਾਰਣ, ਪ੍ਰਾਪਤ ਸਾਹਿਤ ਦੀ ਮਹੱਤਤਾ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

**ਪੈਟਰਨ-ਚੇਤਨਾਂ ਤੇ ਬਾਣੀ-ਵਿਚਾਰ**

ਬਾਣੀ-ਵਿਚਾਰ ਵਿਚ ਪੈਟਰਨ-ਚੇਤਨਾ ਦੀ ਸਾਰਥਕਤਾ ਨੂੰ ਨਿਸ਼ਚਿਤ ਕਰਨ ਤੋਂ ਪਹਿਲਾਂ ਪੈਟਰਨ-ਚੇਤਨਾ ਦੇ ਸਰੂਪ ਨੂੰ ਵਿਚਾਰ ਲੈਣਾ ਉਚਿਤ ਹੈ। ਪੈਟਰਨ-ਚੇਤਨਾ, ਸਮੁੱਚ-ਚੇਤਨਾ ਨਾਲ ਸਬੰਧਿਤ ਹੈ, ਵੇਰਵਾ -ਚੇਤਨਾ ਨਾਲ ਨਹੀਂ। ਕੋਈ ਵੀ ਇਕੱਲਾ ਵੇਰਵਾ ਆਪਣੇ ਆਪ ਵਿਚ ਪੈਟਰਨ ਦੇ ਲੱਛਣ ਦਾ ਧਾਰਨੀ ਨਹੀਂ ਹੋ ਸਕਦਾ। ਪੈਟਰਨ ਦੀ ਹੋਂਦ ਲਈ ਇਕ ਤੋਂ ਵਧੇਰੇ ਤੱਤਾਂ ਦਾ ਹੋਣਾ ਲਾਜ਼ਮੀ ਹੈ। ਤੱਤ/ਵੇਰਵੇ ਆਪਣੇ ਆਪ ਦੇ ਵਿੱਚ ਵਿਵਧ ਤੇ ਵਿਸਤ੍ਰਿਤ ਹੁੰਦੇ ਹਨ। ਬਹੁ-ਬਿਧ ਤੱਤ/ਵੇਰਵੇ ਨਿਸ਼ਚਿਤ ਸੰਬੰਧਾਂ ਵਿਚ ਜੁੜ ਕੇ ਸੰਗਠਿਤ ਸਮੁੱਚ ਵਿਚ ਕਾਰਜਸ਼ੀਲ ਹੁੰਦੇ

ਹਨ। ਸੰਗਠਿਤ ਸਮੁੱਚ ਵਿਚ ਕਾਰਜਸ਼ੀਲ ਵੇਰਵਿਆਂ ਦੇ ਆਪਸੀ ਸੰਬੰਧਾਂ ਅਤੇ ਉਨ੍ਹਾਂ ਵੇਰਵਿਆਂ ਦੇ ਸਮੁੱਚ ਨਾਲ ਸੰਬੰਧ-ਸਮੂਹ (a set of relationship) ਨੂੰ ਹੀ ਪੈਟਰਨ ਦਾ ਨਾਂ ਦਿੱਤਾ ਜਾਂਦਾ ਹੈ। ਪੈਟਰਨਾਂ ਦਾ ਸਿਸਟਮ, ਬੋਲ (speech) ਦਾ ਸਮਾਜਕ ਪਸਾਰ ਹੈ ਜੋ ਕਿ ਵਿਅਕਤੀ ਤੋਂ ਸੁਤੰਤਰ ਹੁੰਦਾ ਹੈ। ਵਿਅਕਤੀ ਆਪਣੇ ਆਪ ਵਿਚ ਨਾ ਹੀ ਇਸ ਨੂੰ ਸਿਰਜ ਸਕਦਾ ਹੈ ਅਤੇ ਨਾ ਹੀ ਬਦਲ ਸਕਦਾ ਹੈ।

ਉਪਰੋਕਤ ਵਿਚਾਰ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਵਿਚਲੀਆ ਇਹਨਾਂ ਅਧਿਆਤਮਿਕ ਵਾਰਾਂ ਦੇ ਸਾਹਿਤਕ ਪੱਖ ਨੂੰ ਵਿਚਾਰਨ ਲਈ ਅਸੀਂ ਇਸ ਦੇ ਖੇਤਰ ਦੀ ਹੇਠ ਲਿਖੇ ਅਨੁਸਾਰ ਸੀਮਾ ਨਿਰਧਾਰਿਤ ਕਰਦੇ ਹਾਂ:

(ੳ) ਭਾਸ਼ਾ-ਪੈਟਰਨ

(ਅ) ਸ਼ਬਦ-ਪੈਟਰਨ

(ੲ) ਪ੍ਰਤੀਕ ਪੈਟਰਨ

(ਸ) ਤੁਲਨਾਤਮਕ ਪੈਟਰਨ

**(ੳ) ਭਾਸ਼ਾ-ਪੈਟਰਨ**

ਮਨੁੱਖ ਦੁਆਰਾ ਸੰਗਠਿਤ ਖੇਤਰਾਂ ਵਿਚ ਭਾਸ਼ਾ-ਖੇਤਰ ਬੁਨਿਆਦੀ ਮਹੱਤਤਾ ਰੱਖਦਾ ਹੈ। ਭਾਸ਼ਾ ਦੇ ਉਚਾਰ ਵਿਚ ਪੈਟਰਨ ਬਾਰ ਬਾਰ ਦੁਹਰਾਏ ਜਾਂਦੇ ਹਨ। ਪੰਜਾਬੀ ਭਾਸ਼ਾ ਦੇ ਉਚਾਰ-ਸਿਰਜਨ ਲਈ 'ਕਰਤਾ-ਕਰਮ' ਕਿਰਿਆ ਦਾ ਪੈਟਰਨ ਬਾਰ ਬਾਰ ਦੁਹਰਾਇਆ ਜਾਂਦਾ ਹੈ। ਇਹ ਸੰਬੰਧ ਸਮੂਹ ਪੰਜਾਬੀ ਵਿਆਕਰਣ ਦਾ ਬੁਨਿਆਦ ਪੈਟਰਨ ਹੈ। ਅੰਗ੍ਰੇਜ਼ੀ ਭਾਸ਼ਾ ਦੇ ਬੁਨਿਆਦੀ ਪੈਟਰਨ ਨਾਲੋਂ ਇਹ ਭਿੰਨ ਹੈ। ਅੰਗ੍ਰੇਜ਼ੀ ਭਾਸ਼ਾ ਦੇ ਉਚਾਰ ਸਿਰਜਨ ਲਈ ਕਰਤਾ-ਕਿਰਿਆ-ਕਰਮ ਦੇ ਬੁਨਿਆਦੀ ਪੈਟਰਨ ਨੂੰ ਬਾਰ ਬਾਰ ਦੁਹਰਾਇਆ ਜਾਂਦਾ ਹੈ। ਹਰ ਭਾਸ਼ਾ ਖੇਤਰ ਵਿਚ ਅਜਿਹੇ ਕਈ ਤਰ੍ਹਾਂ ਦੇ ਸੰਬੰਧ-ਸਮੂਹਾਂ ਦੇ ਪੈਟਰਨ ਬਾਰ-ਬਾਰ ਦੁਹਰਾਏ ਜਾਂਦੇ ਹਨ। ਇਹ ਪੈਟਰਨ ਆਪਸ ਵਿਚ ਅੰਤਰ-ਸੰਬੰਧਿਤ ਹੋ ਕੇ ਕਿਸੇ ਭਾਸ਼ਾ ਦੇ ਵਿਆਕਰਣ ਸਿਸਟਮ ਨੂੰ ਸਿਰਜਦੇ ਹਨ।

ਕਾਰਜਸ਼ੀਲ ਭਾਸ਼ਾ ਹੀ ਭਾਸ਼ਾ ਹੈ। ਕਵੀ ਆਪਣੇ ਅੰਤਰ-ਜਗਤ ਨੂੰ ਸਿਰਜਣ ਲਈ ਭਾਸ਼ਾ ਦਾ ਸਹਾਰਾ ਲੈਂਦਾ ਹੈ। ਭਾਸ਼ਾ ਰਾਹੀਂ ਹੀ ਕਵੀ ਦੇ ਮਨ ਵਿਚ ਦੀ ਚਿੱਤ੍ਰਸ਼ਾਲਾ ਵਿਚ ਲਟਕਦੀਆਂ ਮੂਰਤੀਆਂ ਨੂੰ ਸਾਕਾਰਾਤਮਕਤਾ ਪ੍ਰਾਪਤ ਹੁੰਦੀ ਹੈ। ਡਾਕਟਰ ਹਰਿਭਜਨ ਸਿੰਘ ਅਨੁਸਾਰ, "ਰੂਸੀ ਰੂਪਵਾਦੀਆਂ ਦਾ ਬਲ ਭਾਸ਼ਾ ਦੀ ਕਾਰਜਸ਼ੀਲਤਾ ਹੈ। ਉਨ੍ਹਾਂ ਦਾ ਮੱਤ ਹੈ ਕਿ ਵਾਰਤਕ ਜਾਂ ਬੋਲਚਾਲ ਵਿੱਚ ਭਾਸ਼ਾ 'ਸੰਚਾਰ' ਦਾ ਕਾਰਜ ਨਿਭਾਉਂਦੀ ਹੈ ਜਿਸ ਦੇ ਉਲਟ ਕਾਵਿ-ਕਿਰਤ ਵਿਚ ਉਹ 'ਸੁਹਜ-ਸਿਰਜਣ' ਵੱਲ ਰੁਚਿਤ ਹੈ।"[4]

ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ 'ਭਾਸ਼ਾ ਦਾ ਮੁੱਖ ਪ੍ਰਯੋਜਨ ਵਕਤਾ ਦੀ ਮਨਸ਼ਾ ਨੂੰ ਸਰੋਤੇ ਤੱਕ ਅਪੜਾਉਣਾ ਹੈ।'[5] ਇਸੇ ਜੁਗਤ ਸਦਕਾ ਭਾਸ਼ਾ ਕਾਰਜਸ਼ੀਲ ਹੁੰਦੀ ਹੈ। ਕਵਿਤਾ ਦੀ ਹੋਂਦ ਲਿਖਤੀ ਭਾਸ਼ਾ ਜਾਂ ਸ਼ਬਦਾਂ ਤੇ ਆਧਾਰਿਤ ਹੁੰਦੀ ਹੈ। ਇਸ ਲਈ ਭਾਸ਼ਾ ਵਲ ਵਿਸ਼ੇਸ਼ ਧਿਆਨ ਕੇਂਦਰਿਤ ਹੋਣਾ ਕੁਦਰਤੀ ਹੈ। ਕਾਵਿ-ਰਚਨਾ ਵਿਚ ਭਾਸ਼ਾ ਦੀ ਕਾਰਜਸ਼ੀਲਤਾ, ਕਾਵਿ-ਕਿਰਤ ਦੀ ਪਾਠਕ/ਸਰੋਤੇ ਦੁਆਰਾ ਪਕੜ ਤੇ ਉਸ ਦੇ ਪ੍ਰਭਾਵ ਤੇ ਨਿਰਭਰ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਕਾਵਿਕ ਭਾਸ਼ਾ ਦੀ ਕਾਰਜਸ਼ੀਲਤਾ ਉਨ੍ਹਾਂ ਦੀਆਂ ਨਿੱਜ ਭਾਵਨਾਵਾਂ ਤੇ ਵਿਚਾਰਾਂ ਨੂੰ ਉਘਾੜਦੀ ਹੈ।

ਗੁਰੂ ਕਾਵਿ-ਭਾਸ਼ਾ ਦੀ ਸ਼ਬਦਾਵਲੀ ਦੀ ਘਾੜਤ ਦਾ ਪੈਟਰਨ ਉਸ ਵੇਲੇ ਪ੍ਰਚੱਲਿਤ ਭਾਸ਼ਾ ਵਿਚੋਂ ਹੀ ਬਣਿਆ ਹੈ। ਇਸ ਪੈਟਰਨ ਦੇ ਰਚੈਤਾ ਬਾਣੀਕਾਰ ਗੁਰੂ ਜੀ ਲੋਕ ਸਮੂਹ ਨਾਲ ਜੁੜੇ ਹੋਏ ਹਨ। ਇਸ ਵਿਚ ਲੋਕਾਂ ਦੀ ਚੇਤਨਾ ਲੌਕਿਕ ਪੱਧਰ ਤੱਕ ਸੀਮਿਤ ਹੈ ਪਰੰਤੂ ਬਾਣੀ ਰਚੈਤਾ ਦੀ ਚੇਤਨਾ ਅਲੌਕਿਕ ਜਾਂ ਪਰਾਲੌਕਿਕ ਪੱਧਰ ਤੱਕ ਪਹੁੰਚੀ ਹੋਈ ਹੈ।

ਵਾਰਾਂ ਦੇ ਰਚਣਹਾਰਿਆਂ ਨੇ ਆਪਣੇ ਸੰਚਾਰ ਮਾਧਿਅਮ ਵਜੋਂ ਜਿਹੜੀ ਭਾਸ਼ਾ ਪ੍ਰਯੋਗ ਵਿਚ ਲਿਆਂਦੀ ਹੈ, ਉਸਦਾ ਮੁਹਾਂਦਰਾ ਵੀ ਅਜਿਹਾ ਹੈ ਕਿ ਉਹ ਹਰ ਵਰਗ ਤੇ ਹਰ ਪੱਧਰ ਦੇ ਲੋਕਾਂ ਦੀ ਪਕੜ ਵਿਚ ਆ ਜਾਂਦੀ ਹੈ। ਇਸ ਦੇ ਲਈ ਉਨ੍ਹਾਂ ਨੇ ਆਪਣੇ ਸਮੇਂ ਵਿਚ ਵੱਖ-ਵੱਖ ਇਲਾਕਿਆਂ ਅਤੇ ਵੱਖ-ਵੱਖ ਧਾਰਮਿਕ ਫਿਰਕਿਆਂ ਤੇ ਸਮਾਜਕ ਸਮੂਹਾਂ ਵਿਚ ਪ੍ਰਚਲਤ ਸ਼ਬਦਾਵਲੀ ਨੂੰ ਮਿਸ਼ਰਤ ਰੂਪ ਵਿਚ ਵਰਤੋਂ ਵਿਚ ਲਿਆਂਦਾ। ਭਾਸ਼ਾਈ ਪੱਖ ਤੋਂ ਵੀ ਵਾਰਾਂ ਦਾ ਅਧਿਐਨ ਵਿਸ਼ੇਸ਼ ਮਹੱਤਤਾ

ਰੱਖਦਾ ਹੈ। ਗੁਰੂ ਬਾਣੀ ਦੀ ਆਪਣੇ ਸਮੇਂ ਦੀ ਅਧਿਆਤਮਕ, ਦਾਰਸ਼ਨਿਕ ਪਰੰਪਰਾ ਨੂੰ ਦੇਣ ਤਾਂ ਬੇਜੋੜ ਹੈ ਹੀ, ਇਸ ਦੀ ਸਾਹਿਤ ਅਤੇ ਭਾਸ਼ਾ ਨੂੰ ਵੀ ਦੇਣ ਮਹਾਨ ਹੈ। ਭਾਰਤੀ ਭਾਸ਼ਾਵਾਂ ਦੇ ਇਤਿਹਾਸ ਵਿਚ ਆਦਿ ਗ੍ਰੰਥ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਸ ਅੰਦਰ ਬਾਰਵੀਂ ਸਦੀ ਤੋਂ ਲੈ ਕੇ ਸਤਾਰਵੀਂ ਸਦੀ ਤੱਕ ਹਿੰਦੁਸਤਾਨ ਦੇ ਵੱਖ-ਵੱਖ ਹਿੱਸਿਆਂ ਵਿਚ ਬੋਲੀਆਂ ਜਾਣ ਵਾਲੀਆਂ ਬੋਲੀਆਂ ਦੇ ਨਮੂਨੇ ਸੰਭਾਲੇ ਪਏ ਹਨ। ਇਸ ਪ੍ਰਕਾਰ ਗੁਰਬਾਣੀ ਭਾਰਤੀ ਭਾਸ਼ਾਵਾਂ, ਵਿਸ਼ੇਸ਼ ਕਰਕੇ ਕੇਂਦਰੀ ਪੰਜਾਬੀ, ਬ੍ਰਿਜੀ, ਅਰਬੀ, ਫਾਰਸੀ, ਸਿੰਧੀ, ਰਾਜਸਥਾਨੀ, ਸੰਸਕ੍ਰਿਤੀ ਆਦਿ ਦੇ ਵਿਕਾਸ ਸੰਕੇਤਾਂ ਦਾ ਪ੍ਰਮਾਣਿਕ ਦਸਤਾਵੇਜ ਹੈ।

ਗੁਰਬਾਣੀ ਦਾ ਮਾਧਿਅਮ ਭਾਵੇਂ ਮੁੱਖ ਤੌਰ ਤੇ ਕੇਂਦਰੀ ਪੂਰਬੀ ਜਾਂ ਲਹਿੰਦੀ ਦੀ ਰੰਗਣ ਵਾਲੀ ਪੰਜਾਬੀ ਭਾਸ਼ਾ ਹੈ। ਪਰ ਇਸ ਉੱਪਰ ਬ੍ਰਿਜੀ, ਸੰਸਕ੍ਰਿਤ, ਅਰਬੀ ਫਾਰਸੀ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਅਸਰ ਪ੍ਰਤੱਖ ਹੈ। ਸੰਸਕ੍ਰਿਤ ਨੂੰ ਹਿੰਦੂ ਧਰਮ ਵਿਚ ਪੁਰਾਣੇ ਸਮੇਂ ਤੋਂ ਹੀ ਸਤਿਕਾਰਯੋਗ ਸਥਾਨ ਪ੍ਰਾਪਤ ਹੈ। ਇਹ ਵੇਦਾਂ ਪੁਰਾਣਾਂ ਦੀ ਮਾਧਿਅਮ ਭਾਸ਼ਾ ਸੀ। ਬ੍ਰਿਜੀ ਵੀ ਗੁਰੂ ਸਾਹਿਬਾਨਾਂ ਦੇ ਸਮੇਂ ਭਗਤੀ ਕਾਵਿ ਦਾ ਮੁੱਖ ਮਾਧਿਅਮ ਬਣਦੀ ਸੀ। ਫਾਰਸੀ ਉਸ ਸਮੇਂ ਦੇ ਰਾਜਨੀਤਕ ਹਲਕਿਆਂ ਵਿਚ ਪ੍ਰਚਲਤ ਸੀ ਅਤੇ ਮੁਸਲਿਮ ਧਰਮ ਗ੍ਰੰਥਾਂ ਦਾ ਵੀ ਮਾਧਿਅਮ ਸੀ। ਪਿਛਲੇ ਪੰਨਿਆਂ ਵਿਚ ਵਿਚਾਰੀ ਗਈ ਭਾਸ਼ਾ-ਪੈਟਰਨ ਵਿਚਲੀਆਂ ਭਾਸ਼ਾਵਾਂ ਦੇ ਉਹ ਸ਼ਬਦ ਜੋ ਜਨ ਸਧਾਰਣ ਦੀ ਬੋਲੀ ਵਿਚ ਰਚ ਮਿੱਚ ਚੁੱਕੇ ਸਨ, ਸੁਭਾਵਿਕ ਹੀ ਵਾਰਾਂ ਦੀ ਭਾਸ਼ਾ ਦਾ ਅੰਗ ਬਣ ਗਏ। ਇਸ ਤੋਂ ਇਲਾਵਾ, ਗੁਰੂ ਸਾਹਿਬਾਨ ਆਪਣੇ ਜੀਵਨ ਕਾਲ ਦੌਰਾਨ ਵੱਖ-ਵੱਖ ਇਲਾਕਿਆਂ ਵਿਚ ਭਰਮਣ ਕਰਦੇ ਰਹੇ ਸਨ ਅਤੇ ਵੱਖ-ਵੱਖ ਧਾਰਮਿਕ ਫਿਰਕਿਆਂ ਜਾਤਾਂ ਅਤੇ ਵਰਣਾਂ ਦੇ ਸੰਤਾਂ, ਸਾਧੂਆਂ ਨੂੰ ਮਿਲ ਕੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰਦੇ ਸਨ। ਉਨ੍ਹਾਂ ਇਲਾਕਿਆਂ ਅਤੇ ਉਨ੍ਹਾਂ ਧਰਮਾਂ, ਫਿਰਕਿਆਂ ਦੀ ਸ਼ਬਦਾਵਲੀ ਗੁਰੂ ਸਾਹਿਬਾਨਾਂ ਦੀ ਬਾਣੀ ਵਿਚ ਸਹਿਜੇ ਹੀ ਪ੍ਰਵੇਸ਼ ਕਰ ਗਈ।

ਸਹੀ ਅਰਥਾਂ ਵਿਚ ਗੁਰਬਾਣੀ ਵਿਚੋਂ ਭਾਰਤ ਵਿਚ ਬਾਰ੍ਹਵੀਂ ਤੋਂ ਸਤਾਰਵੀਂ ਸਦੀ ਤੱਕ ਦੀਆਂ ਪੰਜ ਸਦੀਆਂ ਦੇ ਭਾਸ਼ਾਈ ਵਿਕਾਸ ਦੇ ਪ੍ਰਮਾਣ ਪ੍ਰਾਪਤ ਹੋ ਸਕਦੇ ਹਨ। ਗੁਰੂ ਸਾਹਿਬਾਨਾਂ ਦੀ ਬਾਣੀ

ਵਿਚ ਇਨ੍ਹਾਂ ਸਾਰੀਆਂ ਭਾਸ਼ਾਵਾਂ ਦਾ ਪ੍ਰਭਾਵ ਸਪਸ਼ਟ ਦਿਖਾਈ ਦਿੰਦਾ ਹੈ। ਮਨੁੱਖੀ ਭਾਵਾਂ ਨੂੰ ਪ੍ਰਗਟਾਉਣ ਦਾ ਸਫ਼ਲ ਸਾਧਨ ਬੋਲੀ ਹੈ। ਬੋਲੀ ਭਾਵਾਂ ਦਾ ਹਥਿਆਰ ਆਖੀ ਜਾ ਸਕਦੀ ਹੈ। ਸੁਲਝਿਆ ਹੋਇਆ ਕਵੀ ਆਪਣੇ ਸਭਿਆਚਾਰਕ ਚੌਗਿਰਦੇ ਵਿਚ ਵੱਖ ਵੱਖ ਤਰ੍ਹਾਂ ਦੇ ਸ਼ਬਦ ਰੂਪੀ ਫੁੱਲ ਲੈ ਕੇ ਕਾਵਿ ਦੇ ਗੁਲਦਸਤੇ ਨੂੰ ਸਜਾਉਂਦਾ ਹੈ।

ਭਾਸ਼ਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਉਸ ਵਿਚ ਸੁੰਦਰਤਾ ਲਿਆਉਣ ਲਈ ਗੁਰੂ ਸਾਹਿਬਾਨਾਂ ਨੇ ਸ਼ਬਦਾਂ ਨੂੰ ਤਰੋੜ ਮਰੋੜ ਕੇ ਉਸ ਵਿਚ ਹੋਰ ਵੀ ਮਿਠਾਸ ਭਰ ਕੇ ਪ੍ਰਯੋਗ ਕੀਤਾ ਹੈ। ਗੁਰੂ ਜੀ ਬਹੁਭਾਸ਼ੀ ਵਿਦਵਾਨ ਸਨ। ਉਨ੍ਹਾਂ ਨੇ ਕਈ ਪ੍ਰਕਾਰ ਦੀ ਭਾਸ਼ਾ ਨੂੰ ਅੰਗੀਕਾਰ ਕਰਕੇ ਆਪਣੀਆਂ ਵਾਰਾਂ ਦੀ ਰਚਨਾ ਕੀਤੀ। ਗੰਭੀਰ ਵਿਸ਼ਾ ਹੁੰਦਿਆਂ ਹੋਇਆਂ ਵੀ ਉਨ੍ਹਾਂ ਨੇ ਭਾਸ਼ਾ ਸਰਲ ਪ੍ਰਭਾਵਸ਼ਾਲੀ ਤੇ ਵਾਰਾਂ ਦੇ ਅਨੁਕੂਲ ਵਰਤੀ। ਡਾਕਟਰ ਕਾਲਾ ਸਿੰਘ ਬੇਦੀ ਲਿਖਦੇ ਹਨ:

> ਸੰਸਾਰ ਦੀਆਂ ਉੱਚ ਕੋਟੀ ਦੀਆਂ ਭਾਸ਼ਾਵਾਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਕੋਈ ਵੀ ਭਾਸ਼ਾ ਸ਼ੁਧ ਖ਼ਾਲਸ ਨਹੀਂ ਹੈ। ਹਰ ਇਕ ਭਾਸ਼ਾ ਵਿਚ ਦੂਜੀਆਂ ਗੁਆਂਢੀ ਭਾਸ਼ਾਵਾਂ ਦਾ ਮੇਲ ਜ਼ਰੂਰ ਮਿਲ ਜਾਂਦਾ ਹੈ। ਅੰਗਰੇਜ਼ੀ ਵਰਗੀ ਅੰਤਰ-ਰਾਸ਼ਟਰੀ ਭਾਸ਼ਾ ਵੀ ਇਸ ਮੇਲ ਤੋਂ ਨਹੀਂ ਬਚੀ। ਇਥੋਂ ਤੱਕ ਹੀ ਨਹੀਂ ਸਗੋਂ ਸੰਸਕ੍ਰਿਤ ਵਰਗੀ ਦੇਵ-ਬਾਣੀ ਅਤੇ ਵਿਆਕਰਣੀ ਨੇਮਾਂ ਵਿਚ ਸੁਰੱਖਿਅਤ ਭਾਸ਼ਾ ਵਿਚ ਵੀ ਆਦਿ ਭਾਸ਼ਾਵਾਂ ਦਾ ਮੇਲ ਜ਼ਰੂਰੀ ਨਜ਼ਰੀਂ ਆ ਹੀ ਜਾਂਦਾ ਹੈ।[6]

ਆਪਣੇ ਭਾਵਾਂ ਤੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਦੂਜੇ ਤੱਕ ਪਹੁੰਚਾਉਣ ਲਈ ਲੇਖਕ ਸਦਾ ਚੰਗੇ ਅਤੇ ਸਹੀ ਅਰਥ ਬੋਧ ਕਰਾਉਣ ਵਾਲੇ ਸ਼ਬਦਾਂ ਦੀ ਭਾਲ ਵਿਚ ਰਹਿੰਦਾ ਹੈ। ਕਈ ਵਾਰ ਉਸ ਨੂੰ ਇਸ ਭਾਲ ਲਈ ਆਪਣੀ ਭਾਸ਼ਾ ਦੇ ਘੇਰੇ ਚੋਂ ਬਾਹਰ ਨਿਕਲ ਕੇ ਵੀ ਸ਼ਬਦ ਲੱਭਣੇ ਪੈਂਦੇ ਹਨ। ਇਨ੍ਹਾਂ ਸ਼ਬਦਾਂ ਵਿਚ ਜੋ ਪ੍ਰਯੋਗ ਅਧੀਨ ਭਾਸ਼ਾ ਦੀ ਪ੍ਰਕਿਰਤੀ ਅਨੁਕੂਲ ਹੁੰਦੇ ਹਨ ਇੰਨ ਬਿੰਨ ਅਪਣਾ ਲਿਆ ਜਾਂਦਾ ਹੈ ਅਤੇ ਜੋ ਉਸ ਭਾਸ਼ਾ ਦੀ ਪ੍ਰਕਿਰਤੀ ਅਨੁਕੂਲ ਨਾ ਹੋਣ ਉਨ੍ਹਾਂ ਨੂੰ ਕਾਂਟ-ਛਾਂਟ ਕੇ ਵਰਤੋਂ

ਵਿਚ ਲਿਆਂਦਾ ਜਾਂਦਾ ਹੈ। ਅਜਿਹਾ ਕਰਨ ਨਾਲ ਕਵੀ ਦਾ ਪ੍ਰਭਾਵ ਪ੍ਰਕਾਸ਼ਨ ਸੁੰਦਰ ਅਤੇ ਪ੍ਰਭਾਵਸ਼ਾਲੀ ਬਣਦਾ ਹੈ।

ਗੁਰੂ ਸਾਹਿਬਾਨਾਂ ਦੁਆਰਾ ਰਚੀਆਂ ਵਾਰਾਂ ਅਧਿਆਤਮਕ ਵਾਰਾਂ ਹਨ। ਇਨ੍ਹਾਂ ਵਿਚ ਬੀਰ-ਰਸ ਦੀ ਥਾਂ ਸ਼ਾਂਤ ਰਸ ਪ੍ਰਧਾਨ ਹੈ। ਸ਼ਾਂਤ ਰਸ ਲਈ ਵਾਰਾਂ ਦੀ ਬੋਲੀ ਸਹਿਜ ਹੈ। ਗੁਰੂ ਸਾਹਿਬਾਨਾਂ ਦਾ ਸ਼ਬਦ ਕੋਸ਼ ਬਹੁਤ ਵਿਸ਼ਾਲ ਹੈ। ਉਨ੍ਹਾਂ ਦੀ ਬਾਣੀ ਦਾ ਮੁੱਖ ਵਿਸ਼ਾ ਭਗਤੀ ਹੈ। ਇਸ ਦਾ ਮੁੱਖ ਉਦੇਸ਼ ਨਿਰਗੁਣ ਕਾਵਿ ਧਾਰਾ ਦੀ ਅਭਿਵਿਅਕਤੀ ਕਰਨੀ ਸੀ। ਗੁਰੂ ਸਾਹਿਬਾਨਾਂ ਨੇ ਖ਼ਾਸ ਕਰਕੇ ਗੁਰੂ ਨਾਨਕ ਦੇਵ ਜੀ ਨੇ ਬਹੁਤ ਸਾਰੀਆਂ ਥਾਵਾਂ ਦਾ ਭਰਮਣ ਕੀਤਾ। ਉਹ ਜਿਥੇ ਜਿਥੇ ਜਾਂਦੇ ਗਏ, ਉਥੇ ਉਸੇ ਰੰਗਤ ਦੀ ਬਾਣੀ ਰਚਦੇ ਰਹੇ। ਭਾਰਤ ਵਿਚ ਮੁਸਲਮਾਨ ਆਉਣ ਤੋਂ ਪਹਿਲਾਂ ਸੰਸਕ੍ਰਿਤੀ ਭਾਸ਼ਾ ਦਾ ਹੀ ਬੋਲ-ਬਾਲਾ ਸੀ। ਇਸੇ ਦੌਰਾਨ ਪ੍ਰਾਕਿਰਤਾਂ ਅਤੇ ਅਪਭ੍ਰੰਸ਼ਾਂ ਨੇ ਵੀ ਸੰਸਕ੍ਰਿਤ ਦੇ ਲੋਕ ਸੰਪਰਕ ਤੋਂ ਟੁਟਣ ਤੋਂ ਪੈਦਾ ਹੋਈ ਵਿਥ ਨੂੰ ਪੂਰਿਆ ਹੈ। ਫਿਰ ਵੀ ਗੁਰੂ ਸਾਹਿਬਾਨਾਂ ਦੀਆਂ ਵਾਰਾਂ ਵਿਚ ਸੰਸਕ੍ਰਿਤ ਦੀ ਬਹੁਤ ਸਾਰੀ ਸ਼ਬਦਾਵਲੀ ਤਤਸਮ ਤੇ ਤਦਭਵ ਰੂਪ ਵਿਚ ਮਿਲਦੀ ਹੈ। ਗੁਰੂ ਸਾਹਿਬਾਨਾਂ ਨੇ ਸੰਸਕ੍ਰਿਤ ਦੀ ਉਹੀ ਸ਼ਬਦਾਵਲੀ ਵਰਤੀ ਹੈ, ਜਿਸ ਦੀਆਂ ਧੁਨੀਆਂ ਵਾਲੇ ਸ਼ਬਦਾਂ ਨੂੰ ਗੁਰੂ ਜੀ ਨੇ ਪੰਜਾਬੀ ਪ੍ਰਕਿਰਤੀ ਅਨੁਸਾਰ ਢਾਲ ਕੇ ਤਦਭਵ ਰੂਪ ਵਿਚ ਵਰਤਿਆ ਹੈ।

**ਸੰਸਕ੍ਰਿਤ ਦੇ ਤਤਸਮ ਸ਼ਬਦ** – ਅੰਮ੍ਰਿਤ, ਸੰਗਿਤ, ਰਕਤ, ਬ੍ਰਹਿਮੰਡ, ਪਾਤਾਲ, ਮ੍ਰਿਤੂ, ਸ੍ਰਿਸਟੀ, ਸਵਰਗ, ਪ੍ਰਿਥਵੀ, ਰੰਨ, ਪੁਰਖ, ਪ੍ਰਾਨ, ਰਹੀਮ, ਸਾਗਰ, ਸੁਰ, ਚਰਨ ਕਮਲ, ਕੁਟੰਬ, ਕੋਟਿ, ਸ੍ਰਵਣ, ਅਹੰਕਾਰ, ਅਰਥ, ਆਗਮ, ਅਗੋਚਰ, ਆਭੇਦ, ਅੰਧਕਾਰ ਸਤਿ, ਸੰਤਾਪ, ਜਗਤ, ਨਿਰਧਨ, ਨੀਚ, ਨਿਰੰਜਨ, ਭਵਜਲ ਮਾਇਆ, ਭੋਗ ਆਦਿ।

**ਸੰਸਕ੍ਰਿਤ ਦੇ ਤਦਭਵ ਸ਼ਬਦ** – ਸੁਆਸ, ਸੁਹਾਵਾ, ਸਾਧੂ, ਸਿਮਰਨ, ਹਿਰਦਾ, ਕੀਟ, ਦੁਸ਼ਟ, ਪਰਗਾਸ, ਬਿਰਖ, ਬਿਸ਼ਨ, ਰਿਦੇ, ਇਤਿਆਦਿ।

**ਬ੍ਰਿਜੀ ਭਾਸ਼ਾ ਦੇ ਸ਼ਬਦ** - ਰਾਤੇ (ਰੱਤੇ) ਦੁਖ (ਦੁੱਖ) ਬਿਸਰੈ (ਵਿਸਰੈ) ਸੂਖ (ਸੁਖ) ਊਚਾ (ਉਚਾ), ਭੂਖ਼ (ਭੁੱਖ), ਕਾਪਰ (ਕਪੜੇ) ਕਾਮ (ਕੰਮ) ਠਾਢਿ (ਠੰਢ) ਸਾਂਚ (ਸਚ) ਨੀਤਾ (ਨਿੱਤ) ਜਾਪੀਐ (ਜਪੀਐ)।

ਮਧ-ਯੁਗ ਵਿਚ ਰਚੀਆਂ ਗਈਆਂ ਕ੍ਰਿਤੀਆਂ ਉੱਤੇ ਵਿਦੇਸ਼ੀ ਭਾਸ਼ਾਵਾਂ ਅਰਬੀ,ਫ਼ਾਰਸੀ, ਸਾਮੀ ਭਾਸ਼ਾਵਾਂ ਦਾ ਪ੍ਰਭਾਵ ਕਾਫ਼ੀ ਦ੍ਰਿਸ਼ਟੀਗੋਚਰ ਹੁੰਦਾ ਹੈ। ਭਾਰਤ ਦਾ ਸਾਹਿਤ, ਕਲਾ, ਸਭਿਅਤਾ ਅਤੇ ਸੰਸਕ੍ਰਿਤੀ ਇਨ੍ਹਾਂ ਵਿਦੇਸ਼ੀ ਭਾਸ਼ਾਵਾਂ ਦੇ ਪ੍ਰਭਾਵ ਤੋਂ ਬਚ ਨਾ ਸਕੇ। ਗੁਰੂ ਸਾਹਿਬਾਨਾਂ ਦੀਆਂ ਵਾਰਾਂ ਵਿਚ ਇਹ ਪ੍ਰਭਾਵ ਘੱਟ ਵੇਖਣ ਨੂੰ ਮਿਲਦਾ ਹੈ, ਪਰ ਫਿਰ ਵੀ ਕਿਤੇ ਕਿਤੇ ਫਾਰਸੀ ਦੀ ਸ਼ਬਦਾਵਲੀ ਪ੍ਰਯੁਕਤ ਹੋਈ ਮਿਲਦੀ ਹੈ।

**ਅਰਬੀ ਫਾਰਸੀ ਦੇ ਸ਼ਬਦ** - ਫ਼ੁਰਮਾਨ, ਬਾਦਸ਼ਾਹ, ਬੰਦਗੀ, ਪਾਤਸ਼ਾਹ, ਕਤੇਬ, ਪੜਦਾ, ਦਰਿ ਸਜਾਇ, ਪੀਰ, ਪੈਗੰਬਰ, ਖ਼ੁਦਾਇ, ਦਿਲ, ਪਾਕ, ਹਰਿ, ਦਰਗਾਹ, ਮਿਹਰ, ਖ਼ਾਕ, ਰਿਜ਼ਕ, ਕੁਰਬਾਨੀ, ਬਾਂਗ, ਸ਼ੇਖ਼, ਕਰੀਮ ਅਤੇ ਖ਼ਸਮ ਆਦਿ।

ਇਸੇ ਤਰ੍ਹਾਂ ਪੋਠੋਹਾਰੀ ਸ਼ਬਦਾਵਲੀ ਦੇ ਸ਼ਬਦ ਵੀ ਮਿਲਦੇ ਹਨ ਜਿਵੇਂ - ਹਭੋ, ਹਿਕ, ਹਭੁ, ਹਉ, ਹਿਕਸ ਆਦਿ।

**ਲਹਿੰਦੀ ਭਾਸ਼ਾ ਦੇ ਸ਼ਬਦ** - ਅਸਾਡੜਾ, ਅੰਞਾਣੈ, ਸੰਞੀ, ਹਭੇ,ਹਭਿ, ਹਨ, ਹਿਕ, ਡੂੰਗਰ, ਡਿਠਮ, ਤੇਂਡੀ, ਮੈਂਡੇ, ਬਿਖ਼ਮ, ਡੋਈ ਇਤਿਆਦਿ।

**ਸਹਸਕ੍ਰਿਤੀ** - ਸਿਮਰੰਤਿ, ਉਚਰੰਤਿ, ਰਚੰਤਿ, ਬਨਿਤਾ, ਅਰੁ, ਬਿਸਰਤੁ, ਬਿਸੁਚਤੇ, ਕਦਾਂਚ।

**ਅਪਭ੍ਰੰਸ** - ਜਪੋ, ਥਪੋ, ਦਸੇ, ਜਸੇ ਕਛੂ, ਪ੍ਰਭੂ।

ਇਨ੍ਹਾਂ ਵਾਰਾਂ ਦੀ ਸ਼ੈਲੀਗਤ ਖ਼ੂਬੀ ਵਾਰ ਕਾਵਿ ਰੂਪ ਅਨੁਸਾਰ ਅਰੁਕ ਵਹਾਅ, ਗਤੀਸ਼ੀਲਤਾ ਅਤੇ ਰਵਾਨਗੀ ਦੀ ਹੈ। ਇਨ੍ਹਾਂ ਵਾਰਾਂ ਦੀ ਕਥਨ ਵਿਧੀ ਗ੍ਰਾਮੀਨ ਨਹੀਂ, ਸ਼ਹਿਰੀ ਹੈ। ਸ਼ੈਲੀ ਦੀ ਰਵਾਨਗੀ ਦੀ ਇਕੋ ਇਕ ਖ਼ਾਸੀਅਤ ਸ਼ਬਦਾ ਦਾ ਦੁਹਰਾਉ ਕਹੀ ਜਾ ਸਕਦੀ ਹੈ। ਵਾਰਾਂ ਵਿਚ ਇਹ

ਦੁਹਰਾਉ ਨੀਰਸ ਨਹੀਂ ਬਣਦਾ, ਸਗੋਂ ਇਕ ਵਿਸ਼ੇਸ਼ ਕਿਸਮ ਦਾ ਆਂਤਰਿਕ ਸਰੋਦ ਉਤਪੰਨ ਕਰਦਾ ਹੈ। ਵਿਅੰਗ ਇਨ੍ਹਾਂ ਵਾਰਾਂ ਦੀ ਸ਼ੈਲੀ ਦਾ ਇਕ ਹੋਰ ਅਦੁਤੀ ਗੁਣ ਹੈ।

ਇਹ ਠੀਕ ਹੈ ਕਿ ਵਾਰਾਂ ਵਿਚ ਕਈ ਥਾਈਂ ਉਹਨਾਂ ਹਿੰਦੀ ਰਲੀ ਪੰਜਾਬੀ ਵਰਤੀ ਹੈ, ਜਿਸ ਨੂੰ 'ਸਾਧ ਭਾਸ਼ਾ' ਆਖਿਆ ਜਾਂਦਾ ਹੈ ਤੇ ਜੋ ਗੁਰੂ ਸਾਹਿਬਾਨ ਦੇ ਵੇਲੇ ਉੱਤਰੀ ਭਾਰਤ ਵਿਚ ਆਮ ਸਮਝੀ ਜਾਂਦੀ ਸੀ, ਪਰ ਇੰਨਾ ਕੁਝ ਹੁੰਦਿਆਂ ਵੀ ਇਸ ਵਿਚੋਂ ਬਹੁਤੀ ਵਾਰਾਂ ਦੀ ਭਾਸ਼ਾ ਕੇਂਦਰੀ ਤੇ ਟਕਸਾਲੀ ਪੰਜਾਬੀ ਹੈ ਤੇ ਇਸ ਦਾ ਪਿੰਡਾ, ਵਿਆਕਰਣ ਤੇ ਉਚਾਰਨ ਸ਼ੁੱਧ ਪੰਜਾਬੀ ਵਾਲਾ ਹੈ। ਉਦਾਹਰਣ ਲਈ ਵੇਖੋ ਗੁਰੂ ਅੰਗਦ ਸਾਹਿਬ ਦਾ ਇਕ ਸਲੋਕ:

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥
ਸੇਤੀ ਖੁਸੀ ਸਵਾਰੀਐ, ਨਾਨਕ ਕਾਰਜੁ ਸਾਰੁ॥[7]

ਕੇਂਦਰੀ ਪੰਜਾਬੀ ਤੋਂ ਬਿਨਾਂ ਵਾਰਾਂ ਵਿਚ ਪੰਜਾਬੀ ਦੇ ਹੋਰ ਰੂਪਾਂ ਤੇ ਵਿਸ਼ੇਸ਼ ਕਰਕੇ ਪੋਠੋਹਾਰੀ ਤੇ ਲਹਿੰਦੀ ਉਪਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਖੁੱਲ੍ਹ-ਦਿਲੀ ਨਾਲ ਕੀਤੀ ਗਈ ਹੈ। ਭਾਵੇਂ ਪਉੜੀਆਂ ਦੀ ਬੋਲੀ ਆਮ ਕਰਕੇ ਠੇਠ ਪੰਜਾਬੀ ਹੈ, ਪਰ ਸਲੋਕਾਂ ਵਿਚ ਸਾਨੂੰ ਹੋਰ ਭਾਰਤੀ ਭਾਸ਼ਾਵਾਂ ਅਤੇ ਪੰਜਾਬੀ ਦੇ ਉਪ-ਰੂਪਾਂ ਦੇ ਅਨੇਕਾਂ ਨਮੂਨੇ ਮਿਲਦੇ ਹਨ। ਜੈਤਸਰੀ ਦੀ ਵਾਰ ਵਿਚ ਹਰੇਕ ਪਉੜੀ ਦੇ ਨਾਲ ਲੱਗਦਾ ਇਕ ਸਲੋਕ ਪ੍ਰਾਕ੍ਰਿਤ ਦਾ ਤੇ ਦੂਜਾ ਲਹਿੰਦੀ ਬੋਲੀ ਦਾ ਹੈ। ਮਾਰੂ ਡਖਣੇ ਦੀ ਵਾਰ ਵਿਚ ਲਗਭਗ ਸਾਰੇ ਸਲੋਕ ਡਖਣੇ ਜਾਂ ਮੁਲਤਾਨੀ ਬੋਲੀ ਦੇ ਹਨ, ਜੋ ਮੁਲਤਾਨ ਮੁਜ਼ੱਫਰ ਗੜ੍ਹ, ਡੇਰਾ ਗ਼ਾਜ਼ੀ ਖਾਂ, ਬਹਾਵਲਪੁਰ ਤੇ ਸ਼ਿਕਾਰਪੁਰ ਸਿੰਧ ਵਿਚ ਆਮ ਬੋਲੀ ਸਮਝੀ ਜਾਦੀ ਹੈ। ਨਮੂਨੇ ਲਈ ਵੇਖੋ:

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥[8]

ਸੱਤੇ ਬਲਵੰਡ ਦੀ ਉਚਾਰਨ ਕੀਤੀ ਹੋਈ ਰਾਮਕਲੀ ਦੀ ਵਾਰ ਵਿਚ ਡੂੰਮ-ਭਾਸ਼ਾ ਜਾਂ ਡਿੰਗਲ ਦੇ ਸ਼ਬਦਾਂ ਦੀ ਭਰਮਾਰ ਹੈ, ਜਿਵੇਂ 'ਪ੍ਰਾਕਰਮ' ਦੀ ਥਾਂ 'ਪ੍ਰਾਕੁਾਇ', 'ਦੈਵੀ ਗੁਣ' ਦੀ ਥਾਂ 'ਦੇ ਗੁਣਾ', 'ਨਿਆਉ' ਦੀ ਥਾਂ 'ਨਾਉ', 'ਖਾਂਦੇ' ਦੀ ਥਾਂ 'ਖਹਦੀ' ਆਦਿ। ਸੋ ਸਪਸ਼ਟ ਹੀ ਹੈ ਕਿ ਵਾਰਾਂ ਵਿਚ

ਸਾਰੀਆਂ ਭਾਰਤੀ ਉਪ-ਭਾਸ਼ਾਵਾਂ ਦੇ ਅਨੇਕਾਂ ਨਮੂਨੇ ਮਿਲਦੇ ਹਨ ਜਿਨ੍ਹਾਂ ਤੋਂ ਭਾਸ਼ਾ-ਵਿਗਿਆਨੀਆਂ ਨੂੰ ਪ੍ਰਾਕ੍ਰਿਤ ਤੋਂ ਆਧੁਨਿਕ ਭਾਸ਼ਾਵਾਂ ਦੇ ਜਨਮ ਤੇ ਵਿਕਾਸ ਦੀ ਖੋਜ ਕਰਨ ਵਿਚ ਕਾਫ਼ੀ ਮਦਦ ਮਿਲ ਸਕਦੀ ਹੈ।

ਮੁਸਲਮਾਨੀ ਮਜ਼੍ਹਬ ਜਾਂ ਜੋਗ ਮਤ ਅਤੇ ਹਿੰਦੂ ਮਤ ਦੀਆਂ ਰੀਤਾਂ ਰਸਮਾਂ ਦਾ ਬਿਆਨ ਕਰਨ ਵੇਲੇ ਵਾਰਾਂ ਵਿਚ ਕੁਦਰਤੀ ਤੌਰ 'ਤੇ ਅਰਬੀ-ਫ਼ਾਰਸੀ ਤੇ ਸੰਸਕ੍ਰਿਤ ਦੇ ਖ਼ਾਸ ਪ੍ਰੀਭਾਸ਼ਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਜਿਹਾ ਕਿ ਮੁੱਲਾਂ, ਕਾਜ਼ੀ, ਤਸਬੀ, ਖ਼ੁਦਾਇ, ਹਕ, ਤੁਰਕ, ਅਜ਼ਰਾਈਲ, ਫ਼ਰੇਸਤਾ, ਤਲਬਾਂ ਅਤੇ ਸ਼ਾਸਤਰ, ਵੇਦ, ਗਿਰਹ, ਜੋਗੀ, ਜਟਾ, ਬਿਭੂਤ, ਨਿਗ੍ਰਹਿ, ਸੰਜਮ, ਪਾਖੰਡੀ, ਪਖਾਲੇ, ਬਿੰਦ ਤੇ ਜਰਾ ਆਦਿ। ਜਿਥੇ ਕਿਤੇ ਮੁੱਲਾਂ-ਮੁਲਾਣਿਆਂ ਜਾਂ ਜੋਗੀਆਂ ਤੇ ਪੰਡਤਾਂ ਆਦਿ ਨੂੰ ਸੰਬੋਧਨ ਕਰਨ ਦੀ ਲੋੜ ਪਈ ਸੀ, ਉਥੇ ਅਰਬੀ-ਫ਼ਾਰਸੀ ਤੇ ਸੰਸਕ੍ਰਿਤ-ਪ੍ਰਾਕ੍ਰਿਤ ਦੇ ਸ਼ਬਦਾਂ ਦੀ ਖੁੱਲ੍ਹੀ ਵਰਤੋਂ ਕੀਤੀ ਹੈ, ਉਦਾਹਰਣ ਵਜੋਂ ਵੇਖੋ ਫ਼ਾਰਸੀ ਦੇ ਸ਼ਬਦ:

ਚਿਲਿਮਿਲਿ ਬਿਸੀਆਰ ਦੁਨੀਆ ਫਾਨੀ॥
ਕਾਲੂਬਿ ਅਕਲ ਮਨ ਗੋਰ ਨ ਮਾਨੀ॥
ਮਨ ਕਮੀਨ ਕਮਤਰੀਨ ਤੂ ਦਰੀਆਉ ਖੁਦਾਇਆ॥[੯]

ਵਾਰਾਂ ਵਿਚ ਹੋਰਨਾਂ ਬੋਲੀਆਂ ਦੀ ਆਈ ਸ਼ਬਦਾਵਲੀ ਦੀ ਇਕ ਖ਼ੂਬੀ ਇਹ ਹੈ ਕਿ ਬਾਹਰੋਂ ਕੇਵਲ ਜ਼ਰੂਰੀ ਤੇ ਲੋੜੀਂਦੇ ਸ਼ਬਦ ਹੀ ਲਏ ਗਏ ਹਨ ਤੇ ਉਨ੍ਹਾਂ ਨੂੰ ਵੀ ਬਹੁਤਾ ਤਦਭਵ ਰੂਪ ਵਿਚ ਹੀ ਵਰਤਿਆ ਗਿਆ ਹੈ, ਅਰਥਾਤ ਇਨ੍ਹਾਂ ਵਿਚ ਲੋੜੀਂਦੀ ਅਦਲਾ-ਬਦਲੀ ਕਰ ਕੇ ਇਨ੍ਹਾਂ ਨੂੰ ਪੰਜਾਬੀ ਰੂਪ ਦੇ ਲਿਆ ਹੈ ਤੇ ਉਹ ਸਾਡੀ ਬੋਲੀ ਵਿਚ ਰਚ ਮਿਲ ਗਏ ਹਨ, ਜਿਵੇਂ 'ਭਯ' ਤੋਂ ਭਉ', 'ਨਿਹਨਯ' ਤੋਂ 'ਨਿਰਨਉ', 'ਵਿਨਯ' ਤੋਂ 'ਬਿਨੈ', 'ਬਹਿਸ਼ਤ' ਤੋਂ 'ਬਿਸਤ' ਤੇ 'ਸਤ' ਤੋਂ 'ਸਚ' ਆਦਿ। ਇਸ ਤਰ੍ਹਾਂ ਵਾਰਕਾਰਾਂ ਨੇ ਨਾ ਕੇਵਲ ਪੰਜਾਬੀ ਦੇ ਪ੍ਰਚਲਤ ਸ਼ਬਦਾਂ ਨੂੰ ਆਪਣੇ ਵਿਚਾਰਾਂ ਤੇ ਜਜ਼ਬਿਆਂ ਦੇ ਪ੍ਰਗਟਾਵੇ ਲਈ ਵਰਤਿਆ ਹੈ, ਸਗੋਂ ਇਸ ਦੀਆਂ ਉਪਭਾਖਾਵਾਂ ਤੇ ਹੋਰਨਾਂ ਬੋਲੀਆਂ ਵਿਚੋਂ ਢੁਕਵੇਂ ਸ਼ਬਦ ਲੈ ਕੇ ਇਸ ਦੇ ਸ਼ਬਦ-ਭੰਡਾਰੇ ਨੂੰ ਵਧਾਇਆ ਤੇ ਇਸ ਨੂੰ ਵਿਸ਼ਾਲ ਤੇ ਅਮੀਰ ਬਣਾਇਆ ਹੈ।

ਵਾਰਾਂ ਦੀ ਰਚਨਾ ਵਿਚ ਸਾਦਗੀ ਤੇ ਰਵਾਨੀ ਕਮਾਲ ਦੀ ਹੈ। ਹਰੇਕ ਗੱਲ ਨੂੰ ਸਿੱਧੇ-ਸਾਦੇ ਸਰਲ ਢੰਗ ਨਾਲ ਇਉਂ ਬਿਆਨ ਕੀਤਾ ਹੈ, ਜਿਵੇਂ ਸਹਿਜ ਸੁਭਾਅ ਗੱਲਾਂ ਕਰੀਦੀਆਂ ਹਨ। ਕਿਤੇ ਕੋਈ ਗੁੰਝਲ ਨਹੀਂ, ਕੋਈ ਵਲ ਫੇਰ ਨਹੀ.। ਇਉਂ ਜਾਪਦਾ ਹੈ ਕਿ ਕਵਿਤਾ ਕਹਿਣ ਵਿਚ ਕੋਈ ਜ਼ੋਰ ਨਹੀਂ ਲਾਉਣਾ ਪਿਆ, ਉਚੇਚ ਨਹੀਂ ਕਰਨਾ ਪਿਆ, ਸਗੋਂ ਸੁਤੇ-ਸਿਧ ਬੋਲੇ ਹੋਏ ਵਾਕ ਆਪ ਦੇ ਆਪ ਕਵਿਤਾ ਬਣ ਗਏ ਹਨ। ਉਦਾਹਰਣ ਵਜੋਂ ਵੇਖੋ, ਸੇਵਾ ਤੇ ਸਿਮਰਨ ਤੋਂ ਖ਼ਾਲੀ ਜੀਵਨ ਨੂੰ ਕਿਵੇਂ ਸਹਿਜ ਸੁਭਾ ਚੋਟ ਮਾਰੀ ਹੈ:

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥[10]

ਵਾਰਾਂ ਦੀ ਰਚਨਾ ਵਿਚ ਇਕ ਵਿਸ਼ੇਸ਼ ਖ਼ੂਬੀ ਇਹ ਹੈ ਕਿ ਹਰੇਕ ਗੱਲ ਨੂੰ ਥੋੜ੍ਹੇ ਤੋਂ ਥੋੜ੍ਹੇ ਪਰ ਭਾਵ-ਪੂਰਤ ਸ਼ਬਦਾਂ ਵਿਚ ਬਿਆਨ ਕੀਤਾ ਹੈ, ਕੋਈ ਵੀ ਬੇਲੋੜਾ ਵਿਸਥਾਰ ਨਹੀਂ। ' ਜਿੰਨਾ ਚਿਰ' ਦੀ ਥਾਂ 'ਜਿਚਿਰ', 'ਉਸ ਨੇ ਆਖਿਆ' ਦੀ ਥਾਂ 'ਆਖਿਓਨੁ' ਅਤੇ 'ਮੈਂ ਡਿੱਠਾ' ਦੀ ਥਾਂ 'ਡਿਠਮੁ' ਆਖ ਕੇ ਹੀ ਕੰਮ ਸਾਰ ਲਿਆ ਹੈ। ਸੰਬੰਧਕਾਂ ਤੇ ਯੋਜਕਾਂ ਦਾ ਕੰਮ ਸਿਹਾਰੀਆਂ, ਬਿਹਾਰੀਆਂ ਤੇ ਹੋਰ ਲਗਾਂ ਤੋਂ ਲਿਆ ਹੈ। ਵਾਰਾਂ ਦੇ ਰਚਨਹਾਰਿਆਂ ਦਾ ਕਮਾਲ ਇਹ ਹੈ ਕਿ ਵੱਡੇ ਵੱਡੇ ਮਸਲਿਆਂ ਦਾ ਤਤ ਇਕ ਛੋਟੀ ਜਿਹੀ ਤੁਕ ਵਿਚ ਬੰਦ ਕੇ ਰੱਖ ਦੇਂਦੇ ਹਨ। ਇਸੇ ਲਈ ਵਾਰਾਂ ਦੀਆ ਕਈ ਤੁਕਾਂ ਅਖਾਉਤਾਂ ਤੇ ਮੁਹਾਵਰੇ ਬਣ ਕੇ ਲੋਕਾਂ ਦੇ ਮੂੰਹ ਚੜ੍ਹ ਗਈਆ ਹਨ, ਜਿਵੇਂ:

- ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥[11]
- ਨਾਨਕ ਦੁਖੀਆ ਸਭੁ ਸੰਸਾਰੁ॥[12]
- ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ॥[13]
- ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ॥[14]
- ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥[15]
- ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥[16]

– ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥[17]

ਵਾਰਾਂ ਦੀ ਰਚਨਾ ਕਈ ਪ੍ਰਕਾਰ ਦੇ ਛੰਦਾਂ ਵਿਚ ਹੋਈ ਹੈ, ਭਾਵੇਂ ਸਲੋਕਾਂ ਵਿਚ ਬਹੁਤਾ ਕਰਕੇ ਦੋਹਿਰਾ ਛੰਦ ਹੀ ਵਰਤਿਆ ਗਿਆ ਹੈ। ਪਉੜੀਆਂ ਕਈ ਤਰ੍ਹਾਂ ਦੇ ਤੋਲਾਂ ਵਿਚ ਹਨ। ਭਾਵੇਂ ਗੁਰੂ ਸਾਹਿਬਾਨ ਨੇ ਤੋਲ-ਤੁਕਾਂਤ ਨਾਲੋਂ ਭਾਵ ਵੱਲ ਵਧੇਰੇ ਧਿਆਨ ਦਿੱਤਾ ਹੈ, ਪਰ ਸੱਚੇ-ਸੁੱਚੇ ਜਜ਼ਬੇ ਦੇ ਵੇਗ ਕਾਰਨ ਇਨ੍ਹਾਂ ਵਿਚ ਇਕ ਤਰ੍ਹਾਂ ਦਾ ਰਾਗ ਹੈ, ਜੋ ਕਿਤੇ ਵੀ ਬੇਸੁਰਾ ਪ੍ਰਤੀਤ ਨਹੀਂ ਹੁੰਦਾ। ਵਾਰਾਂ ਦੀਆਂ ਪਉੜੀਆਂ 17 ਵੱਖ-ਵੱਖ ਰਾਗਾਂ ਵਿਚ ਲਿਖੀਆਂ ਹੋਈਆਂ ਹਨ ਅਤੇ ਕਈ ਵਾਰਾਂ ਦੇ ਉੱਤੇ ਉਨ੍ਹਾਂ ਦੇ ਗਾਉਣ ਦੀ ਧਾਰਨਾ ਬਾਰੇ ਸੂਚਨਾਂ ਵੀ ਦਿੱਤੀ ਗਈ ਹੈ। ਗੁਰੂ ਸਾਹਿਬਾਨ ਨੇ ਪੁਰਾਣੇ ਛੰਦਾਂ ਵਿਚ ਕਾਂਟ-ਛਾਂਟ ਜਾਂ ਵਾਧਾ-ਘਾਟਾ ਕਰ ਕੇ ਕਈ ਛੰਦ ਵੀ ਰਚੇ ਹਨ।

ਭਾਸ਼ਾ ਮਨੁੱਖੀ ਸਮਾਜ ਦੇ ਆਪਸੀ ਸੰਵਾਦ ਦਾ ਮਾਧਿਅਮ ਹੈ। ਸੰਚਾਰ ਦੇ ਭਾਵੇਂ ਹੋਰ ਵੀ ਕਈ ਮਾਧਿਅਮ ਹਨ ਜਿਨ੍ਹਾਂ ਦੁਆਰਾ ਮਨੁੱਖ ਆਪਣੇ ਭਾਵਾਂ ਨੂੰ ਦੂਜੇ ਤਕ ਪਹੁੰਚਾਉਂਦਾ ਹੈ ਪਰ ਇਹ ਸਭ ਤੋਂ ਪ੍ਰਬਲ ਤੇ ਬੁਨਿਆਦੀ ਮਾਧਿਅਮ ਹੈ। ਇਸ ਮਾਧਿਅਮ ਦਾ ਸੁਭਾਅ ਸਥਿਰ ਨਹੀਂ ਸਗੋਂ ਪਰਿਵਰਤਨਸ਼ੀਲ ਹੈ ਅਤੇ ਸਮੇਂ ਦੇ ਬੀਤਣ ਨਾਲ ਇਸ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ ਜਿਸ ਕਰਕੇ ਕਈ ਸ਼ਬਦਾਂ ਦਾ ਭਾਵਾਰਥ (connotation) ਬਦਲ ਜਾਂਦਾ ਹੈ ਤੇ ਕਈਆਂ ਦਾ ਅਰਥ ਵਿਸਥਾਰ ਹੋ ਜਾਂਦਾ ਹੈ। ਅਰਥਾਂ ਵਿਚ ਸਥਾਨਾਂਤਰ ਨਾਲ ਵੀ ਤਬਦੀਲੀ ਆਉਂਦੀ ਹੈ। ਇੰਞ ਭਾਸ਼ਾ ਦਾ ਸੁਭਾਅ ਸਮੇਂ ਤੇ ਸਥਾਨ ਨਾਲ ਬਦਲਦੇ ਰਹਿਣ ਦਾ ਹੈ। ਸ਼ਬਦਾਂ ਦੇ ਅਰਥ ਹੀ ਨਹੀਂ ਬਦਲਦੇ, ਮੁਹਾਵਰਾ ਵੀ ਬਦਲ ਜਾਂਦਾ ਹੈ। ਇਸ ਲਈ ਸੰਚਾਰ ਦੀ ਸਮੱਸਿਆ ਬਣੀ ਰਹਿੰਦੀ ਹੈ। ਇਹ ਸਮੱਸਿਆ ਹੋਰ ਵੀ ਤੀਬਰ ਹੋ ਜਾਂਦੀ ਹੈ। ਜਦੋਂ ਵਕਤਾ ਆਪਣੀ ਗੱਲ ਆਮ ਵਰਤੋਂ ਤੋਂ ਬਾਹਰੇ ਚਿੰਨ੍ਹਾਂ ਤੇ ਪ੍ਰਤੀਕਾਂ ਵਿਚ ਲਪੇਟ ਕੇ ਕਰਦਾ ਹੈ। ਸੰਚਾਰ ਦੀ ਸਮੱਸਿਆ ਉਨ੍ਹਾਂ ਰਚਨਾਵਾਂ ਵਿਚ ਹੋਰ ਵੀ ਤੀਬਰ ਭਾਂਤ ਉਠਦੀ ਹੈ ਜਿਨ੍ਹਾਂ ਵਿਚ ਗੱਲ ਨੂੰ ਸਮਝਾਉਣ ਲਈ ਸੂਖਮ ਭਾਂਤ ਦੀ ਪਰਿਭਾਸ਼ਿਕ ਸ਼ਬਦਾਵਲੀ ਵਰਤੀ ਗਈ ਹੁੰਦੀ ਹੈ। ਇਸ ਸਮੱਸਿਆ ਦੇ ਹੱਲ ਲਈ ਟੀਕਾਕਾਰੀ ਜਾਂ ਵਿਆਖਿਆਕਾਰੀ ਦੀ ਸਾਹਿਤਕ ਵਿਧਾ ਕਾਰਜਸ਼ੀਲ ਹੁੰਦੀ ਹੈ।

ਗੁਰੂ ਅਰਜਨ ਦੇਵ ਜੀ ਦੀ ਰਚਨਾ 'ਜੈਤਸਰੀ ਦੀ ਵਾਰ' ਤੋਂ ਇਹ ਤੱਥ ਸਪਸ਼ਟ ਹੁੰਦਾ ਹੈ ਕਿ ਗੁਰੂ ਜੀ ਆਪਣੀਆਂ ਭਾਵਨਾਵਾਂ ਨੂੰ ਜਨ-ਸਮੂਹ ਨਾਲ ਕਿਵੇਂ ਸਾਂਝਾ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਇਸ ਰਚਨਾ ਵਿਚ ਸੰਸਕ੍ਰਿਤ ਤੋਂ ਇਲਾਵਾ ਲਹਿੰਦੀ ਤੇ ਸ਼ੁੱਧ ਪੰਜਾਬੀ ਬੋਲੀ ਦੀ ਸ਼ਬਦਾਵਲੀ, ਫ਼ਾਰਸੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਤਰਾਂ ਗੁਰੂ ਕਵੀ ਵਾਰ-ਕਾਵਿ ਦੇ ਉਸਾਰੂ ਪੱਖ ਨੂੰ ਉਜਾਗਰ ਕਰਨ ਵਿਚ ਪੂਰਨ ਭਾਂਤ ਸਫਲ ਹੋਏ ਹਨ।

ਸਲੋਕ: ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ॥
ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ॥
ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ॥
ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ॥
ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ॥

ਪਉੜੀ: ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥[18]

ਸਪਸ਼ਟ ਹੈ ਕਿ ਬਾਣੀ ਵਿਚ ਕਿਤੇ ਢੂੰਡਿਆਂ ਵੀ ਸੰਪਰਦਾਇਕ ਪੱਖਪਾਤ ਨਹੀਂ ਮਿਲਦਾ। ਗੁਰੂ ਨਾਨਕ ਨੇ ਪੰਡਿਤਾਂ ਦੀ ਸੰਸਕ੍ਰਿਤੀ ਬੋਲੀ ਦੇ ਭੇਖ ਨੂੰ 'ਤੇ ਉਸ ਵੇਲੇ ਦੇ ਹਾਕਮਾਂ ਦੀ ਬੋਲੀ ਫਾਰਸੀ ਨੂੰ ਕੋਸਿਆ ਸੀ। ਹਾਕਮਾਂ ਦੇ ਸੇਵਾਦਾਰਾਂ ਤੇ ਪਿੱਛਲੱਗੂ ਹਿੰਦੂ ਆਗੂਆਂ ਦੀ ਬੋਲੀ ਵੀ ਫ਼ਾਰਸੀ ਸੀ, ਪਰ ਆਮ ਜਨਤਾ ਨੂੰ ਇਨ੍ਹਾਂ ਦੋਹਾਂ ਬੋਲੀਆਂ ਨਾਲ ਕੋਈ ਵਾਸਤਾ ਨਹੀਂ ਸੀ। ਉਨ੍ਹਾਂ ਦੇ ਰੋਜ਼ਾਨਾ ਜੀਵਨ ਦੀ ਬੋਲੀ ਅੱਜ-ਕੱਲ੍ਹ ਦੀ ਪੰਜਾਬੀ ਭਾਸ਼ਾ ਦਾ ਪੁਰਾਣਾ ਰੂਪ ਸੀ। ਗੁਰੂ ਸਾਹਿਬ ਨੇ ਲੋਕਾਂ ਦੇ ਦਿਲ ਦੀਆਂ ਤਹਿਆਂ ਤਕ ਪਹੁੰਚਣ ਲਈ ਉਨ੍ਹਾਂ ਦੀ ਆਪਣੀ ਬੋਲੀ ਵਿਚ ਹੀ ਉਨ੍ਹਾਂ ਨੂੰ ਗੱਲਾਂ

ਸਮਝਾਈਆਂ। ਉਨ੍ਹਾਂ ਨੇ ਲੋਕਾਂ ਦੇ ਪੱਧਰ ਦੀ ਬੋਲੀ ਤੇ ਲਿੱਪੀ ਦੀ ਵਰਤੋਂ ਕੀਤੀ। ਉਨ੍ਹਾਂ ਨੇ ਪੰਡਿਤਾਂ, ਸ਼ਾਸਤਰੀਆਂ, ਗਿਆਨੀਆਂ ਦੀ ਔਖੀ ਅਸਾਧਾਰਨ, ਅਸਪਸ਼ਟ ਧੁੰਦਲੀ ਤੇ ਬੇਪਛਾਣੀ ਬੋਲੀ ਨਹੀਂ ਅਪਣਾਈ, ਸਗੋਂ ਐਸੀ ਓਪਰੀ ਬੋਲੀ ਦੇ ਵਿਰੁੱਧ ਬ੍ਰਾਹਮਣਾਂ ਨੂੰ ਵੰਗਾਰਿਆ ਕਿ ਉਹ ਸੰਸਕ੍ਰਿਤ ਭਾਸ਼ਾ ਦੇ ਓਪਰੇ ਤੇ ਪਰਾਏਪਣ ਰਾਹੀਂ ਆਮ ਜਨਤਾ ਨੂੰ ਗੁੰਝਲਾਂ ਤੇ ਭਰਮ-ਭੁਲੇਖਿਆਂ ਵਿਚ ਫਸਾ ਕੇ ਉਨ੍ਹਾਂ ਦੀ ਹੱਡ-ਭੰਨਵੀਂ ਕਮਾਈ 'ਤੇ ਐਸ਼ ਕਰਦੇ ਸਨ। ਬੋਲੀ-ਭੇਖ ਬਾਰੇ ਉਨ੍ਹਾਂ ਦਾ ਕਹਿਣਾ ਹੈ-

ਘਰਿ ਘਰਿ ਮੀਆ ਸਭਨਾਂ ਜੀਆਂ
ਬੋਲੀ ਅਵਰ ਤੁਮਾਰੀ।।[19]

ਇਕ ਥਾਂ ਹੋਰ ਬਿਆਨ ਕੀਤਾ ਹੈ-

ਖਤ੍ਰੀਆ ਤ ਧਰਮੁ ਛੋਡਿਆ
ਮਲੇਛ ਭਾਖਿਆ ਗਹੀ।[20]

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ।।
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ।।
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ।।
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ।।
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ।।[21]

ਇਹ ਵਿਅੰਗ ਕੇਵਲ ਵਿਅੰਗ ਦੀ ਖਾਤਰ ਹੀ ਨਹੀਂ ਸਗੋਂ ਉਸ ਸਧਾਰਨ ਮਾਨਵ ਨੂੰ ਸੁਚੇਤ ਕਰਨ ਲਈ ਹੈ, ਜੋ ਜੀਵਨ ਅਸਥਿਰਤਾ ਨੂੰ ਸੁਖਾਂ ਦੇ ਛਿੰਨ ਭੰਗਰੇ ਸਾਧਨਾਂ ਵਿਚ ਜੁਟਿਆ, ਚੰਗੇ ਮੰਦੇ ਜਾਇਜ਼ ਨਜਾਇਜ਼ ਵਸੀਲਿਆਂ ਨੂੰ ਵਰਤਣ ਤੋਂ ਸੰਕੋਚ ਨਹੀਂ ਕਰਦਾ। ਇਹ ਹਾਲਤ ਧੰਦੇ ਕਾਰਣ ਹੀ ਉਹ ਮਾਨਵ ਤੋਂ ਪਸ਼ੂ ਅਤੇ ਦੇਵਤੇ ਤੋਂ ਰਾਖਸ਼ਸ਼ ਦਾ ਰੂਪ ਧਾਰ ਲੈਂਦੀ ਹੈ। ਉਸ ਨੂੰ ਨੀਚ ਤੋਂ ਉਚ, ਮਨੂਰ ਤੋਂ ਕੰਚਨ ਬਣਾਉਣ ਲਈ ਜਾਂ ਉਕਤ ਗਿਰਾਵਟ ਤੋਂ ਕੱਢਣ ਲਈ ਗੁਰੂ ਸਾਹਿਬ ਕਟਾਖ਼ਸ ਦੀ ਵਰਤੋਂ ਕਰਕੇ ਉਸ ਨੂੰ ਸੁਚੇਤ ਕਰਦੇ ਹਨ।

ਸੰਜਮ, ਸਹਿਜ ਤੇ ਪ੍ਰਵਾਨਤਾ ਦੀ ਕਲਾਤਮਕਤਾ ਇਨ੍ਹਾਂ ਵਾਰਾਂ ਵਿਚ ਇੰਨੀ ਹੈ ਕਿ ਇਕ ਇਕ ਸਤਰ ਆਪਣੀ ਬੁਕਲ ਵਿਚ ਦੁਨੀਆਂ ਦੀ ਮਹਾਨ ਤੇ ਅਟਲ ਹਕੀਕਤ ਸਾਂਭੀ ਬੈਠੀ ਹੈ।

- ਜਿਨਿ ਜਨਿ ਧਿਆਇਆ ਖਸਮੁ ਤਿਨਿ ਸੁਖੁ ਪਾਇਆ।।[22]
- ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ।।[23]
- ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ।।[24]
- ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ।।[25]
- ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ।।[26]
- ਮੰਦਾ ਕਿਸੈ ਨ ਆਖੀਐ।।[27]
- ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ।।[28]

ਇਸ ਤਰ੍ਹਾਂ ਇਨ੍ਹਾਂ ਵਾਰਾਂ ਵਿਚ ਜੀਵਨ ਦੀਆਂ ਅਟਲ ਸਚਾਈਆਂ ਨੂੰ ਪੇਸ਼ ਕਰਨ ਵਾਲੇ ਭਾਵਾਂ ਦੀ ਵਰਤੋਂ ਕੀਤੀ ਹੋਈ ਹੈ। ਅਸਲ ਵਿਚ ਗੁਰੂਆਂ ਦੀ ਬਾਣੀ ਲੋਕਾਂ ਲਈ ਲੋਕ ਭਾਸ਼ਾ ਵਿਚ ਲਿਖੀ ਗਈ ਹੈ। ਇਸ ਲਈ ਇਨ੍ਹਾਂ ਵਿਚ ਉਹ ਸਾਰੇ ਤੱਤ ਆ ਗਏ, ਜੋ ਲੋਕ ਜੀਵਨ ਲਈ ਉਪਯੋਗੀ ਹਨ। ਵਾਰਾਂ ਵਿਚ ਵਿਅੰਗ ਵਿਧੀ ਦੇਖਣਯੋਗ ਹੈ।

ਮਥੈ ਟਿਕਾ ਤੇੜਿ ਧੋਤੀ ਕਖਾਈ।।
ਹਥਿ ਛੁਰੀ ਜਗਤ ਕਾਸਾਈ।।[29]

ਗੁਰੂ ਸਾਹਿਬਾਨਾਂ ਦੁਆਰਾ ਰਚੀਆਂ ਵਾਰਾਂ ਵਿਚ ਪੰਜਾਬੀ, ਫਾਰਸੀ, ਅਰਬੀ, ਪੋਠੋਹਾਰੀ ਤੇ ਲਹਿੰਦੀ ਆਦਿ ਬੋਲੀਆਂ ਦਾ ਮਿੱਸਾਪਣ ਹੈ ਜੋ ਗੁਰੂ ਸਾਹਿਬਾਨਾਂ ਦੀ ਸਰਬ ਸਾਂਝੀ ਸ਼ਖਸੀਅਤ ਅਤੇ ਫ਼ਕੀਰੀ ਸ਼ਾਨ ਦਾ ਲਖਾਇਕ ਹੈ। ਵਾਰ ਕਾਵਿ-ਰੂਪ ਵਿਚ ਅਜਿਹੀਆਂ ਭਾਸ਼ਾਵਾਂ ਦੀ ਵਰਤੋਂ ਉਨ੍ਹਾਂ ਦੀ ਕਾਵਿ ਪ੍ਰਤਿਭਾ ਦੀ ਛੋਹ ਨਾਲ ਏਨੀ ਕਲਾਤਮਿਕ ਹੋ ਨਿਬੜੀ ਹੈ ਕਿ ਇਕ ਸਫ਼ਲ ਸ਼ੈਲੀਕਾਰ ਦੇ ਤੌਰ ਤੇ ਉਹ ਸਾਡੇ ਸਾਹਮਣੇ ਆਉਂਦੇ ਹਨ। ਸਪਸ਼ਟਤਾ, ਸਰਲਤਾ, ਸੰਜਮਤਾ, ਸੰਗੀਤਾਤਮਕਤਾ ਇਨ੍ਹਾਂ ਵਾਰਾਂ ਦੀ ਖੂਬੀ ਹੈ। ਗੁਰੂਆਂ ਦੁਆਰਾ ਵਰਤੀ ਭਾਸ਼ਾ ਦਾ ਸ਼ਬਦ ਕੋਸ਼ ਬਹੁਤ ਵਿਸ਼ਾਲ ਹੈ। ਉਨ੍ਹਾਂ ਨੇ

ਲੋੜ ਅਨੁਸਾਰ ਸੰਸਕ੍ਰਿਤ ਤੇ ਹੋਰ ਅਨੇਕ ਭਾਰਤੀ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਉਨ੍ਹਾਂ ਦੀਆਂ ਪੰਜਾਬੀ ਪ੍ਰਧਾਨ ਵਾਰਾਂ ਦਾ ਵਿਆਕਰਣ ਪੰਜਾਬੀ ਭਾਸ਼ਾ ਦੇ ਅਨੁਕੂਲ ਹੈ। ਉਨ੍ਹਾਂ ਦੀ ਭਾਸ਼ਾ ਵਿਚ ਗੁਝੀ ਸ਼ਕਤੀ ਅਤੇ ਸੋਹਜ ਹੈ। ਇਹ ਸ਼ਕਤੀ ਵਾਕ ਵਿਧਾਨ ਤੋਂ ਲੈ ਕੇ ਭਾਵ ਪ੍ਰਸੰਗ ਦੀ ਅਨੁਕੂਲਤਾ ਤੱਕ ਦੇਖੀ ਜਾ ਸਕਦੀ ਹੈ।

**(ਅ) ਸ਼ਾਬਦਕ ਪੈਟਰਨ**

ਸ੍ਰੀ ਗੁਰੂ ਗ੍ਰੰਥ ਸਾਹਿਬ 1430 ਪੰਨਿਆਂ ਦੇ ਵਿਸ਼ਾਲ ਆਕਾਰ ਵਾਲਾ, ਰਾਗਾਂ ਦੀ ਬੰਦਿਸ਼ ਅਨੁਸਾਰੀ ਛੰਦਬੱਧ ਸੰਪਾਦਿਤ ਗ੍ਰੰਥ ਹੈ। ਇਸ ਵਿਚ 36 ਬਾਣੀਕਾਰਾਂ ਦੀ ਬਾਣੀ ਸੰਕਲਿਤ ਹੈ ਜਿਹੜੇ ਬਾਰ੍ਹਵੀਂ ਤੋਂ ਸਤਾਰ੍ਹਵੀਂ ਸਦੀ ਦੇ ਇਤਿਹਾਸਕ ਕਾਲ ਨਾਲ ਸੰਬੰਧਿਤ ਹਨ। ਇਸ ਦੇ ਨਾਲ ਹੀ ਵੱਖੋ-ਵੱਖਰੇ ਫਿਰਕਿਆਂ, ਖੇਤਰਾਂ, ਧਰਮਾਂ, ਜਾਤਾਂ ਨਾਲ ਸੰਬੰਧ ਰੱਖਣ ਵਾਲੇ ਅਤੇ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਤੇ ਮੁਸਲਮਾਨ ਸਮਾਜਿਕ ਪਿਛੋਕੜ ਵਾਲੇ ਇਨ੍ਹਾਂ ਬਾਣੀਕਾਰਾਂ ਦੀ 'ਬਾਣੀ' ਭੂਗੋਲਿਕ, ਇਤਿਹਾਸਕ, ਸਮਾਜਿਕ ਤੇ ਧਾਰਮਿਕ ਵੱਖਰਤਾਵਾਂ ਦੇ ਬਾਵਜੂਦ, ਆਰੋਥੋਗ੍ਰਾਫੀ ਦੇ ਪੱਧਰ 'ਤੇ ਇਕ ਇਕਾਈ ਵਿਚ ਬੱਝੀ ਹੋਈ ਹੈ। ਇਸ ਤਰ੍ਹਾਂ ਦੇ ਵਖਰੇਵਿਆਂ ਵਾਲੀ ਬਾਣੀ ਦਾ ਭਾਸ਼ਾਈ ਸਰੂਪ ਗੁਰਮੁਖੀ ਔਰਥੋਗ੍ਰਾਫੀ ਰਾਹੀਂ ਇਕਸੁਰਤਾ ਅਤੇ ਇਕਸਾਰਤਾ ਦਾ ਭਾਵ ਸੰਚਾਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜੋ ਕਿ ਦਿੱਖ ਪੱਧਰ 'ਤੇ ਭਾਸ਼ਾ ਦੇ ਵਿਆਕਰਣਕ ਨੇਮਾਂ, ਕਾਵਿ ਦੇ ਬੰਦਾਂ ਅਤੇ ਸੰਗੀਤ ਦੇ ਰਾਗਾਂ-ਰਾਗਣੀਆਂ ਤੇ ਧੁਨਾਂ ਦੀਆਂ ਬੰਦਸ਼ਾਂ ਵਿਚ ਬੱਝੀ ਨਜ਼ਰ ਆਉਂਦੀ ਹੈ, ਅਸਲ ਵਿਚ ਇਹ ਇਨ੍ਹਾਂ ਵਸਤੂਗਤ ਬੰਦਿਸ਼ਾਂ ਤੋਂ ਪਾਰ ਅਧਿਆਤਮਿਕ ਜਗਤ ਨਾਲ ਸੰਬੰਧਿਤ ਸਰਬਵਿਆਪਕ ਸਦੀਵੀ ਸੱਚ ਨਾਲ ਜੁੜੀ ਹੋਈ ਹੈ।

ਗੁਰਬਾਣੀ ਵਿਚ ਵਰਤੀ ਸ਼ਬਦਾਵਲੀ ਬਹੁਤ ਡੂੰਘੇ ਅਰਥਾਂ ਦੀ ਧਾਰਨੀ ਹੈ। ਇਸ ਸ਼ਬਦਾਵਲੀ ਦੇ ਪਹਿਲੇ ਦੋ ਅਰਥਾਂ ਅਰਥਾਤ ਅਭਿਧਾ ਤੇ ਲਕਸ਼ਣਾ ਤਕ ਨਾ ਰਹਿ ਕੇ ਇਸਦੀ ਵਿਅੰਜਨਾ ਸ਼ਕਤੀ

ਵਲ ਧਿਆਨ ਕਰਨਾ ਪਵੇਗਾ। ਅਸਲ ਵਿਚ ਇਹ ਸ਼ਬਦ coded message ਹਨ ਜਿਹਨਾਂ ਨੂੰ Decode ਕਰਕੇ ਇਹਨਾਂ ਦੀ ਰਹਿਤਲ ਅਤੇ ਪਰਤਾਂ ਨੂੰ ਫਰੋਲਿਆ ਜਾ ਸਕਦਾ ਹੈ।

ਕਵਿਤਾ ਵਿਚ ਸ਼ਬਦਾਂ ਦੀ ਜੜਤ ਕਵੀ ਦੀ ਮੀਨਾਕਾਰੀ ਹੁੰਦੀ ਹੈ। ਕਵਿਤਾ ਵਿਚ ਕਵੀ ਕਿਹੋ ਜਿਹੇ ਸ਼ਬਦਾਂ ਦੀ ਚੋਣ ਕਰਦਾ ਹੈ। ਇਹ ਗੱਲ ਕਵੀ ਦੀ ਸ਼ਖਸੀਅਤ ਤੇ ਨਿਰਭਰ ਕਰਦੀ ਹੈ। ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਲਿਖਦੇ ਹਨ:

> ਕਾਵਿ ਵਿਚ ਇਕੋ ਇਕ ਸਾਧਨ ਭਾਸ਼ਾ ਜਾਂ ਸ਼ਬਦ ਹਨ ਜਿਹੜੇ ਕਲਾਕਾਰ ਜਾਂ ਕਵੀ ਦੀ ਕਲਾ ਦਾ ਪਰਿਚਯ ਦੇ ਸਕਦੇ ਹਨ।[30]

ਕਵਿਤਾ ਵਿਚੋਂ ਅਸੀਂ ਸ਼ਬਦਾਂ ਨੂੰ ਵੇਖਦੇ ਨਹੀਂ ਸਗੋਂ ਉਨ੍ਹਾਂ ਰਾਹੀਂ ਕੁਝ ਭਾਵ ਗ੍ਰਹਿਣ ਕਰਦੇ ਹਾਂ। ਜਿਵੇਂ ਅਸੀਂ ਕਿਸੇ ਕੋਲੋਂ ਚੰਗੀ ਗੱਲ ਸਿੱਖ ਲੈਂਦੇ ਹਾਂ ਪ੍ਰੰਤੂ ਸਾਨੂੰ ਇਹ ਖਿਆਲ ਨਹੀਂ ਰਹਿੰਦਾ ਕਿ ਉਸ ਨੇ ਸਿਖਾਉਣ ਵੇਲੇ ਕਿਹੜੇ ਸ਼ਬਦਾਂ ਦਾ ਪ੍ਰਯੋਗ ਕੀਤਾ ਸੀ। ਇਸ ਤਰ੍ਹਾਂ ਕਵਿਤਾ ਵਿਚ ਅਸੀਂ ਕਵੀ ਦੇ ਸ਼ਬਦਾਂ ਨੂੰ ਨਹੀਂ ਸਿੱਖਦੇ ਸਗੋਂ ਇਸ ਰਾਹੀਂ ਕੁਝ ਚੰਗੀਆਂ ਗੱਲਾਂ ਜਾਂ ਭਾਵ ਗ੍ਰਹਿਣ ਕਰਦੇ ਹਾਂ। ਇਸ ਤਰ੍ਹਾਂ ਸ਼ਬਦ ਕਾਵਿ ਕਿਰਤ ਵਿਚ ਇਕ ਦੂਜੇ ਨਾਲ ਪ੍ਰਾਣਧਾਰੀ ਸੰਬੰਧ ਵਿਚ ਜੁੜੇ ਹੁੰਦੇ ਹਨ। ਸਪਸ਼ਟ ਹੈ ਕਿ ਸ਼ਬਦ ਚੋਣ, ਸ਼ਬਦ ਗੋਂਦ ਸ਼ਬਦਾਂ ਦੀ ਕਵਿਤਾ ਵਿਚ ਥਾਂ ਸਿਰ ਜੜ੍ਹਤ ਆਦਿ ਵੀ ਕਾਵਿਕ-ਕਲਾ ਕਵਿਤਾ ਵਿਚ ਵਿਭਿਨ ਅੰਸ਼ ਪੈਦਾ ਕਰਦੀ ਹੈ। ਗੁਰੂ ਸਾਹਿਬਾਨਾਂ ਦੀ ਬਾਣੀ ਵਿਚ ਇਹੀ ਵਿਉਂਤਾਂ, ਵਾਰਾਂ ਨੂੰ ਸੁਹਜਮਈ ਬਣਾਉਣ ਵਿਚ ਮਹੱਤਵਪੂਰਨ ਹਿੱਸਾ ਪਾਉਂਦੀਆਂ ਹਨ।

ਗੁਰੂਆਂ ਦੁਆਰਾ ਰਚੀਆਂ ਵਾਰਾਂ ਵਿਚ ਵਰਤੇ ਗਏ ਸ਼ਬਦ ਤੇ ਉਨ੍ਹਾਂ ਦੁਆਰਾ ਉਤਪਨ ਸੁਹਜ ਬਾਰੇ ਵਿਚਾਰ ਕਰਨ ਲਈ ਵਿਚਾਰ ਅਧੀਨ ਵਾਰਾਂ ਵਿਚ ਆਈ ਸ਼ਬਦਾਵਲੀ ਦੀ ਹੇਠ ਲਿਖੇ ਮੁਤਾਬਕ ਵੰਡ ਕਰ ਸਕਦੇ ਹਾਂ:

1. ਪ੍ਰਾਕਿਰਤੀ ਚੋਂ ਚੁਣੀ ਸ਼ਬਦਾਵਲੀ
2. ਮਨੁੱਖ ਤੇ ਮਨੁੱਖੀ ਸੰਬੰਧਾਂ ਬਾਰੇ ਸ਼ਬਦਾਵਲੀ
3. ਅਧਿਆਤਮਕ ਅਤੇ ਮਿਥਿਹਾਸਿਕ ਸ਼ਬਦਾਵਲੀ

4. ਸ੍ਰਿਸ਼ਟੀ ਤੇ ਬ੍ਰਹਮ ਨਾਲ ਸੰਬੰਧਿਤ ਸ਼ਬਦਾਵਲੀ

5. ਮਨੁੱਖੀ ਜੀਵਨ ਨਾਲ ਸੰਬੰਧਿਤ ਸ਼ਬਦਾਵਲੀ

**1. ਪ੍ਰਾਕਿਰਤੀ ਚੋਂ ਚੁਣੀ ਸ਼ਬਦਾਵਲੀ**

ਗੁਰੂ ਸਾਹਿਬਾਨਾਂ ਨੇ ਆਪਣੀਆਂ ਵਾਰਾਂ ਵਿਚ ਕੁਦਰਤ ਦੇ ਬਹੁਭਾਂਤੀ ਚਿੱਤਰ ਉਲੀਕਣ ਲਈ ਅਤੇ ਆਪਣੇ ਭਾਵਾਂ ਨੂੰ ਵਿਅਕਤ ਕਰਨ ਲਈ ਪ੍ਰਾਕਿਰਤੀ ਵਿਚੋਂ ਸ਼ਬਦਾਵਲੀ ਚੁਣੀ ਹੈ। ਉਨ੍ਹਾਂ ਨੇ ਅਸਮਾਨੀ ਖੇਤਰ ਵਿਚੋਂ ਅਕਾਸ਼, ਚੰਦ ਸੂਰਜ, ਰਾਤ ਦਿਨ, ਪਹੁਫੁਟਾਲਾ, ਧੁੱਪ, ਬੱਦਲੀ ਬਿਜਲੀ ਮੀਂਹ, ਤਾਰੇ ਆਦਿ ਸ਼ਬਦਾਵਲੀ ਦੀ ਬਿੰਬ ਰੂਪ ਵਿਚ ਵਰਤੋਂ ਕੀਤੀ ਹੈ।

(ੳ) ਨਾਨਕ ਬਿਜੁਲੀਆ ਚਮਕੰਨਿ ਘੁਰਨਿ ਘਟਾ ਅਤਿ ਕਾਲੀਆ।।
ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ।।[31]

(ਅ) ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ।।
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ।[32]

ਗੁਰੂ ਜੀ ਦੀ ਇਸ ਰਚਨਾ ਵਿਚ ਕੁਦਰਤਿ ਦਾ ਅਤਿ ਡਰਾਉਣਾ ਦ੍ਰਿਸ਼ ਹੈ ਜਿਸ ਨੂੰ ਉਹਨਾਂ ਨੇ ਬਿਜਲੀਆਂ ਚਮਕੰਨਿ, ਅਤਿ ਕਾਲੀਆਂ ਘਟਾਵਾਂ ਦਾ ਗਰਜਨਾ ਆਦਿ ਸ਼ਬਦਾਂ ਦੁਆਰਾ ਸਾਕਾਰ ਕੀਤਾ ਹੈ। ਅਜਿਹੇ ਹਾਲਾਤ ਵਿਚ ਸੰਗਮ, ਪਿਰੀ, ਸੁਹੰਦੀਆ, ਸ਼ਬਦ, ਪਤੀ ਮਿਲਾਪ ਦੇ ਸੁਖਾਵੇਂ ਵਾਤਾਵਰਣ ਨੂੰ ਸਾਕਾਰ ਕਰਦੇ ਹਨ। ਇਥੇ ਗੁਰੂ ਜੀ ਦੇ ਸ਼ਬਦ, ਭਾਵਾਂ ਦੇ ਕੇਵਲ ਬਾਹਰਮੁਖੀ ਕੁਦਰਤ ਦਾ ਹੁਲਾਰਾ ਨਹੀਂ ਸਗੋਂ ਇਨ੍ਹਾਂ ਦੇ ਵਿਅੰਜਨਾਰਥ ਸਦਕਾ ਉਨ੍ਹਾਂ ਨੇ ਕੁਦਰਤ ਦੇ ਸੀਨੇ ਵਿਚ ਕਾਦਰ ਦੇ ਦਿਲ ਦੀ ਧੜਕਣ ਭਰ ਦਿੱਤੀ ਹੈ। ਬਿਜਲੀਆਂ ਦਾ ਚਮਕਣਾ, ਕਾਲ਼ੀਆਂ ਘਟਾਵਾਂ ਦਾ ਪੋਹਣਾ ਤੇ ਬੱਦਲਾਂ ਦਾ ਗਰਜਣਾ ਤੇ ਵਰਸਣਾ ਆਦਿ ਸ਼ਬਦ ਮਨੁੱਖ ਨੂੰ ਪ੍ਰਾਭੌਤਿਕ ਦਾ ਅਨੁਭਵ ਕਰਾਉਂਦੇ ਹੋਏ ਸੰਗਮ, ਪਿਰੀ ਸੁਹੰਦੀਆਂ ਸ਼ਬਦਾਂ ਦੁਆਰਾ ਭੌਤਿਕਤਾ ਨਾਲ ਜੋੜਦੇ ਹਨ। ਗੁਰੂ ਜੀ ਨੇ ਕਲਪਨਾ ਨੂੰ ਢੁਕਵੀਂ ਸ਼ਬਦਾਵਲੀ ਦੁਆਰਾ ਸਾਕਾਰ ਕੀਤਾ ਹੈ। ਸ਼ਬਦ ਗੋਂਦ ਦੀ ਇਹ ਵਿਉਂਤ ਸ਼ਾਬਦਿਕ ਸੰਗੀਤ, ਸ਼ਬਦ ਧੁਨੀ, ਸ਼ਬਦ ਰਸ, ਸ਼ਬਦ ਅਰਥ ਅਤੇ ਸ਼ਬਦ ਭਾਵ ਦੁਆਰਾ ਪ੍ਰਬਲ ਰੂਪ ਵਿਚ ਕਵਿਤਾ ਨੂੰ

ਸੁਹਜ ਭਰਪੂਰ ਬਣਾਉਣ ਵਲ ਰੁਚਿਤ ਹੈ। ਗੁਰੂ ਸਾਹਿਬਾਨਾਂ ਨੂੰ ਆਪਣੇ ਅਧਿਆਤਮਕ ਭਾਵਾਂ ਨੂੰ ਪੰਛੀਆਂ ਆਦਿ ਦੇ ਰਾਹੀਂ ਵੀ ਅਭਿਵਿਅਕਤ ਕੀਤਾ ਹੈ।

ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ।।[33]

ਕੁਦਰਤ ਮਨੁੱਖੀ ਸਭਿਆਚਾਰ ਵਿਚ ਅਨੇਕਤਾ, ਬਹੁਰੂਪਤਾ, ਵਿਭਿੰਨਤਾ ਅਤੇ ਵੰਨਸੁਵੰਨਤਾ ਪੈਦਾ ਕਰਦੀ ਹੈ। ਗੁਰੂ ਸਾਹਿਬਾਨਾਂ ਨੇ ਵਾਰ-ਕਾਵਿ ਵਿਚ ਅਜਿਹੇ ਕੁਦਰਤੀ ਦ੍ਰਿਸ਼ਾਂ ਨੂੰ ਚਿਤਰ ਕੇ, ਗੁਰਮੁੱਖਾਂ ਅਤੇ ਮਨਮੁੱਖਾਂ ਵਿਚਲਾ ਅੰਤਰ ਦ੍ਰਿਸ਼ਾਇਆ ਹੈ। ਅਜਿਹੀਆਂ ਕੁਦਰਤੀ ਉਦਾਹਰਣਾਂ ਮਨੁੱਖੀ ਮਨ ਤੇ ਡੂੰਘਾ ਅਸਰ ਪਾਉਂਦੀਆਂ ਹਨ ਅਤੇ ਮਨੁੱਖ ਸੋਚਣ ਲਈ ਮਜ਼ਬੂਰ ਹੁੰਦਾ ਹੈ। ਜਦੋਂ ਮਨੁੱਖ ਵਿਚ ਸੋਚਣ-ਸੋਝੀ ਆ ਜਾਵੇ ਤਾਂ ਉਹ ਅਵਸ਼ ਹੀ ਗੁਰਮੁਖਤਾ ਦੇ ਰਾਹ ਨੂੰ ਅਪਣਾਉਂਦਾ ਹੈ।

ਗੁਰੂ ਸਾਹਿਬਾਨਾਂ ਨੇ ਰੁਤਾਂ ਵਿਚੋਂ ਸਾਵਨ ਤੇ ਬਸੰਤ ਨੂੰ ਵਿਸ਼ੇਸ਼ ਤੌਰ ਤੇ ਲਿਆ ਹੈ। ਗੁਰੂ ਕਵੀਆਂ ਨੇ ਸ੍ਰਿਸ਼ਟੀ ਰਚਨਾ ਨਾਲ ਸੰਬੰਧਤ ਅਨੇਕਾਂ ਪਦਾਰਥਾਂ, ਫੁੱਲਾਂ, ਫਲਾਂ, ਬਿਰਖਾਂ, ਬੂਟਿਆਂ, ਪਸ਼ੂਆਂ, ਪੰਖੀਆਂ, ਰੁੱਤਾਂ ਤੇ ਮੌਸਮ ਵਲ ਸੰਕੇਤ ਕੀਤਾ ਹੈ। ਗੁਰੂ ਸਾਹਿਬਾਨਾਂ ਨੇ ਸ੍ਰਿਸ਼ਟੀ ਦੇ ਹਰ ਭਾਗ ਬਾਰੇ ਉਨ੍ਹਾਂ ਦੀ ਸ਼ਬਦਾਵਲੀ ਦੇ ਚਮਤਕਾਰ ਵਿਖਾਏ ਹਨ। ਮੁੱਢਲੇ ਤੱਤਾਂ ਤੇ ਭੌਤਿਕ ਪਦਾਰਥਾਂ ਬਾਰੇ ਗੁਰੂਆਂ ਦੁਆਰਾ ਇਸੇ ਤਰ੍ਹਾਂ ਦੀ ਸ਼ਬਦਾਵਲੀ ਦਾ ਪ੍ਰਯੋਗ ਹੋਇਆ ਹੈ ਜਿਵੇਂ ਜਲ, ਪਾਣੀ, ਨੀਰ ਅੰਭ, ਵਾਉ, ਪਾਉਣਾ, ਅਕਲ, ਅਗਨਿ, ਅੰਚ, ਬੈਸੰਤਰ, ਧਰਤੀ, ਧਰਣੀ, ਮੇਦਣੀ, ਅੰਬਰ, ਅਕਾਸ਼, ਲੋਹਾ, ਕੰਚਨ ਮਾਟੀ, ਜਵਾਹਰ ਆਦਿ। ਫੁੱਲਾਂ ਵਿਚੋਂ ਗੁਰੂਆਂ ਦੀਆਂ ਵਾਰਾਂ ਵਿਚ ਕੰਵਲ, ਕਸੁੰਭ, ਕਸੁੰਭੜਾ, ਮਜੀਠ, ਚਲੂਲਾ ਆਦਿ ਦੇ ਸੰਕੇਤ ਮਿਲਦੇ ਹਨ। ਕਸੁੰਭ ਜਾਂ ਕਸੁੰਭੜੇ ਰਾਹੀ. ਗੁਰੂਆਂ ਨੇ ਸੰਸਾਰ ਦੀ ਛਿੰਨ-ਭੰਗਰਤਾ ਬਾਰੇ ਸੰਸਾਰ ਨੂੰ ਖਬਰਦਾਰ ਕੀਤਾ ਹੈ। ਜਿਥੋਂ ਤੱਕ ਬਿਰਖਾਂ, ਬੂਟਿਆਂ ਦਾ ਸੰਬੰਧ ਹੈ ਗੁਰੂ ਕਵੀਆਂ ਨੇ ਚੰਦਨ ਦੀ ਜ਼ਿਆਦਾ ਮਹਿਮਾ ਗਾਈ ਹੈ। ਚੰਦਨ ਕੋਈ ਸਧਾਰਣ ਰੁੱਖ ਨਹੀਂ ਸਗੋਂ ਸਤਿਸੰਗਤ ਦੀ ਛਤਰ ਛਾਇਆ ਹੈ। ਇਸੇ ਤਰ੍ਹਾਂ ਤਰਵਰ, ਬਿਰਖ, ਡਾਲੀ, ਵਾੜੀ ਆਦਿ ਸ਼ਬਦਾਂ ਦੀ ਵਰਤੋਂ ਆਤਮਿਕ ਭੇਦਾਂ ਨੂੰ ਖੋਲਣ ਲਈ ਕੀਤੀ ਹੈ। ਜੰਗਲੀ ਜਾਨਵਰਾਂ ਵਿਚੋਂ ਹਾਥੀ ਬਾਰੇ ਕਈ ਸ਼ਬਦ ਹਨ ਜਿਵੇਂ ਹਸਤੀ, ਕੁੰਚਰ ਪੀਲਕ, ਅਧਿਆਤਮਕ ਅਰਥਾਂ ਵਿਚ ਹਾਥੀ ਮਨ ਹੈ, ਇਸੇ

ਤਰ੍ਹਾਂ ਮਿਰਗ ਵੀ ਮਿਥਿਆ ਦਾ ਪ੍ਰਤੀਕ ਹੈ। ਪੰਛੀਆਂ ਵਿਚੋਂ ਹੰਸ ਸ੍ਰੇਸ਼ਟ ਪੰਛੀ ਹੈ। ਹੰਸ ਦੇ ਉਲਟ ਬਗਲਾ (ਬਗ) ਜਾਂ ਕੂੰਜ ਸਭ ਮਲੀਨਤਾ ਦੇ ਅਰਥ ਰੱਖਦੇ ਹਨ। ਪੰਛੀਆਂ ਦੀ ਅੰਤਰੀਵ ਆਤਮਾ ਦੀ ਚਿੱਤਰਕਾਰੀ ਲਈ ਚਾਤ੍ਰਿਕ ਜਾਂ ਬੰਬੀਹਾ ਪੇਸ਼ ਕੀਤਾ ਹੈ। ਬੰਬੀਹਾ ਪ੍ਰਭੂ ਪਿਆਰ ਲਈ ਤੜਪਦੀ ਤੇ ਵਿਲਕਦੀ ਆਤਮਾ ਦਾ ਪ੍ਰਤੀਕ ਹੈ। ਕੀੜੇ, ਮਕੌੜੇ ਵੀ ਜੀਵਨ ਦੇ ਕਈ ਭੇਦ ਖੋਲਣ ਆਏ ਹਨ। ਸੱਪ, ਪਤੰਗ, ਬਿਸਟਾ ਦਾ ਕੀੜਾ। ਸਰਪ ਮਾਇਆ ਦਾ ਪ੍ਰਤੀਕ ਹੋਣ ਕਰਕੇ ਬਹੁਤੀ ਥਾਈਂ ਨਾਗਨੀ ਦੇ ਸੁੰਦਰ ਤੇ ਵਲ ਛਲ ਵਾਲੇ ਸਰੂਪ ਵਿਚ ਮੂਰਤੀਮਾਨ ਹੈ। ਸੱਪ ਦੀ ਖੁੱਡ ਨੂੰ ਵਰਮੀ ਦਾ ਨਾਂ ਦਿੱਤਾ ਗਿਆ ਹੈ ਅਤੇ ਸੱਪ ਨੂੰ ਮਾਰਨ ਲਈ ਵਰਮੀ ਉੱਤੇ ਸੋਟੇ ਮਾਰਨ ਵਾਲਿਆਂ ਨੂੰ ਖਬਰਦਾਰ ਕੀਤਾ ਹੈ। ਦੂਜੇ ਸ਼ਬਦਾਂ ਵਿਚ ਗੁਰੂ ਸਾਹਿਬਾਨਾਂ ਨੇ ਮਨ ਨੂੰ ਮਾਰਨ ਲਈ ਕਰਮ ਕਾਂਡ ਆਦਿ ਉਪਾਵਾਂ ਦੀ ਥਾਂ ਗੁਰੂ ਦੀ ਸ਼ਰਨ ਨੂੰ ਪ੍ਰਾਪਤ ਕਰਨਾ ਸਹੀ ਰਸਤਾ ਮੰਨਿਆ ਹੈ। ਵਰਮੀ ਦੇ ਬਿੰਬ ਰਾਹੀਂ ਗੁਰੂ ਸਾਹਿਬ ਨੇ ਅਤਿ-ਸੂਖਮ ਪਰੰਤੂ ਪ੍ਰਭਾਵਮਈ ਉਪਦੇਸ਼ ਦਿੱਤਾ ਹੈ:

> ਵਰਮੀ ਮਾਰੀ ਸਾਪੁ ਨਾ ਮਰੈ ਤਿਉ ਨਿਗੁਰੇ ਕਰਮ ਕਮਾਹਿ।[34]

2. **ਮਨੁੱਖ ਅਤੇ ਮਨੁੱਖੀ ਸੰਬੰਧਾਂ ਬਾਰੇ ਸ਼ਬਦਾਵਲੀ**

ਗੁਰੂ ਕਵੀਆਂ ਨੇ ਆਪਣੀਆਂ ਵਾਰਾਂ ਵਿਚ ਸੁਹਜਮਈ ਰੰਗ ਭਰਨ ਲਈ ਮਨੁੱਖ ਸੰਬੰਧੀ ਤੇ ਮਨੁੱਖੀ ਰਿਸ਼ਤਿਆਂ ਵਿਚੋਂ ਵੀ ਸ਼ਬਦਾਵਲੀ ਚੁਣੀ ਹੈ। ਉਨ੍ਹਾਂ ਦੀ ਸ਼ਬਦਾਵਲੀ ਮਨੁੱਖ ਦੀ ਸਮਾਜਿਕ ਜਾਂ ਧਾਰਮਿਕ ਅਵਸਥਾ ਦਾ ਚਿੱਤਰ ਹੀ ਪੇਸ਼ ਨਹੀਂ ਕਰਦੀ ਬਲਕਿ ਮਾਇਆ ਗ੍ਰਸੇ ਮਨੁੱਖ ਦੀਆਂ ਸਦਾਚਾਰਕ ਊਣਤਾਈਆਂ ਬਾਰੇ ਉਸਾਰੂ ਆਲੋਚਨਾ ਕਰਕੇ ਮਨੁੱਖ ਨੂੰ ਆਦਰਸ਼ ਮਨੁੱਖੀ ਜੀਵਨ ਜਿਊਣ ਦੀ ਜਾਂਚ ਸਿਖਾਉਂਦੀ ਹੈ। ਇਕ ਪਾਸੇ ਪੰਜ ਵਿਕਾਰ ਹਨ ਜਿਹਨਾਂ ਨੂੰ ਸਹਿਜਮਈ ਅਵਸਥਾ ਵਿਚ ਰੱਖਣ ਲਈ ਮਨੁੱਖ ਨੇ ਅਧਿਆਤਮਕਤਾ ਦਾ ਰਾਹ ਅਪਣਾਉਣਾ ਹੈ:

> ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥
> ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥
> ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥

ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥

ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥[35]

ਬਸੰਤ ਦੀ ਵਾਰ ਵਿਚ ਵੀ ਮਨੁੱਖ ਨੂੰ ਕੁਦਰਤੀ ਦ੍ਰਿਸ਼ਾਂ ਰਾਹੀਂ ਅਧਿਆਤਮਕਤਾ ਵਲ ਪ੍ਰੇਰਿਆ ਹੈ, ਜਿਸ ਤਰ੍ਹਾਂ ਨਾਲ ਬਸੰਤ ਰੁੱਤ ਵਿਚ ਫੁੱਲ ਬੂਟੇ ਮੌਲਦੇ ਹਨ ਬਿਲਕੁਲ ਉਸੇ ਤਰ੍ਹਾਂ ਨਾਮ ਜਪਣ ਦੀ ਰੁੱਤ ਮਨੁੱਖਾ ਜੀਵਨ ਹੈ। ਗੁਰੂ ਕਵੀਆਂ ਨੇ ਮਨੁੱਖੀ ਰਿਸ਼ਤਿਆਂ ਸੰਬੰਧੀ ਸ਼ਬਦਾਂ ਨੂੰ ਆਪਣੀ ਕਲਾਤਮਕਤਾ ਰਾਹੀਂ ਅਧਿਆਤਮਕ ਅਨੁਭਵ ਨੂੰ ਪ੍ਰਗਟਾਉਣ ਲਈ ਵਰਤਿਆ ਹੈ। ਮਨੁੱਖੀ ਰਿਸ਼ਤਿਆਂ ਸੰਬੰਧੀ ਉਹਨਾਂ ਦੇ ਸ਼ਬਦ ਭੰਡਾਰ ਵਿਚ ਅਨੇਕਾਂ ਸ਼ਬਦ ਮਿਲਦੇ ਹਨ। ਗੁਰੂ ਕਵੀਆਂ ਨੇ ਆਪਣੀ ਬਾਣੀ ਵਿਚ ਆਤਮਾ ਨੂੰ ਪਤਨੀ ਤੇ ਪਰਮਾਤਮਾ ਨੂੰ ਪਤੀ ਦੇ ਰੂਪ ਵਿਚ ਵਿਚਾਰਿਆ ਹੈ।

(ੳ) ਕਾਜਲ ਫੂਲ ਤੰਬੋਲ ਰਸੁ ਲੇ ਧਨ ਕੀਆ ਸੀਗਾਰੁ॥
ਸੇਜੈ ਕੰਤੁ ਨ ਆਇਓ ਏਵੈ ਭਇਆ ਵਿਕਾਰੁ॥[36]

(ਅ) ਸਭਨਾ ਕਾ ਪਿਰੁ ਏਕੁ ਹੈ ਪਿਰ ਬਿਨੁ ਖਾਲੀ ਨਾਹਿ॥
ਨਾਨਕ ਸੇ ਸੋਹਾਗਣੀ ਜਿ ਸਤਿਗੁਰ ਮਾਹਿ ਸਮਾਹਿ॥[37]

### 3. ਅਧਿਆਤਮਕ ਅਤੇ ਮਿਥਿਹਾਸਕ ਸ਼ਬਦਾਵਲੀ

ਗੁਰੂ ਕਵੀਆਂ ਨੇ ਆਪਣੇ ਅਧਿਆਤਮਕ ਅਨੁਭਵ ਨੂੰ ਲੋਕ-ਹੇਤੂ ਬਣਾਉਣ ਲਈ ਨਿਵੇਕਲੇ ਰਾਹ ਚੁਣੇ ਹਨ ਜਿਵੇਂ ਸਮੇਂ ਦੀ ਗਤੀ ਨੂੰ ਦਰਸਾਉਣ ਲਈ ਆਦਿ ਜੁਗਾਦਿ, ਛੱਤੀ ਜੁੱਗ, ਚਹੁਜੁਗੀ, ਸਤਵਾਰ, ਘੜੀ, ਪਲ, ਖਿੰਨ, ਦਸਾ, ਤਤਕਾਲ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਸੇ ਤਰ੍ਹਾਂ ਹੀ ਅੰਮ੍ਰਿਤ ਵੇਲਾ ਸੰਧਿਆ ਅਤੇ ਰੈਣ ਵੀ ਵਰਨਣਯੋਗ ਹਨ। ਉਮਰ ਲਈ ਆਰਜਾ ਅਤੇ ਸਮੇਂ ਦੀ ਗਤੀ ਨੂੰ ਮਾਪਣ ਲਈ ਘੜਿਆਲ ਸ਼ਬਦ ਦੀ ਵਰਤੋਂ ਮਿਲਦੀ ਹੈ। ਇਸੇ ਤਰ੍ਹਾਂ ਅਕਾਸ਼, ਪਤਾਲ, ਚੰਨ, ਸੂਰਜ, ਧਰਤੀ, ਜਲ, ਥਲ, ਸਮੁੰਦਰ, ਬੁਦ-ਬੁਦਾ ਅਤੇ ਲਹਿਰ ਆਦਿ ਸ਼ਬਦਾਂ ਦੀ ਆਤਮਾ ਵੀ ਅਧਿਆਤਮਕ ਅਰਥਾਂ ਨੂੰ ਖੋਲਦੀ ਪ੍ਰਤੀਤ ਹੁੰਦੀ ਹੈ। ਕਈ ਸ਼ਬਦਾਂ ਵਿਚੋਂ ਸੰਗੀਤ ਨਿਰਤ,

ਚਿਤਰਕਾਰੀ ਤੇ ਤਾਲਾਂ ਅਤੇ ਰੰਗਾਂ ਨਾਲ ਨੱਚਦੇ ਟੱਪਦੇ ਤੇ ਗਾਉਂਦੇ ਹੋਏ ਅਲੌਕਿਕ ਰਾਸ ਰਚਾਉਂਦੇ ਹੁੰਦੇ ਹਨ। ਉਨਵਿ ਊਨਵਿ ਆਇਆ ਝਿਮਿ, ਝਿਮਿ ਅੰਮ੍ਰਿਤ ਵਰਸਦਾ, ਉਠਾ ਛਹਿਬਰ ਲਾਈਆਂ, ਭਿੰਨੀ ਰੈਣ, ਛਾਵ-ਘਟਾ, ਫੁਲੀ ਬਨਰਾਇ ਵਡ ਝਾਲਿ ਝਲੁੰਤਲੈ ਅਤੇ ਖੇਤ ਸਿਆਲਾ ਉਚੀਆਂ ਆਦਿ ਸ਼ਬਦਾਵਲੀ, ਗੁਰੂਆਂ ਦੀ ਸ਼ਬਦ ਚੋਣ ਦੀ ਸਾਖੀ ਭਰਦਾ ਹੈ ਅਤੇ ਇਹ ਕਲਾ ਉਹਨਾਂ ਦੇ ਭਾਵਾਂ ਨੂੰ ਹੋਰ ਵੀ ਸੋਹਜਮਈ ਬਣਾਉਂਦੀ ਹੈ:

- ਊਂਨਵਿ ਉਂਨਵਿ ਆਇਆ ਅਵਰਿ ਕਰੇਂਦਾ ਵੰਨ।।
  ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ।।[38]
- ਭਿੰਨੀ ਰੈਣਿ ਚਮਕਿਆ ਵੁਠਾ ਛਹਬਰ ਲਾਇ।।[39]
- ਖੇਤਿ ਮਿਆਲਾ ਉਚੀਆ ਘਰੁ ਉਚਾ ਨਿਰਣਉ।।
  ਮਹਲ ਭਗਤੀ ਘਰਿ ਸਰੈ ਸਜਣ ਪਾਹੁਣਿਆਉ।।
  ਬਰਸਨਾ ਤ ਬਰਸੁ ਘਨਾ ਬਹੁੜਿ ਬਰਸਹਿ ਕਾਹਿ।।[40]
- ਸਾਵਣਿ ਸਰਸੀ ਕਾਮਣੀ।।[41]

ਗੁਰੂ ਵਾਰਾਂ ਵਿਚ ਯੋਗ ਅਭਿਆਸ ਕਰਮ ਕਾਂਡ ਅਤੇ ਆਤਮਕ ਅਵਸਥਾਵਾਂ ਨੂੰ ਚਿੱਤਰਨ ਵਾਲੇ ਸ਼ਬਦ ਵੀ ਅਨੇਕਾਂ ਮਿਲਦੇ ਹਨ। ਜਪ-ਤਪ, ਸੰਜਮ, ਅਰਦਾਸਿ, ਕਰਮ ਕਾਂਡ, ਦੀਖਿਆ ਆਸਣਿ, ਨੇਤੀ, ਧੋਤੀ, ਕਰਣ ਪਲਾਹ, ਉਰਧ ਤਪ, ਤਾੜੀ ਧਿਆਨ, ਸਮਾਧੀ, ਹੋਮਯਗ, ਤਰਪਣ, ਨਉਨਿਧ, ਅਠਾਰਹਿ ਸਿਧੀ, ਕਰਾਮਾਤ, ਊਨਮਨਿ, ਤੁਰੀਆਂ, ਅਮਰਾਪਦ, ਮੁਕਤੀ, ਮੋਖ, ਬਿਬੇਕ ਕਰਮਕਾਂਡ, ਭਸਮ, ਬ੍ਰਹਮ ਗਿਆਨੀ, ਨਿਰਘਰਿ, ਸਹਜ ਧੁਨਿ, ਅਨਹਤ ਸ਼ਬਦ, ਅਨਹਤ ਬਾਣੀ, ਅਨਹਤ ਧੁਨੀ ਦੁਬਿਧਾ, ਦਮਨੀ, ਦੁਤੀਆ ਭਾਵ ਆਦਿ। ਗੁਰੂ ਸਾਹਿਬਾਂ ਨੇ ਅਜਿਹੀ ਸ਼ਬਦਾਵਲੀ ਦੀ ਵਰਤੋਂ ਨਾਲ ਵਿਚਾਰਧਾਰਿਕ ਸੰਵਾਦ ਵਿਚ ਤਬਦੀਲੀ ਕਰਕੇ ਉਸ ਨੂੰ ਲੋਕ-ਹਿੱਤੂ ਅਤੇ ਕਾਰਜਸ਼ੀਲ ਬਣਾਇਆ।

## 4. ਸ੍ਰਿਸ਼ਟੀ ਅਤੇ ਬ੍ਰਹਮ ਵਾਚਕ ਸ਼ਬਦਾਵਲੀ

ਵਾਰਾਂ ਵਿਚ ਲਿਖੇ ਬ੍ਰਹਮਵਾਚਕ ਸ਼ਬਦ ਮਿਲਦੇ ਹਨ - ਉਅੰਕਾਰ, ਅਲਾਹ, ਸਾਹਿਬ, ਅਤੁਲ, ਅਥਾਹ, ਅਕਥ, ਅਜੋਨੀ, ਅਗਮ, ਅਗੋਚਰ, ਅਪਰੰਪਰ, ਅਵਿਨਾਸ਼ੀ ਅਲਖ, ਆਦਿ ਪੁਰਖ, ਸੁਖਦਾਤਾ, ਸੁਖ ਸਾਗਰ ਸੂਖਮ ਹਰਿ ਕਰਣਕਾਰਣ, ਗੁਣ ਦਾਤਾ, ਗੋਸਾਈ, ਗੋਬਿੰਦ, ਜਗਦੀਸ਼, ਜਗਜੀਵਨ, ਠਾਕਰ, ਦਇਆਲ, ਗੋਬਿੰਦ, ਨਰਾਇਣ, ਨਿਹਕੰਵਲ ਜਮਕਾਲ, ਭਗਵੰਤ, ਭਗਵਾਨ, ਭੈ-ਭੰਜਨ, ਮਧੁਸੂਦਨ, ਮਨਮੋਹਣ, ਮੁਰਾਰੀ, ਮਿਹਰਵਾਨ, ਰਾਮ, ਰਮਈਆ, ਰਘੁਰਾਇਆ, ਵਾਸਦੇਉ, ਇਸਲਾਮ ਧਰਮ ਦਾ ਸਰਬ ਸ੍ਰੇਸ਼ਟ ਸ਼ਬਦ ਅੱਲਾ। ਅਲਖ, ਅਭੇਦ, ਆਤਮਾ ਰਾਮ, ਸਿਰਜਣਹਾਰ, ਸਾਰੰਗ ਪਾਣੀ, ਹਰਿ ਕਰਤਾ, ਕਰਤਾਰ, ਏਕੰਕਾਰ, ਗੁਣੀ ਗਹੀਰ, ਦੀਨ ਦਿਆਲ ਨਿਰਭਉ, ਨਿਰਵੈਰ, ਪਰਮੇਸਰ ਸਤਿਗੁਰੂ, ਪਾਰਬ੍ਰਹਮ ਆਦਿ।

ਬ੍ਰਹਮਵਾਚਕ ਸ਼ਬਦਾਵਲੀ ਗੁਰੂ ਸਾਹਿਬਾਨਾ ਦੀਆਂ ਸਮੂਹ ਵਾਰਾਂ ਵਿਚ ਸਮਾਈ ਹੋਈ ਹੈ। ਇਨ੍ਹਾਂ ਸ਼ਬਦਾਂ ਦੇ ਭਰਪੂਰ ਪ੍ਰਯੋਗ ਦੁਆਰਾ ਗੁਰੂ ਜੀ ਨੇ ਬਾਣੀ ਵਿਚ ਅਧਿਆਤਮਕ ਸਰੋਦ ਪੈਦਾ ਕੀਤਾ ਹੈ। ਇਹ ਸ਼ਬਦਾਵਲੀ ਗੁਰੂਆਂ ਦੇ ਵਿਚਾਰਾਂ ਨੂੰ ਜਨ-ਸਧਾਰਣ ਤੱਕ ਪਹੁੰਚਾਉਣ ਲਈ ਪੂਰਨ ਤੌਰ ਤੇ ਸਹਾਈ ਹੋਈ। ਮਨੁੱਖੀ ਜੀਵਨ ਨਾਲ ਸੰਬੰਧਿਤ ਸ਼ਬਦਾਵਲੀ ਖਾਣ-ਪੀਣ, ਪਹਿਨਣ ਅਤੇ ਰਹਿਣ-ਸਹਿਣ ਤੋਂ ਛੁਟ ਹਾਰ ਸਿੰਗਾਰ, ਕਾਰ ਵਿਹਾਰ, ਹੱਟੀ-ਪੱਟੀ, ਗਿਣਤੀ ਮਿਣਤੀ, ਪੜ੍ਹਾਈ ਲਿਖਾਈ, ਦਵਾ-ਦਾਰੂ ਅਤੇ ਹੋਰ ਕਈ ਤਰ੍ਹਾਂ ਦੇ ਨਿੱਕ ਸੁੱਕ ਨਾਲ ਸੰਬੰਧਤ ਸੰਕੇਤ ਇਸ ਪ੍ਰਕਾਰ ਹਨ - ਅੰਨ, ਧਾਨ, ਦੁਧ, ਤਿਲ, ਤੁਹ ਪਰਾਲਾ, ਖੇਤ, ਪੁਹਣਾ, ਹਰਟ, ਵਿਸ ਅੰਮ੍ਰਿਤ, ਕਸਤੂਰੀ, ਰਸਕਸ, ਮਿਠਾ, ਫਿੱਕਾ, ਆਰਸੀ, ਪੰਡ, ਗੱਠੜੀ, ਗੁਫ਼ਾ, ਕਾਜ਼ਲ, ਹਾਰ, ਚੋਲਾ, ਸੂਹਾ ਵੇਸ, ਬਸਤ੍ਰ, ਗੰਢ, ਨਗਰੀ, ਦਰਵਾਜ਼ੇ, ਬਾਰ, ਹਟ, ਹਰਨਾਲੇ, ਬਿਉਹਾਰ, ਵਣਜ਼, ਗਾਹਕ ਘਰ, ਕੋਠੇ ਮਹਲ, ਬਿਉਹਾਰ, ਵਖਤੁ ਤੋਲਣਹਾਰ, ਲਾਗ ਹਲਤ, ਮੋਲ, ਧਨ ਪਿਰ, ਕਿਰਤ, ਧੰਦਾ, ਮਜੂਰੀ, ਕਾਰੀਗਰੀ, ਕੋਹਲੂ, ਘਾਣੀ, ਮਾਸਾ, ਰਾਈ, ਵੈਦ, ਦਾਰੂ, ਪਿਆਲਾ, ਥਾਲ, ਤਾਲਾ, ਦੀਵਾ, ਕਲਮ ਆਦਿ।

(ੳ) ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾਂ ਕੰਤੁ ਮਨਾਇ।।

ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ।।[42]

(ਅ) ਭਉ ਸੀਗਾਰੁ ਤਬੋਲ ਰਸੁ ਭੋਜਨੁ ਭਾਉ ਕਰੇਇ।।

ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ।।[43]

ਮੂਲ ਰੂਪ ਵਿਚ ਹਾਰ ਸਿੰਗਾਰ, ਭਉ ਭਾਉ ਅਤੇ ਖਿਮਾ ਆਦਿਕ ਗੁਣਾਂ ਦਾ ਹੈ। ਇਥੇ ਗੁਰੂ ਸਾਹਿਬਾਨਾਂ ਨੇ ਸਭ ਚੀਜ਼ਾਂ ਤੇ ਵਸਤਾਂ ਨੂੰ ਮਨੁੱਖ ਦੇ ਜੀਵਨ ਨੂੰ ਅਸਲੀ ਮਨੋਰਥ ਵਲ ਸੰਕੇਤ ਕਰਕੇ ਮਨੁੱਖ ਨੂੰ ਜੀਵਨ ਤੇ ਸਮਾਜ ਪ੍ਰਤਿ ਜਾਗਰੂਕ ਕਰਨਾ ਹੈ।

ਉਪਰੋਕਤ ਸਾਰੀ ਚਰਚਾ ਨੂੰ ਸਮੇਟਦਿਆਂ ਇਸ ਸਿੱਟੇ ’ਤੇ ਪਹੁੰਚੇ ਹਾਂ ਕਿ ਗੁਰੂ ਸਾਹਿਬਾਨਾਂ ਨੇ ਅਧਿਆਤਮਕਤਾ ਦੇ ਸੁਹਜ ਨੂੰ ਅਭਿਵਿਅਕਤ ਕਰਨ ਲਈ ਆਪਣੀਆਂ ਵਾਰਾਂ ਵਿਚ ਬ੍ਰਹਮ ਤੋਂ ਮਨੁੱਖ ਤੱਕ ਤੇ ਇਨ੍ਹਾਂ ਨਾਲ ਸੰਬੰਧਤ ਹਰ ਖੇਤਰ ਵਿਚੋਂ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਇਹਨਾਂ ਵਾਰਾਂ ਵਿਚ ਸਾਨੂੰ ਇਕ ਵੀ ਅਜਿਹਾ ਸ਼ਬਦ ਨਹੀਂ ਲਭੇਗਾ ਜਿਸਦਾ ਵਿਸ਼ਾ ਸਪਸ਼ਟ ਜਾਂ ਪ੍ਰੋਖ ਰੂਪ ਵਿਚ ਬ੍ਰਹਮ ਜਾਂ ਅਕਾਲ ਪੁਰਖ ਪਰਮਾਤਮਾ ਨਾਲ ਨਹੀਂ ਹੈ। ਇਹਨਾਂ ਵਾਰਾਂ ਦਾ ਵਿਸ਼ਾ ਮਨੁੱਖ ਨੂੰ ਗੁਰਮੁਖਤਾ ਦੇ ਰਾਹ ਤੇ ਪਾਉਣਾ ਹੈ।

## ਪ੍ਰਤੀਕ ਪੈਟਰਨ

ਪ੍ਰਤੀਕ ਦਾ ਕੋਸ਼ੀ ਅਰਥ ਹੈ ਚਿੰਨ੍ਹ, ਪ੍ਰਤੀਨਿਧ, ਪ੍ਰਤੀਰੂਪ, ਜਿਸ ਤੋਂ ਕਿਸੇ ਵਸਤੂ ਦੀ ਪ੍ਰਤੀਤੀ ਹੋਵੇ। ਪ੍ਰਤੀਕ, ਅਮੂਰਤ, ਆਦ੍ਰਿਸ਼, ਅਸ਼੍ਰਵਯ, ਆਪ੍ਰਸਤੁਤ, ਵਿਸ਼ੇ ਦਾ ਪ੍ਰਤੀ ਵਿਧਾਨ ਮੂਰਤ, ਪ੍ਰਸਤੁਤ ਵਿਸ਼ੈ ਦੁਆਰਾ ਕਰਦਾ ਹੈ। ਇਹ ਉਹ ਨਿਸ਼ਾਨੀ ਹੈ ਜੋ ਕਿਸੇ ਅਦ੍ਰਿਸ਼ ਵਸਤੂ ਅਥਵਾ ਭਾਵ ਦਾ ਆਭਾਸ ਕਰਾਉਂਦੀ ਹੈ। ਪ੍ਰਤੀਕ ਮੂਰਤੀ ਨਹੀਂ ਬਲਕਿ ਪ੍ਰਤਿਮਾ, ਪ੍ਰਤੀਛਾਇਆ, ਪ੍ਰਤੀਬਿੰਬ ਪ੍ਰਤੀਰੂਪ ਪ੍ਰਤੀਨਿਧ ਹੈ। ਇਨਸਾਈਕਲੋਪੀਡੀਆ ਬ੍ਰਿਟੇਨਿਕਾ ਵਿਚ ਲਿਖਿਆ ਹੈ:

ਅਮੂਰਤ ਦਾ ਮੂਰਤ ਰਾਹੀਂ ਪ੍ਰਗਟਾਵਾ ਪ੍ਰਤੀਕ ਹੈ। ਇਸ ਦੀ ਵਰਤੋਂ ਇਸ ਵਿਚ ਰਚੀ ਉਸ ਵਸਤੂ ਲਈ ਹੁੰਦੀ ਹੈ, ਜੋ ਕਿਸੇ ਅਣਦਿਸਦੀ ਵਸਤੂ ਦੀ ਸਮਾਨਤਾ ਸਦਕਾ ਮਨ ਦੀਆਂ ਅੱਖਾਂ ਸਾਹਮਣੇ ਉਸ ਨੂੰ ਮੂਰਤੀਮਾਨ ਕਰਦੀ ਹੈ।[44]

ਇਨਸਾਈਕਲੋਪੀਡੀਆ ਆਫ ਰਿਲੀਜਨ ਅਤੇ ਐਥਿਕਸ ਅਨੁਸਾਰ "ਪ੍ਰਤੀਕ ਮਾਨਸ ਪ੍ਰਤਖ ਅਤੇ ਕਲਪਨਾ ਦੇ ਖੇਤਰ ਵਿਚ ਆਉਣ ਵਾਲੇ ਭਾਵਾਂ ਅਤੇ ਅਨੁਭੂਤੀਆਂ ਦੇ ਸੋਹਜ ਸੰਕੇਤ ਜਾਂ ਚਿੰਨ੍ਹ ਹਨ।"[45] ਵੈਬਸਟਰ ਡਿਕਸ਼ਨਰੀ ਵਿਚ ਪ੍ਰਤੀਕ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ:

ਪ੍ਰਤੀਕ ਕਿਸੇ ਹੋਰ ਵਸਤੂ ਵਲ ਸੰਕੇਤ ਕਰਦਾ ਹੈ ਜਿਹੜਾ ਅਣਦਿਸਦੀ ਵਸਤੂ ਦਾ ਦਿਸਦਾ ਸੰਕੇਤ ਹੈ।[46]

ਪੱਛਮੀ ਵਿਦਵਾਨਾਂ ਨੇ ਅਲੌਕਿਕ ਅਪਰਤਖ ਦੀ ਅਭਿਵਿਅਕਤੀ ਵਿਚ ਪ੍ਰਤੀਕਾਂ ਦੇ ਮਹਤਵਪੂਰਣ ਯੋਗ ਨੂੰ ਸਵੀਕਾਰ ਕੀਤਾ ਹੈ। A.D. ਦਾ ਮੱਤ ਹੈ, "ਵਿਚਾਰਾਂ ਦਾ ਆਵਸ਼ ਕਾਰਜ ਪ੍ਰਤੀਕਰਣ ਹੈ।"[47] ਬ੍ਰਿਲ ਦਾ ਕਹਿਣਾ ਹੈ, "ਕੋਈ ਹੋਰ ਵਸਤੂ ਜੋ ਸਾਡੇ ਸਾਮਹਣੇ ਨਹੀਂ ਉਸ ਦਾ ਰੂਪ ਪਰਦਰਸ਼ਿਤ ਕਰਨ ਵਾਲੀ ਜਾਂ ਉਸ ਦਾ ਬੋਧ ਕਰਾਉਣ ਵਾਲੀ ਵਸਤੂ ਪ੍ਰਤੀਕ ਹੈ।[48]

ਭਾਰਤੀ ਅਧਿਆਤਮਕਤਾ ਦੀਆਂ ਆਦਿ ਪ੍ਰਾਚੀਨ ਧਰਮ ਰਚਨਾਵਾਂ ਦਾ ਸਰੂਪ ਪ੍ਰਤੀਕਾਤਮਕ ਹੈ। ਅਧਿਆਤਮਕ ਕਾਵਿ ਵਿਚ ਪ੍ਰਤੀਕਾਂ ਦਾ ਵਿਵਹਾਰ ਬਹੁਤ ਪ੍ਰਾਚੀਨ ਕਾਲ ਤੋਂ ਹੁੰਦਾ ਆ ਰਿਹਾ ਹੈ। ਵੇਦਾਂ, ਉਪਨਿਸ਼ਦਾਂ ਵਿਚ ਬ੍ਰਹਮ, ਉਪਾਸਨਾ, ਸੂਰਜ ਚੰਦ, ਵਰਣ ਦੇ ਪ੍ਰਤੀਕਾਂ ਨਾਲ ਹੋਈ ਹੈ। ਨਾਥ ਜੋਗੀਆਂ ਤੇ ਹੋਰ ਸੰਤਾਂ ਭਗਤਾਂ ਨੇ ਆਪਣੀਆਂ ਅਧਿਆਤਮਕ ਰਚਨਾਵਾਂ ਵਿਚ ਪ੍ਰਤੀਕਾਂ ਦਾ ਪ੍ਰਯੋਗ ਭਰਵੇਂ ਰੂਪ ਵਿਚ ਕੀਤਾ ਹੈ। ਗੁਰੂ ਸਾਹਿਬਾਂ ਨੇ ਆਪਣੀ ਰਹੱਸਵਾਦੀ ਅਨੁਭੂਤੀ ਨੂੰ ਸਪਸ਼ਟ ਕਰਨ ਲਈ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਜਿਵੇਂ ਹੰਸ ਤੇ ਬਗੁਲਾ ਦੇ ਪ੍ਰਤੀਕ ਰਾਹੀਂ ਗੁਰਮੁਖ ਤੇ ਮਨਮੁਖ ਵਿਚਲਾ ਅੰਤਰ ਸਪਸ਼ਟ ਕੀਤਾ ਹੈ:

ਮੈਂ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ॥

ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ॥

ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ ॥

ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ॥[49]

ਜਦੋਂ ਤੱਕ ਕਿਸੇ ਸਮੱਸਿਆ ਨੂੰ ਜੜੋਂ ਖਤਮ ਨਾ ਕੀਤਾ ਜਾਵੇ ਉਦੋਂ ਤਕ ਉਹ ਖਤਮ ਨਹੀਂ ਹੁੰਦੀ। ਇਸ ਸਮੱਸਿਆ ਨੂੰ ਸੁਲਝਾਉਣ ਲਈ ਗੁਰੂ ਸਾਹਿਬਾਨ ਨੇ ਵਰਮੀ ਤੇ ਸੱਪ ਦੇ ਪ੍ਰਤੀਕ ਨੂੰ ਇਉਂ ਵਰਤਿਆ ਹੈ:

ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ॥

ਸਤਿਗੁਰੁ ਦਾਤਾ ਸੇਵੀਐ ਸਬਦੁ ਵਸੈ ਮਨਿ ਆਇ॥[50]

ਮੱਧਕਾਲੀ ਸਾਮੰਤੀ ਯੁਗ ਵਿਚ ਇਸਤਰੀ ਦੀ ਦਸ਼ਾ ਅਤਿ ਤਰਸਯੋਗ ਸੀ। ਸਹੁਰੇ ਘਰ ਵਿਚ ਉਹ ਹਮੇਸ਼ਾਂ ਡਰ ਦੇ ਸਾਏ ਹੇਠ ਰਹਿੰਦੀ ਸੀ। ਸਹੁਰੇ ਤੇ ਸੱਸ ਦਾ ਡਰ, ਜੇਠ, ਦੇਵਰ ਦਾ ਡਰ। ਗੁਰੂ ਸਾਹਿਬਾਂ ਨੇ ਇਸ ਪ੍ਰਤੀਕ ਨੂੰ ਵਾਰ-ਕਾਵਿ ਵਿਚ ਇਕ ਨਿਵੇਕਲੇ ਸੰਦਰਭ ਵਿਚ ਵਰਤ ਕੇ ਜੀਵ ਰੂਪੀ ਇਸਤਰੀ ਨੂੰ ਜੀਵਨ-ਮਾਰਗ ਵਿਚ ਇਕ ਨਿੱਗਰ ਸੇਧ ਦਿੱਤੀ ਹੈ। ਜਦੋਂ ਇਨਸਾਨ ਆਪਣੇ ਅੰਦਰਲੇ ਵਿਕਾਰਾਂ ਨੂੰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਸਹਜ ਵਿਚ ਲੈ ਆਉਂਦਾ ਹੈ ਤਾਂ ਮਾਇਆ (ਰੂਪੀ ਸੱਸ) ਦਾ ਡਰ ਨਹੀਂ ਰਹਿੰਦਾ।

ਸਸੁਰੈ ਪਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ॥

ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ॥

ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ॥

ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ॥[51]

ਖੱਖੜੀਆਂ ਤੇ ਅੱਕ ਦਾ ਪ੍ਰਤੀਕ-

ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ॥

ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ॥[52]

ਜਿਵੇਂ ਖੱਖੜੀਆਂ ਅੱਕ ਦੇ ਨਾਲ ਲੱਗੀਆਂ ਹੋਈਆਂ ਚੰਗੀਆ ਲੱਗਦੀਆਂ ਹਨ ਜਦੋਂ ਅੱਕ ਨਾਲੋਂ ਵਿਛੜ ਜਾਂਦੀਆਂ ਹਨ ਤਾਂ ਸੈਂਕੜੇ ਹੀ ਤੂੰਬੇ ਤੂੰਬੇ ਹੋ ਕੇ ਉਡ ਜਾਂਦੀਆਂ ਹਨ। ਇਵੇਂ ਹੀ ਗੁਰੂ ਨਾਲ ਮਿਲੇ ਹੀ ਚੰਗੇ ਲੱਗਦੇ ਹਨ, ਜਦੋਂ ਵਿਛੋੜਾ ਹੋ ਜਾਂਦਾ ਹੈ ਤਾਂ ਚੁਰਾਸੀ ਦੇ ਚੱਕਰਾਂ ਵਿਚ ਭੌਂਦੇ ਹਨ ਅਤੇ ਦੇਹ ਰੂਪੀ ਗੰਢਾਂ ਨੂੰ ਪਾਉਂਦੇ ਹਨ।

**ਕਸੁੰਭੜਾ–**

ਕਸੁੰਭੜਾ ਜਗਤ ਦੀ ਥੋੜ ਚਿਰਤਾ ਦਾ ਪ੍ਰਤੀਕ ਹੈ। ਜਗਤ ਪਦਾਰਥ ਕਸੁੰਭੇ ਦੇ ਫੁਲ ਵਾਂਗ ਖਿੱਚ ਪੂਰਨ ਹਨ ਪਰ ਇਨ੍ਹਾਂ ਦੀ ਹੋਂਦ ਥੋੜ ਚਿਰੀ ਹੈ।

ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ।।

ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ।।[53]

ਗੁਰੂ ਸਾਹਿਬਾਨਾਂ ਨੇ ਲਾਲ ਰੰਗ ਨੂੰ ਅਧਿਆਤਮਕ ਪਿਆਰ ਦੇ ਪ੍ਰਤੀਕ ਵਿਚ ਵਰਤਿਆ ਹੈ।

ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ।।[54]

ਪ੍ਰਭੂ ਵੱਡਾ ਸਰਬ ਸਮਰਥ, ਅਗਮ ਅਗੋਚਰ, ਤ੍ਰੈਗੁਣ ਅਤੀਤ ਹੈ ਪ੍ਰਭੂ ਤੇ ਜਗਤ ਦੇ ਸੰਬੰਧ ਨੂੰ ਤਰਵਰ ਦੇ ਪ੍ਰਤੀਕ ਰਾਹੀਂ ਪੂਰਨ ਭਾਂਤ ਅਭਿਵਿਅਕਤ ਕੀਤਾ ਗਿਆ ਹੈ। ਪਰਮਾਤਮਾ ਜਗਤ ਦਾ ਦਾਰਸ਼ਨਿਕ ਤੱਥ ਹੈ। ਇਸ ਦੇ ਪ੍ਰਤੀਕ ਤਰਵਰ ਤੇ ਪੰਖੀ ਦੇ ਰੂਪ ਵਿਚ ਚਿੱਤਰੇ ਹਨ।

ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ।।

ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ।।[57]

ਨਾਨਕ ਤਰਵਰੁ ਏਕੁ ਹੈ ਏਕੋ ਫੁਲੁ ਬਿਰੰਗੁ।।[58]

ਬੰਬੀਹਾ ਤੇ ਅੰਮ੍ਰਿਤ ਜਲ –

ਉਂਝ ਤਾਂ ਗੁਰੂ ਸਾਹਿਬਾਨਾਂ ਨੇ ਆਪਣੀ ਬਾਣੀ ਵਿਚ ਬਗੁਲਾ ਅਤੇ ਕੂੰਜ ਆਦਿਕ ਅਨੇਕਾਂ ਪੰਛੀਆਂ ਦੇ ਪ੍ਰਤੀਕਾਂ ਦੁਆਰਾ ਆਤਮਕ ਜੀਵਨ ਦੇ ਗੁਝੇ ਭੇਦ ਖੋਲੇ ਹਨ। ਪਰ ਬੰਬੀਹਾ ਜਾਂ ਚਾਤ੍ਰਿਕ ਇਕ ਮਹਾਨ ਪ੍ਰਤੀਕ ਹੈ। ਬੰਬੀਹੇ ਦੇ ਰਾਹੀਂ ਗੁਰੂ ਸਾਹਿਬਾਨਾਂ ਨੇ ਜੀਵ–ਆਤਮਾ ਨੂੰ ਵੱਖ ਵੱਖ

ਅਵਸਥਾਵਾਂ ਵਿਚੋਂ ਲੰਘਦਿਆਂ ਵਿਖਾਇਆ ਹੈ। ਪਹਿਲੀ ਅਵਸਥਾ ਅੰਮ੍ਰਿਤ ਜਲ ਰੂਪੀ ਪ੍ਰਭੂ ਨਾਮ ਤੋਂ ਬੇਮੁਖ ਹੋ ਕੇ ਦੁਨਿਆਵੀ ਪਦਾਰਥਾਂ ਪਿੱਛੇ ਭਟਕਣ ਦੀ ਹੈ। ਜਿਵੇਂ-

ਚਾਤ੍ਰਿਕ ਤੂ ਨ ਜਾਣਹੀ ਕਿਆ ਤੁਧੁ ਵਿਚਿ ਤਿਖਾ ਹੈ ਕਿਤੁ ਪੀਤੈ ਤਿਖ ਜਾਇ॥
ਦੂਜੈ ਭਾਇ ਭਰੰਮਿਆ ਅੰਮ੍ਰਿਤ ਜਲੁ ਪਲੈ ਨ ਪਾਇ॥[57]

ਅਸਲ ਵਿਚ ਬੰਬੀਹਾ ਸਾਰੇ ਜਗਤ ਦਾ ਪ੍ਰਤੀਕ ਹੈ ਅਤੇ ਸਾਰਾ ਜਗਤ ਪ੍ਰਭੂ ਨਾਮ ਦੇ ਅੰਮ੍ਰਿਤ ਜਲ ਤੋਂ ਦੂਰ ਤ੍ਰਿਸ਼ਨਾਂ ਦੀ ਅੱਗ ਵਿਚ ਸੜ ਰਿਹਾ ਹੈ।

ਬਾਬੀਹਾ ਏਹੁ ਜਗਤੁ ਹੈ ਮਤ ਕੋ ਭਰਮਿ ਭੁਲਾਇ॥
ਇਹੁ ਬਾਬੀਂਹਾ ਪਸੂ ਹੈ ਇਸ ਨੋ ਬੂਝਣੁ ਨਾਹਿ॥
ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ॥
ਨਾਨਕ ਗੁਰਮੁਖਿ ਜਿਨ ਪੀਆ ਤਿਨ ਬਹੁੜਿ ਨ ਲਾਗੀ ਆਇ॥[58]

**ਮਾਨਵ ਸਰੀਰ –**

ਗੁਰੂ ਸਾਹਿਬਾਨਾ ਨੇ ਮਨੁੱਖੀ ਸਰੀਰ ਨੂੰ ਪਰਮਾਤਮਾ ਦਾ ਸਰੀਰ ਮੰਨਿਆ ਹੈ। ਮਨੁੱਖ ਦਾ ਹਿਰਦਾ ਉਸ ਸੱਤਾ ਦਾ ਨਿਵਾਸ ਅਸਥਾਨ ਹੈ। ਸਰੀਰ ਅਜਿਹਾ ਸਰੋਵਰ ਹੈ ਜਿਸ ਵਿਚੋਂ ਗੁਣ ਰੂਪੀ ਮੋਤੀ ਪ੍ਰਗਟ ਕਰਨੇ ਹਨ। ਮਨੁੱਖੀ ਸਰੀਰ ਅੰਦਰ ਅਲੌਕਿਕ ਗੁਣ ਵਿਦਮਾਨ ਹਨ। ਇਨ੍ਹਾਂ ਨੂੰ ਗੁਰਮੁਖ ਜਨਾਂ ਸਰੀਰ ਵਿਚੋਂ ਰਿੜਕ ਕੇ ਪ੍ਰਾਪਤ ਕੀਤਾ ਹੈ। ਇਸ ਪ੍ਰਕਾਰ ਅਧਿਆਤਮਕ ਸਾਧਨਾਂ ਲਈ ਮਨੁੱਖੀ ਸਰੀਰ ਦੀ ਉੱਚੀ ਅਹਿਮੀਅਤ ਹੈ। ਅਧਿਆਤਮਕ ਸਾਧਨਾ ਵਿਚ ਮਨੁੱਖੀ ਹਿਰਦੇ ਦੀ ਸ਼ੁਧਤਾ ਤੇ ਬਲ ਹੈ। ਇਸ ਸਰੀਰ ਵਿਚ ਸਾਰੇ ਕਰਮ ਕਰਨ ਦੀ ਸਮਰਥਾ ਹੈ ਕਿਉਂਕਿ ਇਸ ਦੇ ਅੰਦਰ ਸੱਚੇ ਦੀ ਜੋਤਿ ਹੈ। ਇਸ ਦੇ ਵਿਚੋਂ ਹੀ ਬ੍ਰਹਮ ਗਿਆਨ ਰੂਪੀ ਰਤਨ ਗੁਪਤ ਰੂਪ ਵਿਚ ਛੁਪਿਆ ਹੈ। ਕੋਈ ਸਤਿਗੁਰੂ ਦਾ ਸੇਵਕ ਹੀ ਅਭਿਆਸ ਕਰਕੇ ਇਸ ਨੂੰ ਢੂੰਡਦਾ ਹੈ।

ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥

ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ॥

ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ॥

ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ॥[59]

ਸਿੰਮਲ -

ਦੁਨਿਆਵੀ ਜੀਵਨ ਵਿਚ ਕੁਝ ਲੋਕ ਉੱਚ ਤੇ ਅਤਿ-ਸੁੱਚਤਾ ਹੋਣ ਦਾ ਢੋਂਗ ਰਚਾਉਂਦੇ ਹਨ। ਕਈ ਲੋਕ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਜੀਵਨ ਕਰਕੇ, ਲੋਕ-ਨੇਤਾ ਕਹਾਉਣ ਲੱਗ ਪੈਂਦੇ ਹਨ। ਉਹਨਾਂ ਵਿਚ ਸਦਾਚਾਰਕ ਗੁਣਾਂ ਦੀ ਘਾਟ ਹੁੰਦੀ ਹੈ। ਜੇਕਰ ਕੋਈ ਗਰੀਬ ਜਾਂ ਲੋੜਵੰਦ ਮਨੁੱਖ ਉਨ੍ਹਾਂ ਕੋਲ ਕੋਈ ਆਸ ਲੈ ਕੇ ਆਉਂਦਾ ਹੈ ਤਾਂ ਉਹ ਉਹਨੂੰ ਝੂਠ ਬੋਲ ਕੇ ਲਾਰਾ ਲਾ ਦੇਂਦੇ ਹਨ। ਗੁਰੂ ਸਾਹਿਬਾਨ ਨੇ ਅਜਿਹੇ ਮਨੁੱਖਾਂ ਨੂੰ ਸਿੰਮਲ ਰੁੱਖ ਦੇ ਪ੍ਰਤੀਕ ਰਾਹੀਂ ਦਰਸਾਇਆ ਹੈ।

ਸਿੰਮਲ ਦਾ ਰੁਖ ਬਿਲਕੁਲ ਸਿੱਧਾ ਤੇ ਉੱਚਾ ਹੁੰਦਾ ਹੈ ਅਤੇ ਬੜੇ ਫੈਲਾਉ ਵਾਲਾ ਹੁੰਦਾ ਹੈ। ਪਰ ਜਿਹੜੇ ਪੰਛੀ ਉਸ ਤੇ ਆਸ ਕਰਕੇ ਆਏ ਹੁੰਦੇ ਹਨ ਉਹ ਨਿਰਾਸ ਹੋ ਕੇ ਜਾਂਦੇ ਹਨ।

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥

ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥

ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ॥[60]

ਕੁਝ ਮਨੁੱਖ ਮਕਸਦਹੀਣ, ਅਸਪਸ਼ਟ ਅਤੇ ਬੇਚੈਨ ਜ਼ਿੰਦਗੀ ਜਿਉਂਦੇ ਹਨ। ਗੁਰਮੁੱਖ ਸਰਬ ਸਾਂਝੀਆਂ ਸਮੱਸਿਆਵਾਂ ਦੇ ਹੱਲ ਲਈ ਕੰਮ ਕਰਦੇ ਹਨ। ਉਹ ਆਪਣੇ ਅੰਤਮ ਲਕਸ਼ ਅਤੇ ਮਨੁੱਖੀ ਪਰਉਪਕਾਰ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਹਨ। ਗੁਰੂ ਸਾਹਿਬ ਨੇ ਜੈਤਸਰੀ ਦੀ ਵਾਰ ਵਿਚ ਇਹਨਾਂ ਗੁਰਮੁੱਖਾਂ ਦੇ ਅਜਿਹੇ ਆਦਰਸ਼ਾਂ ਪ੍ਰਤਿ ਪ੍ਰਕਿਰਤੀ ਵਿਚੋਂ ਪ੍ਰਤੀਕ ਚੁਣ ਕੇ ਅਤੇ ਉਹਨਾ ਦੀ ਵਾਰ-ਕਾਵਿ ਵਿਚ ਸੁਚੱਜੀ ਵਰਤੋਂ ਰਾਹੀਂ, ਗੁਰਮੁੱਖਾਂ ਦੇ ਕਾਰਜਾਂ ਨੂੰ ਦਰਸਾਇਆ ਹੈ:

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥

ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥[61]

ਸਤੀ ਪ੍ਰਥਾ-

ਸਤੀ-ਪ੍ਰਥਾ ਨੂੰ ਗੁਰੂ ਸਾਹਿਬ ਨੇ ਇਕ ਨਵੇਕਲੀ ਦ੍ਰਿਸ਼ਟੀ ਰਾਹੀਂ ਚਿਤਰ ਕੇ ਸਤੀ ਦੇ ਪ੍ਰਤੀਕ ਰਾਹੀਂ ਜੀਵ-ਇਸਤਰੀ ਨੂੰ ਜੀਵਨ-ਆਦਰਸ਼ ਦਾ ਸੁਨੇਹਾ ਦਿੱਤਾ ਹੈ।

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥[62]

ਗਿੱਲੀ ਰੋੜੀ -

ਮਿੱਠੀ ਚੀਜ਼ ਦੀ ਗਿੱਲੀ-ਰੋੜੀ ਤੇ ਮੱਖੀ ਲਾਲਚ ਵੱਸ ਚਿਪ ਕੇ ਮਰ ਜਾਂਦੀ ਹੈ। ਇਸ 'ਗਿੱਲੀ ਰੋੜੀ' ਦੇ ਪ੍ਰਤੀਕ ਰਾਹੀਂ ਗੁਰੂ ਸਾਹਿਬ ਨੇ ਮਨੁੱਖ ਨੂੰ ਸੰਸਾਰ ਵਿਚ ਖੱਚਤ ਨਾ ਹੋਕੇ, ਇਕ ਆਦਰਸ਼ਮਈ ਜੀਵਨ ਜੀਉਣ ਦੀ ਜਾਂਚ ਸਿਖਾਈ ਹੈ।

ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ॥
ਜੋ ਬੈਠੇ ਸੇ ਫਾਥਿਆ ਉਬਰੇ ਭਾਗ ਮਥਾਇ॥[63]

ਗੁਰਬਾਣੀ ਦੀ ਅੰਦਰਲੀ ਗਤੀ ਅਧਿਆਤਮਕਤਾ ਨਾਲ ਓਤਪੋਤ ਹੈ। ਇਸ ਦੇ ਸਮੁੱਚੇ ਕਲੇਵਰ ਵਿਚ ਸਮਾਜਿਕ ਚੇਤਨਾ ਅਤੇ ਰੂੜੀਆਂ ਸਮਾਈਆਂ ਹੋਈਆਂ ਹਨ। ਇਸ ਚੇਤਨਾ ਦੀ ਤਕਨੀਕ ਦੇ ਉਸਾਰ ਨੂੰ ਵਾਰ ਕਾਵਿ ਵਿਚ ਵਰਤੇ ਗਏ ਪ੍ਰਤੀਕ-ਪੈਟਰ਼ਨ ਵਿਚਲੇ ਸੰਦੇਸ਼ ਰਾਹੀਂ ਉਸਾਰਿਆ ਗਿਆ ਹੈ। ਸਾਰੰਗ ਦੀ ਵਾਰ ਵਿਚ ਜਿਥੇ ਪ੍ਰਤੀਕਾਂ ਦੀਆਂ ਝੜੀਆਂ ਲੱਗੀਆਂ ਪ੍ਰਤੀਤ ਹੁੰਦੀਆਂ ਹਨ। ਉਥੇ ਮਨਮੁੱਖ ਨੂੰ ਗੁਰੂ ਜੀ ਨੇ ਕਈ ਪ੍ਰਤੀਕਾਂ ਨਾਲ ਤੁਲਨਾਇਆ ਹੈ ਜਿਸਦੇ ਪ੍ਰੋਖ ਵਿਚੋਂ ਮਨੁੱਖਤਾ ਲਈ ਲੋਕ-ਹਿਤੂ ਸੰਦੇਸ਼ ਦ੍ਰਿਸ਼ਟੀਗੋਚਰ ਹੁੰਦਾ ਪ੍ਰਤੀਤ ਹੁੰਦਾ ਹੈ।

ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ।।

ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ।।

ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ।।[64]

ਇਸ ਪਉੜੀ ਵਿਚ ਨਿੰਮ, ਜਹਿਰੀਲਾ ਸੱਪ, ਬੀਸੀਅਰ ਤੇ ਪੱਥਰ ਦੇ ਪ੍ਰਤੀਕਾਂ ਰਾਹੀਂ ਮਨਮੁੱਖ ਦੀ ਦਸ਼ਾ ਨੂੰ ਦਰਸਾ ਕੇ ਲੋਕ-ਭਾਵਨਾਵਾਂ ਨੂੰ ਜਗਾਇਆ ਹੈ।

ਦੁਹਾਗਣ ਦੇ ਸੁਹਾਗਣ ਦੇ ਪ੍ਰਤੀਕ ਰਾਹੀਂ ਇਸ ਤਰ੍ਹਾਂ ਦ੍ਰਿਸ਼ਟੀਗੋਚਰ ਕੀਤਾ ਹੈ:

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ ।।

ਨਾਨਕ ਝੂਰਿ ਮਰਹਿ ਦੋਹਾਗਣੀ ਜਿਨ ਅਵਰੀ ਲਾਗਾ ਨੇਹੁ।।

ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ।।

ਨਾਨਕ ਸੁਖਿ ਸਵਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ।।[65]

ਉਪਰੋਕਤ ਸੰਖੇਪ ਪ੍ਰਤੀਕ ਵਿਵੇਚਨ ਤੋਂ ਬਾਅਦ ਇਹ ਸਪਸ਼ਟ ਹੈ ਕਿ ਗੁਰੂ ਕਵੀਆਂ ਨੇ ਆਪਣੇ ਅਲੌਕਿਕ ਅਨੁਭਵ ਦੇ ਸਿਧਾਂਤਕ ਪੱਖ ਨੂੰ ਪ੍ਰਤੀਕਾਂ ਦੁਆਰਾ ਕਾਵਿ ਵਿਚ ਢਾਲਿਆ ਹੈ। ਇਨ੍ਹਾਂ ਪ੍ਰਤੀਕਾਂ ਦਾ ਪ੍ਰਯੋਗ, ਕਲਾ ਦੀ ਪ੍ਰਦਰਸ਼ਨੀ ਵਜੋਂ ਉਚੇਚੇ ਤੌਰ ਤੇ ਨਹੀਂ ਹੋਇਆ ਸਗੋਂ ਸਹਿਜ ਸੁਭਾ ਹੋਇਆ ਹੈ। ਕਿਤੇ ਕਿਤੇ ਕੋਈ ਪ੍ਰਤੀਕ ਅਲੰਕਾਰਾਂ ਦੀ ਥਾਂ ਮੱਲਦਾ ਪ੍ਰਤੀਤ ਹੁੰਦਾ ਹੈ। ਪ੍ਰਤੀਕ ਦਾ ਸਭ ਤੋਂ ਵੱਡਾ ਗੁਣ ਉਸ ਦੇ ਸਾਊਪੁਣੇ ਵਿਚ ਹੈ। ਗੁਰੂ ਸਾਹਿਬਾਨਾਂ ਨੇ ਘਰੋਗੀ ਜਾਂ ਸਮਾਜਕ ਜੀਵਨ ਅਤੇ ਪ੍ਰਕਿਰਤੀ ਵਿਚੋਂ ਪ੍ਰਤੀਕ ਵਰਤੇ ਜਿਹੜੇ ਆਲੇ ਦੁਆਲੇ ਵਿਚ ਵੇਖੇ ਜਾ ਸਕਦੇ ਹਨ। ਪੱਛਮ ਤੇ ਪੂਰਬ ਦੀਆਂ ਅਧਿਆਤਮਕ ਰਚਨਾਵਾਂ ਦਾ ਆਧਾਰ ਪ੍ਰਤੀਕਾਤਮਕ ਪੱਧਤੀ ਤੇ ਆਧਾਰਿਤ ਹੈ। ਮਾਨਵ ਦਾ ਅਧਿਆਤਮਕ ਅਸਤਿਤਵ ਪ੍ਰਤੀਕਾਂ ਦੁਆਰਾ ਹੀ ਸਮਝ ਗੋਚਰ ਬਣਦਾ ਹੈ। ਜਿਵੇਂ ਜਿਵੇਂ ਆਤਮਿਕ ਵਿਕਾਸ ਸੂਖਮਤਾ ਵਲ ਵਧਦਾ ਹੈ ਤਿਵੇਂ ਤਿਵੇਂ ਪ੍ਰਤੀਕਾਂ ਦੀ ਲੋੜ ਵਧਦੀ ਜਾਂਦੀ ਹੈ। ਪੱਛਮੀ ਚਿੰਤਨ ਦੀ ਇਹ ਧਾਰਨਾ ਠੀਕ ਹੈ ਕਿ ਰਹੱਸਵਾਦ ਪ੍ਰਤੀਕਾਂ ਤੋਂ ਬਿਨਾਂ ਨਹੀਂ ਸਮਝਿਆ ਜਾ ਸਕਦਾ। ਪ੍ਰਤੀਕ ਪ੍ਰਯੋਗ, ਵਿਚਾਰ ਵਰਨਣ ਦੀ ਸੂਖਮ ਪ੍ਰਣਾਲੀ ਲਈ ਅਤਿ

ਲੋੜੀਂਦਾ ਅਧਾਰ ਹੈ। ਲੌਕਿਕ ਅਤੇ ਪਰਾਲੌਕਿਕ ਅਨਭੂਤੀ-ਪਰਕ, ਵਿਚਾਰ ਪ੍ਰਤੀਕਾਤਮਕ ਪੱਧਤੀ ਦੇ ਆਸਰੇ ਉਗੜਦੇ ਹਨ। ਮਾਨਵ ਅਨੁਭੂਤੀ ਦਾ ਖੇਤਰ ਅਤਿਅੰਤ ਵਿਆਪਕ ਹੈ ਅਤੇ ਉਸਦੀ ਅਭਿਵਿਅਕਤੀ ਕੇਵਲ ਪ੍ਰਤੀਕਾਂ ਦੁਆਰਾ ਹੀ ਹੋ ਸਕਦੀ ਹੈ। ਆਧੁਨਿਕ ਮਨੋਵਿਗਿਆਨ ਅਨੁਸਾਰ ਮਨ ਦੇ ਦੋ ਸਤਰ-ਚੇਤਨ ਅਤੇ ਅਵਚੇਤਨ ਮੰਨੇ ਗਏ ਹਨ। ਸਾਰੀਆਂ ਮਾਨਸਿਕ ਕਿਰਿਆਵਾਂ ਵਿਚ ਅਵਚੇਤਨ ਤੇ ਚੇਤਨ ਮਨ ਦੀਆਂ ਕਿਰਿਆਵਾਂ ਦਾ ਸਮਿਸ਼ਰਣ ਹੁੰਦਾ ਹੈ। ਮਨੋਵਿਗਿਆਨ ਅਨੁਸਾਰ ਪ੍ਰਤੀਕ ਅਵਚੇਤਨ ਮਨ ਦੇ ਗੁਝੇ ਭਾਵਾਂ ਨੂੰ ਵਿਅਕਤ ਕਰਨ ਦੀ ਸਰਵੋਤਮ ਵਿਧੀ ਹੈ। ਇਹ ਗਿਆਤ ਅਨੁਭਵਾਂ ਦੁਆਰਾ ਅਗਿਆਤ ਦੀ ਅਭਿਵਿਅਕਤੀ ਕਰਨ ਵਾਲੇ ਸਾਧਨ ਮਾਤਰ ਹਨ ਜਿਨ੍ਹਾਂ ਦੇ ਅਰਥ ਇਕ ਪਾਸੇ ਬਾਹਰੀ ਤੌਰ ਤੇ ਪ੍ਰਗਟ ਹੁੰਦੇ ਤੇ ਦੂਸਰੇ ਪਾਸੇ ਅੰਦਰਲੇ ਗੁਪਤ ਤੇ ਸੁਹਜ ਭਰਪੂਰ ਤੌਰ ਤੇ ਪ੍ਰਗਟ ਹੁੰਦੇ ਹਨ। ਜਿਵੇਂ ਆਮ ਆਦਮੀ ਲਈ ਗੰਗਾ ਦਰਿਆ ਹੈ ਪਰੰਤੂ ਧਾਰਮਿਕ ਸ਼ਰਧਾ ਵਾਲੇ ਵਿਅਕਤੀ ਲਈ ਇਹ ਗੰਗਾ ਪਵਿਤਰਤਾ ਦਾ ਸੋਮਾ ਹੈ। ਕਮਲ ਫੁਲ ਇਕ ਸੁੰਦਰ ਫੁੱਲ ਹੈ ਪਰ ਪ੍ਰਤੀਕਾਤਮਕ ਪ੍ਰਯੋਗ ਸਮੇਂ ਇਹ ਸੁੰਦਰਤਾ ਦੇ ਨਾਲ ਨਾਲ ਨਿਰਲੇਪਤਾ ਦੇ ਗੁਣਾਂ ਨੂੰ ਮੂਰਤੀਮਾਨ ਕਰਦਾ ਹੈ। ਪ੍ਰਤੀਕਾਤਮਕ ਪ੍ਰਯੋਗ ਵਿਚ ਮੂਰਤ ਪ੍ਰਤੀਕਾਂ ਦੁਆਰਾ ਅਮੂਰਤ ਭਾਵਾਂ, ਵਿਚਾਰਾਂ, ਰਹੱਸਾਂ ਵਲ ਸੰਕੇਤ ਹੁੰਦਾ ਹੈ ਤੇ ਮੂਰਤ, ਅਮੂਰਤ, ਦ੍ਰਿਸ਼ ਅਦ੍ਰਿਸ਼ ਦਾ ਸੁਮੇਲ ਉਪਸਥਿਤ ਕਰਕੇ ਉੱਚੇ ਭਾਵਾਂ ਨੂੰ ਸਾਕਾਰ ਕੀਤਾ ਜਾਂਦਾ ਹੈ।

ਉਪਰੋਕਤ ਵਿਵੇਚਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਵਿਚਾਰ ਤਥਾ ਭਾਵ ਨਾਲ ਸੰਯੁਕਤ ਸ਼ਬਦ, ਪ੍ਰਤੀਕਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਜਦੋਂ ਸ਼ਬਦ ਕਿਸੇ ਧਾਰਨਾ, ਵਿਸ਼ਵਾਸ ਅਤੇ ਭਾਵਾਂ ਦੇ ਪ੍ਰਤੀਰੂਪ ਬਣ ਜਾਂਦੇ ਹਨ ਤਦੋਂ ਉਹ ਪ੍ਰਤੀਕ ਦਾ ਰੂਪ ਧਾਰਨ ਕਰ ਲੈਂਦੇ ਹਨ। ਅਰਥਾਤ ਨਿਸ਼ਚਤ ਅਰਥ ਵਾਲਾ ਸ਼ਬਦ ਜਦੋਂ ਲਖਸ਼ਣਾ ਦਾ ਕਾਰਜ ਕਰਦਾ ਹੈ ਤਦੋਂ ਉਸ ਨੂੰ ਪ੍ਰਤੀਕ ਕਹਿ ਸਕਦੇ ਹਾਂ। ਗੁਰੂ ਕਵੀਆਂ ਦਾ ਮੁੱਖ ਉਦੇਸ਼, ਪ੍ਰਭੂ ਦੀ ਸਰਬ ਸਮਰਥ, ਵਡੇਰੀ ਅਗੰਮ, ਅਗੋਚਰ, ਸਰਬ ਵਿਆਪਕ ਹਸਤੀ ਤੋਂ ਜਾਣੂ ਕਰਾਉਣਾ ਅਤੇ ਜੀਵਨ ਤੇ ਪਰਮਾਤਮਾ ਦੀ ਏਕਤਾ ਤੇ ਸਨਾਤਨੀ ਸੰਕਲਪਾਂ ਨੂੰ ਦ੍ਰਿੜਾਉਣਾ ਹੈ। ਇਸ ਦੀ ਪੂਰਤੀ ਲਈ ਉਨ੍ਹਾਂ ਜਨ ਜੀਵਨ, ਪ੍ਰਾਕ੍ਰਿਤਕ ਚੌਗਿਰਦਾ, ਮਿਥਿਹਾਸ ਤੇ

ਸਾਹਿਤਕ ਪਰੰਪਰਾ ਵਿਚੋਂ ਪ੍ਰਤੀਕ ਸਮੱਗਰੀ ਸੰਚਿਤ ਕੀਤੀ ਹੈ। ਇਹ ਪ੍ਰਤੀਕ ਸਮੱਗਰੀ ਅਨੇਕ ਭਾਵਾਂ ਦੇ ਪ੍ਰਕਾਸ਼ਨ ਵਿਚ ਅਲੱਗ ਅਲੱਗ ਪ੍ਰਸੰਗ ਵਿਚ, ਭਿੰਨ ਭਿੰਨ ਭਾਵਾਂ ਵਿਚ ਨਿਰੂਪਣ ਲਈ ਸਹਿਯੋਗੀ ਹੋਈ ਹੈ। ਇਨ੍ਹਾਂ ਸਾਰੇ ਉਪਕਰਣਾਂ ਦਾ ਗੁਰੂ ਕਵੀਆਂ ਨੇ ਮਾਨਵੀਕਰਣ ਕੀਤਾ ਹੈ ਤੇ ਉਨ੍ਹਾਂ ਨਾਲ ਇਨ੍ਹਾਂ ਦੁਆਰਾ ਪਰਮਾਤਮਾ ਨਾਲ ਸੰਬੰਧ ਸਥਾਪਿਤ ਕੀਤਾ ਹੈ।

### (ਸ) ਤੁਲਨਾਤਮਕ ਪੈਟਰਨ

ਕਾਵਿ ਆਪਣੀ ਪ੍ਰਾਕ੍ਰਿਤੀ ਵਜੋਂ ਮਨੁੱਖ ਦੇ ਭਾਵਨਾਤਮਕ ਜਗਤ ਦਾ ਬਿੰਬਮਈ ਰੂਪਾਂਤਰਣ ਹੈ, ਕਿਉਂਕਿ ਇਹ ਪਰਾਲੌਕਿਕ, ਪਰਾਮਾਨਵੀ ਅਤੇ ਰਹੱਸਮਈ ਸੱਤਾ ਵਿਚ ਭਾਵਨਾਤਮਕ ਵਿਸ਼ਵਾਸ ਉਤੇ ਉਸਰਿਆ ਹੋਇਆ ਹੈ। ਧਰਮ, ਪਰਾਲੌਕਿਕ ਅਤੇ ਅਧਿਆਤਮਕਤਾ ਸੰਬੰਧੀ ਮਨੁੱਖ ਦੀ ਭਾਵਨਾਤਮਕ ਅਨੁਕਿਰਿਆ ਹੈ, ਜਿਸ ਅਧੀਨ ਉਹ ਰਹੱਸਮਈ ਪਰਮ ਸਤਾ ਉੱਤੇ ਆਪਣੀਆਂ ਸਾਰੀਆਂ ਭਾਵਨਾਵਾਂ ਕੇਂਦਰਤ ਕਰਕੇ ਉਸਨੂੰ ਆਪਣੀ ਹੋਂਦ ਦਾ ਕਾਰਣ ਅਤੇ ਉਦੇਸ਼ ਮੰਨ ਲੈਂਦਾ ਹੈ। ਵਾਰ-ਕਾਵਿ ਪਾਠਕਾਂ ਤੇ ਸਰੋਤਿਆਂ ਨੂੰ ਭਾਵਨਾਤਮਕ ਤੌਰ ਤੇ ਟੁੰਬਣ ਦੀ ਸਮਰਥਾ ਵੀ ਰੱਖਦਾ ਹੈ। ਗੁਰਬਾਣੀ ਪ੍ਰਯੋਜਨ, ਮਨੁੱਖ ਨੂੰ ਅਧਿਆਤਮਕ ਤੌਰ ਤੇ ਜਾਗ੍ਰਿਤ ਕਰਕੇ ਉਸ ਨੂੰ ਸੁਖਾਲਾ ਤੇ ਸੁਖਾਵਾਂ ਬਣਾਉਂਦਾ ਹੈ। ਗੁਰੂ ਸਾਹਿਬਾਨਾਂ ਨੇ ਮਨੁੱਖ ਨੂੰ ਜੋ ਸੁਨੇਹਾ ਦੇਣਾ ਹੈ ਉਹ ਸਾਰਾ ਰਚਨਾ-ਜਗਤ ਵਿਚਲੇ ਸੁਨੇਹੇ ਦੇ ਸੰਚਾਰ ਹਿਤ ਹੀ ਕਾਰਜਸ਼ੀਲ ਹੁੰਦਾ ਹੈ। ਗੁਰੂ-ਕਾਵਿ ਅਦ੍ਰਿਸ਼ਟ ਤੇ ਅਗਮ ਅਗੋਚਰ ਪ੍ਰਭੂ ਨਾਲ ਅਭੇਦ ਹੋਣ ਲਈ ਵੱਖ ਵੱਖ ਕਾਵਿ ਜੁਗਤਾਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਜੁਗਤਾਂ ਵਿਚ ਤੁਲਨਾਤਮਕ ਪੈਟਰਨ ਵੀ ਮੁੱਖ ਹੈ। ਗੁਰੂ ਕਵੀਆਂ ਨੇ ਵਿਸ਼ੇ ਨੂੰ ਸਜੀਵਤਾ ਦੇਣ ਲਈ, ਖੇੜਾ ਉਤਪੰਨ ਕਰਨ ਲਈ, ਵਿਸ਼ੇ ਦੀ ਸ਼ੋਭਾ ਵਧਾਉਣ ਲਈ ਅਤੇ ਵਿਸ਼ੇਸ਼ ਤੇ ਸਮਾਨਯ ਦਾ ਪ੍ਰਦਰਸ਼ਨ ਕਰਨ ਲਈ ਤੁਲਨਾਤਮਕ ਪੈਟਰਨ ਨੂੰ ਹੇਠ ਲਿਖੇ ਉਦੇਸ਼ਾਂ ਲਈ ਵਰਤਿਆ ਜਾਪਦਾ ਹੈ।

1. ਵਿਸ਼ੇ ਨੂੰ ਸਪਸ਼ਟ ਕਰਨ ਲਈ।
2. ਸਾਦ੍ਰਿਸ਼ ਨੂੰ ਪ੍ਰਸਤੁਤ ਕਰਨ ਲਈ।

3. ਵਿਸ਼ੇ ਨੂੰ ਸ਼ਕਤੀ ਸਤਾ ਅਤੇ ਪ੍ਰਭਾਵਕਤਾ ਬਖਸ਼ਣ ਲਈ।

ਗੁਰੂ ਕਵੀਆ ਨੇ ਆਪਣੇ ਵਿਚਾਰਾਂ ਨੂੰ ਬਿੰਬਾਂ ਦੁਆਰਾ, ਅਲੰਕਾਰਾਂ ਦੁਆਰਾ ਅਤੇ ਸ਼ਬਦ-ਚਿੱਤਰਾਂ ਦੇ ਦ੍ਰਿਸ਼ਟਾਂਤਾਂ ਦੁਆਰਾ ਅਭਿਵਿਅਕਤ ਕਰਕੇ ਮਨੁੱਖ ਨੂੰ ਸੱਚੇ ਮਾਰਗ ਤੇ ਤੋਰਨ ਦੀ ਪ੍ਰੇਰਨਾ ਦਿੱਤੀ ਹੈ। ਇਕ ਚੰਗਾ ਤੇ ਆਦਰਸ਼ ਮਨੁੱਖ ਬਣਨ ਲਈ ਮਨੁੱਖ ਨੂੰ ਇਸ ਦੁਨੀਆਂ ਵਿਚ, ਬਦੀਆਂ ਤੇ ਕੁਰੀਤੀਆਂ ਨਾਲ ਸੰਘਰਸ਼ ਕਰਨਾ ਪੈਂਦਾ ਹੈ। ਇਸ ਲਈ ਗੁਰੂ ਸਾਹਿਬਾਨਾਂ ਨੇ ਦੁਨਿਆਵੀ ਪਿੜ ਅੰਦਰ ਮਨਮੁਖ ਤੇ ਗੁਰਮੁਖ, ਦੋ ਵਿਰੋਧੀ ਧਿਰਾਂ ਨੂੰ ਮੁਕਾਬਲਾ ਕਰਦਿਆਂ ਦਿਖਾਇਆ ਹੈ। ਇਸ ਦੁਨੀਆਂ ਨੂੰ ਉਨ੍ਹਾਂ ਨੇ ਪਿੜ ਨਾਲ ਤੁਲਨਾਇਆ ਹੈ। ਜਿਸ ਵਿਚ ਗੁਰਮੁਖ ਵਿਜੇਈ ਹੁੰਦਾ ਹੈ।

ਆਪੇ ਛਿੰਝ ਪਵਾਇ ਮਲਾਖਾੜਾ ਰਚਿਆ॥
ਲਥੇ ਭੜਥੂ ਪਾਇ ਗੁਰਮੁਖਿ ਮਚਿਆ॥
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ॥
ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ॥[66]

ਭਗਤ ਅਤੇ ਸੰਸਾਰੀ,ਗੁਰਮੁਖ ਤੇ ਮਨਮੁਖ ਦੋਵੇਂ ਆਪੋ-ਆਪਣੀ ਰੁਚੀਆਂ ਅਨੁਸਾਰ ਸਮਾਜਕ ਜ਼ਿੰਦਗੀ ਦਾ ਸਮਰਥਨ ਕਰਦੇ ਹਨ। ਗੁਰਬਾਣੀ ਇਸ ਵਿਹਾਰ ਵਿਚ ਭਗਤਾਂ ਦਾ ਪੱਖ ਪੂਰਦੀ ਹੈ, ਸੰਸਾਰੀਆਂ ਦਾ ਨਹੀਂ। ਗੁਰੂ ਜੀ ਨੇ ਛਿੰਝ ਦਾ ਦ੍ਰਿਸ਼ਟਾਂਤ ਲੈ ਕੇ ਵਿਸ਼ੇ ਨੂੰ ਸਪਸ਼ਟ ਕੀਤਾ ਹੈ।

ਮਹੱਤਵਪੂਰਨ ਗੱਲ ਤਾਂ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਕਵੀਆਂ ਨੇ ਆਪਣੀ ਵਿਚਾਰਧਾਰਾ ਨੂੰ ਪ੍ਰਸਤੁਤ ਕਰਨ ਲਈ ਬਹੁਤ ਸਾਰੀਆਂ ਸੰਚਾਰ ਜੁਗਤਾਂ ਵਰਤੀਆਂ ਹਨ ਜਿਹਨਾਂ 'ਚੋਂ ਤੁਲਨਾਤਮਕ ਪੈਟਰਨ ਇਕ ਮਹੱਤਵਪੂਰਨ ਜੁਗਤ ਹੈ। ਉਹਨਾਂ ਨੇ ਜਿਸ ਵਿਚਾਰਧਾਰਾ ਨੂੰ ਪ੍ਰਸਤੁਤ ਕੀਤਾ ਹੈ, ਉਹ ਧਰਮ, ਸੰਪਰਦਾ, ਸੰਸਕ੍ਰਿਤੀ,ਭਾਸ਼ਾ, ਜਾਤ-ਪਾਤ ਜਾਂ ਭੂਗੋਲਿਕ ਖਿੱਤੇ ਦੀ ਵਿਲੱਖਣਤਾ ਅਤੇ ਮਹੱਤਵ ਨੂੰ ਛੁਟਿਆ ਕੇ ਕਿਸੇ ਖਾਸ ਕਦਰਾਂ-ਕੀਮਤਾਂ ਉਪਰ ਉਸਾਰੀ ਵਿਚਾਰਧਾਰਾ ਨਹੀਂ, ਸਗੋਂ ਇਹ ਤਾਂ ਇਹਨਾਂ ਸਾਰੀਆਂ ਤੋਂ ਉਪਰ, ਇਕ ਪਾਰ-ਸੰਪਰਦਾਇਕ, ਪਾਰ-ਭੂਗੋਲਿਕ ਖੇਤਰ ਅਤੇ ਪਾਰ-ਸੰਸਕ੍ਰਿਤਕ ਅੰਤਰ ਦ੍ਰਿਸ਼ਟੀ ਦੁਆਰਾ ਮਨੁੱਖੀ ਸਮਾਜ ਦੇ ਨਿਰੰਤਰ

ਵਿਕਾਸ ਲਈ ਨਵੇਂ ਰਾਹ ਖੋਲ੍ਹਦੀ ਵਿਚਾਰਧਾਰਾ ਹੈ। ਇਹਨਾਂ ਅਧਿਆਤਮਕ ਵਾਰਾਂ ਵਿਚ ਗੁਰਮੁਖ ਤੇ ਮਨਮੁੱਖ ਦੇ ਮਾਧਿਅਮ ਰਾਹੀਂ ਗੁਰੂ ਸਾਹਿਬਾਨਾਂ ਨੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਕੀਤੀ ਹੈ। ਹੇਠ ਲਿਖੀ ਵਾਰ ਕਾਵਿ ਪੰਕਤੀਆਂ ਵਿਚ, ਮਨਮੁੱਖ ਦੀ ਇਕ ਕੁਲੱਛਣੀ ਔਰਤ ਨਾਲ ਤੁਲਨਾ ਕਰਕੇ ਆਪਣੇ ਵਿਚਾਰਾਂ ਦਾ ਸੰਚਾਰ ਕੀਤਾ ਹੈ।

ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ॥
ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ॥
ਗੁਰ ਕੈ ਭਾਣੈ ਜੋ ਚਲੈ ਸਭਿ ਦੁਖ ਨਿਵਾਰਣਹਾਰਿ॥
ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ॥
ਬਿਨੁ ਨਾਵੈ ਕਿਨੈ ਨ ਪਾਇਆ ਦੇਖਹੁ ਰਿਦੈ ਬੀਚਾਰਿ ॥
ਨਾਨਕ ਸਾ ਸੁਆਲਿਓ ਸੁਲਖਣੀ ਜਿ ਰਾਵੀ ਸਿਰਜਨਹਾਰਿ।[67]

ਇਨ੍ਹਾਂ ਵਾਰਾਂ ਵਿਚ ਗੁਰਮਤਿ ਦੇ ਮਾਰਗ ਤੋਂ ਥਿੜਕੇ ਹੋਏ ਬੰਦੇ ਦੀ ਮਨਮੁਖ ਤੇ ਕੁਲੱਛਣੀ ਔਰਤ ਨਾਲ ਤੁਲਨਾ ਕੀਤੀ ਹੈ। ਗੁਰੂ ਸਾਹਿਬਾਨਾਂ ਨੇ ਸਮਾਜਿਕ ਪੁਜੀਸਨ ਵਿਚ ਇਨਕਲਾਬੀ ਤਬਦੀਲੀਆਂ ਲਿਆਉਣ ਦਾ ਵਲ ਦੱਸਣ ਵਾਲਿਆਂ ਨੂੰ ਢਾਢੀ ਨਾਲ ਤੁਲਨਾਇਆ ਹੈ।

ਹਉ ਢਾਢੀ ਵੇਕਾਰੁ ਕਾਰੈ ਲਾਇਆ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ॥[68]

ਉਪਰੋਕਤ ਤੋਂ ਉਲਟ ਉਹ ਲੋਕ ਜਿਹੜੇ ਸਮਾਜ ਦੇ ਕਰਤਾ ਧਰਤਾ ਹਨ ਉਹ ਦੂਜਿਆਂ ਦੀ ਜ਼ਿੰਦਗੀ ਵਿਚ ਜ਼ਹਿਰ ਘੋਲਦੇ ਹਨ, ਉਨ੍ਹਾਂ ਨੂੰ ਠੀਕ ਲੀਹ ਤੇ ਲਿਆਉਣ ਤੋਂ ਬਿਨਾਂ ਸਮਾਜਿਕ ਬੇਤਰਤੀਬੀਆਂ ਖ਼ਤਮ ਨਹੀਂ ਕੀਤੀਆਂ ਜਾ ਸਕਦੀਆਂ। ਅਜਿਹੇ ਲੋਕਾਂ ਨੂੰ ਗੁਰੂ ਸਾਹਿਬ ਨੇ ਤੁੰਮੇ, ਅੱਕ, ਧਤੂਰੇ ਅਤੇ ਨਿੰਮ ਫਲ ਨਿੰਮ ਬੋਲ੍ਹੀ ਆਦਿ ਨਾਲ ਤਲਨਾਇਆ ਹੈ।

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥
ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ॥
ਨਾਨਕ ਕਹੀਐ ਕਿਸੁ ਹੰਢਨਿ ਕਰਮਾ ਬਾਹਰੇ॥[69]

ਸਾਰੀ ਸ੍ਰਿਸ਼ਟੀ ਜਾਂ ਜਗਤ ਇਕ ਏਕਤਾ ਵਿਚ ਬੱਝਿਆ ਹੋਇਆ ਹੈ। ਇਸ ਦੇ ਕਣ-ਕਣ ਵਿਚ ਸਵੈ-ਚੇਤਨ ਬ੍ਰਹਮ ਦਾ ਵਾਸਾ ਹੈ। ਬ੍ਰਹਿਮੰਡ ਵਿਚ ਇਹ ਜਗ ਇਕ ਕੋਠੜੀ ਦੀ ਨਿਆਂਈ ਹੈ ਜਿਸ ਵਿਚ ਵੀ ਉਸਦਾ ਵਾਸਾ ਹੈ। ਭਾਵ ਹਰ ਮਨੁੱਖ ਵਿਚ ਵੀ ਉਹਦੀ ਰੰਗਤ ਹੈ। ਇਹ ਵਿਚਾਰ ਸਭ ਬੰਦਿਆਂ ਨੂੰ ਬਰਾਬਰ ਤੁਲਨਾਉਂਦਾ ਪ੍ਰਤੀਤ ਹੁੰਦਾ ਹੈ।

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥[70]

ਮਨੁੱਖ ਦੀ ਸਭ ਤੋਂ ਵੱਡੀ ਕਮਜੋਰੀ ਪੈਸਾ ਹੈ। ਇਹ ਮਾਇਆ ਮੋਹ ਉਸ ਨੂੰ ਪ੍ਰੇਤ ਬਣ ਕੇ ਚਿੰਬੜਦਾ ਹੈ ਤੇ ਮਨੁੱਖ ਇਸ ਵਿਚੋਂ ਜ਼ਿੰਦਗੀ ਭਰ ਨਿਕਲ ਨਹੀਂ ਸਕਦਾ। ਜੋ ਮਨੁੱਖ ਸਹਿਜ ਅਵਸਥਾ ਨੂੰ ਵਿਸਾਰ ਕੇ ਇਸਦੇ ਚੱਕਰ ਵਿਚ ਫਸਦਾ ਹੈ ਉਹ ਦੂਜਿਆਂ ਲਈ ਸਮਾਜਿਕ ਰੁਕਾਵਟ ਪੈਦਾ ਕਰਦਾ ਹੈ ਅਜਿਹੇ ਮਨੁੱਖ ਨੂੰ, ਇਕ ਨਾਗਨੀ ਨਾਲ ਤੁਲਨਾਇਆ ਹੈ ਜਿਸ ਵਿਚ ਸਾਰੇ ਵਿਕਾਰ ਪੈਦਾ ਹੋ ਜਾਂਦੇ ਹਨ:

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥[71]
ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥[72]

ਯੁਧ ਕਥਾ ਵਾਰ ਰਚਨਾ ਦੀ ਬੁਨਿਆਦੀ ਜ਼ਰੂਰਤ ਹੈ। ਇਹ ਯੁਧ ਅਧਿਆਤਮਕ ਵਾਰਾਂ ਵਿਚ ਹਉਮੈ ਕਾਰਨ ਹੈ। ਜਿਸ ਤਹਿਤ ਬੰਦਾ ਖੁਦਗਰਜ਼ੀ ਤੇ ਲਾਲਚ ਦਾ ਪੁਤਲਾ ਬਣ ਜਾਂਦਾ ਹੈ। ਉਸ ਵਿਚੋਂ ਇਨਸਾਨੀਅਤ ਉਡ-ਪੁਡ ਜਾਂਦੀ ਹੈ। ਉਹ ਸੀਂਹ ਤੇ ਕੁੱਤਾ ਭਾਵ ਜਾਨਵਰ ਬਿਰਤੀਆਂ ਦਾ ਲਖਾਇਕ ਬਣ ਜਾਂਦਾ ਹੈ। ਗੁਰੂ ਸਾਹਿਬ ਨੇ ਅਜਿਹੇ ਮਨੁੱਖਾਂ ਦੀ ਤੁਲਨਾ ਜਾਂ ਤੱਤਕਾਲੀ ਸਮਾਜਿਕ ਆਗੂਆਂ ਦੀ ਤੁਲਨਾ, ਮਾਸਾਹਾਰੀ ਸ਼ੇਰਾਂ ਜਾਂ ਕੁੱਤਿਆਂ ਨਾਲ ਕੀਤੀ ਹੈ:

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥
ਜਿਥੈ ਜੀਆਂ ਹੋਸੀ ਸਾਰ ॥ ਨਕੀ ਵਢੀ ਲਾਇਤਬਾਰ।[73]

ਇਨ੍ਹਾਂ ਸਮੁੱਚੀਆਂ ਅਧਿਆਤਮਕ ਵਾਰਾਂ ਵਿਚ ਯੁਧ ਦਾ ਜੋ ਸਰੂਪ ਉਜਾਗਰ ਹੋਇਆ ਹੈ, ਉਹ ਦੋ ਰਾਜਿਆਂ ਦਾ ਆਪਸੀ ਯੁਧ ਨਹੀਂ ਸਗੋਂ ਹਾਕਮ ਜਾਂ ਜਾਗੀਰਦਾਰੀ ਦੇ ਦਮਨ ਹੇਠ ਸਹਿਕਦੀ ਲੋਕਾਈ ਦੀ ਅਵਾਜ਼ ਹੈ। ਲੋਕ ਯੁਧ ਦੇ ਰੂਪ ਵਿਚ ਉਬਲਣ ਵਾਲੇ ਉਸ ਲਾਵੇ ਦਾ ਮੁੱਢਲਾ ਸਰੂਪ ਹੈ ਜਿਹੜਾ ਮਨੁੱਖ ਦੇ ਭਲੇ ਲਈ ਉਭਾਰ ਵਿਚ ਆਉਂਦਾ ਹੈ। ਇਹਨਾਂ ਵਾਰਾਂ ਵਿਚ ਕਿਸੇ ਦਾ ਖ਼ੂਨ ਡੁਲਦਾ ਨਹੀਂ ਵਿਖਾਇਆ ਅਤੇ ਨਾ ਹੀ ਇਥੇ ਖ਼ੂਨ ਦੀਆਂ ਨਦੀਆਂ ਵਗਦੀਆਂ ਹਨ। ਪਰ ਉਨ੍ਹਾਂ ਰੱਤ ਪੀਣ ਵਾਲਿਆਂ ਦੀ ਤੁਲਨਾ ਤੱਤਕਾਲੀ ਬ੍ਰਹਮਣੀ ਸਮਾਜ ਦੇ ਅਖੌਤੀ ਅੰਤਰੀਵੀ ਮਾਨਸਿਕ ਦ੍ਰਿਸ਼ਟਾਂਤ ਰਾਹੀਂ ਪੇਸ਼ ਕੀਤੀ ਹੈ:

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥
ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥[74]

ਤਤਕਾਲੀ ਸਮਾਜ ਵਿਚ ਭ੍ਰਿਸ਼ਟਾਚਾਰ ਦਾ ਅਤਿਅੰਤ ਦਾ ਬੋਲ-ਬਾਲਾ ਸੀ। ਹਰ ਛੋਟਾ ਵੱਡਾ ਅਧਿਕਾਰੀ ਵਧ ਤੋਂ ਵਧ ਪੈਸੇ ਇਕੱਠੇ ਕਰਨ ਦੇ ਆਹਰ ਵਿਚ ਸੀ। ਗੁਰੂ ਸਾਹਿਬਾਨਾਂ ਨੇ ਇਨ੍ਹਾਂ

ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਤੋਂ ਰੋਕਣ ਲਈ ਉਸ ਰੱਬੀ ਪ੍ਰਕੋਪ ਦਾ ਡਰ ਦਿੱਤਾ। ਪਰਾਏ ਹੱਕ ਨੂੰ ਮਾਰਨ ਨੂੰ ਹਿੰਦੂਆਂ ਲਈ ਗਊ ਖਾਣ ਦੇ ਬਰਾਬਰ ਤੁਲਨਾ ਕੀਤੀ ਤੇ ਮੁਸਲਮਾਨਾਂ ਲਈ ਸੂਅਰ ਖਾਣ ਦੇ ਬਰਾਬਰ ਕੀਤੀ।

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥[75]

ਗੁਰੂਆਂ ਦੇ ਅਨੁਸਾਰ ਸਹਿਜ ਢੰਗ ਨਾਲ ਜੀਵਨ ਜੀਊਣਾ ਹੀ ਸਭ ਤੋਂ ਵੱਡੀ ਸਾਧਨਾ ਅਤੇ ਉਪਾਸਨਾ ਹੈ। ਅਧਿਆਤਮਕ ਸਰੋਕਾਰਾਂ ਦੀ ਪੇਸ਼ਕਾਰੀ ਦੇ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਨੇ ਇਕ ਹੋਰ ਜੁਟ ਵਿਰੋਧੀ ਦੀ ਤੁਲਨਾ ਨੂੰ ਇਉਂ ਦਰਸਾਇਆ ਹੈ।

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥[76]

ਗੁਰੂ ਕਵੀਆਂ ਨੇ ਵਖ ਵਖ ਉਪਮਾਵਾਂ ਤੇ ਤੁਲਨਾਵਾਂ ਨਾਲ ਮਨੁੱਖ ਨੂੰ ਚੰਗੇ ਪਾਸੇ ਪ੍ਰੇਰਿਆ ਹੈ। ਜਿਹੜਾ ਬੰਦਾ ਗੁਰਮੁਖ ਹੈ, ਉਸ ਨੂੰ ਦੁਨੀਆਂ ਦਾ ਕੋਈ ਵਿਕਾਰ ਪੋਹ ਨਹੀਂ ਸਕਦਾ। ਇਸ ਦਾ ਤੁਲਨਾਤਮਕ ਦ੍ਰਿਸ਼ਟਾਤ ਗੁਰੂ ਜੀ ਇਸ ਤਰ੍ਹਾਂ ਪੇਸ਼ ਕਰਦੇ ਹਨ।

ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ॥
ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ॥[77]

ਭਾਵ ਜਦੋ. ਕਣਕ ਆਦਿ ਪੀਹਣ ਲਈ ਚੱਕੀ ਦੇ ਪੁੜ ਚਲਦੇ ਹਨ ਤਾਂ ਦਾਣੇ ਚੱਕੀ ਦੇ ਦਰ ਉੱਤੇ ਭਾਵ ਕਿੱਲੀ ਦੇ ਨੇੜੇ ਰਹਿੰਦੇ ਹਨ ਉਹ ਚੱਕੀ ਦੇ ਪੁੜਾਂ ਦੇ ਦਬਾਓ ਤੋਂ ਬੱਚ ਜਾਂਦੇ ਹਨ ਭਾਵ ਜੋ ਮਨੁੱਖ ਪ੍ਰਭੂ ਦੇ ਦਰ ਉੱਤੇ ਭਾਵ ਸਤਿਸੰਗਤ ਵਿਚ ਰਹਿੰਦੇ ਹਨ, ਉਨ੍ਹਾਂ ਤੇ ਦੁਨੀਆਂ ਦੇ ਕਿਸੇ ਵਿਕਾਰ ਦਾ ਅਸਰ ਨਹੀਂ ਹੁੰਦਾ। ਇਸ ਤਰ੍ਹਾਂ ਦੇ ਤੁਲਨਾਤਮਕ ਦ੍ਰਿਸ਼ਟਾਂਤ ਛੋਟੇ ਪੱਧਰ ਦੇ ਮੁੱਦਿਆਂ ਤੇ ਆਧਾਰਤ ਹੁੰਦੇ ਹੋਏ ਵੀ ਨੈਤਿਕ ਸਿਧਾਂਤਾਂ ਦੇ ਮਹਾਂ ਬਿਰਤਾਂਤਾਂ ਨੂੰ ਸਿਰਜਦੇ ਵਿਖਾਈ ਦਿੰਦੇ ਹਨ।

(ੳ) ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ॥
ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥[78]

(ਅ) ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ॥[79]

ਗੁਰੂ ਕਵੀਆਂ ਦੀ ਅਲੰਕਾਰਕ ਸ਼ੈਲੀ ਵਿਚ ਲਿਖੀਆਂ ਇਹ ਅਧਿਆਤਮਕ ਵਾਰਾਂ ਮਨੁੱਖ ਨੂੰ ਸਹਿਜ ਸੁਭਾ ਹੀ ਸਦਾਚਾਰਕ ਤੇ ਨੈਤਿਕਤਾ ਦੇ ਮਾਰਗ ਤੇ ਤੋਰ ਕੇ ਮਾਨਵੀ ਹੋਂਦ ਵਜੋਂ ਪਰਿਭਾਸ਼ਤ ਕਰਦੀਆਂ ਹਨ ਜਿਵੇਂ "ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥"[80]

ਗੁਰੂ ਅਮਰਦਾਸ ਜੀ ਵਲੋਂ ਇਸ ਤੁੱਕ ਵਿਚ ਮਾਇਆ ਨੂੰ ਨਾਗਣੀ ਨਾਲ ਉਪਮਾ ਦਿੱਤੀ ਗਈ ਹੈ। ਇਸ ਮਾਇਆ ਰੂਪੀ ਨਾਗਨੀ ਦੇ ਅਲੰਕਾਰ ਨੇ ਮਨੁੱਖੀ ਗਿਆਨ ਲਈ ਵਿਸਤ੍ਰਿਤ ਪਿੜ ਤਿਆਰ ਕਰ ਦਿੱਤਾ ਹੈ ਜੋ ਸਮਾਜਿਕ-ਵਿਕਾਸ ਲਈ ਨਿਰੰਤਰ ਗਤੀਸ਼ਲ ਹੈ।

ਦ੍ਰਿਸ਼ਟਾਂਤ ਅਲੰਕਾਰ ਰਾਹੀਂ ਗੁਰੂ ਜੀ ਬਹੁਤ ਖੂਬਸੂਰਤ ਦ੍ਰਿਸ਼ ਪੇਸ਼ ਕਰਦੇ ਹਨ। ਮਨੁੱਖ ਦੀ ਮਾਨਸਿਕਤਾ ਦੀ ਤੁਲਨਾ ਮਿਰਗ ਨਾਲ ਕੀਤੀ ਹੈ। ਇਥੇ ਅਧਿਆਤਮਕਤਾ ਦੇ ਗਿਆਨ ਨੂੰ ਲੋਕ-ਬੋਲੀ ਵਿਚ ਪੇਸ਼ ਕੀਤਾ ਗਿਆ ਹੈ। ਇਹ ਪ੍ਰਵਚਨ ਮਨੁੱਖ ਨੂੰ ਸਵੈ-ਆਤਮ ਦੀ ਪਛਾਣ ਕਰਵਾਉਂਦਾ ਹੋਇਆ ਉਸ ਨੂੰ ਸਮਾਜਿਕ-ਵਿਕਾਸ ਦੀ ਚੇਤਨਾਂ ਵਲ ਅਕਰਸ਼ਕ ਕਰਦਾ ਪ੍ਰਤੀਤ ਹੁੰਦਾ ਹੈ:

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥[81]

ਇਸ ਵਿਚ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਮਨੁੱਖ ਨੂੰ ਸਭ ਕੁਝ ਪਤਾ ਹੁੰਦੈ ਹੋਏ ਵੀ, ਉਹ ਭਟਕਦਾ ਰਹਿੰਦਾ ਹੈ ਜਿਵੇਂ ਕਿ ਮਿਰਗ ਦੀ ਮਾਨਸਿਕ ਅਵਸਥਾ ਹੈ। ਇਹ ਪ੍ਰਵਚਨ ਮਨੁੱਖ ਦੀ ਆਤਮ-ਰਹਿਨੁਮਾਈ ਕਰਦਾ ਹੈ। ਇਸੇ ਤਰ੍ਹਾਂ ਹੋਰ ਵੀ ਤੁਲਨਾਤਮਕ ਦ੍ਰਿਸ਼ਟਾਂਤ ਦੇਖੇ ਜਾ ਸਕਦੇ ਹਨ।

- ਕਾਪੜ ਜਿਵੈ ਪਛੋੜੀਐ ਘੜੀ ਮੁਹਤ ਘੜੀਅਲੁ ॥
  ਨਾਨਕ ਸਚੇ ਨਾਮ ਬਿਨੁ ਸਿਰਹੁ ਨ ਚੁਕੈ ਜੰਜਾਲੁ॥[82]
- ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ॥
  ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ॥[83]

– ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ

ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥[84]

ਗੁਰੂ ਰਾਮਦਾਸ ਜੀ ਨੇ ਪਰਮਾਤਮਾ ਨੂੰ ਧਰਤੀ ਨਾਲ ਤੁਲਨਾਇਆ ਹੈ। ਭਾਰਤੀ ਦਰਸ਼ਨ ਵਿਚ ਕਰਮ ਸਿਧਾਂਤ ਨੂੰ ਮਹੱਤਵਪੂਰਨ ਸੰਕਲਪ ਖਿਆਲ ਕੀਤਾ ਹੈ। ਮਨੁੱਖ ਦੀ ਦੌਲਤ ਅਤੇ ਸ਼ਕਤੀ ਪ੍ਰਤਿ ਭੁੱਖ, ਜਿਸ ਤਹਿਤ ਉਹ ਸਮਾਜ-ਵਿਰੋਧੀ ਜਾਂ ਮਨੁੱਖਤਾ ਵਿਰੋਧੀ ਕਰਮ ਕਰਦਾ ਹੈ, ਦੇ ਨਾਂਹ-ਪੱਖੀ ਕਾਰਜ ਨੂੰ ਇਸ ਵਿਚਾਰ ਦੇ ਪ੍ਰੇਖ ਵਿਚੋਂ ਭਾਂਪਿਆ ਜਾ ਸਕਦਾ ਹੈ। ਜਦੋਂ ਕੋਈ ਮਨੁੱਖ ਇਸ ਅਨੁਭਵ ਨੂੰ ਗ੍ਰਹਿਣ ਕਰ ਲਵੇ ਤਾਂ ਸਮਾਜ ਪ੍ਰਤਿ ਕਾਰਜਸ਼ੀਲ ਹਾਂ-ਪੱਖੀ ਕਰਮ ਕਰਨ ਲਗਦਾ ਹੈ।

ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥

ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ॥[85]

ਇਸੇ ਤਰ੍ਹਾਂ ਉਪਰੋਕਤ ਸੰਦਰਭ ਵਿਚ ਇਕ ਹੋਰ ਉਦਾਹਰਣ ਹੈ ਜਿਸ ਵਿਚ 'ਕਾਂ ਤੇ ਹੰਸ' ਨੂੰ ਤੁਲਨਾ ਕੇ ਮਨੁੱਖ ਨੂੰ ਸਿਖਿਆ ਦੇਣ ਦਾ ਯਤਨ ਕੀਤਾ ਹੈ। ਮਨੁੱਖ ਦੇ ਸਮਾਜ ਜਾਂ ਮਨੁੱਖਤਾ ਪ੍ਰਤੀ ਕਾਰਜਾਂ ਨੂੰ ਹੀ ਰੱਬੀ-ਮਿਹਰ ਨਾਲ ਜੋੜਿਆ ਗਿਆ ਹੈ।

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ॥

ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ॥[86]

ਇਸੇ ਤਰ੍ਹਾਂ ਦੁਹਾਗਣਿ ਸ਼ਬਦ ਵਰਤਿਆ ਹੋਇਆ ਮਿਲਦਾ ਹੈ ਜਿਸ ਰਾਹੀਂ ਅਜਿਹੇ ਜੀਵ ਦੀ ਭੈੜੇ ਮਨੁੱਖ ਨਾਲ ਤੁਲਨਾ ਕੀਤੀ ਹੈ।

ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ

ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ॥[87]

ਅਜਿਹਾ ਮਨੁੱਖ ਛੁਟੜ ਰੰਨ ਵਾਂਗ ਹੈ, ਘਰ ਘਰ ਫਿਰਦਾ ਰਹਿੰਦਾ ਹੈ ਜੋ ਉਸ ਨਾਲ ਬੈਠਦਾ ਹੈ, ਉਸ ਨੂੰ ਵੀ ਸੰਗਤ ਦੀ ਰੰਗਤ ਚੜ੍ਹ ਜਾਂਦੀ ਹੈ। ਭਾਵ ਚੰਗਾ ਮਨੁੱਖ ਵੀ ਭੈੜਾ ਬਣ ਜਾਂਦਾ ਹੈ। ਗੁਰੂ

ਅਮਰ ਦਾਸ ਜੀ ਤੋਂ ਬਾਅਦ ਗੁਰੂ ਰਾਮ ਦਾਸ ਜੀ ਦੀਆਂ ਵਾਰਾਂ ਵਿਚ ਵੀ ਤੁਲਨਾਵਾਂ ਦੀਆਂ ਝੜੀਆਂ ਲੱਗੀਆਂ ਹਨ ਜਿਵੇਂ-

- ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥
  ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥[88]
- ਖਿੰਥਾ ਝੋਲੀ ਬਹੁ ਭੇਖ ਕਰੇ ਦੁਰਮਤਿ ਅਹੰਕਾਰੀ॥[89]

ਗੁਰੂ ਜੀ ਬਹੁਤ ਸੌਖੇ ਤਰੀਕੇ ਨਾਲ ਮਨ ਨੂੰ ਚੰਗਾ ਤੇ ਸਾਦਾ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਸੰਕੇਤਕ ਢੰਗ ਨਾਲ ਆਪਣਾ ਸੰਦੇਸ਼ ਲੋਕਾਂ ਨਾਲ ਸਾਂਝਾ ਕੀਤਾ ਹੈ। ਉਨ੍ਹਾਂ ਨੇ ਆਪਣੀ ਤੁਲਨਾਤਮਕ ਸ਼ੈਲੀ ਨਾਲ ਝੱਟ ਹੀ ਆਸ਼ੇ ਦੀਆਂ ਤੰਦਾਂ ਨੂੰ ਖੋਲ ਕੇ ਸੁਚੱਜੇ ਢੰਗ ਨਾਲ ਲੋਕਾਂ ਦੇ ਸਨਮੁਖ ਕਰ ਦਿੱਤਾ ਹੈ।

ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ॥[90]

ਗੁਰੂ ਅਰਜਨ ਦੇਵ ਜੀ ਬਹੁਤ ਹੀ ਸੰਕੇਤਮਈ ਢੰਗ ਨਾਲ ਆਪਣੇ ਸੰਦੇਸ਼ ਨੂੰ ਦਰਸਾਉਂਦੇ ਹਨ ਕਿ ਪਰਮਾਤਮਾ ਦਾ ਸਿਮਰਨ ਸਭ ਵਸਤਾਂ ਤੋਂ ਉਤਮ ਹੈ। ਪ੍ਰਮਾਤਮਾ ਦਾ ਨਾਂ ਸਿਮਰਨਾ ਇਕ ਅਜਿਹਾ ਕੋਡਿਡ ਮੈਸਿਜ (Coded Message) ਹੈ ਜਿਸ ਤਹਿਤ ਮਨੁੱਖ ਨੂੰ ਮਨੁੱਖਤਾ ਪ੍ਰਤਿ ਅਤੇ ਸਮਾਜ ਪ੍ਰਤਿ ਹਾਂ-ਪੱਖੀ ਕਾਰਜ ਕਰਨ ਦਾ ਪ੍ਰਮਾਰਥੀ ਸੰਦੇਸ਼ ਦਿੱਤਾ ਗਿਆ ਹੈ। ਅਧਿਆਤਮਵਾਦੀ ਮਨੁੱਖ ਸਰਬਤ ਦਾ ਭਲਾ ਚਾਹੁਣ ਲਗਦਾ ਹੈ। ਜਦੋਂ ਮਨੁੱਖੀ-ਸਮਾਜ ਅਜਿਹੀ ਧਾਰਨਾ ਗ੍ਰਹਿਣ ਕਰ ਲੈਂਦਾ ਹੈ ਤਾਂ ਉਹ ਵਿਸ਼ਵ-ਦ੍ਰਿਸ਼ਟੀ ਧਾਰਨ ਕਰ ਲਵੇਗਾ ਅਤੇ ਸਮੁੱਚਾ ਵਿਸ਼ਵ ਇਕ ਸਮਾਜਿਕ-ਭਾਈਚਾਰਿਕ ਧਰਾਤਲ ਤੇ ਖੜਾ ਦਿਖਾਈ ਦੇਣ ਲਗ ਪਵੇਗਾ। ਭਾਵ ਮਨੁੱਖ ਇਕ ਉੱਚੀ ਤੇ ਸੁੱਚੀ ਸੋਚ ਦਾ ਧਾਰਨੀ ਹੋਵੇਗਾ।

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥[91]

ਗੁਰੂ ਕਵੀਆਂ ਨੇ ਅਪਣੀਆਂ ਵਾਰਾਂ ਦੇ ਡੂੰਘੇ ਰਹੱਸ ਨੂੰ ਸਰਲ ਢੰਗ ਨਾਲ ਸਮਝਾਉਣ ਲਈ ਪ੍ਰਤੀਕਮਈ ਸ਼ੈਲੀ ਦੀ ਵੀ ਤੁਲਨਾਤਮਕ ਵਰਤੋਂ ਕੀਤੀ ਹੈ। ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਭਾਵਾਂ ਦੀ ਖਾਸ ਥਾਂ ਹੈ। ਔਰਤ ਅਤੇ ਪਤੀ ਦੇ ਪ੍ਰਤੀਕ ਨੂੰ ਵਰਤ ਕੇ ਗੁਰੂ ਸਾਹਿਬ ਨੇ ਸੁਖਾਂਤ ਮਨ ਅਨੁਭਵ ਦੇ ਨਾਲ-ਨਾਲ ਸਮਾਜਿਕ ਕਿਰਿਆਤਮਕ ਪ੍ਰਵਿਰਤੀ ਨੂੰ ਵੀ ਕਾਇਮ ਰੱਖਿਆ ਹੈ:

ਸਾਈ ਸੋੁਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ॥

ਪਿਰਿ ਅਉਗਣ ਤਿਸ ਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ॥[92]

ਆਪਣੀ ਵਿੱਤ ਤੋਂ ਬਾਹਰਾ ਕੰਮ ਕਰਨਾ ਮਨੁੱਖ ਲਈ ਦੁਖਦਾਈ ਜਾਂ ਹਾਨੀਕਾਰਕ ਸਿੱਧ ਹੋ ਸਕਦਾ ਹੈ। ਕਈ ਵਾਰ ਅਸੀਂ ਦੂਜਿਆਂ ਦੀ ਵੱਡੀ ਸਮਰਥਾ ਨੂੰ ਦੇਖ ਕੇ, ਬਾਹਰਲੀ ਉਕਸਾਹਟ ਨਾਲ ਭਾਵੁਕ ਹੋ ਕੇ ਉਹਨਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਾਂ ਪਰੰਤੂ ਇਹ ਉਕਸਾਹਟ ਕਿਰਿਆਹੀਨ ਸਾਬਤ ਹੁੰਦੀ ਹੈ। ਗੁਰੂ ਸਾਹਿਬ ਨੇ ਅਜਿਹੇ ਮਨੁੱਖ ਨੂੰ ਕੁਕੜ ਦੀ ਉਡਾਰੀ ਨਾਲ ਤੁਲਨਾਇਆ ਹੈ ਅਤੇ ਮਨੁੱਖ ਨੂੰ ਅਹਿਸਾਸ ਕਰਵਾਇਆ ਹੈ ਕਿ ਉਹ ਸਹਿਜ ਅਵਸਥਾ ਵਿਚ ਵਿਚਰੇ ਕਿਉਂਕਿ ਅਜਿਹੀ ਅਵਸਥਾ ਮਨੁੱਖ ਨੂੰ ਗਿਆਨਮਈ ਅਹਿਸਾਸ ਕਰਵਾਉਂਦੀ ਹੈ ਅਤੇ ਉਹ ਸਵੈ ਲਈ ਅਤੇ ਸਮਾਜ ਲਈ ਹਾਂ-ਪੱਖੀ ਭੂਮਿਕਾ ਨਿਭਾ ਸਕਦਾ ਹੈ।

ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ॥

ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ॥[93]

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਆਦਿ ਗ੍ਰੰਥ ਵਿਚ ਸ਼ਾਮਿਲ ਅਧਿਆਤਮਕ ਵਾਰਾਂ ਦਾ ਮੁੱਖ ਮਕਸਦ ਲੋਕਾਂ ਵਿਚ ਪ੍ਰਭੂ ਪਿਆਰ ਪੈਦਾ ਕਰਨਾ, ਜਿਸ ਨਾਲ ਮਨੁੱਖ ਨੂੰ ਚੰਗੇ ਤੇ ਨੇਕ ਬਣਨ ਦੀ ਪ੍ਰੇਰਨਾ ਮਿਲਦੀ ਹੈ। ਲੋਕਾਂ ਨੂੰ ਸਿੱਧੇ ਰਸਤੇ ਪਾਉਣ ਲਈ ਗੁਰੂ ਸਾਹਿਬਾਨਾਂ ਨੇ ਲੋਕ ਚੁਗਰਿਦੇ ਵਿਚੋਂ ਹੀ ਤੁਲਨਾਵਾਂ ਲੈ ਕੇ ਵਾਰਾਂ ਰਚੀਆਂ ਹਨ ਅਤੇ ਆਪਣੇ ਅਨੁਭਵ ਅਤੇ ਤਜ਼ਰਬੇ ਦੇ ਅਧਾਰ ਤੇ ਸਰਲ ਸ਼ੈਲੀ ਰਾਹੀਂ ਉਚ ਸੰਦੇਸ਼ ਨੂੰ ਸਫ਼ਲਤਾ ਨਾਲ ਨਿਭਾ ਕੇ ਕਾਰਜਸ਼ੀਲ ਭੂਮਿਕਾ ਨਿਭਾਈ ਹੈ।

### (ਹ) ਸੰਗੀਤ ਪੈਟਰਨ

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ ਤੋਂ ਗੁਰੂ ਅਰਜਨ ਦੇਵ ਜੀ ਦੀ ਸੰਗੀਤਕ ਕਲਾ ਬਾਰੇ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਸੰਗੀਤ ਦੇ ਮਹਾਨ ਪੰਡਤ ਸਨ। ਬਾਣੀ ਰਚਦੇ ਸਮੇਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਗੁਰੂ ਜੀ ਦੁਆਰਾ ਅਨੇਕ ਪ੍ਰਕਾਰ ਦੀਆਂ ਸੰਗੀਤਕ ਸ਼ੈਲੀਆਂ ਦਾ ਤਾਲਮੇਲ, ਸਮੇਂ ਅਤੇ ਰਿਤੂਆਂ ਦੀ ਪਾਬੰਦੀ, ਜਾਤੀਆਂ, ਪ੍ਰਦੇਸਾਂ ਅਤੇ ਸੰਸਕ੍ਰਿਤੀਆਂ ਦੇ ਵਿਚ ਤਾਲਮੇਲ ਕਾਇਮ ਰੱਖਣ ਦੀ ਪ੍ਰਵਿਰਤੀ, ਰਹਾਉ ਦਾ ਪ੍ਰਯੋਗ, ਧੁਨਾਂ, ਘਰਾਂ ਦੀ ਵਿਸ਼ੇਸ਼ ਵਿਧੀ ਆਦਿ ਅਨੇਕ ਵਿਸ਼ੇਸ਼ਤਾਈਆਂ ਉਨ੍ਹਾਂ ਦੀ ਸੰਗੀਤ ਪ੍ਰਬੀਨਤਾ ਦੇ ਪ੍ਰਮਾਣ ਹਨ। ਗੁਰੂ ਅਰਜਨ ਦੇਵ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਦਾ ਕੀਤਾ ਸੰਪਾਦਨ, ਇਕ ਵੱਡਾ ਪ੍ਰਮਾਣ ਹੈ ਕਿ ਸੰਗੀਤ ਨੂੰ ਉਨਾਂ ਦੀ ਉਚਾਰਨ ਕੀਤੀ ਬਾਣੀ ਵਿਚ ਪ੍ਰਮੁੱਖ ਸਥਾਨ ਪ੍ਰਾਪਤ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਕੁਝ ਵਾਰਾਂ ਦੇ ਉਤੇ ਧੁਨੀਆਂ ਦਾ ਚੜ੍ਹਾਇਆ ਜਾਣਾ ਉਹਨਾਂ ਦਾ ਲੋਕ-ਧਾਰਨਾ ਨਾਲ ਗੂੜ੍ਹਾ ਸੰਬੰਧ ਸਥਾਪਿਤ ਕਰਦਾ ਹੈ। ਗੁਰੂ ਅਰਜਨ ਦੇਵ ਜੀ ਤੋਂ ਪਹਿਲੇ ਗੁਰੂ ਤੇ ਭਗਤਾਂ ਅਤੇ ਮਗਰੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੋਂ ਵੀ ਸੰਗੀਤ ਦੀ ਮਹੱਤਤਾ ਤੋਂ ਜਾਣੂ ਹੋਇਆ ਜਾ ਸਕਦਾ ਹੈ। ਸਾਹਿਤ ਤੇ ਸੰਗੀਤ ਦਾ ਡੂੰਘਾ ਸੰਬੰਧ ਹੈ। ਆਦਿ ਗ੍ਰੰਥ ਦਾ ਸੰਪਾਦਨ ਹੀ ਰਾਗਾਂ ਦੇ ਆਧਾਰ ਤੇ ਕੀਤਾ ਗਿਆ ਹੈ। ਇਸ ਸੰਬੰਧ ਵਿਚ ਮਹੱਤਵਪੂਰਨ ਟਿੱਪਣੀ ਦਿੰਦੇ ਹੋਏ ਡਾ. ਸ਼ੇਰ ਸਿੰਘ ਲਿਖਦੇ ਹਨ:

> ਸਿੱਖੀ ਮਾਰਗ ਨਾਮ ਮਾਰਗ ਹੈ। ਇਸ ਮਾਰਗ ਦੀ ਕੁੰਜੀ ਵਿਸਮਾਦ ਹੈ, ਵਿਸਮਾਦੀ ਅਵਸਥਾ ਪੈਦਾ ਕਰਨ ਲਈ ਰਾਗ ਜਾਂ ਕੀਰਤਨ ਜ਼ਰੂਰੀ ਹੈ। ਨਾਮ ਦੀ ਕੂੰਜੀ ਵਿਸਮਾਦ ਹੈ ਅਤੇ ਵਿਸਮਾਦ ਉਤਪਤੀ ਦਾ ਕੰਮ ਰਾਗ ਕੀਰਤਨ ਅਤੇ ਕਵਿਤਾ ਨਾਲ ਪੂਰਾ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਰਚਨ ਦਾ ਮਹੱਤਵਪੂਰਨ ਪ੍ਰਯੋਜਨ ਅਨੰਦ ਦੀ ਪ੍ਰਾਪਤੀ ਅਤੇ ਮਨ ਨੂੰ ਸਾਂਤ ਅਤੇ ਸੁਖਮਨ ਅਵਸਥਾ ਵਿਚ

> ਲਿਜਾਣਾ ਹੈ। ਗੁਰਬਾਣੀ ਦੀ ਕਵਿਤਾ ਦਾ ਰਾਗ ਅਤੇ ਲੈਅ ਨਾਲ ਪ੍ਰੇਮ ਸਾਹਿਤ ਪਾਠ ਕਰਨ ਨਾਲ ਭਗਤ, ਪ੍ਰਮਾਤਮਾ ਦੇ ਨਾਮ ਰੂਪ ਵਿਚ ਲੀਨ ਹੋ ਜਾਂਦਾ ਹੈ।[94]

ਕਵਿਤਾ ਵਿਚ ਛੰਦ ਅਤੇ ਲੈਅ ਦੀ ਸਵੀਕ੍ਰਿਤੀ ਕਾਵਿ ਅਤੇ ਸੰਗੀਤ ਦੀ ਤਾਰਕਿਕ ਨਿਕਟਤਾ ਹੈ, ਕਿਉਂਕਿ ਕਵਿਤਾ ਛੰਦ ਤੋਂ ਮੁਕਤ ਹੋ ਸਕਦੀ ਹੈ ਪਰ ਲੈਅ ਤੋਂ ਨਹੀਂ। ਕਵੀਆਂ ਨੇ ਸ਼ਬਦਾਂ ਨੂੰ ਸੰਗੀਤ ਦੇ ਆਧਾਰ 'ਤੇ ਕਾਵਿ-ਬੱਧ ਕੀਤਾ ਹੈ ਅਤੇ ਸੰਗੀਤਕਾਰਾਂ ਨੇ ਸ਼ਬਦਾਂ ਨੂੰ ਸੰਗੀਤ ਦਾ ਵਾਹਕ ਬਣਾ ਲਿਆ। ਭਾਰਤੀ ਕਲਾ ਸਾਹਿਤ ਦੇ ਸੰਦਰਭ ਵਿਚ ਸੰਗੀਤ ਕਲਾ ਅਤੇ ਚਿੱਤਰ ਕਲਾ ਦਾ ਅੰਤਰ ਸੰਬੰਧ ਇਸ ਤੋਂ ਵੀ ਪ੍ਰਗਟ ਹੁੰਦਾ ਹੈ ਕਿ ਸਭ ਰਾਗ ਰਾਗਨੀਆਂ ਦੇ ਵਿਸ਼ਿਸ਼ਟ ਬੌਧਿਕ ਚਿੱਤਰ ਰੰਗ ਰੇਖਾਵਾਂ ਵਿਚ ਬੰਨੇ ਹੋਏ ਮਿਲਦੇ ਹਨ। ਰਾਜਸਥਾਨੀ ਚਿੱਤਰ ਤਾਂ ਰਾਗਮਾਲਾ ਦੇ ਅੰਕਨ ਨਾਲ ਭਰੇ ਪਏ ਹਨ। ਰਾਜਸਥਾਨੀ ਸ਼ੈਲੀ ਦੇ ਇਲਾਵਾ ਰਾਗਮਾਲਾ ਚਿਤ੍ਰਾਵਲੀਆਂ ਦੱਖਣੀ ਸ਼ੈਲੀ ਅਤੇ ਪਹਾੜੀ ਸ਼ੈਲੀ ਵਿਚ ਵੀ ਪਾਈ ਜਾਂਦੀ ਹੈ। ਇਸ ਤਰ੍ਹਾਂ ਰਾਗਮਾਲਾ ਚਿੱਤਰਾਂ ਦੇ ਮਾਧਿਅਮ ਨਾਲ ਨਾਇਕ ਭੇਦ ਦੇ ਚਿੱਤਰਣ ਨੇ ਭਾਰਤੀ ਕਲਾ ਵਿਚ ਕਾਵਿ, ਚਿੱਤਰ, ਸੰਗੀਤ ਦੀ ਤ੍ਰਿਵੈਣੀ ਪ੍ਰਸਤੁਤ ਕਰ ਦਿੱਤੀ।

ਕਵਿਤਾ ਵਿਚ ਧੁਨੀ ਅਤੇ ਲੈਅ, ਦੋ ਅਜਿਹੇ ਤੱਤ ਹਨ, ਜਿਨ੍ਹਾਂ ਦਾ ਸੰਗੀਤ ਨਾਲ ਬਹੁਤ ਨਿਕਟੀ ਸੰਬੰਧ ਹੈ। ਮੁੱਖ ਤੌਰ ਤੇ ਇਨ੍ਹਾਂ ਦੋਵਾਂ ਤੱਤਾਂ ਦੇ ਕਾਰਣ ਹੀ ਕਾਵਿ ਵਿਚ ਸੰਗੀਤ ਦਾ ਆਦਾਨ ਹੁੰਦਾ ਹੈ। ਸੰਗੀਤ ਦਾ ਆਧਾਰ ਨਾਦ ਹੈ ਜਿਸ ਨੂੰ ਸੰਗੀਤਕਾਰ ਆਪਣੇ ਕੰਠ ਜਾਂ ਯੰਤਰਾਂ ਦੁਆਰਾ ਉਤਪੰਨ ਕਰਦਾ ਹੈ। ਸੱਤ ਸਵਰ ਇਸ ਕਲਾ ਦੀ ਕੂੰਜੀ ਹਨ। ਨਾਦ ਨੂੰ ਪ੍ਰਗਟ ਕਰਨ ਵਿਚ ਭੌਤਿਕ, ਸਥੂਲ ਉਪਕਰਣਾਂ ਦੀ ਆਵਸ਼ਕਤਾ ਜ਼ਰੂਰੀ ਨਹੀਂ ਹੈ। ਸੰਗੀਤਕਾਰ ਆਪਣੇ ਕੰਠ ਸੁਰ ਨਾਲ ਵੀ ਸ੍ਰੋਤਿਆਂ ਨੂੰ ਮੰਤਰ-ਮੁਗਧ ਕਰ ਸਕਦਾ ਹੈ। ਇਸ ਲਈ ਵਿਦਵਾਨਾਂ ਵਿਚੋਂ ਹਰ ਕੋਈ ਸੰਗੀਤ ਕਲਾ ਨੂੰ ਮਹਤਵ ਦਿੰਦਾ ਹੈ। ਮਨੁੱਖਾਂ ਤੋਂ ਇਲਾਵਾ ਪਸ਼ੂ ਪੰਛੀਆਂ ਉੱਪਰ ਵੀ ਸੰਗੀਤ ਦਾ ਪ੍ਰਭਾਵ ਪੈਂਦਾ ਆ ਰਿਹਾ ਹੈ। ਸੰਗੀਤ ਮਾਨਵ ਹਿਰਦੇ ਵਿਚ ਅਨੰਦ ਦੀਆਂ ਤਰੰਗਾਂ ਉਤਪੰਨ ਕਰ ਸਕਦਾ ਹੈ

ਅਤੇ ਸਾਂਤ ਰਸ ਦੀ ਧਾਰਾ ਪ੍ਰਵਾਹਿਤ ਕਰਕੇ ਮਾਨਵ ਹਿਰਦੇ ਵਿਚ ਸਾਂਤੀ ਵੀ ਉਤਪੰਨ ਕਰ ਸਕਦਾ ਹੈ। ਗੁਰੂ ਕਾਵਿ ਵਿਚ ਕਵਿਤਾ ਤੇ ਸੰਗੀਤ ਦਾ ਸੁਮੇਲ ਕੋਈ ਸੰਯੋਗੀ ਅਤੇ ਅਨੋਖੀ ਘਟਨਾ ਨਹੀਂ ਸੀ ਸਗੋਂ ਗੁਰੂ ਸਾਹਿਬਾਨਾਂ ਤੋਂ ਪਹਿਲਾਂ ਵੀ ਕਵਿਤਾ ਅਤੇ ਸੰਗੀਤ ਇਕ ਦੂਜੇ ਨਾਲ ਸੰਬੰਧਿਤ ਰਹੇ ਹਨ। ਗੁਰੂ ਕਵੀਆਂ ਨੇ ਸੁਚੇਤ ਤੌਰ ਤੇ ਸੰਗੀਤ ਨੂੰ ਕਵਿਤਾ ਦਾ ਮਾਧਿਅਮ ਬਣਾਇਆ ਹੈ। ਗੁਰੂ ਕਾਵਿ ਵਿਚ ਪ੍ਰਯੁਕਤ ਰਾਗਾਂ ਦਾ ਭਾਰਤੀ ਰਾਗ ਪਰੰਪਰਾ ਦੇ ਸੰਦਰਭ ਵਿਚ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਗੁਰੂ ਕਵੀਆਂ ਨੇ ਆਪਣੇ ਕਾਵਿ ਨਾਲ ਕਈ ਉਹ ਰਾਗ ਸੰਬੰਧਿਤ ਕੀਤੇ ਹਨ ਜਿਹੜੇ ਉਹਨਾਂ ਤੋਂ ਪਹਿਲੇ ਪ੍ਰਚਲਤ ਨਹੀਂ ਸਨ। ਗੁਰੂ ਕਵੀਆਂ ਨੇ ਕਾਵਿ ਤੇ ਸੰਗੀਤ ਦਾ ਵਿਲੱਖਣ ਸੰਯੋਗ ਕੀਤਾ ਹੈ। ਉਨ੍ਹਾਂ ਨੇ ਲੋਕ ਕਾਵਿ ਰੂਪਾਂ ਅਤੇ ਪ੍ਰਚਲਤ ਕਾਵਿ ਰੂਪਾਂ ਨੂੰ ਰਾਗ ਨਾਲ ਸੰਬੰਧਤ ਕਰਕੇ ਉਨ੍ਹਾਂ ਦੀ ਪੇਸ਼ਕਾਰੀ ਦੀ ਵਿਧੀ ਨੂੰ ਵਿਲਖਣਤਾ ਪ੍ਰਦਾਨ ਕੀਤੀ ਹੈ। ਇਸ ਤਰ੍ਹਾਂ ਗੁਰੂ ਕਾਵਿ ਵਿਚ ਪ੍ਰਯੁਕਤ ਕਾਵਿਕ ਅਤੇ ਸੰਗੀਤਕ ਤੱਤ ਭਾਵੇਂ ਪਰੰਪਰਾ ਵਿਚ ਬਿਰਾਜਮਾਨ ਹਨ, ਪਰ ਗੁਰੂ ਕਵੀ ਇਨ੍ਹਾਂ ਦਾ ਪ੍ਰਯੋਗ ਵਿਲਖਣ ਢੰਗ ਨਾਲ ਕਰਦੇ ਹਨ। ਗੁਰੂ ਕਵੀਆਂ ਦੇ ਜੀਵਨ, ਸਿਖ ਸੰਸਥਾ ਤੋਂ ਗੁਰੂ ਗ੍ਰੰਥ ਸਾਹਿਬ ਵਿਚ ਕਵਿਤਾ ਤੇ ਸੰਗੀਤ ਦੇ ਮਹਤਵ ਉੱਪਰ ਝਾਤ ਮਾਰਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਕਵੀ ਬਾਣੀ ਦੀ ਰਚਨਾ ਕਰਨ ਵੇਲੇ ਆਪਣੇ ਰਚਨਾਤਮਕ ਅਮਲ ਤੋਂ ਸੁਚੇਤ ਸਨ। ਉਹ ਜਿਥੇ ਆਪਣੇ ਆਪ ਲਈ ਸ਼ਾਇਰ ਵਿਸ਼ੇਸ਼ਣ ਦਾ ਪ੍ਰਯੋਗ ਕਰਦੇ ਹਨ।

> ਨਾਨਕੁ ਸਾਇਰੁ ਏਵ ਕਹਤੁ ਹੈ
>
> ਸਚੇ ਪਰਵਦਗਾਰਾ॥[95]

ਉਥੇ ਉਹ ਆਪਣੇ ਆਪ ਨੂੰ ਢਾਢੀ ਵੀ ਕਹਿੰਦੇ ਹਨ-

> ਹਉ ਢਾਢੀ ਵੇਕਾਰੁ ਕਾਰੈ ਲਾਇਆ॥
>
> ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
>
> ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
>
> ਸਚੀ ਸਿਫਤਿ ਸਾਲਾਹ ਕਪੜਾ ਪਾਇਆ॥

ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ।।

ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ।।

ਢਾਢੀ ਕਰੇ ਪਸਾਉ ਸਬਦੁ ਵਜਾਇਆ।।

ਨਾਨਕ ਸਚੁ ਸਾਲਾਹਿ ਪੂਰਾ ਪਾਇਆ।।[96]

ਸ਼ਾਇਰ ਅਤੇ ਢਾਢੀ ਸ਼ਬਦ ਦਾ ਪ੍ਰਯੋਗ ਇਹ ਦਰਸਾਉਂਦਾ ਹੈ ਕਿ ਉਨ੍ਹਾਂ ਨੂੰ ਆਪਣੇ ਕਾਵਿ ਦੇ ਗਾਇਨ ਵਲ ਪੂਰਾ ਧਿਆਨ ਸੀ। ਸਿੱਖ ਸੰਸਥਾ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਕੀਰਤਨ ਨੂੰ ਬੜਾ ਸਤਿਕਾਰ ਯੋਗ ਸਥਾਨ ਪ੍ਰਾਪਤ ਸੀ ਅਤੇ ਬਾਅਦ ਵਿਚ ਸਿੱਖ ਰਹਿਤ ਮਰਿਯਾਦਾ ਦਾ ਇਕ ਜ਼ਰੂਰੀ ਅੰਗ ਬਣਿਆ ਹੋਇਆ ਹੈ। ਗੁਰੂ ਕਾਵਿ ਨੂੰ ਸਾਧਾਰਣ ਕਵਿਤਾ ਵਾਂਗ ਨਹੀਂ ਪੜ੍ਹਨ ਲਈ ਕਿਹਾ ਗਿਆ ਹੈ, ਸਗੋਂ ਇਸਦਾ ਗਾਇਨ ਕਰਨਾ ਹੈ-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ

ਗਾਵਹੁ ਸਚੀ ਬਾਣੀ।[97]

ਸੰਗੀਤ ਕਲਾ ਵਿਚ ਕੇਵਲ ਉਨ੍ਹਾਂ ਰਾਗਾਂ ਨੂੰ ਹੀ ਸਫ਼ਲ ਕਿਹਾ ਗਿਆ ਹੈ ਜਿਨ੍ਹਾਂ ਵਿਚ ਗੁਰਬਾਣੀ ਨੂੰ ਗਾਇਨ ਕੀਤਾ ਜਾਂਦਾ ਹੈ।

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ

ਜਿਤੁ ਵਸਿਆ ਮਨਿ ਆਇ।।[98]

ਕੁਝ ਰਾਗਾਂ ਦੇ ਨਾਮ ਲੈ ਕੇ ਉਨ੍ਹਾਂ ਨਾਲ ਗੁਰਮਤਿ ਦੇ ਭਾਵ ਸਪਸ਼ਟ ਕੀਤੇ ਗਏ ਹਨ।

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ।।

ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ।।[99]

ਗਉੜੀ ਰਾਗ ਬਾਰੇ

ਗਾਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ।।

ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ।।[100]

ਗੁਜਰੀ ਰਾਗ ਬਾਰੇ

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ।।

ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ।।[101]

ਸੋਰਠਿ ਰਾਗ ਬਾਰੇ

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ।।[102]

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ।।

ਨਾਨਕ ਰਾਮ ਨਾਮ ਗੁਨ ਗਾਇਅਹਿ ਦਰਗਾਹ ਨਿਰਮਲ ਸੋਇ।।[103]

ਮਲ੍ਹਾਰ ਰਾਗ ਬਾਰੇ

ਮਲਾਰੁ ਸੀਤਲ ਰਾਗੁ ਹੈ ਹਰਿ ਧਿਆਈਐ ਸਾਂਤਿ ਹੋਇ।।

ਹਰਿ ਜੀਉ ਆਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ।।[104]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਵਿਚੋਂ ਵਾਰ ਕਾਵਿ ਰੂਪ ਨੂੰ ਕੇਵਲ 17 ਰਾਗਾਂ ਵਿਚ ਰਚਿਆ ਗਿਆ ਹੈ। ਗੁਰੂ ਕਵੀਆਂ ਨੇ ਜਿਹੜੇ ਰਾਗ ਵਾਰ ਕਾਵਿ ਰੂਪ ਲਈ ਪ੍ਰਯੋਗ ਕੀਤੇ ਹਨ ਉਹ ਬੀਰ-ਰਸੀ ਭਾਵਾਂ ਨੂੰ ਪ੍ਰਗਟਾਉਣ ਦੇ ਪੂਰਨ ਤੌਰ ਤੇ ਸਮਰਥ ਹਨ। ਬੀਰ-ਰਸੀ ਭਾਵਾਂ ਨੂੰ ਜਗਾਉਣ ਵਾਲੇ ਰਾਗਾਂ ਦੇ ਇਹ ਲੱਛਣ ਹਨ

(ੳ) ਉਹ ਰਾਗ ਜਿਨ੍ਹਾਂ ਵਿਚ ਸ਼ਡਜ਼ ਤੇ ਰਿਸ਼ਤ ਵਾਦੀ ਸੁਰ ਹੋਵੇ।[105]

(ਅ) ਉਹ ਰਾਗ ਜਿਨ੍ਹਾਂ ਵਿਚ ਗੰਧਾਰ ਅਤੇ ਨਿਸ਼ਾਦ ਕੋਮਲ ਰੂਪ ਵਿਚ ਪ੍ਰਯੋਗ ਹੋਣ।[106]

ਗੁਰੂ ਕਵੀਆਂ ਨੇ ਵਾਰ ਕਾਵਿ ਲਈ ਜਿਹੜੇ ਰਾਗ ਪ੍ਰਯੋਗ ਕੀਤੇ ਹਨ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

ਸ੍ਰੀ ਰਾਗ- ਸੰਗੀਤ ਦਰਪਣ ਅਨੁਸਾਰ ਇਸ ਰਾਗ ਦਾ ਵਾਦੀ ਸੁਰ ਸ਼ਡਜ਼ ਹੈ। ਇਸ ਲਈ ਵਾਰ ਕਾਵਿ ਰੂਪ ਦੇ ਅਨੁਕੂਲ ਹੈ।[107]

ਮਾਝ ਰਾਗ– ਇਸ ਰਾਗ ਦਾ ਵਾਦੀ ਸਵਰ ਰਿਸ਼ਭ ਹੈ ਇਸ ਲਈ ਇਹ ਰਾਗ ਵੀ ਵਾਰ ਕਾਵਿ ਰੂਪ ਲਈ ਅਨੁਕੂਲ ਰਾਗ ਮੰਨਿਆ ਗਿਆ ਹੈ।[108]

ਗਾਉੜੀ ਰਾਗ– ਇਸ ਦਾ ਵੀ ਵਾਦੀ ਸੁਰ ਰਿਸ਼ਭ ਹੈ।[109]

ਆਸਾ– ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਚਨਾਵਲੀ ਵਿਚ ਇਸ ਦਾ ਵਾਦੀ ਸਵਰ ਸਡਜ਼ ਦੱਸਿਆ ਗਿਆ ਹੈ।[110]

ਗੁਜਰੀ ਰਾਗ– ਸੁਰਮੇਲ ਕਲਾ ਨਿਧੀ ਅਨੁਸਾਰ ਇਸ ਦਾ ਵਾਦੀ ਸਵਰ ਰਿਸ਼ਭ ਦਸਿਆ ਹੈ।[111]

ਵਡਹੰਸ ਰਾਗ – ਅਹੋਬਲ ਅਨੁਸਾਰ ਇਸ ਦਾ ਵਾਦੀ ਸਵਰ ਸ਼ਡਜ਼ ਨੂੰ ਮੰਨਿਆ ਹੈ।[112]

ਸੋਰਠਿ – ਕਈ ਵਿਦਵਾਨਾਂ ਨੇ ਇਸ ਦਾ ਵਾਦੀ ਸਵਰ ਰਿਸ਼ਭ ਨੂੰ ਮੰਨਿਆ ਹੈ। [113]

ਜੈਤਸਰੀ – ਕੁਝ ਪੁਸਤਕਾਂ ਵਿਚ ਇਸ ਰਾਗ ਵਿਚ ਸ਼ਡਜ਼ ਨੂੰ ਵਾਦੀ ਸਵਰ ਮੰਨਿਆ ਗਿਆ ਹੈ।[114]

ਸੂਹੀਰਾਗ – ਗੁਰਮਤਿ ਸੰਗੀਤ ਰਤਨ ਭੰਡਾਰ ਵਿਚ ਇਸ ਰਾਗ ਦਾ ਵਾਦੀ ਸਵਰ ਸ਼ਡਜ਼ ਨੂੰ ਮੰਨਿਆ ਗਿਆ ਹੈ।[115]

ਮਾਰੂ ਰਾਗ– ਰਾਗ ਕੋਸ਼ ਵਿਚ ਇਸ ਰਾਗ ਦਾ ਵਾਦੀ ਸਵਰ ਰਿਸ਼ਭ ਦੱਸਿਆ ਗਿਆ ਹੈ।[116]

ਬਿਲਾਵਲ ਰਾਗ – ਕੁਝ ਵਿਦਵਾਨਾਂ ਨੇ ਇਸ ਰਾਗ ਦਾ ਵੀ ਵਾਦੀ ਸਵਰ ਰਿਸ਼ਭ ਮੰਨਿਆ ਹੈ।[117]

ਬਸੰਤ – ਇਸ ਰਾਗ ਦਾ ਵਾਦੀ ਸਵਰ ਸ਼ਡਜ਼ ਹੈ।[118]

ਸਾਰੰਗ – ਇਸ ਰਾਗ ਦਾ ਵਾਦੀ ਸਵਰ ਰਿਸ਼ਭ ਹੈ।[119]

ਮਲਾਰ – ਇਸ ਰਾਗ ਦਾ ਵਾਦੀ ਸਵਰ ਸ਼ਡਜ਼ ਹੈ।[120]

ਕਾਨੜਾ – ਇਸ ਰਾਗ ਵਿਚ ਗੰਧਾਰ ਅਤੇ ਨਿਸ਼ਾਦ ਕੋਮਲ ਰੂਪ ਵਿਚ ਪ੍ਰਯੋਗ ਹੁੰਦੇ ਹਨ।[121]

ਹਰਬਰਟ ਰੀਡ ਨੇ ਕਾਵਿਕ ਸੰਗੀਤ ਨੂੰ ਬਹੁਤ ਮਹੱਤਤਾ ਦਿੱਤੀ ਹੈ ਉਹ ਤਾਂ ਸੁੰਦਰ ਵਿਚਾਰਾਂ ਤੇ ਸੰਗੀਤ ਦੇ ਸੁਮੇਲ ਨੂੰ ਹੀ ਕਵਿਤਾ ਮੰਨਦਾ ਹੈ:

> ਸੰਗੀਤ ਵਿਚ ਜਦੋਂ ਕਾਵਿਕ ਭਾਵਨਾਵਾਂ ਅਭਿਵਿਅਕਤ ਕੀਤੀਆਂ ਜਾਂਦੀਆਂ ਹਨ ਤਾਂ ਆਤਮਾ ਆਪਣੇ ਅੰਤਿਮ ਲਕਸ਼ ਉੱਚਤਮ

ਸੌਂਦਰਤਾ ਜਿਸਦੀ ਪ੍ਰਾਪਤੀ ਲਈ ਉਹ ਲੋਚਦੀ ਹੈ, ਦੇ ਲਗਭਗ ਨਜ਼ਦੀਕ ਪਹੁੰਚ ਜਾਂਦੀ ਹੈ।[122]

ਕਹਿਣ ਦਾ ਭਾਵ ਇਹ ਹੈ ਕਿ ਕਾਵਿਕ ਸੰਗੀਤ ਵਿਚ ਹਿਰਦੇ ਨੂੰ ਸਪਰਸ਼ ਕਰਨ ਦੀ ਅਪਾਰ ਸ਼ਕਤੀ ਹੈ। ਹਰਬਰਟ ਰੀਡ ਕਵਿਤਾ ਦੇ ਤਿੰਨ ਮੁੱਖ ਤੱਤ ਮੰਨਦਾ ਹੈ। ਧੁਨੀ, ਭਾਵ ਅਤੇ ਵਿਚਾਰ/ਧੁਨੀ ਵਿਚ ਉਹ ਸਾਰੀਆਂ ਸੰਗੀਤਕ ਵਿਸ਼ੇਸ਼ਤਾਵਾਂ ਸ਼ਾਮਿਲ ਹੁੰਦੀਆਂ ਹਨ ਜਿਹੜੀਆਂ ਵਰਣਾਂ, ਸਵਰਾਂ ਅਤੇ ਵਿਅੰਜਨਾ ਦੇ ਚੰਗੇ ਸੁਮੇਲ ਰਾਹੀਂ ਪੈਦਾ ਹੁੰਦੀਆਂ ਹਨ। ਕਵਿਤਾ ਵਿਚ ਸੰਗੀਤ ਸ਼ਾਬਦਿਕ ਧੁਨੀਆਂ ਵਰਣਿਕ ਧੁਨੀਆਂ ਤੇ ਸਵਰ ਬੋਧ ਧੁਨੀਆਂ ਰਾਹੀਂ ਹੀ ਪੈਦਾ ਹੁੰਦਾ ਹੈ। ਇਨ੍ਹਾਂ ਵਿਚਾਰਾਂ ਦੇ ਸੰਦਰਭ ਵਿਚ ਗੁਰੂ ਸਾਹਿਬਾਨਾਂ ਦੁਆਰਾ ਰਚੀਆਂ ਵਾਰਾਂ ਵਿਚਾਲੇ ਸੰਗੀਤਕ ਤੱਤਾਂ ਨੂੰ ਹੇਠ ਲਿਖੇ ਪਹਿਲੂਆਂ ਤੋਂ ਵਿਚਾਰਿਆ ਜਾ ਸਕਦਾ ਹੈ।

**ਸ਼ਾਬਦਿਕ ਸੰਗੀਤ** – ਕਵਿਤਾ ਵਿਚ ਰਾਗ ਦੀ ਅਭਿਵਿਅਕਤੀ ਸ਼ਬਦਾਂ ਦੁਆਰਾ ਹੁੰਦੀ ਹੈ। ਸੰਗੀਤ ਦਾ ਮਾਧਿਅਮ ਨਾਦ ਹੈ ਤੇ ਸਰੋਦੀ ਕਵਿਤਾ ਦਾ ਮਾਧਿਅਮ ਨਾਦਮਈ ਸ਼ਬਦ ਹਨ। ਕਵਿਤਾ ਵਿਚ ਸ਼ਾਬਦਿਕ ਲੈਅ ਵਿਸਤਾਰ ਭਾਵ ਨੂੰ ਵੀ ਵਧੇਰੇ ਸਪਸ਼ਟ ਤੇ ਪ੍ਰਭਾਵਪੂਰਣ ਬਣਾਉਂਦੀ ਹੈ। ਸ਼ਾਬਦਿਕ ਸੰਗੀਤ ਇਕ ਖਾਸ ਕੰਬਣ ਲਹਿਰ ਰਾਹੀਂ ਸਾਨੂੰ ਅੰਤਰ ਆਤਮਾ ਵਲ ਪ੍ਰੇਰਿਤ ਕਰਦਾ ਹੈ।

ਇਕਨਾ ਮਰਣੁ ਨ ਚਿਤਿ ਆਸ ਘਣੇਰਿਆ।।
ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ।।
ਆਪਨੜੈ ਮਨਿ ਚਿਤਿ ਕਹਨਿ ਚੰਗੇਰਿਆ।।
ਜਮਰਾਜੈ ਨਿਤ ਨਿਤ ਮਨਮੁਖ ਹੇਰਿਆ।।[123]

ਉਪਰੋਕਤ ਤੁੱਕਾਂ ਵਿਚ ਘਣੇਰਿਆ, ਕੇਰਿਆ, ਚੰਗੇਰਿਆ, ਹੇਰਿਆ ਵਿਚ ਸੰਗੀਤਕ ਲੈਅ ਹੈ। ਸ਼ਾਬਦਿਕ ਤਕਨੀਕ ਦੀ ਇਹ ਜੜਤ ਅਹਥ ਲੈਅ ਦੇ ਨਾਲ ਨਾਲ ਭਾਵ ਇਕਾਗਰਤਾ ਨੂੰ ਵੀ ਸਪਸ਼ਟ ਕਰਦੀ ਹੈ। ਸ਼ਾਬਦਿਕ ਸੰਗੀਤ ਵਾਂਰਾਂ ਵਿਚ ਉਥੇ ਵੀ ਨਜ਼ਰ ਆਉਂਦਾ ਹੈ ਜਦੋਂ ਇਕ ਹੀ

ਸ਼ਬਦ ਨੂੰ ਕਵਿਤਾ ਵਿਚ ਸੰਯੁਕਤ ਰੂਪ ਜਾਂ ਬਰਾਬਰ ਵਿਭਿੰਨ ਜਾਂ ਵਿਅੰਗਾਰਥਾਂ ਦੇ ਸੰਦਰਭ ਵਿਚ ਵਰਤਦੇ ਹਨ:

ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ।।
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ।।[124]

.........................................

ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ।।
ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ।।[125]

**ਵਰਨਿਕ ਸੰਗੀਤ** – ਭਾਸ਼ਾ ਦੀ ਅੰਸ਼ਿਕ ਧੁਨੀ ਵਰਣ ਜਾਂ ਵਿਅੰਜਨ ਹੈ। ਗੁਰਬਾਣੀ ਨੂੰ ਗੰਭੀਰਤਾ ਨਾਲ ਪੜ੍ਹਨ ਤੋਂ ਵਿਅੰਜਨ ਧੁਨੀਆਂ ਨੂੰ ਪਛਾਣਿਆ ਜਾ ਸਕਦਾ ਹੈ ਕਿ ਇਹ ਕਿਵੇਂ ਮਨ ਤੇ ਇਕ ਖਾਸ ਅਸਰ ਪਾਉਂਦੀਆਂ ਹਨ। ਵਿਅੰਜਨ ਧੁਨੀਆਂ ਨੂੰ ਉਚਾਰਣ ਵੇਲੇ ਫੇਫੜਿਆਂ ਚੋਂ ਨਿਕਲਣ ਵਾਲੀ ਹਵਾ ਧੁਨੀ ਯੰਤਰ ਵਿਚ ਕਿਸੇ ਥਾਂ ਰੁਕ ਜਾਂਦੀ ਹੈ, ਕਿਸੇ ਥਾਂ ਰਗੜ ਖਾਂਦੀ ਹੈ ਤੇ ਕਿਤੇ ਜੀਭ ਦੇ ਕਿਸੇ ਪਾਸੇ ਤੋਂ ਹੋ ਕੇ ਲੰਘਦੀ ਹੈ। ਕਈ ਵਿਅੰਜਨ, ਧੁਨੀਆਂ ਸੰਗੀਤਮਈ ਹੁੰਦੀਆਂ ਹਨ। ਪਰੰਤੂ ਅਜਿਹੇ ਵਰਣ ਜਾਂ ਵਿਅੰਜਨ ਜਿਨ੍ਹਾਂ ਦੇ ਬੋਲਣ ਸਮੇਂ ਮੂੰਹ ਘਟ ਖੁਲਦਾ ਹੈ ਸੰਗੀਤਕ ਨਹੀਂ ਹੁੰਦੀਆਂ। ਗੁਰੂ ਕਵੀਆਂ ਦੀਆਂ ਵਾਰਾਂ ਵਿਚ ਤਰਲ ਵਿਅੰਜਨ ਧੁਨੀਆਂ ਦੀ ਵਰਤੋਂ ਸਦਕਾ ਵਾਰਾਂ ਵਿਚ ਤਰਲਤਾ, ਸਪਸ਼ਟਤਾ, ਸੰਗੀਤਾਤਮਕਤਾ ਪੈਦਾ ਹੋਈ ਹੈ।

'ਮ' ਦੀ ਵਰਤੋਂ ਨਾਲ–

ਮਿਲੀਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ।।
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ।।[126]

'ਨ' ਦੀ ਵਰਤੋਂ –

ਨਿਹਚਲੁ ਏਕੁ ਨਰਾਇਣੋ ਹਰਿ ਅਗਮ ਅਗਾਧਾ।।
ਨਿਹਚਲੁ ਨਾਮੁ ਨਿਧਾਨੁ ਹੈ ਜਿਸੁ ਸਿਮਰਤ ਹਰਿ ਲਾਧਾ।।

ਨਿਹਚਲੁ ਕੀਰਤਨੁ ਗੁਣ ਗੋਬਿੰਦ ਗੁਰਮੁਖਿ ਗਾਵਾਧਾ।[127]

ਰ ਦੀ ਵਰਤੋਂ ਨਾਲ–

ਹਰਿ ਹਰਿ ਨਾਮੁ ਅੰਮ੍ਰਿਤੁ ਹੈ ਹਰਿ ਜਪੀਐ ਸਤਿਗੁਰ ਭਾਇ।।

ਹਰਿ ਹਰਿ ਨਾਮੁ ਪਵਿਤੁ ਹੈ ਹਰਿ ਜਪਤ ਸੁਨਤ ਦੁਖੁ ਜਾਇ।[128]

'ਰ, ਮ' ਦੀ ਵਰਤੋਂ –

ਰਾਮ ਨਾਮੁ ਰਮੁ ਰਵਿ ਰਹੇ ਰਮੁ ਰਾਮੋ ਰਾਮੁ ਰਮੀਤਿ।।[129]

**ਸਵਰਾਂ ਦੀ ਵਰਤੋਂ ਨਾਲ ਸੰਗੀਤ**

ਸਵਰ ਧੁਨੀਆਂ ਤਰਲਾਤਮਕ ਹੁੰਦੀਆਂ ਹਨ ਜੋ ਗੁਰਬਾਣੀ ਵਿਚ ਸੰਗੀਤਾਤਮਕਤਾ ਪੈਦਾ ਕਰਦੀਆਂ ਹਨ। ਸੰਗੀਤਕ ਸੁਰਾਂ .ਬਾਣੀ ਵਿਚਲੇ ਭਾਵਾਂ ਨੂੰ ਸੁਹਜਮਈ ਢੰਗ ਦੁਆਰਾ ਪਾਠਕ ਤੱਕ ਪਹੁੰਚਾਉਂਦੀਆਂ ਹਨ। ਦੀਰਘ ਧੁਨੀਆਂ ਜ਼ਿਆਦਾ ਸੰਗੀਤਕ ਹੇਕ ਜਾਂ ਲੈਅ ਪੈਦਾ ਕਰਦੀਆਂ ਹਨ। ਇਹ ਦੀਰਘ ਧੁਨੀਆਂ ਸਵਰਾਂ ਦੀ ਵਰਤੋਂ ਸਦਕਾ ਪੈਦਾ ਕੀਤੀਆਂ ਜਾਂਦੀਆਂ ਹਨ। ਪੰਜਾਬੀ ਵਿਚ ਇਹ ਦੀਰਘ ਸਵਰ ਧੁਨੀਆਂ ਆ, ਈ, ਊ, ਐ, ਓ, ਏ, ਔ ਆਦਿ ਹਨ। ਕੰਨਾਂ, ਦੁਲੈਂਕੜੇ, ਲਾਵਾਂ, ਦੁਲਾਵਾਂ, ਹੋੜਾ, ਕਨੌੜਾ ਆਦਿ ਗੁਰੂ ਧੁਨੀਆਂ ਸੰਗੀਤ ਉਤਪੰਨ ਕਰਨ ਵਿਚ ਕਵੀ ਦੀਆਂ ਸਹਾਇਕ ਹਨ।

ਸੇ ਜਨ ਸਾਚੇ ਸਦਾ ਸਦਾ ਜਿਨਿ ਹਰਿ ਰਸੁ ਪੀਤਾ।।

ਗੁਰਮੁਖਿ ਸਚਾ ਮਨਿ ਵਸੈ ਸਚੁ ਸਉਦਾ ਕੀਤਾ।।

ਸਭੁ ਕਿਛੁ ਘਰ ਹੀ ਮਾਹਿ ਹੈ ਵਡਭਾਗੀ ਲੀਤਾ।।

ਅੰਤਰਿ ਤ੍ਰਿਸਨਾ ਮਰਿ ਗਈ ਹਰਿ ਗੁਣ ਗਾਵੀਤਾ।[130]

ਉਪਰੋਕਤ ਤੁਕਾਂ ਵਿਚ ਗੁਰੂ ਅਮਰਦਾਸ ਜੀ ਨੇ ਪੀਤਾ, ਕੀਤਾ, ਲੀਤਾ, ਗਾਵੀਤਾ, ਸ਼ਬਦਾਂ ਵਿਚ ਦੀਰਘ ਸਵਰ ਈ ਦੀ ਵਰਤੋਂ ਕਰਕੇ ਲੰਮੀ ਹੇਕ ਰਾਹੀਂ ਕਵਿਤਾ ਵਿਚ ਸੰਗੀਤਾਤਮਕਤਾ ਸਮੋਈ ਹੋਈ ਹੈ।

ਸਮੁੱਚੇ ਰੂਪ ਵਿਚ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਗੁਰੂ ਕਾਵਿ ਵਿਚ ਕਵਿਤਾ ਅਤੇ ਸੰਗੀਤ ਦਾ ਸੁਮੇਲ ਉਸ ਸਮੇਂ ਦੀ ਕਾਵਿ ਸੰਗੀਤ ਪਰੰਪਰਾ, ਗੁਰੂ ਕਵੀਆਂ ਦੀ ਸ਼ਖਸੀਅਤ, ਸਿੱਖ ਸੰਸਥਾ ਅਨੁਭਵ ਰੂਪ ਵਿਧਾਨ ਅਤੇ ਗੁਰੂ ਆਸ਼ੇ ਅਨੁਕੂਲ ਹੈ। ਸੰਗੀਤ ਜਾਂ ਰਾਗ ਗੁਰਬਾਣੀ ਦਾ ਇਕ ਰਚਨਾ ਮੂਲਕ ਤੱਤ ਹੈ। ਇਹ ਕੇਵਲ ਮਾਧਿਅਮ ਨਹੀਂ ਇਸ ਨੂੰ ਸਮਝੇ ਤੋਂ ਬਿਨਾਂ ਗੁਰੂ ਕਾਵਿ ਦਾ ਪਾਠਕ, ਸਰੋਤਾ, ਆਲੋਚਕ ਇਸ ਤੱਤ ਨੂੰ ਅਣਡਿੱਠ ਕਰਕੇ ਗੁਰਬਾਣੀ ਨੂੰ ਠੀਕ ਰੂਪ ਵਿਚ ਪੜ੍ਹ ਸੁਣ ਤੇ ਪਰਖ ਨਹੀਂ ਸਕਦਾ। ਦੂਜੇ ਪਾਸੇ ਬਾਣੀ ਦਾ ਪ੍ਰਮਾਣਿਕ ਗਾਇਨ ਜਾਂ ਕੀਰਤਨ ਤਾਂ ਹੀ ਸੰਭਵ ਹੈ ਜੋ ਰਾਗ ਵਿਦਿਆ ਦਾ ਮਾਹਿਰ ਹੋਵੇ, ਗੁਰੂ ਕਾਵਿ ਦੇ ਅਨੁਭਵ ਰੂਪ ਅਤੇ ਇਸ ਦੇ ਅਧਿਆਤਮਕ ਸਮਾਜਕ ਪ੍ਰਯੋਜਨ ਤੋਂ ਸੁਚੇਤ ਹੋਵੇ।

ਗੁਰੂ ਵਾਰ-ਕਾਵਿ ਰੂਪਾਕਾਰ ਦਾ ਚਰਿੱਤਰ ਏਨਾ ਬਹੁ-ਪਾਸਾਰੀ ਹੈ ਕਿ ਅਰਸ਼ ਤੇ ਫਰਸ਼ ਦੋਵੇਂ ਆਪਣੇ ਸਰੋਕਾਰਾਂ ਸਮੇਤ ਪ੍ਰਗਟ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦਾ ਅਧਿਐਨ ਕਰਦਿਆਂ ਜਿਥੇ ਬਾਣੀ ਦਾ ਗਗਨੀ ਪਸਾਰ ਵਿਚਾਰਿਆ ਜਾਂਦਾ ਹੈ, ਉਥੇ ਨਾਲ ਹੀ ਧਰਤੀ ਨਾਲ ਜੁੜੇ ਮਸਲੇ ਅਤੇ ਸਮਾਜਿਕ ਪ੍ਰਤਿਮਾਨਾਂ ਨੂੰ ਵੀ ਕੇਂਦਰ ਵਿਚ ਰੱਖਿਆ ਜਾਂਦਾ ਹੈ। ਵਾਰਾਂ ਦੀ ਸੰਰਚਨਾ ਵਿਚ ਪਉੜੀਆਂ ਅਤੇ ਸਲੋਕ ਇਸੇ ਵਿਚਾਰ ਦੀ ਪੁਸ਼ਟੀ ਕਰਦੇ ਹਨ। ਪਉੜੀਆਂ ਦਾ ਚਰਿੱਤਰ ਸਲੋਕਾਂ ਵਿਚ ਵਧੇਰੇ ਕਰਕੇ ਧਰਤੀ ਨਾਲ ਜੁੜੇ ਮਸਲੇ ਸਾਕਾਰ ਹੋਏ ਹਨ। ਇਕ ਧਰਾਤਲ ਅਧਿਆਤਮੀ ਮੰਡਲ ਦੀ ਹੈ ਅਤੇ ਦੂਜੀ ਧਰਾਤਲ ਸਮਾਜਕ ਪ੍ਰਤਿਮਾਨਾਂ ਨਾਲ ਜੁੜੀ ਹੋਈ ਹੈ। ਇਹ ਇਸ ਕਰਕੇ ਹੋਇਆ ਹੈ ਕਿਉਂਕਿ ਬਾਣੀਕਾਰ ਪਾਰਲੌਕਿਕ ਅਤੇ ਲੌਕਿਕ ਸਰੋਕਾਰਾਂ ਨੂੰ ਇਕ ਦੂਜੇ ਦੀ ਪਿੱਠਭੂਮੀ ਵਿਚ ਉਸਾਰਦੇ ਹਨ। ਬਾਣੀਕਾਰਾਂ ਦਾ ਤਾਂ ਝਰੋਖਾ ਹੀ ਅਜਿਹਾ ਹੈ ਕਿ ਉਸ ਵਿਚੋਂ ਬ੍ਰਹਮ ਅਤੇ ਧਰਤ ਦੋਵੇਂ ਝਲਕਾਰੇ ਮਾਰਦੇ ਹਨ। ਇਕ ਦੂਜੇ ਨੂੰ ਅਰਥ ਦੇਣ ਵਾਲਾ ਇਹ ਬਾਣੀ ਚਿੰਤਨ ਅਧਿਆਤਮਕ ਵਾਰਾਂ ਵਿਚੋਂ ਬੜੀ ਦੀਰਘ ਦ੍ਰਿਸ਼ਟੀ ਰਾਹੀਂ ਪ੍ਰਗਟ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਵਿਚ ਪਉੜੀਆਂ ਦਾ ਕਰਤਾਰੀ ਬਿੰਬ ਬੜਾ ਉਘੜਵਾਂ ਹੈ ਅਤੇ ਇਸ ਕਰਤਾਰੀ ਬਿੰਬ ਦੇ ਆਰ-ਪਾਰ ਜ਼ਿੰਦਗੀ ਦੀ ਲੀਲ੍ਹਾ ਉਸਰੀ ਹੋਈ ਹੈ। ਪ੍ਰਮਾਣ ਵਜੋਂ 'ਆਸਾ ਦੀ ਵਾਰ' ਵਿਚ ਪਉੜੀਆਂ

ਦੇ ਨਾਲ ਜੋ ਸਲਕੋ ਦਿੱਤੇ ਗਏ ਹਨ, ਉਨ੍ਹਾਂ ਵਿਚ ਸਮਾਜਕ ਚਿੰਤਨ ਬੜਾ ਸਪੱਸ਼ਟ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦੇ ਸੰਬੰਧ ਵਿਚ ਇਹ ਗੱਲ ਕਹਿਣੀ ਉਚਿਤ ਹੈ ਕਿ ਭਾਵੇਂ ਇਨ੍ਹਾਂ ਵਾਰਾਂ ਦਾ ਮੂਲ ਰੂਪ ਅਧਿਆਤਮੀ ਹੀ ਹੈ ਪਰੰਤੂ ਜਦੋਂ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਵਾਰਾਂ ਵਿਚ ਪਉੜੀਆਂ ਦੇ ਨਾਲ ਨਾਲ ਗੁਰੂ ਸਾਹਿਬਾਨ ਦੇ ਸਲੋਕ ਸ਼ਾਮਲ ਕਰ ਦਿੱਤੇ ਤਾਂ ਇਨ੍ਹਾਂ ਵਾਰਾਂ ਦਾ ਪ੍ਰਭਾਵ ਅਨੇਕ ਪਰਤੀ ਹੋ ਗਿਆ। ਹੁਣ ਜਦੋਂ ਇਨ੍ਹਾਂ ਵਾਰਾਂ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਉਦੋਂ ਇਨ੍ਹਾਂ ਦਾ ਸੰਯੁਕਤ ਰੂਪ ਭਾਵ ਪਉੜੀਆਂ ਅਤੇ ਸਲੋਕਾਂ ਦੋਹਾਂ ਨੂੰ ਆਧਾਰ ਬਣਾ ਕੇ ਕੀਤਾ ਜਾਂਦਾ ਹੈ। ਸੋ ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦੀ ਰਚਨਾ ਸੰਰਚਨਾ ਪਉੜੀਆਂ ਅਤੇ ਸਲੋਕਾਂ ਦੇ ਰੂਪ ਵਿਚ ਹੈ। ਵਾਰਾਂ ਦਾ ਇਹ ਚਰਿਤਰ ਬਾਹਰੀ ਸੰਸਾਰ ਦੇ ਉਸ ਧਰਮ ਦੀ ਪੁਸ਼ਟੀ ਕਰਦਾ ਹੈ ਜੋ ਪਾਰਲੌਕਿਕ ਅਤੇ ਲੌਕਿਕਤਾ ਉਪਰ ਉਸਰਿਆ ਹੋਇਆ ਹੈ। ਇਹੀ ਕਾਰਨ ਹੈ ਕਿ ਬਾਣੀਕਾਰਾਂ ਦੀ ਸਮਕਾਲੀ ਪ੍ਰਸੰਗਿਕਤਾ ਹਰ ਕਾਲ ਵਿਚ ਬਣੀ ਰਹੀ ਹੈ। ਜੋ ਚਿੰਤਨ ਮਨੁੱਖੀ ਜੀਵਨ ਦੇ ਮਸਲਿਆਂ ਉੱਪਰ ਕੇਂਦਰਿਤ ਨਹੀਂ, ਉਹ ਚਿੰਤਨ ਆਪਣੇ ਸ਼ੁੱਧ ਅਧਿਆਤਮੀ ਮੰਡਲ ਨੂੰ ਮਾਨਵੀ ਜਗਤ ਨਾਲ ਨਹੀਂ ਜੋੜ ਸਕਦਾ। ਬਾਣੀਕਾਰ ਇਸੇ ਆਧਾਰ ਕਾਰਨ ਹਰ ਕਾਲ ਵਿਚ ਮਨੁੱਖ ਲਈ ਪ੍ਰੇਰਣਾ ਦਾ ਸੋਮਾ ਬਣੇ ਹਨ। ਉਨ੍ਹਾਂ ਨੇ ਵਾਰ ਕਾਵਿ ਰੂਪ ਦੀ ਚੋਣ ਵੀ ਬੜੇ ਸੁਚੇਤ ਰੂਪ ਵਿਚ ਕੀਤੀ ਹੈ। ਇਹ ਕਾਵਿ ਰੂਪ ਪੰਜਾਬੀਆਂ ਦੇ ਉਸ ਚਰਿੱਤਰ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਸੂਰਮਗਤੀ ਅਤੇ ਭਗਤੀ ਦੋਵੇਂ ਇਕ ਦੂਜੇ ਦੇ ਸਮਵਿੱਥ ਚੱਲਦੇ ਹਨ। ਭਗਤੀ ਅਤੇ ਭਗੌਤੀ ਪੰਜਾਬੀਆਂ ਦੇ ਚਰਿੱਤਰ ਦਾ ਸੱਚ ਹੈ ਅਤੇ ਇਸ ਚਰਿੱਤਰ ਦੀ ਰਚਨਾਤਮਕ ਪ੍ਰਦਰਸ਼ਨੀ ਵਾਰ ਕਾਵਿ ਰੂਪ ਰਾਹੀਂ ਹੀ ਹੋ ਸਕਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦੀ ਸ਼ਕਤੀ ਹੀ ਇਹ ਹੈ ਕਿ ਇਸ ਵਿਚੋਂ ਇਕ ਨਵੇਂ ਮਨੁੱਖ ਦੀ ਸਿਰਜਣਾ ਹੁੰਦੀ ਹੈ। ਇਹ ਉਹ ਨਵਾਂ ਮਨੁੱਖ ਹੈ ਜੋ ਅੰਦਰੋਂ ਰੱਬੀ ਨੂਰ ਤਲਾਸ਼ਦਾ ਹੈ ਅਤੇ ਇਸ ਤਲਾਸ਼ ਦੀ ਪ੍ਰਾਪਤੀ ਵਿਚ ਧਰਤੀ ਨੂੰ ਧਰਮਸ਼ਾਲ ਬਣਾਉਂਦਾ ਹੈ। ਇਹ ਵਾਰ ਇਕੋ ਵੇਲੇ ਦੂਹਰਾ

ਕਾਰਜ ਕਰਦੀ ਹੈ, ਬ੍ਰਹਿਮੰਡੀ ਧਿਰ ਤੋਂ ਪ੍ਰੇਰਣਾ ਲੈਕੇ ਲੌਕਿਕ ਜੀਵਨ ਵਿਚ ਮੁਕਤੀ ਦਾ ਮਾਰਗ ਉਲੀਕਦੀ ਹੈ।

ਸਾਹਿਤਕ ਪੱਖ ਅਤੇ ਆਕਾਰ ਦੇ ਦ੍ਰਿਸ਼ਟੀਕੋਣ ਤੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਨੂੰ ਪੰਜਾਬੀ ਸਾਹਿਤ ਵਿਚ ਬੜੀ ਮਹੱਤਤਾ ਪ੍ਰਾਪਤ ਹੈ ਅਤੇ ਇਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਢੇਰ ਸਾਰੀ ਨਵੀਂ ਸ਼ਬਦਾਵਲੀ ਤੇ ਕਈ ਪ੍ਰਕਾਰ ਦੇ ਛੰਦ ਅਤੇ ਨਵੇਂ ਨਵੇਂ ਅਲੰਕਾਰ ਦਿੱਤੇ ਹਨ। ਇਸ ਤਰ੍ਹਾਂ ਇਹ ਭਿੰਨ-ਭਿੰਨ ਭਾਸ਼ਾਵਾਂ ਤੇ ਉਪਭਾਸ਼ਾਵਾਂ ਦਾ ਭਾਰੀ ਖ਼ਜਾਨਾ ਤੇ ਕਈ ਕਾਵਿਕ ਰੂਪਾਂ ਤੇ ਸ਼ੈਲੀਆਂ ਦਾ ਅਦੁੱਤੀ ਸੰਗ੍ਰਹਿ ਹੈ।

ਇਹ ਅਧਿਆਤਮਕ ਵਾਰਾਂ ਮਨੁੱਖੀ ਆਤਮਾ ਨਾਲ ਸੰਬੰਧ ਰੱਖਣ ਵਾਲੀਆਂ ਸਦੀਵੀ ਪ੍ਰੀਤ, ਦਇਆ, ਪਰਉਪਕਾਰ, ਕੁਰਬਾਨੀ ਤੇ ਹੋਰ ਕੋਮਲ ਭਾਵਾਂ ਦਾ ਵਰਣਨ ਕਰਦੀਆਂ ਹਨ ਅਤੇ ਹਰੇਕ ਸਮੇਂ ਤੇ ਹਰੇਕ ਦੇਸ਼ ਵਾਸੀਆਂ ਨੂੰ ਜੀਵਨ ਸੰਗਰਾਮ ਵਿਚ ਸਹੀ ਅਗਵਾਈ ਦੇਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਨਾ ਕੇਵਲ ਪੰਜਾਬੀ ਲੋਕ-ਸਾਹਿਤ ਵਿਚ, ਸਗੋਂ ਸੰਸਾਰ ਦੇ ਲੋਕ ਸਾਹਿਤ ਵਿਚ ਇਕ ਮਹਾਨ ਪਦਵੀ ਰੱਖਦੀਆਂ ਹਨ।

## ਹਵਾਲੇ ਅਤੇ ਟਿੱਪਣੀਆਂ


1. ***ਸਲੋਕ ਤੁਲਸੀਦਾਸ ਜੀ***,www.sikhnet.com/news/Janni-Jane-Tan-Bhagat-Jann ( Internet )
2. ***ਗੁਰੂ ਗ੍ਰੰਥ ਸਾਹਿਬ***, ਪੰਨਾ -1412
3. ਉਹੀ, ਪੰਨਾ - 1243
4. ਡਾ. ਹਰਭਜਨ ਸਿੰਘ, ***ਸਾਹਿਤ ਵਿਗਿਆਨ***, ਪੰਨਾ 62
5. ਡਾ. ਪ੍ਰੇਮ ਪ੍ਰਕਾਸ਼, ***ਭਾਰਤੀ ਕਾਵਿ ਸ਼ਾਸਤਰ***, ਪੰਨਾ 86
6. ਡਾ. ਕਾਲਾ ਸਿੰਘ ਬੇਦੀ, ***ਵਾਰਕਾਰ ਗੁਰੂ ਨਾਨਕ ਦੇਵ ਜੀ***, ਪੰਨਾ -98
7. ***ਗੁਰੂ ਗ੍ਰੰਥ ਸਾਹਿਬ***, ਪੰਨਾ 787
8. ਉਹੀ, ਪੰਨਾ 1094
9. ਉਹੀ, ਪੰਨਾ 1291
10. ਉਹੀ, ਪੰਨਾ 790
11. ਉਹੀ, ਪੰਨਾ 953
12. ਉਹੀ, ਪੰਨਾ 954
13. ਉਹੀ, ਪੰਨਾ 959
14. ਉਹੀ, ਪੰਨਾ 955
15. ਉਹੀ, ਪੰਨਾ 1245
16. ਉਹੀ, ਪੰਨਾ 956
17. ਉਹੀ, ਪੰਨਾ 148

18. ***ਗੁਰੂ ਗ੍ਰੰਥ ਸਾਹਿਬ ਜੀ***, ਪੰਨਾ 708

19. ਉਹੀ, ਪੰਨਾ 1191

20. ਉਹੀ, ਪੰਨਾ 663

21. ਉਹੀ, ਪੰਨਾ 467

22. ਉਹੀ, ਪੰਨਾ 523

23. ਉਹੀ, ਪੰਨਾ 706

24. ਉਹੀ, ਪੰਨਾ 644

25. ਉਹੀ, ਪੰਨਾ 644

26. ਉਹੀ, ਪੰਨਾ 474

27. ਉਹੀ, ਪੰਨਾ 473

28. ਉਹੀ, ਪੰਨਾ 474

29. ਉਹੀ, ਪੰਨਾ 471

30. ਡਾ. ਪ੍ਰੇਮ ਪ੍ਰਕਾਸ਼, ***ਭਾਰਤੀ ਕਾਵਿ ਸ਼ਾਸਤਰ***, ਪੰਨਾ 86

31. ***ਗੁਰੂ ਗ੍ਰੰਥ ਸਾਹਿਬ ਜੀ***, ਪੰਨਾ 1102

32. ਉਹੀ, ਪੰਨਾ 319

33. ਉਹੀ, ਪੰਨਾ 960

34. ਉਹੀ, ਪੰਨਾ 588

35. ਉਹੀ, ਪੰਨਾ 1193

36. ਉਹੀ, ਪੰਨਾ 788

37. ਉਹੀ, ਪੰਨਾ 1088

38. ਉਹੀ, ਪੰਨਾ 1280

39. ***ਗੁਰੂ ਗ੍ਰੰਥ ਸਾਹਿਬ ਜੀ***, ਪੰਨਾ 1282

40. ਉਹੀ, ਪੰਨਾ 517

41. ਉਹੀ, ਪੰਨਾ 1285

42. ਉਹੀ, ਪੰਨਾ 788

43. ਉਹੀ, ਪੰਨਾ 788

44. ***ਇਨਸਾਈਕਲੋਪੀਡੀਆ ਬ੍ਰਿਟੈਨਿਕਾ***, ਵਾਲਿਅਮ 21, ਪੰਨਾ 792

45. ***ਇਨਸਾਈਕਲੋਪੀਡੀਆ ਰਿਲੀਜ਼ਨ ਅਤੇ ਐਥਿਕਸ,*** ਵਾਲਿਅਮ 12, ਪੰਨਾ 139

46. ***New International Dictionary*** 2nd Edition, 1983, page 2555

47. The Natural History of Mind A. d. Rirechy, page 21

48. ***The Universality of Symbols the*** Psychoanalytic (Review 30) , page 943

49. ***ਗੁਰੂ ਗ੍ਰੰਥ ਸਾਹਿਬ ਜੀ***, ਪੰਨਾ 585

50. ਉਹੀ, ਪੰਨਾ 588

51. ਉਹੀ, ਪੰਨਾ 642

52. ਉਹੀ, ਪੰਨਾ 319

53. ਉਹੀ, ਪੰਨਾ 85

54. ਉਹੀ, ਪੰਨਾ 786

55. ਉਹੀ, ਪੰਨਾ 550

56. ਉਹੀ, ਪੰਨਾ 1089

57. ਉਹੀ, ਪੰਨਾ 1284

58. ਉਹੀ, ਪੰਨਾ 1283

59. ਉਹੀ, ਪੰਨਾ 309

60. ਉਹੀ, ਪੰਨਾ 470

61. ਉਹੀ, ਪੰਨਾ 708

62. ਉਹੀ, ਪੰਨਾ 787

63. ਉਹੀ, ਪੰਨਾ 1097

64. ਉਹੀ, ਪੰਨਾ 1244

65. ਉਹੀ, ਪੰਨਾ 1280

66. ਉਹੀ, ਪੰਨਾ 1280

67. ਉਹੀ, ਪੰਨਾ 89

68. ਉਹੀ, ਪੰਨਾ 150

69. ਉਹੀ, ਪੰਨਾ 147

70. ***ਗੁਰੂ ਗ੍ਰੰਥ ਸਾਹਿਬ ਜੀ***, ਪੰਨਾ 463

71. ਉਹੀ, ਪੰਨਾ 510

72. ਉਹੀ, ਪੰਨਾ 513

73. ਉਹੀ, ਪੰਨਾ 1288

74. ਉਹੀ, ਪੰਨਾ 140

75. ਉਹੀ, ਪੰਨਾ 141

76. ਉਹੀ, ਪੰਨਾ 145

77. ***ਗੁਰੂ ਗ੍ਰੰਥ ਸਾਹਿਬ ਜੀ***, ਪੰਨਾ 142

78. ਉਹੀ, ਪੰਨਾ 947

79. ਉਹੀ, ਪੰਨਾ 85

80. ਉਹੀ, ਪੰਨਾ 510

81. ਉਹੀ, ਪੰਨਾ 644

82. ਉਹੀ, ਪੰਨਾ 1088

83. ਉਹੀ, ਪੰਨਾ 1247

84. ਉਹੀ, ਪੰਨਾ 950

85. ਉਹੀ, ਪੰਨਾ 302

86. ਉਹੀ, ਪੰਨਾ 91

87. ਉਹੀ, ਪੰਨਾ 303

88. ਉਹੀ, ਪੰਨਾ 91

89. ਉਹੀ, ਪੰਨਾ 1243

90. ਉਹੀ, ਪੰਨਾ 321

91. ਉਹੀ, ਪੰਨਾ 319

92. ਉਹੀ, ਪੰਨਾ 959

93. ਉਹੀ, ਪੰਨਾ 322

94. ਡਾ. ਸ਼ੇਰ ਸਿੰਘ, ***ਫਿਲਾਸਫ਼ੀ ਆਫ਼ ਸਿਖਇਜ਼ਮ***, ਪੰਨਾ 51 ਅਤੇ ਗੁਰਮਤਿ ਦਰਸ਼ਨ ਪੰਨਾ 59

95. ***ਗੁਰੂ ਗ੍ਰੰਥ ਸਾਹਿਬ ਜੀ***, ਪੰਨਾ 660

96. ਉਹੀ, ਪੰਨਾ 150

97. ***ਗੁਰੂ ਗ੍ਰੰਥ ਸਾਹਿਬ ਜੀ***, ਪੰਨਾ 920

98. ਉਹੀ, ਪੰਨਾ 1423

99. ਉਹੀ, ਪੰਨਾ 83

100. ਉਹੀ, ਪੰਨਾ 311

101. ਉਹੀ, ਪੰਨਾ 516

102. ਉਹੀ, ਪੰਨਾ 642

103. ਉਹੀ, ਪੰਨਾ 1425

104. ਉਹੀ, ਪੰਨਾ 1283

105. ਅਚਾਰੀਆ ਬ੍ਰਿਹਿਸਪਤੀ, ***ਭਰਤ ਕਾ ਸੰਗੀਤ ਸਿਧਾਂਤ*** (ਭਾਗ 4), ਪੰਨਾ 18

106. ਭਾਤਖੰਡੇ, ***ਕ੍ਰਮਕ ਪੁਸਤਕ ਮਲਿਕਾ*** (ਪਾਂਚਵੀਂ ਪੁਸਤਕ), ਪੰਨਾ 37

107. ਦਮੋਦਰ ਪੰਡਿਤ, ***ਸੰਗੀਤ ਦਰਪਣ***, ਪੰਨਾ 104

108. ਗਿਆਨ ਸਿੰਘ, ***ਗੁਰਬਾਣੀ ਸੰਗੀਤ***, ਪੰਨਾ 3

109. ***ਸੰਗੀਤ ਪਰਿਜਾਤ***, ਪੰਨਾ 163

110. ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ, ***ਗੁਰਬਾਣੀ ਸੰਗੀਤ ਪ੍ਰਾਚੀਨ ਰਤਨਾਵਲੀ***, ਪੰਨਾ 283

111. ਪ੍ਰੇਮ ਸਿੰਘ, ***ਗੁਰਮਤਿ ਸੰਗੀਤ, ਰਤਨ ਭੰਡਾਰ***, ਪੰਨਾ 59

112. ਉਹੀ, ਪੰਨਾ 59

113. ਗਿਆਨੀ ਗਿਆਨ ਸਿੰਘ, ***ਗੁਰਬਾਣੀ ਸੰਗੀਤ***, ਪੰਨਾ 3

114. ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ, ***ਗੁਰਬਾਣੀ ਸੰਗੀਤ ਪ੍ਰਾਚੀਨ ਰਤਨਾਵਲੀ***, ਪੰਨਾ 283

115. ***ਵਸੰਤ ਰਾਗਕੋਸ਼***, ਪੰਨਾ 18

116. ਰਾਜਾ ਨਵਾਬ ਅਲੀ, ***ਮਾਰਿਫੁੰਨਗਮਾਤ***, ਪੰਨਾ 105

117. ਜਗਦੀਸ਼ ਨਾਰਾਇਣ, ***ਪਾਠਕ, ਸੰਗੀਤ ਸ਼ਾਸਤਰ, ਮੀਮਾਂਸਾ***, ਭਾਗ-1, ਪੰਨਾ 383

118. ਡਾ. ਲਛਮੀ ਨਾਰਾਇਣ ਗਰਗ, ***ਰਾਗ ਵਿਸ਼ਾਰਦ***, ਪੰਨਾ 677

119. ਉਹੀ, ਪੰਨਾ 771

120. ਡਾ. ਲਛਮੀ ਨਾਰਾਇਣ, ***ਗਰਗ ਰਾਗ ਵਿਸ਼ਾਰਦ,*** ਪੰਨਾ 526

121. ਉਹੀ, ਪੰਨਾ 17

122. ***Herbert Read Phases of English Poetry,*** Page 115

123. ***ਗੁਰੂ ਗ੍ਰੰਥ ਸਾਹਿਬ ਜੀ***, ਪੰਨਾ 143

124. ਉਹੀ, ਪੰਨਾ 1101

125. ਉਹੀ, ਪੰਨਾ 1094

126. ਉਹੀ, ਪੰਨਾ 791

127. ਉਹੀ, ਪੰਨਾ 1101

128. ਉਹੀ, ਪੰਨਾ 1316

129. ਉਹੀ, ਪੰਨਾ 1316

130. ਉਹੀ, ਪੰਨਾ 955

# ਨਿਸ਼ਕਰਸ਼

ਮੱਧ ਕਾਲ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇਕ ਸੁਨਹਿਰੀ ਕਾਲ ਹੈ। ਪੰਜਾਬੀ ਦੇ ਵਿਭਿੰਨ ਕਾਵਿ ਰੂਪ ਅਤੇ ਉਹਨਾਂ ਦੀਆਂ ਪ੍ਰਵਿਤਰੀਆਂ ਗੁਰਮਤਿ, ਸੂਫੀ, ਕਿੱਸਾ ਅਤੇ ਬੀਰ-ਕਾਵਿ ਇਸ ਸਮੇਂ ਆ ਕੇ ਪਨਪਦੀਆਂ ਹਨ ਅਤੇ ਪੰਜਾਬੀ ਦੀਆਂ ਸਾਹਿਤਕ ਧਾਰਾਵਾਂ ਦਾ ਮੁੱਢ ਬੱਝਦਾ ਹੈ। ਮੱਧਕਾਲੀਨ ਪੰਜਾਬੀ ਸਾਹਿਤ ਸਿਰਫ਼ ਮਧਕਾਲੀਨ ਪੰਜਾਬ ਅਤੇ ਹਿੰਦੋਸਤਾਨ ਦੇ ਸਮਾਜਿਕ ਯਥਾਰਥ ਦਾ ਸਾਹਿਤਕ ਸਭਿਆਚਾਰ ਅਤੇ ਅਧਿਆਤਮਕ ਦ੍ਰਿਸ਼ ਪੇਸ਼ ਨਹੀਂ ਕਰਦਾ ਸਗੋਂ ਅਜੋਕੇ ਸਾਹਿਤ ਸਭਿਆਚਾਰ ਅਤੇ ਅਧਿਆਤਮਕ ਦ੍ਰਿਸ਼ ਪੇਸ਼ ਨਹੀਂ ਕਰਦਾ ਸਗੋਂ ਅਜੋਕੇ ਸਾਹਿਤ ਸਭਿਆਚਾਰ ਅਤੇ ਮਨੁੱਖ ਨੂੰ ਸਿਰਜਣ ਅਤੇ ਪੁਨਰ ਸਿਰਜਣ ਦਾ ਰੋਲ ਵੀ ਅਦਾ ਕਰਦਾ ਹੈ। ਇਸੇ ਕਰਕੇ ਇਹ ਇਕ ਪਾਸੇ ਤਾਂ ਸਾਡੀ ਕਲਾਸੀਕਲ ਪਰੰਪਰਾ ਬਣ ਕੇ ਪੇਸ਼ ਹੁੰਦਾ ਹੈ ਅਤੇ ਨਾਲ ਦੀ ਨਾਲ ਆਪਣੀ ਸਮਕਾਲੀਨ ਪ੍ਰਸੰਗਿਕਤਾ ਨੂੰ ਵੀ ਉਜਾਗਰ ਕਰਦਾ ਹੈ।

ਸੰਸਾਰ ਦੇ ਵਿਭਿੰਨ ਧਾਰਮਿਕ ਗ੍ਰੰਥਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਲੱਖਣ ਤੇ ਅਹਿਮ ਸਥਾਨ ਹੈ। ਇਸ ਵਿਲਖਣਤਾ ਕਰਕੇ ਹੀ ਇਸ ਵਿਚ ਵਿਦਮਾਨ ਸਰਬ ਸਾਂਝੇ ਅਰਥਾਤ ਸਰਬਤ ਦੇ ਭਲੇ ਦੇ ਸੰਦੇਸ਼ ਦਾ ਹੋਣਾ ਸੁਭਾਵਿਕ ਹੈ ਅਤੇ ਇਹ ਮਨੁੱਖ ਨੂੰ ਸਰਬ ਪੱਖੀ ਅਗਵਾਈ ਦੇ ਕੇ ਉਸ ਨੂੰ ਸਦੀਵੀ ਸੁਖ ਸ਼ਾਂਤੀ ਪ੍ਰਦਾਨ ਕਰਨ ਵਿਚ ਸਹਾਈ ਹੁੰਦਾ ਹੈ। ਗੁਰਬਾਣੀ ਦਾ ਸਮੁੱਚਾ ਆਸ਼ਾ ਮਨੁੱਖ ਨੂੰ ਮੰਦੇ ਕਰਮਾਂ ਤੋਂ ਵਰਜ ਕੇ ਸ਼ੁਭ ਕਰਮਾਂ ਦੀ ਜੀਵਨ ਦੇ ਧਾਰਨੀ ਬਣਾਉਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਹੋਰ ਬਾਣੀਆਂ ਵਾਂਗ ਗੁਰੂ ਕਵੀਆਂ ਦੁਆਰਾ ਰਚੀਆਂ ਵਾਰਾਂ ਗੁਰੂ ਗ੍ਰੰਥ ਸਾਹਿਬ ਪਰੰਪਰਾ ਦਾ ਇਕ ਮਹੱਤਵਪੂਰਨ ਕਾਵਿ ਰੂਪ ਹੈ। ਇਸ ਕਾਵਿ ਰਾਹੀਂ ਗੁਰੂ ਸਾਹਿਬਾਨਾਂ ਨੇ ਆਮ ਲੋਕਾਂ ਨੂੰ ਪਾਖੰਡ ਰਹਿਤ ਤੇ ਵਿਕਾਰਾਂ ਨੂੰ ਕਾਬੂ ਕਰਨ ਲਈ ਲਗਾਤਾਰ ਸੰਘਰਸ਼ ਕਰਦੇ ਰਹਿਣ ਦੀ ਪ੍ਰੇਰਨਾ ਦਿੱਤੀ ਹੈ। ਇਨ੍ਹਾਂ ਵਿਚੋਂ ਪ੍ਰਮਾਤਮਾ, ਪ੍ਰਕਿਰਤੀ, ਮਨੁੱਖੀ ਜੀਵਨ, ਸੰਸਾਰ, ਮੋਕਸ਼, ਗੁਰਮੁਖ ਤੇ ਮਨਮੁਖ, ਮਨੁੱਖ ਤੇ

ਸਵੈ, ਮਨੁੱਖ ਤੇ ਸਮਾਜ ਆਦਿ ਦੀਆਂ ਸਮੱਸਿਆਵਾਂ ਨੂੰ ਬਹੁਤ ਹੀ ਸੰਜਮਮਈ, ਸਪਸ਼ਟ ਤੇ ਸੁਚੱਜੀ ਕਾਵਿ ਸ਼ੈਲੀ ਰਾਹੀਂ ਸੁਲਝਾਂਦਿਆਂ ਹੋਇਆਂ ਅਜਿਹੇ ਨਿੱਗਰ ਮੁੱਲਾਂ ਦਾ ਸੰਚਾਰ ਕੀਤਾ ਹੈ, ਜਿਹੜੇ ਮਨੁੱਖ ਤੇ ਸਮਾਜ ਵਿਚ ਇਕਸੁਰਤਾ ਤੇ ਸੁਖਾਵਾਂਪਣ ਲਿਆਉਣ ਲਈ ਬਹੁਤ ਹੀ ਸਾਰਥਿਕ ਅਤੇ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਸਕਣ ਦੇ ਯੋਗ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਅਧਿਆਤਮਕ ਵਾਰਾਂ ਪਰਮ ਪੁਰਖ ਦੀ ਉਸਤਤਿ ਕਰਦੀਆਂ ਹਨ। ਬੀਰ-ਰਸੀ ਵਾਰਾਂ ਵਾਂਗ ਇਹ ਰਾਜਿਆਂ ਜਾਂ ਧਾੜਵੀਆਂ ਤੋਂ ਉਲਟ, ਅਧਿਆਤਮਕ ਗਿਆਨ, ਸਤਿਗੁਰੂ ਮਹਿਮਾਂ, ਪ੍ਰਭੂ-ਪ੍ਰਾਪਤੀ ਦੇ ਸਾਧਨ, ਗੁਰਮੁੱਖ (ਜੀਵਨ-ਮੁਕਤ, ਸਧ, ਸੰਤ, ਬ੍ਰਹਮ ਗਿਆਨੀ) ਅਤੇ ਮਨਮੁੱਖ ਦੇ ਲੱਛਣ, ਦਰਸ਼ਨ, ਬ੍ਰਹਮ, ਜੀਵ ਜਗਤ ਤੇ ਮਾਇਆ, ਨੈਤਿਕ ਅਤੇ ਸਦਾਚਾਰਕ ਕਦਰਾਂ-ਕੀਮਤਾਂ ਤੇ ਆਤਮਕ ਸੰਘਰਸ਼ ਆਦਿ ਵਿਸ਼ੇ ਪ੍ਰਧਾਨ ਹਨ। ਕਾਵਿ ਰੂਪ ਭਾਵੇਂ ਵਾਰ ਦਾ ਹੈ ਪਰੰਤੂ ਇਹਨਾਂ ਵਾਰਾਂ ਵਿਚ ਦੁਨੀਆਂਦਾਰ ਰਾਜੇ ਜਾਂ ਜਗੀਰਦਾਰਾਂ ਆਦਿ ਦੀ ਉਸਤਤਿ ਨਹੀਂ ਸਗੋਂ ਅਧਿਆਤਮਕ ਪਿੜ ਦੇ ਸੂਰਮੇ ਦਾ ਜਸ-ਕੀਰਤ ਕਰਨਾ ਹੀ ਗੁਰੂ ਵਾਰਕਾਰਾਂ ਦਾ ਮੂਲ ਮਨੋਰਥ ਹੈ। ਇਹ ਅਧਿਆਤਮਕ ਵਾਰਾਂ ਵਿਚਲਾ ਉਦਮ ਇਕ ਦਿਸ਼ਾ-ਨਿਰਦੇਸ਼ਕ ਦਾ ਕਾਰਜ ਨਿਭਾਉਂਦਾ ਹੈ ਜਿਹੜਾ ਵੇਲੇ ਦੇ ਦਮਨਕਾਰੀ ਰਾਜੇ-ਰਾਣਿਆਂ ਅਤੇ ਦਿਸ਼ਾ-ਨਿਰਦੇਸ਼ਕ ਦਾ ਕਾਰਜ ਨਿਭਾਉਂਦਾ ਹੈ ਜਿਹੜਾ ਵੇਲੇ ਦੇ ਦਮਨਕਾਰੀ ਰਾਜੇ-ਰਾਣਿਆਂ ਅਤੇ ਹੋਰ ਅਜਿਹੇ ਸ਼ਾਸ਼ਕਾਂ ਦੇ ਵਿਰੋਧ ਵਿਚ ਪੈਂਤੜੇ ਲੈਂਦਾ ਹੋਇਆ, ਲੋਕਾਈ ਨੂੰ ਜਾਗ੍ਰਿਤ ਕਰਦਾ ਹੈ ਕਿ ਸਾਨੂੰ ਉਸ ਧਰਮ-ਪੁਰਖ, ਸੱਚੇ ਪਾਤਸ਼ਾਹ ਦੀ ਉਸਤਤਿ ਕਰਨੀ ਚਾਹੀਦੀ ਹੈ ਜੋ ਰਾਜਿਆਂ ਦਾ ਅਤੇ ਆਮਾ ਲੋਕਾਈ ਦਾ ਵੀ ਸਿਰਜਣਹਾਰ ਹੈ। ਇਸ ਤਰ੍ਹਾਂ ਇਹ ਵਾਰਾਂ ਵਿਚਲਾ ਉਦੇਸ਼ ਸਮਾਜ-ਵਿਰੋਧੀ ਰੁਚੀਆਂ ਦੇ ਤਿਆਗਣ ਅਤੇ ਮਨੁੱਖਤਾ ਪ੍ਰਤਿ ਹਾਂ-ਪੱਖੀ ਰੁਚੀਆਂ ਗ੍ਰਹਿਣ ਕਰਾਉਣ ਵੱਲ ਅਗਰਸਰ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਅਧਿਆਤਮਕ ਵਾਰਾਂ, ਸਮਾਜ ਦੀ ਨਵ-ਉਸਾਰੀ ਨਾਲ ਸਿਧਾਂਤਕ ਤੌਰ ਤੇ ਸੰਬੰਧਿਤ ਹਨ ਅਤੇ ਸਮੇਂਦੀ ਨਿਘਰ ਚੁੱਕੀ ਰਾਜਨੀਤੀ ਅਤੇ ਸਮਾਜਿਕ ਕੀਮਤਾਂ ਨੂੰ ਰੱਦ ਕਰਦੀਆਂ ਹਨ। ਜਿੱਥੇ ਪੂਰਵ-ਨਾਨਕ ਕਾਲ ਦੀਆਂ ਵਾਰਾਂ ਦੇ ਸਫਰ ਤੋਂ ਲੈ ਕੇ ਵਰਤਮਾਨ ਸਮੇਂ

ਦੀਆਂ ਵਾਰਾਂ ਤੱਕ ਦੇ ਪੰਜਾਬੀ ਵਾਰ ਦੇ ਇਕ ਲੰਮੇ ਵਿਕਾਸ ਦਾ ਅਹਿਸਾਸ ਕਰਵਾਉਂਦੀਆਂ ਹਨ, ਉਥੇ ਨਵੇਂ ਸਰਬ-ਸਾਂਝੇ ਸਭਿਆਚਾਰ ਦਾ ਨਿਰਮਾਣ ਕਰਨ ਲਈ ਮਾਰਗ-ਨਿਰਦੇਸ਼ਕ ਦਾ ਕਾਰਜ ਵੀ ਨਿਭਾਉਂਦੀਆਂ ਹਨ। ਗੁਰੂ ਸਾਹਿਬਾਂ ਨੇ ਮਨੁੱਖ ਨੂੰ ਉਸ ਦੇ ਬਹੁ-ਪਰਤੀ ਸੰਕਲਪਾਂ ਅਨੁਸਾਰ ਸੰਪੂਰਣ ਜੀਵਨ ਜੁਗਤਿ ਦਾ ਮਾਰਗ ਦਰਸਾਇਆ ਹੈ ਕਿ ਮਨੁੱਖ ਦਾ ਜਿੱਥੇ ਸਵੈ ਜਾਂ ਆਪੇ ਨਾਲ ਸੰਬੰਧ ਹੈ, ਉਥੇ ਸਮਾਜ, ਦੇਸ਼, ਸੰਸਾਰ ਤੇ ਪੂਰੇ ਬ੍ਰਹਿਮੰਡ ਨਾਲ ਵੀ ਸੰਬੰਧ ਹੈ।

ਇਹਨਾਂ ਵਾਰਾਂ ਵਿਚਲਾ ਉਦੇਸ਼ ਮਨੁੱਖ ਨੂੰ ਗੁਣ ਗ੍ਰਹਿਣ ਕਰਨ ਵਲ ਪੁਰਜ਼ੋਰ ਅਗਰਸਰ ਹੁੰਦਾਹੈ। ਆਚਰਣ ਗੁਣ ਗ੍ਰਹਿਣ ਕਰਕੇ ਮਨੁੱਖ ਆਚਰਣ ਪੱਖੋਂ ਉਚੇਰਾ ਬਣ ਜਾਂਦਾ ਹੈ। ਇਹਨਾਂ ਵਾਰਾਂ ਵਿਚ ਮਨੁੱਖੀ ਸਖਸ਼ੀਅਤ ਬਾਰੇ ਉਹ ਸਾਰੇ ਗੁਣ ਅਤੇ ਕਰਤਵ ਮਿਲਦੇ ਹਨ ਜੋ ਉਸ ਦੇ ਵਿਅਕਤੀਗਤ ਜੀਵਨ ਵਿਚ ਉੱਤਮ ਗੁਣਾਂ ਦਾ ਸੰਚਾਰ ਕਰਨ ਦੇ ਨਾਲ ਨਾਲ ਸਮਾਜ ਦੀ ਭਲਾਈ ਲਈ ਵੀ ਸਾਰਥਕ ਹਨ। ਗੁਰਬਾਣੀ ਅਨੁਸਾਰ ਵੱਖ-ਵੰਖ ਧਰਮਾਂ ਦੀ ਏਕਤਾ ਦਾ ਸੋਮਾ ਵੀ ਪ੍ਰਭੂ ਦੀ ਏਕਤਾ ਹੈ। 'ੴ (ਏਕੋ) ਇਕ ਪ੍ਰਭੂ ਦਾ ਸੰਕਲਪ ਪੇਸ਼ ਕਰਦੀਆਂ ਹੋਈਆਂ ਇਹ ਅਧਿਆਤਮਕ ਵਾਰਾਂ, ਮਨੁੱਖ ਦੇ ਗ੍ਰਹਿਣ ਕਰਨ ਲਈ, ਸਮਾਨਤਾ, ਪ੍ਰੇਮ, ਪਰਉਪਕਾਰ ਆਦਿ ਦੀਆਂ ਸਾਰਥਕ ਕੀਮਤਾਂ ਉਤਪੰਨ ਕਰਦੀਆਂ ਹਨ। ਇਹਨਾਂ ਵਾਰਾਂ ਵਿਚ ਪਰਮਾਤਮਾ, ਕੁਦਰਤ ਸੰਸਾਰ ਧਰਮ ਤੇ ਮਨੁੱਖ ਦੀ ਇਕ-ਸੁਰਤਾ ਦਾ ਬਿਆਨ ਦਰਜ ਹੈ ਜੋ ਮਨੁੱਖ ਨੂੰ ਵਿਸ਼ਾਲ ਜੁਗਤ ਦਾ ਮਾਰਗ-ਦਰਸ਼ਨ ਕਰਵਾਉਂਦਾ ਹੈ।

ਸਾਹਿਤਕ ਪੱਖ ਅਤੇ ਆਕਾਰ ਦੀ ਦ੍ਰਿਸ਼ਟੀ ਤੋਂ ਗੁਰੂ-ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਪੰਜਾਬੀ ਸਾਹਿਤ ਵਿਚ ਮਹੱਤਵਪੂਰਣ ਸਥਾਨ ਰੱਖਦੀਆਂ ਹਨ। ਇਹਨਾਂ ਵਾਰਾਂ ਨੇ ਪੰਜਾਬੀ ਸਾਹਿਤ ਨੂੰ ਬਹੁਤ ਸਾਰੀ ਨਵੀਂ ਸ਼ਬਦਾਵਲੀ, ਕਈ ਪ੍ਰਕਾਰ ਦੇ ਨਵੇਂ ਛੰਦ ਅਤੇ ਨਵੇਂ-ਨਵੇਂ ਅਲੰਕਾਰ ਦਿੱਤੇ ਹਨ। ਇਹ ਵਾਰਾਂ ਭਿੰਨ ਭਿੰਨ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਦਾ ਖਜਾਨਾ ਹਨ ਤੇ ਕਈ ਕਾਵਿਕ ਰੂਪਾਂ ਅਤੇ ਸ਼ੈਲੀਆਂ ਦਾ ਅਦੁੱਤੀ ਸੰਗ੍ਰਹਿ ਹਨ। ਸਾਹਿਤਕ ਦ੍ਰਿਸ਼ਟੀਕੋਣ ਤੋਂ ਇਹ ਵਾਰਾਂ ਅਤਿ ਉਤਮ ਰਚਨਾਵਾਂ ਹਨ। ਬਲਵਾਨ ਤੇ ਨਰੋਏ ਵਿਸ਼ਾ-ਵਸਤੂ ਦੇ ਕਾਰਨ ਇਹ ਅਗਾਂਹ .ਵਧੂ ਤੇ ਉਪਯੋਗੀ

ਸਾਹਿਤ ਦਾ ਇਕ ਵਧੀਆ ਮਾਡਲ ਹਨ ਜੋ ਮਨੁੱਖੀ ਆਤਮਾ ਨਾਲ ਸੰਬੰਧ ਰੱਖਣ ਵਾਲੀਆਂ,ਸਦੀਵੀ-ਪ੍ਰੀਤ, ਦਇਆ, ਪਰਉਪਕਾਰ, ਕੁਰਬਾਨੀ ਤੇ ਹੋਰ ਕੋਮਲ ਭਾਵਾਂ ਦੀ ਧਾਰਨੀ ਹਨ ਅਤੇ ਮਨੁੱਖ ਨੂੰ ਜੀਵਨ ਸੰਗ੍ਰਾਮ ਵਿਚ ਅਤਿ ਹੀ ਮਹਤਵ-ਪੂਰਨ ਅਗਵਾਈ ਪ੍ਦਾਨ ਕਰਦੀਆਂ ਹਨ। ਇਹਨਾਂ ਵਾਰਾਂ ਵਿਚਲੀ ਗੁਰਮਤਿ ਸੋਚ ਆਪਣੇ ਨਿਵੇਕਲੇ ਚਰਿਤਰ ਕਰਕੇ ਅਜਿਹਾ ਕਾਵਿਕ-ਪ੍ਵਚਨ ਉਸਾਰਦੀ ਹੈ ਜੋ ਦੇਸ-ਕਾਲ ਦੀਆਂ ਹੱਦਾਂ ਤੋਂ ਪਾਰ ਜਾਂਦੀ ਹੋਈ ਇਕ ਵਿਸ਼ਵੀ ਸਰਬ-ਸਾਂਝੇ ਭਾਈਚਾਰੇ ਦੇ ਰੂਪ ਵਿਚ ਸਥਾਪਿਤ ਹੁੰਦੀ ਹੈ।

# ਪੁਸਤਕ ਸੂਚੀ


**ਪੰਜਾਬੀ ਪੁਸਤਕਾਂ**

ਅਤਰ ਸਿੰਘ, *ਦ੍ਰਿਸ਼ਟੀਕੋਣ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1963

-------, *ਸਾਹਿਤ ਸੰਵੇਦਨਾ*, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984

ਅਹਿਮਦ, ਸਲੀਮ, *ਲੋਕ ਵਾਰਾਂ*, ਨਵਯੁਗ ਪਬਲਿਸ਼ਰਜ਼, ਦਿੱਲੀ, 1973

ਅੰਮ੍ਰਿਤ ਲਾਲ ਪਾਲ (ਡਾ.), *ਗੁਰੂ ਰਵੀਦਾਸ ਅਤੇ ਬਾਬਾ ਫਰੀਦ ਬਾਣੀ ਦਾ ਤੁਲਨਾਤਮਕ ਅਧਿਐਨ*, ਸੰਗਮ ਪਬਲੀਕੇਸ਼ਨ, ਸਮਾਣਾ

-------, *ਸੂਫ਼ੀ, ਕਿੱਸਾ ਤੇ ਬੀਰ ਕਾਵਿ*, ਆਰ. ਐਸ. ਪਬਲੀਕੇਸ਼ਨ, ਪਟਿਆਲਾ, 1999

ਅਸ਼ੋਕ, ਸ਼ਮਸ਼ੇਰ ਸਿੰਘ, *ਪ੍ਰਾਚੀਨ ਵਾਰਾਂ ਤੇ ਜੰਗਨਾਮੇ*, ਸਿੱਖ ਇਤਿਹਾਸ ਰਿਸਰਚ ਬੋਰਡ, ਅੰਮ੍ਰਿਤਸਰ, 1950

ਅਵਤਾਰ ਸਿੰਘ (ਭਾਈ), ਗੁਰਚਰਨ ਸਿੰਘ (ਭਾਈ), *ਗੁਰਬਾਣੀ ਸੰਗੀਤ ਪ੍ਰਾਚੀਨ ਗੀਤ ਰਤਨਾਵਲੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979

ਇੰਦਰਜੀਤ ਕੌਰ (ਡਾ.), *ਪੰਜਾਬੀ ਦੀਆਂ ਅਧਿਆਤਮਕ ਵਾਰਾਂ ਵਿਚ ਉਘੜਦਾ ਨਾਇਕ ਦਾ ਸੰਕਲਪ*, ਪ੍ਰਕਾਸ਼ਕ ਗੁਰਮਤਿ ਪ੍ਰਕਾਸ਼ਨ, ਪਟਿਆਲਾ,

ਸਾਹਿਬ ਸਿੰਘ, *ਸੇਖ ਫਰੀਦ ਜੀ ਦੀ ਬਾਣੀ ਸਟੀਕ*, ਲਾਹੌਰ ਬੁਕ ਸ਼ਾਪ, ਲੁਧਿਆਣਾ

-------, ***ਆਸਾ ਦੀ ਵਾਰ ਸਟੀਕ***, ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1970

ਸਹਿਗਲ, ਮਨਮੋਹਨ ਸਿੰਘ, ***ਗੁਰੂ ਗ੍ਰੰਥ ਸਾਹਿਬ - ਇਕ ਸਭਿਆਚਾਰਕ ਸਰਵੇਖਣ***, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1987

ਸੀਤਲ, ਸੋਹਣ ਸਿੰਘ, ***ਮੇਰੀਆਂ ਢਾਡੀ ਵਾਰਾਂ***, ਸੀਤਲ ਪ੍ਰਕਾਸ਼ਕ ਭੰਡਾਰ, ਲੁਧਿਆਣਾ, 1973

ਸੀਤਲ, ਜੀਤ ਸਿੰਘ, ***ਪੰਜਾਬੀ ਬੀਰ ਸਾਹਿਤ***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970

ਸਿੰਗਲ ਧਰਮਪਾਲ (ਡਾ.), ***ਪੰਜਾਬੀ ਸਾਹਿਤ ਦਾ ਇਤਿਹਾਸ,*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਸੇਖੋਂ ਸੰਤ ਸਿੰਘ, ***ਪੰਜਾਬੀ ਕਾਵਿ ਸ਼੍ਰੋਮਣੀ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1964

-------, ***ਸਾਹਿਤਆਰਥ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970

ਹਰਿਭਜਨ ਸਿੰਘ, ***ਅਧਿਅਨ ਤੇ ਅਧਿਆਪਨ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002

-------, ***ਮੁਲ ਤੇ ਮੁਲਾਂਕਣ,*** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1972

-------, ***ਪੰਜਾਬੀ ਸਾਹਿਤ ਦਾ ਇਤਿਹਾਸ,*** ਧੰਨਪਤ ਰਾਏ ਐਂਡ ਸੰਨਜ਼, ਜਲੰਧਰ-ਦਿੱਲੀ, ਮਿਤੀ ਰਹਿਤ

-------, ***ਸਾਹਿਤ ਅਧਿਐਨ,*** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981

-------, ***ਸਾਹਿਤ ਸ਼ਾਸਤਰ,*** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002

ਹਰੀ ਸਿੰਘ (ਡਾ. (ਸੰਪਾ.), ***ਪਰਚੀਆਂ ਸੇਵਾ ਦਾਸ,*** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1963

ਕਸੇਲ, ਕਿਰਪਾਲ ਸਿੰਘ (ਸੰਪਾ.), ***ਸਾਹਿਤ ਅਧਿਐਨ ਸੀਰੀਜ਼–ਭਗਤ ਨਾਮਦੇਵ***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989

--------, ***ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ,*** ਲਾਹੌਰ ਬੁਕ ਸ਼ਾਪ, ਲੁਧਿਆਣਾ, 1998

ਕੇਸਰ, ਕੇਸਰ ਸਿੰਘ (ਡਾ.), ***ਸਾਹਿਤ ਖੋਜ ਅਤੇ ਸਾਹਿਤ ਆਲੋਚਨਾ***, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1996

ਕਵੀਸ਼ਰ, ਸਰਦੂਲ ਸਿੰਘ, ***ਸਿੱਖ ਧਰਮ ਦਰਸ਼ਨ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993

ਕੋਹਲੀ, ਕੁਲਵੰਤ ਕੌਰ, ***ਗੁਰਮਤਿ ਕਾਵਿ ਇਕ ਅਧਿਐਨ***, ਪ੍ਰਕਾਸ਼ਕ ਲੋਕਾਇਤ, ਚੰਡੀਗੜ੍ਹ, 1984

-------, ***ਚੰਡੀ ਦੀ ਵਾਰ ਦਾ ਸਾਹਿਤਕ ਅਧਿਐਨ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1981

ਕੋਹਲੀ, ਸੁਰਿੰਦਰ ਸਿੰਘ (ਡਾ.), ***ਪੰਜਾਬੀ ਸਾਹਿਤ ਦਾ ਇਤਿਹਾਸ,*** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1955

ਕੁਲਵੰਤ ਸਿੰਘ (ਡਾ.), ***ਵਾਰ ਨਾਦਰ ਸ਼ਾਹ ਅਧਿਐਨ ਤੇ ਸੰਪਾਦਨ***, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਜ਼ਾਰ, ਅੰਮ੍ਰਿਤਸਰ (ਸੋਧਿਆ ਸੰਸਕਰਣ ਤੀਜੀ ਵਾਰ), 2004

ਕਿਸ਼ਨ ਸਿੰਘ, ***ਵਾਰ ਮਲ੍ਹਾਰ ਕੀ ਮਹਲਾ ੧ ਅਤੇ ਆਸਾ ਦੀ ਵਾਰ,*** ਵਿਸ਼ਵਭਾਰਤੀ ਪ੍ਰਕਾਸ਼ਨ, ਬਰਨਾਲਾ, 2007

ਕਾਨ੍ਹ ਸਿੰਘ (ਨਾਭਾ), *ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1926

ਗਿੱਲ, ਮਹਿੰਦਰ ਕੌਰ (ਡਾ.), *ਗੁਰੂ ਅਰਜਨ ਦੇਵ ਜੀਵਨ ਤੇ ਬਾਣੀ*, ਨੈਸ਼ਨਲ ਬੁਕ ਸ਼ਾਪ, ਦਿੱਲੀ, 1975

--------, *ਬਾਣੀ ਬਿਬੇਕ*, ਨੈਸ਼ਨਲ ਬੁਕ ਸ਼ਾਪ, ਦਿੱਲੀ, 1986

ਗੰਡਾ ਸਿੰਘ, *ਪੰਜਾਬ ਦੀਆਂ ਵਾਰਾਂ,* ਸਰੋਵਰ ਪ੍ਰਿੰਟਿੰਗ ਪ੍ਰੈਸ, ਜਲੰਧਰ, ਮਿਤੀ ਰਹਿਤ

ਗੋਪਾਲ ਸਿੰਘ (ਡਾ.), *ਪੰਜਾਬੀ ਸਾਹਿਤ ਦਾ ਇਤਿਹਾਸ,* ਜਸਵੰਤ ਕਬਲੀਕੇਸ਼ਨ, ਨਵੀਂ ਦਿੱਲੀ, 1958

ਗਿਆਨੀ, ਗਿਆਨ ਸਿੰਘ, *ਗੁਰਬਾਣੀ ਸੰਗੀਤ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1961

ਗਿਆਨੀ, ਪੰਡਤ ਨਰੈਣ ਸਿੰਘ, *ਪੋਥੀ ਬਾਈ ਵਾਰਾਂ ਸਟੀਕ,* ਭ: ਚਤਰ ਸਿੰਘ, ਜੀਵਨ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1992

ਘੁੰਮਣ, ਬਿਕਰਮ ਸਿੰਘ (ਡਾ.), *ਆਸਾ ਦੀ ਵਾਰ ਚਿੰਤਨ ਤੇ ਕਲਾ*, ਲਿਟਰੇਚਰ ਹਾਉਸ, ਅੰਮ੍ਰਿਤਸਰ, 1981

ਜਸਵਿੰਦਰ ਸਿੰਘ, *ਪੰਜਾਬੀ ਲੋਕ ਸਾਹਿਤ ਸ਼ਾਸਤਰ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990

ਜਗਜੀਤ ਸਿੰਘ, *ਪਾਠ ਉਤਰ-ਪਾਠ,* ਸ਼ਬਦ ਲੋਕ ਪ੍ਰਕਾਸ਼ਨ, ਲੁਧਿਆਣਾ, 2001

ਜਗਬੀਰ ਸਿੰਘ, *ਬਾਣੀ ਸੰਸਾਰ,* ਰਵਿੰਦਰ ਪ੍ਰਕਾਸ਼ਨ, ਦਿੱਲੀ, 1974

-------, *ਗੁਰਮਤਿ ਕਾਵਿ ਦਾ ਇਤਿਹਾਸ,* ਪੰਜਾਬੀ ਅਕਾਦਮੀ, ਦਿੱਲੀ, 2004

ਜੱਗੀ, ਗੁਰਸ਼ਰਨ ਕੌਰ (ਡਾ.), *ਗੁਰੂ ਅਰਜਨ ਦੇਵ : ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994

ਜੱਗੀ, ਰਤਨ ਸਿੰਘ (ਡਾ.), *ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

-------, *ਸ੍ਰੀ ਗੁਰੂ ਗ੍ਰੰਥ ਵਿਸ਼ਵ ਕੋਸ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

-------, *ਗੁਰੂ ਨਾਨਕ ਦੀ ਵਿਚਾਰਧਾਰਾ,* ਨਵਯੁਗ ਪਬਲਿਸ਼ਰਜ਼, ਦਿੱਲੀ, 1969

------- (ਸੰਪਾ.), *ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,

ਜੋਧ ਸਿੰਘ (ਸੰਪਾ.), *ਭਗਤ ਨਾਮ ਦੇਵ ਤਥਾ ਹੋਰ ਭਗਤ - ਜੀਵਨ ਤੇ ਰਚਨਾ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977

ਤਾਰਨ ਸਿੰਘ, *ਸਿੱਖ, ਸਿੱਖੀ ਅਤੇ ਸਿਧਾਂਤ,* ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1991

-------, *ਗੁਰੂ ਗ੍ਰੰਥ ਸਾਹਿਬ ਤੇ ਭਾਰਤੀ ਧਰਮ,*

-------, *ਗੁਰੂ ਨਾਨਕ ਦੀਆਂ ਤਿੰਨ ਵਾਰਾਂ*, ਪੰਜਾਬੀ ਦੁਨੀਆਂ, ਜੂਨ 1972

ਤਾਲਿਬ, ਗੁਰਬਚਨ ਸਿੰਘ, *ਧਰਮ ਦੀ ਉਤਪਤੀ ਤੇ ਵਿਕਾਸ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991

ਤਾਂਘ, ਈਸ਼ਰ ਸਿੰਘ (ਡਾ.), *ਪੰਜਾਬੀ ਸਾਹਿਤ ਦਾ ਪੁਨਰ ਮੁੱਲ-ਅੰਕ-* (ਉਨੀਵੀਂ ਸਦੀ ਤਕ), ਪਟਿਆਲਾ, ਮਾਰਚ 1973

ਥਿੰਦ, ਕਰਨੈਲ ਸਿੰਘ (ਸੰਪਾ.), *ਸਾਹਿਤ ਅਧਿਅਨ ਪ੍ਰਣਾਲੀਆਂ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,1977

-------, ***ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ,*** ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1995

ਦਰਸ਼ਨ ਸਿੰਘ (ਡਾ.), ***ਧਰਮ ਅਧਿਐਨ ਅਤੇ ਸਿੱਖ ਅਧਿਐਨ,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008

ਦਰਸ਼ਨ ਕੌਰ (ਡਾ.), ***ਗੁਰੂ ਅਰਜਨ ਦੇਵ ਜੀ ਦੀ ਬਾਣੀ ਸੰਸਕਿਤਕ ਅਧਿਐਨ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

ਦਰਦੀ, ਗੋਪਾਲ ਸਿੰਘ, ***ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ,*** ਪੰਜਾਬੀ ਅਕਾਦਮੀ, ਦਿੱਲੀ, 1958

ਦਿਲ, ਬਲਵੀਰ ਸਿੰਘ (ਡਾ.), ***ਅਮਰ ਕਵੀ ਗੁਰੂ ਅਮਰਦਾਸ,*** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992

ਦੀਵਾਨ ਸਿੰਘ (ਡਾ.), ***ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ,*** ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1970

ਨਰਿੰਦਰ, ਨਿਰਛਲ (ਡਾ.), ***ਗੁਰੂ ਨਾਨਕ ਦੇਵ ਜੀ ਦੀਆਂ ਵਾਰ ਸਰੂਪ ਅਤੇ ਵਿਸ਼ਲੇਸ਼ਣ***, ਗੁਰਮਤਿ ਪ੍ਰਕਾਸ਼ਨ, ਪਟਿਆਲਾ, 2006

ਨਿਰਾਕਾਰੀ ਰਾਮਦਾਸ (ਡਾ.), ***ਪ੍ਰਧਾਨ ਉਪਨਿਸ਼ਦ***, ਪੰਜਾਬੀ ਭਾਸ਼ਾ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992

ਨੂਰ, ਸੁਤਿੰਦਰ ਸਿੰਘ, ***ਪੰਜਾਬੀ ਵਾਰ-ਕਾਵਿ ਦਾ ਇਤਿਹਾਸ,*** ਪੰਜਾਬੀ ਅਕਾਦਮੀ, ਦਿੱਲੀ, 2005

ਪਦਮ, ਪਿਆਰਾ ਸਿੰਘ, ***ਪੰਜਾਬੀ ਸਹਿਤ ਦੀ ਰੂਪ ਰੇਖਾ***, ਕਲਮ ਮੰਦਿਰ, ਪਟਿਆਲਾ, 1971

-------, ***ਪੰਜਾਬੀ ਵਾਰਾਂ***, ਕਲਮ ਮੰਦਿਰ, ਪਟਿਆਲਾ, 1980

ਪ੍ਰੀਤਮ ਸਿੰਘ, ***ਪੰਜਾਬੀ ਸਾਹਿਤ ਵਿਚ ਬੀਰ ਕਾਵਿ ਦਾ ਵਿਕਾਸ,*** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1988

ਪ੍ਰੀਤਮ ਕੌਰ, *ਆਦਿ ਗ੍ਰੰਥ ਦੀਆਂ ਵਾਰਾਂ ਦਾ ਸੰਚਾਰ ਸਿਧਾਂਤ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1990

ਪ੍ਰੇਮ ਪ੍ਰਕਾਸ਼ ਸਿੰਘ, *ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1955

ਫਰੈਂਕ, ਗੁਰਬਖ਼ਸ਼ ਸਿੰਘ, *ਸਭਿਆਚਾਰ ਅਤੇ ਪੰਜਾਬੀ ਸਭਿਆਚਾਰ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2004

-------, *ਭਾਰਤੀ ਕਾਵਿ ਸ਼ਾਸਤਰ*, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1963

ਬਲਕਾਰ ਸਿੰਘ (ਡਾ.), *ਗੁਰਮਤਿ ਵਿਵੇਚਨ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਬਾਵਜਾ, ਮਲਕੀਤ ਸਿੰਘ, *ਗੁਰੂ ਅਰਜਨ ਦੇਵ ਬਾਣੀ ਤੇ ਸਰੋਦਿਕਤਾ*, ਸੁਰਤਾਲ ਪ੍ਰਕਾਸ਼ਨ, ਜਲੰਧਰ, 1990

-------, *ਮੱਧਕਾਲੀ ਪੰਜਾਬੀ ਕਾਵਿ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005

ਬਾਜਵਾ, ਸੁਖਵਿੰਦਰ ਕੌਰ, *ਉਤਰ ਆਧੁਨਿਕਤਾਵਾਦ ਅਤੇ ਗੁਰਬਾਣੀ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008

ਬੱਦਨ, ਬਲਦੇਵ ਸਿੰਘ, *ਗੁਰਬਾਣੀ ਚਿੰਤਨ,* ਪ੍ਰਕਾਸ਼ਕ ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, 2004

ਬੇਗੋਵਾਲ, ਜਸਵੰਤ ਸਿੰਘ (ਡਾ.), *ਭਾਈ ਗੁਰਦਾਸ ਜੀ ਦਾ ਵਾਰ-ਸੰਸਾਰ,* ਬਲਵੰਤ ਪ੍ਰਕਾਸ਼ਨ, ਜਲੰਧਰ, 2000

ਬੇਦੀ, ਸੋਹਿੰਦਰ ਵਣਜਾਰਾ (ਡਾ.), *ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ ਰੂੜ੍ਹੀਆਂ*, ਲੋਕ ਪ੍ਰਕਾਸ਼ਨ, ਨਵੀਂ ਦਿੱਲੀ, 1982

ਬੇਦੀ, ਕਾਲਾ ਸਿੰਘ (ਡਾ.), *ਵਾਰਕਾਰ ਗੁਰੂ ਨਾਨਕ*, ਪੰਜਾਬ ਬੁੱਕ ਸੈਂਟਰ, ਦਿੱਲੀ, 1968

ਭੱਟੀ, ਸੁਰਜੀਤ ਸਿੰਘ, *ਪਰੰਪਰਾ : ਪੁਨਰ ਚਿੰਤਨ*, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003

ਮਨਜੀਤ ਕੌਰ, *ਗੁਰਮਤਿ ਕਾਵਿ ਦੇ ਪ੍ਰਸੰਗ*, ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ, 2006

ਮਨਮੋਹਨ ਸਿੰਘ (ਡਾ.), *ਗੁਰੂ ਨਾਨਕ ਤੇ ਭਗਤੀ ਅੰਦੋਲਨ*, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1985

-------, *ਗੁਰਮਤਿ ਕਾਵਿ ਅਤੇ ਭਗਤੀ ਧਾਰਾ*, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1981

ਮਨਪ੍ਰੀਤ ਸਿੰਘ, *ਸੁਖਮਨੀ ਸਾਹਿਬ ਵਿਚ ਨੈਤਿਕ ਮੁੱਲਾਂ ਦਾ ਸੰਦਰਭ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005

ਰਮਿੰਦਰ ਕੌਰ (ਡਾ.), *ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਸ੍ਰੀ ਆਦਿ ਗ੍ਰੰਥ ਸਾਹਿਬ ਦੀਆਂ ਵਾਰਾਂ ਦਾ ਰੂਪ ਵਿਧਾਨ*, ਪ੍ਰਕਾਸ਼ਨ ਲਿਟਰੇਚਰ ਹਾਊਸ, ਅੰਮ੍ਰਿਤਸਰ, 2007

ਰਾਜਿੰਦਰ ਕੌਰ (ਬੀਬੀ), *ਭਾਈ ਗੁਰਦਾਸ ਦੀਆਂ ਵਾਰਾਂ ਇਕ ਸਾਹਿਤਕ ਅਧਿਐਨ*, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1971

ਰਾਧਾਕ੍ਰਿਸ਼ਨਨ ਸਰਵਪਾਲੀ, *ਭਗਵਦ ਗੀਤਾ*, ਰਾਜਪਾਲ ਐਂਡ ਸੰਨਜ਼, ਨਵੀਂ ਦਿੱਲ, 1962

-------, *ਪੂਰਬ ਅਤੇ ਪੱਛਮ*, ਲੋਕ ਗੀਤ ਪ੍ਰਕਾਸ਼ਨ, ਅੰਮ੍ਰਿਤਸਰ, 1994

ਲਾਲ ਸਿੰਘ, *ਗੁਰੂ ਅਰਜਨ ਦੇਵ ਜੀਵਨ ਤੇ ਰਚਨਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, f1971

ਲਾਲ ਸਿੰਘ (ਗਿਆਨੀ), *ਨੌ ਵਾਰਾਂ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਮਿਤੀ ਰਹਿਤ

ਵਜ਼ੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980

ਵਿਦਿਆਵਤੀ (ਡਾ.), *ਗੁਰੂ ਨਾਨਕ ਦੇਵ, ਜੀਵਨ ਤੇ ਬਾਣੀ*, ਸੰਗਮ ਪਬਲੀਕੇਸ਼ਨਜ਼, ਸਮਾਣਾ, ਪਟਿਆਲਾ, 2005

--------, *ਸ਼ਾਹ ਮੁਹੰਮਦ ਦਾ ਜੰਗਨਾਮਾ*, ਸੰਗਮ ਪਬਲੀਕੇਸ਼ਨਜ਼, ਸਮਾਣਾ, ਪਟਿਆਲਾ, 2005

ਵੋਹਰਾ, ਆਸ਼ਾ ਨੰਦ (ਡਾ.), *ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਆਸਾ ਦੀ ਵਾਰ (ਇਕ ਸਾਂਸਕ੍ਰਿਤਕ ਅਧਿਐਨ)*, ਜੈਨ ਬੁੱਕ ਡਿਪੋ, ਰੋਹਤਕ

ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1965

ਸ਼ਰਮਾ, ਜੀ. ਐਲ., *ਚੰਡੀ ਦੀ ਵਾਰ*, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1997

**ਹਿੰਦੀ ਪੁਸਤਕਾਂ**

ਓਝਾ, ਦਸਰਥ, *ਸਮੀਕਸ਼ਾ ਸਿਧਾਂਤ*, ਰਾਜਪਾਲ ਐਂਡ ਸੰਨਜ਼, ਦਿੱਲੀ, 1957

ਅਹੋਬਲ, *ਸੰਗੀਤ ਪਰਿਜਾਤ*, ਸੰਗੀਤ ਕਾਰਯਲਯ, 1971

ਆਚਾਰੀਆ, ਬ੍ਰਹਸਿਪਤੀ, *ਭਾਰਤ ਕਾ ਸੰਗੀਤ ਸਿਧਾਂਤ* (ਭਾਗ 4), ਪਬਲੀਕੇਸ਼ਨ ਡਿਵੀਜ਼ਨ, ਲਖਨਊ, ਉਤਰ ਪ੍ਰਦੇਸ਼, 1959

ਸ੍ਰੀ ਗੁਰੂ ਗ੍ਰੰਥ ਦਰਸ਼ਨ, *ਸਾਹਿਤ ਭਵਨ*, ਅਲਾਹਾਬਾਦ, 1960

ਸਹਿਗਲ, ਮਨਮੋਹਨ, *ਗੁਰੂ ਗ੍ਰੰਥ ਸਾਹਿਬ ਏਕ ਸੰਸਕ੍ਰਿਤਕ ਸਰਵੇਖਣ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971

-------, *ਪੰਜਾਬ ਦੇ ਨਿਰਗੁਣ ਕਾਵਯ ਦਾ ਦਾਰਸ਼ਨਿਕ ਅਧਿਐਨ*, ਸੂਰਯਾ ਪ੍ਰਕਾਸ਼ਨ, ਦਿੱਲੀ, 1973

ਗਰਗ, ਲਕਸ਼ਮੀ ਨਾਰਾਯਣ (ਡਾ.), *'ਰਾਗ ਵਿਸ਼ਾਰਦ',* ਪ੍ਰਕਾਸ਼ਨ ਸੰਗੀਤ ਕਾਰਯਾਲਯ, ਹਾਥਰਸ, 1999

ਚਤੁਰਵੇਦੀ, ਪਰਸੂਰਾਮ, *ਉਤਰੀ ਭਾਰਤ ਕੀ ਸੰਤ ਪਰੰਪਰਾ,* ਭਾਰਤੀ ਭੰਡਾਰ, ਅਲਾਹਾਬਾਦ, ਸੰਮਤ 2012

ਤਿਲਕ, ਬਾਲ ਗੰਗਾਧਰ ਲੋਕਮਨ, *ਸ੍ਰੀ ਮਦ ਭਗਵਦ ਗੀਤਾ ਰਹੱਸ ਅਥਵਾ ਕਰਮਯੋਗਸ਼ਾਸਤਰ,* ਸਾਧਨਾ ਪਾਕੇਟ ਬੁਕਸ, ਦਿੱਲੀ, 2012

ਨਗੇਂਦਰ, *ਕਾਵਯ ਬਿੰਬ,* ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1967

ਪੰਡਿਤ, ਵੀ. ਐਨ. ਭਾਤਖੰਡੇ, *ਕ੍ਰਿਮਕ ਪੁਸਤਿਕ ਮਾਲਿਕਾ,* ਭਾਗ 5, ਸੰਗੀਤ ਕਾਰਯਾਲਯ, ਹਾਥਰਸ 1992

ਪਾਠਕ, ਜਗਦੀਸ਼ ਨਰਾਇਣ, *ਸੰਗੀਤ ਸ਼ਾਸਤਰ,* ਭਾਗ ਪਹਿਲਾ

ਬੜਥਵਾਲ, ਪੀਤਾਂਬਰ ਦੱਤ, *ਗੋਰਖਬਾਣੀ*, ਹਿੰਦੀ ਸਹਿਤ ਸੰਮੇਲਨ, ਪ੍ਰਯਾਗ, 1945

ਮਿਸ਼ਰ, ਜੈ ਰਾਮ, *ਨਾਨਕ ਬਾਣੀ*, ਮਿਤਰ ਪ੍ਰਕਾਸ਼ਨ, ਅਲਾਹਾਬਾਦ, 1961

ਮਿਸ਼ਰਾ, ਸ਼ਿਵ ਕੁਮਾਰ, *ਸਾਹਿਤਯ ਔਰ ਸਮਾਜਕ ਸੰਦਰਭ,* ਕਲਾ ਪ੍ਰਕਾਸ਼ਨ, ਦਿੱਲੀ, 1977

ਦਮੋਦਰ, ਪੰਡਿਤ, *ਸੰਗੀਤ ਦਰਪਣ (1625),* ਅਨੁਵਾਦ ਵਿਸ਼ੰਬਰ ਭੱਟ, ਹਥਰਸ ਸੰਗੀਤ ਕਾਰਯਲਯ, 1971

ਦਿਵੇਦੀ, ਹਜ਼ਾਰੀ ਪ੍ਰਸਾਦ, *ਹਿੰਦੀ ਸਾਹਿਤਯ ਕੀ ਭੂਮਿਕਾ*, ਹਿੰਦੀ ਗ੍ਰੰਥ ਰਤਨਾਕਰ, ਬੰਬਈ, 1963

ਰਾਜਦੇਵ ਸਿੰਘ, *ਸੰਤ ਸਾਹਿਤਯ ਕੀ ਭੂਮਿਕਾ*, ਆਰਯਾ ਬੁਕ ਡੀਪੂ, ਨਈ ਦਿੱਲੀ, 1974

ਰਾਧਾ ਕ੍ਰਿਸ਼ਨਨ, ਸਰਵਪਾਲੀ (ਡਾ.), ***ਧਰਮ ਔਰ ਸਮਾਜ***, ਸਰਸਵਤੀ ਵਿਚਾਰ, ਨਈਂ ਦਿੱਲੀ, ਸੱਤਵਾਂ ਸੰਸਕਰਣ

ਵਸੰਤ, ***ਰਾਗਕੋਸ਼,*** ਪ੍ਰਕਾਸ਼ਨ ਸੰਗੀਤ ਕਾਰਯਾਲਯ, ਹਾਥਰਸ, 1990

------, ***ਸੰਗੀਤ ਵਿਸ਼ਾਰਦ,*** ਪ੍ਰਕਾਸ਼ਨ, ਸੰਗੀਤ ਕਾਰਯਾਲਯ, ਹਾਥਰਸ 1999

ਵਰਮਾ, ਰਾਜ ਕੁਮਾਰ (ਡਾ.), ***ਕਬੀਰ ਕਾ ਰਹੱਸਵਾਦ,*** ਸਾਹਿਤਯ ਭਵਨ ਲਿਮਟਿਡ, ਇਲਾਹਾਬਾਦ, 11ਵਾਂ ਸੰਸਕਰਣ

English Books

Benerjee, Anil Chander ***Guru Nank And His Times***, Publication Bureau, Punjabi University, Patiala, 2nd Edition

Kohli S.S ***A critical study of Adi Granth***, Panjabi writers Co-op Society New Delhi,1966.

Mcleod W.H ***Guru Nanak and The Sikh Religion***, Oxford Press,London,1968.

Macauliffe,M.A ***The Sikh Religion***, Vol.I.S Chand, Delhi 1963.

Prem Lata, ***Mystic Saints of India***, Ramanuj Sumit Publication, Delhi,1st Edition

Radha Krishanan, ***Eastern Religion and Western Thought***, Oxford University Press Ltd.London,1967.

S.K. Arora & V.P. Aggarwal ***Indian Society,*** Sonia Publications Patiala, 2005

Teja Singh, ***A short History of the Sikh***,Orient Longman Ltd.1950.

## ਗ੍ਰੰਥ, ਰਸਾਲੇ ਤੇ ਪੱਤ੍ਰਿਕਾਵਾਂ (ਪੰਜਾਬੀ)


- ***ਸ੍ਰੀ ਗੁਰੂ ਗ੍ਰੰਥ ਸਾਹਿਬ,*** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸਤੰਬਰ 1999
- ***ਖੋਜ ਪਤ੍ਰਿਕਾ*** , ਗੁਰਮਤਿ ਕਾਵਿ ਅੰਕ, ਅੰਕ 26, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
- ***ਗੁਰਮਤਿ ਪ੍ਰਕਾਸ਼,*** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ (ਦਾਰਸ਼ਨਿਕ ਪੱਖ), ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ (S.G.P.C.)
- ***ਪੰਜਾਬੀ ਦੁਨੀਆਂ***, ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਫਰਵਰੀ 2004
- ***ਖੋਜ ਦਰਪਣ*** (ਡੋਕ ਧਾਰਾ ਵਿਸ਼ੇਸ਼ ਅੰਕ) ਜੁਲਾਈ 2011, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
- ***ਨਾਨਕ ਪ੍ਰਕਾਸ਼ ਪੱਤ੍ਰਿਕਾ***, ਗੁਰੂ ਅਰਜਨ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 2006
- ***ਨਾਨਕ ਪ੍ਰਕਾਸ਼ ਪੱਤ੍ਰਿਕਾ***, ਭਗਤ ਬਾਣੀ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2003
- ***ਪਰਖ,*** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972
- ***ਖੋਜ ਪਤ੍ਰਿਕਾ,*** ਲੋਕਧਾਰਾ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985

## *DICTIONARIES/ENCYCLOPEDIA*

, Pinceton University, 1978

Vol. 21

Vol. 12

((nternet)

2nd Edition, 1983

Riverside Press in Cambridge, Massachusetts, 1961

***Encyclopaedia of Poetry and Poetics***
***Encyclopaedia Britannica,***
***Encyclopaedia Religion and Ethics,***
***Indian Philosophy-Wikipedia, the Free Encyclopaeida***
***New International Dictionary***
***Unabridged,***
***Webster's Third New International Dictionary of English Language***

***Websert's New Word Dictionary, 2000***


693150

P.U. LIBRARY ★ CHANDIGARH ★